ਹੱਥ ਲਿਖਤ ਨੰ : MS 901

ਸਿਰਲੇਖ : ਦਸਮ ਗ੍ਰੰਥ ਸਾਹਿਬ

ਪੱਤਰੇ : 1 ੳ - 504 ੳ

ਆਕਾਰ : 36 X 32 ਸ.ਮ. ਲਿਖਤ : 22 X 25 ਸ.ਮ.

ਵੇਰਵਾ : ਜਿਲਦ ਗੱਤਾ ਕਪੜਾ, ਸਿਆਹੀ ਕਾਲੀ ਵਖਰੇਵੇਂ ਲਈ ਲਾਲ; ਹਾਸ਼ੀਆ ਪਹਿਲੇ ਸਫਿਆਂ ਉਪਰ ਲਾਲ, ਕਾਲੀਆਂ ਲਕੀਰਾਂ ਖੜੇ ਰੁਖ; ਬਾਕੀ ਸਫਿਆਂ ਉਪਰ ਦੋ ਦੋ ਲਾਲ ਲਕੀਰਾਂ ਵਿਚਕਾਰ ਕਾਲੀ ਲਕੀਰ; ਸਤਰਾਂ ਪ੍ਰਤੀ ਪੰਨਾ-19 ਹਨ।

ਆਮ ਵੇਰਵਾ : ਗ੍ਰੰਥ ਦੇ ਸ਼ੁਰੂ ਵਿਚ 4-5 ਪੱਤਰੇ ਹਾਸ਼ੀਏ ਵਾਲੇ ਖਾਲੀ, ਉਸ ਤੋਂ ਬਾਅਦ ਪੱਤਰਾ ਨੰਬਰ 1 ਤੋਂ ਤਤਕਰਾ ਦਿੱਤਾ ਹੋਇਆ ਹੈ, ਜੋ ਪੱਤਰਾ ਨੰਬਰ 6 ੳ ਤੱਕ ਜਾਂਦਾ ਹੈ, ਲਿਖਾਈ ਸੁੰਦਰ ਕੁੱਝ ਥਾਵਾਂ ਤੇ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ । ਕਈ ਪੱਤਰੇ ਫਟੇ ਹੋਏ ਅਤੇ ਵਾਧੂ ਕਾਗਜ਼ ਲਗਾਕੇ ਜੋੜੇ ਹੋਏ ਹਨ । ਗ੍ਰੰਥ ਦੀ ਹਾਲਤ ਠੀਕ ਠੀਕ ਹੈ ।

ਆਰੰਭ : ੧ੴ ਸਤਿਗੁਰ ਪ੍ਰਸਾਦਿ ॥ ਜਾਪੁ ॥ ਸ੍ਰੀ ਮੁਖਵਾਕ ਪਾਤਿਸਾਹੀ ॥੧●॥ ਛਪੈ ਛੰਦ ॥ ॥ਤ੍ਵ ਪ੍ਰਸਾਦਿ॥ ਚਕ੍ਰ ਚਿਹਨ ਅਰੁ ਬਰਨ ਜਾਤ ਅਰੁ ਪਾਤ ਨਹਿਨ ਜਿਹ ॥ ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤ ਕਿਹ ॥ ਅਚਲ ਮੂਰਤਿ ਅਨਭਉ ਪ੍ਰਕਾਸ ਅਮਿਤੋਜਿ ਕਹਿਜੈ ॥

ਅੰਤ : ਕੇਸ ਬਿਨਾ ਸਿਰ ਕੁਟੀਐ ਚਿੰਗਾੜੇ ਕਵਣ ਛੋਡਾਇ ਹੈ ॥ ਹੁਕਮ ਮਨੇ ਪ੍ਰਭ ਬਖਸ ਲੇ ਨਿਗੁਰਾ ਨੋ ਏਹੈ ਸਹਾਇ ਹੈ ॥ ਫਤੇ ਜੰਗ ਗੋਬਿੰਦ ਸਿੰਘ ਦਲ ਕੋਟਕ ਕੋਟਖ ਪਾਇ ਹੈ ॥੧॥ ਦੋਹਰਾ॥ ਆਸਾਨ ਕਰੁ ਬ੍ਰਹਮਨ ਨਾ ਪਰਸੇ ਪਗ ਜਾਇ ॥ ਮਮ ਤਿਯਾਗਿ ਦੂਜੇ ਲਗੈ ਕੁੰਭ ਨਰਕ ਮਹਿ ਪਾਇ ॥੧॥

ਹੱਥ ਲਿਖਤ ਨੰ : MS 902

ਸਿਰਲੇਖ : ਭਗਤ ਮਾਲ ਭਾਖਾ ਸਟੀਕ

ਲੇਖਕ : ਸ੍ਰੀ ਨਾਭਾ ਦਾਸ

ਟੀਕਾਕਾਰ : ਕੀਰਤ ਸਿੰਘ,ਕਵਿ

ਸਮਾਂ : ਸੰਮਤ 1897

ਪੱਤਰੇ : 1 ੳ - 373 ੳ

ਆਕਾਰ : 19X 13 ਸ.ਮ. ਲਿਖਤ : 11X 10 ਸ.ਮ.

ਵੇਰਵਾ : ਜਿਲਦ ਗੱਤਾ, ਬਾਅਦ ਵਿਚ ਬੰਨ੍ਹੀ ਹੋਈ,ਸਿਆਹੀ ਕਾਲੀ, ਵਖਰੇਵੇਂ ਲਈ ਲਾਲ; ਹਾਸ਼ੀਆ ਦੋਵੇਂ ਪਾਸੇ ਦੋ ਦੋ ਕਾਲੀਆਂ ਦੋ ਦੋ ਲਾਲ, ਵਿਚਕਾਰ ਇਕ ਮੋਟੀ ਕੇਸਰੀ ਲਕੀਰ। ਸਤਰਾਂ ਪ੍ਰਤੀ ਪੰਨਾ-11 ਹਨ।

ਆਮ ਵੇਰਵਾ : ਪੋਥੀ ਦੇ ਸ਼ੁਰੂ ਵਿਚ ਤਤਕਰਾ ਦਿਤਾ ਹੋਇਆ ਹੈ ਲਿਖਾਈ ਸੁੰਦਰ ਅਤੇ ਪੋਥੀ ਦੀ ਹਾਲਤ ਆਮ ਕਰਕੇ ਠੀਕ ਠੀਕ ਹੈ। ਕਈ ਪੱਤਰਿਆਂ ਉਪਰ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ। ਹਾਸ਼ੀਏ ਤੋਂ ਬਾਹਰ ਵੀ ਲਿਖਤ ਕੀਤੀ ਹੋਈ ਹੈ । ਪੋਥੀ ਦੇ ਅਖੀਰਲੇ ਪੰਨੇ ਉਪਰ ਸੰਤ ਗੁਰਬਖਿਛ ਸਿੰਘ ਲਿਖ ਕੇ, ਉਪਰ ਕਾਲੀ ਸਿਆਹੀ ਫੇਰੀ ਹੋਈ ਹੈ ।

ਆਰੰਭ : ਆਰੰਭ ਵਿਚ ਤਿੰਨ ੩-੪ ਪੰਨਿਆਂ ਦਾ ਤਤਕਰਾ ਦਿਤਾ ਹੋਇਆ ਹੈ । ਉਸ ਤੋਂ ਬਾਅਦ ਅਸਲ ਪੋਥੀ ਸ਼ੁਰੂ ਹੁੰਦੀ ਹੈ ।

"੧ੴ ਸਤਿਗੁਰ ਪ੍ਰਸਾਦਿ ॥

॥ਸ੍ਰੀ ਸਤ ਸ੍ਰੀ ਗਣੇਸਾਯ ਨਮ : ॥

ਅਥ ਭਗਤ ਮਾਲ ਭਾਖਾ ਸਟੀਕ ਲਿਖਯਤੇ ॥ ਟੀਕਾਕਾਰ ਕੋ ਮੰਗਲਾਚਰਨ ॥ ਛਪੈ ॥ ਗੁਰ ਗਨਪਤਿ ਗੋਵਿੰਦ ਗਿਰਾ ਚਰਨਨ ਸਿਰਨਾਊ ॥ ਭਗਤ ਸੁਜਸ ਕੀ ਚਾਹ ਪ੍ਰਿਥਮ ਸੁਭ ਦੇਵ ਮਨਾਊ॥

ਅੰਤ : ਭ੍ਰਿਤ ਬਾਰ ਬਾਰ ਕਰ ਜੋਰ ਕੈ ਮਾਂਗਤ ਯਹਿ ਬਰੁ ਸੰਤ ਜਸ ॥ ਜੈ ਕ੍ਰਿਪਾ ਧਾਂਮ ਜੈ ਸਯਾਂਮ ਰਿਦ ਭਗਤ ਕਮਲ ਅਲ ਰੂਪਵਸ ॥ ਇਤਿ ਸ੍ਰੀ ਭਗਤ ਮਾਲ ਮੂਲ ਕ੍ਰਿਤ ਸ੍ਰੀ ਨਾਭਾ ਜੀ ਕੀ ਟੀਕਾ ਕਵਿ ਕੀਰਤ ਸਿੰਘ ਜੀ ਕੀ ਸੰਪੂਰਨੰ ॥ ਸੁਭ ਮਸਤ ॥ ਸੁਭ ਮਸਤ ॥ ॥ ॥ ॥ ॥ ਸੰਮਤ ੧੮੯੭ ਮਹੀਨਾ ਸਾਵਣ ਸੁਦੀ ਦਸਮੀ ॥ ਪੁਸਤਕ ਸੰਪੂਰਨ ਹੋਈ ਬੋਲਹੁ ਸੰਤਹੁ ਜੈ ਸ੍ਰੀ ਰਾਮ ਚੰਦ ਜੀ ਕੀ ॥

ਸੰਤ ਗੁਰਬਖਿਛ ਸਿੰਘ ਲਿਖ ਕੇ ਉਪਰ ਕਾਲੀ ਸਿਆਹੀ ਫੇਰੀ ਹੋਈ ਹੈ ।
ਇਸ ਤੋਂ ਬਾਅਦ ਦੋ ਤਿੰਨ ਪਤਰੇ ਖਾਲੀ ਹਨ ।

ਹੱਥ ਲਿਖਤ ਨੰ : MS 903 ਸੰਗ੍ਰਹਿ
ਸਿਰਲੇਖ : ਸ੍ਰੀ ਭਾਗਵਤ ਦਸਮ ਸਕੰਧ
ਟੀਕਾਕਾਰ : ਭੂਪਤਿ, ਕਵਿ
ਪੱਤਰੇ : 1 ੳ - 146 ਅ
ਆਕਾਰ : 31 X 22 ਸ.ਮ. ਲਿਖਤ : 24X 17 ਸ.ਮ.
ਵੇਰਵਾ : ਜਿਲਦ ਗੱਤਾ ਚਮੜਾ, ਸਿਆਹੀ ਕਾਲੀ ਵਖਰੇਵੇਂ ਲਈ ਲਾਲ; ਹਾਸ਼ੀਆ ਦੋਵੇਂ ਪਾਸੇ ਦੋ ਦੋ ਲਾਲ ਲਕੀਰਾਂ, ਵਿਚਕਾਰ ਇਕ ਕਾਲੀ ਲਕੀਰ। ਸਤਰਾਂ ਪ੍ਰਤੀ ਪਨਾ - 19 ਹਨ।
ਆਮ ਵੇਰਵਾ : ਪੋਥੀ ਦੇ ਕੁਝ ਪੱਤਰਿਆਂ ਉਪਰ ਧੱਬੇ ਪਏ ਹੋਏ ਹਨ ਪਰ ਲਿਖਾਈ , ਲਾਲ ਤੇ ਕਾਲੀ ਸਿਆਹੀ ਦੇ ਪਰਯੋਗ ਨਾਲ ਸੁੰਦਰ ਕੀਤੀ ਹੋਈ ਹੈ।ਹਾਸ਼ੀਏ ਤੋਂ ਬਾਹਰ ਵੀ ਲਿਖਤ ।। ਕਈ ਥਾਵਾਂ ਤੇ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ ॥
ਆਰੰਭ : ੧ੳ ਸੇਤਿਗੁਰ ਪ੍ਰਸਾਦਿ ॥ ਸ੍ਰੀ ਰਾਮ ਜੀ ॥ ਪੋਥੀ ਦਸਮ ਸਕੰਧ ਕੀ ਸ੍ਰੀ ਭਾਗਵਤਿ ਲਿਖਯਤੇ ॥ ਕ੍ਰਿਤ ਭੂਪਤਿ ਕਾਯਥ ਕੀ ॥ ਚੌਪਈ ॥ ਸਿਮਰੌ ਆਦਿ ਨਿਰੰਜਨ ਦੇਵਾ ॥ ਜਿਹਕੋ ਦੇਵ ਨ ਜਾਨਤ ਭੇਵਾ ॥
ਅੰਤ : ਇਤਿ ਸ੍ਰੀ ਭਾਗਵਤੇ ਮਹਾ ਪੁਰਾਣੇ ਪਰਮਹੰਸ ਸਹਿਤਾ ਦਸਮ ਸਕੰਧੇ ਸੁਕ ਪ੍ਰੀਛਤ ਸੰਬਾਦੇ ਨਬੈ ਧਿਆਵ ਸੰਪੂਰਨਿ ਸ੍ਰੀ ਰਾਮ ਸ੍ਰੀ ਕ੍ਰਿਸਨ ਅਰਪਣ ਮਸਤੰ ॥ ਅੰਤ ਵੇਲੇ ਸ੍ਰੀ ਰਾਮ ਰਾਮ ਰਾਮ ਰਾਮ ਰਾਮ ਰਾਮ, ਸਹਾਈ ॥

ਹੱਥ ਲਿਖਤ ਨੰ : MS 903 ਅ
ਸਿਰਲੇਖ : ਸ੍ਰੀ ਮਹਾ ਭਾਗਵਤ ਏਕਾਦਸਿ ਅਸਕੰਧ
ਟੀਕਾਕਾਰ : ਸੰਤ ਦਾਸ
ਸਮਾਂ : ਸੰਮਤ 1834 ਬਿਕ੍ਰਮੀ
ਪੱਤਰੇ : 1 ੳ - 96
ਆਕਾਰ : 31 X 22 ਸ.ਮ. ਲਿਖਤ : 24 X 17 ਸ.ਮ.
ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ-16 ਹਨ।
ਆਮ ਵੇਰਵਾ : ਲਿਖਾਈ ਸੁੰਦਰ, ਅਤੇ ਪੋਥੀ ਦੀ ਹਾਲਤ ਆਮ ਕਰਕੇ ਠੀਕ ਠੀਕ ਹੈ । ਕਈ ਪੰਨਿਆਂ ਉਪਰ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ ।ਹਾਸ਼ੀਏ ਤੋਂ ਬਾਹਰ ਵੀ ਲਿਖਤ ਹੈ।

ਆਰੰਭ : ੧ ॥੨੧ ॥ ੴ ਸਤਿਗੁਰ ਪ੍ਰਸਾਦਿ ॥ ਸ੍ਰੀ ਰਾਮ ਜੀ ॥ ਸ੍ਰੀ ਮਹਾ ਭਾਗਵਤ ਏਕਾਦਸਿ ਅਸਕੰਧ ਲਿਖਤੇ ਸੁਭੰਮ ॥ ਭਵਤੁ ॥ ਸੰਤ ਦਾਸ ਸਤਿ ਗੁਰ ਕੇ ਚਰਣਾ ॥

ਅੰਤ : ਇਤਿ ਸ੍ਰੀ ਭਾਗਵਤ ਮਹਾ ਪੁਰਾਨੇ ਏਕਾਦਸ ਅਸਕੰਧੇ ਸ੍ਰੀ ਸੁਖਦੇਉ ਪ੍ਰੀਛਤ ਸੰਬਾਦੇ ॥ ਸ੍ਰੀ ਕ੍ਰਿਸਨ ਬੈਕੁੰਠ ਪਯਾਨੋ ਨਾਮ ਇਕਤੀਸਵਾ ਅਧਿਆਉ ਸਮਾਪਤੰ ॥੩੧ ॥ ਸੁਭ ਮਸਤ ॥ਦੋਹਰਾ ॥ ਬਿਕ੍ਰਮ ਸੰਮਤ ਦਸ ਅਸਟ ਸਦ ਤੀਸ ਅਧਿਕ ਔ ਚਾਰਿ ॥ ਹੇ ਮਲ ਮਸ ਮਛਰਪੋਹਿ ਬਦੀ ਤਿਥੀ ਦਸਵੀਂ ਬੁਧਵਾਰ ॥੨੧॥ ਬਿਰਧ ਅਵਸਥਾ ਮੋ ਲਿਖਿਯੋ ਸੁਧ ਸੰਭਾਰ ਨਹੀਂ ਅੰਗ ॥ ਲਗ ਮਾਤ੍ਰਾ ਸੰਭਾਰ ਕੈ ਪੜੀਓ ਗਿਆਨ ਪ੍ਰਸੰਗ ॥

ਹੱਥ ਲਿਖਤ ਨੰ : MS 903 ਏ

ਸਿਰਲੇਖ : ਚੌਬੀਸ ਇਕਾਦਸੀ ਕਾ ਮਹਾਤਮ

ਟੀਕਾਕਾਰ : ਧਰਮ ਨੰਦ

ਸਮਾਂ : 1826 ਸੰਮਤ

ਪੱਤਰੇ : 96 ਅ – 116 ਅ

ਆਕਾਰ : 31 X 22 ਸ.ਮ. ਲਿਖਤ : 24 X 17 ਸ.ਮ.

ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ – 18 ਹਨ।

ਆਮ ਵੇਰਵਾ : ਲਿਖਾਈ ਸੁੰਦਰ, ਅਤੇ ਪੋਥੀ ਦੀ ਹਾਲਤ ਆਮ ਕਰਕੇ ਠੀਕ ਠੀਕ ਹੈ ।ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ ।ਕਈ ਪੱਤਰਿਆਂ ਉਪਰ ਹਾਸ਼ੀਏ ਤੋਂ ਬਾਹਰ ਵੀ ਲਿਖਈ ਕੀਤੀ ਹੋਈ ਹੈ।

ਆਰੰਭ : ੧ੴ ਸਤਿਗੁਰ ਪ੍ਰਸਾਦਿ ॥ ਅਥਿ ਚੌਬੀਸ ਇਕਾਦਸੀ ਕਾ ਮਹਾਤਮ ਲਿਖਯਤੇ ॥ ਦੋਹਰਾ॥ ਸ੍ਰੀ ਗੁਰਚਰਣ ਗਣੇਸ ਪਦ ਮਾਤਾ ਸਰਸਤੀ ਧਿਆਇ ॥ ਇਕਾਦਸੀ ਮਹਾਤਮਹੰ ਕਥ ਕੀ ਭਾਖਾ ਰਚੋ ਬਨਾਇ ॥

ਅੰਤ : ਸੰਬਤ ਅਠਾਰਾ ਸੈ ਤਥਾ ਛਬੀਸ ਅਉਰ ਅਧਕਾਇ ॥ ਕਾਤਕ ਸੁਦੀ ਤ੍ਰਿਰੋਦਸੀ ਪੂਰਨ ਕਰੀ ਬਨਾਇ ॥੯੬ ਕਬਿਤ ॥ ਇਕਾਦਸੀ ਮਹਾਤਮ ਕੋ ਗ੍ਰੰਥ ਅਨੂਪ ਉਤਮ ਪੜ੍ਹੈ ਸੁਨੈ ਸੰਤ ਜਨ ਪ੍ਰੇਮ ਪ੍ਰੀਤ ਧਾਰਿ ਕੈ ॥ ਏਕ ਏਕ ਬ੍ਰਤ ਕੀ ਮਹਿਮਾ ਅਪਾਰਿ ਕਹੀ । ਜੁਪਿਸਟਰਸ ਧਰਮ ਨੰਦ ਪ੍ਰਸਨ ਉਤਰ ਮੁਰਾਰਿ ਕੇ ॥ ਸੁੰਨ ਕੈ ਮਹਾਤਮ ਕੋ ਸਰਧਾ ਕਰਿ ਜੋ ਬ੍ਰਤ ਧਾਰੈ ਜਰਹਿ ਸਭ ਪਾਪ ਮਿਟੈ ਦੁਖਿ ਸੰਸਾਰਿ ਕੇ ॥ ਸਹੰਸਕ੍ਰਿਤ ਦੇਖਿਓ ਨਾਹਿ ਪਾਰਸੀ ਤੇ ਭਾਖਾ ਕਰੀ ਊਚ ਨੀਚ ਅਖਰ ਪ੍ਰਭ ਖਿਮੋ ਕ੍ਰਿਪਾ ਧਾਰਿ ਕੈ ॥੨੪॥ ੧॥ ਇਤਿ ਸ੍ਰੀ ਪਦਮ ਪੁਰਾਣੇ ਸ੍ਰੀ ਕ੍ਰਿਸਨ ਨਾਮ ਜਨ ਸੰਬਾਦੇ ਕਾਤਕ ਸੁਦੀ ਇਕਾਦਸੀ ਮਹਾਤਮ ਸੰਪੂਰਣੰ ਸਮਾਪਤੰ ॥ ੨੪ ॥ ਅੰਤ ਵੇਲੇ ਰਾਮ ਰਾਮ ਰਾਮ ਸਹਾਈ ॥ ਰਾਮ ਰਾਮ ਰਾਮ ਰਾਮ ਰਾਮ ਸਹਾਈ ੧੪੧੪ ॥

ਅੱਗੇ ਅਖੀਰ ਵਿਚ ਦੋ – ਤਿੰਨ ਪੱਤਰੇ ਹਾਸ਼ੀਏ ਵਾਲੇ ਖਾਲੀ ਹਨ ।

ਹੱਥ ਲਿਖਤ ਨੰ : MS 904

ਸਿਰਲੇਖ : ਸੀ ਭਾਗਵਤੇ ਮਹਾਂ ਪੁਰਾਣ ਦਸਮ ਸਕੰਧ

ਲੇਖਕ : ਕੀਰਤ ਸਿੰਘ, ਕਵਿ

ਸਮਾਂ : ਸੰਮਤ 1909

ਪੱਤਰੇ : 1 ੳ – 161 ਅ

ਆਕਾਰ : 18 X 11 ਸ.ਮ. ਲਿਖਤ : 13 X 7 ਸ.ਮ.

ਵੇਰਵਾ : ਜਿਲਦ ਗੱਤਾ ਕਪੜਾ; ਸਿਆਹੀ ਕਾਲੀ । ਸਤਰਾਂ ਪ੍ਰਤੀ ਪੰਨਾ – 10 ਹਨ।

ਆਮ ਵੇਰਵਾ : ਜਿਲਦ ਉਖੜੀ ਹੋਈ ਹੈ , ਲਿਖਾਈ ਸੁੰਦਰ, ਅਤੇ ਪੋਥੀ ਦੀ ਹਾਲਤ ਠੀਕ ਠੀਕ ਹੈ ।ਕਈ ਪੱਤਰਿਆਂ ਉਪਰ ਹਾਸ਼ੀਏ ਤੋਂ ਬਾਹਰ ਵੀ ਲਿਖਿਆ ਹੋਇਆ ਹੈ ।

ਆਰੰਭ : ੧ੴ ਸਤਿਗੁਰ ਪ੍ਰਸਾਦਿ ॥ ਅਥ ਸ੍ਰੀ ਭਾਗਵਤਕੋ ਦਸਮ ਸਕੰਧ ਕ੍ਰਿਤ ਕਵਿ ਕੀਰਤ ਸਿੰਘ ਲਿਖਯਤੇ ॥ ਛਪੈ ॥ ਸ੍ਰੀ ਗੁਰਚਰਨ ਸਰੋਜ ਭ੍ਰਮਰ ਨਿਜ ਮਨ ਕਵਿ ਕੀਨੋ ॥

ਅੰਤ : ਬਾਰ ਬਾਰ ਬਿਨਤੀ ਇਹੈ ਜਾਚ ਤਹੌਂ ਸੁਖਰਾਸਿ ॥ ਪ੍ਰੇਮ ਭਗਤਿ ਨਿਜ ਦੇਹੁ ਪ੍ਰਭ ਕੀਰਤ ਸਿੰਘ ਲਖਦਾਸ ॥੫੪॥ ਇਤਿ ਸ੍ਰੀ ਭਾਗਵਤੇ ਮਹਾ ਪੁਰਾਣੇ ਦਸਮ ਸਕੰਧੇ ਸੁਕ ਪ੍ਰੀਛਤ ਸੰਬਾਦੇ ਪ੍ਰੀਛਤ ਸੰਬਾਦੇ ਕ੍ਰਿਤ ਕਵਿ ਕੀਰਤ ਸਿੰਘ ਨਾਮਚਤੁਰ ਦਸ ਸਰਗਹ ॥ ੧੪ ॥ ਇਤਿ ਪੁਸਤਕ ਸੰਪੂਰਨੰ ॥

ਸੰਮਤ ੧੯●੯ ॥ ਬੈਸਾਖ ਸੁਦੀ ਦਸਮੀ ਪੋਥੀ ਸੰਪੂਰਨ ਭਈ ॥ ਸ੍ਰੀ ਰਾਮ ਕ੍ਰਿਸਨ ਜੀ ਸ੍ਰੀ ਰਾਧੇ ਕ੍ਰਿਸਨ ਸ੍ਰੀ ਨੰਦ ਨੰਦਨ ਜੀ ਸ੍ਰੀ ਗੋਪਾਲ ਜੀ ਸਹਾਇ ਹੋਵੈ ॥ ॥ ॥ ॥

ਇਸ ਤੋਂ ਅੱਗੇ ਇਕ ਪੰਨਾ ਖਾਲੀ ਛਡ ਕੇ ਅਗਲੇ ਪੱਤਰੇ ਤੇ ਕੁਝ ਸਤਰਾਂ ਲਿਖੀਆਂ ਹੋਈਆਂ ਹਨ।

ਹੱਥ ਲਿਖਤ ਨੰ : MS 905

ਸਿਰਲੇਖ : ਫੁਰਕਾਨੁ ਬਾਬੇ ਨਾਨਕ ਕਾ, ਸਾਖੀ ਮੱਕੇ ਮਦੀਨੇ ਕੀ

ਪੱਤਰੇ : 1 ੳ - 329 ਅ

ਆਕਾਰ : 12 X 18 ਸ.ਮ. ਲਿਖਤ : 8 X 14 ਸ.ਮ.

ਵੇਰਵਾ : ਜਿਲਦ ਗੱਤਾ ਰੈਕਸੀਅਨ, ਸਿਆਹੀ ਕਾਲੀ ਵਖਰੇਵੇਂ ਲਈ ਲਾਲ ਹਾਸ਼ੀਆ ਚਾਰੇ ਪਾਸੇ ਦੋ ਦੋ ਲਾਲ ਲਕੀਰਾਂ, ਵਿਚਕਾਰ ਇਕ ਕਾਲੀ ਲਕੀਰ । ਸਤਰਾਂ ਪ੍ਰਤੀ ਪੰਨਾ - 13 ਹਨ।

ਆਮ ਵੇਰਵਾ : ਪੋਥੀ ਦੀ ਹਾਲਤ ਕੋਈ ਬਹੁਤੀ ਚੰਗੀ ਨਹੀਂ ਹੈ, ਅਖੀਰ ਵਿਚ ਕੁਝ ਪੱਤਰੇ ਫਟੇ ਹੋਏ ਹਨ । ਕਈ ਪੱਤਰਿਆਂ ਉਪਰ ਕਾਨੀ ਬਦਲੀ ਹੋਈ ਹੈ । ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ, ਪੱਤਰੇ ਵੀ ਰੰਗ ਬਰੰਗੇ ਲਗਾਏ ਹੋਏ ਹਨ ਅਤੇ ਕਈ ਪੱਤਰੇ ਇਕ ਪਾਸੇ ਤੋਂ ਖਾਲੀ ਹਨ, ਹਾਸ਼ੀਏ ਤੋਂ ਬਾਹਰ ਵੀ ਲਿਖਾਈ ਕੀਤੀ ਹੋਈ ਹੈ ॥

ਆਰੰਭ : ੧ੴ ਸਤਿਗੁਰ ਪ੍ਰਸਾਦਿ ॥ ਫੁਰਕਾਨ [ਫੁਰਮਾਨ] ਬਾਬੇ ਨਾਨਕ ਕਾ ॥ ਸਾਖੀ ਮਕੇ ਮਦੀਨੇ ਕੀ॥ ਨਸੀਹਤਿ ਨਾਮਾ ਬਾਬੇ ਨਾਨਕ ਜੀ ਕਾ ॥ ਸਾਹ ਸਰਫਿ ਤਥਾ ਕਾਜੀ ਰੁਕਨਦੀਨ ਨਾਲ ਹੋਆ ॥ ਮੱਕੇ ਦੇ ਰਾਹ ਵਿਚਿ ਤਥਾ ਮੱਕੇ ਮਦੀਨੇ ਵਿਚਿ ॥ਰਾਗੁ ਤਿਲੰਗ ਪਾਤਸਾਹੀ ॥੧॥ ਘਰ ਰਸਾਲਿਆਂ ਦੇ ਗਾਵਣਾ ॥ ਬਾਬੇ ਨਾਨਕ ਤਮਾਮ ਆਲਮ ਤਾਰਨੇ ਕੇ ਨਿਮਿਤ ਭੇਖੁ ਉਦਾਸੀ ਕਾ ਧਾਰ ਕਰ ਸਭ ਧਰਤੀ ਕਾ ਸੈਲ ਕੀਤਾ ॥ ਅਤੇ ਸਭਨਾ ਠਉਡਾ [ਠਉੜਾ] ਵਿਖੈ ਆਪਣੇ ਆਸਣਿ ਮੁਕਾਮ ਥਾਪੇ । ਇਕ ਦਿਨ ਸਹਰ ਬਿਦਰ ਦਖਣ ਦਿਸਾ ਅੰਦਰ ਬਾਬਾ ਨਾਨਕੁ ਬੈਠਾ ਸੀ ॥ ਤਾਂਹਾ ਹਾਜੀ ਮੱਕੇ ਕੀ ਹਜਿ ਕਉ ਚਲੇਅ ਸਨ ॥ ਤਾਂ ਮਰਦਾਨੇ ਰਬਾਬੀ ਅਰਦਾਸ ਕੀਤੀ ॥ ਜੀ ਸਚੇ ਪਾਤਸਾਹ ਹਾਜੀ ਮੱਕੇ ਮਦੀਨੇ ਕੀ ਹਜਿ ਕਰਨ ਚਲੇ ਹੈਨ ॥

ਅਖੀਰ ਵਿਚ ਕੁਝ ਪੱਤਰੇ ਫਟੇ ਹੋਏ ਹਨ ਅਤੇ ਰਚਨਾ ਅਧੂਰੀ ਹੈ ॥

ਅੰਤ : "ਸਭੇ ਗਏ ਹੈਰਾਨ ਹੋਇ ਨਾਨਕ ਵਡਾ ਫਕੀਰੁ ਹਿਕੈ ਤਾ ਖੁਦਿ ਖੁਦਾਇ ਹੈ, ਕਹਿ ਨਾ ਸਕਹਿ ਤਦਬੀਰਿ ॥ ਸਭੇ ਕਦਮੀ ਢਹਿ ਪਏ, ਮਨ ਵਿਚਿ ਬਹੁ ਡਰ ਖਾਇ ॥ ਐ ਜੀ, ਕਾਈ ਨਿਸਾਨੀ ਰਖੀਐ, ਮੱਕਾ ਭਿਸਤਿ ਕਰਾਇ ॥ ਬਾਬੇ ਕਉਸਿ ਉਤਾਰੀ ਪਾਉ ਤੇ ਰਖੀ ਨਿਸਾਨੀ ਏਹ । ਜੋ ਕਰੋਗੇ ਜਾਰਤਿ ਕਉਸਿ ਦੀ ,ਫੇਰਿ ਨ ਜਨਮ ਧਰੇਹੁ ॥"

ਹੱਥ ਲਿਖਤ ਨੰ : MS 906

ਸਿਰਲੇਖ : ਸ੍ਰੀ ਭਾਗਵਤ ਗੀਤਾ ਅਠਾਰਵਾਂ ਧਿਆਇ ॥

ਲੇਖਕ : ਰਾਮ ਸਿੰਘ

ਸਮਾਂ : ਸੰਮਤ 1913

ਪੱਤਰੇ : 1 ੳ – 136 ਅ

ਆਕਾਰ : 25 X 14 ਸ.ਮ. ਲਿਖਤ : 21 X 12 ਸ.ਮ.

ਵੇਰਵਾ : ਜਿਲਦ ਗੱਤਾ ਕਪੜਾ; ਸਿਆਹੀ ਕਾਲੀ ਵਖਰੇਵੇਂ ਲਈ ਲਾਲ, ਹਾਸ਼ੀਆ ਦੋਵੇਂ ਪਾਸੇ, ਦੋ ਦੋ ਲਾਲ, ਦੋ ਦੋ ਕਾਲੀਆਂ, ਵਿਚਕਾਰ ਇਕ ਪੀਲੀ ਮੋਟੀ ਲਕੀਰ । ਸਤਰਾਂ ਪ੍ਰਤੀ ਪੰਨਾ–13 ਹਨ।

ਆਮ ਵੇਰਵਾ : ਲਿਖਾਈ ਸੁੰਦਰ, ਅਤੇ ਪੋਥੀ ਦੀ ਹਾਲਤ ਠੀਕ ਠੀਕ ਹੈ ।ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ। ਕਈ ਪੱਤਰਿਆਂ ਉਪਰ ਹਾਸ਼ੀਏ ਤੋਂ ਬਾਹਰ ਵੀ ਲਿਖਤ ਕੀਤੀ ਹੋਈ ਹੈ ।

ਆਰੰਭ : ੧ੴ ਸਤਿਗੁਰ ਪ੍ਰਸਾਦਿ ॥ ਓਅੰ ਸੁਅਸਤਿ ਸ੍ਰੀ ਗਣੇਸਾਇੰਨਮ: ॥ ਸ੍ਰੀ ਭਗਵਤ ਗੀਤਾ ਲਿਖਯਤੇ ਸ੍ਰੀ ਕ੍ਰਿਸਨ ਅਰਜੁ ਸੰਬਾਦੁ ਅਠਾਰਾ ਧਿਆਇ ਚਲੇ ॥ ੧੮ ॥ ਏਕ ਸਮੈ ਬਿਧੈ ਕੈਲੀਲਾਸ ਪਰਬਤਿ ਉਪਰ ਮਹਾਂਦੇਉ ਅਰੁ ਪਾਰਬਤੀ ਕੀ ਆਪਸ ਮੈ ਗੋਸਟਿ ਭਈ ॥ ਤਾਂ ਗਉਰਾਂ ਪਾਰਬਤੀ ਪੂਛੈ ਹੈ ॥

ਅੰਤ : “ਸਭ ਸਮਗ੍ਰੀ ਭੋਗੋ ਕੀ ਲਿਆਇ ਦੀਨੀ ॥ ਅਰੁ ਚਤ੍ਰਭੁਜ ਕੌ ਕਹਾ ਹੇ ਦੇਵ ਜੀ ਯਹਿ ਭੋਗੁ ਤੁਮ ਭੋਗੋ ਜੀ ॥ ਤਬ ਸ੍ਰੀ ਨਾਰਾਇਣ ਜੀ ਕਹਿਆ ਹੇ ਲਛਮੀ ਏਹ ਅਠਾਰਵੇਂ ਧਿਆਇ ਕਾ ਫਲ ਕਹਿਆ ਹੈ ॥ ਸੋ ਤੈਨੇ ਸ੍ਰਵਨ ਕਰਿਆ ਹੈ ॥ ਇਤਿ ਸ੍ਰੀ ਪਦਮੁ ਪੁਰਾਣੇ ਸਤੀ ਈਸਰ ਸੰਬਾਦੇ ਉਤਰ ਖੰਡੇ ਗੀਤਾ ਮਹਾਤਮਨੇ ਨਾਮੁ ਅਸਟ ਦਸਮੋ ਧਿਆਇ ਸਮਾਪਤਿ ਮਸਤ ਸੁਭੰ ਮਸਤ ॥ ੧੮ ॥ ਜੇਠਿ ਵੱਦੀ ੨੯ ਜੀ ਥਿਤ ਸਤਮੀ ।

ਦਸਖਤ ਭਾਈ ਰਾਮ ਸਿੰਘ ਤਪੀ ॥ ਸੰਮਤ ੧੯੧੩ ॥ ਸ੍ਰੀ ਰਾਧਾ ਪਤੀ ਨਮੋ ਨਮ : ॥ ਹਰਿ ਹਰਿ ਹਰੇ ਹਰਿ ਹਰੇ ॥ ॥ ॥”

ਹੱਥ ਲਿਖਤ ਨੰ : MS 907

ਸਿਰਲੇਖ : ਭਾਖਾ ਭੂਖਨ ਚਮਤਕਾਰ ਚੰਦ੍ਰਕਾ

ਟੀਕਾਕਾਰ : ਹਰਿਚਰਨ ਦਾਸ, ਕਵਿ

ਸਮਾਂ : ਸੰਮਤ 1970

ਪੱਤਰੇ : 1 ੳ – 170 ਅ

ਆਕਾਰ : 25 X 14 ਸ.ਮ. ਲਿਖਤ: 21 X 12 ਸ.ਮ.

ਵੇਰਵਾ : ਜਿਲਦ ਗੱਤਾ ਰੈਕਸੀਅਨ; ਸਿਆਹੀ ਕਾਲੀ । ਸਤਰਾਂ ਪ੍ਰਤੀ ਪੰਨਾ–12 ਹਨ।

ਆਮ ਵੇਰਵਾ : ਪੋਥੀ ਦਾ ਕਾਗਜ਼ ਧੁਆਂਖਿਆ ਹੋਇਆ, ਖਸਤਾ ਹਾਲਤ ਵਿਚ ਹੈ । ਕਈ ਪੱਤਰਿਆਂ ਉਪਰ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ, ਲਿਖਾਈ ਸੁੰਦਰ ਅਤੇ ਪੋਥੀ ਦੀ ਹਾਲਤ ਆਮ ਕਰਕੇ ਠੀਕ ਠੀਕ । ਪੱਤਰਾ ਅੰਕ ਬਾਅਦ ਵਿਚ ਪੈਨਸਿਲ ਨਾਲ ਲਗਾਏ ਹੋਏ ਹਨ।

ਆਰੰਭ : ੧ੴ ਸਤਿਗੁਰ ਪ੍ਰਸਾਦਿ ॥ਸ੍ਰੀ ਗੁਰ ਚਰਨ ਕਮਲੇ ਭਯੋ ਨਮ: ਅਥ ਭਾਖਾ ਭੂਖਨ ਕਾ ਟੀਕਾ ਚਮਤਕਾਰ ਚੰਦ੍ਰਿਕਾ ਕ੍ਰਿਤ ਕਵਿ ਹਰਿਚਰਨ ਦਾਸ ਲਿਖਯਤੇ ॥ ਦੋਹਰਾ॥ ਤੁਲਸੀ ਸੋਭਤ ਚਰਨ ਮੈ,ਗਲ ਤੁਲਸੀ ਦਲ ਮਾਲ । ਵਿਹਰਤ ਰਾਧਾ ਸੰਗ ਮੈ, ਜਮਨਾ ਤਟ ਨੰਦ ਲਾਲ ॥ ਲਲਤ ਮਾਲ ਲਲਤਾ ਰਚੇ ਸ੍ਰੀ ਰਾਧਾ ਕੇ ਹੇਤ । ਮਹਲ ਟਹਲ ਬ੍ਰਿੰਦਾ ਕਰਤ, ਮਧੁ ਮੰਗਲਸ ਸਮੇਤ ॥ ਭਾਖਾ ਭੂਖਨ ਗ੍ਰੰਥ ਕੋ,ਕਿਯ ਜਸਵੰਤ ਨਰੇਸ। ਟੀਕਾ ਹਰਿ ਕਵਿ ਕਰਤ ਹੈ ਉਦਾਹਰਨ ਦੈ ਬੇਸ ॥

ਅੰਤ : “ਇਤਿ ਸ੍ਰੀ ਹਰਿਚਰਨ ਦਾਸ ਕ੍ਰਿਤਿ ਟੀਕਾ ਭਾਖਾ ਭੂਖਨੇ ਚਮਤਕਾਰ ਚੰਦ੍ਰਕਾ ਨਾਮ ਸਮਾਪਤੰ ॥ ਬਿਕ੍ਰਮੀ ਸੰਮਤ ੧੯੭● ਭਾਦੁ ਕ੍ਰਿਸਨ ਪੱਖ ਤੇ ਰਸ ਦਸਖਤ ਬ੍ਰਹਮਾ ਨੰਦ ਸਾਧੂ ॥ ਦੋਹਰਾ ॥

ਸੰਮਤ ਠਾਰਾ ਸੈ ਵਿਖੈ ਤਾ ਪਰ ਚੌਦਸ ਜਾਨ ॥ ਟੀਕਾ ਕੀਨੀ ਪੋਖ ਦਿਨ ਗੁਰ ਦਸਮੀ ਅਵਦਾਤ ॥ ਸੁਕਲ ਪੱਖ''

ਪੋਥੀ ਦੇ ਅਖੀਰ ਵਿਚ ਇੰਜ ਲਿਖਿਆ ਹੋਇਆ ਹੈ ਜੋ ਉਪਰੋਕਤ ਰਚਨਾ ਨਾਲ ਸਬੰਧਤ ਨਹੀਂ ਹੈ ''ਭਰਤਰੀ ਸੰਪ੍ਰਦਾਇ ॥ ਪਿਤਾ ਕਾ ਨਾਮ ਗੰਧ੍ਰ ਸੈਨ ਮਾਤਾ ਚੰਦ੍ਰਾਵਤੀ ॥ ਮੀਰਾ ਚਰਵੇਦਾਰ॥ ਲਾਖਾ ਸਾਮਾਨਿਆ ਪਿੰਗਲਾ ਇਸਤ੍ਰੀ ॥ ਲਘੂਭਾਈ ॥''

ਹੱਥ ਲਿਖਤ ਨੰ : MS 908 ਸੰਗ੍ਰਹਿ
ਸਿਰਲੇਖ : ਸਲੋਕ
ਲੇਖਕ : ਸੰਤ ਦਾਸ ਤਪਸਵੀ
ਲਿਖਾਰੀ : ਸੁਦਾਗਰ ਸਿੰਘ
ਸਮਾਂ : ਸੰਮਤ 1924
ਸਥਾਨ : ਕਰਤਾਰ ਪੁਰ
ਪੱਤਰੇ : 74 ੳ - 85 ੳ
ਆਕਾਰ : 15 X 13 ਸ.ਮ. ਲਿਖਤ : 10 X 10 ਸ.ਮ.
ਵੇਰਵਾ : ਜਿਲਦ ਗੱਤਾ ਰੈਕਸੀਅਨ; ਸਿਆਹੀ ਕਾਲੀ । ਸਤਰਾਂ ਪ੍ਰਤੀ ਪੰਨਾ-9 ਹਨ।
ਆਮ ਵੇਰਵਾ : ਪੋਥੀ ਦੀ ਹਾਲਤ ਮਾੜੀ, ਪੱਤਰੇ ਕਿਰਮ ਖੁਰਦਾ ਅਤੇ ਖਸਤਾ ਹਾਲਤ ਵਿਚ ਹਨ। ਪੋਥੀ ਪੱਤਰਾ ਨੰਬਰ 74 ਤੋਂ ਸ਼ੁਰੂ ਕੀਤੀ ਹੋਈ ਹੈ। ਇੰਜ ਜਾਪਦਾ ਹੈ ਕਿ ਇਹ ਪੋਥੀ ਕਿਸੇ ਹੋਰ ਪੋਥੀ ਦਾ ਹਿੱਸਾ ਸੀ । ਕਈ ਪੱਤਰਿਆਂ ਉਪਰ ਲਿਖਾਈ ਧੱਬਿਆਂ ਵਾਲੀ ਹੈ ਪਰ ਪੜ੍ਹਨ ਯੋਗ ਹੈ ।
ਆਰੰਭ : ੧ੳ॑ ਸਤਿਗੁਰ ਪ੍ਰਸਾਦਿ ॥ ਸਲੋਕ ॥ ਸੰਤ ਦਾਸ ਤਪਸੀ (ਤਪਸਵੀ) ਕੇ ॥ ਅਬ-ਤੂ ਜਾਇਬ ਤੂੰ ਅਜਬ ਤੇਰੇ ਤਮਾਸੇ ॥ ਇਕ ਘਰਿ ਬੈਠਿਆਂ ਦੁਧਿ ਪਿਆਵੇ ਇਕਨ ਦੀਆਂ ਫਿਰਨ ਪਿਆਸੇ॥ ਇਕ ਨਾ ਉਪਰ ਲਤਾ ਨਾਹੀ ਇਕ ਪਹਿਰਨ ਮਲ ਮਲ ਖਾਸੇ ॥ ਸੰਤ ਦਾਸ ਪ੍ਰਭ ਤੇ ਬਤੇ ਬਲਹਾਰੀ ਸਭ ਕਿਛ ਤੇਰੇ ਪਾਸੇ ॥
ਅੰਤ : ''ਸੰਤ ਦਾਸ ਹਰਿ ਅਮਤੁ ਸਹਾਈ ਤੇਰਾ ਸਿਰਿ ਪੁਰਿ ਆਪ ਅਲਾਹੀ ॥੪● ਸਲੋਕੁ ਸੰਤ ਦਾਸ ਕੇ ਸਮਾਪਤੰ ॥ ਸਲੋਕ ॥ ਤੁਲਸੀ ਰਸਨਾ ਜੋ ਭਲੀ ਜਿਹਿ ਮੁਖ ਉਚੇਰ ਰਾਮੁ ॥ ਨਹੀ ਤੋ ਕਾਟਨਾ ਕਾਟੀਐ ਮੁਖ ਮੋ ਭਲੋ ਨਾ ਚਾਮੁ'' ॥੧॥ =॥=

ਹੱਥ ਲਿਖਤ ਨੰ : MS 908 ਅ
ਸਿਰਲੇਖ : ਸਿਹਰਫੀ
ਲੇਖਕ : ਸਾਂਈ ਦਾਸ
ਲਿਖਾਰੀ : ਸੁਦਾਗ੍ਰ ਸਿੰਘ
ਸਮਾਂ : ਸੰਮਤ 1924
ਸਥਾਨ : ਕਰਤਾਰ ਪੁਰ
ਪੱਤਰੇ : 85 ੳ-96 ੳ
ਆਕਾਰ : 15 X 13 ਸ.ਮ. ਲਿਖਤ : 10 X 10 ਸ.ਮ.
ਵੇਰਵਾ : ਓਹੀ। ਸਤਰਾਂ ਪ੍ਰਤੀ ਪੰਨਾ-9 ਹਨ।

ਆਮ ਵੇਰਵਾ : ਪੋਥੀ ਦੀ ਹਾਲਤ ਮਾੜੀ, ਪੱਤਰੇ ਖਸਤਾ ਹਾਲਤ ਵਿਚ ਹਨ।ਪਰ ਲਿਖਾਈ ਪੜ੍ਹਨ ਯੋਗ ਅਤੇ ਸੁੰਦਰ ਹੈ ॥

ਆਰੰਭ : "ੴ ਸਤਿਗੁਰ ਪ੍ਰਸਾਦਿ ॥ ਅਥ ਸਿਹਰਫੀ ਸਾਈ ਦਾਸ ਕੀ ਲਿਖਤੇ ॥ ਅਲਫੁ ਆਇਓ ਵਾਸਤੇ ਘਟਿਣੇ ਨੂ ਇਥੇ ਆਇ ਕੇ ਮੂਲ ਗਾਵਾਇਓ ਈ ॥ ਝੂਠੇ ਲਾਲਚਾ ਦੇ ਵਿਚੁ ਲਗਕੇ ਤੂੰ ਭਲਾ ਕੰਮੁ ਨਾ ਕੋਈ ਕੁਮਾਇਓ ਈ ॥"

ਅੰਤ : "ਬਦਿ ਫੈਲੀਆ ਨਾਲ ਪਿਆਰੁ ਤੇਰਾ ਫਿਰੇ ਬੰਦਗੀ ਥੋ ਮਗਰੂਰ ਭਾਈ॥ ਸਾਈਂ ਦਾਸ ਨਾ ਆਵਦਾ ਖੌਫ ਤੈਨੂੰ ਓਹੁ ਦੇਖਦਾ ਨਿਤਿ ਹਾਜੂਰ ਭਾਈ ॥੩● ॥ ਸਰਫੀ (ਸਿਹਰਫੀ) ਸਾਈ ਦਾਸ ਦੀ ਸਮਾਪਤੰ॥੧॥"

ਹੱਥ ਲਿਖਤ ਨੰ : MS 908 ਏ

ਸਿਰਲੇਖ : ਸਰਫੀ ਗੋਪੀ ਚੰਦ

ਲੇਖਕ : ਸੁਦਾਗਰ ਸਿੰਘ

ਸਮਾਂ : ਸੰਮਤ 1924

ਸਥਾਨ : ਕਰਤਾਰ ਪੁਰ

ਪੱਤਰੇ : 97 ੳ - 109 ੳ

ਆਕਾਰ : 15 X 13 ਸ.ਮ. ਲਿਖਤ : 10 X 10 ਸ.ਮ.

ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ - 9 ਹਨ।

ਆਮ ਵੇਰਵਾ : ਪੱਤਰੇ ਖਸਤਾ ਹਾਲਤ ਵਿਚ ਹਨ। ਲਿਖਾਈ ਹਾਸ਼ੀਏ ਤੋਂ ਬਾਹਰ ਵਾਲੀ ਥਾਂ ਤੇ ਵੀ ਕੀਤੀ ਹੋਈ ਹੈ। ਕਈ ਪੱਤਰਿਆਂ ਉਪਰ ਧੱਬੇ, ਪਰ ਲਿਖਾਈ ਪੜ੍ਹਨ ਯੋਗ। ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ ॥

ਆਰੰਭ : ੧ੴ ਸਤਿਗੁਰ ਪ੍ਰਸਾਦਿ॥ ਸਰਫੀ ਗੋਪੀ ਚੰਦ ਕੀ ਲਿਖਯਤੇ ॥ ਅਲਫੁ ਆਇ ਗੋਪੀ ਚੰਦ ਨਾਵਣ ਬੈਠਾ ਮਾਤਾ ਦੇਖ ਮਹਲਾ ਦੇ ਬਿਚਿ ਰੋਈ॥ ਅਖੀਰ ਵਿਚ ਲਿਖਾਈ ਧੱਬਿਆਂ ਵਾਲੀ ਅਤੇ ਪੜ੍ਹਨ ਵਿਚ ਮੁਸ਼ਕਲ ਪੇਸ਼ ਆਉਦੀ ਹੈ ।

ਅੰਤ : "ਮਾਤਾ ਗਈ ਬੈਕੁੰਠਿ ਨੂੰ ਉਸੇ ਲੇ ਸਿਧਾ ਜੈ ਜੈ ਕਾਰਿ ਬੁਲਾਈ ਪਿਆਰੇ ॥ ਗੋਪੀ ਚੰਦ ਦੀ ਮਾਤਾ ਨੂੰ ਫੂਕਿਆ ਹੀ ਹਥਿ ਸਜੇ ਤੇ ਅੱਗ ਲਗਾਈ ਪਿਆਰੇ ॥..... ਰਾਂਮੁ ਸੁਮੇਰਿ ਨੂੰ ਗਿਆ ਰਾਜਾ ਜਾ ਕੇ ਗੋਰਖ ਨੂੰ ਅਲਖ ਜਗਾਈ ਪਿਆਰੇ ॥੩੪॥ ਸਰਫੀ ਪੂਰੀ ਹੋਈ ਗੋਪੀ ਚੰਦ ਕੀ ॥=॥=॥ਆਸ ॥ ਬੀਬੀ ਜੀ ਕੋ ਮਥਾ ਟੇਕਿਆ ਜੋ ਹੈ ਤੁਮਰੇ ਪਾਸ ॥ ੧੯੨੪ ॥ ਮਹੀਨਾ ਭਾਦੋ ਬੀਰਬਾਰ (ਵੀਰਵਾਰ) ਸਪੂਰਨੰ ॥ ਪੂਰਨ ਭਰਤੁ ਨਾਸਕ੍ਰੇਤ ਗਰਭ ਗੀਤਾ ਸਾਰਿ ਗੀਤਾ ਸਾਈਦਾਸ ਸੰਤਦਾਸ ਗੋਪੀ ਚੰਦ੍ਰ । ਪਤਿਰੇ ੧●● ॥੬੧॥"

ਪੋਥੀ ਲਿਖੀ ਸੁਦਾਗ੍ਰ ਸਿੰਘ ਨੇ ਬਹਿ ਕੇ ਪੁਰ ਕਰਤਾਰ ॥ ਭੁਲ ਚੁਕ ਤੁਮ ਬਖਸੀਓ ਪੜੀਓ ਆਪੁ ਸੰਲ ॥ ਨੈਨ ਤੁਮਾਰੇ ਚਰਨ ਮੋਹਿ ਰਿਦੇ ਤੁਮਾਰੀ ॥

ਹੱਥ ਲਿਖਤ ਨੰ : MS 909

ਸਿਰਲੇਖ : ਅਧਿਆਤਮ ਰਮਾਇਣ

ਲਿਖਾਰੀ : ਹੀਰਾ ਸਿੰਘ

ਸਮਾਂ : ਸੰਮਤ 1907

ਸਥਾਨ : ਕਸ਼ਮੀਰ

ਪੱਤਰੇ : 1 ਅ- 408 ਅ

ਆਕਾਰ : 20 X 14 ਸ.ਮ. ਲਿਖਤ : 16 X 9 ਸ.ਮ.

ਵੇਰਵਾ : ਜਿਲਦ ਗੱਤਾ ਚਮੜਾ, ਬਾਅਦ ਵਿਚ ਬੰਨੀ ਹੋਈ; ਸਿਆਹੀ ਕਾਲੀ ਵਖਰੇਵੇਂ ਲਈ ਲਾਲ। ਹਾਸ਼ੀਆ ਸਾਰੀ ਪੋਥੀ ਵਿਚ ਚਾਰੇ ਪਾਸੇ ਦੋ ਦੋ ਕਾਲੀਆਂ ਲਕੀਰਾਂ ਦੋ ਦੋ ਕੇਸਰੀ ਲਕੀਰਾਂ ਅਤੇ ਵਿਚਕਾਰ ਇਕ ਮੋਟੀ ਕੇਸਰੀ ਲਕੀਰ। ਸਤਰਾਂ ਪ੍ਰਤੀ ਪੰਨਾ-11 ਹਨ।

ਆਮ ਵੇਰਵਾ : ਪਹਿਲੇ ਪੱਤਰਿਆਂ ਦੀ ਬਾਅਦ ਵਿਚ ਕਪੜਾ ਲਗਾ ਕੇ ਜਿਲਦ ਬੰਦੀ ਕੀਤੀ ਹੋਈ। ਕੁਝ ਪੱਤਰੇ ਖਾਲੀ ਹਨ ।ਕਿਧਰੇ ਕਿਧਰੇ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ ॥ ਹਾਸ਼ੀਏ ਤੋਂ ਬਾਹਰ ਵੀ ਲਿਖਾਈ ਕੀਤੀ ਹੋਈ ਹੈ। ਲਿਖਾਈ ਸੁੰਦਰ, ਪੋਥੀ ਦੀ ਹਾਲਤ ਠੀਕ ਠੀਕ ਹੈ । ਕਈ ਪੱਤਰਿਆਂ ਦੇ ਔਖੇ ਸ਼ਬਦ ਅਰਥ ਹਾਸ਼ੀਏ ਤੋਂ ਬਾਹਰ ਲਿਖੇ ਹੋਏ ਹਨ ॥

ਆਰੰਭ : ੧ੴ ਸਤਿਗੁਰ ਪ੍ਰਸਾਦਿ ॥ ਸ੍ਰੀ ਗਣੇਸਾਯਨਮ :॥ ਦੋਹਰਾ ॥ ਦੇਵੀ ਮਾਤਾ ਸਾਰਦਾ ਸਰਦ ਇੰਦੁ ਸਮ ਹਾਸ ॥ ਬੰਦੋ ਪਦ ਪੰਕਜ ਸਦਾ ਕਰੋ ਸੁਮਤਿ ਪਰਕਾਸ ॥੧॥ ਸੰਕਰ ਛੰਦ ॥ ਗਣ ਨਾਥ ਦਾਸ ਨਿਵਾਇ ਮਸਤਕ ਬੰਦਨਾ ਪਗ ਧਾਰ ॥ ਕਰਯੋ ਚਹੇ ਉਰ ਰਾਮ ਕੋ ਜਸ ਦੇਹੁ ਬੁਧਿ ਉਦਾਰ॥ ਸੁਰ ਗੁਰ ਕਰੇ ਸੁਰ ਰਾਜ ਕਾਰਜ ਪਾਦਕੰ ਜਮਨਾਇ ॥ ਹੇ ਰਘੰਨਾਥ ਅਨਾਥ ਕੇ ਮੇ ਧੀਰ ਬੀਰ ਸਹਾਇ ॥੨॥ ਸਵੈਯਾ ॥

ਅੰਤ : ‘‘ਜਾਪਦ ਪੰਕਜ ਨੀਰ ਲਹਿ ਬੰਧਨ ਦੀਏ ਨਿਵਾਰਿ ॥ ਮਾਨ ਸਿੰਘ ਗੁਰ ਕੋ ਨਮੋ ਭਯੋ ਗਿਆਨ ਅਵਤਾਰ ॥੫੧ ॥ ਗ੍ਰਹ ਅਗਨਿ ਵਸੁ ਚੰਦ ਪੁਨਿ ਸੰਬਤ ਅਨਿੰਦ ਧਾਰ ॥ ਦਸਮੀ ਕਤਕ ਸੁਦੀ ਸੁਭ ਸੁਰਾਧੀਸ ਗੁਰਵਾਰ ॥ ੫੨ ॥ ਇਤਿ ਸ੍ਰੀ ਮਤ ਅਧਜਾਤਮ ਰਾਮਾਇਣੇ ਉਮਾ ਮਹੇਸੁਰ ਸੰਬਾਦੇ ਉਤ੍ਰ ਕਾਂਡੇ ਬੈਰਾਠਿ ਵਰਨਣੋ ਨਾਮ ਨਵਮੋ ਧਿਆਦਿ ॥੯॥ ਸੁਭਮ ਭਵਤ ॥ ਸ੍ਰੀ ਰਾਮ ॥ ਸ੍ਰੀ ਰਾਮ ਸ੍ਰੀ ਰਾਮ ॥ ਸੰਮਤ ੧੯●੭ ਮਿਤੀ ਜੇਠ ਦੀ ਪਹਿਲੀ ੧ ਪੋਥੀ ਸਪੂਰਣ ਹੋਈ ॥ ਲਿਖੀ ਕਸਮੀਰ ਵਿਚੋ ॥ ਲਿਖਾਈ ਹੀਰਾ ਸਿੰਘ ਨੇ ॥ ॥ ਸੁਭੰ ਭਵਤੁ ॥

ਹੱਥ ਲਿਖਤ ਨੰ : MS 910

ਸਿਰਲੇਖ : ਬਿਹਾਰੀ ਸਤ ਸਈ ਕੀ ਟੀਕਾ ਹਰਿ ਪ੍ਰਕਾਸ

ਟੀਕਾਕਾਰ : ਹਰਿ ਪ੍ਰਕਾਸ

ਲਿਖਾਰੀ : ਹਰਿ ਚਰਨ ਅਤੇ ਗੰਗਾ ਜੀ ਨਾਥ

ਸਮਾਂ : ਸੰਮਤ 1915

ਸਥਾਨ : ਨਗਰ ਹਾਂਸ , ਕਸ਼ਮੀਰ

ਪੱਤਰੇ : 1 ਉ- 212 ਉ

ਆਕਾਰ : 16X 24 ਸ.ਮ. ਲਿਖਤ : 12 X 20 ਸ.ਮ.

ਵੇਰਵਾ : ਜਿਲਦ ਗੱਤਾ ਕਪੜਾ, ਸਿਆਹੀ ਕਾਲੀ। ਹਾਸ਼ੀਆ ਪਹਿਲੇ ਕੁਝ ਪੱਤਰਿਆਂ ਉਪਰ ਦੋ ਦੋ ਲਾਲ ਲਕੀਰਾਂ; ਹਾਸ਼ੀਆ ਸਾਰੀ ਪੋਥੀ ਵਿਚ ਚਾਰੇ ਪਾਸੇ ਦੋ ਦੋ ਕਾਲੀਆਂ ਲਕੀਰਾਂ, ਵਿਚਕਾਰ ਇਕ ਕਾਲੀ ਲਕੀਰ, ਬਾਅਦ ਵਿਚ ਸਾਰੀ ਪੋਥੀ ਉਪਰ ਦੋ ਦੋ ਲਾਲ ਲਕੀਰਾਂ ਖੜੇ ਰੁਖ;ਅਤੇ ਸਤਰਾਂ ਪ੍ਰਤੀ ਪੰਨਾ-21 ਹਨ।

ਆਮ ਵੇਰਵਾ : ਲਿਖਾਈ ਸੁੰਦਰ, ਪਰ ਸਾਰੀ ਪੋਥੀ ਵਿਚ ਕਿਧਰੇ ਕਿਧਰੇ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ ਅਤੇ ਹਾਸ਼ੀਏ ਤੋਂ ਬਾਹਰ ਵੀ ਲਿਖਾਈ ਕੀਤੀ ਹੋਈ ਹੈ ।ਪੋਥੀ ਦੀ ਹਾਲਤ ਆਮ ਕਰਕੇ ਠੀਕ ਠੀਕ ਹੈ ।

ਆਰੰਭ : ੧ੴ ਸਤਿਗੁਰ ਪ੍ਰਸਾਦਿ ॥ ਸ੍ਰੀ ਰਾਧਾ ਬੱਲਭੋ ਜਯਤਿ ॥ ਅਥ ਬਿਹਾਰੀ ਸਤਸਈ ਕੀ ਟੀਕਾ ਹਰਿ ਪ੍ਰਕਾਸ ਲਿਖਯਤੇ ॥ ਸ੍ਰੁਯਾ॥

ਅੰਤ : ਇਤਿ ਸ੍ਰੀ ਹਰਿਚਰਨ ਦਾਸ ਕ੍ਰਿਤ ਬਿਹਾਰੀ ਬਿਰਚਿਤੇ ਸਪਤਸਤੀ ਟੀਕਾ ਹਰਿ ਪ੍ਰਕਾਸ ਸੰਪੂਰਨੰ ॥੧ ਸੁਭੰ ਭਵੇਤਿ ॥ ਦੋਹਰਾ ॥ ਸੰਮਤੁ ਨਭ ਪੁਨ ਪਾਂਡਵੰ ਨਾਥ ਰਸਾ ਕੋ ਜਾਨ ॥ ਵਾਰ ਸੋਮ ਮੱਘਰ ਸੁਦੀ ਤਿਥ ਖਸ੍ਰਮ ਪਰਮਾਨ ॥ ਸ੍ਵੈਯਾ॥ ਭੁਲ ਛਮੋ ਹਮਰੀ ਕਿਰਪਾ ਕਰਿ ਹਾਥ ਕੋ ਜੋੜ ਮੈ ਬੰਦਲਨ ਧਾਰੂੰ ॥ ਕਾਬਯਾ ਕਾ ਗ੍ਰੰਥ ਲਿਖਯੋ ਅਪਨੇ ਕਰਿ ਨਾਮ ਹੈ ਗੰਗਾ ਜੀ ਨਾਥ ਪੁਕਾਰੂੰ ॥ ਕਾਗਜ ਠੀਕ ਲਗੇ ਕਸਮੀਰ ਕੇ ਸਾਹੀ ਔਲਿੱਖਨ ਖੂਬ ਸੁਧਾਰੂੰ ॥ ਨਗਰ ਹਾਂਸ ਕੇ ਬੀਚ ਰਹੇ ਹਮ ਬਿਦਯਾਧੇਨ ਕਰੇ ਹਿਤਧਾਰੂੰ ॥੧॥ = ॥ = ॥

ਹੱਥ ਲਿਖਤ ਨੰ : MS 911
ਸਿਰਲੇਖ : ਸ੍ਰੀ ਚਿਦ ਵਿਲਾਸ
ਲੇਖਕ : ਵਲੀ ਰਾਮ
ਪੱਤਰੇ : 1 ਉ- 158 ਅ
ਆਕਾਰ : 19X 11ਸ.ਮ. ਲਿਖਤ : 14X 7 ਸ.ਮ.
ਵੇਰਵਾ : ਜਿਲਦ ਗੱਤਾ, ਸਿਆਹੀ ਕਾਲੀ; ਵਖਰੇਵੇਂ ਲਈ ਲਾਲ; ਹਾਸ਼ੀਆ ਦੋਵੇਂ ਪਾਸੇ ਦੋ ਦੋ ਕਾਲੀਆਂ ਲਕੀਰਾਂ। ਸਤਰਾਂ ਪ੍ਰਤੀ ਪੰਨਾ - 7 ਹਨ।
ਆਮ ਵੇਰਵਾ : ਪੋਥੀ ਦੇ ਸ਼ੁਰੂ ਵਿਚ ਵਿਸਥਾਰ ਪੂਰਵਕ ਤੱਤਕਰਾ ਦਿੱਤਾ ਹੋਇਆ ਹੈ । ਸਾਰੀ ਪੋਥੀ ਵਿਚ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ ਅਤੇ ਹਾਸ਼ੀਏ ਤੋਂ ਬਾਹਰ ਵੀ ਲਿਖਾਈ ਕੀਤੀ ਹੋਈ ਹੈ। ਲਿਖਾਈ ਸੁੰਦਰ ਅਤੇ ਪੋਥੀ ਦੀ ਹਾਲਤ ਆਮ ਕਰਕੇ ਠੀਕ ਠੀਕ ਹੈ ।
ਆਰੰਭ : "ੴ ਸਤਿ ਸਤਿ ਬ੍ਰਹਮਣੇ ਨਮਹ ॥ ਅਥ ਸ੍ਰੀ ਚਿਦ ਵਿਲਾਸ ਵਲੀ ਰਾਮ ਕ੍ਰਿਤ ਲਿਖਯਤੇ ॥ਸਲੋਕ॥ ਸਰਬਾਤੀਤੰ ਯਤਿ ਸਰਬੰ ਨਿਹ ਦੁੰਦੰ ਦੁੰਦ ਸਪੰਦ ॥ ਚਿਦ ਵਿਲਾਸਰਤੰ ਨਿਤਯੰ ਤਸਯ ਸਤ ਆਤਮਨੇ ਨਮਹਾ ॥ ਚੌਪਈ ॥ ਨਮੋ ਨਿਰੰਜਨ ਅਜ ਅਬਿਨਾਸੀ ॥ ਨਮੋ ਸਚਿਦਾਨੰਦ ਵਿਲਾਸੀ ॥ ਨਮੋ ਸਰਬ ਸਰਬੁ ਘਟਵਾਸੀ ॥ ਨਮੋ ਸਰਬ ਸਰਬ ਸੁਖਰਾਸੀ ॥"
ਅੰਤ : "ਪੜੇ ਸੁਣੈ ਪੁਨ ਮਾਨੈ ਜੋਈ ॥ ਵਰਤੈ ਚਿਦ ਬਿਲਾਸ ਸੋ ਸੋਈ ॥ ਬੂਝੈ ਅਰਥ ਅਰਥੁ ਮਿਲ ਰਹੈ॥ ਵਲੀ ਰਾਮ ਨਾਮ ਨਿਜ ਤਾਕੋ ॥ ਪੂਰਨ ਚਿਦ ਬਿਲਾਸ ਯਹ ਜਾਕੋ ॥ ੪●੯ ॥ ਅਥ ਗ੍ਰੰਥ ਸੰਖਯਾ ਲਿਖਯਤੇ ॥ ਚਿਦ ਬਿਲਾਸ ਮੈ ਕਹੀ ਗਨਨ ਗਤ ॥ ਸ੍ਰਿਸਟ ਇਸਥਿਤ ਪੁਨ ਪ੍ਰਲੈ ਜਥਾਮਤ ॥ ਪ੍ਰਗਟ ਚਾਰ ਸੌ ਊਪਰ ਅਠਾਵਨ ॥ ਏਤੀ ਚੌਪਈ ਸ੍ਰਿਸਟ ਮਹਾਗਨ ॥ ੧॥ ਏਕ ਸਹੰਸ੍ਰ ਪਾਦ ਪੁਨ ਜਿਉ ਹੀ ॥ ਇਸਥਿਤ ਮਾਹ ਚੌਪਈ ਤਿਉ ਹੀ ॥ ਪ੍ਰਲੈ ਮਾਹ ਆਠ ਸੌ ਤੀਨ ॥ ਕਹੀ ਚੌਪਈ ਸੁਨਹੁ ਪ੍ਰਬੀਨ ॥੨॥ ਅਸਟ ਦੋਹਰੇ ਸ੍ਰਿਸਟ ਮਾਹ ਜਿਉ ॥ ਜਾਨ ਅਠਾਰਹ ਇਸਥਿਤ ਮਾਹ ਤਿਉ ॥ ਪੁਨ ਨੌ ਪ੍ਰਲੈ ਮਾਹ ਲਖ ਲੇਹ ॥ ਐਸੀ ਗਨਨਾ ਚਿਤ ਮੈ ਦੇਹ । ਦੋਇ ਸਹੰਸ੍ਰ ਸਤ ਦੁਇ ਚੌਪਈ । ਤਾਪਰ ਔਰ ਛਿਆਠ ਠਈ ॥ ਪੁਨ ਪੈਤੀਸ ਦੋਹਰੇ ਭਾਖੇ ॥ ਏ ਪੁਨ ਤੀਨ ਕਾਂਡ ਮੇ ਰਾਖੇ ॥੪॥ ਦੁਇ ਸਹੰਸ੍ਰ ਤੀਨ ਸੌ ਏਕ ॥ ਸਕਲ ਗਨਨ ਯਹ ਪਰਮੁ ਬਬੇਕ ॥ ਪ੍ਰਗਟਹ ਗਨਨਾ ਅਨਗਨ ਮਾਹੀ ॥ ਪੁਨ ਅਨਗਨ ਹੀ ਮੈ ਮਿਲਜਾਹੀ ॥੫॥ ਇਤਿ ਸ੍ਰੀ ਮਤ ਚਿਦ ਵਿਲਾਸ ਵਲੀ ਰਾਮ ਵਿਰਚਿਤਾਯੰ ਪ੍ਰਲੈ ਕਾਂਡ ਨਿਰੂਪਣੰ ॥ ਸਮਾਪਤੰ ਸੁਭ ਮਸਤ ॥" ॥
॥ ॥ ॥ ॥ ॥

ਹੱਥ ਲਿਖਤ ਨੰ : MS 912
ਸਿਰਲੇਖ : ਉਤਰ ਪ੍ਰਸਨ - ਸਿਖਾਂ - ਗੁਰੂਆਂ ਜੀ ਦੇ
ਲੇਖਕ : ਰਾਮ ਦਾਸ
ਪੱਤਰੇ : 1 ਉ- 454

ਆਕਾਰ : 16.5X 20 ਸ.ਮ. ਲਿਖਤ : 13 X 18 ਸ.ਮ.

ਵੇਰਵਾ : ਜਿਲਦ ਗੱਤਾ,ਅੰਬਰੀ; ਸਿਆਹੀ ਨੀਲੀ ਅਤੇ ਕਾਲੀ; ਹਾਸ਼ੀਆ ਚਾਰੇ ਪਾਸੇ ਇਕ ਕਾਲੀ ਲਕੀਰ। ਸਤਰਾਂ ਪ੍ਰਤੀ ਪੰਨਾ-17 ਹਨ।

ਆਮ ਵੇਰਵਾ : ਪੋਥੀ ਦੀ ਕਾਨੀ ਬਦਲਕੇ ਰਚਨਾ ਲਿਖੀ ਹੋਈ ਹੈ । ਲਿਖਾਈ ਧੱਬਿਆਂ ਵਾਲੀ ਹੈ , ਕਈ ਪੰਨਿਆਂ ਉਪਰ ਨੀਲੀ ਸਿਆਹੀ ਨਾਲ ਵੀ ਰਚਨਾ ਕੀਤੀ ਹੋਈ ਹੈ ਪੋਥੀ ਦੀ ਹਾਲਤ ਆਮ ਕਰਕੇ ਠੀਕ ਠੀਕ ਹੈ।

ਆਰੰਭ : ੧ੴ ਓਮ ਸ੍ਰੀ ਪ੍ਰਮਾਤਮ ਨਮਹ ॥ ਅਥ ਉਤਰ ਪ੍ਰਸ਼ਨ ਲਿਖੇ ਤੇ । ਸਿਖਾਂ ਨੇ ਗੁਰਾਂ ਪਾਸ ਜਾ ਕੇ ਪ੍ਰਸ਼ਨ ਕੀਤਾ । ਕੀ ਹੇ ਗੁਰੋ ਜੇ ਮੈਂ ਜਾਨਾ ਸਿਖਾਂ ਕੋਲ ਤਾਂ ਕਹਿੰਦੇ ਹਨ । ਗੁਰੂਦੁਆਰੇ ਵਿਚ ਆਇਆ ਕਰ ਤੇ ਦਰਬਾਰ ਸਾਹਿਬ ਨੂੰ ਮੱਥਾ ਟੇਕਿਆ । ਤੇ ਸਤਨਾਮ ਸ੍ਰੀ ਵਾਹਿਗੁਰੂ ਸਤਨਾਮ ਸ੍ਰੀ ਵਾਹਿਗੁਰੂ ਕਰਿਆ ਕਰ ਤਾਂ ਤੇਰੀ ਭਗਤੀ ਪੂਰੀ ਹੋਵੇਗੀ । ਹੇ ਗੁਰੋ ਜੇ ਮੈਂ ਜਾਨਾ ਹਿੰਦੂਆਂ ਕੋਲ ਤਾਂ ਕਹਿੰਦੇ ਹਨ ਮੰਦਰ ਵਿਚ ਆਇਆ ਕਰ । ਤਾਂ ਤੇਰੀ ਭਗਤੀ ਪੂਰੀ ਹੋਵੇਗੀ । ਤੇ ਸ਼ਿਵਾ ਨੂੰ ਮੱਥਾ ਟੇਕਿਆ ਕਰ । ਤਾਂ ਤੇਰੀ ਭਗਤੀ ਪੂਰੀ ਹੋਵੇਗੀ। ਤੇ ਰਾਮ ਰਾਮ ਕਰਿਆ ਕਰ । ਤਾਂ ਤੇਰੀ ਭਗਤੀ ਪੂਰੀ ਹੋਵੇਗੀ ।

ਇਸੇ ਤਰਾਂ ਹੀ ਅੱਗੇ ਮੁਸਲਮਾਨਾਂ ਅਤੇ ਈਸਾਈ ਧਰਮ ਬਾਰੇ ਵੀ ਵੱਖ ਵੱਖ ਲਿਖਿਆਂ ਹੈ। ਅਤੇ ਉਤਰ - ਪ੍ਰਸ਼ਨ ਲਿਖੇ ਹੋਏ ਹਨ ।

ਅੰਤ : " ਗੁਰ ਉਪਮਾਂ ਮਹਿਮਾਂ ਤੁਮਰੀ ਬਰਨ ਨਾ ਸਾਕੂੰ । ਹੇ ਗੁਰ ਦੀਂਨ ਦਿਆਲ । ਹੂੰ ਬਾਲਕ ਤੁਮ ਪਿਤਾ ਹਮਾਰੇ । ਗਿਆਨ ਕੀਓ ਤੱਤਕਾਲ । ਔਰ ਪਦਾਰਥ ਮੋਰਾ ਜਾਨੂੰ । ਅਮਰਤ ਪ੍ਰੇਮ ਤੁਮਾਰ ॥ ਸਿੰਘ ਜੁਹਾਰ ਓੜ ਨਿਭਾਓ ਦੀਨ ਦਿਆਲ ਮੁਰਾਰ ॥੨੪ ॥"

ਅੱਗੇ ਡੀਜ਼ਾਈਨ ਬਣਾਇਆ ਹੋਇਆ ਹੈ । ਅਤੇ ਉਸ ਤੋਂ ਅਗਲੇ ਸੱਫੇ ਉਤੇ ਹਿੰਦੀ ਵਿਚ 'ਜੈ ਮਹਾਰਾਜ ਕੀ' ਲਿਖਕੇ ਸ੍ਰੀ ਗੁਲਾਬ ਦਾਸ ਸੇਵਕ ਸ੍ਰੀ ਮਾਨ ਸੰਤ ਪ੍ਰਭੂ ਦਾਸ ਮਹਾਰਾਜ ਜੀ ਦਾ ਸੇਵਾਦਾਰ ਰਾਮ ਦਾ ਲਿਖਿਆ ਹੋਇਆ ਹੈ। ਅਤੇ ਉਸ ਤੋਂ ਬਾਅਦ ਫਿਰ ਡੀਜਾਈਨ ਬਣਾ ਕੇ ਓਮ ----ਓਮ ਅਤੇ ਲਿਖਤੰਮ ਰਾਮ ਦਾਸ ਲਿਖਿਆ ਹੋਇਆ ਹੈ । ॥ ॥ ॥

ਹੱਥ ਲਿਖਤ ਨੰ : MS 913

ਸਿਰਲੇਖ : ਪਰਚੀਆਂ/ਸਾਖੀਆਂ ਪਾਤਸਾਹੀਆਂ ਦਸਾਂ ਕੀਆ

ਲੇਖਕ : ਸੇਵਾਦਾਸ, ਉਦਾਸੀ

ਪੱਤਰੇ : 1 ੳ- 319 ੳ

ਆਕਾਰ : 12 X 8 ਸ.ਮ. ਲਿਖਤ : 6 X 6 ਸ.ਮ.

ਵੇਰਵਾ : ਜਿਲਦ ਗੱਤਾ ਕਪੜਾ,ਉਖੜੀ ਹੋਈ, ਪੱਤਰੇ ਵੀ ਉਖੜੇ ਹੋਏ; ਸਿਆਹੀ ਕਾਲੀ ਵਖਰੇਵੇਂ ਲਈ ਲਾਲ; ਹਾਸ਼ੀਆ ਦੋਵੇਂ ਪਾਸੇ ਦੋ ਦੋ ਲਾਲ ; ਦੋ ਦੋ ਕਾਲੀਆਂ ਲਕੀਰਾਂ, ਵਿਚਕਾਰ ਇਕ ਮੋਟੀ ਪੀਲੀ ਲਕੀਰ । ਸਤਰਾਂ ਪ੍ਰਤੀ ਪੰਨਾ-7 ਹਨ।

ਆਮ ਵੇਰਵਾ : ਜਿਲਦ ਉਖੜੀ ਹੋਈ ਹੋਣ ਕਾਰਨ, ਪਤਰਿਆਂ ਦੀ ਹਾਲਤ ਵੀ ਮਾੜੀ, ਸਾਰੀ ਪੋਥੀ ਵਿਚ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ ਕਿਧਰੇ ਕਿਧਰੇ ਹਾਸ਼ੀਏ ਤੋਂ ਬਾਹਰ ਵੀ ਲਿਖਾਈ ਕੀਤੀ ਹੋਈ ਹੈ ਲਿਖਾਈ ਪੜ੍ਹਨ ਯੋਗ ਅਤੇ ਠੀਕ ਠੀਕ , ਪੋਥੀ ਦੀ ਹਾਲਤ ਬਹੁਤੀ ਚੰਗੀ ਨਹੀਂ ਹੈ ।

ਆਰੰਭ : ੧ੴ ਸਤਿਗੁਰ ਪ੍ਰਸਾਦਿ ॥ ਅਥ ਸਾਖੀਆਂ ਪਾਤਸਾਹੀਆਂ ਦਸਾਂ ਕੀਆਂ ---ਪ੍ਰਥਮੇ ਦਸਾਂ ਮਹਲਾਂ ਕੇ ਨਾਮ ਲਿਖੇ ॥ ਗੁਰੂ ਨਾਨਕ ਜੀ ॥੧॥ ਗੁਰੂ ਅੰਗਦ ਜੀ ॥੨॥ ਗੁਰੂ ਅਮਰਦਾਸ ਜੀ॥੩॥ ਗੁਰੂ ਰਾਮ ਦਾਸ ਜੀ ॥੪॥ ਗੁਰੂ ਅਰਜਨ ਨਾਥ [ਦੇਵ] ਜੀ ॥੫॥ ਗੁਰੂ ਹਰਿ ਗੁਵਿੰਦ ਜੀ ॥੬॥ ਗੁਰੂ ਹਰਿ ਰਾਇ ਜੀ ॥੭॥ ਗੁਰੂ ਹਰਿ ਕਿਸਨ ਜੀ ॥੮॥ ਗੁਰੂ ਤੇਗ ਬਹਾਦਰ ਜੀ ॥ ੯॥

ਗੁਰੂ ਗੋਬਿੰਦ ਸਿੰਘ ਜੀ ॥੧●॥" ਇਸ ਤੋਂ ਬਾਅਦ ਦਸਾਂ ਮਹਲਾਂ ਕੀ ਉਸਤੁਤਿ ਕੇ ਸਲੋਕ ਲਿਖੇ ਹੋਏ ਹਨ ॥

ਅੰਤ : " ਉਸ ਅਸਥਾਨ ਕੋ ਦੇਖਿ ਕਰ ਗੁਰੂ ਚਿਤ ਆਵਤਾ ਹੈ ॥ ਜੋ ਜੀਵ ਊਹਾ ਜਾਤਾ ਹੈ ਸੋ ਸਰਬ ਪ੍ਰਕਾਰ ਪ੍ਰਸੰਨਤਾ ਕਉ ਪਾਵਤਾ ਹੈ ॥ ਫੁਨਹਾ ॥ ਸੇਵਾਦਾਸ ਉਦਾਸੀ ਕੀਨੀ ਪਰਚੀ ॥ ਗੁਰੁ ਉਸਤੁਤ ਪੋਥੀ ਪ੍ਰੇਮ ਕੇ ਸਰ ਚਰਚਰੀ ॥ ਗੁਰੁ ਉਸਤਤੁ ਬੇਅੰਤ ਅਗਮ ਅਪਾਰ ਜੀ ॥ ਕੁਛ ਅਪਨੇ ਭਲੇ ਕਉ ਕੀਨਾ ਛੁਦ੍ਰ ਉਚਾਰ ਜੀ ॥੧॥ ੩੮॥ ੫੫॥
ਬੋਲੋ ਭਾਈ ਜੀ ਵਾਹਗੁਰੂ ॥ ਸਾਖੀਆਂ ਦਸਾਂ ਮਹਲਾਂ ਕੀਆਂ ਸੰਪੂਰਣ ਹੋਈਆਂ ॥ ਸ੍ਰੀ ਸਤਿਗੁਰ ਪ੍ਰਸਾਦਿ ॥"

ਹੱਥ ਲਿਖਤ ਨੰ : MS 913 ਅ
ਸਿਰਲੇਖ : ਹੁਕਮੁ ਨਾਮਾ ਮਹਲਾ ੩
ਪੱਤਰੇ : 319 ਅ-322 ਓ
ਆਕਾਰ : 12 X 8 ਸ.ਮ. ਲਿਖਤ : 6 X 6 ਸ.ਮ.
ਵੇਰਵਾ : ਓਹੀ। ਸਤਰਾਂ ਪ੍ਰਤੀ ਪੰਨਾ - 7 ਹਨ।
ਆਮ ਵੇਰਵਾ : ਅਖੀਰ ਵਿਚ ਕੁਝ ਪੱਤਰੇ ਉਖੜੇ ਹੋਏ ਹਨ ।ਲਿਖਾਈ ਸੁੰਦਰ, ਪੋਥੀ ਦੀ ਹਾਲਤ ਬਹੁਤੀ ਚੰਗੀ ਨਹੀਂ ਹੈ ।
ਆਰੰਭ : ੧ਓ ਸਤਿਗੁਰ ਪ੍ਰਸਾਦਿ ॥ ਹੁਕਮ ਨਾਮਾ ਮਹਲਾ ੩ - ਗੁਰੂ ਅਮਰਦਾਸ ਜੀ ਕਾ ਬੋਲਣਾ ॥ ਜੋ ਸਿਖ ਗੁਰੂ ਕਾ ਹੈ ਤਿਨ ਜੋਗੁ ਉਪਦੇਸੁ ਗੁਰੂ ਕਾ ॥ ਸਤਿ ਕਰ ਮੰਨਣਾ ॥
ਅੰਤ : "ਸਿਖਾਂ ਕੀ ਸੇਵਾ ਕਰਣੀ ॥ ਆਪਸ ਕਉ ਕਿਛੁ ਨਾਹੀ ਜਣਾਵਣਾ ॥ ਅਲਿਪਤ ਰਹਣਾ ॥ ਦੋਵੇਂ ਸਿਰੇ ਗੁਰੂ ਨੂੰ ਸਉਪਣੇ ॥੧॥ ਸਾਖੀ ਸੰਪੂਰਨ ਹੋਈ ॥ ਭੁਲ ਚੁਕ ਅਖਰ ਮਾਂਤ੍ਰਾ ਕੀ ਦਾਸ ਲਿਖਾਰੀ ਕਉ ਬਖਸਣੀ ॥ ਸੁਧ ਸਵਾਰ ਲੈਣੀ ਸਦਕਾ ਸਾਧ ਸੰਗਤ ਕਾ ॥" ॥ ॥ ॥

ਹੱਥ ਲਿਖਤ ਨੰ : MS 914
ਸਿਰਲੇਖ : ਸੈਯਾ ਅਤੇ ਹੋਰ ਬਾਣੀ
ਲੇਖਕ : ਸੁੰਦਰ ਦਾਸ
ਪੱਤਰੇ : 1 ਅ - 206 ਅ
ਆਕਾਰ : 18X 11 ਸ.ਮ. ਲਿਖਤ : 12X 7 ਸ.ਮ.
ਵੇਰਵਾ : ਜਿਲਦ ਗੱਤਾ ਕਪੜਾ, ਸਿਆਹੀ ਕਾਲੀ, ਵਿਚ ਵਿਚ ਵਖਰੇਵੇਂ ਲਈ ਲਾਲ; ਹਾਸ਼ੀਆ ਦੋਵੇਂ ਪਾਸੇ ਦੋ ਦੋ ਲਾਲ ਲਕੀਰਾਂ; ਵਿਚਕਾਰ ਇਕ ਕਾਲੀ ਲਕੀਰ। ਸਤਰਾਂ ਪ੍ਰਤੀ ਪੰਨਾ 8-9 ਹਨ।
ਆਮ ਵੇਰਵਾ : ਪੋਥੀ ਦੇ ਸ਼ੁਰੂ ਵਿਚ ਕੁਝ ਪੱਤਰੇ ਹਾਸ਼ੀਏ ਵਾਲੇ ਖਾਲੀ ਬਾਅਦ ਵਿਚ ਅਸਲ ਰਚਨਾ ਸ਼ੁਰੂ ਕੀਤੀ ਹੋਈ । ਕਈ ਪੱਤਰਿਆਂ ਉਪਰ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ ਅਤੇ ਹਾਸ਼ੀਏ ਤੋਂ ਬਾਹਰ ਵੀ ਲਿਖਾਈ ਕੀਤੀ ਹੋਈ ਹੈ । ਲਿਖਾਈ ਸੁੰਦਰ, ਪੋਥੀ ਦੀ ਹਾਲਤ ਆਮ ਕਰਕੇ ਠੀਕ ਠੀਕ ਹੈ ।
ਆਰੰਭ : ੧ਓ ਸਤਿਗੁਰ ਪ੍ਰਸਾਦਿ ॥ ਸ੍ਰੀ ਗੁਰਦੇਵ ਦਾਦੂ ਪ੍ਰਸਾਦਿ ॥ ਬਾਬਾ ਸੁੰਦਰ ਦਾਸ ਕਾ ॥ ਸੈਯਾ॥ ਲਿਖਤੇ ਪ੍ਰਥਮਹਿ ਗੁਰਦੇਵ ਕੋ ਅੰਗ ॥ ਇੰਦਵ ਛੰਦ ॥ ਮੌਜ ਕਰੀ ਗੁਰਦੇਵ ਦਯਾ ਕਰ ਸਬਦ ਸੁਨਾਇ ਕਹਿਯੋ ਹਰਿ ਕੇ ਰੋਗ ਜਿਯੋ ਰਵਿ ਕੇ ਪ੍ਰਗਟੈ ਨਿਸ ਜਾਤਸ ਦੂਰ ਕੀਓ ਭ੍ਰਮ ਭਾਨ ਅੰਧੋਰੋ ॥ ਕਾਇਕ ਬਾਇਕ ਮਾਨਸ ਹੂਕ ਰਹੈ ਗੁਰਦੇਵਹ ਬੰਦਨ ਮੇਰੋ ॥ ਸੁੰਦਰ ਦਾਸ ਕਹੇ ਕਰ ਜੋਰ ਜੁ ਦਾਦੂ ਦਇਆਲ ਕੌਹਉ ਨਿਤ ਚੇਰੋ ॥੧॥

ਅੰਤ : "ਜੋਗੀ ਥਕੇ ਕਹਿ ਜੈਨ ਥਕੈ ਕਹੈ ਰਿਖਤਾਪਸ ਥਾਕ ਰਹੇ ਫਲ ਖਾਤੈ ॥ ਸੰਨਯਾਸੀ ਥਕੈ ਬਨਬਾਸੀ ਥਕੈ ਜੁ ਉਦਾਸੀ ਥਕੈ ਬਹੁ ਢੇਰ ਫਿਰਾਤੈ ।ਸੇਖ੍ਰ ਮਸਾਇਕ ਔਰ ਉਲਾਇਕ ਥਾਕਿ ਰਹੇ ਮਨ ਮੈ ਮੁਸਕਾਤੈ ॥ ਸੁੰਦ੍ਰ ਮੌਨ ਗਹੀ ਸਿਧ ਸਾਧਿਕ ਕੌਨ ਕਹੈ ਉਸ ਕੀ ਮੁਖਬਾਤੈ ॥ ਇਤਿ ਸ੍ਰੀ ਅਸਚਰਜ ਕੋ ਅੰਗ ਸਪੂਰਣੰ ॥ ਸਮਾਪਤੰ ॥ ਬਾਬੇ ਸੁੰਦਰ ॥

ਹੱਥ ਲਿਖਤ ਨੰ : MS 915

ਸਿਰਲੇਖ : ਗੁਰਬਿਲਾਸ ਪਾਤਿਸਾਹੀ ਛੇਵੀਂ

ਲੇਖਕ : ਸੋਹਨਿ

ਲਿਖਾਰੀ : ਘਣਕ ਦਾਸ

ਸਮਾਂ : ਸੰਮਤ 1915 ਰਚਨਾ ਕਾਲ: 1775 ਸੰਮਤ

ਪੱਤਰੇ : 1 ੳ-539 ੳ

ਆਕਾਰ : 29X 21 ਸ.ਮ. ਲਿਖਤ: 19X 14 ਸ.ਮ.

ਵੇਰਵਾ : ਜਿਲਦ ਗੱਤਾ ਕਪੜਾ, ਸਿਆਹੀ ਕਾਲੀ , ਵਖਰੇਵੇਂ ਲਈ ਲਾਲ। ਪਹਿਲੇ ਪੰਨੇ ਤੇ ਡੀਜ਼ਾਈਨਦਾਰ ਹਾਸ਼ੀਆ ਅਤੇ ਬਾਕੀ ਪੋਥੀ ਤੇ ਦੋਵੇਂ ਪਾਸੇ ਹਾਸ਼ੀਆ, ਦੋ ਦੋ ਕਾਲੀਆਂ ਦੋਦੋ ਲਾਲ ਲਕੀਰਾਂ । ਸਤਰਾਂ ਪ੍ਰਤੀ ਪੰਨਾ -14 ਹਨ।

ਆਮ ਵੇਰਵਾ : ਜਿਲਦ ਉਖੜੀ ਹੋਈ ਹੈ । ਪਹਿਲੇ ਪੱਤਰੇ ਉਪਰ ਡੀਜ਼ਾਈਨ ਬਣਾ ਕੇ ਰਚਨਾ ਸ਼ੁਰੂ ਕੀਤੀ ਹੋਈ ਹੈ। ਕਿਧਰੇ ਕਿਧਰੇ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ ਅਤੇ ਹਾਸ਼ੀਏ ਤੋਂ ਬਾਹਰ ਵੀ ਲਿਖਾਈ ਕੀਤੀ ਹੋਈ ਹੈ । ਲਿਖਾਈ ਸੁੰਦਰ, ਪੋਥੀ ਦੀ ਹਾਲਤ ਆਮ ਕਰਕੇ ਠੀਕ ਠੀਕ ਹੈ।

ਆਰੰਭ : ੧ੳ॑ ਸਤਿਗੁਰ ਪ੍ਰਸਾਦਿ ॥ ੧ੳ॑ ॥ ਅਥਿ ਗੁਰਬਿਲਾਸ ਗਿਰੰਥਿ ਪਾਤਿਸਾਹੀ ਛੇਵੀਂ ਲਿਖਤੇ॥ ਛਪੈ ਛੰਦ ॥ ਦਸਮ ਗੁਰੁ ਕੇ ਚਰਨ ਕਮਲ ਬੰਦੋ ਗੁਣ ਆਗਰ ॥ ਬਹੁਰਿ ਬੰਦ ਸੰਤ ਨਿਤ ਅਵਤਾਰ ਧਾਰ ਹਰਿ ॥ ਅਖਰ ਦਾਤਾ ਗੁਰੂ ਗਿਰਾ ਪਗ ਪਰੌ ਜੋਰ ਕਰਿ ॥ ਇਹੀ ਦਾਨ ਦੀਜੇ ਪ੍ਰਭੂ ਹਰਿ ਗੁਵਿੰਦ ਗੁਰ ਜਸ ਕਰਨ ॥ ਬਿਮਲਿ ਬੁਧਿ ਦੇਹੁ ਕ੍ਰਿਪਾ ਕਰਿ ਪਰਯੋ ਦਾਸ ਕਵ ਤੁਮ ਸਰਨਿ ॥ ਹਰਿ ਗੁਵਿੰਦ ਗੁਰੂ ਰੂਪ ਕਥੈ ਕਵ ਪਾਰਨ ਪਾਵਨ ॥ ਸੁੰਦ੍ਰ ਚਰਤ ਸਦਾ ਜਿਹ ਸੰਤ ਧਿਆਵਨ ॥ ਮਮ ਬੁਧਿ ਬਲ ਕਛੁ ਨਾਹਿ ਕਹੋ ਕੈਸੇ ਤਿਹ ਪਾਊ ॥

ਅੰਤ : "ਜੋ ਮਨ ਮਾਨ ਰਾਖ ਗੁਰ ਸੋਈ ॥ ਪੁਨਹੋ ਕਰੋ ਭਾਖ ਗੁਰ ਜੋਈ ॥ ਜੇਠ ਮਾਸ ਸਸ ਉਦਮ ਕੀਨੋ॥ ਸੁਨੋ ਸੰਤ ਗੁਰ ਕਾਬਲ ਚੀਨੋ ॥੬੯੭॥ ਮਾਸ ਪੰਚ ਦਸ ਕਵਤਾ ਕੀਨੀ ॥ ਗੁਰ ਪ੍ਰਸਾਦਿ ਅਧਿਕ ਸੁਖ ਲੀਨੀ ॥ ਨਾਨਕ ਸਰ ਕੰਠੇ ਹੌ ਗਹੋ ॥ ਸੁਨੋ ਸੰਤ ਸੰਬਤ ਇਹ ਕਹੋ ॥ ੬੯੮ ॥ ਦੋਹਰਾ॥ ਸਤ੍ਰਾ ਸੈ ਬੀਤੇ ਤਬੈ ਬਰਖ ਪੰਝਤਰ ਜਾਨ ॥ ਸਾਵਣ ਮਾਸ ਬਈਸਾ ਦਿਨ ਗਯੋ ਸੁਖਦ ਪਹਚਾਨ ॥ ੬੯੯॥ ਸੁਦੀ ਪਖ ਥਿਤ ਪੰਚਮੀ ਸ੍ਰੀ ਗੁਰ ਕੇ ਪ੍ਰਸਾਦਿ ॥ ਪਾਇ ਭੋਗ ਗੁਰ ਗਾਥ ਕੋ ਕਰ ਕਵਤਾ ਅਹਲਾਦਿ ॥ ੬੯●॥ ਨਾਮ ਜਨ ਸ੍ਰੀ ਗੁਰੂ ਕੋ ਕਵਤਾ ਜਿਹ ਬਲ ਕੀਨ ॥ ਪੁਰਸੋਤਮ ਜੀ ਧਰਮ ਹਰ ਮੋਹ ਦਾਸ ਤਿਹ ਚੀਨ ॥ ੬੯੧॥ ਪ੍ਰਤਖ ਹੋਤ ਗੁਰਦੇਵ ਕੇ ਸੇਵਕ ਸੋਹਨ ਨਾਮ ॥ ਤਾਂਤੇ ਜਾਨੋ ਦਾਸ ਕਵ ਸੰਤ ਪੂਰ ਮਮ ਕਾਮ ॥ ੬੯੨॥ ਮਾਗੌ ਬਰ ਸਬ ਸੰਤ ਤੇ ਮੋਕੌ ਦਾਸ ਪਛਾਨ ॥ ਦੇ ਅਸੀਸ ਮਮ ਦਾਸ ਕੌ ਸਿਦਕ ਗੁਰੂ ਪਗ ਧਯਾਨ ॥੬੯੩॥ ਬਾਰ ਬਾਰ ਮੋਰੀ ਬਿਨੈ ਸੰਤ ਸਦਾ ਬਰੁਦਾਇ ॥ ਕਿੰਕਰ ਅਪਨਾ ਜਾਨ ਕੈ ਕੀਜੋ ਅੰਤ ਸਹਾਇ ॥

ਇਤਿ ਸ੍ਰੀ ਗੁਰ ਬਿਲਾਸ ਸ੍ਰੀ ਗੁਰੂ ਹਰ ਗੋਵਿੰਦ ਜੀ ਜੋਤੀ ਜੋਤਿ ਸਮਾਏ ਬਰਨਨੰ ॥ ਨਾਮ ਇਕੀਸਵੋ ਧਿਆਇ ਸਮਾਪਤੰ ਮਸਤ ਸੁਭ ਮਸਤ ॥੨੧॥ ਪੋਥੀ ਕਲਿਆਣ ਨਾਲ ਲਿਖੀ ਬਖਰ ਵਿਚਿ ਸੰਮਤ ਉਨਵੀ ਸੈ ਪੰਦ੍ਰਾ ਵਿਚਿ ਮਿਤੀ ਹਾੜ ਦੀ ਤੀਜੀ ॥ ਸ੍ਰੀ ਵਾਹਗੁਰੂ ਜੀ ਬਖਸੰਧ ॥ ਚੌਪਈ ॥ ਵਿਨਹ ਕਰਹੋ ਤੁਮਰੇ ਪਾਸ ॥ ਪੋਥੀ ਲਿਖੀ ਘਣਕਦਾਸ ॥ ਅਖਰ

ਪੜਨ ਸੋਧ ਨਾਥ ॥ ਲਿਖਾਰੂ ਕੇ ਕੁਛ ਨਾਹੀ ਹਾਥ ॥ਦੋਹਰਾ ॥ ਮਨ ਕੀ ਵਾਗ ਨ ਹਾਥ ਹੈ ਦੌਰਤ ਦਹਿ ਦਿਸ ਔਰ ॥ ਅਖਰ ਵਧ ਘਟ ਸੋਧ ਕਰਿ ਤੁਮ ਪ੍ਰੀਤਮ ਲੇਵੋ ਜੋੜ ॥ ਵਾਹਗੁਰੂ ਜੀ ॥ ਸ੍ਰੀ ਸਤਗੁਰੂ ਜੀ ਸ੍ਰੀ ਮਿਹਰਵਾਨ ਗੁਰੂ ਜੀ ॥ ਲਾਇ ਕੰਨਾ ਅਖਰ ਘਟ ਵਧ ਸੋਧ ਪੜਨਾ ॥
॥ ॥ ॥ ॥ ॥ ॥ ॥ ॥

ਹੱਥ ਲਿਖਤ ਨੰ : MS 916
ਸਿਰਲੇਖ : ਸ੍ਰੀ ਗੁਰ ਪ੍ਰਤਾਪ ਸੂਰਜ - ਦਸਿਮੋ ਅੰਸੁ
ਲੇਖਕ : ਸੰਤੋਖ ਸਿੰਘ, ਭਾਈ
ਪੱਤਰੇ : 1 ੳ-72 ੳ
ਆਕਾਰ : 18 X 13 ਸ.ਮ. ਲਿਖਤ : 13X 9 ਸ.ਮ.
ਵੇਰਵਾ : ਜਿਲਦ ਗੱਤਾ, ਸਿਆਹੀ ਕਾਲੀ । ਸਤਰਾਂ ਪ੍ਰਤੀ ਪੰਨਾ -9 ਹਨ।
ਆਮ ਵੇਰਵਾ : ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ। ਲਿਖਾਈ ਚੰਗੀ ਅਤੇ ਪੜ੍ਹਨ ਯੋਗ, ਪੋਥੀ ਦੀ ਹਾਲਤ ਆਮ ਕਰਕੇ ਠੀਕ ਠੀਕ ਹੈ ।
ਆਰੰਭ : ੧ੴ ਸਤਿਗੁਰ ਪ੍ਰਸਾਦਿ ॥ ਸ੍ਰੀ ਗੁਰਪ੍ਰਤਾਪ ਸੂਰਜ ਗਰੰਥੇ ਪੰਚਮਰਤੇ ॥ ਬਬੇਕ ॥ ਦੋ ਨਿਤ ਪ੍ਰਤ ਬੈਠਹ ਸਿੰਘ ਢਿਗ ਰਹਿਣੀ ਰਹਿ ਤਬ ਤਾਇ ॥ ਭਗਤ ਗਿਯਾਨ ਕੀ ਬਾਰਤਾ ਸੁਨਹੁ ਸਦਾ ਚਿਤ ਲਾਇ ॥੧॥ ਚੌ॥
ਅੰਤ : ਨਾਹਿਤ ਬਹਯੋ ਫਿਰਹਿ ਬਿਲ ਪਾਵਹ ਜਗ ਸਮੁੰਦ ਕੋ ਪਾਰ ਨ ਪਾਵਹ ॥ ਦਯਾ ਸਿੰਧ ਉਪਦੇਸ ਬਤਯੋ ॥ ਸੁਨ ਖਾਲਸੇ ਧਰ ਸੁਖ ਪਾਯੋ ॥ ਪ● ॥ ਇਤ ਸ੍ਰੀ ਗੁਰ ਪ੍ਰਤਾਪ ਸੂਰਜ ਗਰੰਥੇ ਸਿੰਘਨ ਉਪਦੇਸੋ ਦਸਿਮੋ ਅੰਸੂ ੧●॥

ਹੱਥ ਲਿਖਤ ਨੰ : MS 917 ਸੰਗ੍ਰਹਿ
ਸਿਰਲੇਖ : ਬਚਨ ਗੋਬਿੰਦ ਲੋਕਾਂ ਕੇ
ਪੱਤਰੇ : 1 ੳ - 59 ੳ
ਆਕਾਰ : 17 X 12ਸ.ਮ. ਲਿਖਤ : 11X 8.5 ਸ.ਮ.
ਵੇਰਵਾ : ਜਿਲਦ ਗੱਤਾ ਕਪੜਾ, ਸਿਆਹੀ ਕਾਲੀ; ਹਾਸ਼ੀਆ ਦੋਵੇਂ ਪਾਸੇ, ਦੋ ਦੋ ਲਾਲ ਲਕੀਰਾਂ, ਵਿਚਕਾਰ ਕਾਲੀ ਲਕੀਰ । ਸਤਰਾਂ ਪ੍ਰਤੀ ਪੰਨਾ-8 ਹਨ।
ਆਮ ਵੇਰਵਾ : ਪੋਥੀ ਪਾਣੀ ਨਾਲ ਭਿਜੀ ਹੋਈ ਹੈ ਅਤੇ ਬਹੁਤ ਖਸਤਾ ਹਾਲਤ ਵਿਚ ਹੈ ।ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ । ਲਿਖਾਈ ਪੜ੍ਹਨ ਯੋਗ, ਆਮ ਕਰਕੇ ਠੀਕ ਠੀਕ ਹੈ ।
ਆਰੰਭ : ੧ੴ ਸਤਿਗੁਰ ਪ੍ਰਸਾਦਿ ॥ ਬਚਨ ਗੋਬਿੰਦ ਲੋਕਾ ਕੇ॥ ਅਸੰਖ ਜੀਵ ਮੋਹ ਮਾਇਆ ਕੀ ਨਿੰਦ੍ਰਾ ਮਹਿ ਸੂਤੇ ਪੜੇ ਹਹਿ ॥ ਕੋਈ ਵਿਰਲਾ ਪੁਰਖ ਇਸ ਨਿੰਦ੍ਰਾ ਤੇ ਜਾਗਿਆ ਹੈ ॥
ਅੰਤ : ਤੂੰ ਸਭ ਸਿਉ ਸ੍ਰੇਸ੍ਰ ਸੰਤ ਹਹਿ ॥ ਤਬ ਭੀ ਸੰਤ ਕਾ ਨਿਹਚਾ ਨੈਕ ਡੋਲਾਇਮਾਨ ਨਹੀ ਹੋਤਾ ॥ ਜੈਸਾ ਉਨਹੁ ਨੇ ਆਪ ਕੰਉ ਸਮਝਾ ਹੂਆ ਹੈ ॥ ਤੈਸਾ ਹੀ ਸਮਝਆ ਹੂਆ ਹੈ ॥
ਅੱਗੇ ਰਚਨਾ ਨਹੀਂ ਹੈ ਪੱਤਰੇ ਖਾਲੀ ਹਨ ।

ਹੱਥ ਲਿਖਤ ਨੰ : MS 917 ਅ
ਸਿਰਲੇਖ : ਦਾਦੂ ਪ੍ਰਸਾਦਿ
ਲੇਖਕ : ਸੁੰਦ੍ਰ [ਸੁੰਦਰ]
ਪੱਤਰੇ : 1 ੳ - 161 ਅ

ਆਕਾਰ : 17 X 12 ਸ.ਮ. ਲਿਖਤ : 11 X 8 ਸ.ਮ.

ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ - 9 ਹਨ।

ਆਮ ਵੇਰਵਾ : ਪੋਥੀ ਭਿਜੀ ਹੋਈ। ਅਖੀਰਲੇ ਪੱਤਰਿਆਂ ਦੀ ਹਾਲਤ ਖਸਤਾ ਅਤੇ ਕਈ ਥਾਵਾਂ ਤੇ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ । ਹਾਸ਼ੀਏ ਤੋਂ ਬਾਹਰ ਵੀ ਲਿਖਤ ਕੀਤੀ ਹੋਈ । ਇਸ ਭਾਗ ਦੀ ਰਚਨਾ ਦੇ ਪੱਤਰਾ ਨੰਬਰ ਸ਼ੁਰੂ ਤੋਂ ਸ਼ੁਰੂ ਕੀਤੇ ਹੋਏ ਹਨ।

ਆਰੰਭ : ੧ਓ ਸਤਿਗੁਰ ਪ੍ਰਸਾਦਿ ॥ ਗੁਰਦੇਵ ਦਾਦੂ ਪ੍ਰਸਾਦਿ ਬਾਬਾ ਸੁੰਦਰ ਦਾਸ ਜੀ ਕਾ ਲਿਖਤੇ ॥ ਗੁਰਦੇਵ ਕੋ ਅੰਗੁ ॥ ਇੰਦਵ --- ਦੁ ਸੋਜ ਕਰੀ ਗੁਰਦੇਵ ਦਇਆ ਕਰਿ ਸਬਦ ਸੁਨਾਇ ਕੀਓ ਹਰਿ ਨੇਰੋ॥ ਜਿਉ ਰਵਿ ਕੇ ਪ੍ਰਗਟੇ ਨਿਸ ਜਾਤਸੁ ਦੂਰ ਕੀਓ ਭ੍ਰਮ ਭਾਨ ਅੰਧੇਰੋ॥

ਅੰਤ : ਸੰਨਯਾਸੀ ਥਕੇ ਬਨਬਾਸੀ ਥਕੇ ਜੁ ਉਦਾਸੀ ਥਕੇ ਬਹੁ ਫੇਰ ਫਿਰਾਤੈ ॥ ਸੇਖ ਮਸਾਇਕ ਔਰੁ ਉਲਾਇਕ ਥਾਕ ਰਹੇ ਮਨ ਮੈ ਮੁਸਕਾਤੈ ॥ ਸੁੰਦ੍ਰ ਮੌਨ ਗਹੀ ਸਿਧ ਸਾਧਕ ਕੌਨ ਕਹੇ ਉਸ ਕੀ ਮੁਖ ਬਾਤੈ ॥੫੫੩॥ ਅਚਰਜ ਕਛ ਅੰਗ ਸੰਪੂਰਣੰ ॥੩੪॥ ਇਤ ਸ੍ਰੀ ਸੁਦ੍ਰ ਗ੍ਰੰਥ ਚੌਤੀਸ ਅੰਗਾ॥ ਪੰਜ ਸੈ ਤਿਵੰਜਾ ਪਾਠ ॥੫੫੩

ਹੱਥ ਲਿਖਤ ਨੰ : MS 918

ਸਿਰਲੇਖ : ਰਾਮ ਚਰਿਤ ਮਾਨਸ

ਲੇਖਕ : ਕਵੀ, ਤੁਲਸੀ ਦਾਸ

ਸਮਾਂ : ਸੰਮਤ 1841

ਪੱਤਰੇ : 1 ਓ-530 ਓ

ਆਕਾਰ : 22 X 16 ਸ.ਮ. ਲਿਖਤ : 16 X 12 ਸ.ਮ.

ਵੇਰਵਾ : ਜਿਲਦ ਗੱਤਾ ਚਮੜਾ, ਸਿਆਹੀ ਕਾਲੀ; ਹਾਸ਼ੀਆ ਦੋਵੇਂ ਪਾਸੇ ਦੋ ਦੋ ਲਾਲ ਲਕੀਰਾਂ, ਵਿਚਕਾਰ ਇਕ ਕਾਲੀ ਲਕੀਰ। ਸਤਰਾਂ ਪ੍ਰਤੀ ਪੰਨਾ - 13 ਹਨ।

ਆਮ ਵੇਰਵਾ : ਲਿਖਾਈ ਸੁੰਦਰ, ਪਰ ਕਈ ਪੱਤਰਿਆਂ ਉਪਰ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਕਈ ਥਾਂਵਾਂ ਤੇ ਲਿਖਾਈ ਹਾਸ਼ੀਏ ਤੋਂ ਬਾਹਰ ਵੀ ਕੀਤੀ ਹੋਈ । ਕੁਝ ਇਕ ਪੱਤਰਿਆਂ ਉਪਰ ਲਾਲ ਸਿਆਹੀ ਡੁੱਲੀ ਹੋਈ ਹੋਣ ਕਾਰਨ ਲਿਖਾਈ ਸਪਸ਼ਟ ਨਹੀਂ ਹੈ । ਪਹਿਲੇ ਅਤੇ ਅਖੀਰਲੇ ਕੁੱਝ ਪੱਤਰੇ ਖਸਤਾ ਹਾਲਤ ਵਿਚ ਹਨ । ਪੋਥੀ ਦੀ ਹਾਲਤ ਠੀਕ ਠੀਕ ਹੈ ।

ਆਰੰਭ : ੧ਓ ਸਤਿਗੁਰ ਪ੍ਰਸਾਦਿ ॥ ਸ੍ਰੀ ਮਤੇ ਰਾਮਾਨੁਜਾਯ ਨਮ: ॥ ਸਲੋਕ ॥ ਓਅੰ ਵਰਨਾਨਾ ਮਰਥ ਸੰਘਾਨਾ ਰਸਾਨਾਂ ਛੰਦਸਾਮਪਿ ॥

ਅੰਤ : ਸ੍ਰੀਮਦ੍ਰਾਮਚਰਿਤ ਮਾਨਸ ਮਿਦੰ ਭਕਤਯਾ ਵਗਾਹਯੰਤਿਤੇ ਸੰਸਾਰ ਪਤੰਗ ਘੋਰ ਕਿਰਣੈ : ਦਹਯੰਤਿਨੋ ਮਾਨਵਾਯੇ ॥ ੪੫੬॥

ਇਤਿ ਸ੍ਰੀ ਰਾਮ ਚਰਿਤ ਮਾਨਸੇ ਸਕਲ ਕਲ ਕਲੁਖ ਬਿਧੁੰਸਨੇ ਉਤਰ ਕਾਂਡੇ ਭਕਤਿ ਪ੍ਰਕਾਸ ਸਮਾਪਤੰ ॥ ਮਸਤੁ ਸੁਭ ਮਸਤ ਸਰਬਗਤਾਂ ॥੭॥ ਸੰਮਤ ੧੮੪੧ ॥ ਫਗਣ ਸੁਦੀ ਥਿਤਿ ਅਸਟਮੀ ਸੋਮਵਾਰ ਪੋਥੀ ਸੰਪੂਰਨ ਹੋਈ ॥ ਸ੍ਰੀ ਰਾਮ ਸ੍ਰੀ ਰਾਮ ॥ ਭੁਲ ਚੁਕ ਬਖਸਣੀ ਅਖਰੁ ਵਧਿ ਘਟਿ ਸੋਧ ਪੜ੍ਹਨਾ ਜੈ ਸਚਦਾਨੰਦ ॥ ॥ ॥ ॥ ॥ ॥ ॥

ਹੱਥ ਲਿਖਤ ਨੰ : MS 919 ਸੰਗ੍ਰਹਿ

ਸਿਰਲੇਖ : ਬ੍ਰਿੰਦਿ ਸਤਸਈ; ਬਿਨੋਦ ਸਤਸਈ

ਲੇਖਕ : ਬ੍ਰਿੰਦ, ਕਵੀ

ਸਮਾਂ : ਸੰਮਤ 1912

ਪੱਤਰੇ : 1 ੳ-120 ਅ

ਆਕਾਰ : 14X 11 ਸ.ਮ. ਲਿਖਤ : 9.5X 8 ਸ.ਮ.

ਵੇਰਵਾ : ਜਿਲਦ ਗੱਤਾ ਕਪੜਾ, ਸਿਆਹੀ ਕਾਲੀ; ਵਖਰੇਵੇਂ ਲਈ ਲਾਲ ; ਹਾਸ਼ੀਆ ਦੋਵੇਂ ਪਾਸੇ ਦੋ ਦੋ ਲਾਲ ਲਕੀਰਾਂ। ਵਿਚਕਾਰ ਇਕ ਕਾਲੀ ਲਕੀਰ। ਸਤਰਾਂ ਪ੍ਰਤੀ ਪੰਨਾ- 8 ਹਨ।

ਆਮ ਵੇਰਵਾ : ਰਚਨਾ ਦੇ ਇਸ ਭਾਗ ਦੇ ਪਹਿਲੇ ਪੰਨੇ ਉਪਰ ਡੀਜ਼ਾਈਨ ਬਣਾਇਆ ਹੋਇਆ ਹੈ । ਲਿਖਾਈ ਧੱਬਿਆਂ ਵਾਲੀ ਅਤੇ ਹਾਸ਼ੀਏ ਤੋਂ ਬਾਹਰ ਕੀਤੀ ਹੋਈ ਹੈ ।ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ । ਲਿਖਾਈ ਸੁੰਦਰ ਪੋਥੀ ਦੀ ਹਾਲਤ ਠੀਕ ਠੀਕ ਹੈ ।

ਆਰੰਭ : ੧ੴ ਸਤਿਗੁਰ ਪ੍ਰਸਾਦਿ ॥ ਓ ੋਅੰ ਸ੍ਰੀਗਣੇਸਾਯ ਨਿਮ : ॥ ਅਥ ਬ੍ਰਿੰਦ ਸਤਸਯਾ {ਸਤਸਈ} ਕਾ ਕ੍ਰਿਤ ਕਵਿ ਬ੍ਰਿੰਦਿ ਲਿਖਤੇ ॥ ਦੋਹਰਾ ॥ ਸ੍ਰੀ ਗੁਰ ਨਾਥ ਪ੍ਰਭਾਵਤੇ ਹੋਤ ਮਨੋਰਥ ਸਿਧ ॥

ਅੰਤ : "ਪੁਰ ਅਨੰਦ ਸਤਿਗੁਰ ਪੁਰੀ, ਬਸਤ ਨਾਥ ਦਿਨ ਰਾਤ ॥ ਜੋ ਦਰਸੈ ਪਾਤਕ ਟਰੈ ਬਸੇ ਤਾਹਿ ਸੁਖ ਸਾਤ॥" ਇਸ ਤੋਂ ਅਗਲੀਆਂ ਸਤਰਾਂ ਲਾਲ ਸਿਆਹੀ ਨਾਲ ਲਿਖੀਆਂ ਹਨ ॥ ੬੯੯ ॥ ਪੜ੍ਹੈ ਸੁਣੈ ਮਨ ਮੈ ਧਰੈ ਸਰੈ ਤਾਸੁ ਕੇ ਕਮਾ ॥ ਜੈਸੇ ਹਰਿ ਕੇ ਨਾਮ ਤੇ ਹੋਤ ਸਭੀ ਅਭਿਰਾਮ ॥੭●●॥ ਇਤ ਸ੍ਰੀ ਕਵਿ ਬ੍ਰਿੰਦ ਕ੍ਰਿਤ ਬ੍ਰਿੰਦ ਬਿਨੋਦ ਸਤਿਸਈਯ ਸੰਪੂਰਨ ॥ ॥ ਲਿਖਤਿਮ ਪੁਰਖਾਰਥਿ ਦਾਸ ॥ ਗੁਰਿ ਗੁਰੂ ਪ੍ਰਸਾਦਿ ਭੇਟਿ ॥ ਸੰਮਤ ੧੯੧੨ ਜੇਠਿ ਮਾਸੇ ੧੨ ਬੁਧ ਸੁਕਲਾ ਪਖੁ ਥਿਤ ॥"

ਹੱਥ ਲਿਖਤ ਨੰ : MS 919 ਅ

ਸਿਰਲੇਖ : ਭਗਤੀ ਮੰਤ੍ਰਿ

ਪੱਤਰੇ : 120 ਅ - 131 ਅ

ਆਕਾਰ : 14 X 11 ਸ.ਮ. ਲਿਖਤ : 9.5X 8 ਸ.ਮ.

ਵੇਰਵਾ : ਜਿਲਦ ਗੱਤਾ ਕਪੜਾ, ਸਿਆਹੀ ਕਾਲੀ; ਵਖਰੇਵੇਂ ਲਈ ਲਾਲ ; ਹਾਸ਼ੀਆ ਦੋਵੇਂ ਪਾਸੇ ਦੋ ਦੋ ਲਾਲ ਲਕੀਰਾਂ, ਵਿਚਕਾਰ ਇਕ ਕਾਲੀ ਲਕੀਰ। ਸਤਰਾਂ ਪ੍ਰਤੀ ਪੰਨਾ-9 ਹਨ।

ਆਮ ਵੇਰਵਾ : ਰਚਨਾ ਦੇ ਇਸ ਭਾਗ ਦੀ ਕਾਨੀ ਬਦਲੀ ਹੋਈ ਹੈ ।ਅਤੇ ਹਾਸ਼ੀਏ ਤੋਂ ਬਾਹਰ ਵੀ ਲਿਖਿਆ ਹੋਇਆ ਹੈ ।ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ ।ਪੋਥੀ ਦੀ ਹਾਲਤ ਠੀਕ ਠੀਕ ਹੈ ।

ਆਰੰਭ : ੧ੴ ਸਤਿਗੁਰ ਪ੍ਰਸਾਦਿ ॥ ਓ ੋਅੰ ਸ੍ਰੀ ਪ੍ਰਮਾਤਿਮ ਦੇਵਾਇ ਨਮ : ॥ ਦੋਹਰਾ॥ ਨਮੋ ਪ੍ਰਮਾਤਿਮ ਦੇਵਿ ਜੀ ਤੁਮਿ ਮਮਿ ਹੋਹੁ ਸਹਾਇ ॥ ਤ੍ਵ ਭਗਤੀ ਮੰਤ੍ਰਿ ਗੁਨਿ ਕਹੋ ਪ੍ਰਭਿ ਰਸਿਨਾ ਅਗ੍ਰੇ ਆਇ ॥੧॥ ਦੋਹਰਾ॥

ਅੰਤ : "ਇਤ ਸ੍ਰੀ ਮੰਤ੍ਰਿ ਭਗਤੀ ਚਾਰਿ ਬੁਧਿ ਜਨਿ ਰਿਦੇ ਬਸਾਇ ॥ ਕਾਰਜਿ ਪਏ ਵੀਚਾਰ ਨਾਮ ਪ੍ਰਿਥਮੋ ਸੁਭਿ ਧਿਯਾਇ ॥੧॥"

ਇਸ ਤੋਂ ਬਾਅਦ ਇਕ ਸ੍ਵੈਯਾ ॥ ਦਿਤਾ ਹੋਇਆ ਹੈ, ਜੋ ਪੱਤਰਾ ੧੩● ਤੋਂ ਸ਼ੁਰੂ ਹੋਕੇ ੧੩੧ ਅ ਤੇ ਖਤਮ ਹੋ ਜਾਂਦਾ ਹੈ ॥ ਮੰਤ੍ਰਿ ਸੰਤ੍ਰਿ ਤੰਤ੍ਰਿ ਔਖਦਿ ਸ੍ਵਿ ਕਰਾ ਸਭ ਕਾਮ ਨਿਭਾਵਤਿ ਨੀਕਾ ॥ ਜੋ ਜਨਿ ਖਲਿ ਭਏ ਹੈ ਜਗਿ ਮੈ ਨਾ ਤਿਨ ਊਪਰਿ ਜਾਇਨ ਜੀ ਕਾ ॥ ਸ੍ਵਿ ਬਿਧ ਕੋਜਿ ਰਹੈ ਗੁਨੀਆ ਸਭਿ ਕੋਊ ਉਪਾਵਿ ਨਾ ਤਿਨਹੀ ਕਾ ॥ ਪ੍ਰੀਤਿਮ ਦਾਸ ਕਹਿਯੋ ਸੁਧੀਉ ਫੁਨਿ ਸਭਿ ਸੁਖਿ ਤਿਯਾਗ ਭੁਲਾ ਖਲ ਜੀ ਕਾ ॥੬॥" ॥ ॥ ॥

ਹੱਥ ਲਿਖਤ ਨੰ : MS 920 ਸੰਗ੍ਰਹਿ
ਸਿਰਲੇਖ : ਬਬੇਕ ਮਾਲਾ
ਲੇਖਕ : ਹਰੀ ਰਾਮ
ਪੱਤਰੇ : 1 ਉ- 81 ਅ
ਆਕਾਰ : 16.5 X 10.5 ਸ.ਮ. ਲਿਖਤ : 12 X 8 ਸ.ਮ.
ਵੇਰਵਾ : ਜਿਲਦ ਗੱਤਾ ਕਪੜਾ, ਸਿਆਹੀ ਕਾਲੀ; ਵਖਰੇਵੇਂ ਲਈ ਲਾਲ ; ਹਾਸ਼ੀਆ ਦੋਵੇਂ ਪਾਸੇ ਦੋ ਦੋ ਕਾਲੀਆਂ ਲਕੀਰਾਂ। ਸਤਰਾਂ ਪ੍ਰਤੀ ਪੰਨਾ - 9 ਹਨ।
ਆਮ ਵੇਰਵਾ : ਜਿਲਦ ਉਖੜੀ ਹੋਈ ਹੋਣ ਕਾਰਨ, ਪਹਿਲੇ ਪੱਤਰੇ ਵੀ ਉਖੜੇ ਹੋਏ ਹਨ। ਕਈ ਪੱਤਰਿਆਂ ਉਪਰ ਹਾਸ਼ੀਏ ਤੋਂ ਬਾਹਰ ਵੀ ਲਿਖਾਈ ਕੀਤੀ ਹੋਈ ਹੈ ।ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ ।ਕਈ ਪੱਤਰਿਆਂ ਦਾ ਹਾਸ਼ੀਆ,ਕਾਲੀ ਅਤੇ ਲਾਲ ਸਿਆਹੀ ਨਾਲ ਬਣਾਇਆ ਹੋਇਆ ਹੈ ।
ਆਰੰਭ : ੧ੴ ਸਤਿਗੁਰ ਪ੍ਰਸਾਦਿ ਅਥ ਬਬੇਕ ਮਾਲਾ ਸੰਤ ਹਰੀ ਰਾਂਮ ਕ੍ਰਿਤ ॥ ਪਾਰ ਬ੍ਰਹਮੁ ਕੋ ਨਮੋ॥ ਸੰਤਨ ਕੋ ਨਮੋ ॥ ਗੁਰ ਕੌ ਨਮਸਕਾਰ । ਜਗਿਆਸੀ ਕੀ ਭਾਵਨਾ ਕਹੀ ਹੈ ॥ ਉਦਾਸ ਰਹਿਣਾ ਭਗਾਤਾਂ ਬਿਰਕਤਾਂ ਤਾਂ ਸੰਤਾਂ ਕੀ ਚਾਹ ਕਰਨੀ ॥
ਅੰਤ : "ਇਤ ਸਰਗੁਣ ਭਗਤ ਕਰ ਕਾਲ ਕਾ ਗੰਮੁ ਦੂਰ ਨਹੀ ਹੋਤ ॥ ਨਿਰਗੁਣ ਭਗਤ ਕੀਏ ਤੇ ਕਾਲ ਕਾ ਗੰਮ ਦੂਰ ਹੋਤਾ ॥ ਤਾਂਤੇ ਨਿਰਗੁਣ ਭਗਤ ਭਲੀ ਹੈ ਭਲੀ ਹੈ ਜੀ ॥ ਇਤ ਸ੍ਰੀ ਬਬੇਕ ਮਾਲਾ ਸੰਪੂਰਨੰ ॥ ਸੁਭ ਮਸਤ ਨਮਸਤੇ ॥ ਨਮਸਕਾਰਾਇ ਨਮੋ ਨਮਹ ॥" ॥ ॥ ॥

ਹੱਥ ਲਿਖਤ ਨੰ : MS 920 ਅ
ਸਿਰਲੇਖ : ਅਉਧੂਤ ਗੀਤਾ
ਲੇਖਕ : ਦਿਆਲ ਅਨੇਮੀ
ਪੱਤਰੇ : 82 ਉ- 85 ਅ
ਆਕਾਰ : 16.5 X 10.5 ਸ.ਮ. ਲਿਖਤ : 12 X 8 ਸ.ਮ.
ਵੇਰਵਾ : ਓਹੀ । ਕਾਲੀ ਕਾਨੀ ਨਾਲ ਦੋਵੇਂ ਪਾਸੇ ਇਕ ਇਕ ਕਾਲੀ ਲਕੀਰ। ਸਤਰਾਂ ਪ੍ਰਤੀ ਪੰਨਾ-8 ਹਨ।
ਆਮ ਵੇਰਵਾ : ਪੋਥੀ ਦੀ ਹਾਲਤ ਠੀਕ ਠੀਕ ,ਲਿਖਾਈ ਸੁੰਦਰ ।ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ ।
ਆਰੰਭ : ੧ੴ ਸਤਿਗੁਰ ਪ੍ਰਸਾਦਿ ॥ ॥ ਅਥ ਅਉਧੂਤ ਗੀਤਾ ਬਰਨੰਨ ॥ ਔਧੂ ਨਾ ਮੈ ਰਾਗੀ ਨਾ ਬੈਰਾਗੀ ਨਹੀਂ ਬੰਧਾ ਨਹੀ ਮੁਕਤਾ ਰੇ ॥ ਨਾ ਮੈ ਮਰੋ ਨ ਜਨਮੋ ਕਬਹੂੰ ਨਹੀ ਜੋਗੀ ਨਹੀ ਜੁਗਤਾ ਰੇ॥ ੧॥ ਏਕ ਅਨੇਕ ਕੋਨ ਕੋ ਨਹੀ ਕਹੀਏ ਕੋ ਭੁਗਤਾ ਕੋ ਭੋਗੀ ਰੇ ॥
ਅੰਤ : "ਦਿਆਲ ਅਨੇਮੀ ਨੇਮ ਹੈਰਾਨੀ ਅਤ ਬਿਸਮਾਦ ਕਹਾ ਕੋਹੰ ॥ ਆਪੇ ਆਪ ਸਦਾ ਜਿਉ ਕਾ ਤਿਉ ਨਹੀ । ਸਿਮਰਨ ਸੋਈ ਸੋਹੰ ॥ ਔਧੂਤ ਗੀਤਾ ਸੰਪੂਰਨੰ ॥ ਸਮਾਪਤੰ॥ ॥ ਸੁਭ ਮਸਤ ॥" ॥

ਹੱਥ ਲਿਖਤ ਨੰ : MS 920 ਏ
ਸਿਰਲੇਖ : ਸ੍ਰੀ ਵਿਦੇਹ ਮੁਕਤ
ਪੱਤਰੇ : 86 ਉ- 94
ਆਕਾਰ : 16.5 X 10.5 ਸ.ਮ. ਲਿਖਤ : 12 X 8 ਸ.ਮ.
ਵੇਰਵਾ : ਓਹੀ ।ਸਤਰਾਂ ਪ੍ਰਤੀ ਪੰਨਾ - 8 ਹਨ।

ਆਮ ਵੇਰਵਾ : ਪੋਥੀ ਦੇ ਇਸ ਭਾਗ ਦੀ ਰਚਨਾ ਦੇ ਸ਼ੁਰੂ ਵਿਚ ਡੀਜਾਈਨ ਬਣਾਇਆ ਹੋਇਆ ਹੈ । ਲਿਖਾਈ ਸੁੰਦਰ ਪੜ੍ਹਨ ਯੋਗ । ਪੋਥੀ ਦੀ ਹਾਲਤ ਠੀਕ ਠੀਕ ।

ਆਰੰਭ : ੧ੴ ॥ ਸਤਿਗੁਰ ਪ੍ਰਸਾਦਿ ॥ ॥ ਓ ਅੰ ਸ੍ਰੀਸਤ ਸ੍ਰੀ ਗਣੁਸਾਯਨਮਹਾ ॥ ਰਾਂਮੋਵਾਚ ॥ ਹੇ ਭਗਵਾਨ ਜੀਵਨ ਮੁਕਤ ਕਾ ਪ੍ਰਵਾਰ ਕੌਂਨ ਹੈ । ਸਰੂਪ ਕਿਆ ਹੈ ਅਰ ਉਨ ਕਾ ਅਚਾਰ ਕਿਆ ਹੈ । ਸੰਖੇਪ ਤੇ ਸਭ ਕਹੋ ॥ ਵਸਿਸਟੋ ਵਾਚ ॥ ਹੇ ਰਾਂਮ ਜੀ ਇਸਨਾਂਨ ਧਯਾਨ ਤਪ ਦਾਨ ਇਹ ਚਾਰੋ ਉਸ ਕੇ ਬੇਟੇ ਹੈ ॥

ਅੰਤ : ਇਤ ਸ੍ਰੀ ਵਿਦੇਹ ਮੁਕਤ ਵਰਨਨੰ ਨਾਂਮ ਸਰਗਹ ॥ ਦੋਹਰਾ ॥ ਨਮਸਕਾਰ ਸਤਿਗੁਰ ਤੁਮੇ ਤੁਮ ਹੀ ਪੁਰਾਤਨ ਦੇਵ ॥ ਤੁਮਰੀ ਕ੍ਰਿਪਾ ਬਿਲਾਸ ਤੇ ਪਾਇਓ ਸਗਲਾ ਭੇਵਾ ॥ ॥ ॥

ਹੱਥ ਲਿਖਤ ਨੰ : MS 921

ਸਿਰਲੇਖ : ਬਿਸ੍ਨੂ ਪੁਰਾਨ ਭਾਖਾ

ਪੱਤਰੇ : 1 ੳ - 277

ਆਕਾਰ : 19 X 12.5 ਸ.ਮ. ਲਿਖਤ : 12 X 10 ਸ.ਮ.

ਵੇਰਵਾ : ਜਿਲਦ ਗੱਤਾ ਕਪੜਾ, ਸਿਆਹੀ ਕਾਲੀ; ਵਖਰੇਵੇਂ ਲਈ ਲਾਲ ; ਹਾਸ਼ੀਆ ਦੋਵੇਂ ਪਾਸੇ ਦੋ ਦੋ ਕਾਲੀਆਂ ਲਕੀਰਾਂ ।ਸਤਰਾਂ ਪ੍ਰਤੀ ਪੰਨਾ - 11 ਹਨ।

ਆਮ ਵੇਰਵਾ : ਜਿਲਦ ਬਾਅਦ ਵਿਚ ਬੰਨ੍ਹੀ ਹੋਈ; ਪੋਥੀ ਪਾਣੀ ਨਾਲ ਭਿੱਜੀ ਹੋਈ ਹੈ ਅਤੇ ਕਈ ਪੱਤਰਿਆਂ ਉਪਰ ਲਿਖਾਈ ਵੀ ਅਸਪਸ਼ਟ, ਧੱਬਿਆਂ ਵਾਲੀ ਹੈ ਜੋ ਪੜ੍ਹਨ ਵਿਚ ਮੁਸ਼ਕਲ ਆਉਂਦੀ ਹੈ। ਕਈ ਪੱਤਰਿਆਂ ਉਪਰ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ । ਪਰ ਆਮ ਕਰਕੇ ਲਿਖਾਈ ਤੇ ਪੋਥੀ ਦੀ ਹਾਲਤ ਠੀਕ ਠੀਕ ਹੈ ।

ਆਰੰਭ : ੧ੴ ਸਤਿਚਿਤ ਆਨੰਦ ਪਰਮਾਤਮਾਇ ਨਮਹ ॥ ਅਥ ਬਿਸ੍ਨੂ ਪੁਰਾਨ ਭਾਖਾ ਲਿਖਤੇ ॥ ਪਰਾਸਰੋ ਵਾਚ ॥ ਪਰਾਸੁਰ ਮੈਤ੍ਰੇ ਕਉ ਕਹੇ ਹੈ ॥ ਕਿ ਹੇ ਮੈਤ੍ਰੇ ਯਹਿ ਜੋ ਤੁਝੇ ਉਪਦੇਸ ਕਰੋ ਹੋ ॥ ਸੋ ਅੰਮ੍ਰਿਤ ਸਮਾਨ ਹੈ ॥"

ਅੰਤ : ਆਤਮ ਦ੍ਰਸੀ ਜਬਜ ਨਹਿ ਸਰਬ ਬਚਨ ਬੁਧ ਕੇ ਸ੍ਰਵਣ ਕਰ ਸੁਣੇ ਅਰ ਆਪ ਕੋ ਦੇਖਾ ਅਰ ਪਛਾਣਾ ਆਤਮ ਵਿਖੇ ਲੀਨ ਭਇਆ ॥ ਅਰ ਸਰੂਪ ਸੋ ਮਿਲਾ ਅਰ ਬੰਧ ਮੁਕਤਿ ਕੇ ਭੈ ਤੇ ਨਿਰਭੈ ਭਯਾ ॥੨॥ ਇਤਿ ਸ੍ਰੀ ਪੋਥੀ ਬਿਸ੍ਨੂ ਬੇਦਾਂਤ ਸੰਪੂਰਨੰ ॥ ॥ ॥

ਹੱਥ ਲਿਖਤ ਨੰ : MS 922 ਸੰਗ੍ਰਹਿ

ਸਿਰਲੇਖ : ਮੰਤ੍ਰ ਬਾਬੇ ਨਾਨਕ ਜੀ ਕਾ

ਪੱਤਰੇ : 1 ੳ - 5 ਅ

ਆਕਾਰ : 17 X 10 ਸ.ਮ. ਲਿਖਤ : 12 X 7 ਸ.ਮ.

ਵੇਰਵਾ : ਜਿਲਦ ਗੱਤਾ, ਬਾਅਦ ਵਿਚ ਬੰਨੀ ਹੋਈ; ਸਿਆਹੀ ਕਾਲੀ; ਵਖਰੇਵੇਂ ਲਈ ਲਾਲ ; ਹਾਸ਼ੀਆ ਦੋਵੇਂ ਪਾਸੇ ਦੋ ਦੋ ਲਾਲ ਲਕੀਰਾਂ ਨਾਲ ।ਸਤਰਾਂ ਪ੍ਰਤੀ ਪੰਨਾ - 7 ਹਨ।

ਆਮ ਵੇਰਵਾ : ਪੱਤਰੇ ਖਸਤਾ ਹਾਲਤ ਵਿਚ ਹਨ; ਲਿਖਾਈ ਵੀ ਬਹੁਤੀ ਚੰਗੀ ਨਹੀਂ ਹੈ। ਕਈ ਪੱਤਰਿਆਂ ਉਪਰ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ ਅਤੇ ਲਿਖਤ ਵੀ ਕਈ ਪੱਤਰਿਆਂ ਉਪਰ ਧੱਬਿਆਂ ਵਾਲੀ ਹੈ । ਪੋਥੀ ਦੀ ਹਾਲਤ ਠੀਕ ਠੀਕ ।

ਆਰੰਭ : "੧ੴ ਸਤਿਗੁਰ ਪ੍ਰਸਾਦਿ ॥ ਸਤਿਨਾਮੁ ਕਰਤਾ ਪੁਰਖ ਨਿਰਭਉ ਨਿਰਵੈਰ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ ਜਪੁ ॥ ਮੰਤ੍ਰ ਬਾਬੇ ਨਾਨਕੁ ਜੀ ਕਾ ਰਖਿਯਾ ਕੋ ਤ੍ਰਿਹੁ ਵਾਰੀ ਪੜਨਾ॥ ਆਪਿ ਤੇਜ ਵਾਇ ਪ੍ਰਿਥਵੀ ਆਕਾਸ ਹੈ ॥ ਉਤਪਤਿ ਪ੍ਰਲੋ ਹੈ ਇਕ ਲੱਖ ਅਸੀ ਹਜ਼ਾਰ

ਭੂਤ ਇਸ ਕੇ ਮਨ ਅੰਦਰ ਵਸਦਾ ਹੈ ॥ ਇਸ ਕੀ ਉਤਪਤਿ ਪਵਨ ਹੈ ॥ ਇਸ ਕਾ ਬਲ ਇਹੁ ਹੈ॥ ਬਾਧੋ ਸੁਰਤ ਮਨ ਚਿਤ ਲਾਇ ॥ ਤ੍ਰੈ ਲੋਇ ਬਾਂਧੋ ਮਨ ਚਿਤ ਲਾਇ ॥ ਰਾਜਾ ਪਰਜਾ ਬਾਧੋ ਮਨ ਚਿਤ ਲਾਇ॥ ਨਾਨਕੁ ਪੜਿਆ ਪਦ ਨਿਰਬਾਨ ॥"

ਅੰਤ : ਮੀਰ ਮੁਹੱਈਦੀਨ ਕੀ ਭਾਂਗ ਬਾਂਧੋ ॥ ਆਉ ਆਉ ਸਤਾਰੀ ॥ ਜਾਉ ਜਾਉ ਨਿਹਾਰੀ ਕਾਂਮ ਜੋ ਸਾਹਿਬ ਕਰੈ ॥ ਇਹ ਰੱਖਯਾ ਸ੍ਰੀ ਗੁਰੂ ਬਾਬੇ ਨਾਨਕੁ ਜੀ ਕੀ ਸਦਾ ਸਹਾਇਤਾ ਕਰੇ ॥੧॥੨॥ ਮੰਤ੍ਰ ਬਾਬੇ ਨਾਨਕੁ ਜੀ ਕੀ ਸੰਪੂਰਨੰ ॥

ਇਸ ਮੰਤ੍ਰ ਤੋਂ ਅੱਗੇ, ਇਕ ਹੋਰ ਜੰਤ੍ਰ ਦਾ ਵਿਧਿ ਵਿਹਾਰ ਲਿਖਿਆ ਹੋਇਆ ਹੈ ਅਤੇ ਨਾਲ ਹੀ ਖਾਕਾ ਬਣਾ ਕੇ ਉਸ ਵਿਚ ਜੰਤ੍ਰ ਬਾਰੇ ਲਿਖਕੇ ਬਾਅਦ ਵਿਚ ਕਟਿਆ ਹੋਇਆ ਹੈ । ਅਖੀਰ ਵਿਚ ਜੰਤ੍ਰ ਬਾਰੇ ਵਿਧੀ ਪੁਰਵਕ ਲਿਖਿਆ ਹੋਇਆ ਹੈ ॥ ॥ ॥ ॥

ਹੱਥ ਲਿਖਤ ਨੰ : MS 922 ਅ
ਸਿਰਲੇਖ : ਬੋਲਣਾ ਅਮਰਦਾਸ ਜੀ ਕਾ
ਪੱਤਰੇ : 6 ਉ- 8 ਉ
ਆਕਾਰ : 17 X 10 ਸ.ਮ. ਲਿਖਤ : 12 X 7ਸ.ਮ.
ਵੇਰਵਾ : ਓਹੀ ।ਸਤਰਾਂ ਪ੍ਰਤੀ ਪੰਨਾ - 7 ਹਨ।
ਆਮ ਵੇਰਵਾ : ਪੋਥੀ ਦੇ ਇਸ ਭਾਗ ਦੀ ਰਚਨਾ ਦੀ ਲਿਖਾਈ ਚੰਗੀ ਅਤੇ ਪੋਥੀ ਦੀ ਹਾਲਤ ਠੀਕ ਠੀਕ ।
ਆਰੰਭ : ਵਾਹਿਗੁਰੂ ਜੀ ● ੧ੴ ਸਤਿਗੁਰ ਪ੍ਰਸਾਦਿ ॥ ਸ੍ਰੀ ਗੁਰੂ ਅਮਰਦਾਸ ਜੀ ਕਾ ਬੋਲਣਾ ॥ ਜੇ ਕਿਸੇ ਐਤਵਾਰ ਜਾਣਾ ਹੋਵੈ ਤਾਂ ਪਾਨ ਖਾਇ ਜਾਇ ॥ ਜੇ ਕਿਸੇ ਸੋਮਵਾਰ ਜਾਣਾ ਹੋਵੈ ਤਾਂ ਦਰਪੁਨੁ ਦੇਖ ਜਾਇ ॥
ਅੰਤ : ਬਚਨ ਗੁਰੂ ਅਮਰਦਾਸ ਜੀ ਕਾ ॥ ਸਤ ਕਰ ਮੰਨਣਾ ਸਰਬ ਰੋਗ ॥ ਔਖਤ ਨਾਮ ਸ਼ਬਦ ਉਪ੍ਰ. ਪ੍ਰਤੀਤ ਰਖੇ ਤੇਰੀ ਸਰਣਾ ॥

ਹੱਥ ਲਿਖਤ ਨੰ : MS 922 ਏ
ਸਿਰਲੇਖ : ਕਬਿਤ ਭਾਈ ਗੁਰਦਾਸ ਜੀ ਕਾ
ਪੱਤਰੇ : 8 ਉ- 9 ਉ
ਆਕਾਰ : 17 X 10 ਸ.ਮ. ਲਿਖਤ : 12 X 7 ਸ.ਮ.
ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ - 7 ਹਨ।
ਆਮ ਵੇਰਵਾ : ਲਿਖਾਈ ਧਬਿਆਂ ਵਾਲੀ ਹੈ ਪਰ ਪੜ੍ਹਨ ਯੋਗ । ਪੋਥੀ ਦੀ ਹਾਲਤ ਠੀਕ ਠੀਕ ।
ਆਰੰਭ : ੧ੴ ਸਤਿਗੁਰ ਪ੍ਰਸਾਦਿ ॥ ਕਬਿੱਤ ॥ ਭਾਈ ਗੁਰਦਾਸ ਜੀ ਕਾ ॥ ਸ੍ਰੀ ਰਾਗੁ ਸਿਰਮੋਰ ਮਾਝ ਮਤਵਾਰੀ ਕਈ ਗਉੜੀ ਗੁਰਬਿ ਛਾਡਿਓ ਆਸਾ ਆਸਵੰਤ ਹੈ ॥ ਗੁਜਰੀ ਗਉਰਤ ਕੀਓ ਦੇਵ ਗੰਧਾਰੀ ਦਾਨਵ ਵਿਹਾਗੜੇ ਕਉ ਬ੍ਰਿਉ ਵਡਹੰਸ ਹੇ ਬਡਹੰਸ ਹੈ ॥
ਅੰਤ : ਬਾਸੰਤੀ ਬਸਤ ਪਾਈ ਸਾਂਰੰਗੁ ਕਉ ਸਾਂਤਿ ਆਈ ਸੀਤਲ ਮਲਾਰ ਰਾਗ ਬਰਖਾ ਬਰਖੰਤ ਹੈ ॥ ਕਾਨੜਾ ਜੁ ਸੁਨਿਓ ਕਾਂਨ ਤੱਾਹੀ ਤੇ ਭਈ ਕਲਿਆਨ ਪ੍ਰਭਾਤੀ ਪ੍ਰਭਾਤ ਭਈ ਪ੍ਰਜਮਾਲ ਮਾਲ ਕਉਸ ਹੈ ॥੧॥

ਹੱਥ ਲਿਖਤ ਨੰ : MS 922 ਸ
ਸਿਰਲੇਖ : ਮੰਤ੍ਰ ਅਠੂਹੇ ਦਾ
ਪੱਤਰੇ : 9 ਅ - 10 ਅ

ਆਕਾਰ : 17 X 10 ਸ.ਮ. ਲਿਖਤ : 12 X 7 ਸ.ਮ.
ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ – 7 ਹਨ।
ਆਮ ਵੇਰਵਾ : ਕਾਨੀ ਬਦਲੀ ਹੋਈ ਅਤੇ ਪੱਤਰੇ ਖਸਤਾ ਹਾਲਤ ਵਿਚ ਹਨ ਪੋਥੀ ਦੀ ਹਾਲਤ ਠੀਕ ਠੀਕ । ਲਿਖਾਈ ਧਬਿਆਂ ਵਾਲੀ ਪਰ ਪੜ੍ਹੀ ਜਾਂਦੀ ਹੈ ।
ਆਰੰਭ : ੧ੴ ਸਤਿਗੁਰ ਪ੍ਰਸਾਦਿ ॥ ਮੰਤ੍ਰ ਅਠੂਹੇ ਦਾ ॥
ਅੰਤ : ਜੌ ਚਾਹੈ ਤੌ ਗੁਬਿੰਦ ਗੁਨ ਗਾਵ ਰੇ॥ ਭਾਗਿ ਆਜ ਉਚਾ ਹੈ ਤੌ ਭਾਗ ਬੁਰੇ ਕਾਮ ਸਿਉ ਆਵਿਆ ਚਾਹੈ ਤੌ ਰਾਮ ਸਰਨਿ ਆਉ ਰੇ ॥

ਹੱਥ ਲਿਖਤ ਨੰ : MS 922 ਹ
ਸਿਰਲੇਖ : ਭੋਗਲ ਪੁਰਾਣ
ਪੱਤਰੇ : 51 ਅ– 61 ਅ
ਆਕਾਰ : 17 X 10 ਸ.ਮ. ਲਿਖਤ : 12 X 7 ਸ.ਮ.
ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ–7 ਹਨ।
ਆਮ ਵੇਰਵਾ : ਲਿਖਾਈ ਸੁੰਦਰ, ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ ।ਪੋਥੀ ਦੇ ਇਸ ਭਾਗ ਦੀ ਰਚਨਾ ਪੱਤਰਾ ਨੰਬਰ 51-52 ਤੋਂ ਸ਼ੁਰੂ ਕੀਤੀ ਹੈ ਇੰਜ ਮਾਲੂਮ ਹੁੰਦਾ ਹੈ ਕਿ ਇਹ ਹਿਸਾ ਕਿਸੇ ਹੋਰ ਪੋਥੀ ਦਾ ਹੈ ।ਪੋਥੀ ਦੀ ਹਾਲਤ ਠੀਕ ਠੀਕ ਹੈ ।
ਆਰੰਭ : ੧ੴ ਸਤਿਗੁਰ ਪ੍ਰਸਾਦਿ ॥ ਅਥ ਭੋਗਲ ਪੁਰਾਣ ਧਰਤੀ ਅਕਾਸ ਕਾ ਬਿਸਥਾਰ ਲਿੱਖਯਤੇ ॥ ਪਾਤਸਾਹੀ ॥੧॥ ਓਅੰ ਅਗਮਜਾਦਿ ਬਾਇ ਬਿਸਨੁ ਜਦਿ ਸੂਰਜ ਬ੍ਰਹਮੰਡ ਲੀਓ ॥ ਸਤਿ ਉਤਪਤਿ ਉਤਿ ਪੰਨਿਓ ॥ ਬਾਇ ਤੇਜ ਉਤਿ ਪੰਨਿਓ ॥
ਅੰਤ : “ਨਿਰੰਜਨਿ ਪੁਰਖ ਪਰਮਾਤਮਾ ਜੀ ਕਾ ਗੁਹਜ ਅਸਥਾਨ ਅਵਾਜ ਆਵਤਾ ਹੈ ॥ ਇਤਿ ਸ੍ਰੀ ਭੋਗਲ ਪੁਰਾਣ ਸੰਪੂਰਣੰ ਸਮਾਪਤਿ ॥੧॥ ॥ ॥ ॥ ॥ ॥ ॥ ॥ ॥ ॥ ॥ ॥ ॥ ॥ ॥ ॥ ॥

ਹੱਥ ਲਿਖਤ ਨੰ : MS 922 ਕ
ਸਿਰਲੇਖ : ਪੈਂਤੀਸ ਅਖਰੀ
ਪੱਤਰੇ : ਪੱਤਰਾ ਨੰਬਰ ਅੰਕਤ ਨਹੀਂ
ਆਕਾਰ : 17 X 10 ਸ.ਮ. ਲਿਖਤ : 12 X 7 ਸ.ਮ.
ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ – 7 ਹਨ।
ਆਮ ਵੇਰਵਾ : ਇਸ ਭਾਗ ਦੀ ਰਚਨਾ ਤੇ ਪੱਤਰਾ ਨੰਬਰ ਅੰਕਤ ਨਹੀਂ । ਕਾਨੀ ਬਦਲੀ ਹੋਈ ਹੈ । ਲਿਖਾਈ ਸੁੰਦਰ, ਪੋਥੀ ਦੀ ਹਾਲਤ ਠੀਕ ਠੀਕ ਹੈ ।
ਆਰੰਭ : “੧ੴ ਸਤਿਗੁਰ ਪ੍ਰਸਾਦਿ॥ ਪੈਂਤੀਸ ਅਖਰੀ ਸ੍ਰੀ ਮੁਖਵਾਕ ਪਾਤਿਸਾਹੀ ਮਹਲਾ॥੧॥ ਓਅੰਕਾਰ ਸਰਬ ਪ੍ਰਕਾਸੀ ॥”
ਅੰਤ : “ਪਰਸਾਦਿ ਛਕਾਵਣਾ ਬਿਹੰਗਮ ਸਿੰਘਾ ਕਉ ॥ ਢਾਈ ਸੇਰ ਮੈਦਾ ਢਾਈ ਸੇਰ ਦੁਧ ਢਾਈ ਪਾ ਪੱਕੀ ਖੰਡ ਢਾਈ ਪਾ ਪਕਾ ਘ੍ਰਿਤੁ ॥੧॥” ॥ ॥ ॥ ॥

ਹੱਥ ਲਿਖਤ ਨੰ : MS 922 ਖ
ਸਿਰਲੇਖ : ਨਾਮ ਮਾਲਾ

ਪੱਤਰੇ : ਪੱਤਰਾ ਨੰਬਰ ਅੰਕਤ ਨਹੀਂ

ਆਕਾਰ : 17 X 10 ਸ.ਮ. ਲਿਖਤ : 12 X 7 ਸ.ਮ.

ਵੇਰਵਾ : ਓਹੀ। ਸਤਰਾਂ ਪ੍ਰਤੀ ਪੰਨਾ-7 ਹਨ।

ਆਮ ਵੇਰਵਾ : ਲਿਖਾਈ ਸੁੰਦਰ, ਪੋਥੀ ਦੀ ਹਾਲਤ ਠੀਕ ਠੀਕ ਹੈ ।ਰਚਨਾ ਦੇ ਇਸ ਭਾਗ ਦੀ ਕਾਨੀ ਬਦਲੀ ਹੋਈ ਹੈ ।

ਆਰੰਭ : "ੴ ਸਤਿਗੁਰ ਪ੍ਰਸਾਦਿ ॥੧॥ ਨਾਮ ਮਾਲਾ ਲਿਖਯਤੇ ॥ ਦੋਹਰਾ ਤਨਮਾਮ ਪ੍ਰ ਪ੍ਰਮ ਗੁਰ ਕ੍ਰਿਸਨ ਕਮਲ ਦਲ ਨੈਨ॥"

ਅੰਤ : " ਦੋਹਰਾ । ਸਲੋਕ ਸਮੀਪਸਾ ਸਾਰੂ ਪਯਾਜੂ, ਮੁਕਤ ਜੇ ਚਾਰ ਪ੍ਰਕਾਰ ਕੀ ਨਹਿ ਪਾਯੁ ਤਨਿ ਨ ਜੋਗ ਤੇ ਬ੍ਰਿਖਭਾਨ ਕੀ ਪੋਰਸ ਸ੍ਰੂਕ ਪਾਵਹਿ ਪ੍ਰਾਮ ਲੋਗ ਅਰਥ ਜਾ ਕੇ ਨਾਮ ॥

ਇਸ ਤੋਂ ਬਾਅਦ ਕਾਨੀ ਬਦਲ ਕੇ ਕੁਝ ਮਾਤ੍ਰਾ ਵੀ ਦਿਤੀਆਂ ਹੋਈਆਂ, ਜਿੰਨਾ ਵਿਚੋਂ ਮਾਤ੍ਰਾਂ, ਚਰਪਟ ਨਾਥ ਜੀ ਕਾ, ਮਾਤ੍ਰਾਂ ਬਾਬੇ ਸਿਰੀ ਚੰਦ ਜੀ ਕੀ ਦਿਤੀ ਹੋਈ ਹੈ ॥ ਅੰਗਦ ਜੀ ਨੈ ਉਸਤਤਿ ਕਰੀ , ਗੁਰੂ ਨਾਨਕ ਜੀ ਕੇ ਅਸਤੋਤਰ ੬।

ਹੱਥ ਲਿਖਤ ਨੰ : MS 923

ਸਿਰਲੇਖ : ਪਰਚੀਆਂ ਪਾਤਸਾਹੀ 10

ਲੇਖਕ : ਸੇਵਾ ਦਾਸ ਉਦਾਸੀ

ਪੱਤਰੇ : 1 ਉ - ਅੱਗੇ ਪੱਤਰਾ ਨੰਬਰ ਤਰਤੀਬਵਾਰ ਨਹੀਂ ਹਨ

ਆਕਾਰ : 16 X 11 ਸ.ਮ. ਲਿਖਤ : 11 X 7 ਸ.ਮ.

ਵੇਰਵਾ : ਜਿਲਦ ਗੱਤਾ ਚਮੜਾ ਉਖੜੀ ਹੋਈ ਅਤੇ ਪੱਤਰੇ ਵੀ ਉਖੜੇ ਹੋਏ ਹਨ, ਸਿਆਹੀ ਕਾਲੀ; ਹਾਸ਼ੀਆ ਦੋਵੇਂ ਪਾਸੇ ਦੋ ਦੋ ਲਾਲ ਲਕੀਰਾਂ ਵਿਚਕਾਰ ਕਾਲੀ ਲਕੀਰ । ਸਤਰਾਂ ਪ੍ਰਤੀ ਪੰਨਾ-8 ਹਨ।

ਆਮ ਵੇਰਵਾ : ਪੋਥੀ ਦੀ ਹਾਲਤ ਮਾੜੀ, ਬਹੁਤੀ ਵਧੀਆ ਨਹੀਂ ਹੈ । ਪੱਤਰੇ ਖਸਤਾ ਹਾਲਤ ਵਿਚ, ਅਤੇ ਪਾਸਿਆਂ ਤੋਂ ਕਿਰਮ ਖੁਰਦਾ ਹਨ । ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ । ਅਤੇ ਲਿਖਾਈ ਹਾਸ਼ੀਏ ਤੋਂ ਬਾਹਰ ਵੀ ਕੀਤੀ ਹੋਈ ਹੈ । ਪੱਤਰਾ ਨੰਬਰ ਤਰਤੀਬਵਾਰ ਨਹੀਂ ਹਨ । ਤਕਰੀਬਨ ਸੌ (100) ਪੱਤਰੇ ਤੋਂ ਬਾਅਦ ਪੱਤਰਾ ਨੰਬਰ ਅੰਕਿਤ ਨਹੀਂ ਕੀਤੇ ਹੋਏ । ਲਿਖਾਈ ਵੀ ਬਹੁਤੀ ਸਾਫ ਨਹੀਂ ਹੈ ।

ਆਰੰਭ : ੴ ਸਤਿਗੁਰ ਪ੍ਰਸਾਦਿ ॥ ਅਥ ਪਰਚੀ ਪਾਤਿਸਾਹੀ ਦਸਵੀਂ ਕੀ ॥ ਮਹਲਾ ॥੧●॥ ਪ੍ਰਿਥਮੇ ਦਸਾ ਮਹਲਾ ਦੇ ਨਾਮ ਲੀਖੇ ॥ ਫੇਰਿ ਦਸਾ ਮਹਲਾ ਕੀ ਉਸਤਤਿ ਕੇ ਸਲੋਕ ਲੀਖੇ ਫੇਰਿ ਦਸਾ ਮਹਲਾ ਕੀਆਂ ਸਾਖੀਆਂ ਲਿਖੀਆਂ ॥ ਪ੍ਰਿਥਮੇ ਨਾਮ ਇਹਿ ਲਿਖੇ ॥ ਗੁਰੂ ਨਾਨਕ ਜੀ ॥੧॥ ਗੁਰੂ ਅੰਗਦ ਜੀ ॥੨॥ ਗੁਰੂ ਅਮਰ ਦਾਸ ਜੀ ॥੩॥ ਗੁਰੂ ਰਾਮਦਾਸ ਜੀ ॥ ੪॥ ਗੁਰੂ ਅਰਜਨ ਜੀ ॥੫॥ ਗੁਰੂ ਸਿਰੀ ਹਰਿ ਗੁਵਿੰਦ ਜੀ ॥੬॥ ਗੁਰੂ ਹਰਿ ਰਾਇ ਜੀ ॥੭॥ ਗੁਰੂ ਹਰਿ ਕ੍ਰਿਸਨ ਜੀ ॥੮॥ ਗੁਰੂ ਤੇਗ ਬਹਾਦਰ ਜੀ ॥੯॥ ਗੁਰੂ ਗੋਬਿੰਦ ਸਿੰਘ ਜੀ ॥੧●॥

ਅੰਤ : ਜਥਾ ਸਕਤ ਹੋਵੈ ਹੁਕਮੁ ਹੋਆ ਚੌਕਾ ਗੋਹੇ ਕਾ ਘਰ ਅਰੁ ਰੋਟਿ ਨਾਹੀ ਪਾਕਾਵਣਾ ॥ ਚੌਕਾ ਮਿਟੀ ਕਾ ਪਾਵਣਾ ॥ ਗੋਹੇ ਨਾਲਿ ਰੋਟੀ ਪਕਾਵਣੀ ਨਾਹੀ ॥ ਵਾਹਗੁਰੂ ਜੀ ਕੇ ਖਾਲਿਸੇ ਜੀ ਕੀ ਫਤੇ ਹੈ ॥

ਹੱਥ ਲਿਖਤ ਨੰ : MS 924 ਸੰਗ੍ਰਹਿ

ਸਿਰਲੇਖ : ਆਦਿ ਬੀਜੁ ਮੰਤ੍ਰ ਜਪੁ ਦਾ

ਪੱਤਰੇ : 1 ਉ - 170 ਉ

ਆਕਾਰ : 16 X 9 ਸ.ਮ. ਲਿਖਤ : 9 X 11 ਸ.ਮ.

ਵੇਰਵਾ : ਜਿਲਦ ਗੱਤਾ, ਕਪੜਾ, ਸਿਆਹੀ ਕਾਲੀ, ਵਖਰੇਵੇਂ ਲਈ ਲਾਲ; ਹਾਸ਼ੀਆ ਦੋਵੇਂ ਪਾਸੇ ਦੋ ਦੋ ਲਾਲ ਲਕੀਰਾਂ । ਸਤਰਾਂ ਪ੍ਰਤੀ ਪੰਨਾ-6 ਹਨ।

ਆਮ ਵੇਰਵਾ : ਪੋਥੀ ਦੀ ਹਾਲਤ ਬਹੁਤੀ ਚੰਗੀ ਨਹੀਂ ਹੈ । ਪੱਤਰੇ ਖਸਤਾ ਹਾਲਤ ਵਿਚ ਅਤੇ ਕਿਰਮ ਖੁਰਦਾ ਹਨ। ਲਿਖਾਈ ਵੀ ਧੱਬਿਆਂ ਵਾਲੀ ਹੈ ਪਰ ਪੜ੍ਹਨ ਯੋਗ ਹੈ । ਰਚਨਾ ਪੱਤਰਾ ਨੰਬਰ 14 ਤੋਂ ਸ਼ੁਰੂ ਹੋਈ ਲਗਦੀ ਹੈ ਜਿਸ ਦੀ ਕੋਈ ਤਰਤੀਬ ਨਹੀਂ ਹੈ । ਪਹਿਲਾਂ ਕੁਝ ਹੋਰ ਲਿਖਿਆ ਹੋਇਆ ਹੈ।

ਆਰੰਭ : "ਸਲੋਕ ਆਦਿ ਬੀਜ ਮੰਤ੍ਰ ਜਪ ਦਾ ਹੈ । ਆਦਿ ਬੀਜ ਮੰਤ੍ਰ ਜਪੁ ॥ ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥"

ਅੰਤ : "ਈਹਾ ਸੁਖੀ ਆਗੈ ਮੁਕਤਾ ਹੋਇ ॥ ਬੋਲਹੁ ਭਾਈ ਵਾਹ ਗੁਰੂ ਧੰਨ ਗੁਰੂ ਸਤਿ ਗੁਰੂ ਵਾਹਗੁਰੂ ਨਿਰੰਕਾਰ ਅਵਨਾਸੀ ਜਿਸ ਕੈ ਪ੍ਰਸਾਦਿ ਨਾਮੁ ਚਿਤਿ ਆਵੈ ਸੋ ਧੰਨ ਗੁਰੂ ਬਾਬਾ ਨਾਨਕ ਜੀ ॥"

ਹੱਥ ਲਿਖਤ ਨੰ : MS 924 ਅ

ਸਿਰਲੇਖ : ਗੋਸਟ ਗੁਰੂ ਬਾਬੇ ਨਾਨਕ ਜੀ ਕੀ ਸਿਧਾਂ ਨਾਲ

ਸਮਾਂ : ਸੰਮਤ 1802

ਪੱਤਰੇ : 170 ਅ - 236 ਅ

ਆਕਾਰ : 16 X 9 ਸ.ਮ. ਲਿਖਤ : 9 X 11 ਸ.ਮ.

ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ - 6 ਹਨ।

ਆਮ ਵੇਰਵਾ : ਰਚਨਾ ਦੇ ਇਸ ਭਾਗ ਵਿਚ ਪੱਤਰੇ ਇਕ ਪਾਸੇ ਤੋਂ ਖਾਧੇ ਹੋਏ ਹਨ ਅਤੇ ਲਿਖਤ ਵੀ ਫਟੀ ਹੋਈ ਹੈ । ਲਿਖਾਈ ਧੱਬਿਆਂ ਵਾਲੀ ਬਹੁਤ ਸਾਫ ਨਹੀਂ ਅਤੇ ਪੜ੍ਹੀ ਵੀ ਨਹੀਂ ਜਾਂਦੀ ॥

ਆਰੰਭ : "ੴ ਸਤਿਗੁਰ ਪ੍ਰਸਾਦਿ ॥ ਗੋਸਟ ਗੁਰੂ ਬਾਬੇ ਨਾਨਕ ਕੀ ॥ ਇਕੰਤ ਕੇ ਸਮੈ ਬੈਠਾ ਕੇ ਕੀਤੀ॥"

ਅੰਤ : "ਭਾਈ ਲੈ ਬੈਰਾਗ ਸਭ ਧਰਨਿ ਭਵਅੰ ॥ ਬਦਤ ਗੋਰਖੁ ਸੁਨਹੁ ਦਾਨੀ ਜੁੜੀ ਨ ਫਿਰਿਈ ਕਿਆ ਭੈਈ ਇਆਨੀ ਆਸਾ ਤਪਮ ਦੁਖਿਅੰ ॥ ਨਿਰਾ ਆਸਾਤਾ ਸਰਬ ਸੁਖਿਅੰ ॥ ਆਸ ਨਿਰਾਸਾ ਹੈ ਭੂਤਵਾ॥ ਸੁਖ ਸਾਵੰਤੀ ਹੋ ਰਾਨੀ ਪਿਗੁਲਾ ॥੨੯॥੩੪੭॥੩॥ਜੀਵਤਿ ਮਿਰਿਤਕਿ ਹੋਇ ਰਹਿਇਆ ਜਨੁ ਕਰਿ ਬਿਬਿਲਾਏ ਸਨਾਨੁ ਬਦਤ ਗੋਰਖ ਸੁਨਿ ਮੈਨਾਵੰਤੀ ਤੇਰਾ ਆਸਾ ਥਿਰੁ ਭੈਆ ਰਾਜਾਨ ॥੪॥ ਭੁਲਿਆ ਚੁਕਿਆ ਨੂੰ ਬਖਸ ਲੈਣਾ ਸੁਧਿ ਪੜਨੀ ਸਮਤੁ ॥ ੧੮●੨ ਮਾਘ ਸੁਦੀ ੧੫ ਲਿਖੰਤੁਟੇ ਕਾਵਿ ਰਾਮੁਣ ਪਾਰਛਿਾ ॥ = ॥ = ॥ "

ਹੱਥ ਲਿਖਤ ਨੰ : MS 925

ਸਿਰਲੇਖ : ਕਲਗੀਧਰ ਪਰਬੰਧ

ਲੇਖਕ : ਸੰਤੋਖ ਸਿੰਘ, ਭਾਈ

ਲਿਖਾਰੀ : ਨੰਦ ਸਿੰਘ

ਸਮਾਂ : ਸੰਮਤ ਬਿਕ੍ਰਮੀ 1945

ਸਥਾਨ : ਹਾਂਸ

ਪੱਤਰੇ : 1 ੳ - 653 ੳ

ਆਕਾਰ : 36 X 32 ਸ.ਮ. ਲਿਖਤ : 25X 22 ਸ.ਮ.

ਵੇਰਵਾ : ਜਿਲਦ ਗੱਤਾ ਕਪੜਾ, ਸਿਆਹੀ ਕਾਲੀ; ਵਖਰੇਵੇਂ ਲਈ ਲਾਲ। ਹਾਸ਼ੀਆ ਪਹਿਲੇ ਪੰਨੇ ਉਪਰ ਦੋਹਰਾ ਡੀਜ਼ਾਈਨਦਾਰ ਅਤੇ ਬਾਕੀ ਸਾਰੇ ਗ੍ਰੰਥ ਉਪਰ ਖੜੇ ਰੁਖ ਹਾਸ਼ੀਆ ਦੋ ਦੋ ਕਾਲੀਆਂ ਲਾਲ ਲਕੀਰਾਂ ਅਤੇ ਵਿਚਕਾਰ ਇਕ ਮੋਟੀ ਪੀਲੀ ਲਕੀਰ । ਸਤਰਾਂ ਪ੍ਰਤੀ ਪੰਨਾ – 21 ਹਨ।

ਆਮ ਵੇਰਵਾ : ਲਿਖਾਈ ਸੁੰਦਰ, ਕਿਧਰੇ ਕਿਧਰੇ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ ਅਤੇ ਲਿਖਾਈ ਹਾਸ਼ੀਏ ਤੋਂ ਬਾਹਰ ਵੀ ਕੀਤੀ ਹੋਈ ਹੈ । ਪਹਿਲੇ ਪੱਤਰੇ ਉਪਰ ਡੀਜ਼ਾਈਨ ਬਣਾ ਕੇ ਗ੍ਰੰਥ ਸ਼ੁਰੂ ਕੀਤਾ ਗਿਆ, ਗ੍ਰੰਥ ਦੀ ਹਾਲਤ ਠੀਕ ਠੀਕ ॥

ਆਰੰਭ : ਪੰਚਮੀ ੧ੴਸਤਿਗੁਰ ਪ੍ਰਸਾਦਿ ॥ ਸ੍ਰੀ ਵਾਹਿਗੁਰੂ ਜੀ ਕੀ ਫਤੇ ॥ ਸ੍ਰੀ ਭਗਉਤੀ ਜੀ ਸਹਾਇ॥ ਅਥ ਕਲਗੀਧਰ ਪਰਬੰਧ ਕਥਨੰ ॥ ਦੋਹਰਾ ॥

ਅੰਤ : ਇਤਿ ਸ੍ਰੀ ਗੁਰੂ ਪ੍ਰਤਾਪ ਸੂਰਜ ਗ੍ਰੰਥੇ ਉਤਰ ਅੰਨੇ ਗ੍ਰੰਥ ਸਮਾਪਤਿ ਬਰਨਨੰ ਕਵਿ ਸੰਤੋਖ ਸਿੰਘ ਬਿਚਰਤਾਯਾ ਭਾਖਾਯਾ ਨਾਮ ਖਸਟ ਤ੍ਰਿਸਤੀ ਅੰਸੂ ॥੩੯ ॥ ਸਮਾਪਤੰ ॥ ਹਾਂਸ ਗ੍ਰਾਮ ਮੈ ਰਹਿਤ ਹੈ ਨੰਦ ਸਿੰਘ ਤਿਸਨਾਮ ॥ ਸੰਤਨ ਕੀ ਸੇਵਾ ਕਰੇ ਨਿਸ ਦਿਨ ਆਠੋ ਜਾਂਮ ॥ ਲਿਖਯੋ ਗ੍ਰੰਥ ਸੁਧਾਰ ਕੇ ਬਹੁਤ ਪ੍ਰੀਤ ਕੇ ਸਾਥ ॥੧॥ ਸੰਤ ਦਿਆ ਮੋ ਪਰ ਕਰਹੁ ਜਾਨ ਆਪ ਕਾ ਦਾਸ ॥ ਉਨੀ ਸੈ ਪੰਨਤਾਲੀਆ ਸੰਮਤ ਜਾਨੋ ਏਹਿ ॥ ਹਾੜ ਬਦੀ ਏਕਾਦਸੀ ਤਿਥ ਸੁਜਾ ਕੋ ਤੇਹਿ ॥ ਤਿਸ ਦਿਨ ਲਿਖ ਪੂਰਾ ਲਿਖ ਪੂਰਾ ਕੀਆ ਧਾਰ ਰਿਦੈ ਦ੍ਰਿੜ ਪ੍ਰੀਤਿ ॥ ਮੈ ਸੰਤਨ ਕਾ ਦਾਸ ਹੈ ਤਨਮਨ ਧ੍ਰ ਕਰ ਪ੍ਰੀਤਿ ॥ ੫੪ ॥

ਹੱਥ ਲਿਖਤ ਨੰ : MS 926

ਸਿਰਲੇਖ : ਵੈਰਾਗ ਪ੍ਰਕਰਣ ਸਿਮ੍ਰਿਤੀ ਭਾਖਾ

ਸਮਾਂ : ਸੰਮਤ ਅਠਾਰਹ ਸੈ ਉਨਤਰ ਫਗਣੋ ਦਿਨ ਯਾਰਵੀਂ (1869)

ਪੱਤਰੇ : 1 ੳ – 450 ਅ

ਆਕਾਰ : 34 X 28 ਸ.ਮ. ਲਿਖਤ : 23X 23ਸ.ਮ.

ਵੇਰਵਾ : ਜਿਲਦ ਗੱਤਾ ਕਪੜਾ,ਉਖੜੀ ਹੋਈ ; ਸਿਆਹੀ ਕਾਲੀ; ਹਾਸ਼ੀਆ ਦੋਨੇ ਪਾਸੇ ਦੋ ਦੋ ਕਾਲੀਆਂ ਲਕੀਰਾਂ । ਸਤਰਾਂ ਪ੍ਰਤੀ ਪੰਨਾ – 25 ਹਨ।

ਆਮ ਵੇਰਵਾ : ਜਿਲਦ ਉਖੜੀ ਹੋਈ ਅਤੇ ਪੰਨੇ ਵੀ ਫਟੇ ਹੋਏ ਅਤੇ ਖਸਤਾ ਹਾਲਤ ਵਿਚ ਹਨ। ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ । ਕਈ ਪੱਤਰਿਆਂ ਉਪਰ ਹਾਸ਼ੀਏ ਤੋਂ ਬਾਹਰ ਵੀ ਲਿਖਾਈ ਕੀਤੀ ਹੋਈ ਹੈ । ਲਿਖਾਈ ਸੁੰਦਰ ਅਤੇ ਬਾਕੀ ਪੋਥੀ ਦੀ ਹਾਲਤ ਵੀ ਠੀਕ ਠੀਕ ਹੈ ॥

ਆਰੰਭ : “੧ੴ ਸਤਿਗੁਰ ਪ੍ਰਸਾਦਿ ॥ ਓਂਅੰ ਸ੍ਰੀ ਪ੍ਰਮਾਤਮਾਏ ਨਮਹ ॥ ਅਥ ਵੈਰਾਗ ਪ੍ਰਕਰਣ ਸ੍ਰਵਣ ਸਿੰਮ੍ਰਿਤਿ ਭਾਖਾ ਲਿਖਤੇ ॥ ਸਤਿ ਚਿਤ ਆਨੰਦ ਰੂਪ ਜੋ ਆਤਮਾ ਹੇ ਤਿਸ ਕਉ ਨਮਸਕਾਰ ਹੈ ॥ ਕੈਸਾ ਹੈ ਸਤਿ ਚਿਤ ਆਨੰਦ ਆਤਮਾ ਸੋ ਕਹਤ ਹੈ ॥”

ਅੰਤ : “ ਤੁਮ ਭੀ ਇਸੀ ਦ੍ਰਿਸ੍ਟ ਕਉ ਪਾਇ ਕਰ ਆਤਮ ਤਤ ਕਉ ਦੇਖੋ ॥ ਤਬ ਵਿਗਤ ਸ੍ਵਰ ਹੋਵਹੁਗੇ ॥ ਆਤਮਾ ਕਉ ਪਾਇ ਕਰ ਬਹੁੜ ਜਨਮ ਕੇ ਬੰਧਨੋ ਮੰਨ ਆਵਹੁਗੇ ॥੮੯॥ ਇਤਿਆਰਖੇ ਦੇਵ ਦੂਤ ਉਕਤੇ ਮਹਾਂਰਮਾਇਣੇ ਸਤ ਸ੍ਰਹਸ੍ਰ ਸਹਤਾਯੰ ਬਹਲ ਕਾਂਡੇ ਮੋਖੋ ਪਾਏਖੂ ਉਪਸਮ ਪ੍ਰਕਰਣੇ ਸਮਾਪਤੰ ਨਾਮ ਸਰਗਹ ॥ ਸੰਮਤ ਅਸ੍ਰ ਦਸਾ ਸਤ ਪੂਰੇ ॥ ਇਕਤੀਸ ਅਠੀਸ ਮਹਿ ਕਰੀ ਭਰਭੂਰੇ ॥ ਫਗਣ ਸੁਦੀ ਪੰਚਮੀ ਥਾਪਤ ॥ ਸਤਿ ਗੁਰ ਪੋਥੀ ਕਰੀ ਸਮਾਪਤ ॥ ਦੋਹਰਾ॥ ਸੰਤਨ ਆਗਿਆ ਸਿਉ ਲਿਖੀ ਨਿਕਟਿ ਗੁਰ ਚਰਨਨ ਕੇ ਮਾਹਿ ॥ ਕਿਰਪਾ ਕਰੀ ਜੀਉ ਪਤਤ ਪਰ ਮੁਕਤ ਕੀਉ ਖਿਨ ਮਾਹਿ ॥੧॥ ਸਮਤ ਅਠਾਰਹ ਸੈ ਉਨਤਰ ਫਗਣੋ ਦਿਨੇ ਯਾਰਵੀ ॥ ੧੮੬੯ ਭੁਲਿਆ ਚੁਕਿਆ ਬਖਸਣਾ ॥”

ਹੱਥ ਲਿਖਤ ਨੰ : MS 927

ਸਿਰਲੇਖ : ਬ੍ਰਿਤੀ ਪ੍ਰਭਾਕਰ ਸਾਰ

ਲੇਖਕ : ਅਨੰਤਾਨੰਦ ਗਿਰਿ

ਪੱਤਰੇ : 1 ੳ - 57 ੳ

ਆਕਾਰ : 17X 24 ਸ.ਮ. ਲਿਖਤ : 8.5X 16 ਸ.ਮ.

ਵੇਰਵਾ : ਜਿਲਦ ਗੱਤਾ ਕਪੜਾ, ਸਿਆਹੀ ਕਾਲੀ ਵਖਰੇਵੇਂ ਲਈ ਲਾਲ; ਹਾਸ਼ੀਆ, ਪਹਿਲੇ ਪੰਨੇ ਉਪਰ ਚਾਰੇ ਪਾਸੇ ਫੁੱਲ ਪਤੀਆਂ ਬਝਣਾਕੇ ਡੀਜ਼ਾਈਨ ਅਤੇ ਬਾਕੀ ਸਾਰੀ ਪੋਥੀ ਤੇ ਦੋ ਦੋ ਲਾਲ ਲਕੀਰਾਂ ਖੜੇ ਰੁਖ । ਸਤਰਾਂ ਪ੍ਰਤੀ ਪੰਨਾ 19-20 ਹਨ।

ਆਮ ਵੇਰਵਾ : ਅਸਲ ਰਚਨਾ ਤੋਂ ਪਹਿਲਾਂ, ਪੋਥੀ ਦੇ ਸ਼ੁਰੂ ਵਿਚ ਦੇਵਨਾਗਰੀ ਲਿਪੀ ਵਿਚ ਇਕ ਹੋਰ ਰਚਨਾ, ਜੋ ਦੋ - ਤਿੰਨ ਪੰਨਿਆਂ ਵਿਚ ਹੈ ॥ ਅਖੀਰ ਵਿਚ ਉਸਦਾ ਸੰਮਤ ਉਨੀ ਸੈ ਅਠਤਾਲੀ ਸੰਮਤ ਬਿਕ੍ਰਮੀ ਭੂਪ ॥ ਮਾਸ ਵੈਸਾਖ ਸ਼ਨੀਵਾਰ ॥ ਇਸ ਤੋਂ ਬਾਅਦ ਅਸਲ ਰਚਨਾ ਬ੍ਰਿਤੀ ਪ੍ਰਭਾਕਰ ਸ਼ੁਰੂ ਕੀਤੀ ਗਈ ਲਿਖਾਈ ਸੁੰਦਰ ਪਰ ਕਈ ਪੱਤਰੇ ਖਸਤਾ ਹਾਲਤ ਵਿਚ ਹਨ । ਪੋਥੀ ਠੀਕ ਠੀਕ ॥

ਆਰੰਭ : ਸ੍ਰੀ ਗਣੇਸਾਯ ਨਮ॥ ਸ੍ਰੀ ਸਿਵੋਜਯਤਿ ॥ ਅਥ ਸ੍ਰੀ ਬ੍ਰਿਤੀ ਪ੍ਰਭਾਕਰ ਸਾਰ ਸੰਗ੍ਰਹਿ ਪ੍ਰਾਰੰਭਃ॥ ਸ੍ਵੈਯਾ ॥ ਜਾਸ ਅਬੋਧ ਹਿਤੇ ਭਵ ਭਾਸਤ ਬੋਧ ਭਏ ਬਿਲਯੰ ਭਵ ਜਾਵੇ ॥

ਅੰਤ : "ਇਤਿ ਸ੍ਰੀ ਮਤੈ ਪਰਮ ਹੰਸ ਪਰਿਬਿਰਾਜਕਾਚਾਰਯ ਯਤੀ ਵਰਯ ਸ੍ਰੀ ਸ੍ਵਾਮੀ ਰਾਮ ਗਿਰਿ ਸਿਖਯੇਣ ਕਾਸੀ ਵਾਸੀਨਾ ਅਨੰਤਾ ਨੰਦ ਗਿਰਿਣਾ ਬਿਰਚਤੇ ਬ੍ਰਿਤੀ ਪ੍ਰਭਾਕਰ ਸਾਰ ਸੰਗ੍ਰਹੇ ਜੀਵੇਸ੍ਵਰ ਸ੍ਵਰੂਪ ਨਿਰੂਪਣ ਪੂਰਬਕ ਬ੍ਰਿਤੀ ਪ੍ਰਯੋਜਨ ਨਿਰੂਪਣ ਸਹਿਤ ਕਲਿਪਤਨਿ ਬ੍ਰਿਤੀ ਸ੍ਵਰੂਪ ਨਿਰੂਪਣੰ ਨਾਮ ਅਸ੍ਰਮਾ ਪ੍ਰਕਾਸ: ਸੰਪੂਰਣੰ ਸੁਭੰ ਭਜਾਤਾ ॥ ਸ੍ਰੀ ਕਾਸੰਵਿਸ੍ਵਨਾਰਥਾਪਣ ਮਤੁ ॥ ਸ੍ਰੀ ਸੰਕਰਾ ਪ੍ਰਸੰਨੋਸ੍ਤੁ ॥ ਸਿਵੋ ਜਯਤਿ ॥"

ਹੱਥ ਲਿਖਤ ਨੰ : MS 928

ਸਿਰਲੇਖ : ਜਨਮ ਗੋਸਟ ਬਾਬੇ ਨਾਨਕ ਜੀ ਦੀ

ਲੇਖਕ : ਪੈੜਾ ਮੋਖਾ

ਪੱਤਰੇ : 1 ੳ - 270 ੳ

ਆਕਾਰ : 33 X 22 ਸ.ਮ. ਲਿਖਤ : 25 X 19 ਸ.ਮ.

ਵੇਰਵਾ : ਜਿਲਦ ਗੱਤਾ ਕਪੜਾ, ਸਿਆਹੀ ਕਾਲੀ, ਵਖਰੇਵੇ ਲਈ ਲਾਲ ਹਾਸ਼ੀਆ ਦੋਵੇਂ ਪਾਸੇ ਦੋ ਦੋ ਲਾਲ ਲਕੀਰਾਂ ਵਿਚਕਾਰ ਇਕ ਕਾਲੀ ਲਕੀਰ ; ਸਤਰਾਂ ਪ੍ਰਤੀ ਪੰਨਾ - 16 ਹਨ।

ਆਮ ਵੇਰਵਾ : ਪੋਥੀ ਦੇ ਕਈ ਪੱਤਰੇ ਖਸਤਾ ਹਾਲਤ ਵਿਚ ਅਤੇ ਕਾਨੀ ਬਦਲ ਬਦਲ ਕੇ ਲਿਖਾਈ ਕੀਤੀ ਹੋਈ, ਵਿਚ ਵਿਚ ਹੜਤਾਲ ਫੇਰ ਕੇ ਸੁਧਾਈ ਵੀ ਕੀਤੀ ਹੋਈ ਹੈ। ਹਾਸ਼ੀਏ ਤੋਂ ਬਾਹਰ ਲਿਖਤ ਵੀ ਹੈ। ਲਿਖਾਈ ਪੜ੍ਹਨ ਯੋਗ ਅਤੇ ਸੁੰਦਰ, ਪੋਥੀ ਦੀ ਹਾਲਤ ਠੀਕ ਠੀਕ।

ਆਰੰਭ : ੧ੳ॑ ਸਤਿਗੁਰ ਪ੍ਰਸਾਦਿ॥ ਅਥ ਜਨਮ ਗੋਸਟ ਬਾਬੇ ਨਾਨਕ ਜੀ ਕੀ ਉਸ ਜਨਮ ਦੀ॥ ਉਸ ਜਨਮ ਬਾਬਾ ਨਾਨਕ ਜਨਕ ਥਾ॥ ਰਾਜੇ ਜਨਕ ਕੀ ਬਾਰੀ ਆਇ ਕਹਤਰਿ ਪੀੜੀਆਂ ਰਾਜੁ ਕੀਤੋਨੁ॥ ਪ੍ਰਮੇਸਰੁ ਬੁਝਿਆ ਬਬੇਕ ਪਾਇਆ॥ ਰਾਜੇ ਜਨਕ ਰਾਜੁ ਜੋਗੁ ਦੋਵੈ ਕੀਤੇ॥ ਗੁਰੂ ਭੀ ਹੋਇਆ ਅਰੁ ਸਿਖੁ ਭੀ ਹੋਇਆ॥ ਅਰੁ ਸਿਖੁ ਕੈਸੇ ਕੀਤੇ ਜੈਸਾ ਏਕ ਸੁਖਦੇਵ ਭਗਤੁ ਥਾ॥ ਐਸੇ ਸਿਖ ਕੀਏ ॥ ਰਾਜਾ ਜਨਕ ਐਸਾ ਬਬੇਕੀ ਥਾ ॥"

ਅੰਤ : "ਜਟਾਧਾਰੀ ਜੋ ਮਰੇ ਤਿਸੁ ਦੀਜੈ ਧਰਤੀ ਦਾਗੁ ॥ ਜੇ ਮੁਨੀਸਰ ਜੋ ਮਰੇ ਤਿਸੁ ਅਗਨੀ ਦਾਗੁ ਸਮਾਜੁ॥ ਆਤਮ ਦਾਗੀ ਜੋ ਮਰੇ ਪ੍ਰੇਤ ਹੋਇ ਬਿਨ ਕਰਮਾ ਗਤਿ ਨਹੀ ਹੋਇ॥ ਜੁਗੁ ਜੁਗੁ ਏਕੋ

ਧਰਮੁ ਹੈ॥ ਧਰਮੁ ਨ ਦੂਜਾ ਹੋਇ॥ ਸਤਿਜੁਗ ਅੰਦਰ ਜੋ ਮਰੈ ਫਿਰਿ ਤ੍ਰੇਤੇ ਧਰੇ ਅਵਿਤਾਰ॥ ਤ੍ਰੇਤੇ ਅੰਦਰ ਜੋ ਮਰੇ ਫਿਰਿ ਉਤਰੇ ਦੁਆਪੁਰ ਵਾਰੁ॥----------॥"

ਹੱਥ ਲਿਖਤ ਨੰ : MS 929 ਸੰਗ੍ਰਹਿ
ਸਿਰਲੇਖ : ਸਮੁੰਦ੍ਰੀਕ ਭਾਖਾ
ਲੇਖਕ : ਸੁਖਦੇਉ
ਪੱਤਰੇ : ਪੱਤਰਾ ਨੰਬਰ ਅੰਕਿਤ ਨਹੀਂ
ਆਕਾਰ : 16 X 12ਸ.ਮ. ਲਿਖਤ : 13X 8 ਸ.ਮ.
ਵੇਰਵਾ : ਜਿਲਦ ਗੱਤਾ ਕਪੜਾ,ਉਖੜੀ ਹੋਈ ; ਸਿਆਹੀ ਕਾਲੀ; ਵਖਰੇਵੇਂ ਲਈ ਲਾਲ ਹਾਸ਼ੀਆ , ਪਹਿਲੇ ਕੁਝ ਪੱਤਰਿਆਂ ਤੇ ਨਹੀਂ ਹੈ ਬਾਅਦ ਵਿਚ ਹਾਸ਼ੀਆ ਦੋ ਦੋ ਕਾਲੀਆਂ ਲਕੀਰਾਂ ਨਾਲ । ਸਤਰਾਂ ਪ੍ਰਤੀ ਪੰਨਾ-9 ਹਨ।
ਆਮ ਵੇਰਵਾ : ਪੋਥੀ ਦੇ ਸ਼ੁਰੂ ਵਿਚ ਇਸ ਰਚਨਾ ਦੇ ਪੱਤਰਾ ਨੰਬਰ ਅੰਕਤਿ ਨਹੀਂ । ਕਈ ਪੰਨੇ ਭਿਜੇ ਹੋਏ ਹੋਣ ਕਾਰਨ ਲਿਖਾਈ ਸਾਫ ਨਹੀਂ ਹੈ ਅਤੇ ਧੱਬਿਆਂ ਵਾਲੀ ਹੈ ਜਿਲਦ ਉਖੜੀ ਹੋਈ ਹੋਣ ਕਾਰਣ ਪੱਤਰੇ ਵੀ ਉਖੜੇ ਹੋਏ ਅਤੇ ਖਸਤਾ ਹਾਲਤ ਵਿਚ ਹਨ। ਪੋਥੀ ਦੀ ਹਾਲਤ ਵੀ ਠੀਕ ਠੀਕ ਹੈ।
ਆਰੰਭ : ੧ੴ ਸ੍ਰੀ ਗਣੇਸਾਇਨਮ : ਕਬਿ [ਕਵਿ] ਸੁਖਦੇਉ ਕ੍ਰਿਤ ਸਮੁੰਦ੍ਰੀਕ ਭਾਖਾ ਲਿਖਯਤੇ ॥ ੧ ਦੋਹਰਾ ॥ ਲੰਬੋਦਰ ਜਾ ਕੋ ਕਹੈ ਬਾਰਣ ਕੋ ਮੁਖ ਜਾਹਿ ॥ ਮੰਗਲ ਦਾਈ ਜਗਤ ਕੇ ਪ੍ਰਿਥਮੈ ਬੰਦੋ ਤਾਹਿ॥
ਅੰਤ : ਜੇ ਨਿਰਧਨ ਕੇ ਜਾਇ ਵਹੁ ਤਦਿ ਹੋਵੈ ਧਨਵਾਨੁ ॥੧੧੯ ॥ਚਉਪਦੀ ॥ ਹੋਇ ਬਾਵਲੀ ਸੋ ਕਰਿ ਜਾਹਿ ॥ ਰੂਖ ਪਹਾੜਿ ਰੇਖਸੀ ਤਾਹਿ ॥ ਤਾਕਾ ਹੋਵੈ ਭਲਾ ਬੀਆ ----------॥
ਅੱਗੇ ਰਚਨਾ ਨਹੀਂ ਹੈ।

ਹੱਥ ਲਿਖਤ ਨੰ : MS 929 ਅ
ਸਿਰਲੇਖ : ਛਪੈ
ਲੇਖਕ : ਰਜਬ
ਲਿਖਾਰੀ : ਪ੍ਰੇਮ ਸਿੰਘ
ਪੱਤਰੇ : 1-30 ਅ ਪਹਿਲੇ ਦੋ ਪਤਰਿਆਂ ਉਪਰ ਪੱਤਰਾ ਨੰਬਰ ਅੰਕਿਤ ਨਹੀਂ ਹਨ।
ਆਕਾਰ : 16 X 12 ਸ.ਮ. ਲਿਖਤ : 13X 8 ਸ.ਮ.
ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ - 9 ਹਨ।
ਆਮ ਵੇਰਵਾ : ਕਾਨੀ ਬਦਲੀ ਹੋਈ, ਪਹਿਲੇ ਦੋ ਪੱਤਰਿਆਂ ਉਪਰ ਪੰਨਾ ਨੰਬਰ ਅੰਕਿਤ ਨਹੀਂ ਉਸ ਤੋਂ ਬਾਅਦ ਪੱਤਰਾ ਨੰਬਰ 1 ਪਾਇਆ ਹੋਇਆ ਹੈ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ । ਲਿਖਾਈ ਠੀਕ ਠੀਕ। ਪੋਥੀ ਦੀ ਹਾਲਤ ਵੀ ਠੀਕ ਠੀਕ ਹੈ ॥
ਆਰੰਭ : ੧ੴ ਸਤਿਗੁਰ ਪ੍ਰਸਾਦਿ॥ : ਅਥ ਛਪੈ ਲਖਯਤੇ ਰਜਬ ਕੀ ॥ ਗੁਰ ਪੂਜਾ ਕਾ ਅੰਗਾ ॥ ਬੈਰਾਗਨ ਮੈ ਬਿਭੋ ਅਸਟ ਕੁਲ ਪਾਰਮ ਧਰੀਯਹਿ ॥
ਅੰਤ : ਦੋਹਰਾ ॥ ਦਾਦੂ ਤੁਮ ਜੀਅ ਕੇ ਔਗਨ ਤਜੇ ਸੁ ਕਾਰਨ ਕੌਨ ਅਗਾਧ ॥ ਮੇਰੀ ਜਰਨਾ ਦੇਖ ਕੈ ਮਤ ਕੋ ਸੀਖੈ ਸਾਧ ॥ ੮●॥ ਅਬ ਚਪੈ ਸਪੂਰਨ ਰੱਜਬ ਜੀ ਕੇ ਮਸਤ ਸੁਭ ਮਸਤ ॥ ੧੭੭ ॥ ਛੀਪੈ ਸੰਪੂਰਨ ਪ੍ਰਭ ਕਰੇ ॥ ਲਿਖੇ ਪ੍ਰੇਮ ਸਿੰਘ ----------
ਕ੍ਰਿਪਾ ਸਭ ਸੰਤ ਜਨੋ ਕਰੋ ਹਮਰੀ ਅਰਦਾਸ ॥੧॥ ਭੁਲ ਚੁਕ ਬਖਸੰਦ ਵਾਹਗੁਰੂ ॥੧॥ ਵਾਹਗੁਰੂ ॥

ਹੱਥ ਲਿਖਤ ਨੰ : MS 929 ਏ
ਸਿਰਲੇਖ : ਸਤਸਯਾ
ਲੇਖਕ : ਬਿਹਾਰੀ , ਕਵਿ
ਪੱਤਰੇ : 31 ਉ - 93 ਉ
ਆਕਾਰ : 16 X 12 ਸ.ਮ. ਲਿਖਤ : 13X 8 ਸ.ਮ.
ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ - 10 ਹਨ।
ਆਮ ਵੇਰਵਾ : ਕਾਨੀ ਬਦਲੀ ਹੋਈ, ਪੋਥੀ ਦੀ ਹਾਲਤ ਬਹੁਤ ਵਧੀਆ ਨਹੀਂ ਲਿਖਾਈ ਆਮ ਕਰਕੇ ਠੀਕ ਠੀਕ, ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ ।
ਆਰੰਭ : ਸ੍ਰੀ ਭਗਉਤੀਯੰ ਨਮਹ॥ ਸ੍ਰੀ ਗਣੇਸਾਯੰ ਨਮ: ਅਥ ਸਤਸਯਾ ਲਿਖਿਯਤੇ ॥ ਕ੍ਰਿਤ ਕਬਿ ਬਿਹਾਰੀ ॥ ਦੋਹਰਾ ਸੀਸ ਮੁਕਟ ਕਟਿ ਕਾਛਨੀ, ਕਰ ਮੁਰਲੀ ਉਰਮਾਲ ॥ ਇਹ ਬਾਂਨਕ ਮੋ ਮਨ ਸਦਾ ਬਸੌ ਬਿਹਾਰੀ ਲਾਲ ॥੧॥ ਦੋਹਰਾ ॥ ਮੇਰੀ ਭਵ ਬਾਧਾ ਹਰੋ ਰਾਧਾ ਨਾਗਰਿ ਸੋਇ ॥ ਜਾ ਤਨਿ ਕੀ ਝਾਈ ਪਰੈ, ਸਯਾਮ ਹਰਤ ਤੁਤਿ ਹੋਇ॥
ਅੰਤ : ਤੇਰੇ ਬੋਲੈ ਜੀ ਜੀਐ ਤੂ ਨਾਰੀ ਸੀ ਨਾਰ ॥ ਨਾਰਾਇਨ ਬਸਿ ਨਾਰ ਕੇ ਮਾਨੁਖ ਕੇਤਕ ਮਾਂਨ ॥ ਅੰਤ ਕਾਲ ਜੌ ਦੇਖੀਐ ਨਾਰੀ ਹੂੰ ਮੈ ਪ੍ਰਾਂਨ ॥ ਇਤਿ ਸ੍ਰੀ ਕ੍ਰਤਿ ਬਿਹਾਰੀ ਸਤਸਯਾ ਸਪੂਰਨ ਲਿਖਯਤੇ ॥ ਦੋਹਰੇ ਸਤਿ ਸੈ ਨਉ ਸੰਪੂਰਨੰ ਮਸਤ ਸੁਭ ਮਸਤੁ ॥੧॥ ॥੫ ॥

ਹੱਥ ਲਿਖਤ ਨੰ : MS 929 ਸ
ਸਿਰਲੇਖ : ਸ਼ਿਵ ਪਾਰਬਤੀ ਸੰਬਾਦ
ਪੱਤਰੇ : 1 ਉ - 2 ਅ
ਆਕਾਰ : 16 X 12ਸ.ਮ. ਲਿਖਤ : 13X 8 ਸ.ਮ.
ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ - 9 ਹਨ।
ਆਮ ਵੇਰਵਾ : ਸਿਰਫ ਦੋ ਪੱਤਰੇ। ਕਾਨੀ ਬਦਲੀ ਹੋਈ ਅਤੇ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ ।ਪੋਥੀ ਦੀ ਹਾਲਤ ਠੀਕ ਠੀਕ ਹੈ।
ਆਰੰਭ : ੧ਓ ਸ੍ਰੀ ਗਣੇਸਾਇ ਨਮ : ਦੋਹਰਾ ॥ ਬੰਦੋ ਸਾਰਦ ਗਣਪਤੀ ਬੁਧ ਰਾਸ ਕੇ ਧਾਮ ॥ ਰਾਮ ਨਾਮ ਕੀ ਬਿਧ ਕਹੌ ਕਰਿ ਗੁਰ ਕੌ ਪ੍ਰਣਾਮ ॥
ਅੰਤ : ਅਸਥਿਰ ਆਸ ਨ ਧਾਰ ਕਰ ਲਿਖੈ ਮੰਤ੍ਰ ਜੋ ਪਇ ॥ ਮਨ ਆਸਨ ਜੋ ਦ੍ਰਿੜ ਨਹੀਂ ਮਿਥਿਆ ਸ੍ਰਮ ਕ॥ ----------॥
ਰਚਨਾ ਅਧੂਰੀ ਹੈ ॥

ਹੱਥ ਲਿਖਤ ਨੰ : MS 929 ਹ
ਸਿਰਲੇਖ : ਮਹੂਰਤ ਚਿੰਤਾਮਣ
ਪੱਤਰੇ : 1 -2
ਆਕਾਰ : 16 X 12 ਸ.ਮ. ਲਿਖਤ : 13X 8 ਸ.ਮ.
ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ -10 ਹਨ।
ਆਮ ਵੇਰਵਾ : ਕਾਨੀ ਬਦਲੀ ਹੋਈ, ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ ।ਹਾਸ਼ੀਏ ਤੋਂ ਬਾਹਰ ਲਿਖਾਈ ਕੀਤੀ ਹੋਈ ਹੈ । ਪੋਥੀ ਦੀ ਹਾਲਤ ਠੀਕ ਠੀਕ॥

ਆਰੰਭ : ੧ਓ ਸਤਿਗੁਰ ਪ੍ਰਸਾਦਿ ॥ ਅਥ ਮਹੂਰਤ ਚਿੰਤਾਮਣ ਲਿਖਯਤੇ ॥ ਚੌਪਈ ॥ ਅਬ ਮੈ ਕਹੋ ਜੋਗਨੀ ਬਾਸ ॥ ਰਿਦ ਮਹਿ ਸਮਝ ਕਰੋ ਨਹੀ ਹਾਸ ॥ ਸਨਮੁਖ ਰਾਖ ਕਾਜ ਕੌ ਜਾਵੈ॥ ਕਾਜ ਨ ਸਵਰੈ ਅਪਜਸ ਪਾਵੈ ॥

ਅੰਤ : ਦੋ ॥ ਥਿੱਤ ਅਮਾਵਸ ਅਸਟਮੀ ਦੋਨੋ ਕਹੀ ਸੁਨਾਇ ॥ ਈਸਾਨ ਕੁੰਟ ਮਹਿ ਬਸਹਿ ਸੋ ਸਮਝਹੁ ਮਨ ਚਿਤ ਲਾਇ ॥

ਹੱਥ ਲਿਖਤ ਨੰ : MS 929 ਕ
ਸਿਰਲੇਖ : ਜੋਤਕ ਸਾਸਤ੍ਰ ਭਾਖਾ
ਪੱਤਰੇ : 1 ਉ - 38 ਅ
ਆਕਾਰ : 16 X 12ਸ.ਮ. ਲਿਖਤ : 13X 8 ਸ.ਮ.
ਵੇਰਵਾ : ਓਹੀ। ਸਤਰਾਂ ਪ੍ਰਤੀ ਪੰਨਾ - 10 ਹਨ।
ਆਮ ਵੇਰਵਾ : ਕਾਨੀ ਬਦਲੀ ਹੋਈ, ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ ।ਲਿਖਤ ਸੁੰਦਰ ਪੜ੍ਹਨ ਯੋਗ, ਪੋਥੀ ਦੀ ਹਾਲਤ ਠੀਕ ਠੀਕ॥
ਆਰੰਭ : ੧ਓ ਸਤਿਗੁਰ ਪ੍ਰਸਾਦਿ ॥ ਅਥ ਜੋਤਕ ਸਾਸਤ ਬਰਨਨੰ ਕ੍ਰਿਤ ਭਾਖਾ ॥ ਦੋਹਰਾ ॥ ਪ੍ਰਥਮ ਸਿਮਰ ਸ੍ਰੀ ਰਾਮ ਕੋ ਬਹੁਰਿ ਸਾਰਦਾ ਮਾਇ ॥ ਗਨਪਤ ਦੇਵ ਅਰਾਧੀਐ ਹੋਵੈ ਸਦਾ ਸਹਾਇ ॥
ਅੰਤ : ਸਤ੍ਰਨ ਤੇ ਰਛਾ ਕਰੈ ਅਰ ਨਹੀ ਛਾਡੈ ਕੋਇ ॥ ਇਹ ਫਲੁ ਖਸਟਮ ਧਾਮ ਕਾ ਜਾਨੈ ਪੰਡਤਿ ਸੋਇ ॥ ੩੫੬॥

ਹੱਥ ਲਿਖਤ ਨੰ : MS 929 ਖ
ਸਿਰਲੇਖ : ਗੁਨ ਸਾਗਰ
ਪੱਤਰੇ : 1 ਉ - 49 ਅ
ਆਕਾਰ : 16 X 12ਸ.ਮ. ਲਿਖਤ : 13X 8 ਸ.ਮ.
ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ - 9 ਹਨ।
ਆਮ ਵੇਰਵਾ : ਕਾਨੀ ਬਦਲੀ ਹੋਈ, ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ ।ਲਿਖਾਈ ਸੁੰਦਰ, ਪੋਥੀ ਦੀ ਹਾਲਤ ਠੀਕ ਠੀਕ । ਅਖੀਰ ਤੇ ਕੁਝ ਪੰਨੇ ਨਹੀਂ ਹਨ। ਰਚਨਾ ਅਧੂਰੀ ।
ਆਰੰਭ : ੧ । ੴ ਸ੍ਰੀ ਗਣੇਸਾਇਨਮਹ ॥ ਅਥ ਗੁਨ ਸਾਗਰ ਬਚਿਤ੍ਰ ਲਿਖਯਤੇ ॥ ਦੋਹਰਾ ॥ ਅਲਖ ਮੂਰਤ ਪਰਮ ਗੁਰ ਆਦਿ ਅੰਤ ਬਿਸਤਾਰ ॥ ਜੀਅ ਜੰਤ ਜਲ ਥਲ ਸਕਲ ਕਰੈ ਜਗਤ ਨਿਸਤਾਰ॥
ਅੰਤ : ਜਿਨ ਜਾਨੀ ਤਿਨ ਪਰਹਰੀ ਪਰੈ ਜੁ ਅਵਗੁਨ ਡੀਠ ॥ ਬਾਤ ਨ ਬੂਜੀ ਫੇਰ ਮੁਖ ਸਿਧਾ ਦਈ ਜੁ ਪੀਠ ॥੩੨੫॥
ਇਸ ਤੋਂ ਅੱਗੇ ਪੱਤਰੇ ਨਹੀਂ ਹਨ ॥

ਹੱਥ ਲਿਖਤ ਨੰ : MS 930 ਸੰਗ੍ਰਹਿ
ਸਿਰਲੇਖ : ਸ੍ਰੀ ਦੇਵਦਤ ਕੀ ਤਥਾ ਗੋਰਖ ਕੀ ਗੋਸਟਿ
ਸਮਾਂ : ਸੰਮਤ 1778
ਪੱਤਰੇ : 1 ਉ - ਪੰਨਾ ਨੰਬਰ ਅੰਕਿਤ ਨਹੀ
ਆਕਾਰ : 16 X 21 ਸ.ਮ. ਲਿਖਤ : 12 X 18 ਸ.ਮ.

ਵੇਰਵਾ : ਜਿਲਦ ਗੱਤਾ ਰੈਕਸੀਅਨ; ਸਿਆਹੀ ਕਾਲੀ। ਸਤਰਾਂ ਪ੍ਰਤੀ ਪੰਨਾ - 15 ਹਨ।

ਆਮ ਵੇਰਵਾ : ਅਸਲ ਰਚਨਾ (ਪੋਥੀ) ਸ਼ੁਰੂ ਹੋਣ ਤੋਂ ਪਹਿਲਾਂ, ਤਿੰਨ ਚਾਰ ਪਤਰਿਆਂ ਵਿਚ ਉਪਰੋਕਤ ਗੋਸਟਿ ਲਿਖੀ ਹੋਈ ਹੈ। ਲਿਖਾਈ ਠੀਕ ਠੀਕ ਅਤੇ ਪੋਥੀ ਦੀ ਹਾਲਤ ਵੀ ਚੰਗੀ ।

ਆਰੰਭ : ੧ੴ ਸਤਿਗੁਰ ਜੀ॥ ਗੋਸਟਿ ਸ੍ਰੀ ਦੇਵਦਤ ਕੀ ਤਥਾ ਗੋਰਖ ਕੀ॥ ਸੁਆਮੀ ਤੁਮ ਮੋਨੀ ਕਿ ਮਹਾ ਮੋਨੀ॥ ਸਬ ਤੰਤ ਕਿ ਸਮੋ ਪੁਨੀ॥ ਬੋਲ ਅਬੋਲ ਪੁਰਸ ਸਬਦੁ ਉਚਰੰਤ ਕਉਨ ਬਾਨੀ ।੧॥

ਅੰਤ : ਤੈ ਰਤਣ ਰਹਤਾ ਗਗਨਿ ਸਮਾਇਆ॥ ਸਹਨਜੇ ਤਤੁ ਨਿਰੂਪਨ ਬਾਣੀ ॥ ਸੰਮਲ ਗੋਰਖ ਇਹ ਪਦੁ ਨਿਰਬਾਣੀ ॥ ੩੮॥੧॥ ੧ੴਸਤਿਗੁਰ ਜੀ ॥

ਹੱਥ ਲਿਖਤ ਨੰ : MS 930 ਅ

ਸਿਰਲੇਖ : ਗੁਰਬਾਣੀ

ਸਮਾਂ : ਸੰਮਤ 1778

ਪੱਤਰੇ : 1 ੳ - 141 ਅ

ਆਕਾਰ : 16 X 21 ਸ.ਮ. ਲਿਖਤ : 12 X 18 ਸ.ਮ.

ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ - 15 ਹਨ।

ਆਮ ਵੇਰਵਾ : ਉਪਰੋਕਤ ਰਚਨਾ' ਜੋ ਕਿ ਤਕਰੀਬਨ 141 ਪੰਨਿਆ ਤੱਕ ਚਲਦੀ ਹੈ, ਵੱਖ ਵੱਖ ਬਾਣੀਆਂ ਜਿਵੇਂ ਜਪੁ ਮਹਲਾ ੧. ਸੋਦਰੁ ਮਹਲਾ ੧ ਸੋਹਿਲਾ ਮਹਲਾ ਪਹਿਲਾ, ਸਿਧ ਗੋਸਟਿ ਰਾਮਕਲੀ, ਬਾਵਨ ਅਖਰੀ ਗਉੜੀ ਮਹਲਾ ॥੫॥ ਥਿਤੀ ਗਉੜੀ ਮਹਲਾ ੫, ਅਨੰਦ ਰਾਮਕਲੀ ਮਹਲਾ ੩, ਆਸਾ ਕੀ ਵਾਰਿ ਮਹਲਾ ੧॥ ਵਾਰ ਗਉੜੀ ਕੀ ਮਹਲਾ ੪ ॥ ਵਾਰ ਤਿਲੰਗੁ ਕੀ ਮਹਲਾ ਪਹਿਲਾ॥ ਸਾਖੀ ਮਹਲਾ ਪੰਜਵਾ ਸ਼ਬਦ ਕਾਨੜੇ ਕਾ ਮਹਲਾ ਪੰਜਵਾ-ਸ਼ਬਦ ਵਡਹੰਸ ਮਹਲਾ ੫, ਸ਼ਬਦ ਸੋਰਠ ਕਾ ਮਹਲਾ ੫ ਅਤੇ ਸਬਦ ਧਨਾਸਰੀ ਮਹਲਾ ੫॥ ਦਿੱਤੀਆਂ ਹੋਈਆਂ ਹਨ । ਇਸ ਤੋਂ ਬਾਅਦ ਕਈ ਹੋਰ ਰਚਨਾਵਾਂ ਧਿਆਉ ਦੇ ਥਲੇ ਚਲਦੀਆਂ ਹਨ ਜੋ ਅਖੀਰ ਵਿਚ ਧਿਆਓ ਬਾਵਨ ਅਖਰੀ ਗਉੜੀ ਮਹਲਾ ੧ ਤਕ ਚਲਦੀ ਹੈ ।
ਲਿਖਾਈ ਠੀਕ ਠੀਕ ਅਤੇ ਪੋਥੀ ਦੀ ਹਾਲਤ ਵੀ ਚੰਗੀ ਹੈ।

ਆਰੰਭ : "੧ੴ ਸਤਿਗੁਰ ਪ੍ਰਸਾਦਿ । ਸਤਿਨਾਮੁ ਕਰਿਤਾ ਪੁਰਖੁ ਨਿਰਭਉ ਨਿਰਵੈਰ ॥ ਅਕਾਲ ਮੂਰਤਿ ਸੈਭੰ ਗੁਰਪ੍ਰਸਾਦਿ ॥ ਜਪੁ॥ ਆਦਿ ਸਚੁ ਜੁਗਾਦਿ ਸਚੁ॥ ਹੈਭੀ ਸਚ ਨਾਨਕ ਹੋਸੀ ਬੀ ਸਚੁ॥੧॥

ਅੰਤ : "ਰਹਾਊ॥ ਮਨਿ ਬਿਲਾਸ ਭਏ ਸਾਹਿਬ ਕੇ ਅਚਰਜ ਦੇਖ ਵਡਿਆਈ ॥ ਹਰਿ ਸਿਮਰ ਸਿਮਰ ਆਨੰਦ ਕਰਿ ਨਾਨਕ ਪ੍ਰਭ ਪੂਰਨ ਪੈਜ ਰਖਾਈ॥

ਹੱਥ ਲਿਖਤ ਨੰ : MS 930 ਏ

ਸਿਰਲੇਖ : ਪ੍ਰਾਣ ਸੰਗਲੀ

ਲਿਖਾਰੀ : ਇਹ ਪੋਥੀ ਭਾਈ ਹਰੀ ਦਾਸ ਫਕੀਰ ਨੂੰ ਪ੍ਰਾਪਤ ਹੋਈ

ਸਮਾਂ : ਸੰਮਤ 1778 ਬਿਕ੍ਰਮੀ

ਸਥਾਨ : ਚਰਨ ਦਾਸ ਜੀ ਕਾ ਦੇਹਰਾ [ਡੇਹਰਾ]

ਪੱਤਰੇ : 145 ੳ - 326 ਅ

ਆਕਾਰ : 16 X 21 ਸ.ਮ. ਲਿਖਤ : 12 X 18 ਸ.ਮ.

ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ - 17 ਹਨ।

ਆਮ ਵੇਰਵਾ : ਲਿਖਾਈ ਧਬਿਆਂ ਵਾਲੀ ਅਤੇ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ । ਲਿਖਾਈ ਵੀ ਪੁਰਾਤਨ ਗੁਰਮੁਖੀ ਅਖਰਾਂ ਵਾਂਗ ਲਿਖੀ ਹੋਈ ਹੈ॥ ਲਿਖਾਈ ਠੀਕ ਠੀਕ ਅਤੇ ਪੋਥੀ ਦੀ ਹਾਲਤ ਵੀ ਚੰਗੀ ਹੈ।

ਆਰੰਭ : "ੴ ਸਤਿਗੁਰ ਪ੍ਰਸਾਦਿ । ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰਗ॥ ਗੁਰਪ੍ਰਸਾਦਿ ਨਾਨਕ ਜੀ ਸਭ ਲਿਖੰਤ ਪ੍ਰਾਣ ਸੰਗਲੀ ਸੁੰਨਿ ਮਹਲਾ ਕੀ ਕਥਾ॥ ਨਿਰੰਕਾਰ ਜੀ ਕਾ ਧਿਆਨੁ॥ ਗੁਰੁ ਜੀ ਬਾਣੀ ॥ ਸ੍ਰੀ ਬਾਬੇ ਨਾਨਕ ਜੀ ਕਾ ਬੋਲਣਾ॥ ਪ੍ਰਾਨਿ ਪਿਡ ਕਾ ਮਾਥੰਤੁ॥ ਸਮੁਦ੍ਰੈ ਕੈ ਪਾਰਿ ਹੋਈ॥ ਰਾਜੇ ਸਿਵ ਨਾਭੁ ਕੀ ਨਗਰੀ॥"

ਅੰਤ : "ਪੋਥੀ ਲਿਖੀ ਲਿਖਿਵਾਈ ਭਾਈ ਹਰੀ ਦਾਸ ਫਕੀਰ॥ ਗੁਰੂ ਬਾਬਾ ਜੀ ਏਹੀ ਜੇਹੀ ਪ੍ਰੀਤ ਸਰਬਤਿ ਨੋ ਦੇਵੈ॥ ਪ੍ਰਾਣ ਸੰਗਲੀ ਕੀ ਪੋਥੀ ਭਾਈ ਹਰੀ ਦਾਸ ਫਕੀਰ ਨੋ ਪ੍ਰਾਪਤ ਹੋਈ ਸੀ॥ ਬਾਬਾ ਸਾਹਿਬ ਸ੍ਰੀ ਚਰਨ ਦਾਸ ਜੀ ਕੇ ਪ੍ਰਸਾਦਿ ॥ ਪੋਥੀ ਲਿਖੀ ਸ੍ਰੀ ਬਾਬਾ ਸਾਹਿਬ ਚਰਨ ਦਾਸ ਜੀ ਕੇ ਦੇਹਰੇ ਬੀਚ ਲਿਖੀ॥ ਸੰਬਤ ਸਤੱਰਾ ਸੈ ਅਠਿਤਰਾ॥ ੧੭੭੮॥ ਬਾਰਖੇ ਮਾਹਿ ਮਿਤੀ ਹਾੜੁ ਵਿਦੀ ਦੁਆਦਸੀ॥ ਬਾਰੁ ਸਨਵਾਰ ਪਹਰ ਦਿਨੁ ਰਹਿਦੈ ਲਿਖ ਪਹੁੰਚੀ॥ ਭਾਈ ਹਾਰੀ ਰਾਮ ਜੀਉ ਸੀ ਖੁਸੀ ਕਰਨੀ॥ ਗੁਰੂ ਜੀ ਚਿਤ ਆਵੈ॥ ਘੜੀ ਘੜੀ ਸਾਮ ਕਾ ਪੈਰੀ ਪਉ ਲਾਣਾ ਜੀ ॥ ਖੁਸੀ ਕਰਨੀ ਜੀ ਘੜੀ ਘੜੀ ਸਾਸ ਸਸਿ ਸਿਤਿ ਚਿਤ ਆਵੈ ਜੀ॥ ਸਸਿ ਗਿਰਾਸ ਗਿਰਾਸ ਗੁਨ ਕੇਹੈ ਜੀ॥ ਅੰਤਿ ਕੈ ਸਮੈ ਚਿਤਿ ਆਵੈ ਜੀ ॥ ਸਾਸਾ ਗਿਰਾਮ ਕਾ ਸਹਾਈ ਹੋਵਣਾ ਜੀ ॥ ਵਾਹਿਗੁਰੂ ਜੀ॥"

ਹੱਥ ਲਿਖਤ ਨੰ : MS 931

ਸਿਰਲੇਖ : ਸ੍ਰੀ ਭਾਗਵਤ ਮਹਾਂ ਪੁਰਾਣੇ

ਲੇਖਕ : ਜਨ ਨਾਨਕ ਦਾਸ

ਸਮਾਂ : ਸੰਮਤ 1844

ਪੱਤਰੇ : 1 ੳ - 419 ਅ

ਆਕਾਰ : 30 X 22 ਸ.ਮ. ਲਿਖਤ : 23 X 16 ਸ.ਮ.

ਵੇਰਵਾ : ਜਿਲਦ ਗੱਤਾ ਕੱਪੜਾ, ਉਖੜੀ ਹੋਈ; ਸਿਆਹੀ ਕਾਲੀ। ਹਾਸ਼ੀਆ ਦੋਵੇਂ ਪਾਸੇ ਦੋ ਦੋ ਲਾਲ ਲਕੀਰਾਂ ਵਿਚਕਾਰ ਇਕ ਕਾਲੀ ਲਕੀਰ। ਸਤਰਾਂ ਪ੍ਰਤੀ ਪੰਨਾ-16 ਹਨ।

ਆਮ ਵੇਰਵਾ : ਪੋਥੀ ਉਪਰ ਵਾਲੇ ਪਾਸਿਉ ਕਿਰਮ ਖੁਰਦਾ ਅਤੇ ਖਸਤਾ ਹਾਲਤ ਵਿਚ ਹੈ । ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ । ਕਈ ਪੱਤਰਿਆਂ ਉਪਰ ਹਾਸ਼ੀਏ ਤੋਂ ਬਾਹਰ ਵੀ ਲਿਖਤ ਕੀਤੀ ਹੋਈ ਹੈ ਜਿਲਦ ਉਖੜੀ ਹੋਈ ਅਤੇ ਪੱਤਰੇ ਵੀ ਉਖੜੇ ਹੋਏ ਅਤੇ ਕੁਝ ਪੱਤਰੇ ਖਸਤਾ ਹਾਲਤ ਵਿਚ ਹਨ । ਲਿਖਾਈ ਚੰਗੀ, ਅਤੇ ਪੋਥੀ ਦੀ ਹਾਲਤ ਵੀ ਠੀਕ ਠੀਕ ।

ਆਰੰਭ : ੧ੴ ਸ੍ਰੀ ਗਣੇਸਾਯਨਮਹ ॥ ੴਨਮੋ ਭਗਵਤੇ ਬਾਸਦੇਵਾਯਾ ॥ ਅਥ ਸ੍ਰੀ ਧਰ ਵਚਨ ਸਲੋਕ ॥ ਦੋਹਰਾ ॥ ਵਾਗੀ ਸਾਜਾਂ ਕੇ ਬਦਨ ਸ੍ਰੀ ਜਾਵਖ ਥਲ ਮਾਂਹ ॥ ਜਾ ਕੇ ਰਿਦ ਵਿਗਯਾਨ ਤਾ ਸੋਨ ਸਿੰਘ ਹਮ ਧਿਯਾਂਯਾ ॥

ਅੰਤ : ਇਤਿ ਸ੍ਰੀ ਭਾਗਵਤੇ ਮਹਾਂ ਪੁਰਾਣੇ ਨੌਮ ਸਕੰਧੇ ਚਤੁਰਵਿਸੋ ਅਧਿਆਇ ॥੨੪॥ ਸਲੋਕ ॥ ੫੨॥ ਦੋਹਰਾ ਨੌਮ ਜੁ ਕਹਯੋ ਸੁਕ ਪ੍ਰੀਛ ਤੈਂ ਸੂਤ ਸੌਨ ਕਨ ਪਾਸ ॥ ਯਥਾ ਬੁਧ ਭਾਖਾ ਰਚੀ ਗੁਰ ਜਨ ਨਾਨਕ ਦਾਸ ॥ ੯ ॥ ੧●॥ ੩੩ ॥੩੧ ॥ ੨੬॥੧੯ ॥ ੧੫॥ ੨੪॥੨੪ ॥ਜੁਮਲਾ ॥੨●੧ ॥ ਦਰਭੁਲ ॥ ਇਸ ਕੰਧ ਨਉ ਸਮਾਪਤ ਹੋਏ ॥ ਸੰਮਤ ੧੮੪੪ ॥ ਮਿਤੀ ਸਾਵਣ ਵਦੀ ਛਟਵਾਰ ਸੁਕਰ ਸ੍ਰੀ ਭਾਗਵਤ ਸਕੰਧ ਨਉ ਸੰਪੂਰਣ ਹੋਏ ॥੬॥ ॥ ॥ ॥ ॥

ਹੱਥ ਲਿਖਤ ਨੰ : MS 935

ਸਿਰਲੇਖ : ਸੁਖਮਨੀ ਸਹੰਸ੍ਰਨਾਮ

ਲਿਖਾਰੀ : ਮਾਇਆ ਰਾਮ ਬਾਵਾ

ਸਮਾਂ : ਸੰਮਤ 1703 ਲਿਪੀ ਕਾਲ: 1931

ਪੱਤਰੇ : 1 ੳ - 434

ਆਕਾਰ : 33 X 24 ਸ.ਮ. ਲਿਖਤ : 26 X 17 ਸ.ਮ.

ਵੇਰਵਾ : ਜਿਲਦ ਗੱਤਾ ਕੱਪੜਾ; ਸਿਆਹੀ ਕਾਲੀ; ਵਖਰੇਵੇਂ ਲਈ ਲਾਲ; ਹਾਸ਼ੀਆ ਦੋਵੇਂ ਪਾਸੇ ਦੋ ਦੋ ਲਾਲ ਦੋ ਦੋ ਕਾਲੀਆਂ ਲਕੀਰਾਂ, ਵਿਚਕਾਰ ਇਕ ਕੇਸਰੀ ਮੋਟੀ ਲਕੀਰ। ਸਤਰਾਂ ਪ੍ਰਤੀ ਪੰਨਾ-15 ਹਨ।

ਆਮ ਵੇਰਵਾ : ਪੋਥੀ ਦੇ ਪਹਿਲੇ ਭਾਗ ਦਾ ਹਿੱਸਾ, ਖਸਤਾ ਹਾਲਤ ਵਿਚ, ਲਿਖਾਈ ਧੱਬਿਆਂ ਵਾਲੀ ਹੈ । ਪੋਥੀ ਦੀ ਹਾਲਤ ਠੀਕ ਠੀਕ ।
ਆਰੰਭ : "ੴ ਸਤਿਗੁਰ ਪ੍ਰਸਾਦਿ ॥ ਅਥ ਵਾਰ ਹਕੀਕਤ ਰਾਇ ਕੀ ਲਿਖਯਤੇ ॥ ਕ੍ਰਿਤ ਅਗਰਾ ਅਵਲ ਨਾਮ ਸਚੇ ਸਾਹਿਬ ਦਾ ਜਿਸ ਏਹੁ ਖੇਲ ਰਚਾਇਆ ॥ ਜਿਮੀ ਤੇ ਅਸਮਾਨ ਬਨਾਇਓ ਬਿਨ ਥੰਮਾਂ ਗਗਨ ਠਹਿਰਾਇਓ ॥"
ਅੰਤ : "ਇਕ ਅਗਰਾ ਸੇਠੀ ਅਜਜ ਹੈ ਪਰ ਧਰਮ ਚਰਨ ਚਿਤ ਲਾਏ ॥ ੨●੨ ਵਾਰ ਸੰਪੂਰਣ ਭਈ ਸੰਮਾਪਤੰ ॥ ਸੰਵਤ ੧੯●● / ੨੪ (੧੯੨੪) ਮਿਤੀ ਮਗਰ ਦੀ ੨● ॥ ਵਦੀ ਤਰੀਕ ॥ ਵਾਰ ਸਨਚ੍ਰ ਮਗ ਦੀ ॥ ਸ੍ਰਿਰੀ ਰਾਮ ॥ ਸ੍ਰੀ ਰਾਮ ॥ ਸ੍ਰੀ ਰਾਮ ॥"

ਹੱਥ ਲਿਖਤ ਨੰ : MS 982 ਅ
ਸਿਰਲੇਖ : ਨਾਸ ਕ੍ਰੋਤਿ
ਲਿਖਾਰੀ : ਰਾਮ ਕ੍ਰਿਸ੍ਨ ਗੁਸਾਈ
ਸਥਾਨ : ਸਕਰ
ਸਮਾਂ : ਸੰਮਤ 1842

ਪੱਤਰੇ : 1 ੳ - 34 ਅ

ਆਕਾਰ : 18 X 17 ਸ.ਮ. ਲਿਖਤ : 14 X 13 ਸ.ਮ.

ਵੇਰਵਾ : ਓਹੀ। ਹਾਸ਼ੀਆ ਚਾਰੇ ਪਾਸੇ ਦੋ ਦੋ ਲਾਲ ਲਕੀਰਾਂ ਵਿਚਕਾਰ ਇਕ ਕਾਲੀ ਲਕੀਰ। ਸਤਰਾਂ ਪ੍ਰਤੀ ਪੰਨਾ-10 ਹਨ।

ਆਮ ਵੇਰਵਾ : ਕਾਨੀ ਬਦਲੀ ਹੋਈ । ਕਈ ਪੱਤਰਿਆਂ ਉਪਰ ਚੇਪੀਆਂ ਲਗਾ ਕੇ ਜੋੜਿਆ ਹੋਇਆ। ਲਿਖਾਈ ਚੰਗੀ । ਪੋਥੀ ਦੀ ਹਾਲਤ ਠੀਕ ਠੀਕ ।

ਆਰੰਭ : "ੴ ਸਤਿਗੁਰ ਪ੍ਰਸਾਦਿ ॥ ਉਅੰ ਸੁਅਸਤਿ ਸ੍ਰੀ ਗਣੇਸਾਇ ਨਮਾ ॥ ਅਥ ਨਾਸ ਕ੍ਰੇਤਿ ਲਿਖਤੇ ॥ ਇਹ ਕਥਾ ਤੇਰਵੀਂ ਸਤਿਜੁਗ ਕੀ ਲਿਖਤੇ ਹੈ ॥"

ਅੰਤ : "ਅਰੁ ਵਿਦਿਆ ਕੇ ਲੀਏ ਸੁਨੈ ਵਿਦਿਆ ਹੋਇ ॥ ਜੋ ਸੁਨੈ ਪ੍ਰੀਤ ਲਾਇਕੇ ਜੋ ਚਾਹੇ ਸੋ ਹੋਇ ॥ ਭਗਤ ਹੋਇ ॥ ਮੁਕਤ ਹੋਇ ॥ ਜੋ ਸੁਨੈ ਚਿਤ ਲਾਇ ਕੇ ਕੁਸਟ ਅਠਰਾ ਦੂਰ ਹੋਇ ॥ ਨਾਸ ਕ੍ਰੇਤ ਕੀ ਕਥਾ ਸੰਪੂਰਨ ਹੋਈ ॥ ਸੁਭ ਸੂਹਰਸੰ ਮਸਤ ਹਰਿ ਹਰਿ ਹਰਿ ॥ ਸੰਮਤ ੧੮੪੨ ॥ ਮਾਸ ਸੁਦੀ ਥਿਤ ਤ੍ਰਿਓਦਸੀ ॥ ੧੩ ਵਾਰ ਸਕਰ ਲਿਖੀ ॥ ਰਾਮ ਕ੍ਰਿਸ੍ਨ ॥ ਰਾਮ ਰਾਮ ਲਿਖਤੰ ਵੰਮ ਰਾਮ ਕ੍ਰਿਸ੍ਨ ਗੁਸਾਈ ਪਠਨਾਰਥੇ ਮਇਆ ਰਾਮ ॥ ਹੋਡੀ ਗਿਰਾ ਵਿਚ ਸ੍ਰੀ ਰਾਮ ॥ ॥ ॥"

ਹੱਥ ਲਿਖਤ : MS 982 ੲ

ਸਿਰਲੇਖ : ਗਰਭ ਗੀਤਾ, ਕਰਮਗੀਤਾ

ਸਮਾਂ : ਸੰਮਤ 1824

ਸਥਾਨ : ਰਾਵਲ ਪਿੰਡੀ

ਪੱਤਰੇ : 35 ੳ - 37 ਅ

ਆਕਾਰ : 18 X 17 ਸ.ਮ. ਲਿਖਤ : 14 X 13 ਸ.ਮ.

ਵੇਰਵਾ : ਓਹੀ। ਸਤਰਾਂ ਪ੍ਰਤੀ ਪੰਨਾ - 10 ਹਨ।

ਆਮ ਵੇਰਵਾ : ਲਿਖਾਈ ਸੁੰਦਰ । ਪੋਥੀ ਦੀ ਹਾਲਤ ਠੀਕ ਠੀਕ ।

ਆਰੰਭ : "ੴ ਸਤਿਗੁਰ ਪ੍ਰਸਾਦਿ ॥ ਸ੍ਰੀ ਗਣੇਸਾਇ ਨਮਾ ॥ ਅਥ ਗਰਭ ॥ ਗੀਤਾ ਲਿਖਤੇ ॥ ਅਥ ਕਰਮ ਗੀਤਾ ਹੈ ॥ ਅਰਜਨੋ ਵਾਚੁ ਕੇ ਨਿਪਾਫੇ ਭਵੈ ਅੰਧ ॥ ਕੇਨਿ ਪਾਪੇ ਦਾਰਿ ਦ੍ਰਤਾ ॥"

ਅੰਤ : "ਸੁਰਾ ਪਾਨ ਪੀ ਭਵੈਮੀਟਕੰ ਸੁਨਹੋ ਪਾਂਡਵ ਨੰਦੜਾ ॥ ਇਤ ਸ੍ਰੀ ਕਰਮ ਵਿਚਾਰ ਲਿਖਤੇ ਸੁਭ ਹਰਿ ਸੰਮਤ ॥ ਸੰਪੂਰਨ ਭਈ ॥ ਰਾਮ ਰਾਮ ਰਾਮ ਰਾਮ ॥"

ਹੱਥ ਲਿਖਤ ਨੰ : MS 982 ਸ

ਸਿਰਲੇਖ : ਧਰਮ ਮਸਧ [ਸਮਾਧ]

ਲੇਖਕ : ਅਗਰਾ, ਕਵੀ

ਸਮਾਂ : ਸੰਮਤ 1824

ਸਥਾਨ : ਰਾਵਲ ਪਿੰਡੀ

ਪੱਤਰੇ : 38 ੳ - 46 ੳ

ਆਕਾਰ : 18 X 17 ਸ.ਮ. ਲਿਖਤ : 14 X 13 ਸ.ਮ.

ਵੇਰਵਾ : ਓਹੀ। ਸਤਰਾਂ ਪ੍ਰਤੀ ਪੰਨਾ - 10 ਹਨ।

ਆਮ ਵੇਰਵਾ : ਲਿਖਤ ਚੰਗੀ ਅਤੇ ਪੋਥੀ ਦੀ ਹਾਲਤ ਠੀਕ ਠੀਕ। ਕਈ ਪੱਤਰਿਆਂ ਉਪਰ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ ।

ਆਰੰਭ : ੧ੴ ਸਤਿਗੁਰ ਪ੍ਰਸਾਦਿ ॥ ਸੁਅ ਸਤ ਸ੍ਰੀ ਗਣੇਸਾਇ ਨਮਾ ॥ ਅਥ ਧਰਮ ਮਸਧ ਲਿਖਤੇ ॥ ਹਸਤਨਾਪ੍ਰ ਇਕ ਨ੍ਰਿਪ ਧਰਮ ਕੋ ਪੁਤ੍ਰ ਕਹਾਵੈ ॥ ਇਛਿਆ ਭੋਜਨ ਦੇਤ ਕਨਕ ਕੇ ਪ੍ਰਤ ਜਿਵਾਵੈ ॥

ਅੰਤ : ਸ੍ਰੀ ਕ੍ਰਿਸਨ ਦੇਵ ਕੀ ਜੈ ॥ ਇਤ ਸ੍ਰੀ ਧਰਮ ਸਮਾਧ ਸੰਪੂਰਨੁ ॥ ਸੁਭ ਮਸਤਿ ॥ ਸੁਭ ਵਾਰ ਮਹੂਰਤ ॥ ॥ ॥ ਸ੍ਰੀ ਰਾਮ ਕ੍ਰਿਸਨ ਗੋਬਿੰਦ ਮਾਧੋ ਹਰਿ ਮੋਦ ਮਖੁ ਸੂਦਰਨ ॥

ਹੱਥ ਲਿਖਤ ਨੰ : MS 982 ਹ

ਸਿਰਲੇਖ : ਗਊ ਸਿੰਘ ਕੀ ਕਥਾ

ਲਿਖਾਰੀ : ਦੇਵੀ ਦਿਤਾ ਸਚਦੇ

ਸਮਾਂ : ਸੰਮਤ 1824

ਸਥਾਨ : ਰਾਵਲ ਪਿੰਡੀ

ਪੱਤਰੇ : 46 ਅ - 292 ਅ

ਆਕਾਰ : 18 X 17 ਸ.ਮ. ਲਿਖਤ : 14 X 13 ਸ.ਮ.

ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ – 10 ਹਨ।

ਆਮ ਵੇਰਵਾ : ਹਾਸ਼ੀਏ ਤੋਂ ਬਾਹਰ ਲਿਖਤ। ਲਿਖਤ ਕਈ ਪੱਤਰੇ ਉਪਰ ਧੱਬਿਆਂ ਵਾਲੀ ਹੈ । ਹੜਤਾਲ ਫੇਰਕੇ ਸੁਧਾਈ ਕੀਤੀ ਹੋਈ । ਪੋਥੀ ਦੀ ਹਾਲਤ ਠੀਕ ਠੀਕ ।

ਆਰੰਭ : "੧ੴ ਸਤਿਗੁਰ ਪ੍ਰਸਾਦਿ ॥ ਅਥ ਗਊ ਸਿੰਘ ਕੀ ਕਥਾ ਲਿਖਯਤੇ ॥ ਹੰਸ ਪ੍ਰਾਣ ਕਾ ਮਹਾਤਮ ॥ ਰਾਜਾ ਜੁਧਿ੍ਰ ਪ੍ਰਸ੍ਨ ਕਰਤ ਹੈ ॥ ਭੀਖਮਿ ਪਿਤਾਮਹਿ ॥"

ਅੰਤ : "ਦੋਹਰਾ ॥ ਦਇਆ ਬਚਨ ਜੈਕਾਰ ਹੈ ਸੋ ਬੈਕੁੰਠੇ ਜਾਇ ॥ ਸਾਧ ਸੰਗ ਮਨ ਤ੍ਰਿਪਤ ਹੀ ਆਦ ਅੰਤ ਸੁਖ ਪਾਇ ॥ ਇਤ ਸ੍ਰੀ ਹਾਸ ਪ੍ਰਾਣੇ ਸਿੰਘ ਗਉ ਕਥਾ ਸਤਜੁਗ ਕੀ ਪੂਰਨ ਭਈ ॥ ਸਦਾ ਸੁਖ ਦਾਈ ॥ ਸਪਤਮੋ ਧਿਆਇਆ ॥ ਸੰਮਤ ੧੮੨੪ ਮਿਤੀ ਫਗਣੋ ਦਿਨ ॥੨੩॥ ਵਾਰ ਬੁਧ ॥ ਲਿਖੀ ਦੇਵੀ ਦਿਤਾ ਸਚਦੇ ॥ ਵਾਸੀ ਅਕਾਲ ਗੜ ਦੀ ॥ ਲਿਖੀ ਰਾਵਲ ਪਿੰਡੀ ਵਿਚ ॥ ਵਿਸ੍ਨ ਜੀ ਕਾ ਦਾਸ ਕਾ ਦਾਸ ॥ ਅਖਰ ਵਧ ਘਟ ਸੋਧ ਲੈਣਾ॥ ਥਿਤ ਦਸਮੀ ਸੁਕਲਾ ਬੁਧਵਾਰ ॥

॥ ॥ ॥

ਹੱਥ ਲਿਖਤ ਨੰ : MS 983 ਸੰਗ੍ਰਹਿ

ਸਿਰਲੇਖ : ਰਾਜਨੀਤ

ਲੇਖਕ : ਤਨਸੁਖ

ਪੱਤਰੇ : 1 ੳ - 284 ੳ

ਆਕਾਰ : 18.5 X 14 ਸ.ਮ. ਲਿਖਤ : 13 X 8ਸ.ਮ.

ਵੇਰਵਾ : ਜਿਲਦ ਗੱਤਾ ਕੱਪੜਾ। ਸਿਆਹੀ ਕਾਲੀ ਵਖਰੇਵੇਂ ਲਈ ਲਾਲ। ਹਾਸ਼ੀਆ ਦੋਵੇਂ ਪਾਸੇ ਦੋ ਦੋ ਲਕੀਰਾਂ, ਵਿਚਕਾਰ ਇਕ ਕਾਲੀ ਲਕੀਰ । ਸਤਰਾਂ ਪ੍ਰਤੀ ਪੰਨਾ – 10 ਹਨ।

ਆਮ ਵੇਰਵਾ : ਲਿਖਾਈ ਚੰਗੀ ।ਪੋਥੀ ਦੀ ਹਾਲਤ ਆਮ ਕਰਕੇ ਠੀਕ ਠੀਕ । ਕਈ ਪੰਨਿਆਂ ਉਪਰ ਹੜਤਾਲ ਫੇਰਕੇ ਸੁਧਾਈ ਕੀਤੀ ਹੋਈ ।

ਆਰੰਭ : "੧ੴ ਸ੍ਵਸਤਿ ਸ੍ਰੀ ਗਣੇਸਾਇ ਨਮੋ । ਅਥ ਰਾਜਨੀਤ ਪੋਥੀ ਲਿਖਤੇ ॥ ਚੌਪਈ ॥ ਪ੍ਰਥਮੈ ਕਥੋ ਏਕ ਅੰਕਾਰਾ ॥ ਜਗਤੁ ਸਾਜਿ ਜਿਹ ਕੀਆ ਪਸਾਰਾ ॥"

ਅੰਤ : "ਮਿਲੈ ਜਾਇ ਸਗਲੇ ਪ੍ਰਵਾਰ ॥ ਭਾਈ ਬੰਧ ਸੁਤਾ ਸੋ ਨਾਰਾ ॥ ਗਏ ਸੁਭ ਬਿਧਿ ਮੰਗਲ ਚਾਰਾ॥ ਅਨਿਕ ਭਾਤਿ ਨਾਨਾ ਪ੍ਰਕਾਰਾ ॥ ੧੨੩॥੧੨॥੬੧੪॥੬੫੫॥੨੭●● ਕਥਾ ਪਝੰਤਰ ॥ ਰਾਜਨੀਤ ਸੰਪੂਰਣ ਹੋਈ ॥੪॥੧॥ ॥ ॥ ॥ ॥ ॥

ਹੱਥ ਲਿਖਤ ਨੰ : MS 983 ਅ
ਸਿਰਲੇਖ : ਚਣਾਕਾ ਸਾਸਤ੍ਰ ਭਾਖਾ
ਪੱਤਰੇ : 284 ਉ - 304 ਉ
ਆਕਾਰ : 18.5 X 14 ਸ.ਮ. ਲਿਖਤ : 13 X 8 ਸ.ਮ.
ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ – 10 ਹਨ।
ਆਮ ਵੇਰਵਾ : ਕਈ ਪੱਤਰਿਆਂ ਉਪਰ ਧੱਬੇ ਪਏ ਹੋਏ ਹਨ ਲਿਖਾਈ ਸੁੰਦਰ। ਪੋਥੀ ਦੀ ਹਾਲਤ ਠੀਕ ਠੀਕ।
ਆਰੰਭ : "ੴ ਸਤਿਗੁਰ ਪ੍ਰਸਾਦਿ ॥ ਅਥ ਚਣਾਕਾ ਸਾਸਤ੍ਰ ਭਾਖਾ ਲਿਖਤ ॥ਦੋ॥ ਪ੍ਰਵਣਤ ਹੋ ਸ੍ਰੀ ਬਿਸਨ ਕੋ ਜੋ ਤ੍ਰਿਲੋਕ ਕੋ ਰਾਉ ॥ ਚਾਣਾਕੇ ਭਾਖਾ ਕਰੋ ਜੋ ਤੁਮ ਹੋਹੁ ਸਹਾਇ ॥"
ਅੰਤ : "ਇਤ ਬ੍ਰਿਧ ਚਾਣਾਕੇ ਭਾਖਾ ਖੋੜਸ ਧਿਆਇ ਸਮਾਪਤੰ ॥ ੧੬॥੧੯੭॥੧॥੨੧॥"

ਹੱਥ ਲਿਖਤ ਨੰ : MS 983 ਏ
ਸਿਰਲੇਖ : ਸਮੁੰਦ੍ਰਕ ਭਾਖਾ
ਲੇਖਕ : ਸੁਖਦੇਵ
ਪੱਤਰੇ : 304 ਉ - 308 ਅ
ਆਕਾਰ : 18.5 X 14 ਸ.ਮ. ਲਿਖਤ : 13 X 8 ਸ.ਮ.
ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ – 10 ਹਨ।
ਆਮ ਵੇਰਵਾ : ਕਈ ਪੱਤਰਿਆਂ ਉਪਰ ਭਿੱਜੇ ਹੋਏ ਹਨ ਪਰ ਲਿਖਾਈ ਸਪਸ਼ਟ ਅਤੇ ਪੜ੍ਹੀ ਜਾਂਦੀ ਹੈ । ਲਿਖਾਈ ਸੁੰਦਰ, ਪੋਥੀ ਦੀ ਹਾਲਤ ਠੀਕ ਠੀਕ । ਪੋਥੀ ਦੇ ਸ਼ੁਰੂ ਵਿਚ ਇੰਞ ਲਿਖਿਆ ਹੋਇਆ ਹੈ ਕਬਿ ਸੁਖਦੇਉ ॥ ਅਥ ਸਮੁੰਦ੍ਰਕ ਭਾਖਾ ਲਿਖਯਤੇ ॥
ਆਰੰਭ : "ੴ ਸ੍ਰੀ ਗਣੇਸਾਇ ਨਮ : ॥ ਦੋ ॥ ਲੰਬੋਦਰ ਜਾਕੋ ਕਹੈ ਬਾਰਣ ਕੋ ਮੁਖ ਜਾਹਿ ॥ ਮੰਗਲਦਾਈ ਜਗਤ ਕੇ ਪ੍ਰਿਥਮੈ ਬੰਦੋ ਤਾਹਿ ॥੧॥ ਦੋ॥ ਹਰਿ ਗੁਰ ਗੁਰੂ ਹਰਿ ਹਰਿ ਗੁਰੂ ਏਕ ਸਮਾਨ ਭਿੰਨ ਰੂਪ ਨਹੀਂ ਜਾਨੀਏ ਏਕ ਰੂਪ ਕਰਿ ਜਾਨ ॥"
ਅੰਤ : "ਸੋਨੇ ਰੂਪੇ ਮੋਤੀ ਲਾਲ ॥ ਤਾਂਬੇ ਰੰਗ ਲਿੰਗ ਨ੍ਰਿਪ ਭਾਲ ॥ ਬਗਾ ਕਾਲਾ ਨਿਰਮਲਾ ਰੂਪਾ ਲੰਬਾ ਹੋਇ ॥ ਜਾਕੋ ਐਸੇ ਲਿੰਗ ਹੈ ਫਿਰੈ ਦਸੋ ਦਿਸਿ ਸੋਇ ॥੨੪॥ ਇਤ ਲਿੰਗ ਲਛਨ ਸਮਾਪਤੰ ॥"

ਹੱਥ ਲਿਖਤ ਨੰ : MS 984 ਸੰਗ੍ਰਹਿ
ਸਿਰਲੇਖ : ਨਾਸ ਕੇਤ ਕੀ ਕਥਾ
ਲੇਖਕ : ਦਇਆ ਰਾਮ
ਸਮਾਂ : ਸੰਬਤ 1855
ਪੱਤਰੇ : 1 ਉ – 60 ਉ
ਆਕਾਰ : 14 X 10 ਸ.ਮ. ਲਿਖਤ : 11X 7 ਸ.ਮ.
ਵੇਰਵਾ : ਜਿਲਦ ਗੱਤਾ ਕੱਪੜਾ, ਸਿਆਹੀ ਕਾਲੀ । ਸਤਰਾਂ ਪ੍ਰਤੀ ਪੰਨਾ – 8 ਹਨ।
ਆਮ ਵੇਰਵਾ : ਪੋਥੀ ਕਿਰਮ ਖੁਰਦਾ, ਹਾਲਤ ਖਸਤਾ, ਪੋਥੀ ਦੇ ਸ਼ੁਰੂ ਵਿਚ ਇਕ ਹੋਰ ਸਾਖੀ ਲਿਖੀ ਹੋਈ ਹੈ, ਜਿਸ ਵਿਚ ਪੰਜਵੀਂ ਪਾਤਿਸਾਹੀ ਦਾ ਜਿਕਰ ਆਉਂਦਾ ਹੈ । ਉਸ ਤੋਂ ਬਾਅਦ ਤਤਕਰਾ ਦਿਤਾ ਹੋਇਆ ਹੈ । ਕਾਗਜ ਕ੍ਰਿਮ ਖੁਰਦਾ, ਪੋਥੀ ਦੀ ਹਾਲਤ ਬਹੁਤੀ ਚੰਗੀ ਨਹੀਂ ਹੈ ।

ਆਰੰਭ : "ੴ ਸਤਿਗੁਰ ਪ੍ਰਸਾਦਿ ॥ ਕਥਾ ਸਤਿਜੁਗ ਕੀ ਜਬ ਰਾਜੇ ਜਨਮੇਜੇ ਕਉ ਅਠਾਰਾਹ ਕੁਸਟ ਉਤ੍ਰ ਕੇ ਨਿਮਤਿ ॥ ਬ੍ਰਿਹਮਣ ਮਾਰੇ ਥੇ ॥ ਤਬ ਕੁਸਟ ਉਤਾਰਨੇ ਕੇ ਨਿਤਿ ਗੁਸੰਈ ਬਿਆਸ ਕਥਾ ਸੁਣਾਵਨੇ ਲਾਗੇਏ ॥ ਏਹ ਕਥਾ ਕੁਸਟ ਉਤਾਰਨੇ ਕਾ ॥"

ਅੰਤ : "ਰਾਜੇ ਜਨਮੇਜੈ ਜੀ ਕਉ ਗੁਸੰਈ ਬਿਆਸ ਕਥਾ ਕਰਿ ਸੁਣਾਈ ॥ ਤਿਸ ਤੇ ਕੁਸਟ ਉਤਰਨੇ ਗਏ॥ ਏਹ ਨਾਸਕੇਤ ਕੀ ਕਥਾ ਸਮਾਪਤਿ ਹੋਈ ॥ ਬੋਲੋਹੁ ਸੰਤਹੁ ਰਾਂਮ ਰਾਂਮ ਰਾਂਮ ਰਾਂਮ ਸਤਿ ਰਾਮ ॥" (੬●-੬੧ ਅ) ਪੰਨੇ ਇਸ ਤੋਂ ਬਾਅਦ 'ਮੰਤ੍ਰ ਗਊ ਰੋਗ ਕਾ' ਇਕ - ਦੋ - ਪੰਨੇ ਦਾ ਦਿਤਾ ਹੋਇਆ ਹੈ ।

ਹੱਥ ਲਿਖਤ ਨੰ : MS 984 ਅ
ਸਿਰਲੇਖ : ਧਿਆਓ ਪ੍ਰਾਨ ਸੰਗਲੀ
ਪੱਤਰੇ : 63 ਅ - 79 ਅ
ਆਕਾਰ : 14 X 10 ਸ.ਮ. ਲਿਖਤ : 11 X 7 ਸ.ਮ.
ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ - 9 ਹਨ।
ਆਮ ਵੇਰਵਾ : ਲਿਖਾਈ ਕਾਲੀ ਸਿਆਹੀ ਨਾਲ ਮੋਟੀ ਕਾਨੀ ਨਾਲ ਕੀਤੀ ਹੋਈ ਹੈ ।ਲਿਖਤ ਧੱਬਿਆਂ ਵਾਲੀ ਹੈ ਪਰ ਪੜ੍ਹੀ ਜਾਂਦੀ ਹੈ ਰਚਨਾ ਦੇ ਇਸ ਭਾਗ ਦੀ ਹਾਲਤ ਠੀਕ ਠੀਕ ।
ਆਰੰਭ : "ੴ ਸਤਿਗੁਰ ਪ੍ਰਸਾਦਿ ॥ ਧਿਆਉ ਬ੍ਰਹਮਾ ॥੧੫॥ ਰਾਗ ਆਸਾ ਮ: ੧ । ਪਉੜੀ ॥ ਜੋਗੁ ਬੈਰਾਗੁ ਸਹਜ ਘਰਿ ਪਾਵੈ ॥ ਆਤਮ ਚੀਨਿ ਪ੍ਰਾਤਮੁ ਚੀਨੈ ॥ ਸਹਿਜ ਸਮਾਧ ਲਗਾਵੈ ॥"
ਅੰਤ : "ਸੁਭਰੁ ਸਰੋਵਰੁ ਭਰਿਪੂਰਿ ਪੂਰਾ ॥ ਸਤਿ ਸਰੂਪ ਸੂਬ ਸਰਿ ਅਕਾਲ ॥ ਨਾਨਕ ਆਦਿ ਅੰਤ ਦੀਨ ਦਇਆਲਾ ॥ ੪੫॥ ਵਾਹਗੁਰੂ ਜੀ ॥ ਧਿਆਉ ਪੂਰਾ ਹੋਆ ਜੀ ॥"

ਹੱਥ ਲਿਖਤ ਨੰ : MS 984 ੲ
ਸਿਰਲੇਖ : ਭੋਗਲ ਪੁਰਾਣ
ਪੱਤਰੇ : 81 ੳ - 93 ਅ
ਆਕਾਰ : 14 X 10 ਸ.ਮ. ਲਿਖਤ : 11X 7 ਸ.ਮ.
ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ - 6 ਹਨ।
ਆਮ ਵੇਰਵਾ : ਰਚਨਾ ਦੇ ਇਸ ਭਾਗ ਵਿਚ ਵਖਰੇਵੇਂ ਲਈ ਲਾਲ ਸਿਆਹੀ ਦਾ ਪ੍ਰਯੋਗ ਕੀਤਾ ਹੋਇਆ ਹੈ , ਪੋਥੀ ਕਿਰਮ ਖੁਰਦਾ, ਲਿਖਤ ਠੀਕ ਠੀਕ ਹੈ ।
ਆਰੰਭ : "ੴ ਸਤਿਗੁਰ ਪ੍ਰਸਾਦਿ ॥ ਭੋਗਲ ਪੁਰਾਣਾ ਲਿਖੰਤੇ ॥ ਓਂ ਇੰ ਅਗੰਮ, ਬ੍ਰਹਮੁ ਕਥੰਤੇ॥ ਪੰਚਿ ਤਤਿ ਮਥੰਤੇ ॥ ਬ੍ਰਿਹਮੰਡ ਉਤਿਪਨਿ ਆਕਸ ਤੇਜ ਉਤਪਨਿ ॥"
ਅੰਤ : "ਪ੍ਰਭ ਐਸੀ ਅਖੰਡ ਮੂਰਤਿ ਹੈ ॥ ਜੇ ਕੋਈ ਪਾਏ ਬਾਬੇ ਨਾਨਕ ਦੇ ਸਬਦੁ ਤੇ ਪਵੈ ਤਾ ਨ੍ਰਿਭਉ ਹੋਵੈ॥ ਸੰਪੂਰਨ ਹੋਇਆ ਭੋਗਲ ਪੁਰਾਨ ਜੀ ॥"

ਹੱਥ ਲਿਖਤ ਨੰ : MS 984 ਸ
ਸਿਰਲੇਖ : ਧ੍ਰਮ ਸਮਾਧਿ
ਪੱਤਰੇ : 94 ੳ-104 ੳ
ਆਕਾਰ : 14 X 10 ਸ.ਮ. ਲਿਖਤ : 11 X 7 ਸ.ਮ.

ਵੇਰਵਾ : ਓਹੀ। ਸਤਰਾਂ ਪ੍ਰਤੀ ਪੰਨਾ-7 ਹਨ।

ਆਮ ਵੇਰਵਾ : ਲਿਖਤ ਧੱਬਿਆਂ ਵਾਲੀ, ਅਤੇ ਹੜਤਾਲ ਫੇਰਕੇ ਸੁਧਾਈ ਕੀਤੀ ਹੋਈ । ਪੋਥੀ ਦੀ ਹਾਲਤ ਠੀਕ ਠੀਕ।

ਆਰੰਭ : "ੴ ਸਤਿਗੁਰ ਪ੍ਰਸਾਦਿ॥ ਧ੍ਰਮ ਸਮਾਧਿ ਕਥੰਤੇ॥ ਏਕਸ ਸਮੈ ਧ੍ਰਮ ਪੁਰਿ ਨਾਰਦ ਜੀ ਆਏ॥ ਧਰਮ ਰਾਇ ਆਦਰ ਕੀਆ ਕਰਿ ਭਉ ਬੈਠਾਏ ॥"

ਅੰਤ : "ਰੈਨ ਬਸੇ ਬਾਸ੍ਰ ਉਡਿ ਚਲੇ ਆਪੋ ਅਪਨੀ ਓ ਰ ॥ ਉਨਮੋ ਭਗਵਤੇ ਵਾਸਦੇਵੰ ਹਰਿੰ ॥ ॥"

ਹੱਥ ਲਿਖਤ ਨੰ : MS 984 ਹ

ਸਿਰਲੇਖ : ਸਲੋਕ ਬਜੀਦ ਕੇ

ਪੱਤਰੇ : 105 ਓ-115 ਓ

ਆਕਾਰ : 14 X 10 ਸ.ਮ. ਲਿਖਤ : 11X 7 ਸ.ਮ.

ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ-8 ਹਨ।

ਆਮ ਵੇਰਵਾ : ਲਿਖਾਈ ਬਹੁਤੀ ਚੰਗੀ ਨਹੀਂ ਧੱਬਿਆਂ ਵਾਲੀ। ਪੋਥੀ ਕ੍ਰਿਮ ਖੁਰਦਾ । ਕਈ ਪੱਤਰੇ ਪਾਣੀ ਦੇ ਭਿਜੇ ਹੋਏ ਹਨ ।

ਆਰੰਭ : "ੴ ਸਤਿਗੁਰ ਪ੍ਰਸਾਦਿ ॥ ਸਲੋਕ ਬਜੀਦ ਕੇ ਲਿਖਤੇ ॥ ਦੁਇ ਦੁਇ ਭਾਉ ਤਾ ਏ ਸਚਲੇ ਸਗਲੇ ਤੇ ਮੁਹਰੇ ॥"

ਅੰਤ : "ਸਾਹਾ ਦੇ ਪੁੱਤ ਫਕੀਰ ਫੇਕੀਰਾ ਦੇ ਦੁਨੀਦਾਰ॥ ਮੁਗਲ ਪਠਾਣ ਰਈਯਤ ਖਤਰੀ ਫਉਜਦਾਰ ॥ ਕੰਚਨ ਕੀ ਲੈਣ ਸੁ ਲੋਹੇ ਤੋੜੀਐ ॥ ਬਜੀਦ ਕਲਮ ਰਬਾਨੀ ਵਗੀ ਕਿਨੈ ਨ ਮੋੜੀ ਮੈ ॥੩੯॥"

ਹੱਥ ਲਿਖਤ ਨੰ : MS 984 ਕ

ਸਿਰਲੇਖ : ਸਵੈਯਾ

ਪੱਤਰੇ : 115 ਅ-122 ਅ

ਆਕਾਰ : 14 X 10 ਸ.ਮ. ਲਿਖਤ : 11X 7 ਸ.ਮ.

ਵੇਰਵਾ : ਓਹੀ। ਸਤਰਾਂ ਪ੍ਰਤੀ ਪੰਨਾ - 8 ਹਨ।

ਆਮ ਵੇਰਵਾ : ਲਿਖਤ ਧੱਬਿਆਂ ਵਾਲੀ, ਬਹੁਤੀ ਚੰਗੀ ਨਹੀਂ ਹੈ ; ਪੋਥੀ ਦੀ ਹਾਲਤ ਠੀਕ ਠੀਕ ।

ਆਰੰਭ : "ੴ ਸਤਿਗੁਰ ਪ੍ਰਸਾਦਿ ॥ ਸਵੈਯਾ ॥ ਪਾਇ ਗਹੇ ਜਬ ਕੇ ਤੁਮਰੇ ਤਬ ਤੇ ਕੋਊ ਆਖਿ ਤਰੇ ਨਹੀਂ ਆਨੋ ॥"

ਅੰਤ : "ਸਾਧ ਅਸਾਧ ਜਾਨਿਓ ਨਹੀ ਬਾਦ ਸੁਬਾਦ ਬਿਬਾਦ ॥ ਗ੍ਰਿਥ ਸੰਗਲ ਪੂਰਨ ਕੀਯੋ ਸ੍ਰੀ ਭਗਵਤ ਕ੍ਰਿਪਾ ਪ੍ਰਸਾਦ ॥"

ਹੱਥ ਲਿਖਤ ਨੰ : MS 984 ਖ

ਸਿਰਲੇਖ : ਕਚੀ ਬਾਣੀ , ਰਾਗ ਤਿਲੰਗ ਮਹਲਾ 8 ॥

ਪੱਤਰੇ : 123 ਓ-133 ਅ

ਆਕਾਰ : 14 X 10 ਸ.ਮ. ਲਿਖਤ : 11 X 7 ਸ.ਮ.

ਵੇਰਵਾ : ਓਹੀ। ਸਤਰਾਂ ਪ੍ਰਤੀ ਪੰਨਾ 7- 8 ਹਨ।

ਆਮ ਵੇਰਵਾ : ਪੋਥੀ ਕ੍ਰਿਮ ਖੁਰਦਾ, ਲਿਖਤ ਬਹੁਤ ਸਾਫ ਨਹੀਂ ਹੈ , ਲਿਖਤ ਧੱਬਿਆਂ ਵਾਲੀ, ਅਤੇ ਕਈ ਪੱਤਰਿਆਂ ਉਪਰ ਹੜਤਾਲ ਫੇਰਕੇ ਸੁਧਾਈ ਕੀਤੀ ਹੋਈ ਹੈ ।

ਆਰੰਭ : “ੴ ਸਤਿਗੁਰ ਪ੍ਰਸਾਦਿ ॥ ਰਾਗ ਤਿਲੰਗ ਮਹਲਾ ੯ ॥ ਭੂਲਿਓ ਮਨ ਮਾਇਆ ਉਰਝਾਇਓ॥ ਜੋ ਜੋ ਕਰਮ ਕੀਓ ਲਾਲਚ ਲਗਿ ਤਿਹ ਤਿਹ ਆਪ ਬੰਧਾਇਆਓ ॥ ਰਹਾਓ॥” ਇਕ ਪੱਤਰਾ ੧੨੬ ਉਪਰ ਰਾਗ ਤਿਲੰਗ ਮਹਲਾ ੯ ॥ਕਾ॥ ਸਤਿਗੁਰ ਪ੍ਰਸਾਦਿ ॥ ਚੇਤਨਾ ਹੈ ਤਉ ਚੇਤ ਲੈ ਨਿਸਿ ਦਿਨਿ ਮੈ ਪ੍ਰਾਨੀ ॥ ਦਾ ਸ਼ਬਦ ਦਿਤਾ ਹੋਇਆ ਹੈ । ਇਸ ਤੋਂ ਬਾਅਦ ਫਿਰ ਕਚੀ ਬਾਣੀ ਦਿਤੀ ਹੋਈ ਹੈ ।

ਅੰਤ : “ਕ੍ਰਦਾ ਆਨੰਦ ਬਿਨੋਦ ਕਛੂ ਨ ਜਾਨੀਐ ॥ ਸ੍ਰਬ ਧਾਰ ਸਮਰਥ ਤਿਕੁ ਕ੍ਰ ਬਾਣੀਐਂ ਗਾਵੀਐ ਰਾਤਿ ਦਿਨ ਤਿਸੇ ਕੁਰਬਾਣੀਐ – ॥”
ਅੱਗੇ ਪੱਤਰੇ ਨਹੀਂ ਹਨ ਰਚਨਾ ਇਥੇ ਹੀ ਮੁੱਕ ਜਾਂਦੀ ਹੈ ॥

ਹੱਥ ਲਿਖਤ ਨੰ : MS 985 ਸੰਗ੍ਰਹਿ
ਸਿਰਲੇਖ : ਸੱਸੀ ਪੁੰਨੂ , ਕਿੱਸਾ
ਲੇਖਕ : ਹਾਸ਼ਮ
ਪੱਤਰੇ : 3 ਅ - 24 ਅ
ਆਕਾਰ : 14 X 23 ਸ.ਮ. ਲਿਖਤ : 12 X 20 ਸ.ਮ.
ਵੇਰਵਾ : ਜਿਲਦ ਗੱਤਾ, ਬਾਅਦ ਵਿਚ ਬੰਨੀ ਹੋਈ। ਸਿਆਹੀ ਕਾਲੀ, ਵਖਰੇਵੇਂ ਲਈ ਲਾਲ। ਸਤਰਾਂ ਪ੍ਰਤੀ ਪੰਨਾ – 19 ਹਨ।
ਆਮ ਵੇਰਵਾ : ਪੋਥੀ ਪੱਤਰਾ ਨੰਬਰ ੩ ਅ ਤੋਂ ਸ਼ੁਰੂ ਹੁੰਦੀ ਹੈ । ਹਾਲਤ ਖਸਤਾ ਅਤੇ ਲਿਖਾਈ ਬਹੁਤੀ ਸਪਸ਼ਟ ਨਹੀਂ ਪੜ੍ਹਨ ਵਿਚ ਵੀ ਮੁਸ਼ਕਲ ਆਉਂਦੀ ਹੈ । ਸ਼ੁਰੂ ਵਿਚ ਰਚਨਾ ਅਧੂਰੀ ਹੈ । ਪੋਥੀ ਦੀ ਹਾਲਤ ਠੀਕ ਠੀਕ ।
ਆਰੰਭ : “ਖਾਵਨ ਖੈਰੁ ਫਕੀਰ ਮੁਛਾਵਰ ਸਹਿ ਬੁਹੇ ਛਦੇਵਾਨੇ । ਹਾਛਮੁ ਐਛ ਗਮੀ ਵਿਚਿ ਆਜ ਦਹੇਛ ਉਲਾਦ ਨਾ ਖਾਨੇ ॥”
ਅੰਤ : “ਪੁਨੂ ਨਾਮ ਜਾਪੇਦੀ ਆਹੀ : ਦਰਦ ਆਛਕ ਦੇ ਮਾਰੀ ॥ ਹਛਮੁ ਥਾਂ ਮਾਕਾਨੁ ਨਾ ਜਾਣੇ ਆਹੀ ਕੋਣ ਵੇਚਾਰੀ ॥ ਸੋਨੂ ਕੇ ਹੋਤ ਜੇਮੀ ਪੁਰੁ ਡਿਗਿਆ : ਖਾਏ ਕਲੇਜੇ ਕਾਨੀ ॥ ॥”

ਹੱਥ ਲਿਖਤ ਨੰ : MS 985 ਅ
ਸਿਰਲੇਖ : ਸਹਰਫੀ ਬਾਵੇ ਫਰੀਦ ਦੀ
ਲੇਖਕ : ਪੀਰ ਬਖਸ਼
ਲਿਖਾਰੀ : ਕੇਸਾ ਸਿੰਘ ਪੁਤਰ ਦੇਸਾ ਸਿੰਘ
ਪੱਤਰੇ : 1 ੳ - 16 ਅ
ਆਕਾਰ : 14 X 23 ਸ.ਮ. ਲਿਖਤ : 12 X 20 ਸ.ਮ.
ਵੇਰਵਾ : ਓਹੀ। ਸਤਰਾਂ ਪ੍ਰਤੀ ਪੰਨਾ–15 ਹਨ।
ਆਮ ਵੇਰਵਾ : ਕਾਨੀ ਬਦਲ ਬਦਲ ਕੇ ਰਚਨਾ ਕੀਤੀ ਹੋਈ ਹੈ, ਲਿਖਾਈ ਸਪਸ਼ਟ ਨਹੀਂ ਹੈ ਤੇ ਧੱਬਿਆਂ ਵਾਲੀ ਹੈ ।
ਆਰੰਭ : “ਸਤਗੁਰ ਪ੍ਰਸਾਦ ॥ ਸਹਰਫੀ ਬਾਵੇ ਫਰੀਦ ਦੀ ॥ ਛੈਰੀ ਪੀਰ ਬਖਸ ਦੀ ॥ ਅਲਫ ਆਲਾ ਨੂ ਬੈਟ [ਬੈਠ] ਕੇ ਜਾਦ ਕਰੀਐ: ਅਲਾ [ਬਾਦਸ਼ਾਹ] ਨਬੀ ਵਾਜੀਰ ਹੈ ਜੀ ॥”
ਅੰਤ : “ਕਰੋ ਬੰਦਗੀ ਰਬ ਦੀ ਪੀਰ ਬਖਛਾ । ਜੇਦੇ ਨਾਮੁ ਲੇਆਂ ਪੈਨ ਪੂਰੀਆ ਜੀ ॥੩॥ ਲਖਤੁਮ ਕੇਸਾ ਛੀਬਾ ਸਪੁਤਰ ਦੇਸਾ ਸਿੰਘ ਦਾ ਛੀਬਾ ॥” ॥ ॥ ॥ ॥ ਇਸ ਤੋਂ ਅੱਗੇ ਇਕ ਦੋ ਪੰਨਿਆਂ ਉਪਰ ਨੁੱਸਖੇ ਵੀ ਲਿਖੇ ਹੋਏ ਹਨ ॥

ਹੱਥ ਲਿਖਤ ਨੰ : MS 985 ਏ
ਸਿਰਲੇਖ : ਸਹਰਫੀ ਗੋਪੀ ਚੰਦ ਦੀ
ਲੇਖਕ : ਚੰਦ ਗੰਗਾ ਰੰਮ [ਰਾਮ]
ਪੱਤਰੇ : 29 ੳ - 34 ੳ
ਆਕਾਰ : 14 X 23 ਸ.ਮ. ਲਿਖਤ : 12 X 20 ਸ.ਮ.
ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ-15 ਹਨ।
ਆਮ ਵੇਰਵਾ : ਕਾਨੀ ਬਦਲੀ ਹੋਈ ਅਤੇ ਲਿਖਾਈ ਧੱਬਿਆਂ ਵਾਲੀ ਹੈ ਬਾਕੀ ਪੋਥੀ ਤੇ ਕਈ ਪਨਿਆਂ ਉਪਰ ਨੁਸਖੇ ਆਦਿ ਲਿਖੇ ਹੋਏ ਹਨ ।
ਆਰੰਭ : "ੴ ਸਤਿਗੁਰ ਪ੍ਰਸਾਦਿ ॥ ਸਹਰਫੀ ਗੋਪੀ ਚੰਦ ਦੀ ਛੈਰੀ ਗੰਗਾ ਰੰਮ ਦੀ ।।। ਅਲਫ ਆਏ ਗੋਪੀ ਚੰਦ ਨਾਉਣ ਲਾਗਾ । ਮਾਤਾ ਵੇਖ ਮਾਹਾਲੰ (ਮਹੱਲ) ਦੇ ਵਿਚਿ ਰੋਈ ॥ ਛਾਡ ਗੈ ਨੀ ਸੀਸੇ ਮਾਹਾਲ ਰਾਜੇ ਜਾਂਦੀ ਵਾਰ ਨਾ ਲੈਗਿਆਂ ਨਾਲ ਕੋਈ ॥"
ਅੰਤ : "ਕਾਫ ਕੰਮ ਲਾਹੀ ਵੇਖੋ ਮੋਤੀ ਸਾਡੇ । ਸਾਨੂ ਖੈਰ ਤਾ ਹੋਰ ਤੂ ਪੌਉ ਮਾਈ ॥ ਏਨਾ ਮੁਤੀਅ ਨਾਲੋ ਜੋਵਾਰ (ਜਵਾਰ) ਚੰਗੀ । ਜੇਦਿ ਖਾਦਿਆ ਨਾਥ ਦੀ ਭੁਖ ਸਾਈ ॥ ਜਿਸਦੇ ਖਾਦਿਆ ਰਬ ਨੂੰ ਯਾਦ ਕਰੀਏ । ਜਿਸ ਦੇ ਖਾਦਿਆਂ ਆਵਦੀ ਅਕਲ ਸਾਈ ॥ ॥ ॥ ॥ ੩੪॥"

ਹੱਥ ਲਿਖਤ ਨੰ : MS 986
ਸਿਰਲੇਖ : ਅਸਮੇਧ ਗ੍ਰੰਥ
ਲੇਖਕ : ਟਹਿਕਨ
ਲਿਖਾਰੀ : ਮਿਸਰ ਸੂਬੇ ਬ੍ਰਾਹਮਣ
ਸਮਾਂ : ਸੰਮਤ 1876 ਬਿਕ੍ਰਮੀ
ਸਥਾਨ : ਬੇਗਮ ਬਜਾਰ ਹੈਦਰਾਵਾਦ
ਪੱਤਰੇ : 1 ੳ-545 ਅ
ਆਕਾਰ : 25 X 19 ਸ.ਮ. ਲਿਖਤ : 19 X 14 ਸ.ਮ.
ਵੇਰਵਾ : ਜਿਲਦ ਗੱਤਾ ਰੈਕਸੀਅਨ। ਸਿਆਹੀ ਕਾਲੀ ਵਖਰੇਵੇਂ ਲਈ ਲਾਲ। ਹਾਸ਼ੀਆ ਦੋਵੇਂ ਪਾਸੇ ਦੋ ਦੋ ਲਾਲ ਵਿਚਕਾਰ ਇਕ ਕਾਲੀ ਲਕੀਰ । ਸਤਰਾਂ ਪ੍ਰਤੀ ਪੰਨਾ - 14 ਹਨ।
ਆਮ ਵੇਰਵਾ : ਕਈ ਪੱਤਰਿਆਂ ਤੋਂ ਪੋਥੀ ਕਾਗਜ ਦੀ ਚੇਪੀਆਂ ਲਗਾ ਕੇ ਜੋੜੀ ਹੋਈ । ਲਿਖਾਈ ਪੜ੍ਹਨ ਯੋਗ ਅਤੇ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ । ਪੋਥੀ ਦੀ ਹਾਲਤ ਆਮ ਕਰਕੇ ਠੀਕ ਠੀਕ ਹੈ ।
ਆਰੰਭ : " ੴ ਸ੍ਰੀ ਗਣੇਸਾਇ ਨਮ : ॥ ੴ ਸਤਿਗੁਰ ਪ੍ਰਸਾਦਿ ॥ ੐ ਸ੍ਰੀ ਕਾਲਕਯ ਨਮ: ਓ ਨੰਦ ਲਾਲੇ ਜਯਤਿ ॥ ਅਥ ਅਸ੍ਵਮੇਧ ਭਾਖਾ ਲਿਖਯਤੇ . ਕ੍ਰਿਤ ਕਵਿ ਟਹਿਕਨ ਕੀ ॥ ਚੌਪਈ ॥ ਪ੍ਰਿਥਮੋ ਪ੍ਰਣਵੋ ਗਿਰਜਾ ਨੰਦਨ ॥ ਸੰਕਰ ਤਨ ਗਨ ਬਿਘਨ ਨਿਕੰਦਨ ॥"
ਅੰਤ : "ਦੋ ॥ ਇਤਿ ਸ੍ਰੀ ਭਾਰਥ ਪ੍ਰਬਣੇ ਅਸ੍ਵਮੇਧ ਬਖਿਆਨੁ ॥ ਕਵਿ ਟਹਿਕਨਿ ਧਿਆਉ ਤ੍ਰਿਹਤ੍ਰਯਹਿਯ ਕ੍ਰਿਤ ਪੂਰਨ ਜਾਨਿ ॥੭੩॥ ਇਤ ਸ੍ਰੀ ਮਹਾਂਭਾਰਥ ਪੁਰਾਣੇ ਧਰਮ ਜਗਿ ਬਖਿਆਨੇ ਕ੍ਰਿਸ੍ਨ ਚਰਿਤ੍ਰ ਸੰਪੂਰਨੰ ॥ ਸਿਧਿ ਕਾਰਜ ਧਰਮ ਸੁਫਲ ਨਾਮ ਤ੍ਰਿਹਤ੍ਰ-ਮੋ ਧਿਆਇ ॥ ਅਸ੍ਵਮੇਧ ਜਗ ਪੋਥੀ ਸੰਪੂਰਨ ਹੋਈ ॥ ਸੰਮਤ ੧੮੭੬॥ ਜੇਠ ਸੁਦੀ ਦੂਜ ਕੋ ॥ = ਪੋਥੀ ਲਿਖੀ ਹੈਦਰਾਵਾਦ ਬੇਗਮ ਬਜਾਰ ਲਿਖੀ . ਮਿਸਰ ਸੂਬੇ ਬ੍ਰਹਮਣ ॥ = ॥"

ਹੱਥ ਲਿਖਤ ਨੰ : MS 987 ਸੰਗ੍ਰਹਿ
ਸਿਰਲੇਖ : ਕੁੰਡੀਆ
ਲੇਖਕ : ਗਿਰਧਰ, ਕਵਿ
ਪੱਤਰੇ : 1 ੳ - 11 ਅ
ਆਕਾਰ : 23X 17 ਸ.ਮ. ਲਿਖਤ : 16 X 11 ਸ.ਮ.
ਵੇਰਵਾ : ਜਿਲਦ ਤੋਂ ਬਗੈਰ। ਸਿਆਹੀ ਕਾਲੀ ਵਖਰੇਵੇਂ ਲਈ ਲਾਲ। ਹਾਸ਼ੀਆ ਦੋਵੇਂ ਪਾਸੇ ਦੋ ਦੋ ਲਾਲ ਲਕੀਰਾਂ। ਸਤਰਾਂ ਪ੍ਰਤੀ ਪੰਨਾ-14 ਹਨ।
ਆਮ ਵੇਰਵਾ : ਪੋਥੀ ਖਸਤਾ ਹਾਲਤ ਵਿਚ, ਪਾਸਿਆਂ ਤੋਂ ਚੇਪੀਆਂ ਲਗਾ ਕੇ ਜੋੜੀ ਹੋਈ । ਪਹਿਲੇ ਪੰਨੇ ਉਪਰ ਡੀਜ਼ਾਈਨ ਬਣਾਇਆ ਹੋਇਆ ਹੈ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ ।
ਆਰੰਭ : "ੴ ਸਤਿਗੁਰ ਪ੍ਰਸਾਦਿ ॥ ਕੁੰਡਲੀਆ ਛੰਦ ॥ ਦਮਰੀ ਚਮਰੀ ਸਿਸ ਗ੍ਰਿਹ ਹੈ ਸਨੇਹ ਇਨ ਬੀਚ॥ ਊਪਰ ਚਿੰਨ ਵਿਰਕਤ ਕਾ ਸੋਦੁਰ ਬੁਧੀ ਨੀਚ ॥"
ਅੰਤ : "ਕਹਿ ਗਿਰਧਰ ਕਵਿ ਗਾਇਨ ਛੁਟਤੀ ਚਿਦ ਜੜ ਗ੍ਰੰਥੀ ॥ ਜਬ ਲਗ ਗ੍ਰੀਵਾ ਮਾਹਿ ਕਾਠ ਕੀ ਲਟਕੇ ਕੰਠੀ ॥੯੩॥" =

ਹੱਥ ਲਿਖਤ ਨੰ : MS 987 ਅ
ਸਿਰਲੇਖ : ਛਪੈ
ਲੇਖਕ : ਰਜਬ
ਪੱਤਰੇ : 11 ਅ - 24 ਅ
ਆਕਾਰ : 23 X 17 ਸ.ਮ. ਲਿਖਤ : 16 X 11 ਸ.ਮ.
ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ-15 ਹਨ।
ਆਮ ਵੇਰਵਾ : ਲਿਖਾਈ ਧੱਬਿਆਂ ਵਾਲੀ, ਅਤੇ ਹਾਸ਼ੀਏ ਤੋਂ ਬਾਹਰ ਕੀਤੀ ਹੋਈ ਹੈ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ । ਪੋਥੀ ਦੀ ਹਾਲਤ ਆਮ ਕਰਕੇ ਠੀਕ ਠੀਕ ਹੈ ।
ਆਰੰਭ : "ੴ ਸਤਿਗੁਰ ਪ੍ਰਸਾਦਿ ॥ ਅਥ ਛਪੈ ਲਿਖਯਤੇ ॥ ਕ੍ਰਿਤ ਰੱਜਬ ਕੀ ॥ ਗੁਰ ਪੂਜਾ ਕਾ ਅਮਗੁ ॥ ਬੈਰਾਗ ਰਮੈ ਬਿਭੋ ਅਸ੍ਰ ਕੁਲ ਪਾਰਸ ਧਰੀਯਹਿ ॥ ਕਲਪ ਬ੍ਰਿਛ ਬਨ ਰਾਇ ਫੂਲ ਫਲ ਅਮਰ ਸੁ ਭਰੀਅਹਿ ॥"
ਅੰਤ : "ਦੋਹਰਾ ॥੪●॥ ਦਾਦੂ ਤੁਮ ਜੀਉਕੇ ਅਉਗਨ ਤਜੇ ਸੁ ਕਾਰਨ ਕਉਨ ਅਗਾਧ ॥ ਮੇਰੀ ਜਰਨਾ ਦੇਖ ਕੈ ਮਤ ਕੋਈ ਸੀਖੈ ਸਾਧ ੯●॥ ਛਪੈ ਸੰਪੂਰਨੰ ਰਜਬ ਜੀ ਕੇ ॥" ● ● ●

ਹੱਥ ਲਿਖਤ ਨੰ : MS 988
ਸਿਰਲੇਖ : ਭਾਗਵਤ ਦਸਮ ਸਕੰਧ ਅਤੇ ਇਕਾਦਸ ਸਕੰਧ
ਲਿਖਾਰੀ : ਨਾਨਕ ਦਾਸ
ਸਮਾਂ : ਸੰਮਤ 1841 ਬਿਕ੍ਰਮੀ
ਪੱਤਰੇ : 1 ੳ - 272 ਅ
ਆਕਾਰ : 34 X 22 ਸ.ਮ. ਲਿਖਤ : 26 X 16 ਸ.ਮ.
ਵੇਰਵਾ : ਜਿਲਦ ਗੱਤਾ ਚਮੜਾ ਟੁੱਟੀ ਹੋਈ ਹੈ । ਸਿਆਹੀ ਕਾਲੀ ਵਖਰੇਵੇਂ ਲਈ ਲਾਲ । ਸਤਰਾਂ ਪ੍ਰਤੀ ਪੰਨਾ - 14 ਹਨ।
ਆਮ ਵੇਰਵਾ : ਪੋਥੀ ਦੀ ਹਾਲਤ ਆਮ ਕਰਕੇ ਠੀਕ ਠੀਕ ਹੈ । ਲਿਖਾਈ ਧੱਬਿਆਂ ਵਾਲੀ, ਅਤੇ ਕਈ ਪੰਨਿਆਂ ਉਪਰ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ । ਹਾਸ਼ੀਏ ਤੋਂ ਬਾਹਰ ਵੀ ਲਿਖਤ ।

ਆਰੰਭ : "੧ੴ ਸ੍ਰੀ ਗਣੇਸਾਯਨ ਮਹ ॥ ੴਨਮੋ ਭਗਵਤੇ ਵਾਸਦੇਵਾਯਾ॥ ਸੋਰਠਾ ॥ ਬੰਦੋ ਚਰਣ ਸਰੋਜ ਗੋਪੀ ਬਲਭ ਸ੍ਰੀ ਰਮਨ ॥ ਮੋਹਨ ਕੋਟ ਮਨੋਜ ਹਰਣ ਅਖਲ ਕਲਮ ਲਗਹਨ ॥"

ਅੰਤ : "ਸਲੋਕ ॥ਦਸਮ ਸਮਾਪਤ ਹੋਯਾ ॥ ਗੁਰਦਾਸ ਕਾ॥ ਭੁਲ ਚੁਕ ਅਖਰ ਵਧ ਘਟ ਸਵਾਰ ਪੜਨਾ ਬਖਸ ਲੈਣਾ ॥ ਅਵਿਗਯਾ ਖਿਮਾ ਕਰਣੀ ॥ ਜੋ ਭੁਲ ਚੁਕ ਹੋਵੇ ਸੋ ਖਿਮਾ ਕਰਣੀ ॥੫॥ ਇਤਿ ਸ੍ਰੀ ਭਾਗਵਤੇ ਮਹਾਂਪੁਰਾਣੇ ਦਸਮ ਸਕੰਧੇ ਨਵੈ ਧਜਾਯ ॥੯●॥ ਸਮਾਪਤੰ ਮਸਤੁ ਸੁਭ ਮਸਤੁ ॥ ● ●" ਇਸ ਤੋਂ ਅੱਗੇ ਇਕਾਦਸ ਸਕੰਧ ਪੰਨਾ ਨੰਬਰ ੨੭੨ ਤੋਂ ਸ਼ੁਰੂ ਹੋ ਜਾਂਦਾ ਹੈ ਜੋ ਪੰਨਾ ਨੰਬਰ ੩੭੩ ਉ ਤੱਕ ਚਲਦਾ ਹੈ ਅਤੇ ੩੭੩ ਉ ਤੋਂ ਦੁਆਦਸ ਸਕੰਧ ਸ਼ੁਰੂ ਹੋ ਜਾਂਦਾ ਹੈ ॥

ਆਰੰਭ : "੧ੴਨਮੋਂ ਭਗਵਤੇ ਵਾਸਦੇਵਾਯਾ ॥ ਜੈ ਜੈ ਸਿੰਘ ਦਿਯਾਲ ਗੁਰ ਸੁਰਤ ਸਿਮ੍ਰਤ ਬਨ ਪਾਲ । ਜਾ ਮੁਖ ਧੁਨ ਸਿਖਨ ਰਛਕ ਮ੍ਰਗ ਗਜਾ ਦਾ ਮਘ ਕਾਲ॥ ਦੋਹਰਾ॥ ਸ੍ਰੀ ਗੁਰ ਪਰਮਾਨੰਦ ਨਮ ਸਤ ਆਨੰਦ ਸਰੂਪ ॥"

ਅੰਤ : "ਸੰਮਤ ਅਠਾਰਹਿ ਸੈ ਇਕਤਾਲੀ ਸਮਾ ਸਕਤ ਕੋ ਜਾਨ । ਏਕਾਦਸ ਸਨਵਾਰ ਕੋ ਪੂਰਣ ਭਯੋ ਪੁਰਾਨ ॥ ੧੮੪੧॥ ਇਤਿ ਸ੍ਰੀ ਭਾਗਵਤੇ ਮਹਾਂ ਪੁਰਾਣੇ ਦ੍ਵਾਦਸ ਸਕੰਧੇ ਤੇਰਵੋ ਧਜਾਯਾ ॥੧੩॥ ਸਮਾਪਤ ਮਸਤੁ ਸੁਭ ਮਸਤੁ ॥ ● ਸ੍ਰੀ ਰਾਮ ਕ੍ਰਿਸਨਾ ਤੇਰੀ ਸਰਣਾ॥" ● ।।। ● ।।।

ਹੱਥ ਲਿਖਤ ਨੰ : MS 989

ਸਿਰਲੇਖ : ਸੂਰ ਸਾਗਰ ਭਾਗਵਤ

ਲੇਖਕ : ਸੂਰਦਾਸ

ਪੱਤਰੇ : 1 ਉ - 142 ਉ

ਆਕਾਰ : 3 X 2 ਸ.ਮ. ਲਿਖਤ : 2 X 1 ਸ.ਮ.

ਵੇਰਵਾ : ਜਿਲਦ ਗੱਤਾ ਚਮੜਾ ਟੁੱਟੀ ਹੋਈ ਹੈ । ਸਿਆਹੀ ਕਾਲੀ ਵਖਰੇਵੇਂ ਲਈ ਲਾਲ । ਸਤਰਾਂ ਪ੍ਰਤੀ ਪੰਨਾ – 21 ਹਨ।

ਆਮ ਵੇਰਵਾ : ਲਿਖਾਈ ਚੰਗੀ, ਪਰ ਅਤੇ ਕਈ ਪੱਤਰਿਆਂ ਉਪਰ ਹੜਤਾਲ ਫੇਰਕੇ ਸੁਧਾਈ ਕੀਤੀ ਹੋਈ ਹੈ । ਕਈ ਪੱਤਰੇ ਜਿਲਦ ਬੰਦੀ ਸਮੇਂ ਕਟੇ ਹੋਏ ਹਨ । ਕਈ ਪੱਤਰਿਆਂ ਉਪਰ ਲਿਖਾਈ ਧੱਬਿਆਂ ਵਾਲੀ ਹੈ । ਪੋਥੀ ਦੀ ਹਾਲਤ ਠੀਕ ਠੀਕ ਹੈ ।

ਆਰੰਭ : "੧ੴਸਤਿਗੁਰ ਪ੍ਰਸਾਦਿ ॥ ਸੂਰ ਸਾਗਰ ਲਿਖਯਤੇ ॥ ਰਾਗ ਕਲਯਾਨ ॥ ਬੰਦੋ ਚਰਨ ਕਵਲ ਚਿਤ ਲਾਇ ॥ ਜਾਂ ਕੀ ਕ੍ਰਿਪਾ ਪਿੰਗ ਗਿਰ ਲੰਘੈ ਜਨਮ ਅੰਧ ਕੋ ਜਗ ਦਰ ਦਾਇ ॥ ਬਹਰੇ ਸਬਦ ਮੂਕ ਪੁਨ ਬੋਲੈ ਰੰਕ ਚਲੈ ਸਿਰ ਛਤ੍ਰ ਢਰਾਇ ॥ ਸੂਰ ਦਾਸ ਸ੍ਵਾਮੀ ਕਰੁਨਾ ਮੈ ਬਾਰ ਬਾਰ ਬੰਦੋ ਤਿਹ ਪਾਇ॥"

ਅੰਤ : "ਸੋ ਰਾਜਾ ਮੈ ਤੁਮ ਸੋ ਕਹਯੋ ॥ ਸੁਕ ਜਿਉ ਨ੍ਰਿਪ ਸੋ ਕਹਿ ਸਮਝਾਇਓ ॥ ਸੂਰਦਾਸ ਤਿਉ ਹੀ ਕਹਿ ਗਾਇਓ ॥॥
ਇਤਿ ਸ੍ਰੀ ਭਾਗਵਤੇ ਮਹਾਂ ਪੁਰਾਣੇ ਮਹਾਂਪੁਰਾਣੇ ਸੂਰਦਾਸ ਕ੍ਰਿਤ ਊਨਵਮ ਸਕੰਧੇ ਸਮਾਪਤੰ ॥ ੯॥ ਸਮਾਪਤੰ ਭੂਯਾਤ ਸੁਭੰ॥ = ॥"
ਇਸ ਤੋਂ ਬਾਅਦ ਇਕ ਦੋਹਰਾ ਲਿਖਿਆ ਹੋਇਆ ਹੈ ॥

ਹੱਥ ਲਿਖਤ ਨੰ : MS 990

ਸਿਰਲੇਖ : ਪਰਚੀ ਪਾਤਸਾਹੀ ਦਸਵੀਂ ਕੀ

ਲਿਖਾਰੀ : ਸੇਵਕ ਦਾਸ, ਉਦਾਸੀ

ਪੱਤਰੇ : 1 ੳ - 351 ਅ

ਆਕਾਰ : 17 X 12 ਸ.ਮ. ਲਿਖਤ : 13 X 8 ਸ.ਮ.

ਵੇਰਵਾ : ਜਿਲਦ ਗੱਤਾ ਚਮੜਾ ਟੁੱਟੀ ਹੋਈ ਹੈ । ਸਿਆਹੀ ਕਾਲੀ। ਸਤਰਾਂ ਪ੍ਰਤੀ ਪੰਨਾ-6 ਹਨ।

ਆਮ ਵੇਰਵਾ : ਪੋਥੀ ਦੀ ਹਾਲਤ ਬਹੁਤ ਵਧੀਆ ਨਹੀਂ, ਲਖਾਈ ਠੀਕ ਠੀਕ ਹੈ । ਕਈ ਪੱਤਰਿਆਂ ਉਪਰ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ । ਪੋਥੀ ਦੇ ਅਖੀਰ ਵਿਚ ਕਈ ਪੱਤਰੇ ਪਾਣੀ ਦੇ ਭਿੱਜੇ ਹੋਏ ਹਨ ਅਤੇ ਲਿਖਤ ਸਪਸ਼ਟ ਨਹੀਂ ਹੈ । ਅਖੀਰ ਵਿਚ ਗੁਰ ਪ੍ਰਣਾਲੀ ਦਿਤੀ ਹੋਈ ਹੈ ॥

ਆਰੰਭ : "ੴ ਸੇਤਿਗੁਰ ਪ੍ਰਸਾਦਿ ॥ ਅਥ ਪਰਚੀ ਪਾਤਿਸਾਹੀ ਦਸਵੀਂ ਕੀ ਮ:੧ ॥ ਪ੍ਰਥਮੇ ਦਸਾਂ ਮਹਲਾ ਕੇ ਨਾਮ ਲਿਖੈ ॥"

ਅੰਤ : "ਮਾਤਾ ਸੁੰਦਰੀ ਤਿਨਕੇ ਘਰ ਅਜੀਤ ਸਿੰਘ ਦੂਸਰੇ ਮਾਤਾ ਜੀਤੋਜੀ ਤਿਨ ਕੇ ਝੁਝਾਰ ਸਿੰਘ ਜੀ ਜੋਰਾਵਰ ਸਿੰਘ ਜੀ ਫਤੇ ਸਿੰਘ ਜੀ ਤੀਸਰੀ ਮਾਤਾ ਸਾਹਿਬ ਦੇਵੀ ਤਿਨ ਕੇ ਕੁਛ ਨਹੀਂ ॥ ਫੇਰ ਦਸਾਂ ਪਾਤਸਾਹ ਜੀ ਬਖਸ ਖਾਲਸੇ ਪਰ ਹੂਈ ॥" = ॥ = ॥

ਹੱਥ ਲਿਖਤ ਨੰ : MS 991

ਸਿਰਲੇਖ : ਰਾਜਨੀਤ

ਲੇਖਕ : ਤਨਸੁਖ, ਕਵੀ

ਸਮਾਂ : ਸੰਬਤ 1942

ਪੱਤਰੇ : 1 ੳ - 255 ਅ

ਆਕਾਰ : 17 X 13 ਸ.ਮ. ਲਿਖਤ : 13 X 10 ਸ.ਮ.

ਵੇਰਵਾ : ਜਿਲਦ ਗੱਤਾ ਕਪੜਾ। ਸਿਆਹੀ ਕਾਲੀ ਵਖਰੇਵੇਂ ਲਈ ਲਾਲ। ਹਾਸ਼ੀਆ ਪਹਿਲੇ ਪੱਤਰੇ ਉਪਰ ਡੀਜ਼ਾਈਨਦਾਰ, ਬਾਕੀ ਪੱਤਰਿਆਂ ਉਪਰ ਦੋ ਦੋ ਲਾਲ ਲਕੀਰਾਂ, ਵਿਚਕਾਰ ਇਕ ਕਾਲੀ ਲਕੀਰ। ਸਤਰਾਂ ਪ੍ਰਤੀ ਪੰਨਾ - 10 ਹਨ।

ਆਮ ਵੇਰਵਾ : ਪਹਿਲੇ ਪੱਤਰੇ ਉਪਰ ਨੁਸਖਾ ਲਿਖਿਆ ਹੋਇਆ । ਲਿਖਾਈ ਸਾਫ ਪਰ ਕਿਧਰੇ ਕਿਧਰੇ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ ।ਹਾਸ਼ੀਏ ਤੋਂ ਬਾਹਰ ਵੀ ਲਿਖਤ । ਪੋਥੀ ਦੀ ਹਾਲਤ ਆਮ ਕਰਕੇ ਠੀਕ ਠੀਕ ।

ਆਰੰਭ : "ੴ ਸੇਤਿਗੁਰ ਪ੍ਰਸਾਦਿ ॥ ਅਥ ਰਾਜਨੀਤ ਲਿਖਿਯਤੇ ॥ ਕ੍ਰਿਤ ਕਵਿ ਤਨਸੁਖ ॥ ਚਉਪਈ ॥ ਪ੍ਰਿਥਮੇ ਰਾਧੋ ਏਕੰਕਾਰਾ ॥ ਜਗਤੁ ਸਾਜਾ ਜੁ ਜਿਹਿ ਕੀਆ ਪਸਾਰਾ ॥ ਤੀਨ ਭਾਂਤ ਕਰਿ ਸ੍ਰਿਸ੍ਰੂ ਉਪਾਈ॥ ਸੂਛਮ ਅਉ ਅਸਥੂਲ ਬਨਾਈ ॥"

ਅੰਤ : "ਜੈਸੇ ਹਿਰਦੈ ਬੁਧ ਹੀ ਤੈਸੇ ਕਹੋ ਸੁਨਾਇ ॥ ਅਛਰ ਕੀ ਜਹਿ ਟੂਟ ਹੋਇ ਪੜੀਅਹੁ ਗੁਨੀ ਬਨਾਇ ॥ ੩੩੪ ॥ ਜੋੜ ੧੩੨੪ ॥ ਇਤ ਹਿਤ ਉਪਦੇਸ਼ ਸਪੂਰਨੰ ॥ ਰਾਜਨੀਤ ਯਹ ਗ੍ਰੰਥ ਹੈ ਲਿਖਯਾ ਖੂਬ ਬਨਾਇ ॥ ਸਾਵਣ ਵਦੀ ਪੰਚ ਕੋ ਪੂਰਾ ਭਿਆ ਆਇ ॥ ਸਾਲ ਉਨੀ ਸੈ ਬਤਾਲੀਏ ਦੇ ਵਿਚ ਪੂਰਾ ਹੋਇਆ ॥" ਕਾਨੀ ਬਦਲਕੇ "ਪੁਸਤਕ ਲਿਖੀ ਉਨੀ ਸੈ ਬਤਾਲੀਏ ਮੇ ॥"

ਹੱਥ ਲਿਖਤ ਨੰ : MS 992

ਸਿਰਲੇਖ : ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਿਯਾਇਹੈ ਸੰਪਰਦਾ ਭਾਈ ਮਨੀ ਸਿੰਘ

ਆਕਾਰ : 1 X 1 ਸ.ਮ. ਲਿਖਤ : 1 X 1 ਸ.ਮ.

ਵੇਰਵਾ : ਜਿਲਦ ਗੱਤਾ ਕਪੜਾ। ਸਿਆਹੀ ਕਾਲੀ। ਹਾਸ਼ੀਆ ਦੋਵੇਂ ਪਾਸੇ ਦੋ ਦੋ ਨੀਲੀਆਂ ਲਕੀਰਾਂ। ਸਤਰਾਂ ਪ੍ਰਤੀ ਪੰਨਾ – 25 ਹਨ।

ਆਮ ਵੇਰਵਾ : ਗ੍ਰੰਥ ਕ੍ਰਿਮ ਖੁਰਦਾ, ਲਿਖਾਈ ਚੰਗੀ । ਗ੍ਰੰਥ ਦੀ ਹਾਲਤ ਠੀਕ ਠੀਕ। ਕੁੱਝ ਪੱਤਰੇ ਤੇ ਧਬਿਆਂ ਵਾਲੀ ਲਿਖਾਈ ।

ਆਰੰਭ : "ੴ ਸਤਿਗੁਰ ਪ੍ਰਸਾਦਿ ॥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੇ ਪ੍ਰਿਯਾਇਹੈ ਸਾਹਿਬ ਦਸਵੀਂ ਪਾਤਿਸਾਹੀ ਤੇ ਭਾਈ ਮਨੀ ਸਿੰਘ ਜੀ ਨੇ ਪੜੇ ਤਿਨਾ ਤੇ ਭਾਈ ਦਵਾਨ ਸਿੰਘ ਜੀ ਤਿਨਾ ਤੇ ਭਾਈ ਗੁਰਦਿਆਲ ਸਿੰਘ ਜੀ ਤਿਨਾ ਤੇ ਭਾਈ ਖਜਾਨ ਸਿੰਘ ਜੀ ਪੜੇ ॥ ਸਤਿਨਾਮ ਕਹੀਏ ਸਤਿ ਹੈ ਨਾਮ ਤੇ ਰੂਪ ਜਿਸ ਕਾ ਔਰ ਰੂਪ ਝੂਠੇ ਹੈ ॥"

ਅੰਤ : "ਬੈਰਾਗੀ ਸੋ ਹੈ ਜੁ ਬੈਰਾਗ ਵਹਬੇ ਮੁਲ ਮੈ ਆਵੈ ॥ ਸਿਵਕੀ ਪ੍ਰਾਪਤੀ ਕੇ ਸਕਤੀ ਕੇ ਨਿਵਰਤ ਕਰਣੇ ਕੇ ਕਰਮ ਕਰੈ ॥ ਮਮੈ ਮਨੌਂਤ ਤਿਆਗੀ ॥ ਬੀਸ ਮਣ ਲੂਣ ਲਗਤਾ ਹੈ ਮੇਲੇ ਕੋ ॥ ਵਾ ਸਾਰੀ ਸੰਗਤ ਕਾ ਇਕਠਾ ਲੰਗਰ । ਵਾਹ ਸਾਢੇ ਤਿੰਨ ਸੇਰ ਕਾ ਮਣ ਹੈ ਤਹਾ ॥੧॥੧੯॥ ਸਾਲ ਸਾਉਣ ਸੁਦੀ ਏਕਮ ਦਿਨ ਛਨੀ ਵਾਰੇ ॥ = ॥ ="

ਹੱਥ ਲਿਖਤ ਨੰ : MS 993 ਸੰਗ੍ਰਹਿ

ਸਿਰਲੇਖ : ਪਾਕਨਾਮਾ ਸਾਖੀ ਮੱਕੇ ਮਦੀਨੇ ਕੀ

ਪੱਤਰੇ : 1 ੳ - 264 ਅ – 265 ੳ , ਫਟਿਆ ਹੋਇਆ

ਆਕਾਰ : 16 X 11 ਸ.ਮ. ਲਿਖਤ : 11 X 17 ਸ.ਮ.

ਵੇਰਵਾ : ਜਿਲਦ ਗੱਤਾ ਚਮੜਾ, ਟੁੱਟੀ ਹੋਈ। ਸਿਆਹੀ ਕਾਲੀ ਵਖਰੇਵੇਂ ਲਈ ਲਾਲ। ਹਾਸ਼ੀਆ ਦੋਵੇਂ ਪਾਸੇ ਦੋ ਦੋ ਲਾਲ ਲਕੀਰਾਂ, ਵਿਚਕਾਰ ਇਕ ਕਾਲੀ ਲਕੀਰ। ਸਤਰਾਂ ਪ੍ਰਤੀ ਪੰਨਾ – 8 ਹਨ।

ਆਮ ਵੇਰਵਾ : ਜਿਲਦ ਉਖੜੀ ਹੋਈ ਹੋਣ ਕਾਰਨ, ਪੱਤਰੇ ਵੀ ਉਖੜੇ ਹੋਏ ਹਨ। ਲਿਖਾਈ ਹਾਸ਼ੀਏ ਤੋਂ ਬਾਹਰ, ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ । ਪੋਥੀ ਕਈ ਥਾਵਾਂ ਤੋਂ ਭਿੱਜੀ ਹੋਈ ਹੈ । ਲਿਖਤ ਚੰਗੀ , ਪੋਥੀ ਦੀ ਹਾਲਤ ਠੀਕ ਠੀਕ । ਅੰਤ ਤੇ ਇਕ ਪੰਨਾ ਫਟਿਆ ਹੋਇਆ ਹੈ ॥

ਆਰੰਭ : "ੴ ਸਤਿਗੁਰ ਪ੍ਰਸਾਦਿ ॥ ਪਾਕਨਾਮਾ ਸਾਖੀ ਮੱਕੇ ਮਦੀਨੇ ਕੀ ॥ ਨਸੀਹਤ ਨਾਮਾ ਬਾਬੇ ਨਾਨਕ ਜੀ ਕਾ ॥ ਸਾਹ ਸਰਫ ਤਹਾ ਰੁਕਨਦੀ ਨਾਲਿ ਹੋਇਆ – ਰਾਗੁ ਤਿਲੰਗ ਮਹਲਾ॥੧॥"

ਅੰਤ : "ਪੀਰ ਪੈਕੰਬਰ ਸਾਲਿਕ ਸਾਦਿਕ । ਖਲਕਿਤਿ ਮਰੇ ਸਦਾ ਥਿਰੁ ਖਾਲਕਿ ॥ ਜੋ ਦੀਸੈ ਸੋ ਸਗਲ ਸਿਧਾਵੈ ॥ ਕਾਲੁ ਸਬਲੁ ਨਹੀ ਛੁਟਨਿ ਪਾਵੈ ॥" ਅੱਗੇ ਪੱਤਰਾ ਫਟਿਆ ਹੋਇਆ ਲਿਖਤ ਵੀ ਫੱਟੀ ਹੋਈ ਹੈ ।

ਹੱਥ ਲਿਖਤ ਨੰ : MS 993 ਅ

ਸਿਰਲੇਖ : ਗੋਸਟਿ ਗੁਰੂ ਬਾਬੇ ਨਾਨਕ ਜੀ ਕੀ ਅਜਿਤੇ ਰੰਧਾਵੇ ਨਾਲਿ

ਪੱਤਰੇ : 266 ੳ - 367 ਅ

ਆਕਾਰ : 16 X 11 ਸ.ਮ. ਲਿਖਤ : 11 X 7 ਸ.ਮ.

ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ – 8 ਹਨ।

ਆਮ ਵੇਰਵਾ : ਲਿਖਾਈ ਹਾਸ਼ੀਏ ਤੋਂ ਬਾਹਰ ਕੀਤੀ ਹੋਈ ਹੈ ।ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ । ਪੋਥੀ ਦੇ ਇਸ ਭਾਗ ਦੀ ਹਾਲਤ ਆਮ ਕਰਕੇ ਠੀਕ ਠੀਕ ਹੈ ।

ਆਰੰਭ : "ੴ ਸਤਿਗੁਰ ਪ੍ਰਸਾਦਿ ॥ ਸਾਖੀ ਮਲਾ ੧ ਗੋਸਟਿ ਗੁਰੂ ਬਾਬੇ ਨਾਨਕ ਜੀ ਕੀ ਅਜਿਤੇ ਰਧਾਵੇ ਨਾਲਿ ਹੋਈ ॥ ਨਗਰ ਕਰਤਾਰ ਪੁਰ ਵਿਚ ਹੋਈ ॥"

ਅੰਤ : "ਏਹ ਗੁਰੂ ਕੇ ਵਚਨ ਹੈਨ ਮਨ ਵਿਚ ਰਖੈਗਾ ਕਮਾਵੈਗਾ ਤਿਸ ਦੇ ਕੰਮ ਆਦਿ ਅੰਤ ਹੋਵਨਗੇ॥ ਸਾਖੀ ਸੰਪੂਰਨ ਹੋਈ ॥ ਨਗਰ ਕਰਤਾਰਪੁਰ ਵਿਚ ॥ ਸਤਿਗੁਰ ਕੇ ਪ੍ਰਸਾਦਿ ॥ ਅਖਰ ਪੜਨਾ ਸੋਧ ਕੈ ਸਤਿਗੁਰ ਕੀ ਮਤਿ ਲੇਇ ॥ ਜੋ ਭੁਲ ਚੁਕ ਹਮਤੇ ਜਿੰਦ ਗੁਰਦੇਵ ॥੧॥ ਗੁਰੂ ਜਪਣਾ ਜਨਮ ਸਵਾਰਣਾ ॥ ਦੋਹਰਾ ॥ ਗੁਰੂ ਗੁਰੂ ਗੁਰੂ ਜੋ ਜਪੈ ਧੰਨ ਹੈ ਗੁਰਮੁਖ ਸੰਤ ॥ ਭਉ ਕੇ ਬਚਨ ਜੋ ਜਨ ਪੜੈ ਸਹਾਇ ਕਰੇ ਭਗਵੰਤ ॥ ਅੱਖਰ ਪੜ ਕੇ ਸੋਧ ਕਰਿ ਜੋ ਘਾਟਾ ਬਾਧਾ ਹੋਇ ਤਿਸ ਕੇ ਕਾਰਜ ਹੋਣ ਸਭ ਪ੍ਰੀਕ ਕਰਿ ਕੈ ਪੜੈ ॥੩॥ ੨ ਸੰਪੂਰਨ॥"

ਹੱਥ ਲਿਖਤ ਨੰ : MS 993 ਏ
ਸਿਰਲੇਖ : ਮਹਾ ਰਮਾਇਣ ਜੋਗ ਬਸਿਸ੍ਟ ਭਾਖਾ
ਪੱਤਰੇ : 1 ਓ - 208 ਓ
ਆਕਾਰ : 16 X 11 ਸ.ਮ. ਲਿਖਤ : 11 X 7 ਸ.ਮ.
ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ – 7 ਹਨ।
ਆਮ ਵੇਰਵਾ : ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ । ਲਿਖਾਈ ਚੰਗੀ । ਪੋਥੀ ਦੀ ਹਾਲਤ ਠੀਕ ਠੀਕ ਹੈ।
ਆਰੰਭ : "ੴ ਸਤਿਗੁਰ ਪ੍ਰਸਾਦਿ ॥ ਮਹਾ ਅਥਿ ਰਮਾਇਣ ਜੋਗ ਬਸਿਸ੍ਟ ਭਾਖਾ ਲਿਖਤੇ ॥ ਵੈਰਾਗ ਪ੍ਰਕਰਣ॥ ਸਤਿ ਚਿਤ ਆਨੰਦ ਰੂਪ ਜੋ ਆਤਮਾ ਜੋ ਹੈ ਤਿਸ ਕੌ ਨਮਸਕਾਰ ਹੈ ॥ ਕੈਸਾ ਹੈ ਸਤ ਚਿਤ ਆਨੰਦ ਰੂਪ ਸੋ ਆਤਮਾ ਕਹਤ ਹੈ ॥"
ਅੰਤ : "ਅਰ ਹਮ ਜੋ ਸਭ ਹੀ ਬੈਠੇ ਹਹਿ ॥ ਹਮਾਰੇ ਵਿਦਮਾਨ ਇਸ ਕੋ ਗਿਆਨੁ ਨ ਹੋਵੈਗਾ । ਤਉਂ ਜਾਣੀਐ ਜੋ ਹਮ ਸਭ ਹੀ ਮੂਰਖ ਬੈਠੇ ਹੈ ॥੨੯ ॥ ਇਤ ਸ੍ਰੀ ਵੈਰਾਗ ਪ੍ਰਕਰਣ ਮੋਛ ਉਪਾਏ ਨਾਮ ਸਰਗਹਿ ॥ ਵੈਰਾਗ ਪ੍ਰਕਰਣ ਸੰਪੂਰਣ॥"

ਹੱਥ ਲਿਖਤ ਨੰ : MS 993 ਸ
ਸਿਰਲੇਖ : ਕਥਾ ਸਤਿਜੁਗ ਕੀ
ਪੱਤਰੇ : 209 ਓ - 251 ਅ
ਆਕਾਰ : 16 X 11 ਸ.ਮ. ਲਿਖਤ : 11 X 7 ਸ.ਮ.
ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ – 8 ਹਨ।
ਆਮ ਵੇਰਵਾ : ਲਿਖਾਈ ਸੁੰਦਰ । ਪੋਥੀ ਦੀ ਹਾਲਤ ਠੀਕ ਠੀਕ ਹੈ ।
ਆਰੰਭ : "ੴ ਸਤਿਗੁਰ ਪ੍ਰਸਾਦਿ ॥ ਕਥਾ ਸਤਿਜੁਗ ਕੀ ॥ ਜਬ ਰਾਜੇ ਜਨਮੇਜੇ ਕਉ ਅਠਾਰਹ ਕੁਸਟ ਹੂਏ ਬ੍ਰਾਹਮਣ ਮਾਰੇ ਤੇ ॥ ਤਬ ਕੁਸਟ ਉਤਾਰਨੇ ਕੇ ਤਾਈਂ ਬਿਆਸ ਗੁਸਾਈ ਲਾਗਾ ਕੱਥਾ ਸੁਨਾਵਣੇ ॥ ਏਹ ਕਥਾ ਤ੍ਰੇਵੀਂ ਹੈ ॥ ੨੩॥ ਸਤਿ ਜੁੱਗ ਕੀ ਹੈ ॥"
ਅੰਤ : "ਰਾਜੇ ਜਨਮੇਜੇ ਕਉ ਗੁਸਾਈ ਬਿਅਸ ਸੁਣਾਈ ॥ ਤਿਸ ਕਾ ਕੁਸਟੁ ਦੂਰ ਹੋਇ ਗਇਆ ॥ ਕਥਾ ਨਾਸਕ੍ਰੇਤ ਕੀ ਸੰਪੂਰਨ ਹੋਈ ॥ ਬੋਲਹੁ ਸਗਲੇ ॥ ਰਾਮ ਰਾਮ ਰਾਮ ਰਾਮ ਰਾਮ ਗੁਰੂ ਨਾਮ ਕਰਤਾ ਪੁਰਖ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥"

ਹੱਥ ਲਿਖਤ ਨੰ : MS 996 ਸੰਗ੍ਰਹਿ
ਸਿਰਲੇਖ : ਗੋਸਟਾਂ, ਸੋਢੀ ਮਿਹਰਵਾਨ ਜੀ
ਸਮਾਂ : ਸੰਮਤ 1875 ਬਿਕ੍ਰਮੀ

ਪੱਤਰੇ : 1 ੳ - 320 ਅ

ਆਕਾਰ : 18 X 14 ਸ.ਮ. ਲਿਖਤ : 12 X 9 ਸ.ਮ.

ਵੇਰਵਾ : ਜਿਲਦ ਗੱਤਾ ਕਪੜਾ। ਸਿਆਹੀ ਕਾਲੀ ਵਖਰੇਵੇਂ ਲਈ ਲਾਲ। ਹਾਸ਼ੀਆ ਦੋਵੇਂ ਪਾਸੇ ਦੋ ਦੋ ਲਾਲ ਲਕੀਰਾਂ । ਸਤਰਾਂ ਪ੍ਰਤੀ ਪੰਨਾ – 9 ਹਨ।

ਆਮ ਵੇਰਵਾ : ਲਿਖਾਈ ਸੁੰਦਰ । ਪੋਥੀ ਦੀ ਹਾਲਤ ਠੀਕ ਠੀਕ ਹੈ । ਕਈ ਪੱਤਰਿਆਂ ਉਪਰ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ । ਹਾਸ਼ੀਏ ਤੋਂ ਬਾਹਰ ਵੀ ਲਿਖਤ ॥

ਆਰੰਭ : "ਸ੍ਰੀ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰ ਅਕਾਲ ਪੂਰਤ ਅਜੂਨੀ ਸੰਭੂ ॥ ਸ੍ਰੀ ਸਤਿਗੁਰੂ ਜੀ ਕੇ ਪ੍ਰਸਾਦਿ ॥ ਗੋਸ੍ਰ ਪਹਿਲੀ ਚਲੀ, ਸ੍ਰੀ ਗੁਰੂ ਮਿਹਰਵਾਨ ਜੀ ਕੀ ॥ ਜਿ ਕੋਈ ਪ੍ਰੀਤਿ ਸਾਥਿ ਧਿਆਨੁ ਸਾਥਿ ਆਤਮਾ ਸੁਧ ਕਰਿ ਕਰਿ ਲਿਵ ਨਾਲਿ ਲਿਖੇ ਪੜੇ ਸੁਣੇ ਤਿਸ ਕਾ ਜਮਣਾ ਮਰਣੁ ਕਟੀਐ ॥"

ਅੰਤ : "ਜਨੁ ਨਾਨਕ ਤਤੁ ਬੀਚਾਰਿਆ ਜਾਂਕਾ ਅਮਤੁ ਨ ਪਾਰਾਵਾਰੁ ॥੧੪੭॥ ਸੈਤਾਲੀ ਗੋਸ੍ਰ ਪੂਰੀਆ ਹੋਈਆ ਗੁਰੂ ਜੀ ਕੇ ਪ੍ਰਸਾਦਿ ਸੰਮਤੁ ੧੮੭੫॥ ਮਿਤੀ ਵੈਸਾਖ ਸੁਦੀ ੧ ਪੋਥੀ ਸੰਪੂਰਨ ਹੋਈ॥ ਅਖਰੁ ਵਧ ਘਟ ਸਮਝ ਲੈਣਾ ਗੁਰੂ ਕਾ ਬੋਲਨਾ ਗੁਰੂ ਹੀ ਜਾਣੈ ਮਹਾਰਾਜ ਕੀ ਟੁਕਾ ਪੈਰੀ ਪਵਨਾਵਨਾ ਖੁਸੀ ਕਰਨੀ ਗੁਰੂ ਚਿਤ ਆਵੈ ॥"

ਹੱਥ ਲਿਖਤ ਨੰ : MS 996 ਅ

ਸਿਰਲੇਖ : ਪ੍ਰੇਮ ਅੰਬੋਧ ਪਰਚੀਆਂ ਪ੍ਰੇਮ ਭਗਤਾ ਕੀਆ

ਸਮਾਂ : ਸੰਮਤ 1875 ਬਿਕ੍ਰਮੀ

ਪੱਤਰੇ : 1 ੳ - 209 ੳ

ਆਕਾਰ : 18 X 14 ਸ.ਮ. ਲਿਖਤ : 12 X 9 ਸ.ਮ.

ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ – 9 ਹਨ।

ਆਮ ਵੇਰਵਾ : ਕਾਨੀ ਬਦਲੀ ਹੋਈ, ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ।ਹਾਸ਼ੀਏ ਤੋਂ ਬਾਹਰ ਵੀ ਲਿਖਤ । ਪੋਥੀ ਦੀ ਹਾਲਤ ਠੀਕ ਠੀਕ ਹੈ ।

ਆਰੰਭ : "ੴ ਸਤਿਗੁਰ ਪ੍ਰਸਾਦਿ ॥ ਪ੍ਰੇਮ ਅੰਬੋਧ ਪੋਥੀ ਪ੍ਰਚੀਆਂ ਪ੍ਰੇਮ ਭਗਤਾ ਕੀਆਂ ॥੧॥ਦੋਹਰਾ॥"

ਅੰਤ : "ਪ੍ਰੇਮ ਅਬੋਧ ਪੋਥੀ ਕਾ ਨਾਮੁ ॥ ਪੜਤ ਸੁਨਤ ਹੈ ਸੁਖ ਬਿਸਰਾਮ ॥੬੧॥ ਦੋਹਰਾ ॥ ਪ੍ਰੇਮ ਮਹੋਦਧ ਪੈਠਿ ਕੈ ਜੇ ਕੋ ਗੋਤਾ ਲੇਇ ॥ ਹਰਿ ਰਤਨ ਅਮੋਲਕ ਹਾਥਿ ਤਿਸੁ ਸਹਜੇ ਸਤਿਗੁਰ ਦੇਇ ॥੧॥੧੬॥"

ਹੱਥ ਲਿਖਤ ਨੰ : MS 997 ਸੰਗ੍ਰਹਿ

ਸਿਰਲੇਖ : ਪਾਰਸ ਭਾਗ

ਸਮਾਂ : ਸੰਬਤ 1906

ਪੱਤਰੇ : 1 ਅ - 335 ਅ

ਆਕਾਰ : 25 X 34 ਸ.ਮ. ਲਿਖਤ : 14 X 24 ਸ.ਮ.

ਵੇਰਵਾ : ਜਿਲਦ ਗੱਤਾ ਰੈਕਸੀਅਨ। ਸਿਆਹੀ ਕਾਲੀ ਵਖਰੇਵੇਂ ਲਈ ਲਾਲ। ਹਾਸ਼ੀਆ ਚਾਰੇ ਪਾਸੇ ਦੋਹਰਾ ਹਾਸ਼ੀਆ ਪੀਲੀਆਂ, ਲਾਲ ਅਤੇ ਨੀਲੀਆਂ ਲਕੀਰਾਂ । ਸਤਰਾਂ ਪ੍ਰਤੀ ਪੰਨਾ – 21 ਹਨ।

ਆਮ ਵੇਰਵਾ : ਪੋਥੀ ਪੰਨਾ ੧ ਅ ਤੋਂ ਸ਼ੁਰੂ ਹੁੰਦੀ ਹੈ । ਲਿਖਾਈ ਸੁੰਦਰ, ਕਿਧਰੇ ਕਿਧਰੇ ਹਾਸ਼ੀਏ ਤੋਂ ਬਾਹਰ ਵੀ ਲਿਖਾਈ ਕੀਤੀ ਹੋਈ ਹੈ । ਪੋਥੀ ਦੀ ਹਾਲਤ ਠੀਕ ਠੀਕ ਹੈ ।

ਆਰੰਭ : "੧ਓ ਸਤਿਗੁਰ ਪ੍ਰਸਾਦਿ ॥ ਅਥ ਨਾਂਵੇ ਸਰਗ ਵਿਖੈ ਅਭਿਮਾਨ ਅਹੰਕਾਰ ਕਾ ਉਪਾਉ ਵਰਨਨ ਹੋਵੈਗਾ ॥"

ਅੰਤ : "ਅਰੁ ਸਿਬਲੀ ਕੌ ਬੰਦੀ ਖਾਨੇ ਵਿਖੈ ਜਬ ਮਿਤ੍ਰ ਮਿਲਣੇ ਆਏ ਥੇ ॥ ਤਬ ਸਿਬਲੀ ਨੇ ਪਰੀਖਿਆ ਕੇ ਨਮਿਤ ਉਨ ਕੋ ਪਾਥਰ ਮਾਰੇ ॥ ਤਬ ਵਹੁ ਭਾਗ ਗਏ ॥ ਬਹੁੜ ਸਿਬਲੀ ਕਹਾ ਜੋ ਤੁਮ ਝੂਠੇ ਮਿਤ੍ਰ ਹੋ॥ ਕਾਹੇ ਤੇ ਜੋ ਮਿਤ੍ਰ ਕੇ ਦੁਖ ਵਿਖੈ ਮਿਤ੍ਰ ਕਉ ਦੁਖ ਨਹੀ ਭਾਸਤਾ ॥੯॥ ਇਤਿ ਸ੍ਰੀ ਪ੍ਰੀਤ ਪ੍ਰੇਮ ਅਰੁ ਮਹਾਰਾਜ ਕੀ ਰਜਾਇ ਵਰਨਨੰ ਨਾਮ ਸਰਗਹ ॥ ॥ ਸ੍ਰੀ ਪਾਰਸ ਭਾਗ ਸੰਪੂਰਣੰ ॥ ਸੁਭੰ॥ ਦੋਹਰਾ॥ ਲਿਖਨਹਾਰ ਭੁਲੇ ਜਹਾਂ ਪਢੀਯੋ ਸੁੱਧ ਬਨਾਇ ॥ ਮਾਨਸ ਭੂਲੇ ਛਿਨਕ ਮੈ ਹੈ ਅਭੁੱਲ ਰਘੁ ਰਾਇ ॥ ੧॥ =॥ ="

ਹੱਥ ਲਿਖਤ ਨੰ : MS 997 ਅ

ਸਿਰਲੇਖ : ਸੁਖਨ ਸਾਂਈਂ ਲੋਕਾ ਕੇ

ਪੱਤਰੇ : 335 ਅ - 369 ਅ

ਆਕਾਰ : 25 X 34 ਸ.ਮ. ਲਿਖਤ : 14 X 24 ਸ.ਮ.

ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ – 21 ਹਨ।

ਆਮ ਵੇਰਵਾ : ਕਈ ਪੰਨਿਆਂ ਉਪਰ ਡੀਜ਼ਾਈਨ ਬਣਾ ਕੇ ਲਿਖਾਈ ਕੀਤੀ ਹੋਈ ਹੈ । ਲਿਖਾਈ ਸੁੰਦਰ, ਪੋਥੀ ਦੀ ਹਾਲਤ ਠੀਕ ਠੀਕ ਹੈ ।

ਆਰੰਭ : "੧ਓ ਸਤਿਗੁਰ ਪ੍ਰਸਾਦਿ ॥ ਅਹਿਲਵਾਲ ਵਾਰਤਾ ਸੁਖਨ ਸਾਂਈਂ ਲੋਕਾ ਕੇ ॥ ਅਬਦੁਲਾ ਇਨਸਾਰੀ ਵੈਰਾਗਵਾਨ ਥਾ ॥ ਇਕ ਡੋਰ ਤੇ ਗਡਵਾ ਪਾਸ ਰਖਦਾ ਥਾ ਬਡੇ ਜੰਗਲੇ ਵਿਖੇ ਗਇਆ॥"

ਅੰਤ : "ਔਰ ਬਚਨ ਇਹੁ ਹੈ ॥ ਜਗਯਾਸੀ ਜਨ ਕੌ ਇਹ ਤੀਨ ਲਛਣ ਵਧਾਏ ਚਾਹੀਦੇ ਹਨ । ਏਕ ਗਰੀਬੀ ॥੧॥ ਦੂਜਾ ਸਤਿ ਬੀਚਾਰ ॥ ੩॥ ਤੀਸਰੀ ਸਰੀਰ ਕੀ ਵਾਰਤਣਿ ॥ ਸੁਧਤਾ ਸਾਥਿ ਮਿਲੀ ਹੂਈ ॥ ਅਰੁ ਬਚਨ ਇਹ ਹੈ ॥ ਜੋ ਇਹ ਚਾਰ ਲਛਣ ਜਗਯਾਸੀ ਵਧਾਏ ਚਾਹੀਦੇ ਹੈਨਿ ॥ ਏਕ ਸਮਤਾ ॥ ਦੂਜਾ ਬਖਿਔ ਤੇ ਬੈਰਾਗ ॥ ਤੀਜਾ ਸਰਬਤ੍ਰ ਸਾਥਿ ਸੇਵਕ ਸੁਭਉ ॥ ਚੌਥਾ ਪ੍ਰਮੇਸਰ ਕਾ ਭਾਣਾ ਮਿਠਾ ਮਾਨੇ ॥ ੧●●॥ ॥ ॥"

ਹੱਥ ਲਿਖਤ ਨੰ : MS 997 ਏ

ਸਿਰਲੇਖ : ਬਚਨ ਗੋਬਿੰਦ ਲੋਕੋ ਕੇ

ਸਮਾਂ : ਸੰਮਤ 1906

ਸਥਾਨ : ਸੁਧਾਸਰ

ਪੱਤਰੇ : 369 ਅ – 388 ਓ

ਆਕਾਰ : 25 X 34 ਸ.ਮ. ਲਿਖਤ : 14 X 24 ਸ.ਮ.

ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ – 21 ਹਨ।

ਆਮ ਵੇਰਵਾ : ਲਿਖਾਈ ਸੁੰਦਰ, ਪੋਥੀ ਦੀ ਹਾਲਤ ਠੀਕ ਠੀਕ ਹੈ ।

ਆਰੰਭ : "ਆਪੇ ਹੀ ਹੈ ਮਨਾਵਣੇ ਵਾਲਾ" ਬਚਨ ਗੋਬਿੰਦ ਲੋਕੋ ਕੇ ਲਿਖਯਤੇ ॥ ਇਕਸ ਸਾਈ ਲੋਕ ਨੇ ਕਹਿਆ॥"

ਅੰਤ : "ਅਬ ਜਹਾਂ ਜਾਣੈ ਤਹਾ ਰਹ ॥ ਜਹਾਂ ਜਾਣੈ ਤਹਾਂ ਜਹ ॥ ਤਬ ਗੁਸਾਂਈ ਸੁਖਦੇਉ ਜੀ ਕਿਤਨਾ ਕੁ ਕਾਲ ਪਿਤਾ ਕੇ ਪਾਸ ਰਹਿਆ ॥ ਜਹਾ ਇਛਿਆ ਹੋਵੈ ਤਹਾਂ ਹੀ ਜਾਵੈ ॥ ਜੋ ਕਿਛ ਸਹਜ ਸੁਭਾਉ ਮੈ ਆਵੈ ਤਿਜੀ ਵਿਖੇ ਸੰਤੋਖ ਹੋਇ ਰਹੈ ॥ ਅਥ ਬਚਨ ਸਪੂਰਨੰ ॥ ਪੋਥੀ

ਸੰਪੂਰਨ ਹੋਈ ॥ ਸਤਿਗੁਰਾਂ ਦੀ ਕ੍ਰਿਪਾ ਕਰਿ ਕੈ ॥ ਸੁਧਾ ਸਰਜੀ ਵਿਖੈ ॥ ਸੰਮਤ ੧੯●੬ ॥ ਮਿਤੀ ਕਤਕ ਦਿਨ ॥ ॥ ਵਾਰ ਸ਼ੁਕਰਵਾਰ ॥ਭੁਲ ਚੁਕ ਬਖਸਣੀ ॥ ਹੇ ਸ੍ਵਾਮੀ ਤੇਰੇ ਹਾਂ ॥ ॥ ॥ ॥"

ਹੱਥ ਲਿਖਤ ਨੰ : MS 997 ਸ
ਸਿਰਲੇਖ : ਬਚਨ ਹਜਰਤਿ ਅਲੀ ਦਾ
ਪੱਤਰੇ : ਇਕ ਪੱਤਰਾ
ਆਕਾਰ : 25 X 34 ਸ.ਮ. ਲਿਖਤ : 14 X 24 ਸ.ਮ.
ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ – 24 ਹਨ।
ਆਮ ਵੇਰਵਾ : ਕਾਨੀ ਬਦਲੀ ਹੋਈ ਹੈ । ਲਿਖਾਈ ਸੁੰਦਰ, ਪੋਥੀ ਦੀ ਹਾਲਤ ਠੀਕ ਠੀਕ ਹੈ ।
ਆਰੰਭ : "ੴ ਸਤਿਗੁਰ ਪ੍ਰਸਾਦਿ ॥ ਬਚਨੁ ਹੈ ਹਜਰਤਿ ਅਲੀ ਦਾ ॥ ਸਿਰਦਾਰ ਧਰਮ ਵਾਲੇ ਦਾ॥ ਜੋ ਇਕ ਦਿਨ ਉਪਰਿ ਖਜਾਨੇ ਦਬੇ ਦੇ ਸਤਿਤਰਾਂ ਨਿਸੀਹਤਿ ਦੀਆਂ ਲਿਖੀਆ ਹੋਈਆ ਡਿਠੀਐ ਮੈ ॥"
ਅੰਤ : ਤੈਨੂੰ ਸਾਂਈ ਦਾ ਪੁਛਣਾ ਹੋਵੇਗਾ ॥ ਚਰਵਾਲੇ ਆਖਿਆ ਏ ਮਿਹਤਰ ਈਸਾ ਇਲਮ ਵਿਚੋਂ ਪੰਜ ਗਲਾਂ ਜਾਣ ਦਾ ਹਾਂ ਮੈ ॥" ਇਸ ਤੋਂ ਬਾਅਦ ਕਈ ਪੰਨੇ ਹਾਸ਼ੀਏ ਵਾਲੇ ਖਾਲੀ ।

ਹੱਥ ਲਿਖਤ ਨੰ : MS 998
ਸਿਰਲੇਖ : ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ
ਲੇਖਾਰੀ : ਪੈੜਾ ਮੋਖਾ
ਸਮਾਂ : ਸੰਮਤ 1875 ਬਿਕ੍ਰਮੀ
ਪੱਤਰੇ : 1 ੳ -142 ੳ
ਆਕਾਰ : 33 X 29 ਸ.ਮ. ਲਿਖਤ : 23 X 22 ਸ.ਮ.
ਵੇਰਵਾ : ਜਿਲਦ ਗੱਤਾ। ਸਿਆਹੀ ਕਾਲੀ ਵਖਰੇਵੇਂ ਲਈ ਲਾਲ। ਹਾਸ਼ੀਆ ਦੋਵੇਂ ਪਾਸੇ ਦੋ ਦੋ ਲਾਲ ਲਕੀਰਾਂ ਵਿਚਕਾਰ ਇਕ ਕਾਲੀ ਲਕੀਰ। ਸਤਰਾਂ ਪ੍ਰਤੀ ਪੰਨਾ – 23 ਹਨ।
ਆਮ ਵੇਰਵਾ : ਲਿਖਾਈ ਸੁੰਦਰ ਪੋਥੀ ਦੀ ਹਾਲਤ ਠੀਕ ਠੀਕ ਹੈ । ਕਈ ਪੰਨਿਆਂ ਉਪਰ ਕਾਨੀ ਬਦਲੀ ਹੋਈ ਹੈ।
ਆਰੰਭ : "ੴ ਸਤਿਗੁਰ ਪ੍ਰਸਾਦਿ ॥ ਜਨਮ ਪਤ੍ਰੀ ਬਾਬੇ ਜੀ ਕੀ । ਸੰਮਤ ॥ ੧੫੮੨॥ ਪੰਦ੍ਰਾ ਸੈ ਬੈਆਸੀਆ ਮਿਤੀ ਵੈਸਾਖੀ ਸੁਦੀ ॥੫॥ ਪੰਚਮੀ ਪੋਥੀ ਲਿਖੀ ਪੈੜੇ ਮੋਖੇ ਸੁਲਤਾਨ ਪੁਰ ਕੇ ਖਤਰੇਟੇ ਗੁਰੂ ਅੰਗਦ ਲਿਖਵਾਈ ਪੈੜੇ ਮੋਖੇ ਲਿਖੀ ॥ ਮੁਖਾਸਤ ਬਾਲੇ ਸੰਧੂ ਜਟੇਟੇ ਕੀ ਰਾਇ ਭੋਏ ਦੀ ਤਲਵੰਡੀਉ ਉਹ ਆਇਆ ਹਾ ॥"
ਅੰਤ : "ਤਾਂ ਬਾਲਾ ਗੁਰੂ ਅੰਗਦ ਪਾਸਿ ਰਹਿਆ ਜਾਇ ਦੁਇ ਮਹੀਨੇ ਪੂਰੇ ਹੋਏ ਤਾਂ ਬਾਲੇ ਦੀ ਦੇਹੁ ਛੁਟੀ ॥ ਤਾ ਆਪਣੇ ਹਥੇ ਗੁਰੂ ਅੰਗਦ ਜੀਅ ਲਾਂਬੂ ਦਿਤਾ ॥ ਹੋਰਿ ਸਿਖ ਹਥ ਪਕੜ ਰਹੇ ॥ ਤਾਂ ਗੁਰੂ ਅੰਗਦ ਆਖੇ ਭਾਈ ਸਿਖੋ ਭਾਈ ਬਾਲੇ ਅਤੇ ਗੁਰੂ ਨਾਨਕ ਵਿਚ ਭੇਦ ਕੋਈ ਨਾ ਆਹਾ ॥ ਏਹੋ ਗੁਰੂ ਅਤੇ ਸਿਖ ਦਾ ਭੇਦ ਆਹਾ ॥ ਬੋਲਹੁ ਸਤਿ ਕਰਤਾਰ ਬੋਲਹੁ ਸਤਿ ਕਰਤਾਰ ਬੋਲਹੁ ਸਤਿ ਕਰਤਾਰ॥"

ਹੱਥ ਲਿਖਤ ਨੰ : MS 999
ਸਿਰਲੇਖ : ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ

ਲੇਖਕ : ਭਾਈ ਮਨੀ ਸਿੰਘ

ਸਮਾਂ : ਸੰਮਤ 1889

ਪੱਤਰੇ : 1 ੳ - 464 ਅ

ਆਕਾਰ : 31 X 16 ਸ.ਮ. ਲਿਖਤ : 20 X 13 ਸ.ਮ.

ਵੇਰਵਾ : ਜਿਲਦ ਗੱਤਾ ਚਮੜਾ,ਉਖੜੀ ਹੋਈ ਹੈ। ਸਿਆਹੀ ਕਾਲੀ ਵਖਰੇਵੇਂ ਲਈ ਲਾਲ। ਹਾਸ਼ੀਆ ਦੋਵੇਂ ਪਾਸੇ ਦੋ ਦੋ ਲਾਲ ਲਕੀਰਾਂ ਵਿਚਕਾਰ ਇਕ ਕਾਲੀ ਲਕੀਰ ।ਸਤਰਾਂ ਪ੍ਰਤੀ ਪੰਨਾ – 13 ਹਨ।

ਆਮ ਵੇਰਵਾ : ਜਿਲਦ ਉਖੜੀ ਹੋਈ ਹੋਣ ਕਾਰਨ, ਪੱਤਰੇ ਵੀ ਉਖੜੇ ਹੋਏ ਹਨ ਲਿਖਤ ਅਖੀਰਲੇ ਪੰਨਿਆਂ ਉਪਰ ਧੱਬਿਆਂ ਵਾਲੀ ਹੈ । ਅਤੇ ਪੜ੍ਹਨ ਵਿਚ ਸ਼ਪਸ਼ਟ ਨਹੀਂ ਹੈ । ਪੋਥੀ ਭਿਜੀ ਹੋਈ ਹੈ ਬਾਕੀ ਪੋਥੀ ਦੀ ਹਾਲਤ ਆਮ ਕਰਕੇ ਠੀਕ ਠੀਕ ਹੈ ।

ਆਰੰਭ : “ੴ ਸਤਿਨਾਮ ਕਰਤਾ ਪੁਰਖ ਨਿਰਭਉ ਨਿਰਵੈਰ ॥ ਅਕਾਲ ਮੂਰਤ ਅਜੂਨੀ ਸੈਭੰ ਗੁਰ ਪ੍ਰਸਾਦਿ ॥ ਦੇਵ ਹੈ ॥ ਕੋਈ ਦੇਵ ਨੂੰ ਮਨਾਵਦਾ ਹੈ ਕੋਈ ਸਿਵ ਨੂ ਕੋਈ ਗਣੇਸ ਨੂ ਕੋਈ ਹੋਰ ਦੇਵ ॥ ਗੁਰੂ ਕੇ ਸਿਖ ਸਤਿਨਾਮ ਨੂ ਅਰਾਪਤੇ ਹੈਨਿ ॥ ਜਿਸ ਕਰਿ ਸਭ ਵਿਘਨ ਨਾਸ ਹੋਦੇ ਹੈਨਿ ॥ ਤਾਤੇ ਸਤਿਨਾਮੁ ਕਾ ਮੰਗਲਾ ਚਾਰ ਆਦਿ ਰਖਿਆ ਹੈ । ਇਕ ਸਮੈ ਭਾਈ ਮਨੀ ਸਿੰਘ ਜੀ ਥੀ ਸਿਖਾਂ ਪ੍ਰਸਨ ਕੀਤਾ ॥”

ਅੰਤ : “ਅਗਿਆਨੁ ਤ੍ਰਿਸਨਾ ਦਿਤੇ ਕਾਂਮ ਕ੍ਰੋਧਾਦਿਕ ਮੋਹੁ ਦੁਸ੍ਵਾਦਿ ਨ ਆਵਤ ਨੇਰੇ ॥ ਐਸੋ ਹੀ ਨਾਮ ਸ੍ਰੀ ਵਾਹਿਗੁਰੂ ਕੋ ਜਪੁ ਬਾਰ ਹੀ ਬਾਰ ਸੁ ਬੰਦਨ ਮੇਰੇ ॥ ੨॥ ਦੋਹਰਾ॥ ਰਾਮ ਮਾਇਆ ਗੁਰ ਕ੍ਰਿਪਾ ਤੇ ਸੰਤ ਜਨਾ ਭਏ ਦਿਆਲ ॥ ਸਤਿਗੁਰ-॥” “ਰਚਿਓ ਜਿਉ ਸਤਿ ਗੁਰ ਲੀਲਾ ਕੀਨ ॥ ਜਿਨਹਿ ਚਰਨ ਗੁਰ ਪਰਸਿਓ ਸੋਊ ਭਏ ਚਰਨ ਮੈ ਲੀਨ । ਪਢੇ ਸੁਨੇ ਚਿਤ ਲਾਇ ਜੋ ਅਰਫੁ ਨ ਕਰੇ ਬਿਚਾਰ ॥ ਮੁਕਤ ਹੋਇ ਬਿਚਰੇ ਸਦਾ ਭਵ ਨਿਧ ਉਤਰੇ ਪਾਰ॥”

ਹੱਥ ਲਿਖਤ ਨੰ : MS 1000 ਸੰਗ੍ਰਹਿ

ਸਿਰਲੇਖ : ਜਫਰਨਾਮਹਿ ਸ੍ਰੀ ਮੁਖ ਪਾਤਸਾਹੀ 10

ਟੀਕਾਕਾਰ : ਜੋਧ ਸਿੰਘ, ਕਵਿ

ਸਮਾਂ : ਸੰਮਤ 1912

ਪੱਤਰੇ : 1 ੳ-90 ਅ

ਆਕਾਰ : 15 X 23 ਸ.ਮ. ਲਿਖਤ : 11 X 19 ਸ.ਮ.

ਵੇਰਵਾ : ਜਿਲਦ ਗੱਤਾ ਚਮੜਾ,ਉਖੜੀ ਹੋਈ। ਸਿਆਹੀ ਕਾਲੀ ਵਖਰੇਵੇਂ ਲਈ ਲਾਲ। ਹਾਸ਼ੀਆ ਦੋਵੇਂ ਪਾਸੇ ਦੋ ਦੋ ਲਾਲ ਲਕੀਰਾਂ, ਇਕ ਕਾਲੀ ਲਕੀਰ; ਸਤਰਾਂ ਪ੍ਰਤੀ ਪਨਾ-19 ਹਨ।

ਆਮ ਵੇਰਵਾ :ਲਿਖਾਈ ਹਾਸ਼ੀਏ ਤੋਂ ਬਾਹਰ ਲਿਖੀ ਹੋਈ , ਧੱਬਿਆਂ ਵਾਲੀ ਹੈ, ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ ।ਪਰ ਲਿਖਾਈ ਪੜ੍ਹੀ ਜਾਂਦੀ ਹੈ ਪੋਥੀ ਦੀ ਦੀ ਹਾਲਤ ਠੀਕ ਠੀਕ ਹੈ ।

ਆਰੰਭ : “ੴ ਹੁਕਮ ਸਤਿ ਸ੍ਰੀ ਵਾਹਗੁਰੂ ਜੀ ਕੀ ਫਤਹ ॥=॥ ਜਫਰਨਾਮਹਿ ਸ੍ਰੀ ਮੁਖਵਾਕ ਪਾਤਿਸਾਹੀ ੧●॥ ਫਤੇ ਕਾ ਖੱਤ ਲਿਖਯਤੇ ਹੈਂ ਦਸਿਵੇ ਪਾਤਸਾਹਿ ॥ ਸ੍ਰੀ ਮੁਖਵਾਕ ਮੁਬਾਰਖ ॥ ਕਮਾਲੇ ਕਰਾਮਾਤ ਕਾਯਮ ਕਰੀਮ ॥ ਰਜਾ ਬਖਸ ਰਾਜਕ ਰਹਾ ਕੋ ਰਹੀਮ ॥ ਪੂਰਨ ਹੈ ਅਕਾਲ ਪੁਰਖ ਜੂਕੀ ਉਸਤਤ॥ ਬੜੀ ਹੈ ਜਿਸ ਕੀ ਕਰਾਮਾਤ ਅਰ ਇਸਥਤ ਹੈ ॥”

ਅੰਤ : ਜਨਮ ਜਨਮ ਜਾਤ ਭ੍ਰਮਤ ਫਿਰਤ ਬਿਖਯਾਤ ਭਯੋ ਜਾਤ ਪਰ ਜਾਤ ਪਾਪਨ ਫਰਦ ਕੀ॥ ਦੇਖ ਕਰ ਮਹਾ ਕਾਲ ਗਹੀ ਸਰਨ ਯਾਲ ਕਾਲ ਬ੍ਰਿਕਾਲ ਮਾਰੇ ਭਏ ਕਲੀ ਨਰਦ ਕੀ ॥ ਕਹੈ ਕਵਿ ਜੋਧ ਸਿੰਘ ਜੋਰ ਕਰ ਗੁਰੂ ਸੋ ਗੁਬਿੰਦ ਸਿੰਘ ਰਾਖ ਲੇਹ ਆਪਨੇ ਬਿਰਦ ਕੀ ॥੧॥ ਸੰਮਤ ਮਹਿ ਦ੍ਰਿਗ ਨਿਧਿ ਆਵਨਿ ਜੇਸ੍ਰ ਮਾਸ ਬੁਧਵਾਰ ॥ ਨੰਦ ਸਿੰਘ ਕੇ ਪਠਨ ਹਿਤ ਲਿਖੀ ਹਿਕਾਯਤ ਸਾਹਿ ॥”

ਹੱਥ ਲਿਖਤ ਨੰ : MS 1000 ਅ
ਸਿਰਲੇਖ : ਬੁਧ ਪ੍ਰਕਾਸ ਦ੍ਰਪਨ
ਲਿਖਾਰੀ : ਮਲ ਭੱਟ
ਸਮਾਂ : ਸੰਬਤ 1738
ਪੱਤਰੇ : 1 ਓ - 27 ਅ
ਆਕਾਰ : 15 X 23 ਸ.ਮ. ਲਿਖਤ : 11 X 19 ਸ.ਮ.
ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ - 19 ਹਨ।
ਆਮ ਵੇਰਵਾ : ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ ।ਕਾਨੀ ਬਦਲੀ ਹੋਈ । ਪੋਥੀ ਦੀ ਦੀ ਹਾਲਤ ਆਮ ਕਰਕੇ ਠੀਕ ਠੀਕ ਹੈ ।
ਆਰੰਭ : "ੴ ਸੇਤਿਗੁਰ ਪ੍ਰਸਾਦਿ ॥ ਅਥ ਬੁੱਧ ਪ੍ਰਕਾਸ ਦ੍ਰਪਨ ਲਿਖਯਤੇ ॥ ਦੋਹਰਾ॥"
ਅੰਤ : "ਰਤਨ ਪਦਾਰਥ ਮਨੀ ਗੁਨ ਗ੍ਰੰਥੀ ਮਾਲ ਬਨਾਇ ॥ ਬੁਧ ਪ੍ਰਕਾਸ ਕੋ ਮਾਲ ਜਿਸ ਕੰਠ ਕਰਹੁ ਕਵਿ ਰਾਇ ॥੧●॥ ਇਤ ਸ੍ਰੀ ਬੁਧ ਪ੍ਰਕਾਸ ਦਰਪਨ ਭਾਖਾ ਸਮਾਪਤੰ ॥ ਸੁਭ ਮਸਤ॥"

ਹੱਥ ਲਿਖਤ ਨੰ : MS 1000 ਏ
ਸਿਰਲੇਖ : ਤਿਲ ਸਤਿਕ
ਪੱਤਰੇ : 27 ਓ - 32 ਓ
ਆਕਾਰ : 15 X 23 ਸ.ਮ. ਲਿਖਤ : 11 X 19 ਸ.ਮ.
ਵੇਰਵਾ : ਓਹੀ । ਸਤਰਾਂ ਪ੍ਰਤੀ ਪਨਾ - 21 ਹਨ।
ਆਮ ਵੇਰਵਾ : ਲਿਖਾਈ ਚੰਗੀ , ਪੋਥੀ ਦੀ ਦੀ ਹਾਲਤ ਆਮ ਕਰਕੇ ਠੀਕ ਠੀਕ ਹੈ । ਕਿਧਰੇ ਕਿਧਰੇ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ ।
ਆਰੰਭ : "ੴ ਸੇਤਿਗੁਰ ਪ੍ਰਸਾਦਿ ॥ ਅਥ ਤਿਲ ਸਤਿਕ ਲਿਖਯਤੇ ॥ ਦੋਹਰਾ॥ ਗੋਰੇ ਮੁਖ ਪਰ ਤਿਲੁ ਲਸੈ ਤਾਹਿ ਕਰੋ ਪ੍ਰਨਾਮ ॥ ਮਾਨੋ ਜਸ ਲੈ ਅੰਕ ਮੈ ਰਾਖਯੋ ਸਾਲਗਰਾਮ ॥"
ਅੰਤ : "ਚਿਬੁਕ ਸਿੰਘਾਸਨਿ ਪੈ ਲਸੈ ਤਿਲ ਧੌਂ ਸਾਲਗਿਰਾਮ ॥ ਬਾਨੀ ਪੁਖਪਾਂ ਜਲ ਕੀਏਂ ਕਰੌ ਤਾਹਿ ਪਰਿਨਾਮ ॥੧● ਇਤ ਸ੍ਰੀ ਤਿਲ ਸਤਕ ਸਮਾਪ੍ਤੰ ॥੧॥ ਸੁਭ ਮਸਤੰ ॥ ● ●"

ਹੱਥ ਲਿਖਤ ਨੰ : MS 1000 ਸ
ਸਿਰਲੇਖ : ਚਾਣਾਕ ਸਾਸਤ੍ਰ ਭਾਖਾ
ਲੇਖਕ : ਸੈਨਾ ਪਤਿ
ਪੱਤਰੇ : 32 ਓ - 43ਅ
ਆਕਾਰ : 15 X 23 ਸ.ਮ. ਲਿਖਤ : 11 X 19 ਸ.ਮ.
ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ - 21 ਹਨ।
ਆਮ ਵੇਰਵਾ : ਕਈ ਪੰਨਿਆਂ ਉਪਰ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ ।ਲਿਖਤ ਹਾਸ਼ੀਏ ਤੋਂ ਬਹਰ । ਪੋਥੀ ਦੀ ਦੀ ਹਾਲਤ ਠੀਕ ਠੀਕ ਹੈ ।
ਆਰੰਭ : "ੴ ਸੇਤਿਗੁਰ ਪ੍ਰਸਾਦਿ ॥ ਅਥ ਚਾਣਾਕ ਸਾਸਤ੍ਰ ਭਾਖਾ ਲਿਖਤੇ ॥ ਦੋਹਰਾ॥ਪ੍ਰਵਣਤ ਹੋ ਸ੍ਰੀ ਬਿਸਨ ਕੋ ਜੋ ਤ੍ਰਿਲੋਕ ਕੋ ਰਾਓ ॥ ਚਣਾਕੇ ਭਾਖਾ ਕਰੇ ਜੋ ਤੁਮ ਹੋਹ ਸਹਾਇ॥"

ਅੰਤ : “ਗੁਰ ਗੋਬਿੰਦ ਕੀ ਸਭਾ ਮੈ ਲੇਖਕ ਪਰਮ ਸੁਜਾਨ ॥ ਚਣਾਕੇ ਭਾਖਾ ਕੀਏ ਕਵਿ ਸੈਨਾਪਤ ਨਾਮ ॥੧॥ਇਤ ਬ੍ਰਿਧ ਚਣਾਕੇ ਭਾਖਾ ਖੋੜਸ ਧਿਆਇ ॥ ਸਮਾਪਤੰ ॥ ੧੬॥ ਸੁਭ ਮਸਤ ॥ ● ● ● ● ● ● ● ”

ਹੱਥ ਲਿਖਤ ਨੰ : MS 1000 ਹ
ਸਿਰਲੇਖ : ਸਮੁਦ੍ਰੀਕ
ਲੇਖਕ : ਸੁਖਦੇਵ, ਕਵਿ
ਪੱਤਰੇ : 43 ਅ - 52 ਅ
ਆਕਾਰ : 15 X 23 ਸ.ਮ. ਲਿਖਤ : 11 X 19 ਸ.ਮ.
ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ - 21 ਹਨ।
ਆਮ ਵੇਰਵਾ : ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ । ਲਿਖਾਈ ਚੰਗੀ ਪਰ ਕਈ ਪੰਨਿਆਂ ਉਪਰ ਲਿਖਤ ਹਾਸ਼ੀਏ ਤੋਂ ਬਹਰ ਕੀਤੀ ਹੋਈ ਹੈ । ਪੋਥੀ ਦੀ ਹਾਲਤ ਠੀਕ ਠੀਕ ਹੈ ।
ਆਰੰਭ : “ੴ ਸਤਿਗੁਰ ਪ੍ਰਸਾਦਿ ॥ ਸਮੁਦ੍ਰੀਕ ਸੁਖਦੇਵ ਕਵਿ॥ ਦੋਹਰਾ॥ ਲਾਂਬੋ ਦਰ ਜਾ ਕੋ ਕਹੈ ਬਾਰਣ ਕੌ ਸੁਜਾਹਿ ॥ ਮੰਗਲ ਦਾਈ ਜਗਤ ਕੇ ਪ੍ਰਥਮੇ ਬੰਦੋ ਤਾਂਹਿ ॥”
ਅੰਤ : “ਇਤ ਨਾਰੀ ਪੁਰਖ ਲਛਨਿ ਕਬ ਸੁਖਦੇਵ ਰਿਖ ਸਮੁਦ੍ਰੰਕ ਭਾਖਾ ਨਰ ਨਾਰੀ ਕੇ ਲਛਨਿ ਕਾ ਬੀਚਾਰ ਕਰਮ ਰੇਖਾ ਸਮਝਣੇ ਕਾ ਬੀਚਾਰ ਸਮਾਪਤਿ” ਸੁਭ ਮਸਤੁ ਸੁਭ ਮਸਤ ਸੁਭ ਭੂਆਤ ॥ = ॥ = ॥ = ॥”
ਇਸ ਤੋਂ ਅੱਗੇ ਕੁਝ ਨੁਸਖੇ ਲਿਖਕੇ ਬਾਅਦ ਵਿਚ ਕੁਝ ਪੱਤਰੇ ਖਾਲੀ ਛੱਡੇ ਹੋਏ ਹਨ ਅਤੇ ਫਿਰ ਹੋਰ ਰਚਨਾ ਸ਼ੁਰੂ ਕੀਤੀ ਹੈ ॥

ਹੱਥ ਲਿਖਤ ਨੰ : MS 1000 ਕ
ਸਿਰਲੇਖ : ਮਾਤ੍ਰਾ ਰਹਿਤ ॥ਕਬਿਤ॥
ਪੱਤਰੇ : ਇਕ ਪੰਨਾ
ਆਕਾਰ : 15 X 23 ਸ.ਮ. ਲਿਖਤ : 11 X 19 ਸ.ਮ.
ਵੇਰਵਾ : ਓਹੀ । ਸਤਰਾਂ ਪ੍ਰਤੀ ਪਨਾ - 18 ਹਨ।
ਆਮ ਵੇਰਵਾ : ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ ।ਲਿਖਾਈ ਸੁੰਦਰ ਅਤੇ ਪੋਥੀ ਦੇ ਇਸ ਭਾਗ ਦੀ ਰਚਨਾ ਦੀ ਹਾਲਤ ਠੀਕ ਠੀਕ ਹੈ ।
ਆਰੰਭ : “ਅਥ ਮਾਤ੍ਰਾ ਰਹਿਤ ॥ ਕਬਿੱਤ॥ ਜਗ ਜਗ ਮਗਤ ਭਗਤ ਜਨ ਰਸ ਵਸ ਭਯ ਹਰ ਸਹ ਕਰ ਕਰਤ ਅਚਰ ਚਰ ॥”
ਅੰਤ : “ਕੇਕੀ ਕੇਕਾ ਕੀਕ ਕਾਕੋ ਕੂਕ ਕੋ ਕੋਕ ॥
ਲੋਲ ਲਾਲ ਲੋ ਲੈਲ ਲਲੀ ਲਾਲਾ ਲੀਲਾ ਲੋਲ ॥
ਪੁਨ: ਏਕ ਹਰੰ ॥ ਨੈਨੀ ਨੌਨਾ ਨੌ ਨਨੈ ਨੌਨੈ ਨੌਨੇ ਨੈਨ
ਨਾਨਾ ਨਨ ਨਨੁ ਨੈਨ ਨੂਨੁੰ ਨੂਨੰ ਨੈਨ ॥”

ਹੱਥ ਲਿਖਤ ਨੰ : MS 1000 ਖ
ਸਿਰਲੇਖ : ਚਿਤ੍ਰਾਲੰਕਾਰ, ਹੋੜਾ ਚਕ੍ਰ
ਪੱਤਰੇ : 1 ਅ - 12 ਓ
ਆਕਾਰ : 15 X 23 ਸ.ਮ. ਲਿਖਤ : 11 X 19 ਸ.ਮ.

ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ – 21 ਹਨ।

ਆਮ ਵੇਰਵਾ : ਪੋਥੀ ਵਿਚ ਚਿਤ੍ਰ ਬਨਾਏ ਹੋਏ ਹਨ, ਮੰਤਰ ਅਤੇ ਕੁੰਡਲੀਆਂ ਵਾਂਗ ਵਿਆਖਿਆ ਦਿਤੀ ਹੋਈ ਹੈ। ਲਿਖਾਈ ਸੁੰਦਰ ਅਤੇ ਪੋਥੀ ਦੀ ਹਾਲਤ ਠੀਕ ਠੀਕ ਹੈ ।

ਆਰੰਭ : "ਅਥ ਚਿਤ੍ਰਾਲੰਕਾਰ ਵਰਨਨੰ ॥: ਇੰਦ੍ਰਜੀਤ ਸੰਗੀਤ ਲੈ ਕੀਯੈ ਰਾਂਮ ਰਸ ਲੀਨ ॥ ਛੁਦ੍ਰ ਗੀਤ ਸੰਗ ਖਿਲੈ ਭਯੇਕਾਮ ਵਸ ਦੀਨ ॥"

ਗੋਮੂਤ੍ਰਕ

ਇੰ	ਦ੍ਰ	ਜੀ	ਤ	ਸੰ	ਗੀ	ਤ	ਲੈ	ਕਿ	ਏ	ਰਾਂ	ਮ	ਰ	ਸ	ਲੀ	ਨ
ਛੁ	ਦ੍ਰ	ਗੀ	ਤ	ਸੰ	ਘ	ਖਿ	ਲੈ	ਭ	ਯੇ	ਖਾ	ਮ	ਵ	ਸ	ਦੀ	ਨ

ਅੰਤ : " ਅਥ ਗ੍ਰਹ ਭੋਗਨ ਕੀ ਗਿਨਤੀ ਰਾਸ ਉਤੇ ॥"
ਸੂਰਯ ਏਕ ਮਹੀਨਾ ਮਹੀਨਾ ਭੋਗ ਹੈ
੨. ਛੰਦ੍ਰਮਾ ਸਵਾ ਦੋ ਦਿਨ ਭੋਗੇ ਹੈ ।
੩. ਮੰਗਲ ਪੈਤਾਲੀ ਦਿਨ ਭੋਗੇ ਹੈ
੪. ਬੁਧ ਅਠਤਾਲੀ ਦਿਨ ਭੋਗੇ ਹੈ ।
੫. ੧੩ ਮਹੀਨੇ ਬ੍ਰਿਸਪਤੀ ਭੋਗੇ ਹੈ ਸੁਕ ਸਤ੍ਰ ਦਿਨ ਭੋਗਤਾ ਹੈ ।
੩● ਮਹੀਨੇ ਸਨਿਸਚਰ ਭੋਗਤਾਹੈ ੧੮ ਮਹੀਨੇ ਰਾਹੁ ਭੋਗਤਾ ਹੈ ।
੪੮ ਮਹੀਨੇ ਕੇਤ ਭੋਗਤਾ ਹੈ ॥ ਇਤ ਹੋੜਾ ਚਕ੍ਰ ਸੰਪੂਰਣ ॥

ਹੱਥ ਲਿਖਤ ਨੰ : MS 1001

ਸਿਰਲੇਖ : ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, 'ਪਹਿਲੀਆ ਚਾਰ ਰਾਸਾਂ'

ਲੇਖਕ : ਸੰਤੋਖ ਸਿੰਘ, ਭਾਈ

ਸਮਾਂ : ਦੋਹਰਾ ॥ ਸੂੰਨਿ ਵੇਦ ਔ ਨਾਥ ਸਸਿ ਜੇਸਠ ਸੁਦੀ ਖਟਧਾਰ ॥ ਬ੍ਰਿਸਪਤਿ ਦਿਵਸ ਪ੍ਰਮਾਨੀਏ ਲਿਖ ਕਰ ਕੀ ਤਿਯਾਰ ॥

ਪੱਤਰੇ : 1 ੳ – 556 ਅ

ਆਕਾਰ : 37 X 34 ਸ.ਮ. ਲਿਖਤ : 23 X 29 ਸ.ਮ.

ਵੇਰਵਾ : ਜਿਲਦ ਗੱਤਾ, ਕਪੜਾ, ਉਖੜੀ ਹੋਈ। ਸਿਆਹੀ ਕਾਲੀ,ਵਖਰੇਵੇਂ ਲਈ ਲਾਲ। ਹਾਸ਼ੀਆ ਦੋਵੇਂ ਪਾਸੇ ਦੋ ਦੋ ਲਾਲ, ਦੋ ਦੋ ਕਾਲੀਆਂ ਵਿਚਕਾਰ ਇਕ ਮੋਟੀ ਲਾਲ ਲਕੀਰ। ਸਤਰਾਂ ਪ੍ਰਤੀ ਪੰਨਾ–21 ਹਨ।

ਆਮ ਵੇਰਵਾ : ਗ੍ਰੰਥ ਦੇ ਸ਼ੁਰੂ ਵਿਚ ਤੱਤਕਰਾ ਦਿੱਤਾ ਹੋਇਆ ਹੈ,ਗ੍ਰੰਥ ਦੀ ਜਿਲਦ ਵੀ ਉਖੜੀ ਹੋਈ ਹੈ। ਪਹਿਲੇ ਪੰਨੇ ਉਪਰ ਡੀਜ਼ਾਇਨਦਾਰ ਹਾਸ਼ੀਆ ਚਾਰੇ ਪਾਸੇ ਬਣਾਇਆ ਹੋਇਆ ਹੈ, ਹਾਸ਼ੀਏ ਤੋਂ ਬਾਹਰ ਲਿਖਤ, ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ । ਲਿਖਾਈ ਸੁੰਦਰ। ਗ੍ਰੰਥ ਦੀ ਹਾਲਤ ਠੀਕ ਠੀਕ ਹੈ ।

ਆਰੰਭ : ੧ੳ॑ ਸਤਿਗੁਰ ਪ੍ਰਸਾਦਿ ॥ ਅਥ ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਪ੍ਰਿਥਮ ਰਾਸ ਲਿਖਯਤੇ ॥ਦੋਹਰਾ॥

ਤੀਨੋ ਕਾਲ ਸੁ ਅਚਲ ਰਹਿ ਅਲੰਬ ਸਕਲ ਜਗ ਜਾਲ ॥
ਜਾਲ ਕਾਲ ਲਖ ਮੁਚਿਤ ਜਿਸ, ਕਰਤਾ ਪੁਰਖ ਅਕਾਲ ॥੧॥

ਅੰਤ : "ਅਬਿ ਰਾਸਿ ਚਤੁਰਥੀ ਪੂਰਿ ਕੀਨਿ ॥ ਗੁਰ ਕ੍ਰਿਪਾ ਧਾਰਿ ਉਦਮ ਸੁ ਦੀਨਿ ॥ ਸੁੰਦਰ ਬਿਲਾਸ ਕੀਨੇ ਪ੍ਰਕਾਸ ॥ ਜਿਸ ਪਠਿ ਤਿਸੁ ਨਿਤਿ ਸਭਿ ਪਾਪ ਨਾਸ ॥੪੭॥
ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥੇ ਚਤੁਰਥ ਰਾਸੇ ਕਵਿ ਸੰਤੋਖ ਸਿੰਘ ਬਿਰਚਤਾਯਾਂ ਭਾਂਖਯਂ ਸ੍ਰੀ ਹਰਿ ਗੋਬਿੰਦ ਦੁਰਗ ਨਿਕਸਨਿ ਪ੍ਰਸੰਗ ਬਰਨਨੰ ਨਾਮ ਖਸਟ ਸਸਠ ॥ ਦੋਹਰਾ ॥ ਸੂਨਿ ਵੇਦ ਔ ਨਾਥ ਸਸਿ ਜੇਸਠ ਸੁਦੀ ਖਟਧਾਰ ॥ ਬ੍ਰਿਸਪਤਿ ਦਿਵਸ ਪ੍ਰਮਾਨੀਏ ਲਿਖ ਕਰ ਕੀਨ ਤਿਯਾਰ॥੧॥

ਹੱਥ ਲਿਖਤ ਨੰ : MS 1002
ਸਿਰਲੇਖ : ਪ੍ਰਾਨ ਸੰਗਲੀ
ਲਿਖਾਰੀ : ਗੁਰਬਖਸ ਫਕੀਰ
ਪੱਤਰੇ : 1 ੳ – 272 ੳ
ਆਕਾਰ : 17 X 22 ਸ.ਮ. ਲਿਖਤ : 12 X 18 ਸ.ਮ.
ਵੇਰਵਾ : ਜਿਲਦ ਗੱਤਾ ਕਪੜਾ, ਉਖੜੀ ਹੋਈ। ਸਿਆਹੀ ਕਾਲੀ। ਹਾਸ਼ੀਆ ਦੋਵੇਂ ਪਾਸੇ ਦੋ ਦੋ ਕਾਲੀਆਂ ਲਕੀਰਾਂ। ਸਤਰਾਂ ਪ੍ਰਤੀ ਪੰਨਾ – 15 ਹਨ।
ਆਮ ਵੇਰਵਾ : ਲਿਖਾਈ ਪੁਰਾਤਨ, ਕਈ ਅੱਖਰ ਜਿਵੇਂ ਅ, ਹ, –,ਆਦਿ, ਪੁਰਾਤਨ ਢੰਗ ਨਾਲ ਪਾਏ ਹੋਏ ਹਨ। ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ । ਕਈ ਥਾਵਾਂ ਤੇ ਕਾਨੀ ਬਦਲੀ ਹੋਈ ਹੈ । ਕਈ ਪੰਨਿਆਂ ਉਪਰ ਹਾਸ਼ੀਆ ਦੋ, ਦੋ, ਤਿੰਨ, ਤਿੰਨ ਲਕੀਰਾਂ ਨਾਲ ਲਾਲ ਕਾਲੀ ਸਿਆਹੀ ਦੇ ਪ੍ਰਯੋਗ ਨਾਲ ਬਣਾਇਆ ਹੋਇਆ ਹੈ । ਅਤੇ ਕਈ ਪੱਤਰੇ ਵਿਚ ਖਾਲੀ ਛੱਡੇ ਹੋਏ ਹਨ ।
ਆਰੰਭ : "ੴ ਸਤਿਗੁਰ ਪ੍ਰਸਾਦਿ ॥ ਲਿਖਤੰ ਪ੍ਰਾਨ ਸੰਗਲੀ ਸੁੰਨ ਮਹਲ ਕੀ ਕਥਾ ॥ ਨਿਰੰਕਾਰ ਕਾ ਧਿਆਨੁ ਗੁਰੂ ਜੀ ਬਾਣੀ ਬਾਬੇ ਕਾ ਬੋਲਣਾ ਪ੍ਰਾਨ ਪਿੰਡ ਕਾਮਥੰਤ੍ਰ ਸਮੁੰਦ ਕੈ ਪਾਰਿ ਹੋਈ ਰਾਜੇ ਸਿਵ ਨਾਬ ਸਾਥਿ ॥ ਤਦਹੁ ਬਾਬਾ ਪਵਨ ਅਹਾਰੀ ਥਾ॥ ਧਿਆਉ ਪਹਿਲਾ ਕਾਮਥੰਤ੍ਰ ਰਾਗ ਆਸਾ ॥ ਸਲੋਕ॥"
ਅੰਤ : "ਧੁਰਿ ਭਾਗ ਪੂਰਾ ਗੁਰੂ ਭੇਟਿਆ ਲਾਗ ਹਰਿ ਸਿਉ ਪਿਆਰ ॥ ਦਰਸਨ ਪਾਇਆ ਸਾਧ ਸੰਗਿ॥ ਕਹੁ ਰਵਿਦਾਸ ਚਮਾਰ ॥ ੨੫ ॥੧॥ ॥ਅਖਰ ਵਧ ਘਟ ਦੇਖ ਬਾਚਣਾ ਜੀ ਭੁਲਿਆਂ ਚੁਕਿਆਂ ਬਖ (ਬਖਸ਼) ਲੇਣਾ ਜੀ, ਗੁਰਬਖਸ ਫਕੀਰ ਕੀ ਅਰਦਾਸ ਹੈ ਜੀ।
ਅੰਤ ਬਾਬੇ ਨਾਨਕ ਕੀ ਉਦਾਸੀ ।
ਧਿਆਉ ਨਿਰਬਾਣ ਰਾਗ ਸੂਹੀ ਮਾਲ ਕੋਸ ॥ ਪਉੜੀਆਂ ਸ਼ਬਦ ਧਿਆਉ ਪਚੀਸੀ ਰਵਿਦਾਸ" ਗੋਸਟ ਬਾਬੇ ਨਾਨਕ ਦੀ ਕਬੀਰ ਨਾਲ ਹੋਈ ਅੰਕਤਿ ਹੈ । ਸਫਾ 355 ਅ ਉਪਰ ਲਿਖਾਰੀ ਬਾਰੇ ਨਾਮ ਹੈ ।

ਹੱਥ ਲਿਖਤ ਨੰ : MS 1003 ਸੰਗ੍ਰਹਿ
ਸਿਰਲੇਖ : ਬਾਣੀ/ ਕੱਚੀ ਬਾਣੀ
ਸਮਾਂ : ਸੰਮਤ 1722 ਰਚਨਾ ਕਾਲ: ਸੰਮਤ 1696
ਪੱਤਰੇ : 1 ੳ – 228 ੳ
ਆਕਾਰ : 17 X 10 ਸ.ਮ. ਲਿਖਤ : 11 X 6.5 ਸ.ਮ.
ਵੇਰਵਾ : ਜਿਲਦ ਗੱਤਾ, ਕਪੜਾ, ਉਖੜੀ ਹੋਈ। ਸਿਆਹੀ ਕਾਲੀ, ਕਿਧਰੇ ਕਿਧਰੇ ਵਖਰੇਵੇਂ ਲਈ ਲਾਲ; ਹਾਸ਼ੀਆ ਦੋਵੇਂ ਪਾਸੇ ਦੋ ਦੋ ਕਾਲੀਆਂ ਲਕੀਰਾਂ। ਸਤਰਾਂ ਪ੍ਰਤੀ ਪੰਨਾ – 7 ਹਨ।

ਆਮ ਵੇਰਵਾ : ਲਿਖਾਈ ਸੁੰਦਰ, ਕਈ ਪੱਤਰਿਆਂ ਉਪਰ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ । ਹਾਸ਼ੀਏ ਤੋਂ ਬਾਹਰ ਵੀ ਲਿਖਾਈ ਕੀਤੀ ਹੋਈ ਹੈ । ਪੋਥੀ ਸਿਰੀ ਰਾਗ ਮਹਲਾ 5 ॥ ਤੋਂ ਸ਼ੁਰੂ ਹੁੰਦੀ ਹੈ । ਕਈ ਪੱਤਰਿਆਂ ਉਪਰ ਕਾਨੀ ਬਦਲੀ ਹੋਈ ਹੈ । ਇਸ ਪੋਥੀ ਵਿਚ ਬਾਣੀ ਮਹਲਾ 5, ਮਹਲਾ 6, ਮਹਲਾ 7, ਮਹਲਾ 8, ਮਹਲਾ 9 ਅਤੇ 10 ਦੀ ਬਾਣੀ ਦਰਜ ਹੈ । ਇਸ ਤੋਂ ਇਲਾਵਾ ਹੋਰ ਭਗਤਾਂ ਦੇ ਸ਼ਬਦ ਵੀ ਹਨ, ਜਿਵੇਂ ਭਗਤ ਰਵਿਦਾਸ, ਭਗਤ ਸੂਰਦਾਸ, ਜੈਦੇਵ, ਮੀਰਾਂ ਦੇ ਸ਼ਬਦ ਇਸ ਤੋਂ ਇਲਾਵਾ ਸਾਖੀਆਂ ਗੁਰੂ ਸਾਹਿਬਾਨ ਦੀਆਂ ਮਹੱਲਾ 5, ਰਾਗ ਸੋਰਠਿ, ਬਿਸ਼ਨ ਪੱਦ, ਕਾਫੀਆਂ ਆਦਿ ਦਿਤੀਆਂ ਹੋਈਆ ਹਨ । ਪੱਤਰਾ ਨੰਬਰ 23/ਅ ਤੇ ਸੰਬਤੁ ਬਾਰੇ ਇੰਵ ਲਿਖਿਆ ਹੋਇਆ ਹੈ ।

“ਸੰਮਤੁ ਸੈ ਸੋਲਹਾ ਛਿੰਨਵਾ ਭੈਆ, ਰਵਿ ਪ੍ਰਕਾਸੁ ਉਤਰਾਇਣ ਗੈਆ ॥ ਬਸੰਤ ਪੰਚਮੀ ਖੇਲਿਆ ॥ ਹਰਿ ਕੁਸਲ ਪੁਛਿ ਗਲਿ ਮੇਲਿਆ । ਸੁਆਤਿ ਨਿਛਤ੍ਰ ਪ੍ਰਭ ਸਿਉ ਮਿਲੇ ॥ ਮਾਘ ਸੁਦੀ ਸੁਦਿ ਆਠ ਘਰੀ ਗੋਸ੍ਰ ਕਰੀ ॥ ਗੁਰ ਲੀਣ ਭਏ ਨਾਵੀ ਘਰੀ ॥ ਕਰਿਉ ਬੇਨਤੀ ਦੇਹਿ ਦਾਨੁ ॥ ਏਹ ਪ੍ਰੇਮ ਤੁਮਾਰਾ ਮੈ ਨਿਧਾਨ ॥ ਅਵਰੁ ਕਛੁ ਮੋ ਜਾਨਉ ਨਾਹਿ॥ ਦੇਹ ਨਾਨਕਿ ਦਰਸਨੁ ਪਲਕ ਮਾਹਿ ॥”

ਇਸੇ ਤਰਾਂ ਪੰਨਾ ਨੰਬਰ 310 ਉਪਰ ਸੰਮਤੁ ਬਾਰੇ ਇੰਝ ਲਿਖਿਆ ਹੈ :

“ਸੋਰਠਾ “ਸੱਤ੍ਰਹੁ ਸੈ ਬਾਈਸ ਮਾਘ ਵਦੀ ਛਟ ਤਿਥ ਮੈ ॥ ਔਰੰਗਸਾਹ ਜਗਦੀਸ ਤਾਂਹਿ ਰਾਜ ਪੂਰਨ ਕਰਿਯੋ ॥ ਸਾਮੁਦ੍ਰਿਕ ਕਵਿ ਜਾਨਿ ਰਾਮ ਚੰਦ ਦਿਜ ਲੈ ਕਰਿਯੋ॥ ਸਹਸਕ੍ਰਿਤ ਸੁਨਿ ਕਾਨ ਲਿਖਿ ਪੁਸਤਕ ਭਾਖਾ ਧਰੀ ॥”

ਆਰੰਭ : “ੴ ਸਤਿਗੁਰ ਪ੍ਰਸਾਦਿ ॥ ਸਿਰੀ ਰਾਗੁ ਮਹਲਾ ਪ ॥ ਜਾਕਉ ਮੁਸਕਲ ਅਤਿ ਬਣੈ ਢੋਈ ਕੋਇ ਨਾ ਦੇਇ [ਲਾਗੂ] ਹੋਏ ਦੁਸਮਨਾਂ ਸਾਕ ਭਿ ਭਾਜਿ ਖਲੇ॥”

ਅੰਤ : “ਜੋ ਮਾਗਉ ਸੋਈ ਸੋਈ ਪਾਵਉ ਅਪਨੈ ਖਸਮ ਭਰੋਸਾ ॥ ਕਹੁ ਨਾਨਕ ਗੁਰ ਪੂਰਾ ਭੇਟਿਓ ਮਿਟਿਓ ਸਗਲ ਅੰਦੇਸਾ ॥”

ਇਸ ਤੋਂ ਅੱਗੇ ਮਹਲਾ ਪਹਿਲਾ (੧) ਦੀ ਬਾਣੀ ਜਪੁਜੀ ਸਾਹਿਬ ਦਿਤਾ ਹੋਇਆ ।

ਪੰਨਾ ੧੯ ਸੋਦਰੁ ਰਾਗ ਆਸਾ ਮਹਲਾ (੧) ਦੀ ਬਾਣੀ । ਰਾਗ ਆਸਾ ਮਹਲਾ ੪ ॥ ਸੋ ਪੁਰਖ ਦੀ ਬਾਣੀ ।

੧ੴ ਸਤਿਗੁਰ ਪ੍ਰਸਾਦਿ ॥ ਸੋ ਪੁਰਖੁ ਨਿਰੰਜਨੁ ਹਰਿ ਪੁਰਖੁ ਨਿਰੰਜਨ –.

ਪੰਨਾ ੨੮ – ਸੋਹਿਲਾ ਰਾਗ ਗਉੜੀ ਦੀਪਕੀ ਮਹਲਾ ੧

੧ੴ ਸਤਿਗੁਰ ਪ੍ਰਸਾਦਿ ॥ ਜੈ ਘਰਿ ਕੀਰਤਿ ਆਖੀਐ ਕਰਤੇ ਕਾ ਹੋਇ ਬੀਚਾਰੋ ॥

ਪੰਨਾ ੩੯ – ਭੈਰਉ ਮਹਲਾ ੭ ॥ ਸਲੋਕੁ ਮਹਲਾ ੭ :

ਸਿਫਤਿ ਸਾਹਿਬ ਕੀ ਜੋ ਕਰਹਿ ਤਿਨਹੀ ਕਉ ਸੁਖੁ ਹੋਇ ॥ ਸੁਖ ਦਾਤਾ ਪ੍ਰਭੁ ਏਕੁ ਹੈ ਦਾਸ ਨਾਨਕ ਅਵਰੁ ਨ ਕੋਇ ॥ ਅਸ੍ਟਪਦੀ ॥ ਸੱਚੇ ਖੰਡ ਸਾਹਿਬ ਕਾ ਡੇਰਾ ॥ ਪਾਰ ਬ੍ਰਹਮੁ ਪਰਮੇਸਰੁ ਮੇਰਾ॥ ਸਤਿਗੁਰ ਸਾਹਿਬੁ ਸਿਰਜੁਨ ਹਾਰਾ ॥ ਚਰਨ ਕਮਲ ਮੇਰੇ ਪ੍ਰਾਨ ਅਧਾਰਾ ॥

ਪੰਨਾ ੪● – ਮਾਰੂ ਮਹਲਾ ੯ ॥ ਸਲੋਕ ਮ:੫ ॥ ਆਦਿ ਗੁਰਏ ਨਮਹ ॥

ਜੁਗਾਦਿ ਗੁਰਏ ਨੱਮਹ ॥ ਸਤਿਗੁਰਏ ਨਮਹ ॥ ਸ੍ਰੀ ਗੁਰ ਦੇਵਏ ਨਮਹ ॥

ਗੂਜਰੀ ਮਹਲਾ ੬ ॥ ਸਲੋਕ ਮ:੯ ॥

ਜਨਮਿ ਆਵਨਿ ਤੇ ਬਾਹਰਾ ਅਕਾਲ ਮੂਰਤਿ ਕਰਤਾਰ ॥ ਭਗਤਿ ਹੇਤਿ ਕੇ ਕਾਰਣੇ ਜਨ ਨਾਨਕ ਕੀਏ ਅਵਤਾਰ ॥ਅਸਟਪਦੀ॥

ਰਾਗ ਗਉੜੀ ਮਹਲਾ ੯ ॥ਸਲੋਕ ॥ ਸਹੰਸ੍ਰ ਸੀਖਾਵਦੇ ਉਸਤਤਿ ਗਾਇਅੰ ॥ ਸਹੰਸ੍ਰ ਆਖ ਸਿਧਿ ਲਿਵ ਲਾਇ । ਸਹੰਸ੍ਰ ਪਾਦ ਕਰਿ ਸਾਧ ਧਿਆਇਅੰ ॥

ਬਿਲਾਵਲੁ ਮਹਲਾ ੨
ਸਲੋਕ ਮ: ੭
ਧੰਨਿ ਧੰਨਿ ਗੁਰਦੇਵ ਹਰਿ ਜਿਸੁ ਮਿਲਿ ਜਪਿਓ ਹਰਿ ਨਾਉ । ਜਿਸੁ ਸਿਮਰਤਿ ਸੁਖ ਪਾਈਅਹਿ ਦਾਸ ਨਾਨਕ ਬਲਿ ਬਲਿ ਜਾਉ ॥ਸਬਦੁ॥
ਪੰਨਾ ੨੩੬ - ਸਲੋਕੁ ਮਹਲਾ ੮ ॥ ਨਰਾਇਣ ਜੀ ਚਲੇ ਹੋਆ ॥ ਨਰਾਇਣੁ ਹਰਿ ਕਾ ਰੂਪ ਸੀ ਹਰਿ ਲੀਨਾ ਆਪਿ ਮਿਲਾਇ ॥ ਭਗਤਾ ਸੰਗਿ ਗੁਰੂ ਆਇਆ ਲੀਆ ਬਿਬਾਨ ਚੜਾਇ ॥"

ਅੰਤ : "ਦਸੂਣੀ ਕਲਾ ਵਧਾਈਆ ਦਿਨੁ ਦਿਨੁ ਚੜੈ ਸਵਾਇ ॥ ਚਾਰੇ ਵਰਨ ਸੇਵਾ ਕਰਹਿ ਸਭ ਚਰਨੀ ਲਗੇ ਆਇ ॥ ਜਨ ਨਾਨਕ ਤੇਰੀ ਟੇਕ ਹੈ ਮੈ ਹੋਰੁ ਨ ਦੂਜੀ ਜਾਇ ॥"

ਹੱਥ ਲਿਖਤ ਨੰ : MS 1003 ਅ
ਸਿਰਲੇਖ : ਸੋਢੀ ਮੇਰਹਵਾਨ ਦੇ ਚਲਾਨੇ ਬਾਰੇ
ਸਮਾਂ : ਸੰਮਤ 1696
ਪੱਤਰੇ : 228 ਅ – 236 ਅ
ਆਕਾਰ : 16 X 17 ਸ.ਮ. ਲਿਖਤ : 12 X 15 ਸ.ਮ.
ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ-8 ਹਨ।
ਆਮ ਵੇਰਵਾ : ਲਿਖਾਈ ਸੁੰਦਰ,ਪੋਥੀ ਦੀ ਹਾਲਤ ਠੀਕ ਠੀਕ ।
ਆਰੰਭ : "ੴ ਸਤਿਗੁਰ ਪ੍ਰਸਾਦਿ ॥ ਬਸੰਤੁ ਮਹਲਾ ੮ ॥ ਸਲੋਕ ॥ ਪੂਰਬ ਜਨਮ ਨਿਜੁ ਭਗਤ ਥਾ ਜਨਮੁ ਲੀਓ ਗ੍ਰਿਹਿਸੰਤ ॥ ਵਡਾ ਭਗਤੁ ਗੁਰੂ ਮਿਹਰਵਾਨੁ ਕਿਰਤ ਨਾਮੁ ਭਗਵੰਤ ॥ ਜਨਮ ਚਲਾਨਾ ਏਕ ਓਨ ਏਹ ਪਦਵੀ ਬੇਅੰਤ ॥ ਪੂਰਨ ਬਿਧਿ ਸਭ ਸਬਦ ਮਹਿ ਜਨ ਨਾਨਕ ਜਪਿ ਗੁਰਮੰਤੁ ॥੧॥ ਸਬਦ ॥ ਅਤਿ ਪਰਫੁਲਤ ਰੁਤਿ ਬਸੰਤ॥ ਮੈ ਅਨਿਕ ਬਾਰਨੇ ਗੁਰ ਬੇਅੰਤ ॥੧॥ ਰਹਾਓ ॥ ਪੂਰਬਿ ਜਨਮ ਸੁਕਦੇਵ ਜੀ॥ ਬਿਆਸ ਪਿਤਾ ਬਨਸੇਵ ਜੀ ॥ ਲੈ ਜਨਕ ਗੁਰੂ ਦੀ ਦੀਖਿਆ ॥ ਕਲਾ ਖੋੜਸ ਸਚੁ ਪਰੀਖਿਆ ॥੧॥ ਜਨਕ ਗੁਰੂ ਗੁਰ ਨਾਨਕੋ ॥ ਸੁਕਦੇਉ ਜਨਮ ਮਿਹਰਵਾਨ ਕੋ ॥ ਗ੍ਰਿਹ ਗੁਰ ਸਾਹਿਬ ਜਨਮੁ ਲੈ ॥ ਬਸੰਤ ਪੰਚਮੀ ਅਨੰਦ ਮੈ ॥੨॥ ਬਰਸ ਇਕਾਹਠਿ ਕੀਉ ਰਾਜ ॥ ਸਗਲ ਜੀਅਨ ਕੋ ਕਰੈ ਕਾਜੁ ॥"
ਪੰਨਾ - ੨੩੧ਅ॥੧੪॥ "ਸੰਮਤੁ ਸੈ ਸੋਲਾਹ ਛਿੰਨਵਾ ਭੈਆ ॥ ਰਵਿ ਪ੍ਰਕਾਸੁ ਉਤਰਾਇਣ ਗੈਆ॥ ਬਸੰਤ ਪੰਚਮੀ ਖੇਲਿਆ ॥ ਹਰਿ ਕੁਸਲ ਪੁਛਿ ਗਲਿ ਮੇਲਿਆ॥"

ਅੰਤ : "ਸਲੋਕੁ ਮਹਲਾ ੮ ॥ ਨਾਰਾਇਣ ਜੀ ਚਲੇ ਹੋਆ ॥ ਨਾਰਾਇਣ ਹਰਿ ਕਾ ਰੂਪ ਜੀ ਹਰਿ ਲੀਨਾ ਆਪ ਮਿਲਾਇ ॥ ਭਗਤਾ ਸੰਗਿ ਗੁਰੂ ਆਇਆ ਲੀਆ ਬੰਬਾਨ ਚੜਾਇ॥ ਜਿਸਕਾ ਤਿਸ ਕਉ ਮਿਲਿਆ ਜੋਤੀ ਜੋਤਿ ਸਮਾਇ ॥ ਰਾਜੁ ਜੋਗੁ ਸੁਖ ਸਭਿ ਕੀਏ ਗੈਆ ਨੀਸਾਨੁ ਬਜਾਇ ॥ ਸਚਿ ਖੰਡਿ ਪੈ ਨਾਇਆ ਸਚਾ ਜਾਮਾ ਪਾਇ ॥ ਜੋ ਤਿਸ ਭਾਵੈ ਸੋ ਕਰੈ ਸਭ ਤੇਰੀ ਸਤਿ ਰਜਾਇ ॥ ਪਿਛੈ ਪੂਰੀ ਕੀਤੀ ਆਸੁ ਪੂਰੀ ਮਤਿ ਦਿੜਾਇ ॥ ਆਪੇ ਥਾਪਿ ਨਿਵਾਜਿਆ ਆਪੇ ਕਰੇ ਸਹਾਇ ॥ ਦਸੂਣੀ ਕਲਾ ਵਧਾਈਆ ਦਿਨੁ ਦਿਨੁ ਚੜੈ ਸਵਾਇ ॥ ਚਾਰੇ ਵਰਨ ਸੇਵਾ ਕਰਹਿ ਸਭ ਚਰਨੀ ਲਗੇ ਆਇ ॥ ਜਨ ਨਾਨਕ ਤੇਰੀ ਟੇਕ ਹੈ ਮੈ ਹੋਰੁ ਨ ਦੂਜੀ ਜਾਇ ॥੧॥"
=

ਹੱਥ ਲਿਖਤ ਨੰ : MS 1003 ੲ
ਸਿਰਲੇਖ : ਸਾਖੀਆਂ ਮਹਲੇ ਪੰਜਵੇ ਕੀਆਂ

ਪੱਤਰੇ : 237 – 265 ੳ

ਆਕਾਰ : 17 X 10 ਸ.ਮ. ਲਿਖਤ : 11X 6 .5 ਸ.ਮ.

ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ-8-9 ਹਨ।

ਆਮ ਵੇਰਵਾ : ਕਾਨੀ ਬਦਲੀ ਹੋਈ, ਲਿਖਾਈ ਧਬਿਆਂ ਵਾਲੀ ਪਰ ਪੜਨ ਯੋਗ । ਕਈ ਪੱਤਰਿਆਂ ਉਪਰ ਹੜਤਾਲ ਫੇਰਕੇ ਸੁਧਾਈ ਕੀਤੀ ਹੋਈ ਹੈ । ਹਾਸ਼ੀਏ ਤੋਂ ਬਾਹਰ ਵੀ ਲਿਖਤ ।

ਆਰੰਭ : "ੴ ਸਤਿਗੁਰ ਪ੍ਰਸਾਦਿ ॥ ਸਾਖੀਆਂ ਮਹਲੇ ਪੰਜਵੇ ਕੀਆਂ ॥ ਜਾ ਸਿਖੁ ਗੁਰੂ ਕੈ ਜਾਇ ਤਾ ਦੁਆਰੇ ਜਾਇ ਕੈ ਗੁਰੂ ਕੇ ਦਰਸਨ ਬਾਝ ਚਿਤੁ ਹੋਰ ਥੈ ਰਖੇ ਨਾਹੀ ॥ ਲੋਚ ਆਚਾ ਆਪਣੀ ਦਰਸਨ ਵਿਚਿ ਰਖੈ ॥ ਅੰਤ ਉਪਦੇਸੁ ਸੁਣੈ ਅਤੈ ਪਰਸਾਦੁ ਪਾਏ ॥ ਅਤੈ ਸਹਜੇ ਦੈ ਘਰਿ ਵਿਦਿਆ ਹੋਵੈ ॥ ਤਾ ਉਸ ਸਿਖ ਦੇ ਕੰਮ ਸਭ ਸੰਪੂਰਨ ਹੋਵਨਿ॥"

ਅੰਤ : "ਕਵਿ ਜਨਾ ਜੁਗ ਕੋਟ ਗਾਵਤ ਨਾਮ ਅਪਰੰ ਪਰਵਰੰ ॥ ਮਨ ਜਨਾਸੁਰ ਨਰ ਰਿਖੀਸਰ ਨਾਮ ਨਿਤ ਰਸ ਨਾ ਧਰੀ ॥ ਸਹਸ ਮੁਖ ਫਨ ਪਤ ਉਚਾਰਤਾ ਮਨਵਤਨ ਅਦਭੁਤੰ ॥ ਕੁਸਲ ਜਨ ਰਸਨਾ ਕਿ ਭਾਖੈ ਤੁਮਰੀ ਪ੍ਰਭ ਅਵਿਗਤ ਗਤੰ ॥੧੯॥੫॥= = =

ਹੱਥ ਲਿਖਤ ਨੰ : MS 1003 ਸ

ਸਿਰਲੇਖ : ਦਸਵਤਾਰ [ਦਸ ਅਵਤਾਰ] ਵਰਨਨੰ

ਪੱਤਰੇ : 265 ਅ – 272 ੳ

ਆਕਾਰ : 17 X 10 ਸ.ਮ. ਲਿਖਤ : 11 X 6 .5 ਸ.ਮ.

ਵੇਰਵਾ : ਓਹੀ। ਸਤਰਾਂ ਪ੍ਰਤੀ ਪੰਨਾ-8 ਹਨ।

ਆਮ ਵੇਰਵਾ : ਕਾਨੀ ਬਦਲੀ ਹੋਈ, ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ । ਲਿਖਾਈ ਚੰਗੀ ਅਤੇ ਪੋਥੀ ਦੀ ਹਾਲਤ ਠੀਕ ਠੀਕ ।

ਆਰੰਭ : "ੴ ਸਤਿਗੁਰ ਪ੍ਰਸਾਦਿ ॥ ਅਥ ਦਸਵਤਾਰ ਵਰਨਨੰ ॥ ਦੋਹਰਾ ॥ ਆਦਿ ਦੇਵ ਬੰਦਨ ਕਰੋ ਕਾਰਨ ਕਰਨ ਸਰੂਪ ॥"

ਅੰਤ : "ਕਮਨਕ੍ਰਾਂਤ ਕਾ ਇਕ ਅਧਿਕ ਅਰ ਕਾਦਿਕ ਸਸਿ ਕੋਟਿ ॥ ਮਦਨ ਕੋਟਿ ਛਬ ਜੋਗ ਨਉ ਹੈ ਹੈ ਰਸਨਾ ਤੋਟਿ ॥ ਇਤ ਦਸ ਅਵਤਾਰ ਸਾਖਾ ਸਮਾਪਤਹ ॥ ਦੋਹਰਾ ॥
ਪੁਤ੍ਰਹੀਨ ਜੋ ਭਾਰ ਜਾਨਹਿ ਸਤਵੰਤਿ ਪਛਾਨ ॥ ਦੂਧਹੀਨ ਜੈਸੇ ਗਊ ਕਰਨੀ ਹੀਨ ਗਿਆਨ ।੧। ਰੋਗ ਗਿਰਾਸੀ ਦੇਹਿ ਜਿਮ ਭੋਗਨ ਤਪ ਕੇ ਕਾਜ ॥ ਜਿਵੈ ਕੁਪਾਤਰ ਦਾਨ ਕੋ ਪੁੰਨ ਨ ਸੋਭਅ ਕਾਜ ॥ ਪੁੰਨ ਹੀਨ ਗਿਰਹੀ ਜਿਵੈ ਪਕੋ ਹੀਨ ਅਤੀਤ ॥ ਨਿਆਇ ਹੀਨ ਨਿਰਪਤ ਤਿਵੈ ਵਰਤਤ ਸਦਾ ਅਨੀਤ॥ ੪ ॥"

ਹੱਥ ਲਿਖਤ ਨੰ : MS 1003 ਹ

ਸਿਰਲੇਖ : ਸਮੁੰਦ੍ਰੀਕ ਭਾਖਾ

ਲੇਖਕ : ਰਾਮ ਚੰਦ

ਸਮਾਂ : ਸੱਤ੍ਰਹ ਸੈ ਬਾਈਸ (ਸੰਮਤ 1722)

ਪੱਤਰੇ : 273 ੳ – 310 ੳ

ਆਕਾਰ : 17 X 10 ਸ.ਮ. ਲਿਖਤ : 11 X 6 .5 ਸ.ਮ.

ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ - 8 ਹਨ।

ਆਮ ਵੇਰਵਾ : ਲਿਖਾਈ ਸੁੰਦਰ ਹੜਤਾਲ ਫੇਰ ਕੇ ਸੁਧਾਈ ਕੀਤੀ ਹੈ । ਕਾਨੀ ਬਦਲੀ ਹੋਈ ਹੈ ।

ਆਰੰਭ : “ੴ ਸਤਿਗੁਰ ਪ੍ਰਸਾਦਿ ॥ ਸ੍ਰੀ ਸੁਸ੍ਵਤਜੇਨਮ : ॥ ਅਥ ਸਮੁੰਦ੍ਰੀਕ ਭਾਖਾ ਲਿਖਯਤੇ ॥ਦੋਹਰਾ॥ ਸੰਮਤ ਉਸੁਰਸ੍ਵਤੀ ਚਿੱਤ ਧਾਰਿ ਨਮਸਕਾਰ ਕਰਿ ਤਾਸ ॥ ਬਾਕਪਤੀ ਮੁਹਿ ਰਸਨ ਪਰਿ ਕੀਜੈ ਆਇ ਨਿਵਾਸ ॥ ਅਗਮ ਨਿਗਮ ਕੀ ਬਾਤ ਜੋ ਸਾਮੁੰਦਕ ਕੇ ਮਾਹਿ॥ ਨਰ ਨਾਰੀ ਲਛਨ ਸਕਲ ਬਰਨੇ ਅਦਭੁਤ ਜਾਂਹਿ ॥”

ਅੰਤ : “ਸੋਰਠਾ॥ ਸੱਤ੍ਰੁਹ ਸੈ ਬਾਈਸ ਮਾਘ ਵਦੀ ਛਟ ਤਿਥ ਮੈ ॥ ਔਰੰਗਸਾਹ ਜਗਈਸ ਤਾਂਹਿ ਰਾਜ ਪੂਰਨ ਕਰਿਯੋ ॥੮੩॥ ਸਾਮੁੰਦ੍ਰਕ ਕਵਿ ਜਾਨਿ ਰਾਮ ਚੰਦ ਦਿਜ ਨੈ ਕਰਿਯ॥ ਸਹਸਕ੍ਰਿਤ ਸੁਨਿਕਾਨ ਲਿਖਿ ਪੁਸਤਕ ਭਾਖਾਧਰੀ ॥੮੪॥੧=੮੫॥
ਇਤ ਸ੍ਰੀ ਸਮੁੰਦ੍ਰਕ ਸਾਸਤ੍ਰੈ ਪੁਰਖ ਇਸਤ੍ਰੀ ਲੱਖਨ ਨੱਖ ਸਿਖਾਕ ਸਮਾਪਤੰ ॥”

ਹੱਥ ਲਿਖਤ ਨੰ : MS 1003 ਕ
ਸਿਰਲੇਖ : ਅੰਕ [ਅੰਗ] ਫੁਰਣਾ
ਲੇਖਕ : ਕੁਸਲ ਦਾਸ
ਸਮਾਂ : ਸੰਮਤ 1863
ਪੱਤਰੇ : 310 ਅ – 322 ਅ
ਆਕਾਰ : 17 X 10 ਸ.ਮ. ਲਿਖਤ : 11 X 6 .5 ਸ.ਮ.
ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ–9 ਹਨ।
ਆਮ ਵੇਰਵਾ : ਕਾਨੀ ਬਦਲੀ ਹੋਈ, ਪੋਥੀ ਦਾ ਇਹ ਭਾਗ ਪੱਤਰੇ ਭਿੱਜੇ ਹੋਏ ਹਨ, ਲਿਖਾਈ ਅਸਪਸ਼ਟ, ਪਰ ਪੜ੍ਹੀ ਜਾਂਦੀ ਹੈ ।
ਆਰੰਭ : “ੴ ਸਤਿਗੁਰ ਪ੍ਰਸਾਦਿ ॥ ਅਥ ਅੰਕ ਫੁਰਣਾ ਗ੍ਰੰਥ ਲਿਖਯਤੇ ॥ ਦੋਹਰਾ ॥ ਅਥ ਸੀਸ ਫਲੰ ਸੀਸ ਫੁਰੇ ਅਧ ਬੀਚ ਤੇ ਰਾਜਾ ਹੋਵੈ ਸੋਇ ॥ ਆਸ ਪਾਸ ਤੇ ਜੋ ਫੁਰੈ ਮਿਲੈ ਵਡਾਈ ਲੋਇ॥”
ਅੰਤ : “ਕੋਕਸਾਰ ਕੇ ਬੀਚ ਜੀ ਫੁਰਨਾ ਲਿਖੇ ਬਨਾਇ ॥ ਕੁਸਲ ਦਾਸ ਭਾਖਾ ਬਿਖੇ ਲਿਯੇ ਦੋਹਰੇ ਲਾਇ ॥85॥ ਸੋਰਠਾ ॥ ਸੋਲਾ ਕਲਾ ਸੁ ਚੰਦ ਜੇਠਿ ਸੁਦੀ ਤਿਥ ਪੂਰਨੋ ॥ ਵਾਰ ਅਦਿੱਤ ਆਨੰਦ ਲਿਖਿ ਫੁਰਨੇ ਪੂਰਨ ਕਿਯੋ ॥੮੬॥ ਦਸ ਅਠ ਸੈ ਪਰ ਮਾਨ ਔਰ ਤੀਨ ਸਠਿ ਸੰਮਤੋ ॥ ਅਸੀਹ ਸਤਿ ਪਛਾਨ ਲਿਖਿ ਦੋਹੇ ਪੋਥੀ ਧਾਰੇ ॥੮੭॥ ਇਤ ਫੁਰਨਾ ਗ੍ਰੰਥ ਸਮਾਪਤਹਿ ॥੨॥ =”

ਹੱਥ ਲਿਖਤ ਨੰ : MS 1003 ਖ
ਸਿਰਲੇਖ : ਸੋਰਠਿ ਮਹਲਾ ੫ ॥
ਪੱਤਰੇ : 323 ੳ – 329 ੳ
ਆਕਾਰ : 17 X 10 ਸ.ਮ. ਲਿਖਤ : 11 X 6 .5 ਸ.ਮ.
ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ–8 ਹਨ।
ਆਮ ਵੇਰਵਾ : ਲਿਖਾਈ ਧਬਿਆਂ ਵਾਲੀ, ਪੜ੍ਹਨ ਵਿਚ ਮੁਸ਼ਕਲ ਪੇਸ਼ ਆਉਂਦੀ ਹੈ ।ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ ।
ਆਰੰਭ : “ੴ ਸਤਿਗੁਰ ਪ੍ਰਸਾਦਿ॥ ਸੋਰਠਿ ਮਹਲਾ ੫ ॥ ਸੁਖ ਮੰਗਲ ਕਲਿਆਣ ਸਹਜ ਧੁਨਿ ਪ੍ਰਭ ਕੇ ਚਰਣਨਿ ਧਾਰਿਆ॥ ਰਾਖਨ ਹਾਰੈ ਰਾਖਿਓ ਬਾਰਿਕ ਸਤਿਗੁਰਿ ਤਾਪ ਉਤਾਰਿਆ ॥”

ਅੰਤ : "ਪ੍ਰਭ ਜੀ ਤੂ ਮੇਰੇ ਸੁਖਦਾਤਾ ॥ ਬੰਧਨ ਕਾਟਿ ਕਰੇ ਮਨੁ ਨਿਰਮਲੁ ਪੂਰਨ ਪੁਰਖੁ ਬਿਧਾਤਾ ॥੧॥ ਰਹਾਉ॥ ਨਾਨਕ ਪ੍ਰਭ ਅਬਨਾਸੀ ॥ ਤਾਕੀ ਸੇਵ ਨ ਬਿਰਥੀ ਜਾਸੀ ॥ ਅਨਦ ਕਰਹਿ ਤੇਰੇ ਦਾਸਾ ॥ ਜਪਿ ਪੂਰਨ ਹੋਈ ਆਸਾ ॥੨॥੧੪॥ =

ਹੱਥ ਲਿਖਤ ਨੰ : MS 1005 ਸੰਗ੍ਰਹਿ
ਸਿਰਲੇਖ : ਜਪੁਜੀ
ਪੱਤਰੇ : 2 – 30 ਅ
ਆਕਾਰ : 11 X 15 ਸ.ਮ. ਲਿਖਤ : 6 X 13 ਸ.ਮ.
ਵੇਰਵਾ : ਜਿਲਦ ਗੱਤਾ ਕਪੜਾ, ਉਖੜੀ ਹੋਈ। ਸਿਆਹੀ ਕਾਲੀ, ਵਖਰੇਵੇਂ ਲਈ ਲਾਲ। ਹਾਸ਼ੀਆ ਦੋਵੇਂ ਪਾਸੇ ਦੋ ਦੋ ਲਾਲ ਲਕੀਰਾਂ। ਸਤਰਾਂ ਪ੍ਰਤੀ ਪੰਨਾ-9 ਹਨ।
ਆਮ ਵੇਰਵਾ : ਜਿਲਦ ਉਖੜੀ ਹੋਈ, ਪੱਤਰੇ ਵੀ ਉਖੜੇ ਹੋਏ ਹਨ । ਪੱਤਰਿਆਂ ਦੀ ਹਾਲਤ ਖਸਤਾ। ਕਈ ਪੱਤਰਿਆਂ ਉਪਰ ਲਿਖਾਈ ਧਬਿਆਂ ਵਾਲੀ ਅਤੇ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ । ਆਰੰਭ ਵਿਚ ਪੋਥੀ ਦਾ ਤੱਤਕਰਾ ਦਿਤਾ ਹੋਇਆ ਹੈ ।
ਆਰੰਭ : "ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲਿ ਮੂਰਤਿ ਅਜੂਨੀ ਸੈਭੰਗੁ ਗੁਰਪ੍ਰਸਾਦਿ ॥ਜਪੁ॥"
ਅੰਤ : "ਸਲੋਕੁ ਪਵਣ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥ ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ ॥ ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ ॥ ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ ॥ ਜਿੰਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥ ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥੧॥੩੯॥ =॥ ="

ਹੱਥ ਲਿਖਤ ਨੰ : MS 1005 ਅ
ਸਿਰਲੇਖ : ਜੈਤਸਰੀ ਕੀ ਵਾਰ ॥ ਮਹਲਾ ੫ ॥
ਪੱਤਰੇ : 31 ੳ – 49 ੳ
ਆਕਾਰ : 11 X 15 ਸ.ਮ. ਲਿਖਤ : 6 X 13 ਸ.ਮ.
ਵੇਰਵਾ : ਓਹੀ ।ਸਤਰਾਂ ਪ੍ਰਤੀ ਪੰਨਾ - 9 ਹਨ।
ਆਮ ਵੇਰਵਾ : ਪੱਤਰੇ ਉਖੜੇ ਹੋਏ ਅਤੇ ਖਸਤਾ ਹਾਲਤ ਵਿਚ ਹਨ । ਲਿਖਾਈ ਸੁੰਦਰ ।
ਆਰੰਭ : "ੴ ਸਤਿਗੁਰ ਪ੍ਰਸਾਦਿ ॥ ਜੈਤਸਰੀ ਕੀ ਵਾਰ ॥ ਮਹਲਾ ੫ ਸਲੋਕੁ ॥ ਆਦਿ ਪੂਰਣ ਮਧਿ ਪੂਰਣ ਅੰਤ ਪੂਰਣ ਪਰਮੇਸੁਰਹ ॥ ਸਿਮਰੰਤ ਸੰਤ ਸਰਬਤਰਵਣਂ ਨਾਨਕ ਅਘਨਾਸਨ ਜਗਦੀਸੁਰਹ ॥੧॥"
ਅੰਤ : "ਪ੍ਰਭ ਦਇਆਲ ਬੇਅੰਤ ਪੂਰਨ ਇਕੁ ਏਹ ॥ ਸਭ ਕਿਛੁ ਆਪੇ ਆਪਿ ਦੂਜਾ ਕਹਾ ਕੇਹੁ ॥ ਆਪ ਕਰਹੁ ਪ੍ਰਭ ਦਾਨੁ ਆਪੇ ਆਪਿ ਲੇਹੁ॥ਆਵਣ ਜਾਣਾ ਹੁਕਮੁ ਸਭ ਨਿਹਚਲੁ ਤੁਧ ਥੇਹੁ ॥ ਨਾਨਕੁ ਮੰਗੈ ਦਾਨੁ ਕਰਿ ਕਿਰਪਾ ਨਾਮ ਦੇਹੁ ॥੨●॥ =੧॥ ="

ਹੱਥ ਲਿਖਤ ਨੰ : MS 1005 ੲ
ਸਿਰਲੇਖ : ਗੁਰਬਾਣੀ
ਪੱਤਰੇ : 49 ੳ – 54 ੳ
ਆਕਾਰ : 11 X 5 ਸ.ਮ. ਲਿਖਤ : 6 X 13 ਸ.ਮ.
ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ - 13 ਹਨ।

ਆਮ ਵੇਰਵਾ : ਲਿਖਾਈ ਸੁੰਦਰ, ਪੋਥੀ ਦੀ ਹਾਲਤ ਠੀਕ ਠੀਕ । ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ । ਹਾਸ਼ੀਏ ਤੋਂ ਬਾਹਰ ਵੀ ਲਿਖਾਈ ਕੀਤੀ ਹੋਈ ਹੈ ।

ਆਰੰਭ : "ੴ ਸਤਿਗੁਰ ਪ੍ਰਸਾਦਿ, ਰਾਗ ਬਸੰਤੁ ਮਹਲਾ ੫-ਗੁਰ ਸੇਵਾ ਕਰਿ ਨਮਸਕਾਰ ॥ ਆਜ ਹਮਾਰੈ ਮੰਗਲਚਾਰ ॥ ਆਜੁ ਹਮਾਰੈ ਮਹਾਆਨੰਦ ॥ ਚਿੰਤ ਲਥੀ ਭੇਟੇ ਗੋਬਿੰਦ ॥੧॥ ਆਜੁ ਹਮਾਰੈ ਗ੍ਰਿਹ ਬਸੰਤ ॥ ਗੁਨਗਾਏ ਪ੍ਰਭ ਤੁਮ ਬੇਅੰਤ ॥ ੧॥ ਰਹਾਉ॥"

ਅੰਤ : "ਓਇ ਪਰਮ ਪੁਰਖ ਦੇਵਾਧਦੇਵ ॥ ਭਗਤ ਹੇਤ ਨਰੁ ਸਿੰਘ ਭੇਵ ॥ ਕਹਿ ਕਬੀਰ ਕੋਊ ਲਬੇ ਨ ਪਾਰ॥ ਪ੍ਰਹਿਲਾਦਿ ਉਧਾਰੇ ਅਨਿਕ ਬਾਰ॥੫॥੧॥੨॥"

ਹੱਥ ਲਿਖਤ ਨੰ : MS 1005 ਸ

ਸਿਰਲੇਖ : ਗੋਸਟਿ ਬਾਬੇ ਨਾਨਕ ਕੀ ਖਿਥੜੇ ਨਾਲਿ ਹੋਈ ॥

ਪੱਤਰੇ : 54 ੳ – 57 ੳ

ਆਕਾਰ : 11 X 5 ਸ.ਮ. ਲਿਖਤ : 6 X 13 ਸ.ਮ.

ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ - 9 ਹਨ।

ਆਮ ਵੇਰਵਾ : ਵਿਚ ਵਿਚ ਕਾਨੀ ਬਦਲੀ ਹੋਈ । ਲਿਖਾਈ ਧਬਿਆਂ ਵਾਲੀ ਪਰ ਪੜ੍ਹੀ ਜਾਂਦੀ ਹੈ । ਪੋਥੀ ਦੀ ਹਾਲਤ ਠੀਕ ਠੀਕ ।

ਆਰੰਭ : "ੴ ਸਤਿਗੁਰ ਪ੍ਰਸਾਦਿ ॥ ਗੋਸਟਿ ਬਾਬੇ ਨਾਨਕ ਕੀ ਖਿਥੜੇ ਨਾਲਿ ਹੋਈ ॥ ਰੇ ਖਿਥੜਾ ਕਵਨ ਗੁਰੂ ਕਵਨ ਚੇਲਾ ॥ ਕਵਨ ਮੂਲ ਕਵਨ ਮਤਿਵੇਲਾ ॥ ਕਵਨ ਵਸਤੁ ਲੇ ਰਹੈ ਇਕੇਲਾ ॥ ਗਤੀ ਜਿਬੈ ਸਹਿ ਕਥਿ ਕਥਿ ਖਾਇ ॥ ਕਵਨ ਸਬਦ ਅਮਰਾ ਪੁਰਿ ਜਾਹਿ ॥"

ਅੰਤ : "ਆਦੇਸ ਕਾ ਅਨੂਪ ਉਪਦੇਸੁ ॥ ਮਨ ਕਾ ਨਿਰੰਤਰ ਵੇਸੁ ॥ ਗਿਆਨ ਕਾ ਗੁਰੂ ਸੰਤੋਖ॥ ਗੁਰ ਚਰਣੀ ਲਾਗੈ ਤਾ ਪਾਵੈ ਮੋਖ ॥੧੨॥ = ॥੧॥"

ਇਸ ਤੋਂ ਬਾਅਦ ਇਕ ਪੰਨਾ ਖਾਲੀ ਛਡ ਕੇ, ਇਕ ਪੱਤਰੇ ਤੇ ਸ਼ਬਦ ਦਿਤਾ ਹੋਇਆ ਹੈ ਜੋ ਇਸ ਤਰ੍ਹਾਂ ਹੈ :-

"ੴ ਅਬ ਹਮ ਸ੍ਰਬ ਸ੍ਰਬ ਹਮ ਮਾਂਹਿ ॥ ਹਮਤੇ ਭਿੰਨ ਅਵਰਿ ਕੁਛ ਨਾਹਿ ॥੧॥

ਅੰਤ :- ਤਤਿ ਬੀਚਾਰਿ ਪ੍ਰਮ ਪਦਿ ਪਾਇਓ ॥੪॥੧॥"

ਹੱਥ ਲਿਖਤ ਨੰ : MS 1005 ਹ

ਸਿਰਲੇਖ : ਗੋਸਟਿ ਕੰਬੀਰ ਰਵਿਦਾਸ ਜੀ ਕੀ

ਪੱਤਰੇ : 49 ੳ-67 ਅ

ਆਕਾਰ : 11 X 5 ਸ.ਮ. ਲਿਖਤ : 6X 13 ਸ.ਮ.

ਵੇਰਵਾ : ਓਹੀ ।

ਆਮ ਵੇਰਵਾ : ਕਾਨੀ ਬਦਲੀ ਹੋਈ। ਲਿਖਾਈ ਸੁੰਦਰ। ਪੋਥੀ ਦੀ ਹਾਲਤ ਠੀਕ ਠੀਕ ।

ਆਰੰਭ : "ੴ ਸਤਿਗੁਰ ਪ੍ਰਸਾਦਿ ॥ ਗੋਸਟਿ ਕੰਬੀਰ ਰਵਿਦਾਸ ਜੀ ਕੀ . ਰਵਿਦਾਸੋ ਵਾਚ ॥ ਸੁਣਿ ਕਬੀਰ ਰਵਿਦਾਸੁ ਕਹਤੁ ਹੈ ਤੁਮ ਕਹੀਅਤ ਬ੍ਰਹਮ ਗਿਆਨੀ ॥"

ਅੰਤ : "ਕਬੀਰ ਡਗ ਮਗ ਕਿਆ ਕਰਹਿ ਕਹਾ ਡੁਲਾਵਹਿ ਜੀਉ ॥ ਸਰਬ ਸੂਖ ਕੋ ਨਾਇਕੋ ਰਾਖ ਰਸਇਨੁ ਪੀਉ ॥੧॥"

ਹੱਥ ਲਿਖਤ ਨੰ : MS 1005 ਕ

ਸਿਰਲੇਖ : ਗੋਸਟਿ ਜਮ, ਕੰਬੀਰ ਕੀ

ਪੱਤਰੇ : 68 ੳ – 79 ੳ

ਆਕਾਰ : 11 X 5 ਸ.ਮ. ਲਿਖਤ : 6 X 13 ਸ.ਮ.

ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ-9 ਹਨ।

ਆਮ ਵੇਰਵਾ : ਪਤਰਿਆਂ ਦੀ ਹਾਲਤ ਖਸਤਾ, ਲਿਖਾਈ ਸੁੰਦਰ, ਪੋਥੀ ਦੀ ਹਾਲਤ ਠੀਕ ਠੀਕ । ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ।

ਆਰੰਭ : "ੴ ਸਤਿਗੁਰ ਪ੍ਰਸਾਦਿ ਗੋਸਟਿ ਜਮ ਕੰਬੀਰ ਕੀ ॥ ਕੰਬੀਰ ਵਾਚ ॥ ਜਮ ਦਇਆਲ ਦਇਆ ਤੁਧੁ ਨਾਹੀ ਸਮਾਣ ਤਨ ਤਿਨ ਕਰਹਿ ਬੀਚਾਰੁ ॥"

ਅੰਤ : "ਕੀਆ ਸਂਗ੍ਰਾਮੁ ਪ੍ਰਭ ਊਪਰਿ ਮੇਲੀ ਇਸ ਬਾਤ ਕੀ ਕਰਹੁ ਤੁਮ ਚੀਨਾ ॥ ਜਮ ਕਬੀਰ ਦੋ ਊਝਗਂਰਤ ਆਏ ਦੋਨੋ ਕ ਪ੍ਰਭ ਸਦਾ ਅਧੀਨਾ ॥੨●॥੧॥=॥=॥=॥"

ਹੱਥ ਲਿਖਤ ਨੰ : MS 1005 ਖ

ਸਿਰਲੇਖ : ਸੁਦਾਮਾ ਚਰਿਤ੍ਰ

ਲੇਖਕ : ਸਾਧੂ ਜਨ

ਪੱਤਰੇ : 79 ਅ – 98 ਅ

ਆਕਾਰ : 11 X 5 ਸ.ਮ. ਲਿਖਤ : 6 X 13 ਸ.ਮ.

ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ - 9 ਹਨ।

ਆਮ ਵੇਰਵਾ : ਪੱਤਰਿਆਂ ਦੀ ਹਾਲਾਤ ਖਸਤਾ, ਲਿਖਾਈ ਸੁੰਦਰ। ਕਈ ਪੱਤਰਿਆਂ ਉਪਰ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ ।

ਆਰੰਭ : "ੴ ਸਤਿਗੁਰ ਪ੍ਰਸਾਦਿ ਅਥ ਸੁਦਾਮਾ ਚਰਿਤ੍ਰ ਲਿਖਯਤੇ ਕ੍ਰਿਤ ਸਾਧੂ ਜਨ ॥ ਪਰਮ ਸੁਸੀਲਾ ਨਾਰਿ ਸੁਦਾਮੇ ਕਉ ਪਰਣਾਈ ॥ ਸੁਭ ਨਿਛਤ੍ਰ ਸੁਭ ਵਾਰ ਸੁਦਾਮੇ ਕੇ ਗ੍ਰਿਹਿ ਆਈ ॥ ਮੈ ਜਾਨਿਆ ਬਡ ਭਗਤੁ ਹੈ ਸੁਦਾਮਾ ਜਾਕਾ ਨਾਉ ॥ ਪਾਂਚ ਕਨਿਕ ਤਿਹ ਘਰਿ ਨਹੀ ਮੈ ਕਿਆ ਸਿੱਚਉ ਕਿਆ ਖਾਉ ॥"

ਅੰਤ : "ਆਗਿਆ ਮਾਨੈ ਬੇਦ ਕੀ ਹਰਿ ਜਸੁ ਸੁਨੈ ਸੁਨਾਇ ॥ ਤਿਹ ਸੰਤਨ ਕੇ ਚਰਨ ਪਰ ਜਨ ਸਾਧੂ ਬਲ ਬਲ ਜਾਇ ॥ ੪੪॥੧॥ ॥ = ॥ = ॥ = ॥ = ॥ ਇਤਿ ਸੁਦਾਮਾ ਚਰਿਤ੍ਰ ਸਂਪੂਰਨ ਸਮਾਪਤਂ ॥"

ਹੱਥ ਲਿਖਤ ਨੰ : MS 1005 ਗ

ਸਿਰਲੇਖ : ਭਗਤਾਵਲੀ

ਪੱਤਰੇ : 99 ੳ – 122 ੳ

ਆਕਾਰ : 11 X 5 ਸ.ਮ. ਲਿਖਤ : 6 X 13 ਸ.ਮ.

ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ - 9 ਹਨ।

ਆਮ ਵੇਰਵਾ : ਲਿਖਾਈ ਸੁੰਦਰ। ਪੋਥੀ ਦੀ ਹਾਲਤ ਠੀਕ ਠੀਕ ।

ਆਰੰਭ : "ੴ ਸਤਿਗੁਰ ਪ੍ਰਸਾਦਿ ॥ ਅਥ ਭਗਤਾਵਲੀ ਲਿਖਯਤੇ । ਧਰੂ ਸਦਾ [ਹਸਦਾ] ਘਰਿ ਆਇਆ ਕਰਿ ਪਿਆਰੁ ਪਿਅ ਕੁਛੜਿ ਲੀਤਾ ॥ ਬਾਹਹੁ ਪਕੜਿ ਉਠਾਲਿਆ ਮਨਿ ਵਿਚਿ ਰੋਸੁ ਮਤ੍ਰੇਈ ਕੀਤਾ ॥"

ਅੰਤ : "ਕਰਿ ਕਿਰਪਾ ਸਂਤੋਖਿਆ ਪਤਿਤ ਉਧਾਰਣ ਬਿਰਧ ਬੀਚਾਰੇ ॥ ਭਲੇ ਭਲੇ ਕਰਿ ਮਂਨੀਅਨਿ ਬੁਰਿਆ ਦੇ ਹਰਿ ਕਾਜ ਸਵਾਰੇ ॥ ਪਾਪ ਕਰਂਦੇ ਪਤਿਤ ਉਧਾਰੇ ॥ ੨੩॥ = ੧ ॥"

ਹੱਥ ਲਿਖਤ ਨੰ : MS 1005 ਘ
ਸਿਰਲੇਖ : ਸਲੋਕ ਗੋਪੀ ਚੰਦ ਕੇ
ਪੱਤਰੇ : 1 ੳ – 95 ਅ
ਆਕਾਰ : 11 X 5 ਸ.ਮ. ਲਿਖਤ : 6 X 13 ਸ.ਮ.
ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ – 9 ਹਨ।
ਆਮ ਵੇਰਵਾ : ਕਾਨੀ ਬਦਲੀ ਹੋਈ। ਲਿਖਾਈ ਸੁੰਦਰ। ਕਈ ਪੱਤਰਿਆਂ ਉਪਰ ਲਿਖਾਈ ਧਬਿਆਂ ਵਾਲੀ ਪਰ ਪੜ੍ਹਨ ਯੋਗ ਹੈ ।
ਆਰੰਭ : "ੴ ਸਤਿਗੁਰ ਪ੍ਰਸਾਦਿ ਸਲੋਕ ਗੋਪੀ ਚਾਂਦ ਕੇ ॥ ਏਕ ਸਮੇਂ ਗੋਪੀ ਚਾਂਦ ਦੇਖਿਆ ਮਜਨੁ ਕਰਤਾ ਮਾਈ ॥ ਮਾਈ ਕੈ ਮਨਿ ਚਿੰਤਾ ਉਪਜੀ ਦੇਹੀ ਦੇਖਿ ਪਛੁਤਾਈ ॥"
ਅੰਤ : "ਅੰਡਜ ਜੇਰਜ ਸੇਤਜ ਉਤਭੁਜ ਸਗਲ ਚਲੈਗੀ ਮਾਈ ॥ ਭਣਤਿ ਗੋਰਖੁ ਸੁਣਿ ਮੈਣਾਵੰਤੀ ਗੋਪੀ ਚਾਂਦ ਕਾ ਪਿੰਡੁ ਨ ਪਾਈ ॥੩੫੩॥"

ਹੱਥ ਲਿਖਤ ਨੰ : MS 1005 ਛ
ਸਿਰਲੇਖ : ਗਾਥਾ ਨਾਥ ਸਹਿਤ
ਪੱਤਰੇ : 95 ਅ – 106 ੳ
ਆਕਾਰ : 11 X 5 ਸ.ਮ. ਲਿਖਤ : 6X 13 ਸ.ਮ.
ਵੇਰਵਾ : ਓਹੀ। ਸਤਰਾਂ ਪ੍ਰਤੀ ਪੰਨਾ–9 ਹਨ।
ਆਮ ਵੇਰਵਾ : ਲਿਖਾਈ ਸੁੰਦਰ। ਪੋਥੀ ਦੀ ਹਾਲਤ ਠੀਕ ਠੀਕ ।
ਆਰੰਭ : "ਪੂਤਾ ਕਤਂਚ ਤਜੀਅ ਲੇ ਰਾਜ ਭਾਗਂ ॥ ਕਤਂਚ ਤਜੀਅ ਲੇ ਬਨਿਤਾ ਦਿੜ ਬੈਰਾਗ॥"
ਅੰਤ : "ਆਸਾਤ ਪਰਮ ਦੁਖੀਆ ॥ ਨਿਰਾਸਾਤ ਪਰਮ ਸੁਖੀਆ ॥ ਆਸਾ ਨਿਰਾਸਾਤ ਭੂਤਵਹ ॥ ਭਣਂਤ ਗੋਰਖੁ ਜਬ ਕੇ ਆਏ ਭਰਥਿਰੀ ਤਬ ਸੁਖਿ ਬਸਂਤੀ ਪਿਗੁਲਾ ॥੨੮॥੧॥੨੫੩॥॥੩੯੧॥" ਅੱਗੇ ਦੋ ਪੱਤਰੇ ਹਾਸ਼ੀਏ ਵਾਲੇ ਖਾਲੀ ਹਨ ॥

ਹੱਥ ਲਿਖਤ ਨੰ : MS 1006
ਸਿਰਲੇਖ : ਰਾਮ ਚਰਿਤ ਮਾਨਸ
ਲੇਖਕ : ਤੁਲਸੀ ਦਾਸ
ਸਮਾਂ : ਸੰਮਤ 1917
ਪੱਤਰੇ : 1 ੳ – 559 ਅ
ਆਕਾਰ : 22 .5 X 15 ਸ.ਮ. ਲਿਖਤ : 7 .5 X 19 ਸ.ਮ.
ਵੇਰਵਾ : ਜਿਲਦ ਗੱਤਾ ਕਪੜਾ, ਉਖੜੀ ਹੋਈ। ਸਿਆਹੀ ਕਾਲੀ ਵਖਰੇਵੇਂ ਲਈ ਲਾਲ। ਹਾਸ਼ੀਆ ਨੀਲੀਆਂ ਲਾਲ ਅਤੇ ਪੀਲੀ ਮੋਟੀ ਲਕੀਰ ਦੇ ਨਾਲ। ਸਤਰਾਂ ਪ੍ਰਤੀ ਪੰਨਾ – 11
ਆਮ ਵੇਰਵਾ : ਪੋਥੀ, ਮਾਈਕਰੋ ਫਿਲਮ ਕਰਨ ਲਗਿਆ, ਜਿਲਦ ਉਤਾਰੀ ਹੋਈ ਹੈ। ਪਹਿਲਾ ਪੱਤਰਾ ਵੀ ਫਟਿਆ ਹੋਇਆ ਹੈ। ਜਿਸ ਕਰਕੇ ਸ਼ੁਰੂ ਵਿਚ ਲਿਖਾਈ ਬਹੁਤੀ ਸਪਸ਼ਟ ਨਹੀਂ ਹੈ ।
ਆਰੰਭ : "ੴ ਸਤਿਗੁਰ ਪ੍ਰਸਾਦਿ ॥ ਸ੍ਰੀ ਗਣੇਸਾਨਮ : ॥ ਨਮ ਕਮਲ ਦਲ ਵਿਪੁਲ ਨਯਨਾਭਿਰਾਮਾਯ ਸ੍ਰੀ ਰਾਮ ਚੰਦ ਸ੍ਰੀ ਗੁਰਵੇ ਨਮ: ਸਲੋਕ ॥ ਵਰਣਾਨਾਪਰਥ ਸੰਘਾਨਾ ਰਸਾਨਾ ਛੰਦ ਸਾਮਪਿ ॥ ਮੰਗਲਾਨਾ ਚਕ੍ਰਤਾਰਊ ਬੰਦੇ ਬਾਣੀ ਵਿਨਾਯਕਊ ॥ ਭਵਾਨੀ ਸੰਕਰਊ ਬੰਦੇ ਸਰਧਾ ਵਿਸ੍ਵਾਸ ਰੂਪਣਊ ॥ ਯਾਭਯਾ ਬਿਨਾਨ ਪਸਯੰਤਿ ਸਿਧਾ ਸ੍ਵਾਤਥਾ ਮੀਮੀਸ੍ਵਰੰ ॥ ਬੰਦੇ ਬੋਧਮਯੰ ਨਿਤਯੰ ਗੁਰੂ ਸ਼ੰਕਰ ਰੂਪਣੰ ॥ ਯਮਸ੍ਰਿਤੋਹਿ ਵਕ੍ਰੋਪਿ ਚੰਦ੍ਰਾ ਸਰਬ੍ਰਬੰਦਤੇ ॥੩॥"

ਅੰਤ : "ਸ੍ਰੀ ਮਦ੍ਰਾਮ ਚਰਿਤ੍ਰ ਮਾਨਸਮਿਦੰ ਭਕਤਿਯਾ ਵਗਾਹਤੇ॥ ਤੇ ਸੰਸਾਰ ਪਤੰਗ ਘੋਰ ਕਿਰਣ : ਦਹਿਯੰਤਨੋ ਮਾਨਵਾ ॥

ਇਤਿ ਸ੍ਰੀ ਰਾਮ ਚਰਿਤ੍ਰ ਮਾਨਸੇ ਸਕਲ ਕਲ ਕਲੁਖ ਬ੍ਰਿਧੰਸਨੇ ਉਤਰ ਕਾਂਡ ਸਮਾਪਤੇਂ॥੭॥

ਇਤਿ ਸ੍ਰੀ ਤੁਲਸੀ ਰਮਾਇਣ ਸੰਪੂਰਣ: ਸ੍ਰੀ ਰਾਮਾਯਨਮ: ਪੋਥੀ ਪੂਰਣ ਹੋਈ ਹਾੜ ਦੀ ਦੁਆਦਸੀ ਛਨਿਛਰ ਵਾਰ॥ ਸਾਲ ੧੯੧੭ ● ● ● ● ●"

ਹੱਥ ਲਿਖਤ ਨੰ : MS 1007 ਸੰਗ੍ਰਹਿ
ਸਿਰਲੇਖ : ਕਬਿਤ
ਟੀਕਾਕਾਰ : ਅਨੰਦਘਨ
ਪੱਤਰੇ : 1 ਅ – 3 ਓ
ਆਕਾਰ : 16 X 11 ਸ.ਮ. ਲਿਖਤ : 11X 8 ਸ.ਮ.
ਵੇਰਵਾ : ਜਿਲਦ ਗੱਤਾ ਰੈਕਸੀਅਨ। ਸਿਆਹੀ ਕਾਲੀ, ਵਖਰੇਵੇਂ ਲਈ ਲਾਲ। ਹਾਸ਼ੀਆ, ਸਾਰੀ ਪੋਥੀ ਦੇ ਚਾਰੇ ਪਾਸੇ ਦੋ ਦੋ ਕਾਲੀ, ਦੋ ਦੋ ਕੇਸਰੀ, ਵਿਚਕਾਰ ਇਕ ਕੇਸਰੀ ਲਕੀਰ। ਸਤਰਾਂ ਪ੍ਰਤੀ ਪੰਨਾ-9 ਹਨ।
ਆਮ ਵੇਰਵਾ : ਲਿਖਾਈ ਸੁੰਦਰ। ਪੋਥੀ ਦੀ ਹਾਲਤ ਠੀਕ ਠੀਕ। ਪਹਿਲੇ ਪੱਤਰੇ ਅ ਤੋਂ ਕਬਿਤ ਸ਼ੁਰੂ ਕਰਕੇ, ਉਸਦਾ ਟੀਕਾ ਕੀਤਾ ਹੋਇਆ ਹੈ ਜੋ ਪੱਤਰਾ ਨੰ: 3 ਓ ਤੇ ਖਤਮ ਕੀਤਾ ਹੈ ।
ਆਰੰਭ : "ੴ ਸਤਿਗੁਰ ਪ੍ਰਸਾਦਿ ॥ ਗੁਰ ਨਾਨਕ ਰੂਪੀ ॥ ਕਬਿਤੁ॥ ਵਿਘਨ ਕੇ ਹਰੀਲੇ ਕਰੀਲੇ ਸੁਭ ਮੰਗਲ ਕੇ ਨਾਮ ਕੇ ਰਸੀਲੇ ਰੰਗੀਲੇ ਹਰਿ ਨਾਮ ਨੇ। ਨਾਮ ਕੇ ਸਗੀਲੇ ਵਸੀਲੇ ਹਰਿ ਨਾਮਕੇ। ਨਾਮ ਕੇ ਉਠੀਲੇ ਬੈਠੀਲੇ ਹਰਿ ਨਾਮ ਕੇ ॥"
ਅੰਤ : "ਦੋਹਰਾ॥ ਗੁਰ ਨਾਨਕ ਜਪੁਜੀ ਕੀਓ ਨਿਜ ਮਤਿ ਕੋ ਨਿਰਧਾਰ ॥ ਆਨੰਦ ਘਨ ਟੀਕਾ ਕਰੇ ਤਾਕੋ ਅਰਥ ਵੀਚਾਰਿ ॥੧॥

ਹੱਥ ਲਿਖਤ ਨੰ : MS 1007 ਅ
ਸਿਰਲੇਖ : ਜਪੁਜੀ ਸਟੀਕ
ਟੀਕਾਕਾਰ : ਅਨੰਦਘਨ
ਪੱਤਰੇ : 3 ਓ – 132 ਅ
ਆਕਾਰ : 16 X 11 ਸ.ਮ. ਲਿਖਤ : 11 X 8 ਸ.ਮ.
ਵੇਰਵਾ : ਓਹੀ। ਸਤਰਾਂ ਪ੍ਰਤੀ ਪੰਨਾ-9 ਹਨ।
ਆਮ ਵੇਰਵਾ : ਕਿਧਰੇ ਕਿਧਰੇ ਹੜਤਾਲ ਫੇਰਕੇ ਸੁਧਾਈ ਕੀਤੀ ਹੋਈ ਹੈ । ਕਈ ਪੱਤਰਿਆਂ ਉਪਰ, ਲਿਖਤ ਧਬਿਆਂ ਵਾਲੀ, ਪਰ ਪੜ੍ਹੀ ਜਾਂਦੀ ਹੈ ।
ਆਰੰਭ : "ੴ ਸਤਿਨਾਮ ਕਰਤਾਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥ਜਪੁ॥ "ਸਤਿ ਜੋ ਹੈ ਨਾਮੁ ਹੈ ਸੋ ਕਰਤਾ ਪੁਰਖ ਪਰਮੇਸਰ ਕਾ ਹੀ ਹੈ ॥ ਔਰ ਸਭੇ ਨਾਮ ਝੂਠੇ ਹਨ ॥"
ਅੰਤ : "ਜੋ ਮਨਸਾ ਮਨ ਮੈ ਕਰੈ ਪੂਰਣ ਕਰੈ ਭਗਵਾਨ ॥ ਅਹਿਨਿਸ ਜਪੁ ਜਪਦਾ ਰਹੇ ਦਾਸ ਨਾਨਕ ਦੀਜੈ ਦਾਨੁ॥੧॥

ਇਤਿ ਸ੍ਰੀ ਗੁਰੂ ਨਾਨਕ ਵੰਸ ਪ੍ਰਸੂਤ ਦਸਮ ਪੁਰਖ ਸ੍ਰੀ ਗੁਰ ਰਾਮ ਦਿਆਲ ਸਿਖ ਅਨੰਦ ਘਨਾ ਵਿਚਤਾ ਸ੍ਰੀ ਜਪੁਜੀ ਕਾ ਟੀਕਾ ਸਮਾਪਤੰ ॥ ਸੁਭੰ ॥ = ॥ = ॥ =॥ = ॥"

ਹੱਥ ਲਿਖਤ ਨੰ : MS 1007 ਏ
ਸਿਰਲੇਖ : ਸਿੰਘ ਗਊ ਕੀ ਕਥਾ
ਲਿਖਾਰੀ : ਦੇਵੀ ਦਾਸ
ਪੱਤਰੇ : 133 ੳ – 227 ੳ
ਆਕਾਰ : 16 X 11 ਸ.ਮ. ਲਿਖਤ : 11 X 8 ਸ.ਮ.
ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ-9 ਹਨ।
ਆਮ ਵੇਰਵਾ : ਕਈ ਪੱਤਰਿਆਂ ਉਪਰ ਕਾਨੀ ਬਦਲੀ ਹੋਈ ਹੈ । ਹਾਸ਼ੀਏ ਤੋਂ ਬਾਹਰ ਵੀ ਲਿਖਿਆ ਹੋਇਆ ਹੈ ਕਈ ਥਾਈਂ ਹੜਤਾਲ ਫੇਰਕੇ ਸੁਧਾਈ ਕੀਤੀ ਹੋਈ ਹੈ ।
ਆਰੰਭ : "ੴ ਸਤਿਗੁਰ ਪ੍ਰਸਾਦਿ ॥ ਅਥ ਸਿੰਘ ਗਊ ਕੀ ਕਥਾ ਇਤਹਾਸ ਪੁਰਾਣ ਕਾ ਮਤੁ॥ ਰਾਜਾ ਜੁਧਿਸਟਰ ਪ੍ਰਸਨ ਕਰਤਾ ਹੈ ਭੀਖਮ ਪਿਤਾਮਾ ਪਹਿ ॥ ਜੁਧਿਸਟਰੋ ਵਾਚ॥"
ਅੰਤ : "ਦੋਹਰਾ॥ ਦਇਆ ਬਚਨੁ ਜਾਕਾ ਰਹੈ ਸੋ ਬੈਕੁੰਠੇ ਜਾਇ ॥ ਸਾਧ ਸੰਗ ਮਨੁ ਤ੍ਰਿਪਤੀਐ ਆਦਿ ਅੰਤਿ ਸੁਖੁ ਪਾਇ॥੫੭॥
ਇਤਿ ਸ੍ਰੀ ਹਾਸ ਪੁਰਾਣੇ ਸਿੰਘ ਗਊ ਸੰਬਾਦੇ ਸਪਤਮੋ ਧਿਆਉ ਸਮਾਪਤੰ ॥"

ਹੱਥ ਲਿਖਤ ਨੰ : MS 1007 ਸ
ਸਿਰਲੇਖ : ਗੀਤਾ ਸਾਰ
ਪੱਤਰੇ : 228 ੳ – 240 ਅ
ਆਕਾਰ : 16 X 11 ਸ.ਮ. ਲਿਖਤ : 11 X 8 ਸ.ਮ.
ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ-9 ਹਨ।
ਆਮ ਵੇਰਵਾ : ਲਿਖਾਈ ਸੁੰਦਰ, ਪੋਥੀ ਦੀ ਹਾਲਤ ਠੀਕ ਠੀਕ ।
ਆਰੰਭ : "ੴ ਸਤਿਗੁਰ ਪ੍ਰਸਾਦਿ ॥ ਓਨਮੋ ਭਗਵਤੀ ਵਾਸੁਦੇਵਾਯਾ ॥ ਅਥ ਗੀਤਾ ਸਾਰ ਲਿਖਯਤੇ॥ ਅਰਜਨੋ ਵਾਚ ॥ ਅਰਜਨ ਸ੍ਰੀ ਕ੍ਰਿਸਨ ਭਗਵਾਨ ਜੀ ਪਹਿ ਪ੍ਰਸਨ ਕਰੇ ਹੈ॥"
ਅੰਤ : "ਇਤਿ ਸ੍ਰੀ ਭਗਵਤ ਗੀਤਾ ਸੂਪਨਿਖਤ ਸੁਬ੍ਰਹਮ ਬਿਦਿਆ ਜੋਗ ਸਾਸਤ੍ਰੇ ਸ੍ਰੀ ਕ੍ਰਿਸਨ ਅਰਜਨ ਸੰਬਾਦੇ ਸਾਰ ਗੀਤਾ ਸਪੂਰਨੰ ਸਮਾਪਤੰ ॥ ਸੁਨਤ ਕਮਾਵਤ ਧਿਆਵਤ ਪੁਨੀਤ॥ ਗੀਤਾ ਸਾਰ ਸੰਪੂਰਨ ਲਿਖੀਤ । ਚਹੁ ਜੁਗਾ ਵਿਚਿ ਬਿਨਾ ਜੋਗੁ ਕਿਸੀ ਪ੍ਰਾਨੀ ਕੀ ਮੁਕਤ ਨਾਹੀ ਹੋਈ ॥ ਸਹੀ ਜਾਨਣਾ ਗੀਤਾ ਪਾਠੁ ਕਰਨੀ ॥ ਸਮਾਪਤੰ ॥ ਸੁਭੰ ਅਸਤ॥ ॥ ॥"

ਹੱਥ ਲਿਖਤ ਨੰ : MS 1007 ਹ
ਸਿਰਲੇਖ : ਗਰਭਿ ਗੀਤਾ
ਪੱਤਰੇ : 240 ਅ – 260 ਅ
ਆਕਾਰ : 16 X 11 ਸ.ਮ. ਲਿਖਤ : 11 X 8 ਸ.ਮ.
ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ-9 ਹਨ।
ਆਮ ਵੇਰਵਾ : ਲਿਖਾਈ ਸੁੰਦਰ, ਪੋਥੀ ਦੀ ਹਾਲਤ ਠੀਕ ਠੀਕ ।

ਆਰੰਭ : "ੴ ਸਤਿਗੁਰ ਪ੍ਰਸਾਦਿ ॥ ਅਥ ਗਰਭਿ ਗੀਤਾ ਲਿਖਯਤੇ ॥ ਅਰਜਨੋਵਾਚ ॥ ਅਰਜਨ ਸ੍ਰੀ ਕ੍ਰਿਸ੍ਨ ਪਾਸਹੁ ਪੂਛਤਾ ਹੈ ਪ੍ਰਸਨ ॥ ਸ੍ਰੀ ਕ੍ਰਿਸ੍ਨ ਸੁਤਰ ਦੇਤਾ ਹੈ । ਸ੍ਰੀ ਕ੍ਰਿਸ੍ਨ ਕ੍ਰਿਸਨ ਜੀ ਕੀ ਆਗਿਆ ਹੈ ਜੇ ਕੋਈ ਇਸ ਗਰਭ ਗੀਤਾ ਕੋਊ ਪੜੈ ਸੁਣੈ ਪ੍ਰੀਤਿ ਲਾਇ ਕਰਿ ਤਿਸ ਕੈ ਨਿਕਟਿ ਜੰਮ ਕੰਕਰੁ ਅਰੁ ਆਵੈਗਾ ਨਹੀਂ ॥ ਵਚਨੁ ਹੈ ਸ੍ਰੀ ਕ੍ਰਿਸ੍ਨ ਕ੍ਰਿਸਨ ਜੀ ਕਾ॥"

ਅੰਤ : "ਇਤਿ ਸ੍ਰੀਗਰਭ ਗੀਤਾ ਵਿਸ੍ਵਾਂ ਸਾਧ ਭਗਤਿ ਲਛਣ ਪੁੰਨ ਪਾਪ ਕਾ ਬੀਚਾਰੁ ਸ੍ਰੀ ਕ੍ਰਿਸ੍ਨ ਅਰਜਨ ਸੰਬਾਦੇ ਗਰਭ ਗੀਤਾ ਸੰਪੂਰਣੰ ॥"

ਹੱਥ ਲਿਖਤ ਨੰ : MS 1008

ਸਿਰਲੇਖ : ਸਿਖਾਂ ਦੀ ਭਗਤ ਮਾਲਾ, ਭਾਈ ਗੁਰਦਾਸ ਦੀ ਯਾਰਵੀਂ ਵਾਰ

ਪੱਤਰੇ : 1-217 ਅ

ਸਮਾਂ : ਸੰਮਤ 1900

ਆਕਾਰ : 23 X 15 ਸ.ਮ. ਲਿਖਤ: 15X9 ਸ.ਮ.

ਵੇਰਵਾ : ਜਿਲਦ ਰੈਕਸੀਅਨ ਗੱਤਾ। ਸਿਆਹੀ ਕਾਲੀ ਵਖਰੇਵੇਂ ਲਈ ਲਾਲ। ਹਾਸ਼ੀਆਂ ਸਾਰੀ ਪੋਥੀ ਦੇ ਪੰਨਿਆਂ ਦੇ ਚਾਰੇ ਪਾਸੇ; ਦੋ ਦੋ ਨੀਲੀਆਂ, ਲਾਲ ਲਕੀਰਾਂ ਵਿਚਕਾਰ ਇਕ ਪੀਲੀ ਮੋਟੀ ਲਕੀਰ। ਸਤਰਾਂ ਪ੍ਰਤੀ ਪੰਨਾ–10 ਹਨ।

ਆਮ ਵੇਰਵਾ : ਪੋਥੀ ਦੀ ਹਾਲਤ ਚੰਗੀ, ਲਿਖਾਈ ਸੁੰਦਰ । ਕਿਧਰੇ ਕਿਧਰੇ ਹੜਤਾਲ ਫੇਰਕੇ ਸੁਧਾਈ ਕੀਤੀ ਹੋਈ ਹੈ । ਸ਼ੁਰੂ ਦੇ ਪੱਤਰਿਆਂ ਉਪਰ, ਡੀਜ਼ਾਈਨ ਬਣਾ ਕੇ ਲਿਖਾਈ ਕੀਤੀ ਹੋਈ ਹੈ ।

ਆਰੰਭ : "ੴ ਸਤਿਨਾਮ ਕਰਤਾਪੁਰਖ ਨਿਰਭਉ ਨਿਰਵੈਰ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥ਜਪੁ॥ ਆਦਿ ਸਚ ਜੁਗਾਦਿ ਸਚ॥ ਹੈਭੀ ਸਚ ਨਾਨਕ ਹੋਸੀ ਭੀ ਸਚ ॥੧॥ ਸ੍ਰੀ ਸਤਿ ਗੁਰ ਪ੍ਰਸਾਦਿ ॥ ਸਾਖੀ ਭਾਈ ਗੁਰਦਾਸ ਜੀ ਕੀ ਵਾਰ ਯਾਰਵੀਂ ਸਿਖਾਂ ਦੀ ਭਗਤੀ ਮਾਲਾ ॥ ਏਕ ਸਮੇਂ ਭਾਈ ਮਨੀ ਸਿੰਘ ਜੀ ਥੀ ਸਿਖਾਂ ਅਰਦਾਸਿ ਕੀਤੀ॥ ਜੁ ਭਾਈ ਗੁਰਦਸ ਜੀ ਨੈ ਜੁ ਸਿਖਾਂ ਦੇ ਪ੍ਰਥਾਇਵਾਰ ਕੀਤੀ ਹੈ । ਤੇ ਸਭ ਦੇਸਾਂ ਦੇ ਸਿਖਾਂ ਦੇ ਨਾਮ ਲਿਖੈ ਹੈਨਿ ॥ ਉਨਾ ਦੀਆਂ ਰਹਿਤਾ ਤੇ ਕਰਤੂਤਾ ਅਸਾ ਨੂੰ ਮਲੂਮ ਕਰਵਾਵੋ ॥ ਜੁ ਅਸੀ ਭੀ ਜਾਣੀਐ॥"

ਅੰਤ : "ਬੋਲੋ ਭਾਈ ਵਾਹਗੁਰੂ ਜੀ ਕਾ ਖਾਲਸਾ ਵਾਹਗੁਰ ਜੀ ਕੀ ਫਤੈ ਹੈ ਜੀ ॥ ਗੁਰੂ ਕੀਆਂ ਦਸਾਂ ਮਹਲਾ ਗੁਰ ਸੰਗਤਿ ਆਖੀਆ॥੧●॥ ਪੋਥੀ ਸੰਪੂਰਨ ਹੋਈ ਗੁਰੂ ਕੀ ਕ੍ਰਿਪਾ ਨਾਲਿ॥ ਪੋਥੀ ਪੂਰਨਿ ਲਿਖਿ ਪਹੁ ਦੇ ਅਸੂ ਦਿਨ ਗੁਜਿਰੇ ਚਾਰ ਅਸੂ ਸੁਦੀ ਥਿਤਿ ਤ੍ਰਉਦਸੀਵੀ ਵਾਰਿ ॥ ਸੰਮਤ ॥ ੧੯●● ਸੰਮਤ ਉਨੀ ਸੈ ਪੂਰਾ ॥ ਵਾਧਾ ਘਾਟਾ ਅਖਰ ਸੋਧਿ ਪੜਿਣਹ ॥ ਸ੍ਰੀ ਵਾਹਗੁਰੂ ਜੀ ਕਾ ਖਾਲਸਾ ਵਾਹਗੁਰੂ ਜੀ ਕੀ ਫਤੇ ਹੈ ਜੀ ॥ ਵਾਹਗੁਰੂ ਜੀ ਵਾਹਗੁਰੂ ਜੀ । ਧੰਨਿ ਗੁਰੂ ਜੀ । ਧੰਨਿ ਗੁਰੂ ਜੀ ॥ ਸਤਿ ਕਰਤਾਰ ਜੀ ।

ਓਅੰਸਤਿ ਸਤਿ ਸਤਿ॥ ॥ ॥ ॥ ॥"

ਹੱਥ ਲਿਖਤ ਨੰ : MS 1009 ਸੰਗ੍ਰਹਿ

ਸਿਰਲੇਖ : ਸਵੈਯੇ

ਲੇਖਕ : ਸੁੰਦਰ ਦਾਸ

ਪੱਤਰੇ : 1 ੳ – 80 ੳ

ਆਕਾਰ : 16 X 24 ਸ.ਮ. ਲਿਖਤ : 13 X 21 ਸ.ਮ.

ਵੇਰਵਾ : ਜਿਲਦ ਗੱਤਾ, ਕਪੜਾ। ਸਿਆਹੀ ਕਾਲੀ ਵਖਰੇਵੇਂ ਲਈ ਲਾਲ। ਹਾਸ਼ੀਆ ਦੋਵੇਂ ਪਾਸੇ, ਦੋ ਦੋ ਲਾਲ ਲਕੀਰਾਂ। ਸਤਰਾਂ ਪ੍ਰਤੀ ਪੰਨਾ–21 ਹਨ।

ਆਮ ਵੇਰਵਾ : ਪੋਥੀ ਦੀ ਹਾਲਤ ਠੀਕ ਠੀਕ,ਲਿਖਾਈ ਸੁੰਦਰ, ਕਿਧਰੇ ਕਿਧਰੇ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਅਤੇ ਹਾਸ਼ੀਏ ਤੋਂ ਬਾਹਰ ਵੀ ਲਿਖਾਈ ਕੀਤੀ ਹੋਈ ਹੈ ।

ਆਰੰਭ : "ੴ ਸਤਿਗੁਰ ਪ੍ਰਸਾਦਿ ॥ ਰਾਮ ਜੀ ਸਤਿ ॥ ਸ੍ਰੀ ਗੁਰਦੇਵ ਦਾਦੂ ਪ੍ਰਸਾਦਿ ॥ ਬਾਬਾ ਸੁੰਦਰ ਦਾਸ ਜੀ ਕੇ ॥ਸਵੈਯੇ॥ ਲਿਖਤੰਮ ਪ੍ਰਥਮਹਿ ਗੁਰਦੇਵ ਕੋ ਅੰਕ ॥ ਇੰਦਵ ਛੰਦ ॥ ਮੌਜ ਕਰੀ ਗੁਰਦੇਵ ਦਇਆ ਕਰਿ ਸਬਦਿ ਸੁਨਾਇ ਕਹਯੋ ਹਰਿ ਨੇਰੋ॥ ਜਯੋ ਰਵਿ ਕੇ ਪ੍ਰਗਟੈ ਨਿਸਜਾਤ ਸੁ ਦੂਰ ਕੀਯੋ ਭ੍ਰਮ ਭਾਂਨਿ ਅੰਧੇਰੋ ॥ ਕਾ ਇਕ ਬਾ ਇਕ ਮਾਨਸ ਹੂੰ ਕਰਿ ਹੈ ਗੁਰਦੇਵਹਿ ਬੰਦਨ ਮੇਰੋ ॥ ਸੁੰਦਰ ਦਾਸ ਕਹੈ ਕਰਿ ਜੋਰ ਜੁ ਦਾਦੂ ਦਇਆਲ ਕੌ ਹੌਂ ਨਿਤ ਚੇਰੌ॥"

ਅੰਤ : "ਸੰਨਯਾਸੀ ਥਕੇ ਬਨਬਾਸੀ ਥਕੇ ਜੁ ਉਦਾਸੀ ਥਕੇ ਬਹੁ ਫੇਰਿ ਫਿਰਾਤੇ ॥ ਸੇਖ ਮਸਾਇਕ ਅਉਰ ਉਲਾਇਕ ਥਾਕਿ ਰਹੈ ਮਨ ਮੈ ਮੁਸਕਾਂਤੈ ॥ ਸੁੰਦਰ ਮੌਨ ਗਹੀ ਸਿਧ ਸਾਧਕ ਕੌਨ ਕਹੈ ਉਸ ਕੀ ਮੁਖ ਬਾਤੈ ॥ ਇਤਿ ਸ੍ਰੀ ਅਸਚਰਜਕੋ ਅੰਗ ਸੰਪੂਰਣੰ॥ ਸਮਾਪਤਿ॥੩੪॥ਚੌਂਤੀਸ ਅੰਗਾ॥ਦ: ਆਤਮ ਪਾਂਡਵ ਖੰਡ ਪੁਨ ਰਸਾ ਲੇਹੁ ਮਨ ਧਾਰ ॥ ਪੂਸ ਮਾਸ ਤਮ ਪੱਖਮੇ ਲਿੰਖਓ ਸੁੰਦਰ ਸਾਰ॥੧॥"

ਹੱਥ ਲਿਖਤ ਨੰ : MS 1009 ਅ

ਸਿਰਲੇਖ : ਸਤਸਯਾ

ਲੇਖਕ : ਵਿਹਾਰੀ [ਬਿਹਾਰੀ] ਦਾਸ

ਲਿਖਾਰੀ : ਗੰਗਾ ਨਾਥ

ਸਮਾਂ : ਸੰਮਤ 1951

ਸਥਾਨ : ਹਾਂਸ ਗਰਾਮ

ਪੱਤਰੇ : 1 ੳ – 29 ਅ

ਆਕਾਰ : 16 X 24 ਸ.ਮ. ਲਿਖਤ : 13 X 21 ਸ.ਮ.

ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ–22 ਹਨ।

ਆਮ ਵੇਰਵਾ : ਰਚਨਾ ਦੇ ਇਸ ਭਾਗ ਦੀ ਹਾਲਤ ਠੀਕ ਠੀਕ, ਲਿਖਾਈ ਸੁੰਦਰ; ਕਾਨੀ ਬਦਲੀ ਹੋਈ ਹੈ ।

ਆਰੰਭ : "ੴ ਸਤਿਗੁਰ ਪ੍ਰਸਾਦਿ॥ ਸ੍ਰੀ ਗਣੇਸਾਯਨਮ : ੧
ਅਥ ਵਿਹਾਰੀ ਦਾਸ ਕ੍ਰਿਤ ਸਤਸਯਹ ਲਿਖਯਤੇ ॥ਦੋਹਾ॥ ਪੂਰਬ ਪਮਾਰਥ ਦੋਹਾ ॥"

ਅੰਤ : "ਇਤਿ ਸ੍ਰੀ ਬਿਹਾਰੀ ਦਾਸ ਕ੍ਰਿਤ ਸਤਸਈ ਸੰਪੂਰਣ ਤ੍ਰਿਯੋਦਸੀ ਐਤਵਾਰ ਕੋ ॥ ਵਾਵਾ ਗੰਗਾ ਨਾਥ ਜੀ ਨੇ ਲਿਖਯਾ ਹੈ ॥ ਹਾਂਸਨ ਗਰਮੇ ॥ ਭੁਲ ਮਾਫ ਕਰਨੀ॥"

ਹੱਥ ਲਿਖਤ ਨੰ : MS 1010

ਸਿਰਲੇਖ : ਆਤਮ ਵਿਚਾਰ

ਲੇਖਕ : ਮਾਣਕ,ਕਵੀ

ਪੱਤਰੇ : 1 ੳ – 66 ੳ

ਆਕਾਰ : 22 .5 X 14 ਸ.ਮ. ਲਿਖਤ : 17 .5 X 10 ਸ.ਮ.

ਵੇਰਵਾ : ਜਿਲਦ, ਖੁਲ੍ਹੇ ਪੱਤਰੇ, ਇਕ ਕਾਗਜ਼ ਵਿਚ ਬੰਨ੍ਹੇ ਹੋਏ ਹਨ ।ਸਿਆਹੀ ਕਾਲੀ ਵਖਰੇਵੇਂ ਲਈ ਲਾਲ। ਹਾਸ਼ੀਆ ਦੋਵੇਂ ਪਾਸੇ ਦੋ ਦੋ ਲਾਲ ਲਕੀਰਾਂ, ਵਿਚਕਾਰ ਇਕ ਕਾਲੀ ਲਕੀਰ । ਸਤਰਾਂ ਪ੍ਰਤੀ ਪੰਨਾ–12 ਹਨ।

ਆਮ ਵੇਰਵਾ : ਪੋਥੀ ਦੀ ਹਾਲਤ ਆਮ ਕਰਕੇ ਠੀਕ ਠੀਕ, ਲਿਖਾਈ ਸੁੰਦਰ ਅਤੇ ਪੜ੍ਹਨ ਯੋਗ,ਕਈ ਪੱਤਰਿਆਂ ਉਪਰ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ । ਕਈ ਪੱਤਰਿਆਂ ਉਪਰ ਹਾਸ਼ੀਏ ਤੋਂ ਬਾਹਰ ਵੀ ਲਿਖਾਈ ਕੀਤੀ ਹੋਈ ਹੈ ।

ਆਰੰਭ : "ੴ ਸ੍ਰੀ ਪਰਮਾਤਮਨੇ ਨਮ ਸੀ ਕ੍ਰਿਸਨਾਯਨਮ: ਸ੍ਰੀ ਰਾਮ ਚੰਦ੍ਰਾਯ ਨਮ: ॥ਦੋਹਰਾ॥ ਮੰਗਲਾਯਨ ਕਰਣਾਯਤਨੁ ਸਰਬ ਕਲਿਆਣ ਗੁਣਧਾਮੁ ॥ ਮਨ ਮਾਨਸਰ ਹੰਸਵ ਭਰਮਣ ਕਰੁ ਸੀਆ ਰਾਮ ॥੧॥ ਧਿਆਨ ਪੂਰਬਕ ਇਸਟ ਦੇਵਤਾ ਕੀ ਪ੍ਰਾਥਨਾ ਕਰੇ ਹੈ ॥ ਸਵੈਯਾ॥ ਸਯਾਂਮ ਸਰੀਰ ਪੀਤਾਬਰ ਸੋਹਤ ਦਾਮਨੀ ਜਿਯੋ ਘਨ ਮਾਹਿ ਸੁਹਾਈ॥ ਸੀਸ ਮੁਕਟ ਅਤ ਸੋਹਤ ਹੈ ਘਨ ਊਪਰਿ ਜਿਊ ਰਵਿ ਦੇਤ ਦਿਖਾਈ ॥ ਕੰਠ ਵਿਖੇ ਮਯ ਮਾਲ ਬਨੀ ਮਾਨੋ ਨੀਲ ਗਿਰੀ ਮਹਿ ਗੰਗ ਜੁ ਆਈ॥ ਮਾਣਕ ਕੇ ਮਨ ਮਹਿ ਵਸੋ ਐਸੋ ਨੰਦ ਕੋ ਨੰਦਨ ਬਾਲਕ ਨਾਈ ॥੨॥ ਟੀਕਾ॥"

ਅੰਤ : "ਸ੍ਵੈਯਾ ॥ ਯਮਨਾ ਤਟ ਕੇਲ ਕਰੇ ਵਿਹਰੇ ਸੰਗ ਬਾਲ ਗਵਾਲ ਬਨੇ ਬਲ ਭਈਯਾ ॥ ਗਾਵਤ ਹੈ ਕਬੀ ਬੰਸੀ ਬਜਾਵਤ ਹੈਂ ਕਬਹੂੰ ਸੰਗ ਗਈਆ ॥ ਕੋਕਲ ਮੋਰ ਕੀ ਨਾਈ ਵੇ ਬੋਲਤ ਕੂਦਤ ਹੈਂ ਕਪਿ ਮ੍ਰਿਗ ਕੀ ਨਈਆ ॥ ਮਾਣਕ ਕੇ ਮਨ ਮਾਹਿ ਬਸੋ ਐਸੇ ਨੰਦ ਕੋ ਨੰਦ ਯਸੋਧਾ ਕੋ ਛਈਯਾ ॥੪॥ ਇਤਿ ਸ੍ਰੀ ਆਤਮ ਵਿਚਾਰ ਗ੍ਰੰਥ ਮਹਾਮੋਖ ਹੇਤੁ ਸੰਪੂਰਣੰ ਸਮਾਪਤੰ ॥ ਜੀਵਨ ਮੁਕਤਿ ਨਿਰੂਪਣੰ ਚਤ੍ਰਬ ਧਯਾਂਇ॥੪॥ ਸ੍ਰੀ ਪ੍ਰਮਾਤਮਨੇ ਨਮ:੧॥"

ਹੱਥ ਲਿਖਤ ਨੰ : MS 1011

ਸਿਰਲੇਖ : ਮੇਘ ਮਾਲਾ

ਲੇਖਕ : ਮੁਨੀ ਮੇਘ ਰਾਜ

ਸਮਾਂ : ਸੰਮਤ 1922

ਪੁਨਰ ਲੇਖਨ : ਸੰਮਤ 1923

ਪੱਤਰੇ : 1 ਅ – 48 ਉ

ਆਕਾਰ : 17 X 25 ਸ.ਮ. ਲਿਖਤ : 10 X 20 ਸ.ਮ.

ਵੇਰਵਾ : ਜਿਲਦ ਤੋਂ ਬਗੈਰ, ਪੱਤਰੇ ਸੀਤੇ ਹੋਏ ਹਨ; ਸਿਆਹੀ ਕਾਲੀ ਵਖਰੇਵੇਂ ਲਈ ਲਾਲ; ਸਤਰਾਂ ਪ੍ਰਤੀ ਪੰਨਾ-19 ਹਨ।

ਆਮ ਵੇਰਵਾ : ਪੋਥੀ ਦੇ ਸ਼ੁਰੂ ਇੰਵ ਲਿਖਿਆ ਹੋਇਆ ਹੈ ।"ੴ॥ਸ੍ਰੀ ਗੁਰਪ੍ਰਸਾਦਿ ॥ ਸੁਰ ਭਿਖ ਦੁਰ ਭਿਖ ਦੇਖਣੇ ਨੂੰ ਨਛੱਤ੍ਰਿ ਲਿਖੇ ਹੈ ਅਤੇ ਮਹੀਨਿਆਂ ਦੇ ਨਾਮ ਲਿਖੇ ਹਨ॥" ਪੰਨਿਆਂ ਦੇ ਮਹੀਨਿਆਂ ਦੇ ਸੁਰ ਭਿਖ ਅਤੇ ਦੁਰ ਭਿਖ ਲਿਖੇ ਹਨ । ਫੇਰ ਅਸਲ ਰਚਨਾ ਸ਼ੁਰੂ ਹੁੰਦੀ ਹੈ । ਪੱਤਰੇ ਉਖੜੇ ਹੋਏ ਹਨ । ਲਿਖਤ ਸੁੰਦਰ, ਪੋਥੀ ਦੀ ਹਾਲਤ ਠੀਕ ਠੀਕ । ਹਾਸ਼ੀਏ ਤੋਂ ਬਾਹਰ ਵੀ ਲਿਖਿਆ ਹੋਇਆ ਹੈ । ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ ।

ਆਰੰਭ : "ੴ ਸ੍ਰੀ ਸਤਿਗੁਰ ਪ੍ਰਸਾਦਿ ॥ ਸ੍ਰੀ ਅਸਤਿ ਸ੍ਰੀ ਗਣੇਸਾਂਯ ਨਮ: ॥ ਅਥ ਮੇਘ ਮਾਲਾ ਲਿਖਯਤੇ॥: ॥ ਦੋਹਰਾ॥ ਪਰਮ ਪੁਰਖ ਘਟਿ ਘਟਿ ਰਹਿਓ ਜੋਤ ਰੂਪੁ ਭਗਵਾਨ॥ ਸਕਲ ਰਿਧ ਸੁਖ ਦੈਨ ਪ੍ਰਭ ਨਾਮੋ ਮੇਘ ਧਰਿ ਧਿਆਨ॥"

ਅੰਤ : "ਇਤਿ ਸ੍ਰੀ ਮੇਘ ਮਾਲਾ ਮੁਨਿ ਮੇਘ ਰਾਜ ਵਿਚਰਤੇ ਸਗੁਨ ਵਿਚਾਰ ਵਰਨੰਨ ਨਾਮ ਚਤੁਰਥੋ ਦੁਆਰ ਸਮਾਪਤੰ ॥੧॥ਸੁਭੰ॥ ॥

ਦੋਹਰਾ ॥ ਸੰਵਤ ਰਵਿ ਸਸਿ ਸਰਸ ਤਹ ਖਸਟ ਉਭੈ ਸੰਗ ਧਾਰ॥ ਵੈਸਾਖੈ ਜਿਤਿ ਪੰਚਮੀ ਭ੍ਰਿਗ ਸੁਤ ਬਰਨਤ ਵਾਰ ॥ ਦੋਹਰਾ ॥●॥ ਬਿਬ ਖਟੁ ਵਸੁ ਪੁਨ ਸਸਿ ਲਿਖਹੁ ਕਵਿ ਜਨ ਪਰਮ ਸੁਜਾਨ ॥ ਸਿਵਤ ਬਿਕ੍ਰਮਦਿਤ ਕੇ ਜਾਨ ਲੇਹੁ ਪਰਮਾਨ ॥੨॥੧॥ ਸ੍ਰੀ ਰਾਮ ਚੰਦ੍ਰ ਜੀ ਕੋ ਮੇਰੀ

ਨਮਸਕਾਰ ਹੈ ॥ ਸੰਮਤ ੧੯੨੨ ਚੇਤ੍ਰੋ ਦਿਨ ੨੨ ਸੁਕਰਵਾਰ ਪੋਥੀ ਪੂਰੀ ਹੋਈ ॥ ਸੰਮਤ ੧੯੨੩ ਮਿਤੀ ਕਤਕ ਦਿਨੇ ੨੧ ਆਇਤਵਾਰ ਪੋਥੀ ਸਮਾਪਤੰ ਕੀਤੀ ਜੋਧ ਸਿੰਘ ਲਿਖਵਾਈ॥ ਥਿਤ ਦੁਆਦਸੀ ਪਖੁ ਕ੍ਰਿਸਨਾ ਵਿਚ ਲਿਖੀ ਸਮਾਪਤੰ ॥ ਸੁਭ ਸੁਭ ਮਸਤੁ ॥ ਦੋਹਰਾ ॥ ਲਿਖਣਹਾਰ ਭੁਲੇ ਸਦ ਹੀ ਜਹਾਂ ਪੜੀਓ ਸੁਧ ਬਣਾਇ॥ ਮਾਨਸ ਭੁਲੇ ਛਿਨ ਛਿਨਾ ਹੈ ਅਭੁਲ ਰਘਰਾਇ॥ ੧॥੧॥੧॥੧॥"

ਹੱਥ ਲਿਖਤ ਨੰ : MS 1012
ਸਿਰਲੇਖ : ਅਸ੍ਵਮੇਧ
ਲੇਖਕ : ਟਹਕਨ [ਵਾਸੀ ਜਲਾਲਪੁਰ]
ਸਮਾਂ : ਸੰਮਤ 1897 ਰਚਨਾ ਕਾਲ : ਸੰਮਤ 1728
ਪੱਤਰੇ : 1 – 554
ਆਕਾਰ : 25 X 18 .5 ਸ.ਮ. ਲਿਖਤ : 19 X 14 ਸ.ਮ.
ਵੇਰਵਾ : ਜਿਲਦ ਕਪੜਾ। ਸਿਆਹੀ ਕਾਲੀ ਵਖਰੇਵੇਂ ਲਈ ਲਾਲ। ਹਾਸ਼ੀਆ ਦੋਵੇਂ ਪਾਸੇ ਦੋ ਦੋ ਲਾਲ ਲਕੀਰਾਂ, ਵਿਚਕਾਰ ਇਕ ਕਾਲੀ ਲਕੀਰ; ਸਤਰਾਂ ਪ੍ਰਤੀ ਪੰਨਾ–15 ਹਨ।
ਆਮ ਵੇਰਵਾ : ਪੋਥੀ ਦੇ ਸ਼ੁਰੂ ਵਿਚ ਕੁਝ ਪੱਤਰੇ ਖਾਲੀ । ਲਿਖਾਈ ਸੁੰਦਰ । ਪੋਥੀ ਦੀ ਹਾਲਤ ਠੀਕ ਠੀਕ । ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ । ਪਿਤਾ ਦਾ ਨਾਮ ਰੰਗੀਲ ਦਾਸ ਚੋਪਰਾ
ਆਰੰਭ : "ੴ ਸ੍ਰੀ ਸਤਿਗੁਰ ਪ੍ਰਸਾਦਿ ॥ ਅਥ ਅਸ੍ਵਮੇਧ ਲਿਖਤੇ ॥ਸ੍ਰੀ ਕਾਲਕਾਯੈ ਨਮਹ। ਕ੍ਰਿਤ ਟਹਕਨ ॥ ਚੌਪਈ ॥ ਪ੍ਰਥਮੈ ਪ੍ਰਣਵੋ ਗਿਰਜ ਨੰਦਨ ॥ ਸੰਕਰ ਤਨ ਗਨ ਬਿਘਨਨਿ ਕੰਦਨ॥ ਲੰਬੋਦਰ ਦੁਖ ਹਰਿ ਸੁਖ ਦਾਇਕ ॥"
ਅੰਤ : "ਦੋਹਰਾ ॥ ਇਤਿ ਸ੍ਰੀ ਮਹਾਭਾਰਥ ਪਰਬਣੇ ॥ ਅਸ੍ਵਮੇਧ ਬਖਿਆਨ ॥ ਟਹਕਨ ਧਿਆਉ ਤਿਹਤ੍ਰਮੋ ਹੈ ਕ੍ਰਿਤ ਪੂਰਨਜਾਨ ॥ ੬੧॥ ਇਤਿ ਸ੍ਰੀ ਮਹਾਭਾਰਥ ਪਰਬਣੇ ਧਰਮ ਜਗਿ ਬਿਖਿਆਨੇ ਕ੍ਰਿਸਨ ਚਰਿਤ੍ਰ ਜਗਿ ਸੰਪੂਰਨੁ ਸਿਧ ਕਾਰਜ ਧਰਮ ਸਫਲ ਨਾਮੇ ਤਿਹਤ੍ਰਮੋ ਧਿਆਇ ਸੰਪਾਤੰ ॥੭੩॥ ॥ ਕ੍ਰਿਪਾ ਸਾਧ ਸੰਗਤਿ ਕੀ ਦਯਾ ਸੰਤਾ ਕੀ ਕਰ ਕੈ ਪੋਥੀ ਅਸ੍ਵਮੇਧ ਕੀ ਸੰਪੂਰਨ ਲਿਖੀ ਸਾਧ ਸੰਗਤਿ ਜੀ ਖੁਸੀ ਕਰਣੀ ਜੁ ਵਾਹਗੁਰੂ ਜੀ ਕਾ ਨਾਮੁ ਚਿਤ ਆਵੈ॥ ਸੰਮਤ ੧੯੯੭ ॥ਦੋਹਰਾ॥ ਭਾਦ੍ਰਵਿ ਮਾਸ ਦਿਨ ਬੁਧਿ ਮੈ ਸੁਕਲਾ ਪਖਿ ਪਹਿਚਾਨ । ਥਿਤਿ ਖਸਟਮੀ ਸੁਭ ਘਰੀ ਪੂਰਨ ਗ੍ਰੰਥ ਪ੍ਰਮਾਨ ॥ ਦੋਹਰਾ ॥ ਮੁਕਤਿ ਦੁ ਮਹੈਂ ਸੰਤ ਜਨ ਬਚਨ ਅੰਮ੍ਰਿਤ ਫਲ ਜਾਨ ॥ ਜਗਿਆਸੀ ਸੁਨਿ ਅਮਿਰਿ ਹੋਇ ਸੰਤਨਿ ਸੰਗੁ ਨਿਧਾਨ ●●● ●● ਰਾਮ ਰਾਮ ਰਾਮ ਮੰਗਲੰ ਸੁਭੰ ॥"
ਅੱਗੇ ਕੁਝ ਪੱਤਰੇ ਖਾਲੀ ॥

ਹੱਥ ਲਿਖਤ ਨੰ : MS 1013
ਸਿਰਲੇਖ : ਸ੍ਰੀ ਦਸਮ ਗ੍ਰੰਥ ਸਾਹਿਬ
ਲੇਖਕ : ਸ੍ਰੀ ਗੁਰੂ ਗੋਬਿੰਦ ਸਿੰਘ ਜੀ
ਪੱਤਰੇ : 856 ਪੱਤਰੇ
ਆਕਾਰ : 34 .5 X 33 ਸ.ਮ. ਲਿਖਤ : 22 .5 X 24 ਸ.ਮ.

ਵੇਰਵਾ : ਜਿਲਦ ਗੱਤਾ ਚਮੜਾ, ਕਪੜਾ, ਉਖੜੀ ਹੋਈ। ਸਿਆਹੀ ਕਾਲੀ ਵਖਰੇਵੇਂ ਲਈ ਲਾਲ; ਹਾਸ਼ੀਆ ਦੋਵੇਂ ਪਾਸੇ ਖੜੇ ਰੁਖ, ਦੋ ਦੋ ਲਾਲ ਲਕੀਰਾਂ, ਵਿਚਕਾਰ ਇਕ ਕਾਲੀ ਲਕੀਰ। ਸਤਰਾਂ ਪ੍ਰਤੀ ਪੰਨਾ-19 ਹਨ।

ਆਮ ਵੇਰਵਾ : ਗ੍ਰੰਥ ਦੇ ਸ਼ੁਰੂ ਵਿਚ ਕਈ ਪੱਤਰੇ ਖਾਲੀ ਅਤੇ ਬਾਅਦ ਵਿਚ ਵਿਸਥਾਰ ਸਹਿਤ ਤੱਤਕਰਾ ਦਿਤਾ ਹੋਇਆ ਹੈ ।ਲਿਖਾਈ ਹਾਸ਼ੀਏ ਤੋਂ ਬਾਹਰ ਵੀ ਕੀਤੀ ਹੋਈ ਹੈ ਅਤੇ ਕਈ ਪੱਤਰਿਆਂ ਉਪਰ ਹੜਤਾਲ ਫੇਰਕੇ ਸੁਧਾਈ ਕੀਤੀ ਹੋਈ ਹੈ ਅਤੇ ਕਈ ਪੱਤਰਿਆਂ ਉਪਰ ਕਾਗਜ਼ ਦੀਆਂ ਚੇਪੀਆਂ ਲਗਾ ਕੇ , ਬਾਅਦ ਵਿਚ ਸੁਧਾਈ ਕਰਕੇ ਲਿਖਿਆ ਹੋਇਆ ਹੈ ।ਲਿਖਾਈ ਸੁੰਦਰ ਅਤੇ ਗ੍ਰੰਥ ਦੀ ਹਾਲਤ ਆਮ ਕਰਕੇ ਠੀਕ ਠੀਕ ।

ਆਰੰਭ : "ੴ ਸ੍ਰੀ ਸਤਿਗੁਰ ਪ੍ਰਸਾਦਿ ॥'ਜਾਪੁ' ਸ੍ਰੀ ਮੁਖ ਵਾਕ ਪਾਤਸ਼ਾਹੀ ੧●॥ਛਪੈ ਛੰਦ॥ ਤ੍ਵਪ੍ਰਸਾਦਿ॥ ਚਕ੍ਰ ਚਿਹਨ ਅਰੁ ਬਰਨ ਜਾਤ ਅਰੁ ਪਾਤ ਨਹਿਨ ਜਿਹ ॥ ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤ ਕਿਹ ॥ ਅਚਲ ਮੂਰਤਿ ਅਨਭਉ ਪ੍ਰਕਾਸ ਅਮਿਤੋਜ ਕਹਿਜੈ ॥ ਕੋਟਿ ਇੰਦ੍ਰ ਇੰਦ੍ਰਾਣ ਸਾਹ ਸਾਹਾਣਿ ਗਣਿਜੈ ॥ ਤ੍ਰਿਭਵਣ ਮਹੀਪ ਸੁਰ ਨਰ ਅਸੁਰ ਨੇਤ ਨੇਤ ਬਨ ਤ੍ਰਿਣ ਕਹਤ ॥ ਤ੍ਵ ਸਰਬ ਨਾਮ ਕਥੈ ਕਵਨ ਕਰਮ ਨਾਮ ਬਰਨਤ ਸੁਮਤ ॥੧॥"

ਅੰਤ : "੪੯॥ ਕਬਿਯੋਬਾਚ ॥ ਸਵੈਯਾ॥ ਕਾਗਜ ਦੀਪ ਸਬੈ ਕਰਿ ਹੌਂ ਅਰੁ ਸਾਤ ਮਹਾਂਰਣ ਵਕੀਮ ਸੁਕੈ ਹੋ॥ ਕੋਟ ਬਨਾਸਪਤੀ ਸਿਗਰੀ ਲਿਖਬੇ ਹੂੰ ਕੋ ਲੇਖ ਨ ਕਾਜ ਬਨੈ ਹੌਂ ॥ ਸਾਰੁਸ੍ਵਤੀ ਬਕਤਾ ਕਰਿ ਕੈ ਜੁਗ ਚਾਰਿ ਗਨੇਸ ਕੇ ਹਾਥ ਲਿਖੈ ਹੌਂ ॥ ਕੋਟ ਕਬਿੰਤ ਨ ਜਉ ਕਰਿਹੌਂ ਤੁਮਰੋ ਨੌਂਤ ਊ ਪ੍ਰਭ ਨੈ ਕਰਿਝੈ ਹੌਂ ॥੪੯॥"

ਇਸ ਤੋਂ ਅੱਗੇ 'ਮਾਂਝਾ' ਸ੍ਰੀ ਮੁਖਬਾਕ ਪਾਤਿਸਾਹੀ ੧● ਦਿਤੀਆਂ ਹੋਈਆਂ ਹਨ । ਜੋ ੨-੩ ਸਤਰਾਂ ਵਿਚ ਹੀ ਹਨ

ਹੱਥ ਲਿਖਤ ਨੰ : MS 1014 ਸੰਗ੍ਰਹਿ
ਸਿਰਲੇਖ : ਆਤਮ ਅਨੁਭੁਵ ਸਤਕ
ਪੱਤਰੇ : 1 ੳ - 25 ੳ
ਆਕਾਰ : 18 X 12 ਸ.ਮ. ਲਿਖਤ : 13 X 8 ਸ.ਮ.
ਵੇਰਵਾ : ਜਿਲਦ ਗੱਤਾ। ਸਿਆਹੀ ਕਾਲੀ ਵਖਰੇਵੇਂ ਲਈ ਲਾਲ। ਸਤਰਾਂ ਪ੍ਰਤੀ ਪੰਨਾ-10 ਹਨ।
ਆਮ ਵੇਰਵਾ : ਲਿਖਾਈ ਬਹੁਤੀ ਚੰਗੀ ਨਹੀਂ ਧਬਿਆਂ ਵਾਲੀ ਹੈ । ਪੋਥੀ ਕਿਰਮ ਖੁਰਦਾ, ਪੱਤਰਿਆਂ ਦੀ ਹਾਲਤ ਖਸਤਾ ਹੈ ।
ਆਰੰਭ : "ੴ ਸ੍ਰੀ ਸਤਿਗੁਰ ਪ੍ਰਸਾਦਿ ॥ ਅਥ ਆਤਮ ਅਨੁਭਵ ਸਤਕ ਲਿਖਤ ॥ ਕਬਿਤੁ ॥ ਅਲੋਕਕ ਪਦ ਸੋਈ ਜੋਈ ਲੋਕ ਸੇ ਪ੍ਰਸਿਧ ਨਾਹਿ ਅਵੇਦ ਨਿਰਵਿਭਾਗ ਸੋ ਬ੍ਰਹਮੰਡ ਪਿੰਡ ਸੈ ਪਰੇ॥"
ਅੰਤ : "ਜੀਵਨ ਮੁਕਤ ਹੂਓ ਬਿਚਰੈ ਸੰਸਾਰ ਕੇ ਤਾਪ ਸੋ ਨਾਹਿਨ ਤਾਪਤ ॥ ਬ੍ਰਹਮ ਜੋਈ ਬ੍ਰਹਮਵੇ ਤਾ ਸੋਈ ਯਹਿ ਪ੍ਰਿਤਯਕ ਅਨੁਭਵ ਸਤਕ ਸਮਾਪਤ ॥੧●●॥ ਇਤ ਸ੍ਰੀ ਅਨਭਵ ਸਤਕ ਸਮਾਪਤ ॥ ● ● ● ● ●"

ਹੱਥ ਲਿਖਤ ਨੰ : MS 1014 ਅ
ਸਿਰਲੇਖ : ਕੁੰਡਲੀਆ
ਲੇਖਕ : ਗਿਰਧਰ, ਕਵੀ ਰਾਇ
ਪੱਤਰੇ : 25 ੳ - 41 ੳ

ਆਕਾਰ : 18 X 12 ਸ.ਮ. ਲਿਖਤ : 13 X 8 ਸ.ਮ.
ਵੇਰਵਾ : ਓਹੀ। ਸਤਰਾਂ ਪ੍ਰਤੀ ਪੰਨਾ-10 ਹਨ।
ਆਮ ਵੇਰਵਾ : ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ। ਲਿਖਾਈ ਸੁੰਦਰ, ਪੋਥੀ ਦੀ ਹਾਲਤ ਠੀਕ ਠੀਕ।
ਆਰੰਭ : "ੴ ਸ੍ਰੀ ਸਤਿਗੁਰ ਪ੍ਰਸਾਦਿ ॥ ਅਥ 'ਕੁੰਡਲੀਆ'॥ ਤੇਰੀ ਮਨਾ ਕੁਚਾਲ ਨੇ ਤੁਝੇ ਕੀਓ ਗ੍ਰਫਤਾਰ॥ ਆਈ ਤੇਰੇ ਪੇਸ ਪੁਨ ਬਦ ਤੁਮਰੀ ਰਫਤਾਰ ॥ ਬਦ ਤੁਮਰੀ ਰਫਤਾਰ ਕੀਆ ਤੂੰ ਤਿਸਨੋ ਕਾਇਲ ॥"
ਅੰਤ : "ਕਹ ਗਿਰਧਰ ਕਵਿ ਰਾਇ ਚੜਯੋ ਜਾਸ ਮੈਂ ਨਾਹਿ ਮਿਤ੍ਰ ਅਰਿ ॥ ਸਬਕੋ ਅਪਨੋ ਆਪ ਆਤਮਾ ਸੋ ਤੂੰ ਗਿਰਧਰ ॥੧●੨੪ ॥ ਇਤਿ ਗਿਰਧਰ ਕੁੰਡਿਲੀਏ ਸਮਾਪਤੰ ॥ ● ●"

ਹੱਥ ਲਿਖਤ ਨੰ : MS 1014 ਏ
ਸਿਰਲੇਖ : ਕੁੰਡਲੀਆ
ਲੇਖਕ : ਸੁੰਦਰ
ਪੱਤਰੇ : 441 ਓ - 43 ਓ
ਆਕਾਰ : 18 X 12 ਸ.ਮ. ਲਿਖਤ : 13 X 8 ਸ.ਮ.
ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ - 10 ਹਨ।
ਆਮ ਵੇਰਵਾ : ਹਾਸ਼ੀਏ ਤੋਂ ਬਾਹਰ ਲਿਖਤ, ਕਾਨੀ ਬਦਲੀ ਹੋਈ ਹੈ । ਪੋਥੀ ਦੀ ਹਾਲਤ ਠੀਕ ਠੀਕ ।
ਆਰੰਭ : "ਅਥ ਸੁੰਦਰ ਦੇ ਕੁੰਡਲੀਆ ਛੰਦ॥ ਪਾਨੀ ਚਰਸ ਸਦਾ ਚਲੈ ਚਲੈ ਲਾਵ ਅਰੁ ਬੈਲ ॥ ਖਾਭੀ ਚਲ ਤੋਂ ਦੇਖੀਯੇ ਕੂਪ ਚਲੈ ਨਹਿ ਗੈਲ ॥"
ਅੰਤ : "ਸੁੰਦਰ ਆਤਮਾ ਅਮਰ ਦੇਹ ਮਰਹੈ ਘਰ ਖੋਊ ॥ ਕਾਟਤ ਹੈਂ ਹਮਕਾਲ ਕਹਤ ਐਸੇ ਸਬ ਕੋਊ ॥ਦੋ ॥ ਸੈਲੀ ਸੀਪੀ ਸੂਕਰੀ ਕਰੀ ਧਰੀ ਮਕਰਾਜ ॥● ●"

ਹੱਥ ਲਿਖਤ ਨੰ : MS 1014 ਸ
ਸਿਰਲੇਖ : ਸਿਮ੍ਰਤੀ
ਪੱਤਰੇ : 43 ਓ - 47 ਅ - 50 ਅ
ਆਕਾਰ : 18 X 12 ਸ.ਮ. ਲਿਖਤ : 13 X 8 .5 ਸ.ਮ.
ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ - 10 ਹਨ।
ਆਮ ਵੇਰਵਾ : ਪੋਥੀ ਦੇ ਇਸ ਭਾਗ ਦੀ ਰਚਨਾ ਵਿਚ ਲਿਖਤ, ਹਾਸ਼ੀਏ ਤੋਂ ਬਾਹਰ ਕੀਤੀ ਹੋਈ ਹੈ। ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ ।
ਆਰੰਭ : "ੴ ਅਥ ਸਿਮ੍ਰਤੀ ਲਿਖਯਤੇ ॥ ਅੱਰਲ ਏਕੋ ਭਿਖੂ ਰਹੇ ਸਦਾ ਜਬ ਕਤ ਹੈ । ਉਭੈ ਮਿਲੇ ਤਬ ਮਿਥਨੰ ਸੁਤ ਅਯੁਕਤ ਹੈ ॥ ਤੀਨ ਭਏ ਜਬ ਗ੍ਰਾਮ ਉਰਧ ਪੁਨ ਨਗਰ ਹੈ । ਭਨੇ ਅੱਤ੍ਰੀ ਮਿਥਨਾਦਿ ਤ੍ਰਿਤੇ ਨਹੀ ਕਰੇ ਇਹ ਖੋਟੇ ਡਗਰ ਹੈ ॥੧॥"
ਅੰਤ : "ਰਾਗ ਦ੍ਵੈਖ ਕੀ ਪਾਸ ਸਾਥ ਹੋਵੈ ਗ੍ਰਫਤਾਰ ॥ ਹਰਖ ਸੋਗ ਕਰਤ ਪੈ ਸੁ ਨਿਸ ਦਿਨ ਰਹੇ ਬਿਮਾਰ॥ ਭਨੇ ਸੰਭੂ ਸੁਨ ਉਮਾ ਦੋਖ ਇਹ ਚੀਨਤਿ ਤਿਛੂ ॥ ਇਕ ਗ੍ਰਹ ਭਿਛਯਾ ਨਾਹਿ ਕਰੈ ਜੋ ਗਯਾਨੀ ਭਿਛੂ ॥੨੯॥ ਇਤਿ ਸਿਮ੍ਰਤੀ ॥" ● ●
ਇਸ ਤੋਂ ਅਗੇ, ਇਕ ਇਕ ਦੋ ਪੱਤਰੇ ਇੰਦਵ ਛੰਦ, ਦ੍ਵਾਸ ਛੰਦ ਦੇ ਲਿਖੇ ਹੋਏ ਹਨ ।

ਹੱਥ ਲਿਖਤ ਨੰ : MS 1014 ਹ
ਸਿਰਲੇਖ : ਕਿੰਚੇ
ਪੱਤਰੇ : 51 ੳ - 60 ਅ
ਆਕਾਰ : 18 X 12 ਸ.ਮ. ਲਿਖਤ : 13 X 8 .5 ਸ.ਮ.
ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ - 10 ਹਨ।
ਆਮ ਵੇਰਵਾ : ਲਿਖਾਈ ਸੁੰਦਰ, ਪੋਥੀ ਦੀ ਹਾਲਤ ਠੀਕ ਠੀਕ ।
ਆਰੰਭ : " ਅਥ ਕਿੰਚੇ ਲਿਖਯਤੇ ॥ ਅੜੱਲ॥ ਤਰ ਤੀਬਰ ਭਇਓ ਵੈਰਾਮਤੁ ਮਾਨ ਅਪਮਾਨ ਕਿਆ ॥ ਜਾਨਯੋ ਆਪਨਾ ਆਪ ਤੋਂ ਬੇਦ ਪੁਰਾਂਨ ਕਿਆ ॥ ਖੁਦ ਮਸਤੀ ਕਰ ਮਸਤ ਤੁ ਸਬਜੀ ਪਾਂਨ ਕਿਆ॥ ਕਿੰਚਾ ਜਿਨ ਕੋ ਦੇਹ ਅਧਿਆਸਤਿਹ ਆਤਮ ਗਯਾਨ ਕਿਆ ॥੧॥"
ਇਸ ਤੋਂ ਬਾਅਦ ਸਵੈਯੇ ਆਦਿ ਦਿਤੇ ਹੋਏ ਹਨ ।
ਅੰਤ : "ਜਾਂ ਮੈ ਕੁਲ ਰੀਤ ਨਾਹਿ ਜਾਂ ਮੈ ਹਾਰ ਜੀਤ ਨਾਹਿ ਜਾਂ ਮੈ ਪ੍ਰਭੂ ਦਾਸ ਨਾਹਿ ਅਕਾਸ ਨਾਹਿ ਧਰਨੀ॥ ਜਾਂ ਮੇ ਰਾਗ ਦੋਖ ਨਾਹਿ ਜਾਂ ਮੈ ਬੰਧ ਮੋਛ ਨਾਹਿ ਜਾਂ ਮੈ ਗੁਰਸਿਖ ਨਾਹਿ ਕਿਸ ਨਾਹਿ ਭਰਨੀ॥ ਆਸ੍ਰਮ ਬਰਨ ਨਾਹਿ ਕਾਹੂੰ ਕੀ ਸਰਨੀ ਨਾਹਿ ਐਸੀ ਸੁਧ ਸਤਾ ਕੀ ਸਮਾਧਿ ਭੂੰਮੀ ਬਰਨੀ ॥੨੯॥ = ॥ = ॥"

ਹੱਥ ਲਿਖਤ ਨੰ : MS 1015 ਸੰਗ੍ਰਹਿ
ਸਿਰਲੇਖ : ਕਥਾ ਰਾਜੇ ਬਿਕ੍ਰਮਾਜੀਤ ਕੀ ॥
ਸਮਾਂ : ਸੰਮਤ 1894
ਪੱਤਰੇ : 1 ੳ - 24 ੳ
ਆਕਾਰ : 11 X 7 ਸ.ਮ. ਲਿਖਤ : 7 X 5 .5 ਸ.ਮ.
ਵੇਰਵਾ : ਜਿਲਦ ਗੱਤਾ ਕਪੜਾ। ਸਿਆਹੀ ਕਾਲੀ ਵਖਰੇਵੇਂ ਲਈ ਲਾਲ। ਹਾਸ਼ੀਆ ਦੋਵੇਂ ਪਾਸੇ ਦੋ ਦੋ ਕਾਲੀਆਂ ਲਕੀਰਾਂ। ਕਾਗਜ਼ ਦੇਸੀ ਤੇ ਦੋਹਾਂ ਰੰਗਾਂ ਵਿਚ, ਨੀਲੇ ਅਤੇ ਪੀਲੇ ਰੰਗ ਦਾ ਹੈ । ਸਤਰਾਂ ਪ੍ਰਤੀ ਪੰਨਾ-6 ਹਨ।
ਆਮ ਵੇਰਵਾ : ਪੋਥੀ ਛੋਟੇ ਆਕਾਰ ਦੀ,ਲਿਖਾਈ ਸੁੰਦਰ, ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ । ਕਾਗਜ਼ ਨੀਲੇ ਅਤੇ ਪੀਲੇ ਰੰਗ ਵਿਚ ਹੈ ।ਪੋਥੀ ਦੀ ਹਾਲਤ ਠੀਕ ਠੀਕ ।
ਆਰੰਭ : " ੧ੴ ਸਤਿਗੁਰ ਪ੍ਰਸਾਦਿ ॥ ਕਥਾ ਰਾਜੇ ਬਿਕ੍ਰਮਾਜੀਤ ਕੀ ॥ ਉਤਪਤਿ ਰਾਜੇ ਬਿਕ੍ਰਮਾਜੀਤ ਕੀ ਅਰੁ ਮੈਣਾਵੰਤੀ ਕੀ ॥ ਕਥਾ ਚਲੀ॥"
ਅੰਤ : "ਏਕ ਦਿਨ ਮੈਣਾਵੰਤੀ ਗੋਪੀ ਚੰਦ ਕੀ ਕਾਇਆ ਦੇਖ ਕਰਿ ਉਪਦੇਸੁ ਕਰਤ ਭਈ ॥੧॥ ਕਥਾ ਸੰਪੂਰਨ ਹੋਈ ॥ ॥ = ॥॥ ="

ਹੱਥ ਲਿਖਤ ਨੰ : MS 1015 ਅ
ਸਿਰਲੇਖ : ਕਥਾ ਮੈਣਾਵੰਤੀ ਗੋਪੀ ਚੰਦ ਕੀ ॥
ਸਮਾਂ : ਸੰਮਤ 1894
ਪੱਤਰੇ : 1 ੳ - 24 ੳ
ਆਕਾਰ : 11 X 7 ਸ.ਮ. ਲਿਖਤ : 7 X 5 .5 ਸ.ਮ.
ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ - 6 ਹਨ।
ਆਮ ਵੇਰਵਾ : ਲਿਖਾਈ ਸੁੰਦਰ ।ਪੋਥੀ ਦੀ ਹਾਲਤ ਠੀਕ ਠੀਕ ।

ਆਰੰਭ : “ ੧ੴ ਸਤਿਗੁਰ ਪ੍ਰਸਾਦਿ ॥ ਰਾਗ ਰਾਮਕਲੀਉ ਮੈਣਾਵੰਤੀ ਉਪਦੇਸ ਕੀਆ ॥ ਗੋਪੀ ਚੰਦ ਰਾਜੇ ਕਉ ॥ ਏਕ ਸਮੈ ਗੋਪੀ ਚੰਦ ਦੇਖਿਆ ਮਜਨੁ ਕਰਤਾ ਰਾਨੀ॥ ਰਾਨੀ ਕੇ ਮਨਿ ਚਿੰਤਾ ਉਪਜੀ ਦੇਹੀ ਦੇਖਿ ਲੁਭਾਨੀ ॥ ਰਾਨੀ ਮਨਿ ਭਇਆ ਵਿਸੂਰਾ॥ ਦੇਹੀ ਦੇਖ ਕਰ ਰੋਈ ॥ ਐਸੀ ਕਾਂਇਆ ਇਸ ਕੇ ਪਿਤਾ ਕੀ ਹੋਤੀ ਜਲਿ ਬਲਿ ਮਾਟੀ ਹੋਈ॥”

ਅੰਤ : “ ਜੀਵਤ ਮਿਰਤਕੁ ਹੋਇ ਰਹੈ ਮਨੂਆ ਜਨਕ ਰਬਿ ਮਿਲਾਇ ਸਨਾਨੰ॥ ਬਦਤ ਗੋਰਖ ਸੁਣਿ ਮੈਣਾਵੰਤੀ ਤੇਰਾ ਅਸਥਿਰੁ ਭਇਆ ਰਜਾਨੰ ॥ ਮੈਣਾਵੰਤੀ ਸਪੂਰਨ ਮਸਤ ਸੁਭ ਮਸਤ ॥● ॥ ● ॥ ● ●ਮਸਤ ੧੮੯੪॥”

ਹੱਥ ਲਿਖਤ ਨੰ : MS 1016 ਸੰਗ੍ਰਹਿ
ਸਿਰਲੇਖ : ਗਿਆਨ ਮੰਜਰੀ
ਲੇਖਕ : ਮਨੋਹਰ ਦਾਸ ਨਿਰੰਜਨੀ
ਪੱਤਰੇ : 113 ੳ - 179 ਅ
ਆਕਾਰ : 17 X 9 .5 ਸ.ਮ. ਲਿਖਤ : 11X 7 ਸ.ਮ.
ਵੇਰਵਾ : ਜਿਲਦ ਗੱਤਾ ਰੈਕਸੀਅਨ। ਸਿਆਹੀ ਕਾਲੀ, ਵਖਰੇਵੇਂ ਲਈ ਲਾਲ। ਹਾਸ਼ੀਆ ਦੋਵੇਂ ਪਾਸੇ ਦੋ ਦੋ ਕਾਲੀਆਂ ਲਕੀਰਾਂ । ਸਤਰਾਂ ਪ੍ਰਤੀ ਪੰਨਾ-7 ਹਨ।
ਆਮ ਵੇਰਵਾ : ਲਿਖਾਈ ਸੁੰਦਰ ।ਪੋਥੀ ਦੀ ਹਾਲਤ ਠੀਕ ਠੀਕ । ਲਿਖਾਈ ਹਾਸ਼ੀਏ ਤੋਂ ਬਾਹਰ ਵੀ ਲਿਖੀ ਹੋਈ । ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ ।
ਆਰੰਭ : “ ੧ੴ ਸ੍ਰੀ ਪਾਰਬ੍ਰਹਮਨੇ ਨਮਹ ॥ ਅਥ ਗਿਆਨ ਮੰਜਰੀ ਲਿਖਤੇ ॥ ਦੋਹਰਾ ॥ ਆਤਮ ਕੇ ਅਗਯਾਨ ਤੇ ਸਬੈ ਉਪਜੈ ਜਾਨ ॥ ਗਯਾਂਨ ਭਏ ਤੇ ਲੀਨ ਸਬ ਨਮਸਕਾਰ ਤਿਹ ਮਾਨ ॥੧॥ ਕਬਿਤੁ॥”
ਅੰਤ : “ਤਤ ਪਦ ਈਸ੍ਵਰ ਦੇਖ ਸਬ ਤੁੰਤ ਤਤ ਤੰਤੁ ਭਾਨਾ ॥੧●੧॥ ਮਨੋਹਰ ਦਾਸ ਨਿਰੰਜਨੀ ਸੋ ਸ੍ਵਾਮੀ ਸੋ ਦਾਸ ॥ ਸ੍ਵਾਮੀ ਦਾਸ ਭਯੋ ਏਕ ਸੋ ਮਹਾਕਾਸ ਘਟਾਕਾਸ ॥੧●੨॥ ਇਤਿ ਸ੍ਰੀ ਗਯਾਂਨ ਮੰਜਰੀ ਨਾਮ ਭਾਖਾ ਗ੍ਰੰਥ ਕਥਿਤੇ ਮਨੋਹਰ ਦਾਸ ਨਿਰੰਜਨੀ ਸੰਪੂਰਨ ਸਮਾਪਤ॥”

ਹੱਥ ਲਿਖਤ ਨੰ : MS 1016 ਅ
ਸਿਰਲੇਖ : ਸਤ ਪ੍ਰਸਨ ਉਤਰੀ [ਪ੍ਰਸਨੋਤਰੀ] ਭਾਖਾ
ਲੇਖਕ : ਮਨੋਹਰ ਦਾਸ ਨਿਰੰਜਨੀ
ਪੱਤਰੇ : 179 ਅ - 244
ਆਕਾਰ : 17 X 9 .5 ਸ.ਮ. ਲਿਖਤ : 11X 7 ਸ.ਮ.
ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ-7 ਹਨ।
ਆਮ ਵੇਰਵਾ : ਕਈ ਪੱਤਰਿਆਂ ਤੇ ਕਾਨੀ ਬਦਲੀ ਹੋਈ। ਲਿਖਾਈ ਸੁੰਦਰ। ਪੋਥੀ ਦੀ ਹਾਲਤ ਠੀਕ ਠੀਕ।
ਆਰੰਭ : “ ੧ੴ ਸ੍ਰੀ ਪਰਮਾਤਮਨੇ ਨਮ : ॥ ਅਥ ਗ੍ਰੰਥ ਸਤ ਪ੍ਰਸਨਉਤਰੀ ਲਿਖਿਤੇ ॥ ਸੋਰਠਾ ॥ ਵਾਚਯ ਲਖ ਕਰਿ ਜਾਨ ਨਿਰਗੁਣ ਸਰਗੁਣਯੋਂ ਕਹਯੋ ॥ ਕਰਿ ਨਮਸਕਾਰ ਵਖਾਨ ਵਾਚਯ ਤਯਾਗ ਕਰਿ ਲਖ ਕੌਂ ॥ ਚੌਪਈ ॥ ਅਗਯਾਨ ਸਕਤਿ ਆਤਮ ਕੀ ਕਹਿਯੇਂ॥ ਉਭੈ ਅਨਾਦਿ ਮਿਲੇਂ ਹੀ ਲਹਿਯੇਂ॥”
ਅੰਤ : “ ਇਤਿ ਸਤ ਪ੍ਰਸਨੋਤਰੀ ਭਾਖਾ ਗ੍ਰੰਥ ਮਨੋਹਰ ਦਾਸ ਨਿਰੰਜਨੀ ਕਥਿਤੇ ਨਵਾ ਖੰਡ॥ ॥੯॥”

ਹੱਥ ਲਿਖਤ ਨੰ : MS 1016 ਏ
ਸਿਰਲੇਖ : ਵੇਦਾਂਤ ਪ੍ਰਭਾਖਾ
ਲੇਖਕ : ਮਨੋਹਰ ਦਾਸ ਨਿਰੰਜਨੀ
ਪੱਤਰੇ : 244ਓ-482 ਓ
ਆਕਾਰ : 17 X 9 .5 ਸ.ਮ. ਲਿਖਤ : 11X 7 ਸ.ਮ.
ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ - 7 ਹਨ।
ਆਮ ਵੇਰਵਾ : ਕਾਨੀ ਬਦਲੀ ਹੋਈ, ਹਾਸ਼ੀਏ ਤੋਂ ਬਾਹਰ ਵੀ ਲਿਖਤ, ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ । ਪੋਥੀ ਦੀ ਹਾਲਤ ਠੀਕ ਠੀਕ।
ਆਰੰਭ : "ੴ ਸ੍ਰੀ ਗੁਰ ਭਯੋ ਨਮਹਾ॥ ਅਥ ਵੇਦਾਂਤ ਪ੍ਰਭਾਖਾ ਲਿਖਤੇ॥ ਕਰਤਾ ਗ੍ਰੰਥ ਕਰਿਬੇ ਮੈਂ ਨਿਰ ਬਿਘਨ ਸੁਖ ਚਾਹੈ ਹੈਂ॥ ਦੋਹਰਾ॥ ਮੰਗਲ ਦੇ ਮੋਹਿ ਦੇਵ ਗਣੇਸ॥ ਮੰਗਲ ਦੇ ਮੋਹਿ ਦੇਵ ਸੁਸ੍ਵਤੀ॥ ਮੰਗਲ ਦੇ ਮੋਹਿ ਮਹੇਸ॥ ਮੰਗਲ ਦੇ ਮੋਹਿ ਪਾਰਬਤੀ॥ ਗ੍ਰੰਥ ਕੋ ਪ੍ਰਯੋਜਨ ਅਰੁ ਦਿਖਯ ਕਹਿਯੇ ਹੈ ॥ਚੌਪਈ॥"
ਅੰਤ : " ਤਪਤ ਨੀਰ ਚੂਰਣ ਭਖੈ ਉਦਰ ਰੋਗ ਸਬ ਜਾਯ ॥ ਤਸੋ ਸਾਧਨ ਸਹਿਤ ਵਿਚਾਰਤੈ ਸੰਸੈ ਰੋਗ ਨਸਾਯ ॥੨॥ ਸੰਸੈ ਰੋਗ ਸੈ ਕਰੈ ਬਿਚਾਰ ॥ ਕਹੈ ਮਨੋਹਰ ਨਿਰੰਜਨੀ ਯਹ ਨਿਸਚੈ ਨਿਰਧਾਰ ॥੩॥ ਨਿਰਗਤਿ ਅੰਜਨ ਰੂਪ ਜਹਾ ਸੋਈ ਨਿਰੰਜਨ ਜਾਨੁ॥ ਸੋਈ ਆਪਨੋ ਆਪ ਹੈ ਅਹੰ ਰਾਗ ਬਿਲ ਮਾਨ ॥੪॥ ਇਤਿ ਸ੍ਰੀ ਗਯਾਂਨ ਚੂਰਣ ਵਚਨਿ ਕਾ ਸੰਪੂਰਨ ਸਮਪਤਾ : ਹਰੇ ਹਰੇ ਰਾਮ ਰਾਮ ॥ ਭੂਲਿ ਚੂਕ ਵਖਸਣੀ ॥"

ਹੱਥ ਲਿਖਤ ਨੰ : MS 1017 ਸੰਗ੍ਰਹਿ
ਸਿਰਲੇਖ : ਅੰਗ ਰਚਨਾ
ਲੇਖਕ : ਸੁੰਦਰ ਦਾਸ ਦਾਦੂ ਪੰਥੀ
ਸਮਾਂ : ਸੰਵਤਾ 1833
ਪੱਤਰੇ : 1ਓ - 203
ਆਕਾਰ : 17 X 10 ਸ.ਮ. ਲਿਖਤ : 12X 8 ਸ.ਮ.
ਵੇਰਵਾ : ਜਿਲਦ ਗੱਤਾ। ਸਿਆਹੀ ਕਾਲੀ, ਵਖਰੇਵੇਂ ਲਈ ਲਾਲ। ਹਾਸ਼ੀਆ ਦੋਵੇਂ ਪਾਸੇ ਦੋ ਦੋ ਲਾਲ, ਵਿਚਕਾਰ ਇਕ ਕਾਲੀ ਲਕੀਰ । ਸਤਰਾਂ ਪ੍ਰਤੀ ਪੰਨਾ-8 ਹਨ।
ਆਮ ਵੇਰਵਾ : ਪੋਥੀ ਦੀ ਹਾਲਤ ਬਹੁਤ ਮਾੜੀ, ਪੱਤਰੇ ਖਸਤਾ ਹਾਲਤ ਵਿਚ ਹਨ । ਲਿਖਾਈ ਸੁੰਦਰ ॥
ਆਰੰਭ : " ੧ੴ ਸਤਿਗੁਰ ਪ੍ਰਸਾਦਿ ॥ ਰਾਮ ਜੀ ਸਤਿ ॥ ਸ੍ਰੀ ਗੁਰਦੇਵ ਦਾਦੂ ਪ੍ਰਸਾਦਿ ਬਾਬਾ ਸੁੰਦਰ ਦਾਸ ਜੀ ਕਾ ॥ ਸਵੈਯਾ ॥ ਲਿਖਤੰ ਪ੍ਰਬ ਮਹਿ ਗੁਰਦੇਵ ਕੋ ਅੰਗ॥ ਇੰਦਕ ਛੰਦ ॥ ਮੌਜ ਕਰੀ ਗੁਰਦੇਵ ਦਇਆ ਕਰਿ ॥ ਸ਼ਬਦ ਸੁਨਾਇ ਕਰਯੋ ਹਰਿ ਨੇਰੌ ॥"
ਅੰਤ : " ਇਤਿ ਸ੍ਰੀ ਅਸਚਰਜ ਕੋ ਅੰਗ ਸਪੂਰਣ ॥ ਸਮਾਪਤਹ ॥ ਅੰਗ ਸਮਸਤ ॥ ੩੪॥ ਚੌਤੀਸ॥ ਸਵੈਯੇ ॥ ਸਮਸਤ॥ ਪਪ੩। ਪਾਂਚ ਸੈ ਤ੍ਰੇਪਨ ॥ ਸਮਸਤ ਸਵੈਯਾ । ਸਮਾਪਤ ॥"

ਹੱਥ ਲਿਖਤ ਨੰ : MS 1017 ਅ
ਸਿਰਲੇਖ : ਗਰਭਗੀਤਾ
ਪੱਤਰੇ : 203 - 239 ਓ
ਆਕਾਰ : 17 X 10 ਸ.ਮ. ਲਿਖਤ : 12X 8 ਸ.ਮ.
ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ-8 ਹਨ।

ਆਮ ਵੇਰਵਾ : ਲਿਖਾਈ ਚੰਗੀ, ਪਤਰਿਆਂ ਦੀ ਹਾਲਤ ਖਸਤਾ, ਕਈ ਪੱਤਰਿਆਂ ਉਪਰ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ ।

ਆਰੰਭ : " ੧ੴ ਸਤਿਗੁਰ ਪ੍ਰਸਾਦਿ ॥ ਸ੍ਰੀ ਗਣੇਸਾਏ ਨਮਹ ॥ ਗਰਭ ਗੀਤਾ ॥ ਅਰਜਨ ਸ੍ਰੀ ਕ੍ਰਿਸਨ ਜੀ ਪਾਸਹੁ ਪਰਸਨੁ ਪੂਛਤਾ ਹੈ ॥"

ਅੰਤ : " ਇਤਿ ਸ੍ਰੀ ਗਰਭਗੀਤਾ ਵੈਸਨਵਾ ਲਖਣ ਪੁਨ ਪਾਪੁ ਵੀਚਾਰਤੇ ਸ੍ਰੀ ਕ੍ਰਿਸਨ ਅਰਜਨ ਸੰਬਾਦੇ ਗਰਭ ਗੀਤਾ ਸੰਪੂਰਨੁ ਸਮਾਪਤੰ ॥੫੧॥"

ਹੱਥ ਲਿਖਤ ਨੰ : MS 1017 ਏ

ਸਿਰਲੇਖ : ਸਮੁੰਦਰੀਕ ਸਾਸਤ੍ਰ

ਪੱਤਰੇ : 239 ਉ - 250 ਉ

ਆਕਾਰ : 17 X 10 ਸ.ਮ. ਲਿਖਤ : 12X 8 ਸ.ਮ.

ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ - 8 ਹਨ।

ਆਮ ਵੇਰਵਾ : ਲਿਖਾਈ ਸੁੰਦਰ, ਪੋਥੀ ਦੀ ਹਾਲਤ ਠੀਕ ਠੀਕ।

ਆਰੰਭ : " ੧ੴ ਸਤਿਗੁਰ ਪ੍ਰਸਾਦਿ ॥ ਅਥ ਸਮੁੰਦਰੀਕ ਸਾਸਤ੍ਰ ॥ ਦੂਹ ਬਿਧ ਲਿਖਯਤੇ ॥ ਦੋਹਰਾ॥ ਪਹਿਲੈ ਦੇਖਹੁ ਆਇ ਬਲੁ ॥ ਲਛਨ ਤਦਨੁ ਵਿਚਾਰਿ ॥ ਆਇਓ ਵਿਨ ਲਛਣ ਵਿਰਥਾ ॥ ਇਹ ਗ੍ਰੰਥਾ ਵੇਵਹਾਰਿ ॥੧॥ਚੌਪਈ॥"

ਅੰਤ : " ਸੋਰਠਾ ॥ ਸਿਆਮ ਭਮਰ ਸੇ ਹੋਇ ॥ ਸਰਲ ਤੇਲ ਸੁਹਾਵਨੇ ॥ ਸਮ ਵਿਰਲੇ ਸਮ ਕੋਇ ॥ ਕਹੈ ਸੁਖ ਸਾਮੁੰਦਰਕੀ ॥੧੧੫॥ ਇਤਿ ਸਾਮੁਦਿਰਕੇ ਪੁਰਖ ਜਾਤਿ ਲਛਣ ਸੰਪੁਰਣੰ ॥ ਅਥ ਅਸਤਰੀ ਲਛਣ ਲਿਖਤੇ ॥ਦੋਹਰਾ॥ ਬਾਲਕਾ ਵੈਲ ਲਛਣ ਗੁਪਤਿ॥ ਕੈ ਫੁਨਿ ਪ੍ਰਗਟ ਵਿਚਾਰੁ॥ ਕਹੁੰ ਸਬੈ ਸੰਬੰਧ ਹੈ॥ ਜਥਾਰਥਿ ਵਿਵਹਾਰੁ ॥੧॥ ਸੋਰਠਾ ॥ ਸੈ ਸਾਮੁਦਿਰਕ ਦੇਖੇ ॥"

ਅੰਤ : ਪੰਨਾ ਨੰਬਰ ੨੬੩ ਸ੍ਰੀ ਰਾਮ ॥ ਸਵੰਤਾ ॥੧੮੩੩॥ ਵਰਖੇ ਸਿਖੀ ਕਾਤਿਕ ਵਦਿ ॥੨॥ ਦਿਨੇ ਲਿਖਤੰ ਪੰਡਿਤ ਪੂਜ ਆਸ ਕਰਣ ॥ ਥਿਰਾਦ ਸਿੰਘ ਹੇਤਵੇ ॥ ਲਿਖਤੰ ਭਾਈ ਗੁਰਬਗਸ ਕੋਟ ਮਧੇ ॥ ਸੁਖਾ ਸਿੰਘ ਜੀ ਰਾਜ ਮਧ ਲਿਖਤੰ ॥ ਵਾਚਮਾਨ ਚਿਰੰਜੀਆਤ ॥ ਸ੍ਰੀ ਵਾਹਿਗੁਰੂ ਜੀ ਤੇਰਾ ਆਸਰਾ ॥ ॥ ॥ ॥

ਹੱਥ ਲਿਖਤ ਨੰ : MS 1018 ਸੰਗ੍ਰਹਿ

ਸਿਰਲੇਖ : ਰਹਤਨਾਮਾ ਪਾਤਸਾਹੀ 10

ਪੱਤਰੇ : 144 ਉ - 151 ਅ

ਆਕਾਰ : 10 X 8 .5 ਸ.ਮ. ਲਿਖਤ : 7 X 5 .5 ਸ.ਮ.

ਵੇਰਵਾ : ਜਿਲਦ ਗਤਾ,ਫਟੀ ਹੋਈ ਉਖੜੀ ਹੋਈ। ਸਿਆਹੀ ਕਾਲੀ ਵਖਰੇਵੇਂ ਲਈ ਲਾਲ। ਹਾਸ਼ੀਆ ਦੋਵੇਂ ਪਾਸੇ ਦੋ ਦੋ ਲਾਲ ਲਕੀਰਾਂ ਵਿਚਕਾਰ ਕਾਲੀ ਲਕੀਰ। ਸਤਰਾਂ ਪ੍ਰਤੀ ਪੰਨਾ-8 ਹਨ।

ਆਮ ਵੇਰਵਾ : ਜਿਲਦ ਉਖੜੀ ਹੋਈ ਹੋਣ ਕਾਰਨ ਪੱਤਰੇ ਵੀ ਉਖੜੇ ਹੋਏ ਹਨ । ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ । ਲਿਖਤ, ਕਾਨੀ ਬਦਲ ਬਦਲ ਕੇ ਕੀਤੀ ਹੋਈ ਹੈ । ਪੋਥੀ ਪਤਰਾ ਨੰਬਰ ੧੪੪ ਤੋਂ ਸ਼ੁਰੂ ਕੀਤੀ ਹੈ ਇੰਞ ਜਾਪਦਾ ਹੈ ਕਿ ਇਹ ਪੋਥੀ ਕਿਸੇ ਹੋਰ ਪੋਥੀ ਦਾ ਹਿੱਸਾ ਸੀ ਜਿਸ ਵਿਚੋਂ ਪੱਤਰੇ ਉਤਾਰ ਕੇ ਇਸ ਵਿਚ ਲਗਾਏ ਗਏ ਹਨ । ਪੱਤਰੇ ਨੰਬਰ ਤਰਤੀਬਵਾਰ ਨਹੀਂ ਹਨ ।

ਆਰੰਭ : “ ੧ੴ ਸਤਿਗੁਰ ਪ੍ਰਸਾਦਿ ॥ ਰਹਤਨਾਮਾ ਪਾਤਸਾਹੀ – ੧● ਹੁਕਮ ਹੋਆ ਲੈਣਾ ਤਾ ਖਾਲਸੇ ਵਿਚਹੁ ॥ ਦੇਣਾ ਤਾ ਖਾਲਸੇ ਵਿਚਹੁ ॥ ਹੁਕਮ ਹੋਆ ਵਾਹਗੁਰੂ ਗੋਬਿੰਦ ਸਿੰਘ ਜੀ ਬੋਲੇ ਪੀਰ ਕਿਆ ਅਰੁ ਮੀਰ ਕਿਆ॥ ਸਭ ਭਰਵਾਰ ਕੇਤਲੇ ਖੜਗ ਅਸਾਡੇ ਫਤੇ ਹੈ ॥”

ਅੰਤ : “ ਹੁਕਮੁ ਹੋਆ ਚੌਕਾ ਗੋਹਾ ਕਾ ਘਰ ਹਟ ਨਾਹੀ ਪਾਵਣਾ ॥ ਚੌਕਾ ਮਿਟੀ ਕਾ ਪਾਵਣਾ ॥ ਗੋਹੇ ਨਾਲ ਰੋਟੀ ਪਕਾਵਣੀ ਨਹੀਂ ॥ ਵਾਹਗੁਰੂ ਜੀ ਕੇ ਖਾਲਸੇ ਕੀ ਫਤੇ ਹੈ ॥੧॥” = = ॥

ਹੱਥ ਲਿਖਤ ਨੰ : MS 1018 ਅ

ਸਿਰਲੇਖ : ਤਨਖਾਹਿ ਨਾਮਾ – ਨਸੀਹਤ ਨਾਮਾ

ਲੇਖਕ : ਭਾਈ ਨੰਦ ਲਾਲ

ਪੱਤਰੇ : 151 ਅ - 158 ਓ

ਆਕਾਰ : 10 X 8 .5 ਸ.ਮ. ਲਿਖਤ : 7 X 5 .5 ਸ.ਮ.

ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ – 8 ਹਨ।

ਆਮ ਵੇਰਵਾ : ਲਿਖਾਈ ਸੁੰਦਰ। ਪੱਤਰੇ ਵੀ ਉਖੜੇ ਹੋਏ ਪੋਥੀ ਦੀ ਹਾਲਤ ਮਾੜੀ। ਕਈ ਪੰਨਿਆਂ ਉਪਰ ਹੜਤਾਲ ਫੇਰੀ ਹੋਈ ਹੈ ਅਤੇ ਸੁਧਾਈ ਕੀਤੀ ਹੋਈ ਹੈ। ਵਿਚ ਵਿਚ ਪੱਤਰੇ ਫਟੇ ਹੋਏ ਹਨ।

ਆਰੰਭ : “ ੧ੴ ਸਤਿਗੁਰ ਪ੍ਰਸਾਦਿ ॥ ਤਨਖਾਹਿ ਨਾਮਾ ਪ੍ਰਸਨ ਕਰਨਾ ਭਾਈ ਨੰਦ ਲਾਲ ਜੀ ਕਾ ॥ ਵਾਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੇ ॥੧॥”

ਅੰਤ : “ਦੋਹਰਾ ॥ ਰਾਜ ਕਰੇਗਾ ਖਾਲਸਾ ਯਾਕੀ ਰਹੈ ਨ ਕੋਇ ॥ ਖੁਆਰ ਹੋਇ ਹੋਇ ਸਭ ਮਿਲੈਗੈ ਬਚੇ ਸਰਨ ਜੋ ਹੋਇ ॥੩੯ ॥ ਇਤਿ ਸ੍ਰੀ ਨਸੀਹਤ ਨਾਮਾ ਮੁਖਵਾਕ ਪੜ੍ਹੇ ਸੁਨੇ ਮੋਖ ਮੁਕਤ ਪਾਵੈ ਸ੍ਰੀ ਵਾਹਗੁਰੂ ਜੀ ਕੀ ਫਤੇ ॥੧॥

ਹੱਥ ਲਿਖਤ ਨੰ : MS 1018 ਏ

ਸਿਰਲੇਖ : ਬਚਨ ਸ੍ਰੀ ਮੁਖਵਾਕ ਪਤਿਸਾਹੀ 10

ਪੱਤਰੇ : 158 ਅ - 265 ਅ

ਆਕਾਰ : 10 X 8 .5 ਸ.ਮ. ਲਿਖਤ : 7 X 5 .5 ਸ.ਮ.

ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ – 8

ਆਮ ਵੇਰਵਾ : ਲਿਖਾਈ ਸੁੰਦਰ। ਪੋਥੀ ਦੀ ਹਾਲਤ ਠੀਕ ਠੀਕ।

ਆਰੰਭ : “੧ੴ ਸਤਿਗੁਰ ਪ੍ਰਸਾਦਿ ॥ਸ੍ਰੀ ਵਾਹਗੁਰੂ ਜੀ ਕੇ ਫਤੇ ॥ ਬਚਨ ਸ੍ਰੀ ਮੁਖਵਾਕ ਪਾਤਿਸਾਹੀ॥੧●॥ ਦਰਿ ਆਈ ਉਦਾਸੀ ਕੇ ਪ੍ਰਥਾ ਇਹੈਅਹ ॥ ਅਬਚਲ ਨਗਰ ਬੈਠੇ ਗੁਰੂ ਮਨ ਮੈ ਕੀਆ ਬਿਚਾਰ॥ ਬੋਲਿਆ ਪੂਰਾ ਸਤਿਗੁਰੂ ਮੂਰਤਿ ਸ੍ਰੀ ਕਰਤਾਰਿ ॥ ਹੁਕਮ ਹੋਆ ਪ੍ਰਹਲਾਦ ਸਿੰਘ ਬਿਪ ਜਾਤ ਹੈ ਰਾਇ ॥ ਨਿਕਟ ਬੁਲਾਇਆ ਗੁਰੂ ਜੀ ਲੀਤੋ ਕੰਠ ਲਗਾਇ ॥”

ਅੰਤ : “ਮਸਤੀ ਵਗ ਫਲਤ ਸੋ ਬਾਜੀ ਨ ਹਾਰ ॥ ਤੋਬਾ ਨ ਕੀਤੀ ਕਰੇ ਦਿਆ ਗੁਨਾਹ ॥ ਕਹੇ ਨਾਨਕ ਐਸੇ ਆਲਮ ਸੋ ਤੇਰੀ ਪਨਾਹ॥” ॥ ॥ ॥ ॥

ਇਸ ਤੋਂ ਅੱਗੇ ਪੰਨਾ ਨੰਬਰ 266-267 ਤੇ ਦੂਜਾ ਹਾਜਰ ਨਾਮਾ ਹੋਇਆ ਹੈ ॥

ਹੱਥ ਲਿਖਤ ਨੰ : MS 1018 ਸ

ਸਿਰਲੇਖ : ਦੂਜਾ ਹਾਜਰਨਾਮ ਮਹਲਾ ੧

ਪੱਤਰੇ : 266 ਓ -266 ਅ

ਆਕਾਰ : 10 X 8 .5 ਸ.ਮ. ਲਿਖਤ : 7 X 5 .5 ਸ.ਮ.

ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ – 9 ਹਨ।

ਆਮ ਵੇਰਵਾ : ਕਾਨੀ ਬਦਲੀ ਹੋਈ ਹੈ । ਲਿਖਾਈ ਬੜੀ ਬਾਰੀਕ ਅਤੇ ਧਬਿਆਂ ਵਾਲੀ ਹੈ ।

ਆਰੰਭ : "ੴ ਸਤਿਗੁਰ ਪ੍ਰਸਾਦਿ ॥ ਦੂਜਾ ਹਾਜਰਨਾਮਾ ॥ ਮਹਲਾ ੧॥ ਹਾਜਰਾ ਕਉ ਮਿਹਰ ਹੈ ॥ ਬਿਹਾਜਰਾ ਕਉ ਬਿ ਮਿਹਰ ਹੈ ॥ ਈਮਾਨੋ ਦਸਤ ਹੈ ॥ ਬਈਮਾਨ ਕਾਫਰ ਹੈ ॥ ਤਕਬਰ ਕਹਿਰ ਹੈ॥ ਨਫਸ ਸੈਤਾਨ ਹੈ ॥"

ਅੰਤ : "ਅਦਲ ਬਾਦਿਸਾਹਿ ਹੈ ॥ ਦਰਦਬੰਦ ਦਰਵੇਸ ਹੈ ॥ ਬੇਦਰਦ ਕਸਾਈ ਹੈ ॥ ਏਤੜਿਆ ਟੋਲਾ ਜੋ ਜਾਨ ਜਨਾਵੈ ॥ ਤਉ ਨਾਨਕ ਦਾਸ ਵੀ ਦਾਸ ਕਹਾਵੈ ॥੧॥"

ਹੱਥ ਲਿਖਤ ਨੰ : MS 1018 ਹ

ਸਿਰਲੇਖ : ਕਰਨੀ ਨਾਮਾ, ਸ੍ਰੀ ਗੁਰੂ ਨਾਨਕ ਦੇਵ ਜੀ ਕਾ

ਪੱਤਰੇ : 266 ਅ - 279 ਅ

ਆਕਾਰ : 10 X 8 .5 ਸ.ਮ. ਲਿਖਤ : 7 X 5 .5 ਸ.ਮ.

ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ – 9 ਹਨ।

ਆਮ ਵੇਰਵਾ : ਪੋਥੀ ਦੇ ਇਸ ਭਾਗ ਦੀ ਰਚਨਾ ਦੀ ਕਾਨੀ ਬਦਲੀ ਹੋਈ ਹੈ । ਹਾਸ਼ੀਏ ਤੋਂ ਬਾਹਰ ਲਿਖਤ ਅਤੇ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ । ਲਿਖਾਈ ਚੰਗੀ, ਪੋਥੀ ਦੀ ਹਾਲਤ ਠੀਕ ਠੀਕ ਹੈ ।

ਆਰੰਭ : "ੴ ਸਤਿਗੁਰ ਪ੍ਰਸਾਦਿ ॥ 'ਕਰਨੀ ਨਾਮਾ' ਸ੍ਰੀ ਗੁਰੂ ਨਾਨਕ ਜੀ ਕਾ ਮੱਕੇ ਵਿਚ॥ ਕਾਜੀ ਰੁਕਨਦੀਨ ਨਾਲ ਹੋਆ ॥ ਜਬਾਬ ਨਾਨਕ ਸਾਹਿ ਸੂਰਾ ॥ ਨਾਨਕ ਆਖੇ ਰੁਕਨਦੀਨ ਸਾਚਾ ਸੁਨੋ ਜਬਾਬ ॥ ਪੜੈ ਸੁਣੈ ਜੋ ਪ੍ਰੀਤਮ ਕਰ ਛੁਟੇ ਸਭ ਅਜਾਥ ॥ ਦਸਵਾ ਜਾਮਾ ਪਹਰ ਕਰ ਬੈਠਾ ਪੁਰ ਕਰਤਾਰ ॥ ਔਰੰਗਜੇਬ ਬਾਦਸਾਹ ਸੋ ਜੁਧ ਕਰੋ ਬਹੁ ਬਾਰ ॥ ਟੁਕਬਲ ਆਪਨਾ ਦੇਖ ਕੈ ਭੇਜ ਦੇਉਗਾ ਸਿੰਘ ॥ ਦੇਖ ਉਨਾ ਨੂ ਬੋਲ ਸੀ ਬਾਦਸਾਹਿ ਔਰੰਗ ਦੇਖ ਉਨਾ ਵਲ ਘਟ ਸੀ ਭੂਲ ਗਇਓ ਉਸ ਫੰਧ ॥ ਆਗੈ ਪੈਦਾ ਕਿਉ ਕੀਆ ਭਲਾ ਨ ਕੀਉ ਗੋਬਿੰਦ ਸਿੰਘ ॥"

ਅੰਤ : "ਕਰਨੀਨਾਮਾ ਜੋ ਪੜੈ ਵਧੈ ਸਾਹਿਬ ਸਿਉ ਪ੍ਰੀਤ ॥੧॥ ਦੋਹਰਾ ॥ ਰਾਜ ਕਰੈਗਾ ਖਾਲਸਾ ਆਕੀ ਰਹੈ ਨ ਕੋਇ ॥ ਖੁਆਰ ਹੋਇ ਸਭ ਮਿਲੈਗੀ ਬਚੈ ਸਰਨ ਜੋ ਹੋਇ ॥ ਇਤ ਸ੍ਰੀ ਕਰਨੀ ਨਾਮਾ ਸੰਪੂਰਨੰ ॥ ਸਮਾਪਤੰ॥ ॥"

ਹੱਥ ਲਿਖਤ ਨੰ : MS 1018 ਕ

ਸਿਰਲੇਖ : ਨਸੀਹਤ ਨਾਮਾ

ਪੱਤਰੇ : 270 ੳ - 271 ੳ

ਆਕਾਰ : 10 X 8 .5 ਸ.ਮ. ਲਿਖਤ : 7 X 5 .5 ਸ.ਮ.

ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ – 9 ਹਨ।

ਆਮ ਵੇਰਵਾ : ਲਿਖਾਈ ਚੰਗੀ, ਪੋਥੀ ਦੀ ਹਾਲਤ ਠੀਕ ਠੀਕ।

ਆਰੰਭ : "ਨਸੀਹਤਨਾਮਾ॥ ਜਬ ਬਾਬਾ ਮਕੇ ਨੂ ਗਇਆ॥ ਬਹੁਰ ਮਦੀਨਾ ਦੇਖ ਭਇਆ॥ ਮਕਾ ਮਦੀਨਾ ਸਭਜਿਣ ਲੀਆ॥"

ਅੰਤ : "ਕਲਜੁਗ ਨਾਨਕ ਰਾਜ ਚਲਾਇਆ ॥ ਧੁਰ ਦਰਗਾਹਿ ਪ੍ਰਭੂ ਤੇ ਲਿਆਇਆ ॥ ਨਾਨਕ ਨਿਰਗੁਣਆਰੇ ਪ੍ਰਭ ਕੀ ਪ੍ਰਭ ਕੀ ਸਰਣਾਈ ॥ ਨਾਨਕ ਦਾਸੁ ਪ੍ਰਭ ਭੇਦ ਨ ਭਾਈ॥"

ਹੱਥ ਲਿਖਤ ਨੰ : MS 1018 ਖ
ਸਿਰਲੇਖ : ਰਹਿਤ ਗੁਰ ਕੀ
ਪੱਤਰੇ : 1 ਉ - 177 ਉ
ਆਕਾਰ : 10 X 8 .5 ਸ.ਮ. ਲਿਖਤ : 7 X 5 .5 ਸ.ਮ.
ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ - 7-8 ਹਨ।
ਆਮ ਵੇਰਵਾ : ਕਾਨੀ ਬਦਲ ਕੇ ਲਿਖਾਈ ਕੀਤੀ ਹੋਈ ਹੇ । ਪੱਤਰਾ ਨੰਬਰ ਵੀ ਮੁਢ ਤੋਂ ਇਕ - ਦੋ ਤੋਂ ਸ਼ੁਰੂ ਕੀਤੀ ਹੈ। ਪੱਤਰੇ ਉਖੜੇ ਹੋਏ ਹਨ ਅਤੇ ਪੋਥੀ ਦੇ ਇਸ ਭਾਗ ਦੀ ਰਚਨਾ ਦੀ ਹਾਲਤ ਮਾੜੀ।
ਆਰੰਭ : "ੴ ਸਤਿਗੁਰ ਪ੍ਰਸਾਦਿ॥ ਅਗੇ ਰਹਿਤ ਗੁਰ ਕੀ ॥ ਸੋ ਰਹਿਤ ਕਿਆ ॥ ਸਾਖੀ ਗ੍ਰੰਥ ਸਾਹਿਬੁ ਜੀ ॥ ਰਹਿਤ ਰਹਿਤ ਰਹਿ ਜਾਹਿ ਬੀਕਾਰ ॥ ਜਿਸ ਰਹਿਤ ਕੀਤਿਆ ਬੇਕਾਰ ਨ ਹੋਵਨ ਸੋ ਰਹਿਤ ਕਹਿਐ ॥ ਸਾਖ ਗ੍ਰੰਥ ਸਾਹਿਬ ਜੀ ॥ ਸਾਚੀ ਰਹਿਤ ਸਾਚਾ ਮਨਿ ਹੋਇ ॥ ਜਿਸ ਰਹਿਤ ਵਿਚ ਗੁਰੂ ਚਿਤ ਆਵੈ ਸੋ ਐਸੀ ਰਹਿਤ ॥ ਸਾਖੀ ਗ੍ਰੰਥ ਸਾਹਿਬ ਜੀ ॥"

ਪੰਨਾ ਨੰਬਰ ੨● ਅ ਤੋਂ ਬਾਅਦ, ਫਿਰ ਤੋਂ ਪੰਨਾ ਨੰਬਰ ਇਕ, ਦੋ ਰਚਨਾ ਅੱਗੇ ਤੋਰੀ ਹੋਈ ਹੈ ਅਤੇ ਸਾਖੀ ਗ੍ਰੰਥ ਜੀ ਹੇਠ ਹੋਰ ਰਹਿਤਾਂ ਦਸਦੇ ਹੋਇ , ਸ੍ਰੀ ਗੁਰੂ ਤੇਗ ਬਹਾਦਰ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਅਤੇ ਰਹਿਤਾਂ ਬਾਰੇ ਪੰਨਾ ੪੯ ਤੋਂ ਸ਼ੁਰੂ ਕਰ ਕੇ ਲਿਖਿਆ ਹੋਇਆ ਹੈ ਅਤੇ ਜਨਮ ਸੰਮਤ ਵੀ ਦਿਤੇ ਹੋਏ ਹਨ ॥

ਪੰਨਾ ੧੭੭ "ਸਾਖ ਪਾਤਿਸਾਹੀ ੧● ॥ ਐਸੇ ਰੌਲੇ ਦੇਅ ਸਿਖ ਹੋਸਨਿ ॥ ਜੋ ਪੋਥੀਆਂ ਅਤੇ ਗ੍ਰੰਥ ਸਾਹਿਬ ਨੂ ਭੀ ਨਾ ਮੰਨਨਗੇ ॥ ਦਇਆ ਧਰਮ ਉਹਨਾ ਵਿਚੋ ਦੂਰ ਹੋ ਜਾਏਗਾ ॥ ਸੋ ਰਉਲੇ ਦੇਅ ਸਿਖ ਜਾਨਣੇ ॥ ਸਾਖ ਪਾਤਿਸਾਹੀ ੧● ॥
ਸਿਖ ਉਬਾਰ ਅਸਿਖ ਸੰਘਾਰੋ ॥ ਉਹੁ ਅਸਿਖ ਕਿਸੇ ਨੂ ਨਾ ਮੰਨਣਗੇ ॥ ਤਿਨਾ ਦਾ ਵਿਸਾਹੁ ਨਹੀ ਕਰਨਾ ॥੬੪੭॥
ਸਤਿਨਾਮ ਸਤਿਨਾਮ ਸਤਿਨਾਮ ਸਤਿਨਾਮ ॥"

ਹੱਥ ਲਿਖਤ ਨੰ : MS 1018 ਗ
ਸਿਰਲੇਖ : ਗੁਰਸਾਖੀ, ਸਾਹਿਬ ਕੇ ਅੰਮ੍ਰਿਤ ਛਕਣ ਕੀ ॥
ਲਿਖਾਰੀ : ਹਰਨਾਮ ਸਿੰਘ
ਸਮਾਂ : ਸੰਮਤ 1913
ਪੱਤਰੇ : 177 ਅ - 195
ਆਕਾਰ : 10 X 8 .5 ਸ.ਮ. ਲਿਖਤ : 7 X 5 .5 ਸ.ਮ.
ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ-8 ਹਨ।
ਆਮ ਵੇਰਵਾ : ਲਿਖਾਈ ਚੰਗੀ, ਪੋਥੀ ਦੀ ਹਾਲਤ ਠੀਕ ਠੀਕ।
ਆਰੰਭ : "ੴ ਸਤਿਗੁਰ ਪ੍ਰਸਾਦਿ ॥ ਅਥ ਗੁਰਸਾਖੀ ਲਿਖਯਤੇ ॥ ਸਾਹਿਬ ਕੇ ਅੰਮ੍ਰਿਤ ਛਕਣ ਦੀ॥ ਅਰ ਸਿਖਾ ਨੂ ਅੰਮ੍ਰਿਤ ਛਕਾਵਣ ਦੀ ॥ ਸੰਮਤ 1754 ॥ ਸਾਵਣੋ ॥ ਦੋਹਰਾ ॥ ਏਕ ਦਿਵਸ ਅਨੰਦ ਪੁਰ ਬੈਠੇ ਗੁਰ ਕਰਤਾਰ ॥ ਸਤਿ ਸੰਗਤਿ ਬਹੁਤੀ ਜੁਰੀ ਲੀਲਾ ਅਪਰ ਅਪਾਰ ॥੧ ਚੌਪਈ॥"

ਪੰਨਾ ਨੰਬਰ 195 (ਉ) ੴ ਸਤਿਗੁਰ ਪ੍ਰਸਾਦਿ ॥ ਸਾਖੀ ਰਹਿਤ ਪਾਤਿਸਾਹੀ ੧● ॥ ਦਿਨ ਭਾਈ ਨੰਦ ਲਾਲ ਜੀ ਬੋਲਿਆ ॥ ਜੋ ਗਰੀਬ ਨਿਵਾਜ ਸਿਖਾਂ ਪੁਤਾ ਨੂੰ ਕਰਮ ਕੌਣ ਕਰਨੇ ਜੋਗ ਹੈ। ਤਬ ਗੁਰੂ ਗੋਬਿੰਦ ਸਿੰਘ ਜੀ ਬੋਲੇ ॥"

ਅੰਤ : "ਜੋ ਸਿਖ ਹੋਵੈਗਾ ਗੁਰ ਸਬਦ ਥੀ ਹੋਰਸ ਦੀ ਪ੍ਰਤੀਤ ਨਹੀ ਕਰਨੀ । ਹੋਰ ਪ੍ਰਤੀਤ ਨਰਕ ਲੈ ਜਾਂਦੀ ਹੈ ॥ ਬੋਲਹੁ ਭਾਈ ਜੀ ਵਾਹਗੁਰੂ ਸਾਖੀ ਸੰਪੂਰਨ ਹੋਈ । ਭੁਲ ਚੁਕ ਬਖਸਣੀ ੧॥ ਸੰਮਤ 1913 ਪੋਥੀ ਸੰਪੂਰਨ ਹੋਈ, ਦਸਖਤ ਹਰਿਨਾਮ ਸਿੰਘ ਖਤ੍ਰੀ ਦੇ = ="

ਹੱਥ ਲਿਖਤ ਨੰ : MS 1019 ਸੰਗ੍ਰਹਿ
ਸਿਰਲੇਖ : ਰਾਜਨੀਤ ਭਾਖਾ
ਲੇਖਕ : ਤਨਸੁਖ ਰਾਮ, ਕਵੀ
ਪੱਤਰੇ : 1 ੳ - 152 ੳ
ਆਕਾਰ : 15 X 22 ਸ.ਮ. ਲਿਖਤ : 11 X 18 ਸ.ਮ.
ਵੇਰਵਾ : ਜਿਲਦ ਗੱਤਾ। ਸਿਆਹੀ ਕਾਲੀ ਵਖਰੇਵੇਂ ਲਈ ਲਾਲ। ਹਾਸ਼ੀਆ ਦੋਵੇਂ ਪਾਸੇ ਦੋ ਦੋ ਲਾਲ ਲਕੀਰਾਂ, ਦੋ ਦੋ ਕਾਲੀਆਂ ਲਕੀਰਾਂ ਅਤੇ ਵਿਚਕਾਰ ਇਕ ਮੋਟੀ ਲਾਲ ਲਕੀਰ। ਸਤਰਾਂ ਪ੍ਰਤੀ ਪੰਨਾ-19 ਹਨ।
ਆਮ ਵੇਰਵਾ : ਲਿਖਾਈ ਸੁੰਦਰ, ਕਈ ਪੱਤਰਿਆਂ ਉਪਰ ਹਾਸ਼ੀਏ ਤੋਂ ਬਾਹਰ ਲਿਖਤ। ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ । ਪੋਥੀ ਦੀ ਹਾਲਤ ਠੀਕ ਠੀਕ।
ਆਰੰਭ : "ੴ ਸਤਿਗੁਰ ਪ੍ਰਸਾਦਿ ॥ ਅਥ ਰਾਜਨੀਤ ਭਾਖਾ ॥ ਕ੍ਰਿਤ ਕਵ ਤਨਸੁਖ ਰਾਮ ਜੀ ਕੀ ॥ ਚੌਪਈ ॥ ਪ੍ਰਿਥਮ ਅਰਾਧੋ ਏਕੰਕਾਰਾ ॥ ਜਗਤ ਸਾਜਿ ਜਿਹ ਕੀਯੋ ਪਸਾਰਾ ॥ ਤੀਨ ਭਾਤਿ ਕਰਿ ਸ੍ਰਿਸ੍ਟਿ ਉਪਾਈ ॥ ਸੁਛਅਮੋ ਅਸਥੂਲ ਬਨਾਈ ॥ ਉਤਮ ਮਧਮ ਅਧਮ ਕਹਾਈ ॥ ਸਭ ਘਟ ਮੋ ਪ੍ਰਭ ਰਹਯੋ ਸਮਾਈ ॥ ਉਤਮ ਸੋ ਜਿਹ ਏਕ ਚਿਨਾਰੀ ॥ ਮਧਮ ਸੋਈ ਜਗਤਿ ਬਿਵਹਾਰੀ ॥ ਦੋਊ ਮੈ ਏਕੋ ਨਹਿ ਜਾਨੈ ॥ ਜਗ ਮੈ ਤਾਕੋ ਅਧਮ ਬਖਾਨੈ ॥੧॥ਦੋਹਰਾ॥ ਸਸਭ ਕੀ ਲਾਜ ਗੁਬਿੰਦ ਕੋ ਜਹ ਲਗਿਹੈ ਸੰਸਾਰ ॥ ਤਨਸੁਖ ਮਨਿਸੁਖ ਨੈਨ ਸੁਖੁ ਹਰਿ ਜਪ ਬਾਰੰਬਾਰ ॥ਚੌਪਈ॥"
ਅੰਤ : "੬੧੮ ॥ ਦੋ ॥ ਮਨ ਬਚ ਕਰਮ ਬਿਸਾਸ੍ਰ ਧਰ ਰਿਦੈ ਮਾਹਿ ਠਹਿਰਾਇ ॥ ਗੁਰ ਗੁਬਿੰਦ ਕੀ ਕ੍ਰਿਪਾ ਤੇ ਕਾਰਜ ਸਿਧ ਕਰਾਇ ॥੬੧੯॥ ਇਤੀ ਰਾਜਨੀਤੀ ਭਾਖਾ ਸੰਪੂਰਨੰ ॥ ਮਸਤ ਸੁਭ ਮਸਤ॥ = ॥ = ॥"

ਹੱਥ ਲਿਖਤ ਨੰ : MS 1019 ਅ
ਸਿਰਲੇਖ : ਕੁੰਡਲੀਆ
ਲੇਖਕ : ਗਿਰਧਰ
ਪੱਤਰੇ : ਪੰਨਾ ਨੰਬਰ ਅੰਕਿਤ ਨਹੀਂ
ਆਕਾਰ : 15 X 22 ਸ.ਮ. ਲਿਖਤ : 11 X 18 ਸ.ਮ.
ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ-19 ਹਨ।
ਆਮ ਵੇਰਵਾ : ਰਚਨਾ ਦੇ ਇਸ ਭਾਗ ਵਿਚ ਪੱਤਰਾ ਨੰਬਰ ਅੰਕਤ ਨਹੀਂ ਹਨ। ਲਿਖਾਈ ਸੁੰਦਰ ਪੋਥੀ ਦੀ ਹਾਲਤ ਠੀਕ ਠੀਕ।
ਆਰੰਭ : "ੴ ਸਤਿਗੁਰ ਪ੍ਰਸਾਦਿ ॥ ਅਥ ਕੁੰਡਲੀਆ ਗਿਰਧਰ ਜੀ ਕੀ ਲਿਖਯਤੇ ॥ ਕੁੰਡਲੀ ਛੰਦ॥ ਸਾਈ ਗਿਰਧ੍ਰ ਗਿਰਧਰੱਯ ਗਿਰਧਰਿ ਗਿਰਧਰ ਹੋਇ ॥ ਹਨੂਮਾਨ ਗਿਰ ਧਰਯੋ ਗਿਰਧਰ ਕਹੈ ਨ ਕਹੈ ਨ ਕੋਇ ॥ ਗਿਰਧਰ ਕਹੈ ਨ ਕੋਇ ਹਨੂੰ ਦ੍ਰੋਣਾ ਗਹਿਲਯਾਯੋ ॥ ਤਿਸਕਾ ਕਿਣਕਾ ਏਕੁ ਸੋਈ ਸੀ ਉਠਾਯੋ ॥ ਕਹਿ ਗਿਰਧਰ ਕਬ ਰਾਇ ਬਡਨ ਕੀ ਯਹੈ ਬਡਾਈ ॥ ਥੋਰੇ ਈ ਜਸੁ ਹੋਇ ਜਿਸੈ ਜਸੁ ਦੇਵੈ ਸਾਈ॥"

ਅੰਤ : "ਉਲੂ ਉਲਨ ਸੋ ਕਹੈ ਸੁਨੀਯੇ ਧੂਧ ਪ੍ਰਕਾਸ ॥ ਕਿਧੋ ਬਾਤਿ ਯਹ ਸਾਚੁ ਹੈ ਸੂਰਜ ਚਢਯੋ ਅਕਾਸ॥ ਸੂਰਜ ਚਢਯੋ ਅਕਾਸ ਬਾਤਿ ਯਹ ਸਾਚੁ ਨ ਜਾਨੋ ॥ ਹਮਰੇ ਬਚਨ ਪ੍ਰਮਾਨ ਜੀਅ ਮੈ ਸਾਚੀ ਮਾਨੋ ॥ ਕਹਿ ਗਿਰਧਰ ਕਵ ਰਾਇ ਮਨੁਖ ਦੇਹੀ ਧਰਿ ਭੁਲੂ ॥ ਸੂਰ"

ਇਸ ਤੋਂ ਅੱਗੇ ਰਚਨਾ ਨਹੀਂ ਹੈ ਇੰਝ ਜਾਪਦਾ ਹੈ ਕਿ ਰਚਨਾ ਅਧੂਰੀ ਹੈ ॥

ਹੱਥ ਲਿਖਤ ਨੰ : MS 1020
ਸਿਰਲੇਖ : ਗਰਬ ਗੰਜਨੀ ਟੀਕੇ
ਟੀਕਾਕਾਰ : ਕਵਿ ਸੰਤੋਖ ਮ੍ਰਿਗਿੰਦ [ਸਿੰਘ]
ਲਿਖਾਰੀ : ਗੰਗਾ ਨਾਥ
ਸਮਾਂ : ਸੰਮਤ 1951
ਪੱਤਰੇ : 1 ੳ - 158 ਅ
ਆਕਾਰ : 16 X 24 ਸ.ਮ. ਲਿਖਤ : 11 X 19 .5 ਸ.ਮ.
ਵੇਰਵਾ : ਜਿਲਦ ਗੱਤਾ। ਸਿਆਹੀ ਕਾਲੀ। ਹਾਸ਼ੀਆ ਦੋਵੇਂ ਪਾਸੇ ਦੋ ਦੋ ਲਾਲ ਲਕੀਰਾਂ । ਸਤਰਾਂ ਪ੍ਰਤੀ ਪੰਨਾ-20 ਹਨ।
ਆਮ ਵੇਰਵਾ : ਲਿਖਾਈ ਸੁੰਦਰ। ਪੋਥੀ ਦੀ ਹਾਲਤ ਠੀਕ ਠੀਕ।
ਆਰੰਭ : "ੴ ਸਤਿਗੁਰ ਪ੍ਰਸਾਦਿ॥ ੴ ਸ੍ਰੀ ਪ੍ਰਮਾਤਮਨੇਨਮ: ਅਥ ਗਰਬ ਗੰਜਨੀ ਟੀਕੇ ਕਾ ਸਾਰ ਲਿਖਯਤੇ ॥ ਦੋ●॥ ਸ੍ਰੀ ਅਸਧੁਜ ਸੁ ਬਿਸਾਲ ਭਜੁ ਉਤਭੁਜ ਜੰਗਮ ਜੋਇ ॥ ਸਰਬ ਮਈ ਕਰਤਾ ਪੁਰਖੁ ਨਮੋ ਬੰਦ ਕਰ ਦੋਇ ॥"
ਅੰਤ : "ਟੀਕਾ ਸ੍ਰੀ ਗਰਬਗੰਜਨੀ ਪੂਰਨ ਭਯੋ ਰਸਾਲ ॥ ਨਮਸਕਾਰ ਸਤਿਗੁਰਨ ਕੋ ਜੇ ਹੈ ਪ੍ਰਮ ਕ੍ਰਿਪਾਲ॥੧॥

ਸੰਮਤ ਰੰਸ [੧] ਬਸੁ [੮] ਬਸੁ [੮] ਰਸਾਂ [੬]

ਚੇਤ ਬਦੀ ਸੁਬ ਦੂਜਾ ॥ ਸਸ ਬਾਸਰ ਉਤਸਾਹ ਕਿਯ ਸ੍ਰੀ ਨਾਨਕ ਪਦ ਪੂਜਾ ॥੨॥ ਬਾਰਤਾ ਗਰਬ ਗੰਜਨੀ ਕੋ ਅਰਥ ॥ ਇਸ ਕੇ ਪਢਨ ਵਿਚਾਰ ਨਵਾਰੇ ਕੇ ਅਗਰੀ ਜੇ ਕੋਈ ਅਰਥਨ ਕੋ ਗਰਬ ਕੋ ਦੂਰ ਕਰ ਦੇਤਾ ਹੈ। ਦੂਸਰੋ ਅਰਥ ਔਰ ॥ ਇਸ ਕੋ ਪਢਕੇ ਪਢਕੇ ਆਪਨੇ ਗਰਬ ਕੋ ਗੰਜਨ ਕਰੇ ॥ ਅਰ ਗਰੀਬੀ ਕੋ ਗ੍ਰਹਨ ਕਰ ਮੁਕਤਿ ਕੇ ਮਾਰਗ ਪਰੈ ॥ ਯਾਤੈ ਇਸ ਟੀਕੇ ਕੋ ਨਾਮ ਗਰਬ ਗਜਨੀ ਪਰਯੋ ॥ ਸੁਭੰ ਸੰਪੂਰਨੰ ॥ ਹਰੀ ਉਨਮੋ ਨਮ:

ਦੋਹਰਾ ॥ ਸੰਮਤ ਆਤਮ ਹਰਬਦਨ ਨਿਧ ਔਰ ਸਸਿ ਜਾਨ ॥ ਜੇਠ ਵਦੀ ਤਿਥ ਪੜਵ ਕੋ ਰਵੀਵਾਰ ਸੁਭ ਮਾਂਨ ॥੧॥ ਦਿਵਸ ਮੱਧਯ ਪੂਰਨ ਭਯੋ ਸੁਭ ਮਸ ਲਿਖਨ ਸਾਥ ॥ ਕਾਗਰ ਸੁਭ ਇਸ ਕੋ ਭੂਲ ਲਗੇ ਖਿਮੋ ਮਮ ਨਾਥ ॥੨॥ ਲਿਖਤੁਮ ਗੰਗਾ ਨਾਥ ਜੀ ਗਹੁਰਨਾਥ ਤਿਨ ਦਾਸ ॥ ਤਿਸ ਕੀ ਦਸਖਤ ਹੇ ਕਛੂ ਮਨ ਅਰਪਯੋ ਗੁਰਪਾਸ ॥੩॥ ੮॥ ੮॥ ੮॥ ੮॥ ੮॥ ਸੰਮਤ ੧੯੫੧ ॥ ੮ ॥ ੮ ॥ ੮ ॥ ੮ ॥

ਹੱਥ ਲਿਖਤ ਨੰ : MS 1021
ਸਿਰਲੇਖ : ਸ੍ਰੀ ਮਦ ਭਗਵਤ ਗੀਤਾ ਅਠਾਰਵਾਂ ਅਧਿਆਏ
ਭਾਖਾ ਟੀਕਾ : ਕਿਸੋਰਦਾਸ
ਲਿਖਾਰੀ : ਗੰਗਾ ਨਾਥ
ਸਮਾਂ : ਸੰਮਤ 1946
ਪੱਤਰੇ : 1 ੳ - 260 ਅ

ਆਕਾਰ : 18 X 11 ਸ.ਮ. ਲਿਖਤ : 13 X 7 .5 ਸ.ਮ.

ਵੇਰਵਾ : ਜਿਲਦ ਗੱਤਾ ਕਪੜਾ। ਸਿਆਹੀ ਕਾਲੀ ਵਖਰੇਵੇਂ ਲਈ ਲਾਲ। ਹਾਸ਼ੀਆ ਦੋਵੇਂ ਪਾਸੇ ਦੋ ਦੋ ਲਾਲ ਵਿਚਕਾਰ ਇਕ ਕਾਲੀ ਲਕੀਰ। ਸਤਰਾਂ ਪ੍ਰਤੀ ਪੰਨਾ – 8 ਹਨ।

ਆਮ ਵੇਰਵਾ : ਪਹਿਲੇ ਪੱਤਰੇ ਉਪਰ ਡੀਜ਼ਾਈਨਦਾਰ ਹਾਸ਼ੀਆ; ਪੀਲੀ, ਕਾਲੀ ਅਤੇ ਜਾਮਣੀ ਸਿਆਹੀ ਨਾਲ ਬਣਾਇਆ ਹੋਇਆ ਹੈ । ਲਿਖਾਈ ਹਾਸ਼ੀਏ ਤੋਂ ਬਾਹਰ ਕੀਤੀ ਹੋਈ ਅਤੇ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ । ਲਿਖਾਈ ਸੁੰਦਰ । ਪੋਥੀ ਦੀ ਹਾਲਤ ਠੀਕ ਠੀਕ । ਕਾਨੀ ਬਦਲੀ ਹੋਈ ।

ਆਰੰਭ : "ੴ ਸਤਿਗੁਰ ਪ੍ਰਸਾਦਿ ॥ ੴ ਸ੍ਰੀ ਓਨਮੋ ਭਗਵਾਂਨ ਬਾਸਦੇਵਾ ॥ ਨਮੋ ਕ੍ਰਿਸ੍ਨ ਬਾਸਦੇਵ ਬਿਸ੍ਵੰਤਰਾ ॥ ਆਦਿ ਪੁਰਖਾ ਅਖਰ ਪੁਰਖਾ ॥ ਅਲੇਖ ਪੁਰਖ॥ ਜਗਤ ਬੰਧੂ ਜੋਤੀ ਸਰੂਪ ਜੀਅ ਕੀ ਜਾਨਣਹਾਰ ॥ ਹਰਿ ਜਸੁ ਜਾਚਣ ਆਇਆ ਦਾਸ ਪ੍ਰਭੂ ਕੈ ਦ੍ਵਾਰ। ਜੋ ਅਰਜਨ ਕੋ ਦੀਆ ਸ੍ਰੀ ਗੀਤਾ ਗਿਆਨ ਉਦਾਰ ॥ ਭਾਖਿਆ ਮੈ ਭਿਖਯਾ ਮਿਲੈ ਭੈ ਭੰਜਨ ਭਗਵਾਨ । ਕਿਸੋਰਦਾਸ ਜਾਚੈ ਪ੍ਰਭੂ ਭਗਵਤ ਗੀਤਾ ਗਿਆਨ॥"

ਅੰਤ : "ਏਹਿ ਗੀਤਾ ਸਕਲ ਜੀਆ ਕੇ ਉਧਾਰ ਕਰਨ ਕੋ ਪ੍ਰਗਟ ਕਰੀ ਹੈ ॥ ਤਿਸਕਾ ਮਹਾਤਮੁ ਬਡੀ ਮਹਿਮਾ ਸਿਉ ਕਹਿਆ ਹੈ ॥ਅਵਸ ਕਰ ਗੀਤਾ ਕਾ ਪਾਠ ਕਰੀਐ ॥ ਯਾ ਸ੍ਰਵਨ ਕਰੀਐ ॥ ਤਿਨਾ ਜੀਆ ਕੀ ਕਲਿਆਣ ਹੋਵੈ ਹੈ ॥ ਇਤਿ ਸ੍ਰੀ ਮਹਾਤਮਨੇ ਸੰਪੂਰਨੰ॥ ਸਮਾਪਤੰ॥ ਸ੍ਰੀ ਭਗਵਾਨ ਜੀ ਤੇਰੀ ਸਰਣਿ ॥ = ॥ = ॥ ਸੰਮਤੁ । ੧੯੪੬। ਪੋਥੀ ਲਿਖੀ ਗੰਗਾ ਨਾਥ ਨੇ"

ਹੱਥ ਲਿਖਤ ਨੰ : MS 1022

ਸਿਰਲੇਖ : ਸੁਖਮਨੀ ਸਾਹਿਬ ਮਹਲਾ ॥੫॥

ਪੱਤਰੇ : 1 ੳ – 62 ਅ

ਆਕਾਰ : 14 X 16 ਸ.ਮ. ਲਿਖਤ : 9 X 10 .5 ਸ.ਮ.

ਵੇਰਵਾ : ਜਿਲਦ ਗੱਤਾ ਕਪੜਾ, ਉਖੜੀ ਹੋਈ। ਸਿਆਹੀ ਕਾਲੀ ਵਖਰੇਵੇਂ ਲਈ ਲਾਲ। ਹਾਸ਼ੀਆ ਚਾਰੇ ਪਾਸੇ ਚਾਰ ਚਾਰ ਕਾਲੀਆਂ; ਇਕ ਇਕ ਲਾਲ ਅਤੇ ਪੀਲੀ ਮੋਟੀ ਲਕੀਰ। ਸਤਰਾਂ ਪ੍ਰਤੀ ਪੰਨਾ–13 ਹਨ।

ਆਮ ਵੇਰਵਾ : ਲਿਖਾਈ ਹਾਸ਼ੀਏ ਤੋਂ ਬਾਹਰ ਕੀਤੀ ਹੋਈ ਅਤੇ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ। ਜਿਲਦ ਉਖੜੀ ਹੋਈ ਅਤੇ ਪੱਤਰਿਆਂ ਦੀ ਹਾਲਤ ਖਸਤਾ ਹੈ ।ਕ੍ਰਿਮਖੁਰਦਾ ਹੈ । ਪੋਥੀ ਦੀ ਹਾਲਤ ਬਹੁਤੀ ਚੰਗੀ ਨਹੀਂ ਹੈ ।

ਆਰੰਭ : "ੴ ਸਤਿਗੁਰ ਪ੍ਰਸਾਦਿ ॥ ਰਾਗ ਗਉੜੀ ਸੁਖਮਨੀ ਮਹਲਾ ੫ ॥ ਸਲੋਕ॥ ਆਦਿ ਗੁਰਇ ਨਮਹਿ॥ ਜੁਗਾਦ ਗੁਰਇ ਨਮਹਿ ॥ ਸਤਿਗੁਰਇ ਨਮਹਿ ॥ ਸ੍ਰੀ ਗੁਰਦੇਵਇ ਨਮਹਿ ॥ ਅਸਟਪਦੀ॥ ਸਿਮਰਹੁ ਸਿਮਰ ਸਿਮਰਿ ਸੁਖ ਪਾਵਹੁ ॥ ਕਲਿ ਕਲੇਸ ਤਨਿ ਮਾਹਿ ਮਿਟਾਵਹੁ॥"

ਅੰਤ : "ਸਭ ਤੇ ਊਚ ਤਾ ਕੀ ਸੋਭਾ ਬਨੀ ॥ ਨਾਨਕ ਇਹ ਗੁਣ ਨਾਮ ਸੁਖਮਨੀ ॥੨੪॥"

ਹੱਥ ਲਿਖਤ ਨੰ : MS 1022 ਅ

ਸਿਰਲੇਖ : ਉਤਪਤਿ ਰਾਜੇ ਬਿਕਰਮਾਜੀਤ ਅਰ ਮੈਨਾ ਵੰਤੀ ਕੀ ਅਰ ਭਰਥਰੀ ਕੀ ਕਥਾ

ਪੱਤਰੇ : 62 ਅ – 138 ਅ

ਆਕਾਰ : 14 X 16 ਸ.ਮ. ਲਿਖਤ : 9 X 10 .5 ਸ.ਮ.

ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ – 13 ਹਨ।

ਆਮ ਵੇਰਵਾ : ਲਿਖਾਈ ਸੁੰਦਰ। ਪੋਥੀ ਦੀ ਹਾਲਤ ਠੀਕ ਠੀਕ ।

ਆਰੰਭ : "ੴ ਸਤਿਗੁਰ ਪ੍ਰਸਾਦਿ ॥ ਉਤਪਤਿ ਰਾਜੇ ਬਿਕਰਮਾਜੀਤ ਅਰ ਮੈਨਾਵੰਤੀ ਕੀ ਅਰ ਭਰਥਰੀ ਕੀ ਕਥਾ ਚਲੀ ॥ ਗੰਧਰਬ ਜੋ ਸੰਸੋ ਰਾਜੇ ਇੰਦ੍ਰ ਦਾ ਪੁਤ੍ਰ ਸੀ ॥"

ਅੰਤ : "ਰਾਜੇ ਬਿਲਾਸ ਛੋਡਆ ਕਛੁ ਨਿਬਹਤ ਨਾਹੀ॥ ਬ੍ਰਦਤ ਸ੍ਰੀ ਗੋਪੀ ਚੰਦ ਹੋ ਮਾਤਾ ਤੂੰ ਪੂਛਤ ਕਹੀ ॥੫੩੬॥ ਸਲੋਕ : – ਪਉਣ ਗੁਰੂ ਪਾਣੀ ਪਿਤਾ ਮਾਤਾ ਧਰਤ ਮਹਤ ॥ ਦਿਵਸ ਰਾਤ ਦੁਇ ਦਾਈ ਦਾਇਆ ਖੇਲੈ ਸਗਲ ਜਗਤ॥ ਚੰਗਿਆਈਆ ਬੁਰਿਆਈਆ ਵਾਚੇ ਧਰਮ ਹਦੂਰ॥ ਕਰਮੀ ਆਪੋ ਆਪਨੀ ਕੇ ਨੇੜੇ ਕੇ ਦੂਰ॥"

ਹੱਥ ਲਿਖਤ ਨੰ : MS 1022 ਏ

ਸਿਰਲੇਖ : ਸ੍ਰੀ ਭਗਵਤ ਗੀਤਾ

ਪੱਤਰੇ : 1 ਓ– 48 – ਉਸ ਤੋਂ ਅਗਲੇ ਪੱਤਰਿਆਂ ਉਪਰ ਪੱਤਰਾ ਨੰਬਰ ਅੰਕਿਤ ਨਹੀਂ ।

ਆਕਾਰ : 14 X 16 ਸ.ਮ. ਲਿਖਤ : 9 X 10 .5 ਸ.ਮ.

ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ – 10 ਹਨ।

ਆਮ ਵੇਰਵਾ : ਪਹਿਲੇ ਪੱਤਰੇ ਉਪਰ ਡੀਜਾਈਨ ਬਣਾ ਕੇ ਲਿਖਿਆ ਹੋਇਆ ਹੈ । ਕਾਨੀ ਬਦਲੀ ਹੋਈ ਅਤੇ ਲਿਖਤ ਹਾਸ਼ੀਏ ਤੋਂ ਬਾਹਰ ਕੀਤੀ ਹੋਈ ।

ਆਰੰਭ : "ੴ ਸਤਿਗੁਰ ਪ੍ਰਸਾਦਿ ॥ ਸ੍ਰੀ ਸੁਅਸਤਿ ਸ੍ਰੀ ਗਣੇਸਾਇ ਨਮ ॥॥ ਅਥ ਸ੍ਰੀ ਭਗਵਤ ਗੀਤਾ ਲਿਖਤੇ ॥ ਏਕ ਸਮੈ ਉਨਮੋ ਸ੍ਰੀ ਭਗਵਤੇ ਵਾਸਦੇਵਾਇ॥ ਉਨਮੋ ਕਿ –ਸੁਨਾਇ ਬਿਸਵੇਸਰਾਇ॥"

ਅੰਤ : "ਕਰਮ ਕਾ ਅਰੰਭ ਸਾਂਤ ਪਦ ਕਉ ਵਿਗਾੜ ਡਾਰੈ ਹੈ ॥ ਤਿਸ ਕਾਰਨ ਤੇ ਜੋ ਤੁਰੀਆ ਪਦ ਕਉ ਪ੍ਰਾਪਤ ਭਇਆ ਹੈ । ਤਿਸ ਕਉ ਕਰਮ ਕਾ ਅਰੰਭ ਕਛ ਨਾਹੀ ਕਰਨਾ ॥ਅਬਜੋ॥ = ="

ਹੱਥ ਲਿਖਤ ਨੰ : MS 1023

ਸਿਰਲੇਖ : ਗੋਸਟਿ ਮੱਕੇ ਮਦੀਨੇ ਕੀ

ਪੱਤਰੇ : 10 ਓ – 218

ਆਕਾਰ : 19 X 13 ਸ.ਮ. ਲਿਖਤ : 14 X 9 ਸ.ਮ.

ਵੇਰਵਾ : ਜਿਲਦ ਗੱਤਾ। ਸਿਆਹੀ ਕਾਲੀ ਵਖਰੇਵੇਂ ਲਈ ਲਾਲ। ਹਾਸ਼ੀਆ ਦੋਵੇਂ ਪਾਸੇ ਦੋ ਦੋ ਲਾਲ ਲਕੀਰਾਂ; ਵਿਚਕਾਰ ਇਕ ਕਾਲੀ ਲਕੀਰ। ਸਤਰਾਂ ਪ੍ਰਤੀ ਪੰਨਾ–10 ਹਨ।

ਆਮ ਵੇਰਵਾ : ਪੋਥੀ ਪੱਤਰਾ ਨੰਬਰ 10 ਤੋਂ ਸ਼ੁਰੂ ਹੁੰਦੀ ਹੈ । ਪਹਿਲੇ 9 ਪੱਤਰੇ ਨਹੀਂ ਹਨ । ਪੋਥੀ ਖਸਤਾ ਵਿਚ ਹੈ । ਲਿਖਾਈ ਹਾਸ਼ੀਏ ਤੋਂ ਬਾਹਰ ਕੀਤੀ ਹੋਈ ਅਤੇ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ।

ਆਰੰਭ : "ਦੇ ਮੁਹੁ ਸਿਧੇ ਹੈਨਿ ॥ ਅਤੇ ਮੇਰਾ ਮੁਹੁ ਹਈ ਜੇ ਲੋਕ ਜਹਾਨ ਦੇ ਦੇਸਿ ਨਾਲੋ ਮੁਹੁ ਉਪੁਰਾ ਕਰਿ ਰਖੇ ਤਾਂ ਮੈਨੂ ਹਥਿ ਲੈ ਨਾਹੀ ਤਾ ਮਤੁ ਮੇਰੇ ਨਜੀਕ ਆਵਹਿ ॥ ਫੇਰਿ ਸੇਲੀ ਬੋਲੀ ਅਵੇ ਬੰਦੇ ਖੁਦਾਇ ਦਿਆ ਮੈਹਾਂਈ ਬੰਧਨੁ ਮੁਰਦੇ ਦਾ ਜੇ ਮੈਨੂ ਗਲਿ ਰਖਦਾ ਹੈ ਤਾ ਪਹਿਲੈ ਮੁਰਸਦ ਕੇ ਆਗੈ ਬਰਦ ਹੋਇ ਰਹੁ ॥ ਜਿਧਰਿ ਖਿੰਚੀ ਤਿਧਰ ਹੀ ਜਾਹੁ ॥ ਉਜਰੁ ਨਾ ਆਣਿ ॥"

ਅੰਤ : "ਜੋ ਦੀਸੈ ਸੋ ਸਗਲਿ ਖਪਾਵੈ ॥ ਤ੍ਰੈਈ ਲੋਕ ਮਹਿ ਬਚਨਿ ਨ ਪਾਵੈ ॥ ਚਉਦਹ ਤਬ ਕਾਲ ਕੇ ਵਸਿ ॥ ਕਾਲ ਛਾਡਿ ਕਤ ਜਾਈਐ ਨਸਿ ॥ ਕਾਲਿ ਵਸਿ ਭਏ ਰਾਮ ਰਸੂਲ॥ ਬਰਸਰਿ

ਨਾਨਕ ਕਾਲ ਕਬੂਲੁ ॥ ਸੂਰਾ ॥ ਕਾਲੁ ਭਇਆ ਬਹਰੂਪੀਆ ਘਟਿ ਘਟਿ ਰਹਿਆ ਸਮਾਇ ॥ ਜਹਾਂ ਜਹਾ ਦੇਖਹੁ ਧਿਆਨ ਧਰਿ ਸਭ ਕਉ ਕਾਲੁ ਖਪਾਇ ॥੪੧॥੧॥
॥ ਗੋਸਟਿ ਸੰਪੂਰਨਿ ਹੋਈ ॥ ਅਖਰਿ ਵਧਿ ਘਟਿ ਸੋਧ ਪੜਨਾ ॥ ● ॥ ● ॥ ● ॥ ●”

ਹੱਥ ਲਿਖਤ ਨੰ : MS 1024 ਸੰਗ੍ਰਹਿ
ਸਿਰਲੇਖ : ਭਗਵਤ ਏਕਾਦਸ ਕੀ ਭਾਖਾ
ਲਿਖਾਰੀ : ਚਤੁਰਦਾਸ
ਸਮਾਂ : ਸੰਮਤ 1692
ਪੱਤਰੇ : 1 ਅ - 159
ਆਕਾਰ : 26 .5 X 16 .5 ਸ.ਮ. ਲਿਖਤ : 18 X 12 ਸ.ਮ.
ਵੇਰਵਾ : ਜਿਲਦ ਗੱਤਾ ਕਪੜਾ। ਸਿਆਹੀ ਕਾਲੀ। ਹਾਸ਼ੀਆ ਦੋਵੇਂ ਪਾਸੇ ਦੋ ਦੋ ਕਾਲੀਆਂ ਲਕੀਰਾਂ। ਸਤਰਾਂ ਪ੍ਰਤੀ ਪੰਨਾ - 12 ਹਨ।
ਆਮ ਵੇਰਵਾ : ਪੋਥੀ ਦੀ ਹਾਲਤ ਠੀਕ ਠੀਕ। ਲਿਖਾਈ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਅਤੇ ਹਾਸ਼ੀਏ ਤੋਂ ਬਾਹਰ ਕੀਤੀ ਹੋਈ ਹੈ। ਲਿਖਾਈ ਸੁੰਦਰ ਅਤੇ ਪੜ੍ਹਨ ਯੋਗ ਹੈ ।
ਆਰੰਭ : “ੴ ਸਤਿਗੁਰ ਪ੍ਰਸਾਦਿ ॥ ੴ ਸ੍ਰੀਮਤ ਸ੍ਰੀ ਗਣੇਸਾਇ ਨਮ : ਚੌਪਈ ॥ ਗਿਰੰਥ ਭਗਵਤ ਏਕਾਦਸ ਕੀ ਭਾਖਾ ਲਿਖਯਤੇ ॥”
ਅੰਤ : “(੫੭) ਤਿਨ ਸਭਹਨ ਕੋ ਭਾਖਾ ਏਹ ॥ ਭਗਤ ਮੁਕਤ ਭਗਤ ਕੋ ਗ੍ਰੇਹ ॥ ਤਾਂ ਤੇ ਯਾਸੋ ਕੀਜੈ ਪ੍ਰੀਤ ॥ ਏਹੀ ਸਕਲ ਸੰਤਨ ਕੀ ਰੀਤ ॥ ੫੮॥ ਸੰਬਤ ਸੋਲਾ ਸੈ ਬਾਨਵਾ ॥ ਜੇਠ ਸੁਦੀ ਖਸ੍ਰੀਕੁ ਜ ਦਿਵਾ ॥ ਸੰਤ ਦਾਸ ਗੁਰ ਆਗਿਆ ਦੀਨੀ ॥ ਚਤੁਰਦਾਸ ਯਹ ਭਾਖਾ ਕੀਨੀ ॥ ੫੯ ॥ ਦੋਹਰਾ॥ ਪਰਮ ਗਿਆਨ ਪ੍ਰਗਟ ਕਰਿਓ ਮਮ ਘਟ ਹੋਇ ਨਿਜਦੇਵ ॥ ਤੋ ਮੇਰੇ ਉਰ ਨਿਤ ਬਸੈ ਸੰਤ ਦਾਸ ਗੁਰਦੇਵ ॥੬●॥ ਇਤ ਸ੍ਰੀ ਭਗਵਤੇ ਮਹਾਪੁਰਾਣੇ ਇਕਾਦਸ ਸਿਕੰਧੇ ਸ੍ਰੀ ਸਿਕੰਧੇ ਸ੍ਰੀ ਸੁਕ ਪ੍ਰੀਛਤ ਸੰਬਾਦੇ ਭਾਖਾਯੰ ਸ੍ਰੀ ਕ੍ਰਿਸਨ ਬੈਕੁਠੋ ਪਿਆਨੇ ਨਾਮ ਏਕਤੀਸਮ ॥੨੧॥ ਸੰਮਾਪਤੰ ॥ ॥ ॥”

ਹੱਥ ਲਿਖਤ ਨੰ : MS 1024 ਅ
ਸਿਰਲੇਖ : ਵਿਚਾਰਮਾਲਾ
ਲੇਖਕ : ਅਨਾਥ ਪੁਰੀ [ਅਨਾਥ ਅਨੇਮੀ]
ਸਮਾਂ : ਸੰਮਤ 1726
ਪੱਤਰੇ : 159 ਓ - 170 ਅ
ਆਕਾਰ : 26 .5 X 16 .5 ਸ.ਮ. ਲਿਖਤ : 18 X 12 ਸ.ਮ.
ਵੇਰਵਾ : ਓਹੀ। ਕਈ ਪੱਤਰਿਆਂ ਉਪਰ ਲਾਲ ਸਿਆਹੀ ਦਾ ਪਰਯੋਗ ਵਖਰੇਵੇਂ ਲਈ ਕੀਤਾ ਗਿਆ ਹੈ। ਸਤਰਾਂ ਪ੍ਰਤੀ ਪੰਨਾ-12 ਹਨ।
ਆਮ ਵੇਰਵਾ : ਲਿਖਾਈ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ ।ਹਾਸ਼ੀਏ ਤੋਂ ਬਾਹਰ ਲਿਖਤ । ਲਿਖਾਈ ਸੁੰਦਰ, ਪੋਥੀ ਦੀ ਹਾਲਤ ਠੀਕ ਠੀਕ ।
ਆਰੰਭ : “ੴ ਸਤਿਗੁਰ ਪ੍ਰਸਾਦਿ ॥ ਅਥ ਵਿਚਾਰ ਮਾਲਾ ਲਿਖਯਤੇ ਅਨਾਥ ਪੁਰੀ ॥ ਓ ਨਮੋ ਨਮੋ ਸ੍ਰੀ ਰਾਮ ਜੂ ਸਤਿ ਚਿਤ ਆਨੰਦ ਰੂਪ ॥ ਜਿਹ ਜਾਨੇ ਜਗ ਸ੍ਵਪੁਨ ਤ ਨਾਸੈ ਭ੍ਰਮ ਤਮ ਕੂਪ ॥

ਰਾਮ ਮਇਯਾ ਸਤਗੁਰ ਦਇਆ ਸਾਧ ਸੰਗਿ ਜਬ ਹੋਇ॥ ਤਬ ਪ੍ਰਾਨੀ ਜਾਨੈ ਕਛੂ ਰਹਿਉ ਵਿਖੈ ਰਸ ਭੋਇ ॥"

ਅੰਤ : "(੪●) ਲਿਖੈ ਪੜੈ ਅਤ ਪ੍ਰੀਤ ਜੁਤ ਅਰੁ ਪੁਨ ਕਰੈ ਵਿਚਾਰ ॥ ਛਿਨ ਛਿਨ ਗਿਆਨ ਪ੍ਰਕਾਸ ॥੪੧॥ਸੋ੍ਠਾ॥ ਸਤ੍ਰਾ ਸੈ ਛਬੀਸ ਸੰਵਤ ਮਾਸ ਸੁਭ ਮਾਘਵ ॥ ਮੋ ਮਤਿ ਜਿਤ ਕਹੁ ਤੀਸ ਤੇ ਤਕ ਬਰਣ ਪ੍ਰਗਟ ਕਹੀ ॥ਦੋਹਰਾ ॥ ਗੀਤਾ ਭਾਰਥ ਕੋ ਮਤੋ ਏਕਾਦਸ ਕੀ ਜੁਗਤ ॥ ਅਸ੍ਵਤਕ੍ਰ ਵਸਿਸਟ ਪੁੰਨ ਮਨ ਕਛਕ ਅਪਨੀ ਉਕਤ ॥੪੩॥ ਇਤ ਸ੍ਰੀ ਵਿਚਾਰ ਮਾਲਾ ਆਤਮਵਾਨ ਕੀ ਇਸਥਿ ਅਸ੍ਰਮੋ ਵਿਸ੍ਰਾਮ ॥੮॥ ਸੰਪੂਰਣ॥"

ਹੱਥ ਲਿਖਤ ਨੰ : MS 1024 ਏ
ਸਿਰਲੇਖ : ਸ੍ਰੀਮਤ ਅਧਯਾਤਮ ਰਮਾਇਣ - ਰਾਮ ਗੀਤਾ ਮੂਲ ਭਾਖਾ
ਟੀਕਾਕਾਰ : ਗੁਲਾਬ ਸਿੰਘ
ਪੱਤਰੇ : 171 ਓ - 183 ਓ
ਆਕਾਰ : 26 .5 X 16 .5 ਸ.ਮ. ਲਿਖਤ : 18 X 12 ਸ.ਮ.
ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ - 12 ਹਨ।
ਆਮ ਵੇਰਵਾ : ਲਿਖਾਈ ਸੁੰਦਰ ਪੋਥੀ ਦੀ ਹਾਲਤ ਠੀਕ ਠੀਕ।
ਆਰੰਭ : "ੴ ਸਤਿਗੁਰ ਪ੍ਰਸਾਦਿ ॥ ਅਥ ਰਾਮ ਗੀਤਾ ਮੂਲ ਭਾਖਾ ਲਿਖਯਤੇ॥ ਸ੍ਰੀ ਮਹਾਦੇਵਉ ਵਾਚ ॥ਕਬਿਤ॥ ਤਬ ਹਰਿ ਰਾਮ ਚੰਦ ਜਗਤ ਅਨੰਦ ਕੰਦ ਕੀਰਤ ਰਮਾਇਣ ਸੁ ਉਤਮਯਾਮ ॥"

ਅੰਤ : "ਪੇਛ ਸਤੋਤਰੰ ਜਿਸੋ ਰਾਮ ਚਿਤ ਧਾਰ ਕੈ ॥ ਪ੍ਰਪਾਇ ਸੋਇ ਮੋਖ ਕੋ ਸਮਸਤ ਪਾਪ ਡਾਰ ਕੈ ॥ ਅਚਾਰ ਯੁਕਤ ਜੋ ਨਰੋ ਪਢੇ ਸਤੋਤਰੰ ਯਥਾ॥ ਲਹੇ ਉਦਾਰ ਮੋਖ ਕੋ ਗੁਲਾਬ ਸਿੰਘ ਕਾ ਕਥਾ॥ ਇਤ ਸ੍ਰੀ ਮਤ ਅਧਯਾਤਮ ਰਾਮਾਇਣੇ ਉਮਾ ਮਹੇਸੁਰ ਸੰਬਾਦੇ ਬਾਲ ਕਾਡੋ ਖਸਟਮੋ ਧਿਆਇ ॥੬॥"

ਹੱਥ ਲਿਖਤ ਨੰ : MS 1024 ਸ
ਸਿਰਲੇਖ : ਸ੍ਰੀ ਭਗਵਤ ਗੀਤਾ ਕੇ ਮਹਾਤਮ
ਪੱਤਰੇ : 183 ਓ - 303 ਅ - 315 ਓ
ਆਕਾਰ : 26 .5 X 16 .5 ਸ.ਮ. ਲਿਖਤ : 18 X 12 ਸ.ਮ.
ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ-12 ਹਨ।
ਆਮ ਵੇਰਵਾ : ਲਿਖਾਈ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ । ਲਿਖਾਈ ਸੁੰਦਰ ਪੋਥੀ ਦੀ ਹਾਲਤ ਠੀਕ ਠੀਕ । ਪੱਤਰਾ ਨੰਬਰ 303 ਅ ਤੇ ਜਿਥੇ ਅਠਾਰਵਾਂ ਅਧਿਆਇ ਖਤਮ ਹੁੰਦਾ ਹੈ ਉਸ ਤੋਂ ਬਾਅਦ ਨਾਲ ਹੀ 'ਸਬਦ ਕਾ ਮਹਾਤਮ' ਸ਼ੁਰੂ ਕੀਤਾ ਹੈ ਅਤੇ ਉਹ ਪੱਤਰਾ 306 ਅ ਤੱਕ ਚਲਦਾ ਹੈ। ਉਸ ਦੇ ਨਾਲ ਹੀ 'ਬੰਸਾਵਲੀ ਨਾਮਾ' ਸ਼ੁਰੂ ਕੀਤਾ ਹੈ "ਅਥ ਬੰਸਾਵਲੀ ਲਿਖਤੇ ॥ ਆਦਿ ਓਅੰ ਕਾਮ ਓਅੰਕਾਰ ਤੇ ਪਉਣ 2 । ਪਉਣ ਤੇ ਪਾਣੀ ।3॥ ਪਾਣੀ ਤੇ ਨਾਭੀ ।4॥ ਨਾਭਿ ਤੇ ਕਉਲ ।5॥ ਕਉਲ ਤੇ ਬ੍ਰਹਮ ॥6॥ ਬ੍ਰਹਮਾਦਕ ਤੇ ਪੁਲਸਤ॥7॥ ਪੁਲਸਤ ਤੇ ਮਰੀਚ। ਮਰੀਚ ਤੇ ਕਾਸਬ॥9॥ਕਾਸਬ ਤੇ ਸੁਰਜ । ਸੁਰਜ ਤੇ ਮੂਨ । ਇਹ 51 ਤੱਕ ਚਲਦੇ ਹਨ ।

ਅਗੇ ਉਸਾਰੀ ਕੀ ਬਿਧਿ ਚਲੀ ॥ ਹਾੜਿ ਦੀ ਉਸਾਰੀ ਕੀਤੀ ਚੂਹੇ ਬਹੁਤ ਜੰਮਨਿ॥ ਸਾਵਣਿ ਦੀ ਉਸਾਰੀ ਕੀਤੀ ਬੇਟੇ ਬਹੁਤਿ ਹੋਵਨਿ ॥ ਤੇ ਦੁਸਮਨ ਜੇਰ ਰਹਿਨ

ਇਸੇ ਤਰ੍ਹਾਂ ਸਾਰਿਆਂ ਮਹੀਨਿਆਂ ਬਾਰੇ ਜਿਕਰ ਹੈ । ਨਛਤਰਾਂ ਬਾਰੇ ਜਿਕਰ ਹੈ ਦਿਨਾਂ ਬਾਰੇ ਜਿਕਰ ਹੈ ਅਤੇ ਪੱਤਰਾ ਨੰਬਰ 308 ਤੋਂ ਫਿਰ ਗਰਭ ਗੀਤਾ ਸ਼ੁਰੂ ਕਰਕੇ ਪੱਤਰਾ ਨੰਬਰ 315 ਤੇ ਅੰਤ ਕੀਤਾ ਹੈ । ਜੋ ਇਸ ਤਰਾਂ ਹੈ ।

ਆਰੰਭ : "ਸ੍ਰੀ ਗਣੇਸਾਇਨਮਹਿ ॥ ੧ੴ ਸਤਿਗੁਰ ਪ੍ਰਸਾਦਿ॥ ਸ੍ਰੀ ਭਗਵਤ ਗੀਤਾ ਕੇ ਮਹਾਤਮ ਲਿਖਯਤੇ॥ ਸ੍ਰੀ ਸਤਿਗੁਰ ਪ੍ਰਸਾਦਿ ॥ ਏਕ ਸਮੈ ਬਿਖੈ ਕਈਲਾਸ (ਕੈਲਾਸ਼) ਪ੍ਰਬਤ ਉਪਰਿ ਮਹਾਦੇਵ ਅਰੁ ਪਾਰਬਤੀ ਕੀ ਆਪਸ ਮੈ ਗੋਸਟਿ ਹੋਈ ॥"

ਅੰਤ : ੨੩॥ ਸਲੋਕ॥ ਦਇਆ ਜਿਨ ਕੇ ਮਨ ਨਾਹੀ ਬਹੁਤ ਕਹਾਵਹਿ ਗੋ ਸਾਧ ॥ ਜਬ ਮੁਖ ਉਨਕਾ ਦੇਖੀਏ ਤਬ ਲਾਗੋ ਅਪਰਾਧ।੨੪॥ਸਲੋਕ॥ ਤਨ ਕਰਿ ਮਨ ਕਰਿ ਬਚਨ ਕਰਿ ਦੇ ਤਨ ਕਾਹੂ ਦੁਖ ॥ ਤੁਲਸੀ ਪਾਤਕ ਝੜਿ ਪੜਹਿ ਦੇਖ ਤਵਾਂ ਕਾ ਕੁਖ ॥੨੫॥ ਗ੍ਰਭ ਗੀਤਾ ਸਪੂਰਨ ਹੋਈ॥"

ਹੱਥ ਲਿਖਤ ਨੰ : MS 1024 ਹ
ਸਿਰਲੇਖ : ਕਰਨੀਨਾਮਾ ਕਾਜੀ ਰੁਕਨਦੀਨ ਨਾਲ ਹੋਇਆ
ਪੱਤਰੇ : 315 ੳ - 316 ੳ
ਆਕਾਰ : 26 .5 X 16 .5 ਸ.ਮ. ਲਿਖਤ : 18 X 12 ਸ.ਮ.
ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ-12 ਹਨ।
ਆਮ ਵੇਰਵਾ : ਪੱਤਰੇ ਉਖੜੇ ਹੋਏ । ਲਿਖਾਈ ਸੁੰਦਰ ।
ਆਰੰਭ : ੧ੴ ਸਤਿਗੁਰ ਪ੍ਰਸਾਦਿ॥ ਕਰਨੀਨਾਮਾ ਕਾਜੀ ਰੁਕਨਦੀਨ ਨਾਲ ਹੋਇਆ
ਅੰਤ : "ਨਾਨਕ ਆਖੇ ਰੁਕਨਦੀਨ ਇਉ ਵਰਤੇਗੀ ਰੀਤ ॥ ਕਰਨੀਨਾਮਾ ਜੋ ਪੜੈ ਵਧੇ ਸਾਹਿਬ ਸੇ ਪ੍ਰੀਤ ॥ ਕਰਨੀਨਾਮਾ ਸੰਪੂਰਨ ॥"

ਹੱਥ ਲਿਖਤ ਨੰ : MS 1024 ਕ
ਸਿਰਲੇਖ : ਤਨਖਾਹਨਾਮਾ
ਪੱਤਰੇ : 316 ਅ-317 ਅ
ਆਕਾਰ : 26 .5 X 16 .5 ਸ.ਮ. ਲਿਖਤ : 18 X 12 ਸ.ਮ.
ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ - 12 ਹਨ।
ਆਮ ਵੇਰਵਾ : ਲਿਖਾਈ ਸੁੰਦਰ, ਪੋਥੀ ਦੇ ਇਸ ਭਾਗ ਦੀ ਰਚਨਾ ਦੀ ਹਾਲਤ ਠੀਕ ਠੀਕ ।
ਆਰੰਭ : "੧ੴ ਸਤਿਗੁਰ ਪ੍ਰਸਾਦਿ॥ ਵਾਹਗੁਰੂ ਜੀ ਕੀ ਫਤੇ ॥ ਤਨਖਾਹ ਨਾਮਾ॥ ਪ੍ਰਸੰਨ ਕਰਨ ਭਾਈ ਨੰਦ ਲਾਲ ਕਾ ॥ ਵਾਕ ਗੁਰੂ ਗੋਬਿੰਦ ਸਿੰਘ ਜੀ ਕੇ ॥ ਪ੍ਰਸਨ ਕੀਆ ਨੰਦ ਲਾਲ ਜੀ ਗੁਰੂ ਬਤਾਈਐ ਮੋਹ॥ ਕਵਨ ਕਰਮ ਇਨ ਜੋਗ ਹੈ ਕਵਨ ਕਰਮ ਨਹੀਂ ਸੋਹ ॥੧●॥"
ਅੰਤ : "ਚੌਪਈ ॥ ਖਾਲਸਾ ਸੋਈ ਨਿੰਦਾ ਕੋ ਤਿਆਗੈ ॥ ਖਾਲਸਾ ਸੋਈ ਲੜੈ ਹੋਇ ਆਗੈ ॥ ਖਾਲਸਾ ਸੋਈ ਜੋ ਦੇਵੈ ਦਾਨ ॥ ਖਾਲਸਾ ਸੋਈ ਜੋ ਮਾਰੇ ਖਾਨ ॥ ਖ●"
ਅੱਗੇ ਪੰਨੇ ਨਹੀਂ ਹਨ - ਰਚਨਾ ਅਧੂਰੀ ਹੈ ।

ਹੱਥ ਲਿਖਤ ਨੰ : MS 1025
ਸਿਰਲੇਖ : ਆਦਿ ਗੀਤਾ
ਲਿਖਾਰੀ : ਦੇਵੀਏ ਬ੍ਰਾਹਮਣ
ਲਿਖਵਾਉਣ ਵਾਲਾ : ਕੁਸਾਲ ਸਿੰਘ ਸਾਹਿਬਜਾਦਾ

ਸਮਾਂ : ਸੰਮਤ 1894

ਸਥਾਨ : ਬਾੜੀਏ ਨਗਰ

ਪੱਤਰੇ : 1 ੳ - 146 ੳ

ਆਕਾਰ : 12 .5 X 8 .5 ਸ.ਮ. ਲਿਖਤ: 8 X 6 ਸ.ਮ.

ਵੇਰਵਾ : ਜਿਲਦ ਗੱਤਾ ਕਪੜਾ। ਉਖੜੀ ਹੋਈ ਅਤੇ ਕਪੜਾ ਫਟਿਆ ਹੋਇਆ ਹੈ । ਸਿਆਹੀ ਕਾਲੀ ਵਖਰੇਵੇਂ ਲਈ ਲਾਲ। ਹਾਸ਼ੀਆ ਦੋਵੇਂ ਪਾਸੇ ਦੋ ਦੋ ਲਾਲ ਲਕੀਰਾਂ ਵਿਚਕਾਰ ਕਾਲੀ ਲਕੀਰ। ਸਤਰਾਂ ਪ੍ਰਤੀ ਪੰਨਾ-7 ਹਨ।

ਆਮ ਵੇਰਵਾ :ਪੋਥੀ ਦੀ ਹਾਲਤ ਬਹੁਤ ਵਧੀਆ ਨਹੀਂ ਹੈ । ਰਚਨਾ ਦੇ ਸ਼ੁਰੂ ਵਿਚ ਕੁਝ ਪੱਤਰੇ ਹਾਸ਼ੀਏ ਵਾਲੇ ਖਾਲੀ ਅਤੇ ਰਚਨਾ ਦੇ ਅਖੀਰ ਵਿਚ ਵੀ ਕੁਝ ਪੱਤਰੇ ਖਾਲੀ ਹਨ। ਲਿਖਾਈ ਸੁੰਦਰ ਅਤੇ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ । ਲਿਖਾਈ ਵਿਚ ਾ (ਕੰਨੇ) ਦਾ ਪਰਯੋਗ ਬਿੰਦੀ (●) ਤੋਂ ਲਿਆ ਹੈ ।

ਆਰੰਭ : "ੴ॥ ਸ੍ਰੀ ਸਤਿ ਸ੍ਰੀ ਗਣੇਸਾਯਨਮ: ॥ ਆਦਿ ਗੀਤਾ ਲਿਖਯਤੇ ॥ ਆਦਿ ਪੁਰਖ ਭਗਵਾਨ ਹੈ ਹਰਿ ਅੰਤਰਜਾਮੀ ਜਾਨ॥ ਪੂਰਨ ਪੁਰਖ ਪ੍ਰਮਾਤਮਾ ਹਰਿ ਨਿਰੰਕਾਰ ਨਿਰਬਾਨ॥੧॥ ਪ੍ਰਿਥਵੀ ਭਾਰ ਉਤਾਰਨੈ ਕਲਸੈ ਲੈ ਅਵਤਾਰ ॥ ਕੁਰਖੇਤ੍ਰ ਜੁਧ ਮਚਾਇਆ ਦੇਖੋ ਅੰਤਰ ਨੈਨ ਉਘਾਰ (੨) ਧਿਤ੍ਰਾਸਟਰ● ਰਾਜਾ ਬਯਾਸ ਪੈ ਬਿਨੋ ਕਰੀ ਕਰ ਜੋਰ॥ ਕੁਰਖੇਤ੍ਰ ਮੈ ਹੋਤ ਹੈ ਜੁਧ ਮਹਾ ਅਤ ਘੋਰ॥੩॥"

ਅੰਤ : "੮੨ ॥ ਇਤਿ ਸ੍ਰੀ ਭਗਵਤ ਗੀਤਾ ਸੂਪਨ ਖਤਸੋ ਬ੍ਰਹਮ ਬਿਦਯਾਯਾ ਜੋਗ ਸਾਸਤ੍ਰੇ ਸ੍ਰੀ ਕ੍ਰਿਸਨ ਅਰਜਨ ਸੰਬਾਦੇ ਸੰਨਯਾਸ ਜੋਗੋ ਨਾਮ ਅਸ੍ਟਦਸੋ ਧਣਾਇ ॥੧੮॥ ਆਦਿ ਗੀਤਾ ਸਮਾਪਤੰ ॥ ਸ੍ਰੀ ਰਾਮ ਕ੍ਰਿਸਨ ਅਰਪਣ ਸਮਾਪਤੰ ਸੁਭੰ ॥ ਸੰਮਤ ੧੯੯੪ ਸਾਵਣ ਮਹੀਨਾ ਅਮਾਵਸਯਾ ਤਿਥਊ ਪੋਥੀ ਸੰਪੂਰਨ ਭਈ ਦੇਵੀਏ ਬ੍ਰਾਹਮਣ ਲਿਖੀ ਬਾੜੀਏ ਨਗਰ ਕੇ ਬੀਚ ॥ ਕੁਸਾਲ ਸਿੰਘ ਸਾਹਿਬ ਜਾਦੇ ਲਿਖਾਈ ॥"

ਹੱਥ ਲਿਖਤ ਨੰ : MS 1026

ਸਿਰਲੇਖ : ਬਾਰਾ ਮਾਂਹ ਕ੍ਰਿਸਨਾ ਅਵਤਾਰ ਵਿਚੋਂ

ਪੱਤਰੇ : ਸਕਰੋਲ

ਆਕਾਰ : 12 .5 X 8 .5 ਸ.ਮ. ਲਿਖਤ : 8 X 6 ਸ.ਮ.

ਵੇਰਵਾ : ਖੁੱਲ੍ਹੇ ਪੱਤਰੇ ਸਕਰੋਲ ਬਣਾ ਕੇ ਬੰਨ੍ਹੇ ਹੋਏ। ਸਿਆਹੀ ਕਾਲੀ ਵਖਰੇਵੇਂ ਲਈ ਲਾਲ। ਹਾਸ਼ੀਆ ਦੋਵੇਂ ਪਾਸੇ ਦੋ ਦੋ ਲਾਲ ਲਕੀਰਾਂ ਵਿਚਕਾਰ ਇਕ ਕਾਲੀ ਲਕੀਰ। ਸਤਰਾਂ ਵੱਖ ਵੱਖ ਹਨ।

ਆਮ ਵੇਰਵਾ :ਪੱਤਰਿਆਂ ਦੀ ਹਾਲਤ ਖਸਤਾ, ਲਿਖਾਈ ਵੀ ਬਹੁਤੀ ਸਾਫ ਨਹੀਂ ਹੈ ਪਰ ਪੜ੍ਹੀ ਜਾਂਦੀ ਹੈ। ਪਦ1 ॥ 654 ਤੋਂ ਸ਼ੁਰੂ ਕਰਕੇ 66॥ 723 ਤੱਕ ਖਤਮ ਕੀਤੇ ਹਨ ।

ਆਰੰਭ : "ਹਮ ਹੂ ਸੁਖ ਦਈ-॥੬੫॥੧ ਕਾਨ੍ਹ ਕੋ ਆਇ ਸਮਾਨ ਤ੍ਰੀਯਾ ਬ੍ਰਿਜ ਕੁੰਜ ਗਲੀ ਨ ਮੈ ਕੇਲ ਮਚਾਯੋ ॥ ਗਾਇ ਉਠੀ ਸੋਈ ਗੀਤ ਭਲੀ ਬਿਧ ਜੋ ਹਰਿ ਕੇ ਮਨ ਮਨ ਭੀਤਰਿ ਭਾਯੋ ॥ ਦੇਵਰੀਧਾਰ ਅਉਸੁਧ ਮਲਾਰ ਬਿਧੈ ਸੋਉ ਭਾਖਿ ਖਿਆਲ ਬਾਸਾਯੋ ॥ ਰੀਝ ਰਹਿਯੋ ਪੁਰਮੰਡਲ ਅਉ ਸੁਰ ਮੰਡਲ ਪੈ ਜਿਨਹੂੰ ਸੁਨ ਪਾਯੋ ॥"

ਅੰਤ : "ਯੋ ਸੁਨਿ ਕੈ ਬ੍ਰਿਖਭਾਨ ਸੁਤਾਤਿਹ ਰੁਵ ਗਨ ਕ ਇਮ ਉਤਰ ਦੀਨੋ ਪ੍ਰੀਤ ਕਰੀ ਹਰਿ ਚੰਦ੍ਰ ਭਗਾ ਸੰਗ ਤਉ ਹਮਹੂੰ ਅਭਮਾਨਸ ਕੀਨੋ ॥ ਤਿਉ ਸਜਨੀ ਕਹਿਯੋ ਰੂਠ ਰਹੀ ਅਤ ਕ੍ਰੋਧ ਬਢਿਯੋ ਹਮਰੇ ਜਬ ਜੀਨੋ ॥ਤੋਰੇ ਕਹੇ ਬਿਨਰੀ ਹਰਿਆ ---॥"

ਅੱਗੇ ਰਚਨਾ ਅਧੂਰੀ ---

ਹੱਥ ਲਿਖਤ ਨੰ : MS 1027 ਸੰਗ੍ਰਹਿ
ਸਿਰਲੇਖ : ਬਾਰਾ ਮਾਹ ਗੁਰੂ ਗੋਬਿੰਦ ਸਿੰਘ
ਲੇਖਕ : ਰਾਮ ਹਰੀ ਸਿੰਘ
ਪੱਤਰੇ : ਸਕਰੋਲ
ਆਕਾਰ : ਸਕਰੋਲ
ਵੇਰਵਾ : ਸਕਰੋਲ, ਇਕ ਲੰਬਾ ਪੱਤਰਾ ਲਪੇਟਿਆ ਹੋਇਆ। ਸਿਆਹੀ ਕਾਲੀ ਵਖਰੇਵੇਂ ਲਈ ਲਾਲ। ਹਾਸ਼ੀਆ ਦੋਵੇਂ ਪਾਸੇ ਦੋ ਦੋ ਲਾਲ ਲਕੀਰਾਂ ਹਨ।
ਆਮ ਵੇਰਵਾ : ਲਿਖਾਈ ਸੁੰਦਰ, ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ ।
ਆਰੰਭ : "ੴ ਸਤਿਗੁਰ ਪ੍ਰਸਾਦਿ॥ ਸ੍ਰੀ ਵਾਹਗੁਰੂ ਜੀ ਕੀ ਫਤੇ ॥ ਅਥ ਬਾਰਾ ਮਾਹਾ ਗੁਰੂ ਗੁਬਿੰਦ ਸਿੰਘ ਜੀ ਕਾ ॥ ਲਿਖਯਤੇ ॥ ਦੋਹਰਾ ॥ ਤੇਰਾ ਨਾਮ ਅਕਾਲ ਜੀ, ਜਪਾ ਸੁ ਹਿਤ ਚਿਤ ਲਾਇ ॥ ਗਣਪਤਿ ਗੌਰ ਸਾਰਦਾ, ਜਾ ਤੇ ਹੋਇ ਸਹਾਇ ॥੧॥ ਦੋਹਰਾ॥ ਚੇਤ੍ਰ ਸ੍ਰੀ ਅਕਾਲ ਜੀ ਚੜੇ ਸਮੇਰ ਸਧਾਇ ॥ ੩ਪ ਕਰਦਾ ਗੁਰੂ ਗੋਬਿੰਦ ਸਿੰਘ ਭੇਜਿਆ ਆਪ ਲੜਾਇ ॥੨॥"
ਅੰਤ : "ਅਉਗਣ ਘਣੇ ਹੈ ਗੁਣ ਨਹੀ ਕੋਈ ॥ ਬਖਸੁ ਜੁ ਅਉਗਣਿ ਕੀਤੇ ਮੋਹੀ ॥ ਦੀਜੈ ਭਗਤਿ ਹਰਿ ॥੪॥ ਫੁਲਹਰੀ ਕਿ ਹਰਿ ਜੀ ਹਾ ਕਿ ਦਰਸਨ ਅੰਮ੍ਰਿਸਰ ਜੀ ਜਾਉ ਮੇਰਾ ਮਨੁ ਲੋਚਦਾ॥ ੧੨॥ ਦੋਹਰਾ ਬਾਰਾ ਮਾਹਾ ਸੰਪੂਰਨ ਭਇਆ ਸਤਿਗੁਰ ਕੀ ਇਹ ਸੇਵ ॥ ਭੁਲ ਚੁਕ ਤੁਮ ਬਖਸੀਓ ਸਾਧ ਸੰਤ ਗੁਰਦੇਵ ॥ ॥ ॥ ॥ ॥ ॥ ਦੋਹਰਾ॥ ਰਾਮ ਹਰਿ ਸਿੰਘ ਚਿੱਠਾ ਲਿਖਿਓ ਬਾਰਾਂ ਮਾਹਾ ਜਾਨ ॥ ਸ੍ਰੀ ਗੁਰੁ ਗੁਬਿੰਦ ਸਿੰਘ ਕੀ ਕ੍ਰਿਪਾ ਹੁਇ ਹੈ ਸਦਾ ਕਲਿਆਨ ॥੧॥ ॥

ਹੱਥ ਲਿਖਤ ਨੰ : MS 1027 ਅ
ਸਿਰਲੇਖ : ਬਾਰਾ ਮਾਹ ਮੂਲ ਸਿੰਘ ਕਾ
ਪੱਤਰੇ : ਸਕਰੋਲ
ਵੇਰਵਾ : ਖੁੱਲਾ ਪੱਤਰਾ – ਸਕਰੋਲ, ਬਾਕੀ ਵੇਰਵਾ ਓਹੀ ।
ਆਮ ਵੇਰਵਾ : ਲਿਖਾਈ ਚੰਗੀ, ਹਾਲਤ ਠੀਕ ਠੀਕ ।
ਆਰੰਭ : "ੴ ਸਤਿਗੁਰ ਪ੍ਰਸਾਦਿ॥ ਅਥ ਬਾਰਾ ਮਾਹਾ ਮੂਲ ਸਿੰਘ ਕਾ ਲਿਖਯਤੇ ॥ ਚੇਤ ਮਹੀਨੇ ਚੜੇ ਸਿਯਾਮ ਜੀ ਮਥਰਾਓ ਰਸਿ ਧਾਰੇ ॥ ਸਾਰੀ ਬ੍ਰਿਜ ਲੁਕਾਈ ਰੋਦੀ ਬਹਿ ਬਹਿ ਜਮਨਾ ਕਿਨਾਰੇ॥ ਹਾਰ ਸ਼ਿੰਗਾਰ ਉਤਾਰ ਚੋਲੀਆ ਚੀਰ ਗੋਪੀਆ ਫਾਰੇ ॥ ਬਾਲ੍ਹ ਸਿਯਾਮ ਦੇ ਮੂਲ ਸਿੰਘਾ ਸਬ ਸੁਵੇ ਮਹਿਲ ਚੁਬਾਰੇ ॥੧॥
ਅੰਤ : "ਲਾਲ ਗੁਲਾਲ ਭਇਓ ਮੁਖ ਮਸਤਕ ਭੀਗੀ ਰਾਧਾ ਗੋਰੀ ॥ ਹਸ ਹਸ ਮੂਲ ਸਿੰਘਾ ਦੋਊ ਖੇਲਤ ਬਨੀ ਅਨੂਪਮ ਜੋਰੀ ॥੨॥ ਦੋਹਰਾ ॥ ਸੁਖ ਸੁਤੀ ਰਾਧੇ ਬਹੁਤੁ ਪਾਇਓ ਅਟਲ ਸੁਹਾਗੁ ॥ ਹੇ ਪ੍ਰਭ ਪੂਰਾ ਕ੍ਰਿਸਨ ਜੀ ਦੇਹਿ ਪੂਰਨ ਬੈਰਾਗੁ ॥"

ਹੱਥ ਲਿਖਤ ਨੰ : MS 1028 ਸੰਗ੍ਰਹਿ
ਸਿਰਲੇਖ : ਚਰਿਤ੍ਰ ਪਖਿਯਾਨੇ ਮੰਤ੍ਰੀ ਤ੍ਰਿਆ ਚਰਿਤ੍ਰ (ਦਸਮ ਗ੍ਰੰਥ ਵਿਚੋਂ)
ਲੇਖਕ : ਗੁਰੂ ਗੋਬਿੰਦ ਸਿੰਘ ਜੀ
ਸਮਾਂ : ਸੰਬਤ 1750

ਪੱਤਰੇ : ਸਕਰੋਲ - ਇਕ ਲੰਬਾ ਪਤਰਾ

ਆਕਾਰ : ਸਕਰੋਲ

ਵੇਰਵਾ : ਸਕਰੋਲ; ਹਾਸ਼ੀਆ ਦੋਵੇਂ ਪਾਸੇ ਦੋ ਦੋ ਲਾਲ ਲਕੀਰਾਂ ਵਿਚਕਾਰ ਇਕ ਕਾਲੀ ਲਕੀਰ; ਸਿਆਹੀ ਕਾਲੀ ਵਖਰੇਵੇਂ ਲਈ ਲਾਲ ।

ਆਮ ਵੇਰਵਾ : ਇਕ ਲੰਬਾ ਪੱਤਰਾ, ਸਕਰੋਲ ਬਣਾ ਕੇ ਬੰਨਿਆ ਹੋਇਆ ਹੈ । ਲਿਖਾਈ ਚੰਗੀ,ਅਤੇ ਸਾਫ ਪੜ੍ਹਨ ਯੋਗ; ਸਕਰੋਲ ਦੀ ਹਾਲਤ ਠੀਕ ਠੀਕ ।

ਆਰੰਭ : "ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ ॥ ਸਸਤ੍ਰ ਅਸਤ੍ਰ ਕਰਿ ਕੋਪ ਪ੍ਰਹਾਰੇ ॥ ਮਹਾਬੀਰ ਬਰਿਯਾਰ ਡਿਰਾਰੇ ॥ ਮਹਾਕਾਲ ਤਬ ਗੁਰਜ ਸੰਭਾਰੀ ॥ ਬਹੁਤਨ ਕੀ ਮੇਧਾ ਕਢਿ ਢਾਰੀ ॥੩●੪॥"

ਅੰਤ : "੪●੪॥ ਸੰਬਤ ਸਤਰਹ ਸਹਸ ਭਣਿਜੈ ॥ ਅਰਧ ਸਹਸ ਫੁਨਿ ਤੀਨ ਕਹਿਜੈ ॥ ਭਾਦਵ ਸੁਦੀ ਅਸਟਮੀ ਰਵਿਵਾਰ॥ ਤੀਰ ਸਤੁ ਦ੍ਰਵ ਗ੍ਰੰਥ ਸੁਧਾਰਾ ॥੮●੫॥ ਇਤਿ ਸ੍ਰੀ ਚਰਿਤ੍ਰ ਪਖਿਯਾਨੇ ਮੰਤ੍ਰੀ ਭੂਪ ਸੰਬਾਦੇ ਚਾਰ ਸੌ ਪਾਂਚ ਚਰਿਤ੍ਰ ਸਮਾਪਤ ਸਤੁ ਸੁਭ ਮਸਤੁ ॥੪●੫॥੭੫੫੮॥ਅਫੁਜੂ॥"

ਹੱਥ ਲਿਖਤ ਨੰ : MS 1028 ਅ

ਸਿਰਲੇਖ : ਚਰਿਤ੍ਰ ਪਖਿਯਾਨ (ਦਸਮ ਗ੍ਰੰਥ ਵਿਚੋਂ)

ਲੇਖਕ : ਗੁਰੂ ਗੋਬਿੰਦ ਸਿੰਘ ਜੀ

ਪੱਤਰੇ : ਸਕਰੋਲ

ਵੇਰਵਾ : ਸਕਰੋਲ; ਸਿਆਹੀ ਕਾਲੀ। ਹਾਸ਼ੀਆ ਦੋਵੇਂ ਪਾਸੇ ਦੋ ਦੋ ਲਾਲ ਲਕੀਰਾਂ ਵਿਚਕਾਰ ਇਕ ਕਾਲੀ ਲਕੀਰ ।

ਆਮ ਵੇਰਵਾ : ਰਚਨਾ ਸ਼ੁਰੂ ਤੋਂ ਫਟੀ ਹੋਈ ਹੋਣ ਕਾਰਨ ਅਧੂਰੀ ।

ਆਰੰਭ : "੧੩੬॥ਕਹੂੰ ਅੰਗੁ ਲਿਤ੍ਰਾਣ ਕਾਟਾ ਬਿਰਾਜੈ ॥ ਕਹੂੰ ਅੰਗੁ ਲਿ ਕਾਟ ਕੇ ਰਤਨ ਰਾਜੈ॥"

ਅੰਤ : "੨੨੪॥ ਬਹੀ ਜਾਹਿ ਸਿਰ ਸਰਕਿ ਸਰੋਹੀ ॥ ਤਾਕਾਂ ਰਹਾ ਸੀਸ ਹ੍ਵੈ ਦੋਈ॥ ਜਾਕੋ ਬਾਨ ਕਾਲਕਾ ਲਾਗਾ ॥ ਤਾਕੋ ਪ੍ਰਾਨ ਲੈ ਭਾਗਾ ॥੨੨੫॥"

ਹੱਥ ਲਿਖਤ ਨੰ : MS 1029

ਸਿਰਲੇਖ : ਦੇਵੀ ਉਸਤਤ

ਪੱਤਰੇ : ਸਕਰੋਲ

ਵੇਰਵਾ : ਸਕਰੋਲ, ਖੁਲ੍ਹਾ ਪੱਤਰਾ। ਸਿਆਹੀ ਕਾਲੀ ਵਖਰੇਵੇਂ ਲਈ ਲਾਲ। ਹਾਸ਼ੀਆ ਦੋਵੇਂ ਪਾਸੇ ਦੋ ਦੋ ਲਾਲ ਲਕੀਰਾਂ ਵਿਚਕਾਰ ਇਕ ਕਾਲੀ ਲਕੀਰ ।

ਆਮ ਵੇਰਵਾ : ਪੱਤਰੇ ਦੀ ਹਾਲਤ ਖਸਤਾ, ਲਿਖਾਈ ਸੁੰਦਰ ।

ਆਰੰਭ : "ੴ ਸਤਿਗੁਰ ਪ੍ਰਸਾਦਿ ॥ ਮੰਤ੍ਰ ਸੂਰਜ ਕਾ ॥ ਦੋਹਰਾ॥ ਅਤ ਅਚਰਜ ਮਨ ਕੁਸਲ ਵ ਸੈਨਾ ਦੇਖ ਅਪਾਰ ॥ ਕਿਉ ਜੀਤਹਿ ਗੋਇਨ ਹਿਤੇ ਮਨ ਮਹਿ ਕਰਤ ਬੀਚਾਰ ॥੧॥ਚੌਪਈ॥"

ਅੰਤ : "੧੯॥ ਪ੍ਰਥਮ ਧਰੋ ਭਗਵਤ ਕੋ ਧਿਯਾਨਾ ॥ ਬਹੁਰੋ ਕਰੋ ਕਬਿ ਤਾ ਬਿਧਿ ਨਾਨਾ ॥ ਕਿਸਨ ਜਥਾ ਤਿ ਚਰਿਤ੍ਰ ਉਚਾਰੋ ॥ਚੂਕ ਹੋਇ ਕਬਿ ਲੇਹੁ ਸੁਧਾਰੋ ॥੨●॥ ਇਤਿ ਸ੍ਰੀ ਦੇਵੀ ਜੂ ਕੀ ਉਸਤਤ ਸਮਾਪਤ॥੨॥੩॥ ॥ ॥

ਹੱਥ ਲਿਖਤ ਨੰ : MS 1030
ਸਿਰਲੇਖ : ਦਾਸਤਾਨ ਬਾਗੋਬਹਾਰ
ਲੇਖਕ : ਗੁਰਬਖਸ ਸਿੰਘ
ਪੱਤਰੇ : ਸਕਰੋਲ
ਵੇਰਵਾ : ਸਕਰੋਲ। ਸਿਆਹੀ ਕਾਲੀ। ਹਾਸ਼ੀਆ ਦੋਵੇਂ ਪਾਸੇ ਇਕ ਇਕ ਲਾਲ ਲਕੀਰ।

ਆਮ ਵੇਰਵਾ : ਪੱਤਰੇ ਦੀ ਹਾਲਤ ਖਸਤਾ, ਲਿਖਾਈ ਸੁੰਦਰ; ਕਈ ਥਾਵਾਂ ਤੇ ਪੱਤਰਾ ਕ੍ਰਿਮ ਖੁਰਦਾ ਹੈ।

ਆਰੰਭ : "ੴ ਸਤਿਗੁਰ ਪ੍ਰਸਾਦਿ ॥ ਉਰਗ ਛੰਦ॥ ਸਿਮਰਿ ਸਤਗੁਰੂ ਕਰਨ ਕਾਰਨ ਸਰੂਪ॥ ਯਿ ਕੁਦਰਤਿ ਇਲਾਹੀ ਕਰੇ ਰੰਕ ਭੂਪ ॥ ਕਰੀ ਲੋਹ ਕਲਮੀ ਲਿਖਯੋ ਲੇਖ ਮਾਥਾ। ਸਬੈ ਜੇਰ ਕੀਨੇ ਬਲੀ ਕਾਲ ਹਾਥ ॥ ਇਸਕ ਅਰੁ ਮੁਸਕ ਯੇ ਛਪੇ ਨ ਰਹੈਂ॥ ਇਨੈ ਕੀ ਹਕੀਕਤ ਕਵੀ ਸੁਰ ਕਹੈ॥"

ਅੰਤ : "ਲਿਖਾਰੀ ਭਿਖਾਰੀ ਬਡੇ ਗੁਨਹਗਾਰ ॥ ਕਹੀ ਬਾਰਤਾ ਅਕਲ ਦਾਨਸ ਫਿਰੰਗ ॥ ਬਿਜੈ ਦੁਰਗ ਮੈ ਦਾਸ ਗੁਰਬਖਸ ਸਿੰਘ ॥੬੯॥ ॥ ॥"

ਹੱਥ ਲਿਖਤ ਨੰ : MS 1033
ਸਿਰਲੇਖ : ਉਤਪਤਿ ਪ੍ਰਕਰਣ
ਲਿਖਾਰੀ : ਮੋਹਨ ਲਾਲ ਉਦਾਸੀ, ਭਾਈ
ਸਮਾਂ : ਸੰਮਤ 1920
ਪੱਤਰੇ : 1 ੳ-188 ਅ
ਆਕਾਰ : 31X21 ਸ.ਮ. ਲਿਖਤ: 23X18 ਸ.ਮ.
ਵੇਰਵਾ : ਜਿਲਦ ਗੱਤਾ। ਸਿਆਹੀ ਕਾਲੀ ਵਖਰੇਵੇਂ ਲਈ ਲਾਲ। ਹਾਸ਼ੀਆ ਦੋਵੇਂ ਪਾਸੇ ਦੋ ਦੋ ਲਾਲ ਲਕੀਰਾਂ। ਸਤਰਾਂ ਪ੍ਰਤੀ ਪੰਨਾ-16 ਹਨ।

ਆਮ ਵੇਰਵਾ : ਲਿਖਾਈ ਸੁੰਦਰ। ਕਈ ਅੱਖਰਾਂ ਦੀ ਬਣਤਰ, ਹਿੰਦੀ ਦੇ ਅਖਰਾਂ ਵਰਗੀ ਹੈ ਕਈ ਪੱਤਰੇ ਕ੍ਰਿਮ ਖੁਰਦਾ ਅਤੇ ਲਿਖਾਈ ਹਾਸ਼ੀਏ ਤੋਂ ਬਾਹਰ ਵੀ ਕੀਤੀ ਹੋਈ ਹੈ । ਪੋਥੀ ਦੀ ਹਾਲਤ ਠੀਕ ਠੀਕ ਹੈ । ਪਹਿਲੇ ਪੱਤਰੇ ਉਪਰ ਹਾਸ਼ੀਆ ਡੀਜਾਈਨਦਾਰ ਬਣਾਇਆ ਹੋਇਆ ਹੈ ॥

ਆਰੰਭ : "ੴ ਸਤਿਗੁਰ ਪ੍ਰਸਾਦਿ॥ ਅਥ ਉਤਪਤ ਪ੍ਰਕਰਣ ਲਿਖਤੇ ॥ ਸ੍ਰੀ ਵਸਿਸਟੋਵਾਚ ਅਤੇ ਰਾਮ ਜੀ ਬ੍ਰਹਮ ਅਰ ਬ੍ਰਹਮ ਗਿਆਨ ਅਰ ਬ੍ਰਹਮ ਦੇਵਤਾ ਇਹ ਸਰਵਨ ਸਬਦ ਬ੍ਰਹਮ ਕੇ ਆਸਰੇ ਪੜੇ ਫੁਰਤੇ ਹੈ ॥"

ਅੰਤ : "ਜੈਸੇ ਸਮੁੰਦ੍ਰ ਤੇ ਉਪਜ ਕਰ ਤਰੰਗ ਸਮੁੰਦ੍ਰ ਹੀ ਵਿਖੈ ਲੀਨ ਹੋਤਾ ਹੈ। ਤੈਸੇ ਆਤਮਾ ਤੇ ਜਗਤ ਉਪਜ ਕਰ ਆਤਮਾਂ ਹੀ ਵਿਖੈ ਲੀਨ ਹੋਤਾ ਹੈ। ਇਤ ਸ੍ਰੀ ਉਤਪਤਿ ਪ੍ਰਕਰਣੇ ਮਹਾਂ ਰਮਾਇਨੇ ਮੋਛ ਉਪਾਏ ਪਰਮਾਰਥ ਨਿਰੂਪਨੰ ਨਾਂਮ ਸਰਗਹ ॥ ਉਤਪਤ ਪ੍ਰਕਰਣ ਸਮਾਪਤੰ ॥ ਸੁਭੰ ਮਸਤੁ॥ ਸੁਭ ਸੰਮਤ ੧੯੨● ਮੰਘਿਰ ਸੁਦੀ ਅਠਵੀਂ ਦੇ ਦਿਨ ਸੰਪੂਰਨ ਕੀਤੀ ॥ ਥਿਤ ਇਕਾਦਸੀ ਸਨਿਚਰਵਾਰ ਸੰਪੂਰਨ ਭਈ ॥ ਭਾਈ ਮੋਹਨ ਲਾਲ ਉਦਾਸੀ ਪੁਸਤਕ ਲਿਖਿਆ ॥ ਮੁਨਸੀ ਟਹਿਲ ਰਾਂਮ ਸਡਾਣੇ ਪਰਨਾਰਥੰ ॥ ਹੇ ਸ੍ਰੀ ਰਾਮ ਚੰਦ੍ਰ ਜੀ ਭੁਲਯੇ ਚੁਕਯੇ ਵਧ ਘਟ ਸਭਲ ਸਕਣਾ ॥ ਸ੍ਰੀ ਰਾਂਮਚੰਦ੍ਰ ਜੀ ॥ ਸ੍ਰੀ ਕ੍ਰਿਸਨ ਜੀ ਸਹਾਈ ॥ ਓਅੰ ਤਤ ਸਤਿ ਬ੍ਰਹਮ ॥ ਸ੍ਰੀ ਗੋਪਾਲ ਜੀ ਸਹਾਈ ॥ ਸ੍ਰੀ ਗੋਬਿੰਦ ਜੀ ਸਹਾਈ ॥ ਸ੍ਰੀ ਪ੍ਰਭੂ ਜੀ ਸਹਾਈ ॥ ਸ੍ਰੀ ਨਰ ਸਿੰਘ ਜੀ ਸਹਾਈ ॥"

ਹੱਥ ਲਿਖਤ ਨੰ : MS 1034
ਸਿਰਲੇਖ : ਉਥਾਨਕਾ ਸ੍ਰੀ ਗ੍ਰੰਥ ਸਾਹਿਬ ਜੀ ਕੀ
ਸੰਪਾਦਨ : ਗੁਰੂ ਅਰਜਨ ਦੇਵ ਜੀ
ਲਿਖਾਰੀ : ਗੁਰਦਾਸ, ਭਾਈ
ਸਮਾਂ : ਸੰਮਤ 1723
ਸਥਾਨ : ਅੰਮ੍ਰਿਤਸਰ
ਪੱਤਰੇ : 1 ੳ - 209 ਅ
ਆਕਾਰ : 25 X 16 ਸ.ਮ. ਲਿਖਤ : 18 X 11 ਸ.ਮ.
ਵੇਰਵਾ : ਜਿਲਦ ਗੱਤਾ ਕਪੜਾ। ਸਿਆਹੀ ਕਾਲੀ; ਹਾਸ਼ੀਆ ਦੋਵੇਂ ਪਾਸੇ ਦੋ ਦੋ ਕਾਲੀਆਂ ਲਕੀਰਾਂ। ਸਤਰਾਂ ਪ੍ਰਤੀ ਪੰਨਾ-11 ਹਨ।
ਆਮ ਵੇਰਵਾ : ਲਿਖਾਈ ਸੁੰਦਰ, ਅਤੇ ਹਾਸ਼ੀਏ ਤੋਂ ਬਾਹਰ ਵੀ ਕਈ ਪੰਨਿਆਂ ਉਪਰ ਕੀਤੀ ਹੋਈ ਹੈ। ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ ।ਪੋਥੀ ਦੀ ਹਾਲਤ ਠੀਕ ਠੀਕ।
ਆਰੰਭ : "ੴ ਸਤਿਗੁਰ ਪ੍ਰਸਾਦਿ॥ ਉਥਾਨਕਾ ਗ੍ਰੰਥ ਸਾਹਿਬ ਜੀ ਕੀ ਗੁਰੂ ਅਰਜਨ ਮਹਾਰਾਜ ਜੀ ਬਕਤੇ ਭਾਈ ਗੁਰਦਾਸ ਲਿਖੀ; ਸ੍ਰੀ ਅੰਮ੍ਰਿਤਸਰ ਜੀ ॥ ਦੋ ॥ ਤੀਨੋ ਲੋਕ ਪਤ ਕਹਤ ਤੀਨ ਲੋਕ ਹੀ ਮਾਹਿ ॥ ਐਸੇ ਗੁਰੂ ਨਾਨਕ ਮੈ ਅਓਦਿ ਮਨਾਊ ਡਾਹਿ ॥੨॥"
ਅੰਤ : "ਜਿਸ ਸਿਖ ਨੇ ਗੁਰੂ ਜੀ ਕੋ ਪੋਥੀ ਦਈ ਸੀ ਤਿਸ ਕਾਉ ਭਗਵਾਨਾ ਸੀ ਗੁਰੂ ਜੀ ਨੇ ਧਰਮ ਸਿੰਘ ਨਾਉ ਰਖਿਆ ਭਾਈ ਖਾਲਸਾ ਤੈਨੇ ਵਡਾ ਧਰਮ ਕੀਤਾ ਹੈ ਜੋ ਗੁਰਾ ਦੀ ਪੋਥੀ ਤੇਰੇ ਪਾਸ ਆਈ ਹੈ ਤੈਨੇ ਗੁਰਾ ਨੂ ਦਿਖਾਈ ਹੈ ॥ ਸੋ ਤੂ ਸਾਹਬ ਕੇ ਅਛੀ ਤਰਾ ਪਾਸ ਰਖੁ ਭਾਈ ਗੁਰੂ ਕੀ ਹਜੂਰ ਰਹੁ ॥ ਜੋ ਸਿਖ ਧਰਮ ਸਿੰਘ ਗੁਰੂ ਕੀ ਹਜੂਰ ਹੀ ਰਹਿਅ ਜੀ ॥ ਸਤਿ ਕਰ ਜਾਨਣਾ ਜੀ ॥ ਵਾਹਗੁਰੁ ਧੰਨ ਗੁਰੂ ਵਾਹਿਗੁਰੂ ਧੰਨ ਗੁਰੁ ਜੀ ॥ = ॥ = ॥"

ਇਸ ਤੋਂ ਅੱਗੇ ਅੰਤ ਵਿਚ ਕਾਨੀ ਬਦਲ ਕੇ ਇੰਵ ਲਿਖਿਆ ਹੋਇਆ ਹੈ ।

"ੴ ਸਤਿਗੁਰ ਪ੍ਰਸਾਦਿ ਪੋਥੀ ਭਾਈ ਧਰਮ ਸਿੰਘ ਦੀ ਹੈ ਜੀ ਲਿਖੀ ਸਭ ਸੰਮਤ ਸਾਵਣ ਦੀ ਦੂਜ ਨੂੰ ੧੭੨੩ ਵਿਚ ਸਤ ਕਰ ਮਨਨਾ ਵਾਹਗੁਰੂ ਧੰਨ ਵਾਹਗੁਰੂ ਧੰਨ ਗੁਰੂ ॥" ॥ = ॥ = ॥ = ॥

ਹੱਥ ਲਿਖਤ ਨੰ : MS 1035
ਸਿਰਲੇਖ : ਮਹਾ ਭਾਰਥ ਭਾਖਾ
ਲੇਖਕ : ਕ੍ਰਿਸਨ ਲਾਲ
ਸਮਾਂ : ਸੰਮਤ 1806 ਬਿਕ੍ਰਮੀ
ਸਥਾਨ : ਬਾੜੀਏ ਨਗਰ
ਪੱਤਰੇ : 1 ੳ -
ਆਕਾਰ : 38 X 35 ਸ.ਮ. ਲਿਖਤ : 24 X 25 ਸ.ਮ.
ਵੇਰਵਾ : ਜਿਲਦ ਗੱਤਾ ਕਪੜਾ, ਉਖੜੀ ਹੋਈ। ਸਿਆਹੀ ਕਾਲੀ ਵਖਰੇਵੇਂ ਲਈ ਲਾਲ। ਹਾਸ਼ੀਆਂ ਦੋਵੇਂ ਪਾਸੇ ਦੋ ਦੋ ਲਾਲ ਲਕੀਰਾਂ ਵਿਚਕਾਰ ਕਾਲੀ ਲਕੀਰ। ਸਤਰਾਂ ਪ੍ਰਤੀ ਪੰਨਾ-21 ਹਨ।
ਆਮ ਵੇਰਵਾ : ਗ੍ਰੰਥ ਦੇ ਅਖੀਰਲੇ ਪੱਤਰੇ ਕਿਰਮ ਖੁਰਦਾ ਅਤੇ ਖਸਤਾ ਹਾਲਤ ਵਿਚ,ਅਖੀਰਲੇ ਪੰਨੇ ਦੀ ਲਿਖਾਈ ਵੀ ਸਪਸ਼ਟ ਨਹੀਂ ਪੱਤਰਾ ਬੁਰੀ ਤਰਾਂ ਖਾਧਾ ਹੋਇਆ ਹੈ । ਪਹਿਲੇ ਪੰਨੇ ਉਪਰ ਹਾਸ਼ੀਆ ਚਾਰੇ ਪਾਸੇ ਦੋਹਰਾ ਤੇਹਰਾ, ਲਾਲ ਕਾਲੀਆਂ ਅਤੇ ਪੀਲੀਆਂ ਲਕੀਰਾਂ ਨਾਲ ਡੀਜ਼ਾਈਨ

ਬਣਾਇਆ ਹੋਇਆ ਹੈ ।ਲਿਖਾਈ ਸੁੰਦਰ ਕਈ ਪੰਨਿਆਂ ਉਪਰ ਹੜਤਾਲ ਫੇਰਕੇ ਸੁਧਾਈ ਕੀਤੀ ਹੋਈ ਅਤੇ ਲਿਖਤ ਹਾਸ਼ੀਏ ਤੋਂ ਬਾਹਰ ਵੀ ਕੀਤੀ ਹੋਈ ਹੈ ॥

ਆਰੰਭ : "ੴ ਸਤਿ ਸ੍ਰੀ ਗਣੇਸਾਇਨਮ: ਓ ੱ ਸ੍ਰਵਸ੍ਵਤੀਐ ਨਮ: ਓ ੱਵਿਆਸਾਇ ਨਮ: ਸ੍ਰੀ ਗੁਰਚਰਣ ਕਮਲੇਭਿਉ ਨਮ: ਅਥ ਮਹਾ ਭਾਰਥ ਭਾਖਾ ਲਿਖਤੇ ॥ ਦੋਹਰਾ॥ ਬੰਦ ਚਰਣ ਗਜ ਬਦਨ ਵਰ ਜਾਂਕੀ ਪੂਜ ਅਪਾਰ ॥ ਸੁਰ ਨਰ ਮੁਨਿ ਜਨ ਕਰਹਿ ਹ੍ਰਿ ਦੋਵਲ ਦੇਵ- ਵਿਚਾਰ ॥੧॥ ਸ੍ਰੀ ਗਣ ਨਾਇਕ ਕ੍ਰਿਪਾ ਕਰਿ ਬਿਨਤੀ ਮੁਹਿ ਸੁਨ ਲੇਹ ॥ ਮਹਾਭਾਰਤ ਭਾਖਾ ਕਰਨ ਤਾਹਿ ਸੁਗਮ ਕਰ ਦੇਹ ॥ ਸਾਗਰ ਸਮਹੈਂ ਗ੍ਰੰਥ ਯਹ ਕਥਾ ਸੁ ਜਲ ਗੰਭੀਰ॥ ਕਰਣਾ ਰੂਪੀ ਨਾਵ ਪਰ ਮੋਹਿ ਚੜਾਵੋ ਬੀਰ ॥"

ਅੰਤ : "ਦੋਹਰਾ ॥ ਕ੍ਰਿਸਨ ਲਾਲ ਭਾਖਾ ਕਰੀ ਜੈਸੀ ਬੁਧ ਜੇ ਗਿਆਨ॥ ਗੁਨ ਜਨ ਸੌ ਬਿਨਤੀ ਕਰੋ ਕਰੋ ਨਾ ਹਾਸ ਸੁਜਾਨੁ ॥੧੭॥ ਅਪਨੇ ਮਨ ਤੇ ਆਗ ਕੇ ਕੋ ਕਰ ਸਕੈ ਗਿਆਨ॥ ਇਹਿ ਵਿਚਾਰ ਕੀਜੈ-ਛਿਮਾ ਹੇ ਬੁਧ ਗੇਹ ਮਹਾਨ॥੮॥ ਮਹਾ ਭਾਰਤ ਪੂਰੇ ਭਯੋ, ਸੁਨੋ ਸੰਤ ਮਨ ਲਾਇ, ਇਹ ਲੋਕੋ ਜਸੇ ਪ੍ਰਲੋਕ ਜੈ ਜੈ ਦੰਦਭੀ ਬਜਾਇ ॥੯੧॥

ਇਤਿ ਸ੍ਰੀ ਮਹਾਭਾਰਤੇ ਪੁਰਾਣੇ ਸ੍ਵਰਗਾ ਰੋਹਣ ਪਰਬਣੇ ਕ੍ਰਿਸਨ ਲਾਲ ਕ੍ਰਿਤ ਭਾਖਾਆਂ ਅਸਟਾ ਦਸ ਪਰਬਾ-ਸਮਾਪਤੰ॥੧੮॥

ਸੁਭੰ ਭਵਤੂੰ ਸਰਬ ਜਗਤੰ ॥ = ॥ = ॥ = ॥

ਦੋਹਰਾ ॥ ਸੰਮਤ ਅਠਾਰਾਂ ਸੈ ਛਿ --- (ਅੱਗੇ ਪੱਤਰਾ ਕ੍ਰਿਮ ਖਾਧਾ ਹੋਇਆ) ਕਰ ਮਹੀਂ ਜਾਨ ॥ ਪੁਸਤਕ ਲਿਖ ਪੂਰਨ ਭਇ ਨਾਓ ਬਾੜੀਏ ਨਗਰ ਪ੍ਰਮਾਨ॥੧॥ ਦੋ॥ ਗੁਰ ਨਾਨਕ ਕੀ ਅੰਸ ਹੈ ਕਾਨ ਸਿੰਘ ਤਿਹਿ ਨਾਮ ॥ ਤਾਹਿ ਲਿਖਾਇਓ ਹੇਤ ਧਰ ਕ੍ਰਿਸਨ ਪ੍ਰੀਤ ਅਭ ਰਾਮ ॥੨॥ਦੋ ਬ੍ਰਹਮ ਵੰਸ ਉਤਪਤ ਭਈ ਦੇਵੀਆ ਤਾਕੋ ਨਾਮ ॥ ਤਿਹਿ ਹਾਥੈ - (ਅੱਗੇ ਪੱਤਰ ਕ੍ਰਿਮ ਖਾਧਾ ਹੋਇਆ) ਭਇਓ ਮਹਾਭਾਰਥ ਜਿਹਿ ਨਾਮ ॥੩॥ਦੋ॥ ਜੋਯਾਕੋ ਗਾਵੈ ਪੜੈ ਲਿਖ ਵਾਚੈ ਕੋਣਿ ॥ ਸ੍ਰੀ ਕ੍ਰਿਸਨ ਤੁਮਰੀ ਕ੍ਰਿਪਾ ਤੁਮਰੇ (--ਅੱਗੇ ਕਿਰਮ ਖਾਧਾ ਪਤਰਾ) ਰਤਿ ਹੋਇ॥ ਓਨਮੋ ਭਗਵਤੇ ਦਾਸ ਦੇਵਾਇ ॥ ਹਰੇ ਰਾਮ ਜੀ ॥ ਹਰੇ ਕ੍ਰਿਸਨ ਜੀ ॥ ਹਰੇ ਨਰਾਇਣ ਜੀ ॥ ਹੇ ਨਰ ਹਰੇ॥" ॥

ਹੱਥ ਲਿਖਤ ਨੰ : MS 1036 ਸੰਗ੍ਰਹਿ

ਸਿਰਲੇਖ : ਆਦਿ ਕਥਾ ਰਾਜੇ ਭਰਥਰੀ ਕੀ

ਪੱਤਰੇ : 595 ੳ - 641 ੳ

ਆਕਾਰ : 15 X 24 ਸ.ਮ. ਲਿਖਤ : 10 X 19 ਸ.ਮ.

ਵੇਰਵਾ : ਜਿਲਦ ਗੱਤਾ। ਸਿਆਹੀ ਕਾਲੀ ਵਖਰੇਵੇਂ ਲਈ ਲਾਲ। ਹਾਸ਼ੀਆਂ ਦੋਵੇਂ ਪਾਸੇ ਤਿੰਨ ਤਿੰਨ ਲਾਲ ਲਕੀਰਾਂ। ਸਤਰਾਂ ਪ੍ਰਤੀ ਪੰਨਾ-19 ਹਨ।

ਆਮ ਵੇਰਵਾ : ਲਿਖਾਈ ਸੁੰਦਰ ਪੋਥੀ ਦੀ ਹਾਲਤ ਠੀਕ ਠੀਕ।

ਆਰੰਭ : "ੴ ਸਤਿਗੁਰ ਪ੍ਰਸਾਦਿ॥ ਆਦਿ ਕਥਾ ਰਾਜੈ ਭਰਥਰੀ ਕੀ ॥ ਪ੍ਰਿਥਮੇ ਰਾਜਾ ਧਰਮ ਅਰੁ ਰਾਜੇ ਕਾ ਪੁਤ੍ਰ ਦੇਵ ਲੋਕ ਕੇ ਬਿਖੇ ਪਾਸੌ ਖੇਲਤੇ ਥੇ ਪਣ ਓਇ ਸਤਿਵਾਦੀਥੇ ਝੂਠ ਕੋਈ ਬੋਲਿਓ ਨਹੀਂ ॥"

ਅੰਤ : "ਮੇਘੁ ਉਝੜਿ ਗਇਆ ॥ ਪਵਨ ਮਿਟ ਗਇਆ ॥ ਸੀਤ ਤੇ ਸੁਤਹ ਭਏ ॥ ਧੰਨ ਗੁਰੂ ਗੋਰਖੁ ਨਾਥ ਧੰਨ ਚੇਲਾ ਭਰਥਰੀ ॥ ਬੋਲਹ ਭਾਈ ਵਾਹਿਗੁਰੂ ਧੰਨ ਗੁਰੂ ਜੀ ॥ ਕਥਾ ਰਾਜੈ ਭਰਥਰੀ ਕੀ ਸਮਪੂਰਣ ਭਈ ॥ ਵਾਹਗੁਰੂ ॥ ਵਾਹਗੁਰੂ ॥ ਵਾਹਗੁਰੂ॥ ਵਾਹਗੁਰੂ ॥ ਵਾਹਗੁਰੂ॥"

ਹੱਥ ਲਿਖਤ ਨੰ : MS 1036 ਅ
ਸਿਰਲੇਖ : ਗਿਆਨ ਕਾਂਡ
ਪੱਤਰੇ : 642 ਓ - 660 ਅ
ਆਕਾਰ : 15 X 24 ਸ.ਮ. ਲਿਖਤ : 10 X 19 ਸ.ਮ.
ਵੇਰਵਾ : ਓਹੀ। ਸਤਰਾਂ ਪ੍ਰਤੀ ਪੰਨਾ-19 ਹਨ।
ਆਮ ਵੇਰਵਾ : ਹਾਸ਼ੀਏ ਤੋਂ ਬਾਹਰ ਲਿਖਤ । ਲਿਖਾਈ ਸੁੰਦਰ ਪੋਥੀ ਦੀ ਹਾਲਤ ਠੀਕ ਠੀਕ।
ਆਰੰਭ : "ਅਥ ਗਿਆਨ ਕਾਂਡ ਚਲਿਆ ॥ ਤਬ ਸੰਗਤ ਸਭ ਗੁਰੂ ਮਿਹਰਵਾਨ ਪਾਸ ਬੇਨਤੀ ਹੈ ਜਿ ਜੀ ਪਾਤਿਸਾਹ ਗੁਰੂ ਬਾਬਾ ਨਾਨਕੁ ਜੀ ਅਰੁ ਅਵਰ ਅਉਰ ਭਗਤ ਸਭ ਜੋ ਪਰਮੇਸੁਰ ਕੋ ਆਰਾਧਤੇ ਹੈ ਅਰੁ ਅਉਰ ਜਗਤੁ ਭੀ ਪਰਮੇਸੁਰ ਕੋ ਸਿਮਰਤੇ ਹੈ ॥"
ਅੰਤ : "ਗਊ ਫੇਰਿ ਜਿਵਾਈ ਤਪਛ ਤਾਵਨ ਲਾਗੇ ॥ ਗੁਰੂ ਆਖਿਆ ਉਹ ਬੇਲਾ ਵਤੀਤ ਹੋਈ ॥੩॥ ਕਲਿਜੁਗ ਗੁਰੂ ਪ੍ਰਗਟਿਆ ਨਾਉ ਧਰਾਇਆ ਨਾਨਕ ॥ ਆਰਜਾ ਬਰਸ ਸਉ ॥੧●●॥ ਜਗ ਪਵੈਗਾ ਮਾਨੁਖੁ ॥ ਏਥੈ ਮਸਤਕਿ ਲਾਗੈਗਾ ॥ ਸੋ ਸਭ ਉਧਰਹਿਗੇ ॥ ਦੋਇ ਨਉ ਧਰਹਿਗੇ ॥ ਏਕ ਕੁਨਿਸਟ ਏਕ ਭ੍ਰਿਸਟਿ ॥ ਸਾਖੀ ਆਦ ਆਕਾਰ ਕੀ ਸੰਪੂਰਨੁ ਹੋਈ ॥ ਬੋਲਹੁ ਭਾਈ ਵਾਹਗੁਰੂ ਜੀ ॥"

ਇਸ ਤੋਂ ਅੱਗੇ ਦੇਹੀ ਕਾ ਬੀਚਾਰ ਪੰਨਾ ੬੬● ਅ ਤੋਂ ਸ਼ੁਰੂ ਹੋ ਜਾਂਦਾ ਹੈ ਜੋ ੬੭● ਅ ਤੱਕ ਚਲਦਾ ਹੈ ।

ਹੱਥ ਲਿਖਤ ਨੰ : MS 1036 ੲ
ਸਿਰਲੇਖ : ਕਥਾ ਸੁਖਦੇਵ ਭਗਤ ਜੀ ਕੀ
ਪੱਤਰੇ : 497 ਓ - 517 ਅ
ਆਕਾਰ : 15 X 24 ਸ.ਮ. ਲਿਖਤ : 10 X 19 ਸ.ਮ.
ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ-19 ਹਨ।
ਆਮ ਵੇਰਵਾ : ਪੋਥੀ ਦੇ ਪੱਤਰਿਆਂ ਦੇ ਨੰਬਰ ਲੜੀਵਾਰ ਨਹੀਂ ਹੈ । ਇੰਵ ਮਾਲੂਮ ਹੁੰਦਾ ਹੈ ਕਿ ਵਖ ਵਖ ਰਚਨਾਵਾਂ ਜੋ ਵਖ ਵਖ ਪੰਨਾ ਨੰਬਰ ਤੇ ਹਨ ਕਿਸੇ ਹੋਰ ਪੋਥੀ ਦਾ ਹਿੱਸਾ ਹੈ । ਕਈ ਪੱਤਰਿਆਂ ਉਪਰ ਲਿਖਾਈ ਧੱਬਿਆ ਵਾਲੀ ਹੈ । ਪਰ ਪੜ੍ਹੀ ਜਾਂਦੀ ਹੈ । ਪੋਥੀ ਦੀ ਹਾਲਤ ਠੀਕ ਠੀਕ ॥
ਆਰੰਭ : "ੴ ਸਤਿਗੁਰ ਪ੍ਰਸਾਦਿ ॥ ਕਥਾ ਸੁਖਦੇਵ ਭਗਤ ਜੀ ਕੀ ॥ ਤਬ ਪਰਮੇਸਰ ਜੀ ਕੀ ਆਗਿਆ ਹੋਈ ॥ ਤਬ ਸੁਖਦੇਵ ਸ੍ਰੀ ਠਾਕੁਰ ਜੀ ਕੀ ਆਗਿਆ ਮੰਨ ਲਈ ॥ ਤਬ ਸੁਖਦੇਵ ਕੀ ਦੇਹੀ ਕਾ ਤਿਆਗ ਕੀਆ ॥"
ਅੰਤ : "ਅਬ ਸੋ ਤੇਰੀ ਇਛਾ ਹੈ ਜੋ ਕਰਿ ॥ ਜਹਾ ਜਾਨਹਿ ਤਹਾ ਤੂ ਰਾਹੁ॥ ਜਹਾ ਜਾਨਹਿ ਤਹਾ ਤੂ ਜਾਹਿ ॥ ਏਹ ਕਥਾ ਪੂਰਨ ਭਈ॥ ਬੋਲਹੁ ਭਾਈ ਰਾਮ ਰਾਮ ਸ੍ਰੀ ਸਤਿਰਾਮ॥੧॥"

ਹੱਥ ਲਿਖਤ ਨੰ : MS 1036 ਸ
ਸਿਰਲੇਖ : ਅਸਟਪਦੀਆਂ
ਲੇਖਕ : ਸਾਧੂ ਜਨਿ
ਪੱਤਰੇ : 518 ਓ - 538 ਓ ; 543 ਓ
ਆਕਾਰ : 15 X 24 ਸ.ਮ. ਲਿਖਤ : 10 X 19 ਸ.ਮ.
ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ-19 ਹਨ।

ਆਮ ਵੇਰਵਾ : ਲਿਖਾਈ ਸੁੰਦਰ । ਪੋਥੀ ਦੀ ਹਾਲਤ ਠੀਕ ਠੀਕ।

ਆਰੰਭ : "ੴ ਸਤਿਗੁਰ ਪ੍ਰਸਾਦਿ ॥ ਗੁਰ ਚਉਬੀਸ ਦਸਾ ਨਾਮ ਪਤਿ ਕਰਮਹਿ ਲਿਓ ਅਵਤਾਰ ॥ ਜਨ ਨਾਨਕ ਪ੍ਰਭ ਬੇਸੁਮਾਰੁ ਅੰਤ ਨ ਪਾਰਾਵਾਰ ॥੧॥ ਸਲੋਕ ॥ ਲੇਖੈ ਕਤਹੂ ਨ ਛੂਟੀਐ ਖਿਨੁ ਖਿਨੁ ਭੁਲਨਹਾਰ॥ ਬਖਸਣਹਾਰਾ ਬਖਸ ਲੈਇ ਨਾਨਕ ਪਾਰ ਉਤਾਰ॥੨॥"

ਅੰਤ : "ਸਲੋਕ॥ ਬਖਸਣ ਹਾਰਾ ਬਖਸ ਲੈਇ ਨਾਨਕ ਪਾਰ ਉਤਾਰ ॥੩॥ ਬੋਲਹੁ ਭਾਈ ਵਾਹਿਗੁਰੂ ਜੀ ॥ ਗੋਸਟ ਪੂਰੀ ਹੋਈ ॥"

ਇਸ ਤੋਂ ਬਾਅਦ ਪੰਨਾ ਨੰਬਰ ੫੩੯ ਉ ਤੇ ਹੀ ਸੁਦਾਮਾ ਚਲਿਤੁਰੁ ਸ਼ੁਰੂ ਹੋ ਜਾਂਦੇ ਹਨ, ਜੋ ਪੰਨਾ ਨੰਬਰ ੫੪੩ ਤੱਕ ਜਾਂਦੇ ਹਨ । ਅੰਤ: "ਸੁਦਾਮਾ ਚਲਿਤੁਰੁ । ਆਗਿਆ ਮਾਨੇ ਬੇਦਿ ਕੀ ਹਰਿ ਜਸੁ ਸੁਨੋ ਸੁਨਾਇ॥ ਸੁਦਾਮਾ ਭਗਤਿ ਕੀ ਭਗਤਿ ਪਰਿ ਸਾਧੂ ਜਨ ਬਲਿ ਜਾਇ॥"

ਹੱਥ ਲਿਖਤ ਨੰ : MS 1036 ਹ

ਸਿਰਲੇਖ : ਕਥਾ ਸਤਿਜੁਗੁ ਕੀ ॥

ਪੱਤਰੇ : 543 ਉ - 560 ਉ

ਆਕਾਰ : 15 X 24 ਸ.ਮ. ਲਿਖਤ : 10 X 19 ਸ.ਮ.

ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ-19 ਹਨ।

ਆਮ ਵੇਰਵਾ : ਹਾਸ਼ੀਏ ਤੋਂ ਬਾਹਰ ਲਿਖਤ। ਲਿਖਾਈ ਸੁੰਦਰ। ਪੋਥੀ ਦੀ ਹਾਲਤ ਆਮ ਕਰਕੇ ਠੀਕ ਠੀਕ।

ਆਰੰਭ : "ਕਥਾ ਸਤਿਜੁਗ ਕੀ । ੴ ਸਤਿਗੁਰ ਪ੍ਰਸਾਦਿ ॥ ਜਬ ਰਾਜੇ ਜਨਮੇਜੈ ਕਉ ਅਠਾਰਹ ਕੁਸਟਿ ਹੂਏ ਥੇ ਬ੍ਰਾਹਮਣ ਮਾਰੇ ਤੇ॥ਤਬ ਕੁਸਟਿ ਉਤਾਰਣੇ ਕੀ ਨਿਮਿਤਿ ਗੁੰਸਾਈ ਬਿਆਸ ਕਥਾ ਸੁਣਾਵਾਣੇ ਲਾਗਾ ॥ ਏਹ ਕਥ ਤੇਰਵੀ ਹੈ ॥੧੩॥"

ਅੰਤ : "ਤਿਸ ਤੇ ਕੁਸਟ ਉਤਰਿ ਗਇਆ ॥ ਏਹ ਨਾਸਕੇਤ ਕੀ ਕਥਾ ਸਮਾਪਤੰ ਲਿਖਤੇ ॥ ਪੜੰਤੇ ਸੁਨੰਤੇ ਮੁਕਤ ਮੋਖ ਲਹੰਤੇ ॥ ਬੋਲਹੁ ਭਾਈ ਰਾਮ ਰਾਮ ਰਾਮ ਰਾਮ ਰਾਮ॥"

ਹੱਥ ਲਿਖਤ ਨੰ : MS 1036 ਕ

ਸਿਰਲੇਖ : ਗਰਭ ਗੀਤਾ

ਪੱਤਰੇ : 561 ਉ - 573 ਅ

ਆਕਾਰ : 15 X 24 ਸ.ਮ. ਲਿਖਤ : 10 X 19 ਸ.ਮ.

ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ-19 ਹਨ।

ਆਮ ਵੇਰਵਾ : ਲਿਖਾਈ ਸੁੰਦਰ । ਪੋਥੀ ਦੀ ਹਾਲਤ ਆਮ ਕਰਕੇ ਠੀਕ ਠੀਕ।

ਆਰੰਭ : "ਗਰਭ ਗੀਤਾ ॥ ਅਰਜਨ ॥ ੴ ਸਤਿਗੁਰ ਪ੍ਰਸਾਦਿ ॥ ਸ੍ਰੀ ਕ੍ਰਿਸਨ ਜੀ ਸੇ ਪ੍ਰਸੰਨੁ ਕਰਤ ਹੈ। ਸ੍ਰੀ ਕ੍ਰਿਸਨ ਜੀ ਉਤਰ ਦੇਤੇ ਹੇ । ਕ੍ਰਿਸਨ ਜੀ ਕੀ ਆਗਿਆ ਹੈ ਜੇ ਕੋਈ ਗਰਭ ਗੀਤਾ ਕਉ ਪੜੈ ਸੁਣੈ ਪ੍ਰੀਤ ਕਰਿ ॥ ਤਿਸ-ਕੈ ਨਿਕਟਿ ਜੰਮ ਕੰਕਰ ਨ ਆਵੈ॥"

ਅੰਤ : "ਇਤਿ ਸ੍ਰੀ ਗਰਭ ਗੀਤਾ ॥ ਵੈਸਨਵਾ ਲਾਖਣ ਪੁੰਨ ਪਾਪੁ ਵੀਚਾਰੇ ॥ ਸ੍ਰੀ ਕ੍ਰਿਸਨ ਅਰਜਨ ਸੰਬਾਦੇ ॥ ਗਰਭ ਗੀਤਾ ਸੰਪੂਰਨ ਸਮਾਪਤੰ ॥੫੨॥॥"

ਹੱਥ ਲਿਖਤ ਨੰ : MS 1036 ਖ

ਸਿਰਲੇਖ : ਗੋਸਟਿ ਗੁਰੂ ਨਾਨਕ ਜੀ ਕੀ

ਪੱਤਰੇ : 573 ਅ - 588 ਅ

ਆਕਾਰ : 15 X 24 ਸ.ਮ. ਲਿਖਤ : 10 X 19 ਸ.ਮ.

ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ - 19

ਆਮ ਵੇਰਵਾ : ਲਿਖਾਈ ਸੁੰਦਰ ।ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ। ਪੋਥੀ ਦੀ ਹਾਲਤ ਠੀਕ ਠੀਕ।

ਆਰੰਭ : " ੧ਓ ਸਤਿਗੁਰ ਪ੍ਰਸਾਦਿ ॥ ਗੋਸਟਿ ਗੁਰੂ ਨਾਨਕ ਜੀ ਕੀ ॥ ਇਕ ਦਿਨ ਗੁਰ ਬਾਬਾ ਨਾਨਕ ਜੀ ਪੰਜਾਬ ਕੀ ਧਰਤੀ ਨਗਰ ਕਰਤਾਰਪੁਰ ਬੈਠਾ ਥਾ॥"

ਅੰਤ : "ਤਬ ਓਹੁ ਗੁਰੂ ਬਾਬੇ ਨਾਨਕ ਜੀ ਕੇ ਸਿਖ ਭਏ । ਗੁਰੂ ਗੁਰੂ ਲਾਗੈ ਜਪਣੇ ਕਹਨੇ ਲਾਗੇ ॥ ਜਿ ਵਾਹ ਵਾਹਿਗੁਰੂ ਬਾਬਾ ਜੀ ਧੰਨ ਗੁਰੂ ਨਾਨਕ ਜੀ ॥ ਸਤਿਗੁਰੂ ਬਾਬਾ ਨਾਨਕ ਜੀ ॥ ਤਬ ਉਹ ਨਾਨਕ ਪੰਥੀ ਭਏ ॥ ਉਨਾ ਕੈ ਮਨਿ ਸੁਖੁ ਹੂਆ ਹੂ ॥ ਗੁਰੁ ਗੁਰੂ ਲਾਗੇ ਜਪਨੇ ॥"

ਹੱਥ ਲਿਖਤ ਨੰ : MS 1036 ਗ

ਸਿਰਲੇਖ : ਅਥ ਤੀਸਰੀ ਕਥਾ ਚਲੀ ।

ਪੱਤਰੇ : 588 ਅ - 593 ਓ

ਆਕਾਰ : 15 X 24 ਸ.ਮ. ਲਿਖਤ : 10 X 19 ਸ.ਮ.

ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ - 19 ਹਨ।

ਆਮ ਵੇਰਵਾ : ਲਿਖਾਈ ਸੁੰਦਰ। ਪੋਥੀ ਦੀ ਹਾਲਤ ਠੀਕ ਠੀਕ।

ਆਰੰਭ : "ਅਬ ਤੀਸਰੀ ਕਥਾ ਚਲੀ ॥ ੧ਓ ਸਤਿਗੁਰ ਪ੍ਰਸਾਦਿ ॥ਤਬ ਪਾਰਬਤੀ ਕਹਾ ਜਿਏ ਸ੍ਰੀ ਮਹਾਦੇਵ ਜੀ ਹਮ ਤਉ ਏਹੁ ਗਨੇਸੁ ਪੈਦੀ ਕੀਆ ਪਣ ਕਿਛੁ ਤੈ ਭੀ ਪੈਦਾ ਕੀਆ ਤਬ ਸ੍ਰੀ ਮਹਾਦੇਵ ਕਹਾ ਪਾਰਬਤੀ ਪੈਦਾ ਹੂਆ ਹੈ ਪ੍ਰਣ ਨਾਹੀ ਜਾਣੀ ਤਾਜਿ ਕਿਆ ਪੈਦਾ ਹੂਆ ਮੁਝ ਕਉ ਬਿਸਰਿ ਗਿਆ ਹੈ॥ ਪਣ ਚਲੁ ਹੋ ਜਾਇ ਕਰਿ ਦੇਖਹਿ ਕਿਆ ਹੂਆ ਹੈ ॥"

ਇਸ ਤੋਂ ਬਾਅਦ ਚੌਥੀ ਕਥਾ ਪੰਨਾ ੫੯੩ ਅ ਤੋਂ ਸ਼ੁਰੂ ਹੋ ਜਾਂਦੀ ਹੈ ਜੋ ਪੰਨਾ ਨੰਬਰ ੫੯੪ ਅ ਤੇ ਮੁਕਤੀ ਹੈ ।

ਅੰਤ : "ਮੇਖ ਮਿਥਨ ਸਿੰਘ ਧੰਨ ਤੁਲਾ ਕੁੰਭ ਇਹ ਰਵਿ ਕੇ ਲਗਨ ਸਭਿ ਹੈਨਿ ਇਹ ਜਾਨੈ ਚਿਤ ਮੋ॥"

ਹੱਥ ਲਿਖਤ ਨੰ : MS 1039

ਸਿਰਲੇਖ : ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ

ਲੇਖਕ : ਪੈੜਾ ਮੋਖਾ, ਭਾਈ

ਸਮਾਂ : ਸੰਮਤ 1850 (ਰਚਨਾ ਕਾਲ) ਸੰਮਤ 1582

ਪੱਤਰੇ : 1 ਓ - 302 ਓ

ਆਕਾਰ : 15 X 24 ਸ.ਮ. ਲਿਖਤ : 10 .5 X 19 ਸ.ਮ.

ਵੇਰਵਾ : ਜਿਲਦ ਗੱਤਾ। ਸਿਆਹੀ ਕਾਲੀ ਵਖਰੇਵੇਂ ਲਈ ਲਾਲ। ਹਾਸ਼ੀਆ ਦੋਵੇਂ ਪਾਸੇ ਤਿੰਨ ਤਿੰਨ ਲਾਲ ਲਕੀਰਾਂ। ਸਤਰਾਂ ਪ੍ਰਤੀ ਪੰਨਾ-19 ਹਨ।

ਆਮ ਵੇਰਵਾ : ਪਹਿਲੇ ਕੁਝ ਪੱਤਰਿਆਂ ਦੀ ਹਾਲਤ ਖਸਤਾ ਅਗਲੇ ਪੱਤਰਿਆਂ ਉਪਰ ਕਾਨੀ ਬਦਲੀ ਹੋਈ ਹੈ। ਲਿਖਾਈ ਸੁੰਦਰ ਅਤੇ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ। ਕਈ ਪੱਤਰਿਆਂ ਉਪਰ ਹਾਸ਼ੀਏ ਤੋਂ ਬਾਹਰ ਵੀ ਲਿਖਿਆ ਹੋਇਆ ਹੈ।

ਆਰੰਭ : "੧ਓ ਸਤਿਗੁਰ ਪ੍ਰਸਾਦਿ ॥ ਜਨਮ ਪਤ੍ਰੀ ਬਾਬੇ ਨਾਨਕ ਜੀ ਕੀ ॥ ਸੰਬਤੁ ॥ ੧੫੮੨॥ ਪੰਦ੍ਰ ਸੈ ਬਿਯਾਸੀ ਮਿਤੀ ਵੈਸਾਖ ਸੁਦੀ ॥੫॥ ਪੰਚਮੀ ਪੋਥੀ ਲਿਖੀ ਪੈੜੇ ਮੋਖੇ ਸੁਲਤਾਨ ਪੁਰ ਕੇ ਖਤਰੇਟੇ ਗੁਰੂ ਅੰਗਦ ਲਿਖਵਾਈ ਪੈੜੇ ਮੋਖੇ ਲਿਖੀ ॥ ਮੁਖਾਗਰ ਬਾਲੇ ਸੰਧੂ ਜਟੇਟੇ ਕੀ ਰਾਇ ਭੋਏ ਦੀ ਤਲਵੰਡੀਅਹੁ ਆਇਆ ਆਹਾ ॥ ਗੁਰੂ ਅੰਗਦ ਨੂੰ ਢੂਡਿਓ ਸੁ ਲਧਾ ਆਹ ॥ ਦੂਇ

ਮਹੀਨੇ ਸਤਾਰਹ ਦਿਨ ਲਿਖਿਦਿਆ ਲਗੇ ॥ ਜੋ ਹਕੀਕਤੁ ਆਹੀ ਜਿਥੇ ਜਿਥੇ ਫਿਰੇ ਆਹੇ ॥ ਤਿਥੋ ਤਿਥੋ ਹਕੀਕਤੁ ਸਹਜ ਨਾਲਿ ਭਾਈ ਬਾਲੇ ਲਿਖਵਾਈ । ਭਾਈ ਬਾਲੇ ਉਪਰ ਗੁਰੂ ਜੀ ਬਹੁਤ ਖੁਸੀ ਹੋਆ॥ ਭਾਈ ਬਾਲਾ ਤੇ ਮਰਦਾਨਾ ਰਬਾਬੀ ਨਾਲੇ ਫਿਰਦੇ ਆਹੇ ॥ ਮੋਦੀ ਖਾਨੇ ਦੈ ਵਖਤ ਬਾਬਾ ਨਾਲੇ ਆਹਾ॥"

ਅੰਤ : "ਹਾਸਲੁ ਬਹੁਤੁ ਖਰਚ ਕੁਛੁ ਨਾਹੀ ਕਰੇ ਤਗੀਰਨ ਕੋਈ ॥ ਨਾਨਕ ਐਸੀ ਉਮਦੀ ਖਿਜਮਤਿ ਬਿਨਾ ਭਾਗ ਕਿਉ ਹੋਈ ॥੪॥ ਇਹ ਸਬਦ ਤਲਵੰਡੀ ਹੋਇਆ ਆਹਾ ॥ ਗੁਰੂ ਪ੍ਰਸਾਦਿ ਪੋਥੀ ਲਿਖੀ ਸੰਪੂਰਨ ਗੁਰੂ ਸਾਧ ਸੰਗਤਿ ਜੀ ਕਾ ਸਦਕਾ ॥

ਸੰਮਤ ੧੮੫● ਮਿਤੀ ਅਸਾੜ ਸੁਦੀ ੫ ॥ ਪੰਚਮੀ ॥ ਬੋਲਹੁ ਭਾਈ ਵਾਹਗੁਰੂ ਸਾਖੀ ਸੰਪੂਰਨ ॥ ="

ਹੱਥ ਲਿਖਤ ਨੰ : MS 1040 ਸੰਗ੍ਰਹਿ

ਸਿਰਲੇਖ : ਪ੍ਰੀਛਾ ਮਹਲਾ 5

ਸਮਾਂ : ਸੰਮਤ 1875

ਸਥਾਨ : ਮੁਲਤਾਨੁ

ਪੱਤਰੇ : 18 ੳ - 36 ਅ - 58 ੳ

ਆਕਾਰ : 14 X 10 .5 ਸ.ਮ. ਲਿਖਤ : 10 .5 X 7 ਸ.ਮ.

ਵੇਰਵਾ : ਜਿਲਦ ਗੱਤਾ ਰੈਕਸੀਅਨ; ਉਖੜੀ ਹੋਈ। ਸਿਆਹੀ ਕਾਲੀ ਵਖਰੇਵੇਂ ਲਈ ਲਾਲ। ਹਾਸ਼ੀਆ ਦੋਵੇਂ ਪਾਸੇ ਦੋ ਦੋ ਕਾਲੀਆਂ ਲਕੀਰਾਂ। ਸਤਰਾਂ ਪ੍ਰਤੀ ਪੰਨਾ-7 ਹਨ।

ਆਮ ਵੇਰਵਾ : ਜਿਲਦ ਉਖੜੀ ਹੋਈ ਹੋਣ ਕਾਰਣ ਪੱਤਰੇ ਵੀ ਉਖੜੇ ਹੋਏ ਹਨ । ਪੱਤਰਿਆਂ ਦੀ ਹਾਲਤ ਖਸਤਾ। ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ ਲਿਖਾਈ ਪੜੀ ਜਾਂਦੀ ਹੈ।

ਆਰੰਭ : "੧ੳ ਸਤਿਗੁਰ ਪ੍ਰਸਾਦਿ ॥ ਪ੍ਰੀਛਾ ਮਹਲਾ ੫ ॥ ਪਉੜੀ ॥ ਜੋ ਸਨ ਮਨ ਮਹਿ ਚਿਤਵਨੀ ਰਖਾਵੈ ॥ ਸੋ ਮਨ ਕਾ ਸਹਸਾ ਕਹਿ ਪ੍ਰਗਟਾਵੈ ॥ ਗੁਰ ਪ੍ਰਸਾਦਿ ਸਹਸਾ ਭਾਉ ਮਿਟੈ॥ ਹੋਇ ਅਚਿੰਤ ਚਿੰਤ ਸਭ ਛੁਟੈ॥"

ਅੰਤ :"ਸੋਰਠਾ । ਗੁਰ ਨਾਨਕ ਉਰਧਾਰ ਆਨੰਦ ਘਨ ਟੀਕਾ ਕਰੇ ਪਾਵੇ ਅਲਖ ਅਪਾਰ ਜੋ ਇਸ ਪੜ ਹਿਰਦੇ ਧਰੇ ॥ ਦੋਹਰਾ॥ ਸੰਮਤ ਪੁਰਾਣ ਸਤ ਅਰਧ ਸਤ ਯੁਗ ਮੈ ਅਧਿਕ ਹੈ ਜਸ ॥ ਮੀਨ ਮਾਸ ਸੰਕਰ ਪੁਰੀ ਕੀਨੋ ਲਿਖਨ ਬਿਲਾਸ ॥ ਇਤਿ ਸ੍ਰੀ ਗੁਰ ਨਾਨਕ ਵੰਸ ਪ੍ਰਸੂਤ ਦਸਮ ਪੁਰਖ ਸ੍ਰੀ ਗੁਰ ਰਾਮ ਦਿਆਲ ਸਿਖ ਆਨੰਦ ਘਨ ਵਿਚਰਤਿਜੀ ਜਪੁਜੀ ਟੀਕਾ ਸਮਾਪਤੰ॥੧॥ ਸੁਭੰਮਸਤੁ॥॥॥"

ਹੱਥ ਲਿਖਤ ਨੰ : MS 1101 ਅ
ਸਿਰਲੇਖ : ਜਪੁਜੀ
ਸਮਾਂ : ਸੰਮਤ 1802
ਪੱਤਰੇ : 181 ੳ – 203 ਅ

ਆਕਾਰ : 17 X 10 ਸ.ਮ. ਲਿਖਤ : 12 X 7 ਸ.ਮ.
ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ-7 ਹਨ।
ਆਮ ਵੇਰਵਾ : ਲਿਖਾਈ ਸੁੰਦਰ। ਪੋਥੀ ਦੇ ਪੱਤਰੇ ਉਖੜੇ ਹੋਏ ਅਤੇ ਹਾਲਾਤ ਠੀਕ ਠੀਕ ।
ਆਰੰਭ : "ੴ ਸਤਿਨਾਮ ਕਰਤਾਪੁਰਖ ਨਿਰਭਉ ਨਿਰਵੈਰ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥"
ਅੰਤ : "ਜਿਨੀ ਨਾਮ ਧਿਆਇਆ ਗਏ ਮਸਕਤਿ ਘਾਲਿ ॥ ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥" = ॥ = ॥ = ॥

ਹੱਥ ਲਿਖਤ ਨੰ : MS 1101 ਏ
ਸਿਰਲੇਖ : ਮੰਤ੍ਰ ਬਾਬੇ ਨਾਨਕ ਜੀ ਕਾ ਰਖਿਆ ਕਾ
ਸਮਾਂ : ਸੰਮਤ 1802
ਪੱਤਰੇ : 204 ੳ – 207 ਅ
ਆਕਾਰ : 17 X 10 ਸ.ਮ. ਲਿਖਤ : 12 X 7 ਸ.ਮ.
ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ-7 ਹਨ।
ਆਮ ਵੇਰਵਾ : ਪੋਥੀ ਦੇ ਇਸ ਭਾਗ ਦੀ ਰਚਨਾ ਦੇ ਪੱਤਰੇ ਭਿਜੇ ਹੋਏ। ਕਿਰਮ ਖੁਰਦਾ ਅਤੇ ਖਸਤਾ ਹਾਲਤ ਵਿਚ ਹਨ । ਲਿਖਾਈ ਸਾਫ ਤੇ ਪੜ੍ਹੀ ਜਾਂਦੀ ਹੈ ।
ਆਰੰਭ : "ੴ ਸਤਿਗੁਰ ਪ੍ਰਸਾਦਿ॥ ਮੰਤ੍ਰ ਬ ਾਬੇ ਨਾਨਕ ਜੀ ਕਾ ਰਖਿਆ ਕਾ ਵਾਰੀ ਤ੍ਰਿਹ ਪੜਨਾ ॥੩॥ ਆਪਿ ਤੇ ਜਵਾਇ ਪ੍ਰਿਥਮੀ ਅਕਾਸ ਹੈ ॥"
ਅੰਤ : "ਅਕਾਲ ਪੁਰਖ ਜੀ ਤੇਰੀ ਸਰਣ ਤੇਰੀ ਸਰਣਣ ॥ ਪੜਨੇ ਵਾਲੇ ਗੁਰਸਿਖਿ ਕਉ ਰਛਿਆ ਕਰੋ॥ ਸ੍ਰੀ ਗੁਰੂ ਰਾਮਦਾਸ ਜੀ ਸਦਾ ਈ ਸਹਾਇ ਰਹੋ ॥ਸੁਭੰ॥"

ਹੱਥ ਲਿਖਤ ਨੰ : MS 1101 ਸ
ਸਿਰਲੇਖ : ਬੋਲਣਾ ਗੁਰੂ ਅਮਿਰਦਾਸ ਜੀ ਕਾ
ਪੱਤਰੇ : 207 ਅ – 208 ਅ
ਆਕਾਰ : 17 X 10 ਸ.ਮ. ਲਿਖਤ : 12 X 7 ਸ.ਮ.
ਵੇਰਵਾ : ਓਹੀ ; ਸਤਰਾਂ ਪ੍ਰਤੀ ਪੰਨਾ-7 ਹਨ।
ਆਮ ਵੇਰਵਾ : ਲਿਖਾਈ ਸੁੰਦਰ। ਪੋਥੀ ਦੀ ਹਾਲਤ ਠੀਕ ਠੀਕ, ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ ।
ਆਰੰਭ : "ੴ ਸਿਤਿਗੁਰ ਪ੍ਰਸਾਦਿ॥ ਬੋਲਣਾ ਗੁਰੂ ਅਮਿਰਦਾਸ ਜੀ ਕਾ ਤਿਵਾਰਿ॥ ਜੇ ਆਇਤਵਾਰ ਕਿਤੇ ਜਾਣਾ ਹੋਵੈ ॥ ਤਾਂ ਪਾਨੁ ਖਾਇ ਕਰਿ ਜਾਵਣਾ॥ ਸੋਮਵਾਰਿ ਜੇ ਕਿਤੇ ਜਾਵਣਾ ਹੋਵੈ ਤਾ ਦ੍ਰੂਪਣ ਦੇਖ ਕਰਿ ਜਾਵਣਾ ॥"
ਅੰਤ : ਛਿਨਿਛਰਿਵਾਰਿ ਕਿਤੇ ਜਾਵਣਾ ਹੋਵੈ ਤਾਂ ਲੂਣ ਖਾਇ ਕਰਿ ਜਾਵਣਾ ॥ ਕਾਰਜ ਤੇਰੀ-ਆਵੈ ਰਾਸ॥ ਸਤਿ ਕਰਿ ਮੰਣ ॥ ਸੁਭ ਮਸਤ ॥"

ਹੱਥ ਲਿਖਤ ਨੰ : MS 1101 ਹ
ਸਿਰਲੇਖ : ਧਰਤੀ ਸੂਤੀ ਜਾਗਦੀ ਕਾ ਬੀਚਾਰਿ ॥
ਪੱਤਰੇ : 208 ਅ – 209 ੳ
ਆਕਾਰ : 17 X 10 ਸ.ਮ. ਲਿਖਤ : 12 X 7 ਸ.ਮ.
ਵੇਰਵਾ : ਓਹੀ; ਸਤਰਾਂ ਪ੍ਰਤੀ ਪੰਨਾ - 7 ਹਨ।

ਆਮ ਵੇਰਵਾ : ਲਿਖਾਈ ਸੁੰਦਰ। ਪੋਥੀ ਦੀ ਹਾਲਤ ਠੀਕ ਠੀਕ ।

ਆਰੰਭ : "ੴ ਸਤਿਗੁਰ ਪ੍ਰਸਾਦਿ ॥ ਧਰਤੀ ਸੂਤੀ ਜਾਗਦੀ ਕਾ ਬੀਚਾਰਿ ॥ ਮਹੀਨੇ ਵਿਚ ਛੇ ਦਿਨ ਆਵਦੇਂ ਹੈਨਿ ॥ ਇਨਾ ਵਿਚ ਕਾਰਜ ਕੋਈ ਨਾਹੀ ਕਰਨਾ॥ ਸੰਗਰਾਦੋਂ ਨਾਵੇ ॥੯,੧●,੧੫,੨੪, ਅਤੇ ਸੰਗਰਾਦੋਂ ਸਤਿ ਬੀ ਮੈ =੨੭"

ਅੰਤ : "ਇਨਾ ਛਿਆ ਦਿਨਾ ਵਿਚ ਧਰਤੀ ॥ ਨੂ ਹਲ ਨਾਹੀ ਲਾਵਣਾ ॥ ਸਤਿ ਕਰਿ ਮੰਨਣਾ ॥"॥

ਹੱਥ ਲਿਖਤ ਨੰ : MS 1101 ਕ

ਸਿਰਲੇਖ : ਕਪੜੇ ਪਹਿਰਨਿ ਕੀ ਬਿਧਿ

ਪੱਤਰੇ : 210 ੳ – 217 ਅ

ਆਕਾਰ : 17 X 10 ਸ.ਮ. ਲਿਖਤ : 12 X 7 ਸ.ਮ.

ਵੇਰਵਾ : ਓਹੀ; ਸਤਰਾਂ ਪ੍ਰਤੀ ਪੰਨਾ – 7 ਹਨ।

ਆਮ ਵੇਰਵਾ : ਲਿਖਾਈ ਸੁੰਦਰ, ਪੋਥੀ ਦੀ ਜਿਲਦ ਉਖੜੀ ਹੋਈ ਹੈ ।

ਆਰੰਭ : "ੴ ਸਤਿਗੁਰ ਪ੍ਰਸਾਦਿ ॥ ਅਥ ਕਪੜੇ ਪਹਿਰਨ ਕੀ ਬਿਧਿ ਲਿਖਤੇ॥ ਸੁਕਰਵਾਰ ਜੇ ਕੋਈ ਕਪੜਾ ਪਹਿਰੇ ॥ ਉਹੁ ਭੀ ਪਾਟਿ ਰਹੈ ਤੋ ਹੋਰੁ ਭੀ ਆਹੈ ॥ ਛਿਨਿਛਨਿਵਾਰਿ ਜੇ ਕੋਈ ਕਪੜਾ ਪਹਿਰੇ ॥ ਤਿਸ ਦਾ ਨੁਕਸਾਨ ਹੋਵੈ ॥"

ਅੰਤ : "ਵੀਰਵਾਰ ਜੇ ਕੋਈ ਕਪੜਾ ਪਹਿਰੇ ॥ ਤਿਸ ਨੂ ਬਹੁਤ ਲਾਭ ਹੋਵੈ ॥ ਸਤਿ ਕਰਿ ਮੰਨਣਾ ॥" ਪੰਨਾ – ੨੧੧ ਤੇ ਸਤ ਵਾਰਾਂ ਦੇ ਬੀਚਾਰ ਲਿਖੇ ਹੋਏ ਹਨ। "ਛਿਨਿਛਿਰਵਾਰਿ ਸੋਮਵਾਰਿ ਪੂਰਬ ਨੂੰ ਜਾਵਣਾ ਨਾਹੀ ॥ ਮੰਗਲਵਾਰਿ ਬੁਧਿਵਾਰਿ ਉਤਰਾਖੰਡ ਨੂੰ ਜਾਵਣਾ ਨਹੀਂ।ਸੁਕਰਵਾਰਿ ਆਇਤਵਾਰਿ ਪਛਮ ਨੂ ਜਾਵਣਾ ਨਹੀ। ਸਤਿ ਕਰਿ ਮੰਨਣਾ ॥" ਇਸੇ ਤਰਾਂ, ਹੋਰ ਭੀ ਬੀਚਾਰਾਂ ਦਿਤੀਆਂ ਹੋਈਆਂ ਹਨ ਜੋ ਪੰਨਾ ਨੰਬਰ ੨੧੭ ਅ ਤਕ ਚਲਦੀਆਂ ਹਨ ।

ਹੱਥ ਲਿਖਤ ਨੰ : MS 1101 ਖ

ਸਿਰਲੇਖ : ਗਰਭਗੀਤਾ

ਪੱਤਰੇ : 218 ੳ – 237 ਅ

ਆਕਾਰ : 17 X 10 ਸ.ਮ. ਲਿਖਤ : 12 X 7 ਸ.ਮ.

ਵੇਰਵਾ : ਓਹੀ; ਸਤਰਾਂ ਪ੍ਰਤੀ ਪੰਨਾ – 7 ਹਨ।

ਆਮ ਵੇਰਵਾ : ਲਿਖਾਈ ਸੁੰਦਰ। ਪੋਥੀ ਦੀ ਹਾਲਤ ਠੀਕ ਠੀਕ ।

ਆਰੰਭ : "ੴ ਸਤਿਗੁਰ ਪ੍ਰਸਾਦਿ ॥ ਅਬ ਗਰਭ ਗੀਤਾ ਸ੍ਰੀ ਕ੍ਰਿਸਨ ਅਰਜਨ ਕੇ ਬਚਨ ਲਿਖਿਤੇ ॥ ਅਰਜਨ ਸ੍ਰੀ ਕ੍ਰਿਸਨ ਪਾਸੋ ਪੁਛਤਾ ਹੈ ॥"

ਅੰਤ : "ਹੇ ਅਰਜਨ ਮਾਨੁਖ ਕੇ ਸਾਰੇ ਸਰੀਰ ਮਹਿ ਸਾਢੀਆ ਤੀਨ ਕਰੋੜੀ ਰੇਮਾਵਲ ਹੈ ॥ ਤਉ-ਲਉ ਨਰਕ ਜਾਇਗਾ ਹਮ ਉਪਦੇਸ ਦੋਆ ਹੈ ॥ ਸਤਿ ਕਰਿ ਮੰਨਣਾ ॥੩੫॥ ਇਤਿ ਸ੍ਰੀ ਗਰਬ ਗੀਤਾ ਪੁੰਨ ਪਾਪ ਕਾ ਵੀਚਾਰ ਸ੍ਰੀ ਕ੍ਰਿਸਨ ਅਰਜਨ ਸੰਬਾਦੇ ਗਰਭ ਗੀਤਾ ਸੰਪੂਰਨੰ ॥"

ਹੱਥ ਲਿਖਤ ਨੰ : MS 1101 ਗ

ਸਿਰਲੇਖ : ਸਾਰ ਗੀਤਾ

ਪੱਤਰੇ : 238 ਅ – 255 ੳ

ਆਕਾਰ : 17 X 10 ਸ.ਮ. ਲਿਖਤ: 12X 7 ਸ.ਮ.

ਵੇਰਵਾ : ਓਹੀ; ਸਤਰਾਂ ਪ੍ਰਤੀ ਪੰਨਾ - 7 ਹਨ।

ਆਮ ਵੇਰਵਾ : ਲਿਖਾਈ ਸੁੰਦਰ। ਪੋਥੀ ਦੀ ਹਾਲਤ ਠੀਕ ਠੀਕ, ਜਿਲਦ ਉਖੜੀ ਹੋਈ ਹੋਣ ਕਾਰਨ, ਪੱਤਰੇ ਵੀ ਉਖੜੇ ਹੋਏ ਹਨ ।

ਆਰੰਭ : "ੴ ਸਤਿਗੁਰ ਪ੍ਰਸਾਦਿ॥ ਸ੍ਰੀ ਗਣੇਸਾਯਨਮ:॥ ਓਨਮੋ ਭਗਵਤੇ ਵਾਸੁਦੇਵਾਯ ॥ ਅਥ ਸਾਰ ਗੀਤਾ ਲਿਖਯਤੇ ॥ ਅਰਜਨੋ ਵਾਚ॥ ਅਰਜਨ ਸ੍ਰੀ ਕ੍ਰਿਸਨ ਭਗਵਾਨ ਜੀ ਪਹਿ ਪ੍ਰਸਨੁ ਕਰੇ ਹੈ ॥"

ਅੰਤ : "ਦੁਆਰਕਾ ਕੌ ਨਾਥ ਸ੍ਰੀ ਪਤਿ ਕੇਸਵੰ ਪ੍ਰਨਮਾਮਿਹੰ॥ ਬਿਸਨ ਅਸਟਪਦੀ ਕੀ ਕਰਤ ਧਨਿ ਸੁੰਨ ਵਿਸਨ ਲੋਕ ਸੁਗਛਤੇ॥ ਗੁਰੂ ਰਾਮਾਨੰਦ ਨੀਮਾਨੰਦ ਸੁਆਮੀ ਕਵ ਦਤ ਦਾਸ ਸਮਾਪਤੰ॥"

ਹੱਥ ਲਿਖਤ ਨੰ : MS 1101 ਘ

ਸਿਰਲੇਖ : ਪ੍ਰਾਨ ਸੰਗਲੀ ਕਾ ਦੇਹੀ ਕਾ ਬੀਚਾਰ ॥

ਪੱਤਰੇ : 256 ੳ – 284 ੳ

ਆਕਾਰ : 17 X 10 ਸ.ਮ. ਲਿਖਤ : 12 X 7 ਸ.ਮ.

ਵੇਰਵਾ : ਓਹੀ; ਸਤਰਾਂ ਪ੍ਰਤੀ ਪੰਨਾ - 7 ਹਨ।

ਆਮ ਵੇਰਵਾ : ਪੋਥੀ ਦੀ ਜਿਲਦ ਉਖੜੀ ਹੋਈ, ਲਿਖਾਈ ਸੁੰਦਰ।

ਆਰੰਭ : "ੴ ਸਤਿਗੁਰ ਪ੍ਰਸਾਦਿ ॥ ਧਿਆਉ ਪ੍ਰਾਨ ਸੰਗਲੀ ਕਾ ਦੇਹੀ ਕਾ ਬੀਚਾਰ॥ ਸਲੋਕ ॥ ਇੜਾ ਪਿੰਗਲਾ ਸੁਖਮਨਾ ਤੀਨੇ ਬਸਹਿ ਇਕ ਰਾਇ ਬੇਣੀ ਸੰਗਮੁ ਤਿਹ ਪਰਾਗੁ ਮੁਨ ਮਜਨ ਕਰਹ ਤਿਥਾਇ॥ ਇੜਾ ਪਿੰਗੁਲਾ ਸੁਖਮਨਾ ॥"

ਅੰਤ : "ਕਲ ਜੁਗ ਨਾਨਕ ਰਾਜ ਚਲਾਇਆ ॥ ਧੁਰ ਦਰਿਗਾਹੋ ਪ੍ਰਭ ਤਲਿ ਆਇਆ ॥ ਨਿਰਗੁਨੀਆਰੇ ਪ੍ਰਭ ਕੀ ਸਰਨਾਹੀ ॥ ਨਾਨਕ ਦਾਸ ਪ੍ਰਭ ਦੇਦਨ ਜਾਈ॥॥ਵਾਹਿਗੁਰੂ ਸਪਣਾ ਜੀ ॥"

ਹੱਥ ਲਿਖਤ ਨੰ : MS 1101 ਛ

ਸਿਰਲੇਖ : ਸਾਖੀ ਮਾਤਾ ਜੀਤੋ ਜੀ ਨਾਲਿ

ਪੱਤਰੇ : 284 ਅ – 287 ਅ

ਆਕਾਰ : 17 X 10 ਸ.ਮ. ਲਿਖਤ : 12X 7 ਸ.ਮ.

ਵੇਰਵਾ : ਓਹੀ; ਸਤਰਾਂ ਪ੍ਰਤੀ ਪੰਨਾ - 7 ਹਨ।

ਆਮ ਵੇਰਵਾ : ਲਿਖਾਈ ਧੱਬਿਆਂ ਵਾਲੀ ਪਰ ਪੜ੍ਹੀ ਜਾਂਦੀ ਹੈ । ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ ।

ਆਰੰਭ : "ਬੋਲੋ ਵਾਹਿਗੁਰੂ ਜੀ॥ ੴ ਸ੍ਰੀ ਵਾਹਿਗੁਰੂ ਜੀ ਕੀ ਫਤੇ ॥ ਏਕ ਬੇਰ ਮਹਲ ਮੋ ਗਏ ਗੁਰੂ ਜੀ ਤਬ ਮਾਤਾਅ ਜੀਤੋ ਜੀ ਬੇਨਤੀ ਕਰੀ ॥ ਮਥਾ ਟੇਕਿਆ ਬਹੁਤ ਬੇਰ॥"

ਅੰਤ : "ਭਾਈ ਇਹ ਸਾਖੀ ਸਾਹਿਬ ਸਿੰਘ ਸਤਿਗੁਰੂ ਦੀਨੀ ਮੋਹਿ ॥ ਤੁਮ ਲਿਖ ਸਿਖਨ ਹੇਤ ਧਾਰਿ ਸਤਿ ਗਤਿ ਅਰਪਤਿ ਏਹ ॥ ਸਾਖੀ ਸਪੂਰਨ ਹੋਈ॥"

ਹੱਥ ਲਿਖਤ ਨੰ : MS 1101 ਚ

ਸਿਰਲੇਖ : ਕਥਾ ਚਲੀ ਇਕ ਸੌ ਇਕੜੀਹਵੀ ਕਬੀਰ ਜੀ ਦੀ

ਪੱਤਰੇ : 288 ੳ – 321 ਅ

ਆਕਾਰ : 17 X 10 ਸ.ਮ. ਲਿਖਤ : 12 X 7 ਸ.ਮ.

ਵੇਰਵਾ : ਓਹੀ; ਸਤਰਾਂ ਪ੍ਰਤੀ ਪੰਨਾ - 7 ਹਨ।

ਆਮ ਵੇਰਵਾ : ਲਿਖਾਈ ਸੁੰਦਰ, ਜਿਲਦ ਉਖੜੀ ਹੋਈ ਕਾਰਨ ਪੋਥੀ ਦੇ ਪੱਤਰੇ ਵੀ ਉਖੜੇ ਹੋਏ ।

ਆਰੰਭ : "ੴ ਸਤਿਗੁਰ ਪ੍ਰਸਾਦਿ॥ ਕਥਾ ਚਲੀ ਇਕ ਸੌ ਇਕਤ੍ਰੀਹਵੀ॥ ਇਕ ਦਿਨ ਕਬੀਰ ਗੁਸਾਈਂ ਪੂਰਬ ਕੀ ਧਰਤੀ ਨਗਰੁ ਬਨਾਰਸੀ ਬੈਠਾ ਥਾ॥ ਔਰ ਏਕ ਗੋਬਿੰਦ ਲੋਕ ਆਇ ਗਏ ॥"

ਅੰਤ : "ਤਬ ਉਹੁ ਗੋਬਿੰਦ ਲੋਕ ਉਠ ਸ੍ਰੀ ਕਬੀਰ ਜੀ ਕੀ ਚਰਨੀ ਲਾਗੇ ॥ ਸ੍ਰੀ ਕਬੀਰ ਜੀ ਕੇ ਸਿੱਖ ਭਏ॥ ਲਾਗੇ ਰਾਮ ਕਬੀਰ ਸਿਮਰਨੇ ॥ ਸਗਲੇ ਬੋਲਹੁ ਸ੍ਰੀ ਰਾਮ ਸ੍ਰੀ ਰਾਮ ਰਾਮ ਰਾਮ ਰਾਮ ਜੀ ॥ ਗੁਰੂ ਗੁਰੂ ਗੁਰੂ ਗੁਰੂ ਗੁਰੂ ਜੀ ਸਤਿ ॥੧੩੧॥"

ਹੱਥ ਲਿਖਤ ਨੰ : MS 1102 ਸੰਗ੍ਰਹਿ

ਸਿਰਲੇਖ : ਵਾਰ ਸ੍ਰੀ ਭਗਉਤੀ ਜੀ ਪਾਤਿਸਾਹੀ ੧●

ਸਮਾਂ : ਸੰਮਤ ੧੯੧੮ ਬਰਖੇ ਮਾਘ ਮਾਸੇ ਸੁਭ ਤਿਥਉ ਚਥੋਮਾਂ

ਪੱਤਰੇ : 11 ੳ – 42 ੳ

ਆਕਾਰ : 15 X 10 ਸ.ਮ. ਲਿਖਤ : 9.5 X 5.5 ਸ.ਮ.

ਵੇਰਵਾ : ਜਿਲਦ ਗੱਤਾ,ਉਖੜੀ ਹੋਈ। ਸਿਆਹੀ ਕਾਲੀ,ਵਖਰੇਵੇਂ ਲਈ ਲਾਲ। ਹਾਸ਼ੀਆ ਦੋਵੇਂ ਪਾਸੇ ਦੋ ਦੋ ਲਾਲ ਲਕੀਰਾਂ । ਸਤਰਾਂ ਪ੍ਰਤੀ ਪੰਨਾ–7 ਹਨ।

ਆਮ ਵੇਰਵਾ : ਲਿਖਤ ਧੱਬਿਆਂ ਵਾਲੀ ਹੈ, ਬਹੁਤ ਸਪਸ਼ਟ ਨਹੀਂ। ਕਾਨੀ ਬਦਲੀ ਹੋਈ ਹੈ ਅਤੇ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ । ਹਾਸ਼ੀਏ ਤੋਂ ਬਾਹਰ ਵੀ ਲਿਖਤ। ਪੱਤਰਿਆਂ ਦੇ ਪੰਨਾ ਨੰਬਰ ਵੀ ਇਕਸਾਰ ਨਹੀਂ ਹਨ । ਇੰਝ ਜਾਪਦਾ ਹੈ ਕਿ ਇਹ ਰਚਨਾਵਾਂ ਵੱਖ ਵੱਖ ਪੋਥੀਆਂ ਤੋਂ ਇੱਕਠੀਆਂ ਕੀਤੀਆਂ ਗਈਆਂ ਹਨ । ਪੋਥੀ ਦੀ ਹਾਲਤ ਮਾੜੀ ਅਤੇ ਪੱਤਰੇ ਖਸਤਾ ਹਾਲਤ ਵਿਚ ਹਨ ।

ਆਰੰਭ : "ੴ ਸ੍ਰੀ ਵਾਹਿਗੁਰੂ ਜੀ ਕੀ ਫਤੇ ॥ ਸ੍ਰੀ ਭਗਉਤੀ ਜੀ ਸਹਾਇ ॥ ਵਾਰ ਸ੍ਰੀ ਭਗਉਤੀ ਜੀ ਕੀ ਪਾਤਸਾਹੀ ੧● ॥ ਪ੍ਰਿਥਮ ਭਗਉਤੀ ਸਿਮਰ ਕੇ ਗੁਰ ਨਾਨਕ ਲਈ ਧਿਆਇ॥"

ਅੰਤ : "ਦੁਰਗਾ ਪਾਠ ਬਣਾਇਆ ਸਭੇ ਪਉੜੀਆ॥ ਫੇਰ ਨਾ ਜੂਨੀ ਆਇਆ ਜਿਨ ਇਹ ਗਾਇਆ॥"
॥ ॥ ॥

ਹੱਥ ਲਿਖਤ ਨੰ : MS 1102 ਅ

ਸਿਰਲੇਖ : ਸਾਖੀ ਮਹਲਾ ੧ ॥

ਪੱਤਰੇ : 42 ੳ – 45 ਅ

ਆਕਾਰ : 15 X 10 ਸ.ਮ. ਲਿਖਤ : 9.5 X 5.5 ਸ.ਮ.

ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ–7 ਹਨ।

ਆਮ ਵੇਰਵਾ : ਲਿਖਾਈ ਠੀਕ ਠੀਕ, ਹਾਸ਼ੀਏ ਤੋਂ ਬਾਹਰ ਵੀ ਕੀਤੀ ਹੋਈ ਹੈ । ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ॥

ਆਰੰਭ : "ੴ ਸਤਿਗੁਰ ਪ੍ਰਸਾਦਿ ॥ ਸਾਖੀ ਮਹਲਾ ੧ ॥ ਗੁਰੂ ਨਾਨਕ ਜਬ ਮਕੇ ਗਇਆ ਬਹੁੜਿ ਮਦੀਨੇ ਦੇਖਤ ਭਇਆ॥ ਮਕਾ ਮਦੀਨ ਸਭ ਜਣਿ ਲੀਆ ॥"

ਅੰਤ : "ਨਿਰਗੁਨੀਆਰ ਪ੍ਰਭ ਕੀ ਸਰਨਾਈ ॥ ਨਾਨਕ ਦਾਸ ਪ੍ਰਭ ਭੇਦ ਨ ਭਾਈ ੧੩॥ ਵਾਹਿਗੁਰੂ ਜੀ ਕਾ ਖਾਲਸਾ ਸ੍ਰੀ ਵਾਹਗੁਰੂ ਜੀ ਕੀ ਫਤੇ ੧੪॥"

ਹੱਥ ਲਿਖਤ ਨੰ : MS 1102 ਏ

ਸਿਰਲੇਖ : ਉਸਤਤਿ ਸ੍ਰੀ ਅੰਮ੍ਰਿਤਸਰੁ ਜੀ ਕੀ

ਪੱਤਰੇ : 45 ਅ – 57 ਅ

ਆਕਾਰ : 15 X 10 ਸ.ਮ. ਲਿਖਤ : 9.5 X 5.5 ਸ.ਮ.
ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ-7 ਹਨ।
ਆਮ ਵੇਰਵਾ : ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ । ਲਿਖਾਈ ਧਬਿਆਂ ਵਾਲੀ ।
ਆਰੰਭ : "ੴ ਸਤਿਗੁਰ ਪ੍ਰਸਾਦਿ ॥ ਉਸਤਤਿ ਸ੍ਰੀ ਅੰਮ੍ਰਿਤਸਰੁ ਜੀ ਕੀ ॥ ਤੀਨ ਲੋਕ ਮੈ ਤਾਲੁ ਨ ਐਸਾ ਜੈਸਾ ਦੇਖਿਆ ਸ੍ਰੀ ਅੰਮ੍ਰਿਤਸਰਿ ॥ ਤਾਲ ਮਧ ਹਰਿਮੰਦਰਿ ਨੀਕਾ ਮਾਨੋ ਸ੍ਰੀ ਰਾਮ ਜੀ ਕਾ ਘਰ ॥ ਮੋਤੀ ਚੁਨੀ ਹੀਰਾ ਪੰਨਾ ਤਾ ਮਹਿ ਲਾਗੀ ਹੈ ਬਹੁ ਜਰਿ ॥"
ਅੰਤ : "ਸੰਤਨ ਕੀ ਸਰਣਾਗਤੀ ਰਾਖੈ ਤਿਨ ਕੌ ਰਾਮ ੩ ॥ ਉਸਤਤਿ ਸ੍ਰੀ ਅੰਮ੍ਰਿਤਸਰੁ ਕੀ ਸਮਾਪਤਿ ਭੁਲ ਚੁਕ ਬਖਸ ਲੈਣਾ॥" ॥ ॥ ॥ ॥

ਹੱਥ ਲਿਖਤ ਨੰ : MS 1102 ਸ
ਸਿਰਲੇਖ : ਬਾਰਾ ਮਾਹ ਰਾਮ ਜੀ ਦਾ
ਪੱਤਰੇ : 58 ੳ – 69 ਅ
ਆਕਾਰ : 15 X 10 ਸ.ਮ. ਲਿਖਤ : 9.5 X 5.5 ਸ.ਮ.
ਵੇਰਵਾ : ਓਹੀ। ਸਤਰਾਂ ਪ੍ਰਤੀ ਪੰਨਾ - 7 ਹਨ।
ਆਮ ਵੇਰਵਾ : ਕਾਨੀ ਬਦਲੀ ਹੋਈ ਹੈ, ਸਿਆਹੀ ਧੱਬਿਆਂ ਵਾਲੀ, ਲਿਖਾਈ ਹਾਸ਼ੀਏ ਤੋਂ ਬਾਹਰ ਵੀ ਕੀਤੀ ਹੋਈ ਹੈ।
ਆਰੰਭ : "ੴ ਸਤਗੁਰ ਪ੍ਰਸਾਦਿ ॥ ਬਾਰਾਮਾਹ ਰਾਮ ਜੀ ਦਾ॥ ੧॥ਦੋਹਰਾ॥ ਚੇਤ੍ਰ ਚਿਤਵਨੀ ਮਿਟ ਗਈ ਫੂਲ ਰਹੀ ਬਨ ਰਾਇ ॥ ਦਸਰਥ ਕਾ ਮਨ ਮੋਲਿਆ ਰਾਮ ਸਿੰਘਾਸਨ ਪਾਇਆ ॥ ਚੇਤ੍ਰ ਚੰਚਲ ਚੜੀ ਬਹਾਰ ॥"
ਅੰਤ : "ਜਬਕਾ ਰਾਮ ਸਿੰਘਾਸਨ ਪਾਇਆ ਚਿੰਤਾ ਰਹੀ ਨ ਕਾਇ ਹੀਰੇ ਮੋਤੀ ਲਾਲ ਜਵਾਹਰ ਦੀਏ ਕੌਸਲਿਆ ਮਾਈ॥ ਪੂਰ ਮੈ ਜਾਚਕ ਨਜਰ ਨ ਆਵੈ ਦਾਨ ਜੁ ਲੇਵੈ ਭਾਈ ॥ਸੁਪੂਰਨੰ॥"= = =

ਹੱਥ ਲਿਖਤ ਨੰ : MS 1102 ਹ
ਸਿਰਲੇਖ : ਪੈਂਤੀ ਅਖਰੀ
ਲੇਖਕ : ਮਨ ਮਸ੍ਤਾਨ
ਪੱਤਰੇ : 70 ੳ – 106 ਅ
ਆਕਾਰ : 15 X 10 ਸ.ਮ. ਲਿਖਤ : 9.5 X 5.5 ਸ.ਮ.
ਵੇਰਵਾ : ਓਹੀ। ਸਤਰਾਂ ਪ੍ਰਤੀ ਪੰਨਾ-7 ਹਨ।
ਆਮ ਵੇਰਵਾ : ਲਿਖਾਈ ਚੰਗੀ, ਕਾਨੀ ਬਦਲੀ ਹੋਈ ।
ਆਰੰਭ : "ੴ॥ਸਤਿਗੁਰ ਪ੍ਰਸਾਦਿ ॥ ●= ਊੜੈ ਉਸਤਤ ਤਾਕੀ ਕੀਜੈ ਜਾਕਾ ਅੰਤ ਨ ਪਾਇਆ ਨੀ ॥ ਮਧ ਜੋਬਨ ਦੇ ਭਈ ਬਾਵਰੀ ਬ੍ਰਿਥਾ ਜਨਮ ਗਵਾਇਆ ਨੀ ॥"
ਅੰਤ : "ਹੁਣ ਤੂ ਸਮਝ ਦੇਖ ਲੈ ਜਿੰਦੜੀ ਦਿਤੀ ਰੱਬ ਮਿਲਾਇ ਕੁੜੇ॥ ਮਨ ਮਸ੍ਤਾਨ ਆਖਦਾ ਤੈਨੂ ਇਉ ਮਿਲਾਣੇ ਦਾ ਚਾਇ ਕੁੜੇ ॥੩੫॥ ਪੈਂਤੀ ਅਖਰੀ ਸੰਪੂਰਨ॥" = ॥ = ॥
= ॥ =

ਹੱਥ ਲਿਖਤ ਨੰ : MS 1102 ਕ
ਸਿਰਲੇਖ : ਕੌਸਿਲਯਾ ਜੀ ਕਾ ਬਾਰਹਮਾਸ
ਸਮਾਂ : ਸੰਮਤ ੧੯੧੮

ਪੱਤਰੇ : 106 ਅ – 111 ਅ

ਆਕਾਰ : 15 X 10 ਸ.ਮ. ਲਿਖਤ : 9.5 X 5.5 ਸ.ਮ.

ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ – 7 ਹਨ।

ਆਮ ਵੇਰਵਾ : ਲਿਖਾਈ ਚੰਗੀ ਪੋਥੀ ਦੀ ਹਾਲਤ ਠੀਕ ਠੀਕ ।

ਆਰੰਭ : "ਅਥ ਕੌਸਿਲਯਾ ਜੀ ਕਾ ਬਾਰਾਹਮਾਸ॥●= ਚੈਤ ਅਜੁਧਯਾ ਜਨਮੇ ਰਾਂਮ ॥ ਚੰਦਨ ਸੈਲਿ ਪਵਾਏ ਧਾਂਮ ॥ ਗਜ ਮੁਤਿਯਨ ਕੇ ਚੌਕ ਪੁਰਾਇ॥ ਰਣ ਕਲਸ ਦੀਏ ਭਰਵਾਯ॥"

ਅੰਤ : "ਸੰਬਤੁ ੧੯੧੮ ਬਰਖ ਮਾਘ ਮਾਸੇ ਸੁਭ ਤਿਥਊ ਚੌਥਮਯਾਂ ਕ੍ਰਿਸ੍ਨ ਪਛੇ ਸਂਕਟ ਬ੍ਰਿਤ ਸ੍ਰੀ ਗਣੇਸ ਜੀ ਕਾ ਰਵਿਵਾਸਰੇ ਰਾਤ੍ਰੀ ਕਾ ਘੰਟਾ ਗਿਯਾਰਮਾ ਬਜਾ ਤ੍ਰੁਸੇਮ ਸਿੰਘੋ ਦਯੇ ਸੁਭੰਦ ਦਾਤੁ।ਫਗਾ ਸਿੰਗ ਪਠਨਾਰਥੰ॥"

ਹੱਥ ਲਿਖਤ ਨੰ : MS 1102 ਖ

ਸਿਰਲੇਖ : ਰਾਗ ਬਿਹਾਗੜਾ ਛੰਤ ੪

ਸਮਾਂ : ਸੰਮਤ ੧੯੧੮

ਪੱਤਰੇ : 108 ੳ – 123 ੳ

ਆਕਾਰ : 15X 10 ਸ.ਮ. ਲਿਖਤ : 9.5 X 5.5 ਸ.ਮ.

ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ – 7 ਹਨ।

ਆਮ ਵੇਰਵਾ : ਲਿਖਾਈ ਸੁੰਦਰ, ਪੋਥੀ ਦੀ ਹਾਲਤ ਠੀਕ ਠੀਕ ।

ਆਰੰਭ : "ਰਾਗ ਬਿਹਾਗੜਾ ਛੰਤ ੪ ੧ੑਓ ਸਤਿਗੁਰ ਪ੍ਰਸਾਦਿ ॥ ਹਰਿ ਹਰਿ ਨਾਮ ਧਿਆਈਐ ਮੇਰੀ ਜਿੰਦੜੀਏ ਗੁਰਮੁਖਿ ਨਾਮ ਅਮੋਲੇ ਰਾਮ ॥"

ਅੰਤ : "ਇਸ ਬੰਦੇ ਸਿਰਿ ਜੁਲਮ ਹੋਤਾ ਹੈ ਜਮੁ ਨਹੀ ਹਟੈ ਗੁਸਾਈ॥੪॥ਆਸਾ ਸ੍ਰੀ ਕਬੀਰ ਜੀਉ ਕੇ ਪੰਚ ਪਦੇ ਦੁਤੁਕੇ॥"● ● ● ●

ਹੱਥ ਲਿਖਤ ਨੰ : MS 1102 ਗ

ਸਿਰਲੇਖ : ਕਰਨੀ ਨਾਮ ਰੁਕਨਦੀਨ ਨਾਲ ਹੋਇਆ

ਪੱਤਰੇ : 123 ਅ– 128 ਅ

ਆਕਾਰ : 15 X 10 ਸ.ਮ. ਲਿਖਤ : 9.5 X 5.5 ਸ.ਮ.

ਵੇਰਵਾ : ਓਹੀ ।ਸਤਰਾਂ ਪ੍ਰਤੀ ਪੰਨਾ – 7 ਹਨ।

ਆਮ ਵੇਰਵਾ : ਕਾਨੀ ਬਦਲੀ ਹੋਈ,ਪੱਤਰੇ ਫਟੇ ਹੋਏ, ਕਈ ਪੱਤਰਿਆਂ ਉਪਰ ਲਿਖਤ ਅਧੂਰੀ । ਪੱਤਰੇ ਹੋਰ ਪੋਥੀ ਨਾਲੋਂ ਉਤਾਰੇ ਹੋਏ ਹਨ ਕਿਸੇ ਹੋਰ ਪੋਥੀ ਦਾ ਹਿੱਸਾ ਹਨ ।

ਆਰੰਭ : "੧ੑਓ ਸਤਿਗੁਰ ਪ੍ਰਸਾਦਿ ॥ ਕਰਨੀਨਾਮ ਰੁਕਨਦੀਨ ਨਾਲ ਹੋਇਆ ॥ ਬਾਬੇ ਕੀਤਾ ॥ ਨਾਨਕ ਆਖੈ ਰੁਕਨਦੀਨ ਸਚੇ ਸੁਣ ਜਬਾਬ॥"

ਅੰਤ : "ਪੀੜੀ ਸ੍ਰੀ ਸਤਿਗੁਰ ਜੀ ਕੀ-----ਪੱਤਰੇ ਫਟੇ ਹੋਏ----ਕੋਈ ਸ੍ਵਦਨਿ ਕਰੇਗਾ ਚਿਤ ਰਖੇ---- ਸੋ ਮੁਕਤ ਪਾਵੈਗਾ॥"

ਹੱਥ ਲਿਖਤ ਨੰ : MS 1102 ਘ

ਸਿਰਲੇਖ : ਸਰੋਧੇ ਕਾ ਵਿਚਾਰ

ਪੱਤਰੇ : 131 ੳ – 147 ਅ

ਆਕਾਰ : 15 X 10 ਸ.ਮ. ਲਿਖਤ : 9.5 X 5.5 ਸ.ਮ.

ਵੇਰਵਾ : ਓਹੀ। ਸਤਰਾਂ ਪ੍ਰਤੀ ਪੰਨਾ - 7 ਹਨ।

ਆਮ ਵੇਰਵਾ : ਪੋਥੀ ਦੇ ਪੱਤਰੇ ਭਿੱਜੇ ਹੋਏ ਹਨ । ਲਿਖਾਈ ਧੱਬਿਆਂ ਵਾਲੀ । ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ।

ਆਰੰਭ : "ੴ ਸਤਿਗੁਰ ਪ੍ਰਸਾਦਿ ॥ ਅਥ ਸਰੋਧੇ ਕਾ ਵਿਚਾਰ ॥ ਪ੍ਰਿਥਮੇ ਭਵਰ ਗੁੰਜਾਰ ॥ ਸੰਖ ਧੰਨ ਦੁਤੀਏ॥"

ਅੰਤ : "ਜਾਘ ਦ੍ਰੁਬ ਹਾਨ॥ ਗੋਡਾ ਫੁਰੇ ਬੈਲ ਬਕਰੀ ਸਿੰਘ ਹੋਇ ॥ ਪਿਮਤਰ ਫੁਰੇ ਜਾਤ੍ਰਾ ਲਾਭ ॥ ਜੋਠਾ ਫੁਰੇ ਤੋ ਸਹੀ ਲਾਭ ॥ ਜੰਤ੍ਰ ਲਿਖੇ ਵੀਰ ਵਾਰ ਕੋ ਦਰਬਾਰ ਬਸ ਹੋਈ ॥

ਹੱਥ ਲਿਖਤ ਨੰ : MS 1102 ਛ

ਸਿਰਲੇਖ : ਰਮਲ

ਪੱਤਰੇ : ਪੱਤਰਾ ਨੰਬਰ ਨਹੀਂ ਦਿਤੇ ।

ਆਕਾਰ : 15X 10 ਸ.ਮ. ਲਿਖਤ : 9.5 X 5.5 ਸ.ਮ.

ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ - 7 ਹਨ।

ਆਮ ਵੇਰਵਾ : ਪੱਤਰੇ ਕਿਸੇ ਹੋਰ ਪੋਥੀ ਦਾ ਹਿੱਸਾ ਹਨ । ਇੰਜ ਜਾਪਦਾ ਹੈ ਕਿ ਕਿਸੇ ਹੋਰ ਪੋਥੀ ਨਾਲੋਂ ਇਹ ਪੱਤਰੇ ਉਤਾਰੇ ਗਏ ਹਨ । ਕਾਨੀ ਬਦਲੀ ਹੋਈ ਹੈ ਲਿਖਾਈ ਚੰਗੀ ਹੈ । ਅਤੇ ਪੋਥੀ ਦੀ ਹਾਲਤ ਠੀਕ ਠੀਕ।

ਆਰੰਭ : "ੴ ਸਤਿਗੁਰ ਪ੍ਰਸਾਦਿ ॥੧॥ ਸ੍ਰੀ ਗਣੇਸਾਇ ਨਮਹ ॥ ਸ੍ਰੀ ਸਰਸਤੀਜੀਏ ਨਮਹ ॥●: ਅਥ ਰਮਲ ਲਿਖਯਤੇ ॥ ੧੧੧॥ ਯਹ ਸਗੁਨ ਸੋ ਜੀਤ ਹੋਇਗੀ ॥ ਮਨ ਮੈ ਚਿਤਵੈਗੋ ਸੋ ਪਾਉਗੇ-ਸਗੁਨ ਮੈ ਜੀਤ ਹੈ ॥"

ਅੰਤ : "ਮਿਤ੍ਰ ਮਿਲੈਗਾ॥ ਸਰੀਰ ਪੀੜਾ ਹੈ ਸੋ ਮਿਟੈਗੀ॥ ਅਬ ਤੁਮਾਰੇ ਦਿਨ ਅਛੈ ਆਏ ਹੈ ॥ ਅਬ ਲਾਭ ਹੋਇਗਾ ॥ ਨਿਸਾਨੀ ਤੁਮਾਰੇ ਸਰੀਰ ਮੈ ਗੁਪਤ ਚਿੰਤਾ ਹੈ ॥" ਹੜਤਾਲ ਫੇਰੀ ਹੋਈ ਹੈ ॥

ਹੱਥ ਲਿਖਤ ਨੰ : MS 1103 ਸੰਗ੍ਰਹਿ

ਸਿਰਲੇਖ : ਮੋਖ ਪੰਥ ਪ੍ਰਕਾਸ

ਲੇਖਕ : ਗੁਲਾਬ ਸਿੰਘ, ਨਗੌਰੀ ਰਾਇ

ਸਮਾਂ : ਸੰਬਤ ੧੮੮੫

ਪੱਤਰੇ : 1 ੳ – 194 ੳ

ਆਕਾਰ : 21 X 14 ਸ.ਮ. ਲਿਖਤ : 15 X 11 ਸ.ਮ.

ਵੇਰਵਾ : ਜਿਲਦ ਗੱਤਾ ਕਪੜਾ। ਸਿਆਹੀ ਕਾਲੀ,ਵਖਰੇਵੇਂ ਲਈ ਲਾਲ। ਹਾਸ਼ੀਆ ਦੋਵੇਂ ਪਾਸੇ ਦੋ ਦੋ ਕਾਲੀਆਂ ਲਕੀਰਾਂ। ਸਤਰਾਂ ਪ੍ਰਤੀ ਪੰਨਾ - 10 ਹਨ।

ਆਮ ਵੇਰਵਾ : ਪੋਥੀ ਦੇ ਸ਼ੁਰੂ ਵਿਚ ਤੱਤਕਰਾ ਦਿਤਾ ਹੋਇਆ ਹੈ । ਲਿਖਾਈ ਸੁੰਦਰ,ਕਾਨੀ ਬਦਲੀ ਹੋਈ ਅਤੇ ਹਾਸ਼ੀਏ ਤੋਂ ਬਾਹਰ ਵੀ ਕੀਤੀ ਹੋਈ ਹੈ । ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ ।

ਆਰੰਭ : "ਅਥ ਮੋਖ ਪ੍ਰਕਾਸ ਲਿਖਤੇ ਸ੍ਰੀ ਰਾਮਾਨੁਜਾਯੇ ਨਮਹ ॥=॥ ੴ ਸਤਿਗੁਰ ਪ੍ਰਸਾਦਿ ॥ ਓ ਸ੍ਰੀ ਗਣੇਸਾਯ ਨਮਹਾ ॥ ਸ੍ਵੈਯਾ॥ ਯਹਾਂ ਜਗ ਮੈ ਜਿਨ ਕੇ ਪਦ ਪੰਕਜ ਸੇਵਤ ਨੀਤ ਸੁਰੇਸ੍ਵਰ ਭਾਰੀ ॥ ਔਰ ਸੁਰਾਂਗਨ ਸੇਵਤ ਹੈ ਅਰੁ ਜਾਹਿ ਭਜੈ ਭਵ ਮੈ ਮੁਖਚਾਰੀ ॥"

ਅੰਤ : "ਇਤ ਸ੍ਰੀ ਮਤ ਮਾਨ ਸਿੰਘ ਚਰਣ ਸਿਖਯਤ ਗੁਲਾਬ ਸਿੰਘ ਨਗੌਰੀ ਰਾਇਆ ਆਤਮ ਜੇਨ ਵਿਰਚਤੇ ਮੋਖ ਪੰਥ ਪ੍ਰਕਾਸ ਵਿਦੇਹ ਮੁਕਤਿ ਨਿਰਣਯੋ ਨਾਮ ਪੰਚਮੋ ਨਿਵਾਸ: ਪ ਮੋਖ ਪੰਥ ਪ੍ਰਕਾਸੇ ਸੰਪੂਰਣ:"

ਹੱਥ ਲਿਖਤ ਨੰ : MS 1103 ਅ
ਸਿਰਲੇਖ : ਸੁਪਨੱਕ
ਲੇਖਕ : ਗੁਲਾਬ ਸਿੰਘ ਨਗੌਰੀ ਰਾਇ
ਸਮਾਂ : ਸੰਮਤ 1885 (ਰਚਨਾ ਕਾਲ) ਸੰਮਤ 1834
ਪੱਤਰੇ : 194 ੳ – 207 ਅ
ਆਕਾਰ : 21 X 14 ਸ.ਮ. ਲਿਖਤ : 15 X 11 ਸ.ਮ.
ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ – 10
ਆਮ ਵੇਰਵਾ : ਲਿਖਾਈ ਹਾਸ਼ੀਏ ਤੋਂ ਬਾਹਰ ਕੀਤੀ ਹੋਈ ਹੈ । ਕਾਨੀ ਬਦਲੀ ਹੋਈ ਹੈ । ਪੋਥੀ ਦੀ ਹਾਲਤ ਠੀਕ ਠੀਕ ।
ਆਰੰਭ : "ਅਥ ਸੁਪਨੱਕ ਲਿਖਯਤੇ ॥ ੧ੴਸਤਿਗੁਰ ਪ੍ਰਸਾਦਿ ॥ ਅਨੰਗਸੇਖਰ ਛੰਦ ॥ ਤਿਨੇ ਨਮੋ ਸਦਾ ਮੁਦਾ ਬਿਸਾਲ ਬਾਹੁ ਰਾਮ ਜੋਸੁ ਭੀਲਨੀ ਉਧਾਰ ਕੈ ਕਪੀਸ ਕੇ ਸਖੇ ਬਣੇ॥"
ਅੰਤ : "ਇਤ ਸ੍ਰੀ ਮਾਨ ਸਿੰਘ ਚਰਣ ਸਿਖਤ ਗੁਲਾਬ ਸਿੰਘ ਨਗੌਰੀ ਰਾਇ ਆਤਮ ਜੇਨ ਵਿਰਚਤੇ ਭਵਿਖਤ ਅਰਥ ਪ੍ਰਕਾਸੇ ਕੇਵਲ ਸੁਪਨ ਨਿਰਣਯੋ ਨਾਮ ਦੁਤੀਯੋਧਿਆਇ॥ ਸਮਾਪਤੰ ਸੁਭੰ ਭੂਯਾਤ ਸੰਵਤ ੧੮੩੪ । ਸ੍ਰੀ ਰਾਮ ਜਯਤਿ ॥ ਰਾਮ ਰਾਮ ਰਾਮ ਸੁਪਨੇ, ਕੋ ਸੰਪੂਰਣਮ"

ਹੱਥ ਲਿਖਤ ਨੰ : MS 1103 ਏ
ਸਿਰਲੇਖ : ਭਾਈ ਬਹਿਲੋ ਬੰਸਾਵਲੀ
ਸਮਾਂ : ਸੰਮਤ ੧੮੮੫ (ਰਚਨਾ ਕਾਲ) ਸੰਮਤ ੧੮੩੪
ਪੱਤਰੇ : 208 ੳ – 209 ਅਓ
ਆਕਾਰ : 21 X 14 ਸ.ਮ. ਲਿਖਤ : 15 X 11 ਸ.ਮ.
ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ – 10 ਹਨ।
ਆਮ ਵੇਰਵਾ : ਕਾਨੀ ਬਦਲੀ ਹੋਈ । ਸਿਆਹੀ ਦੇ ਧੱਬੇ ਪੈਣ ਕਰਕੇ ਲਿਖਾਈ ਸਪਸ਼ਟ ਨਹੀਂ ਹੈ ।
ਆਰੰਭ : "ਬਾਬਾ ਬਹਿਲੋ ਨਾਨੂ ਭਗਤ ਚੰਦ ਗੁਰਦਾਸ ਭਏ ਅਤਿ ਸੂਰੇ ॥ ਧਰਮ ਚੰਦ ਤੇ ਚੰਦ ਭਾਨ ਹਮੀਰ ਚੰਦ ਸਿਧ ਪੂਰੇ ॥ ਸੰਗਤਿ ਸਿੰਘ ਸੁਧਵਾਨ ਕੋ ਆ ਕਹੋਂ ਤਿਨ ਕੀ ਉਸਤਤੇ ॥ ਨਿਹਾਲ ਸਿੰਘ ਚਰਨਾਰ ਬਿੰਦ ਪੰਜਾਬ ਸਿੰਘ ਨਮਸਤਤੇ॥ ਗੁਰੂ ਅਰਜਨ ਪ੍ਰਤਾਪ ਤੇ ਗਯਾਨ ਯੁਤ ਗਹੀ ਨੌਧਾ ਭਰਾਤਾ ॥ ਜਨ ਬਹਿਲੋ ਪ੍ਰਗਟ ਭਏ ਲਹੀ ਭੁਗਤ ਮੁਕਤ ਇਸ ਜਗਤ ॥"
ਅੰਤ : "ਸੰਬਤ ਅਠਾਰਾਂ ਸੈ ਪਚਾਸੀਏ ਸਾਵਣ ਪੋਥੀ ਲਿਖੀ॥ ਸੰਮਤ ੧੮੮੫॥ = ॥ = ॥ = ॥ ="

ਹੱਥ ਲਿਖਤ ਨੰ : MS 1104
ਸਿਰਲੇਖ : ਸ੍ਰੀ ਅਧਯਾਤਮ [ਅਧਿਆਤਮ] ਰਮਾਇਣੇ
ਲੇਖਕ : ਗੁਲਾਬ ਸਿੰਘ
ਸਮਾਂ : ਸੰਮਤ ੧੮੩੯
ਪੱਤਰੇ : 1 ੳ – 254 ਅ
ਆਕਾਰ : 37 X 17 ਸ.ਮ. ਲਿਖਤ : 16 X 12 ਸ.ਮ.
ਵੇਰਵਾ : ਜਿਲਦ ਗੱਤਾ ਰੈਕਸੀਅਨ। ਸਿਆਹੀ ਕਾਲੀ। ਹਾਸ਼ੀਆ ਦੋਵੇਂ ਪਾਸੇ ਦੋ ਦੋ ਲਾਲ, ਕਾਲੀਆਂ ਲਕੀਰਾਂ; ਵਿਚਕਾਰ ਇਕ ਮੋਟੀ ਪੀਲੀ ਲਕੀਰ। ਸਤਰਾਂ ਪ੍ਰਤੀ ਪੰਨਾ – 13 ਹਨ।

ਆਮ ਵੇਰਵਾ : ਪੋਥੀ ਦੇ ਇਕ ਪਾਸੇ ਤੋਂ ਭਿੱਜੀ ਹੋਈ ਹੈ, ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ। ਲਿਖਾਈ ਹਾਸ਼ੀਏ ਤੋਂ ਬਾਹਰ ਕੀਤੀ ਹੋਈ । ਲਿਖਾਈ ਸੁੰਦਰ,ਪੋਥੀ ਦੀ ਹਾਲਤ ਠੀਕ ਠੀਕ ॥

ਆਰੰਭ : "ੴ ਸਤਿਗੁਰ ਪ੍ਰਸਾਦਿ ॥ ਸ੍ਰੀ ਗਣੇਸਾਯਨਮ: ॥ ॥ਦੋਹਰਾ॥ਦੇਵੀ ਮਾਤਾ ਸਾਰਦਾ ਸਰਦ ਇੰਦ ਸਮਹਾਸ ॥ ਬੰਦੋਪਦ ਪੰਕਜ ਸਦਾ ਕਰੋ ਸੁਮਤਿ ਪ੍ਰਕਾਸ॥੧॥ਸੰਕਰ ਛੰਦ॥ ਗਣ ਨਾਥ ਦਾਸ ਨਿਵਾਇ ਮਸਤਕ ਬੰਦਨਾ ਪਗ ਧਾਰ॥ ਕਰਯੋ ਚਹੇ ਉਰ ਰਾਮ ਕੋ ਜਸੁ ਦੇਹੁ ਬੁਧਿ ਉਦਾਰ॥ਸੁਰ ਗੁਰੁ ਕਰੇ ਸੁਰ ਰਾਜ ਕਾਰਯ ਪਾਦ ਕੰਜ ਮਨਾਇ॥ ਹੇ ਰੰਘ ਨਾਥ ਅਨਾਥ ਮੇ ਧੀਰ ਬੀਰ ਸਹਾਇ ॥ ਸਵੈਯਾ॥ ਅਜ ਸੂਰਜਬੰਸ ਬਿਖੇ ਨਿਪਜੇ ਰਿਖ ਯੱਗ ਬਿਨਾਸਿਕ ਪ੍ਰਾਨ ਨਿਕਾਰੇ ॥ ਰਿਖ ਨਾਰਿ ਉਧਾਰ ਕੀ ਛਿਨ ਮੈ ਜਿਹ ਬੀਚ ਸਮੁੰਦ੍ਰਹ ਭੂ ਧਰ ਤਾਰੇ॥"

ਅੰਤ : "੫੨॥ਦੋਹਰਾ॥ ਗ੍ਰਹ ਅਗਨੀ ਵਸੁ ਚੰਦ ਪੁਨਿ ਸੰਬਤਿ ਆਨੰਦ ਧਾਰ॥ਦਸਮੀ ਕਾਤਕ ਸੁਦੀ ਸੁਭ ਸੁਰਾ ਧੀਮ ਗੁਰਵਾਰ॥੫੩॥ ਇਤਿ ਸ੍ਰੀ ਅਧਯਾਤਮ ਰਾਮਾਇਣੇ ਉਮਾਂਮਹੇ ਸੁਰਬੰਸ ਦੇ ਉਤ੍ਰ ਕਾਂਡੇ ਬੈਕੁੰਠਿ ਨਿਰਯਾਣੋ ਨਾਮ ਨਵਮੋ ਧਯਾਇ ॥੯॥ ਸਮਾਪਤੋ॥ ਸੰਪੂਰਣੰ ਸੁਭ ਮਸਤੁ ਸ੍ਰੁਬ ਜਗਤਾਮ੍ਰਾ॥ਦੋਹਰਾ॥ਗੁਲ ਸੁ ਤਨ ਤ੍ਰੈ ਗੁਰੁ ਲਹੁ ਦਵਾਸੀ ਕੁਸਮ ਸੁਖਾਨ॥ ਆਬਿ ਤ੍ਰਿਧਾਸ ਚਿਤ ਸੁਖੰ ਸਿੰਘ ਲਖਨ ਮਤ ਸੁਜਾਨ॥੧॥"

ਹੱਥ ਲਿਖਤ ਨੰ : MS 1105 ਸੰਗ੍ਰਹਿ

ਸਿਰਲੇਖ : ਪੋਥੀ ਗੁਰਬਾਣੀ

ਪੱਤਰੇ : 1 ੳ -153 ੳ - 168 ਅ - 259 ਅ

ਆਕਾਰ : 13 X 16.5 ਸ.ਮ. ਲਿਖਤ : 8 X 13.5 ਸ.ਮ.

ਵੇਰਵਾ : ਜਿਲਦ ਗੱਤਾ ਕਪੜਾ,ਉਖੜੀ ਹੋਈ। ਸਿਆਹੀ ਕਾਲੀ। ਵਖਰੇਵੇਂ ਲਈ ਲਾਲ। ਹਾਸ਼ੀਆ ਦੋਵੇਂ ਪਾਸੇ ਦੋ ਦੋ ਕਾਲੀਆਂ ਲਕੀਰਾਂ, ਵਿਚਕਾਰ ਇਕ ਲਾਲ ਲਕੀਰ। ਸਤਰਾਂ ਪ੍ਰਤੀ ਪੰਨਾ–14 ਹਨ।

ਆਮ ਵੇਰਵਾ : ਪੋਥੀ ਭਿੱਜੀ ਹੋਈ ਹੈ ਅਤੇ ਪਤਰਿਆਂ ਦੀ ਹਾਲਤ ਖਸਤਾ, ਕਾਨੀ ਬਦਲੀ ਹੋਈ । ਲਿਖਾਈ ਹਾਸ਼ੀਏ ਤੋਂ ਬਾਹਰ ਵੀ ਕੀਤੀ ਹੋਈ ਹੈ । ਲਿਖਾਈ ਸੁੰਦਰ, ਪੋਥੀ ਦੀ ਹਾਲਤ ਠੀਕ ਠੀਕ ।

ਆਰੰਭ : "ੴ ਸਤਿਨਾਮ ਕਰਤਾਪੁਰਖੁ ਨਿਰਭਉ ਨਿਰਵੈਰੁ ॥ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ਜਪੁ॥"

ਅੰਤ : ੨੯੭ ਪੰਨਾ,"ਰਾਗ ਜੈਤਸਿਰੀ ਕੀ ਵਾਰ ਮ:੫ ॥ਸਲੋਕ॥ ਆਦਿ ਪੂਰਨ ਮਧ ਪੂਰਨ ਅੰਤ ਪੂਰਨ ਪਰਮੇਸੁਰਹਿ॥

ਪੰਨਾ–੨੫੯ : "ਪ੍ਰਭ ਦਇਆਲ ਬੇਅੰਤ ਪੂਰ ਏਕੁ ਏਹੁ ॥ ਸਭ ਕੁਛਿ ਆਪੇ ਆਪੁ ਦੁਜਾ ਕਹਾ ਕੇਹੁ॥ ਆਪੁ ਕਰਹੁ ਪ੍ਰਭ ਦਾਨ ਆਪੇ ਆਪ ਲੋਹੁ ॥ ਆਵਣ ਜਾਣਾ ਹੁਕਮ ਸਭਿ ਨਿਹਚਲੁ ਤੁਧ ਥੇਹੁ॥ ਨਾਨਕ ਮੰਗੇ ਦਾਨੁ ਕਰਿ ਕਿਰਪਾ ਨਾਮ ਦੇਹੁ ॥੨●॥੧੯॥"

ਹੱਥ ਲਿਖਤ ਨੰ : MS 1105 ਅ

ਸਿਰਲੇਖ : ਮੁਨਾਜਾਤ ਬਹਰ ਤਵੀਲ ਮਹਲਾ ੧

ਪੱਤਰੇ : 157 ੳ – 168 ੳ

ਆਕਾਰ : 13 X 16.5 ਸ.ਮ. ਲਿਖਤ : 8 X 13.5 ਸ.ਮ.

ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ – 14 ਹਨ।

ਆਮ ਵੇਰਵਾ : ਲਿਖਾਈ ਸੁੰਦਰ, ਪੋਥੀ ਦੀ ਹਾਲਤ ਠੀਕ ਠੀਕ ।

ਆਰੰਭ : "ੴ ਸਤਗੁਰ ਪ੍ਰਸਾਦਿ ਮੁਨਾਜਾਤ ਬਹਰ ਤਵੀਲ ਮਹਲਾ ੧ ਸਲੋਕ ॥ ਖਾਲਕ ਸਚਾ ਪਾਕ ਹੈ ਸਾਫ ਕਲੂ ਬਸਮਾਲ ॥ ਨਾਨਕ ਸਚਾ ਚੇਤਿ ਕੈ ਕੀਤੋ ਸੁਜਗਤ ਨਿਹਾਲ ॥੧॥ ਈਨ ਸੂ ਬਸ ਸੂ ਆਸ ਚਾਰਾ ॥ ਰਹਾਉ॥"

ਅੰਤ : "ਦੂਣੀ ਚਉਣੀ ਕਰਾਮਾਤਿ ਸਚੇ ਕਾ ਸਚਾ ਢੋਆ॥ ਚਾਰੇ ਜਾਗੇ ਚਹੁ ਜੁਗੀ ਪੰਚਾਇਣ ਆਪੇ ਹੋਆ ॥੮॥੩॥"

ਹੱਥ ਲਿਖਤ ਨੰ : MS 1106 ਸੰਗ੍ਰਹਿ

ਸਿਰਲੇਖ : ਜਪੁ ਜਪੁ ਪਰਮਾਰਥ

ਸਮਾਂ : ਸੰਮਤ 1924

ਸਥਾਨ : ਸ੍ਰੀ ਅੰਮ੍ਰਿਤਸਰ

ਪੱਤਰੇ : 1 ਉ –111 ਅ

ਆਕਾਰ : 16.5 X 12 ਸ.ਮ. ਲਿਖਤ : 11.5 X 7.5 ਸ.ਮ.

ਵੇਰਵਾ : ਜਿਲਦ ਗੱਤਾ ਰੈਕਸੀਅਨ। ਸਿਆਹੀ ਕਾਲੀ,ਵਖਰੇਵੇਂ ਲਈ ਲਾਲ। ਹਾਸ਼ੀਆ ਪਹਿਲੇ ਪੰਨੇ ਉਪਰ ਦੋਹਰਾ, ਚਾਰੇ ਪਾਸੇ, ਬਾਕੀ ਪੋਥੀ ਉਪਰ ਦੋਹਰਾ ਹਾਸ਼ੀਆ। ਸਤਰਾਂ ਪ੍ਰਤੀ ਪੰਨਾ – 8 ਹਨ।

ਆਮ ਵੇਰਵਾ : ਪੋਥੀ ਦੀ ਜਿਲਦ ਉਖੜੀ ਹੋਈ ਹੈ, ਲਿਖਾਈ ਸੁੰਦਰ, ਪੱਤਰੇ ਇਕ ਪਾਸੇ ਤੋਂ ਕਟੇ ਹੋਏ ਹਨ ਅਤੇ ਪੰਨਾ ਨੰਬਰ ਵੀ ਕਟੇ ਹੋਏ ਹਨ। ਪੋਥੀ ਦੀ ਹਾਲਤ ਠੀਕ ਠੀਕ। ਕੰਨੇ (ਾ) ਦਾ ਪਰਯੋਗ ਬਿੰਦੀ ਨਾਲ ਕੀਤਾ ਹੋਇਆ ਹੈ। ਅਤੇ ਲਿਖਤ ਹਾਸ਼ੀਏ ਤੋਂ ਬਾਹਰ ਕੀਤੀ ਹੋਈ ਹੈ ॥

ਆਰੰਭ : "ੴ ਸਿਤਿਗੁਰ ਪ੍ਰਸਾਦਿ ੧ । ਰਾਗ ਆਸਾ ਗੂਜਰੀ ਮਹਲਾ ੫ ਜਪੁ ਜਪੁ ਪਰਮਾਰਥ ਅਰਥ ਨਾਲਿ ਲਿਖਣਾ॥ ਜੇ ਕੋਈ ਇਸ ਜਪੁ ਨੂੰ ਪੜੈਗਾ ਵਾ ਲਿਖ ਸਕੈਗਾ ਤਿਸ ਕੀ ਪਰਮਗਤ ਹੋਵੈਗੀ॥ ਤਬ ਸ੍ਰੀ ਗੁਰੂ ਜੀ ਬਾਬਾ ਨਾਨਕ ਜੀ ਇਕ ਦਿਨ ਪੰਜਾਬ ਕੀ ਧਰਤੀ ਨਗਰ ਕਰਤਾਰਪੁਰ ਬੈਠਾ ਥਾ ॥ ਅਰੁ ਪਰਮੇਸਰ ਕੀ ਦਰਗਾਹਿ ਬੁਲਾਇਆ ॥"

ਅੰਤ : "ਜੋ ਮਨਸਾ ਮਨ ਮੋ ਧਰੈ ਸੋ ਪੂਰਨ ਕਰੈ ਭਗਵਾਨੁ ॥ ਅਹਨਿਸ ਜਪ ਜਪਤਾ ਰਹੈ ਦਾਸ ਨਾਨਕ ਦੀਜੈ ਦਾਨੁ॥੧॥ ਤਿਸਕਾ ਪਰਮਾਰਥੁ ॥ ਬੋਲਹੁ ਭਾਈ ਵਾਹਿਗੁਰੂ ਜਪੁ ਅਠਤੀ ਪੌੜੀਆ ਸੰਪੂਰਨ ਲਿਖਿਯਾ । ਏਹੁ ਇਸ ਕਾ ਜਪ ਪਰਮਾਰਥ ਕਾ ਪਾਠ ਕਰਨਾ ਸੋ ਸੋਈ ਸਿਖ ਹੈ ॥੧॥

ੴ ਸਿਤਿਗੁਰ ਪ੍ਰਸਾਦਿ॥ ਤਾ ਜਪ ਦੀ ਗੋਸਟ ਕਰਕੇ ਸਾਰੀ ਸਿਧ ਮੰਡਲੀ ਨੂੰ ਜੀਤਯਾ ॥ ਆਪਣਾ ਪੰਥ ਨਿਰਾਲਾ ਕੀਤਾ॥ ਕਲਜੁਗ ਵਿਚ ਜਪ ਤੇ ਤਪ ਖਰੇ ਕਠਨ ਹੈਨ ਤੇ ਨਾਮ ਸੁਖਾਲਾ ਹੈ ਤੇ ਨਾਮੁ ਹੀ ਦ੍ਰਿੜਾਇਆ ਹੈ ਭਾਵੈ ਗ੍ਰਿਹਸਤ ਵਿਚ ਹੋਵਨ ਭਾਵੈ ਫਕੀਰੀ ਵਿਚ ਹੋਵਨ ਨਾਮੁ ਹੀ ਕਲਿਯਾਨ ਕਰਦਾ ਹੈ ॥੧॥ ਇਤਿ ਸ੍ਰੀ ਜਪ ਪਰਮਾਰਥ ਸੰਪੂਰਨੰ ਭਵਤਿ ॥੧॥ ਹਰੇ ਰਾਮ

ਸੰਮਤ ੧੯੨੪ ਮਿਤੀ ਫਗਣ ਦਿਨ ੨੪ ॥ਸ੍ਰੀ ਅੰਮ੍ਰਤਸਰ ਜੀ ਨਗਰ ਮੈ ਬੈਠਕੇ ਸੰਪੂਰਨ ਲਿਖਿਆ ॥੧॥ ਸ੍ਰੀ ਗੁਰਵੇ ਨਮ:੧॥"

ਹੱਥ ਲਿਖਤ ਨੰ : MS 1106 ਅ

ਸਿਰਲੇਖ : ਜਪੁਜੀ ਗੋਸਟ ਸਿਧ ਗੋਸਟ

ਸਮਾਂ : ਸੰਮਤ ੧੯੨੪

ਸਥਾਨ : ਸ੍ਰੀ ਅੰਮ੍ਰਿਤਸਰ

ਪੱਤਰੇ : 1 ਉ –102 ਅ

ਆਕਾਰ : 16.5 X 12 ਸ.ਮ. ਲਿਖਤ : 11.5 X 7.5 ਸ.ਮ.

ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ – 8 ਹਨ।

ਆਮ ਵੇਰਵਾ : ਲਿਖਾਈ ਸੁਚੱਜੇ ਢੰਗ ਨਾਲ ਡੀਜ਼ਾਇਨ ਬਣਾ ਕੇ ਕੀਤੀ ਹੋਈ, ਲਿਖਤ ਸੁੰਦਰ, ਪੋਥੀ ਦੀ ਹਾਲਤ ਠੀਕ ਠੀਕ ਹੈ ।

ਆਰੰਭ : "ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰ ਅਕਾਲੁ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥ ਇਕ ਸਮੇਂ ਸ੍ਰੀ ਗੁਰੂ ਨਾਨਕ ਸਾਹਿਬ ਜੀ ਸੁਮੇਰ ਪਰਬਤ ਪਰ ਗਏ॥ ਤਹਾਂ ਸੰਪੂਰਨ ਸਿਧ ਮੰਡਲ ਬੈਠਾ ਥਾ॥ ਤਾਂ ਓਨਾ ਸਿਧਾਂ ਪੂਛਿਆ ਤੁਸੀ ਤਾਂ ਬਾਲੇ ਹੋ॥ ਇਥੇ ਕਿਸ ਦੇ ਬਲ ਕਰ ਆਏ ਹੋ॥ ਤਾਂ ਬਾਬਾ ਕਹਿਆ ਏਕੰਕਾਰ ਇਕ ਜੋ ਵਾਹਿਗੁਰੂ ਪਰਮਾਤਮਾ ਹੈ॥ ਉਸ ਨੇ ਚਾਹਿਆ ਜੋ ਮੈ ਏਕਦਾ ਅਨੇਕ ਹੋਵਾਂ॥"

ਅੰਤ : "ਬੋਲਹੁ ਜੀ ਵਾਹਿਗੁਰੂ ਜਪਜੀ ਗੋਸਟ ਪੂਰੀ ਹੋਈ ॥ ਭੁਲਿਆ ਚੁਕਿਆ ਅੱਖਰ ਸੋਧ ਪੜਨਾ ॥ ਬਖਸ ਲੈਣਾ ॥ ਸ੍ਰੀ ਵਾਹਿਗੁਰੂ ਜੀ ਕੀ ਫਤੇ ॥੧॥ ਸੰਪੂਰਨੰ॥੧॥ ਸੰਮਤ ੧੯੨੪ ਮਿਤੀ ਫਗਨ ਦਿਨ ੨੪ ਕੋ ਪੁਸਤਕ ਸੰਪੂਰਨ ਹੋਇਆ ॥੧॥ ਏਹੁ ਸ੍ਰੀ ਗੁਰਵੇ ਨਮ: ਸ੍ਰੀ ਗੁਰਵੇ ਨਮ: ਹਰੇ:

ਹੱਥ ਲਿਖਤ ਨੰ : MS 1107

ਸਿਰਲੇਖ : ਦ੍ਰਬਯ ਰਤਨਾਵਲੀ ਗੁਰਣਬਾਰਤਕ ਰੂਪ ਸਮਗਰ ਗ੍ਰੰਥ

ਲੇਖਕ : ਗੰਗਾਰਾਮ, ਕਵੀ, ਅੰਮ੍ਰਿਤਸਰੀ

ਪੱਤਰੇ : 1 ੳ-223 ਅ +8 ਅ

ਆਕਾਰ : 17 X 24.5 ਸ.ਮ. ਲਿਖਤ : 11X 20.5 ਸ.ਮ.

ਵੇਰਵਾ : ਜਿਲਦ ਗੱਤਾ ਕਪੜਾ, ਉਖੜੀ ਹੋਈ। ਸਿਆਹੀ ਕਾਲੀ, ਵਖਰੇਵੇਂ ਲਈ ਲਾਲ। ਹਾਸ਼ੀਆ ਦੋਵੇਂ ਪਾਸੇ ਦੋ ਦੋ ਕਾਲੀਆਂ ਲਕੀਰਾਂ। ਸਤਰਾਂ ਪ੍ਰਤੀ ਪੰਨਾ-19 ਹਨ।

ਆਮ ਵੇਰਵਾ : ਤੱਤਕਰਾ ਅਖੀਰ ਵਿਚ ਦਿਤਾ ਹੋਇਆ ਹੈ । ਪੋਥੀ ਕ੍ਰਿਮ ਖੁਰਦਾ ਅਤੇ ਜਿਲਦ ਉਖੜੀ ਹੋਈ ਹੈ ਲਿਖਾਈ ਸਾਫ ਅਤੇ ਪੜ੍ਹਨ ਯੋਗ ਹੈ, ਹੜਤਾਲ ਫੇਰਕੇ ਸੁਧਾਈ ਕੀਤੀ ਹੋਈ; ਪੋਥੀ ਦੀ ਹਾਲਤ ਠੀਕ ਠੀਕ।

ਆਰੰਭ : "ੴ ਸ੍ਰੀ ਗੁਰ ਚਰਨ ਕਮਲੇ ਭਯੋਨਮ:॥ ਸ੍ਰੀ ਜਨੇਂਦ੍ਰਾਯ ਨਮ: ਅਥ ਸਕਲ ਸ੍ਰੀ ਸਰਵੋਰਾਦਗੁਨਗਨ ਵਿਰਾਜਮਾਨ ਪੂਜਯ ਸੂਰਤ ਰਾਮ ਤੱਤ ਸਿਖਯ ਕਵਿ ਗੰਗਾ ਰਾਮ ਜਤੀ ਬਚਨਾਤ ਪ੍ਰਸਿਧ ਦ੍ਰਬਯ ਰਤਨਾਵਲੀ ਨਾਮ ਰੂਪ ਗੁਣਬਾਰਤਕ ਰੂਪ ਲਿਖਯਤੇ ॥ ਪ੍ਰਥਮ ਮੰਗਲਾ ਚਰਨ ਗੁਰ ਕੋ ਪੁਨ: ॥ ਅੰਮ੍ਰਿਤਸਰ ਕੋ॥ਦੋਹਾ॥ ਸ੍ਰੀ ਗੁਰ ਸੂਰਤ ਰਾਮ ਕੇ ਚਰਨ ਜੁਗਲ ਉਰਧਾਰ ॥ਗੰਗ ਯਤੀ ਕਵਿ ਕਰਤ ਹੈ ਗੁਣ ਰਤਨਾਵਲ ਸਾਰ॥੧॥ਪੁਨ:॥"

ਅੰਤ : "ਇਤਯਾਦਕ ਰੋਗੋ ਪ੍ਰਨ ਫਾਕਰ ਹੈ । ਇਤ ਸ੍ਰੀ ਹਰੀਤਯਾਦ ਵਰਗੇ ਜਲਾਧਿਕਾਰ ਵਰਗੇ ਜਲਾਧਿਕਾਰ ਸੰਪੂਰਨੰ ॥ ਸਮਗਰ ਸੰਪੂਰਨੰ:" ਇਸ ਤੋਂ ਮਗਰੋਂ ਤਤਕਰਾ ਦਿਤਾ ਹੋਇਆ ਹੈ । ਅਖੀਰ ਵਿਚ ਇਕ ਪੰਨੇ ਦੀ ਰਚਨਾ ਝੂਲਨਾ ਛੰਦ ਵਿਚ ਦਿਤੀ ਹੋਈ ਹੈ ।

ਪੰਨਾ - ੮ ਆਰੰਭ:- "ੴ ਸਤਿਗੁਰ ਪ੍ਰਸਾਦਿ ਝੂਲਨਾ ਛੰਦ ਨੰਦਕੇ ਨੰਦਅ ਨੰਦਕੇ ਕੰਦ ਅਮੰਦ ਗਜਬੰਦ ਮੁਖਚੰਦ ਸੁਨੀਯੈ ਨੈਨਕੇ ਨੂਰ ਜਸ ਭੂਰ ਦੁਖ ਚੂਰ ਹਿਤ ਪੂਰ ਭਰਭੂਰ ਸੁਖ ਮੂਰ ਗੁਨੀਯੈ ਚੰਦ ਬ੍ਰਿਜ ਛੰਦ ਕਹ ਨੇਤ ਸੁ ਮੁਕੰਦ ਜੂ ਢੰਦ ਭਵ ਫੰਦ ਸੁਨ ਕੰਦ ਕੀਜੈ ਹ੍ਰਿਦੇ ਅਰਬਿੰਦ ਮੈ ਰਹੋ ਮਾਲਿੰਦ ਜਿਉ ਖੜਗ ਮ੍ਰਿਗਿਂਦ ਵਰਦਾਨ ਦੀਜੈ"

ਅੰਤ :- ਜੈ ਕੰਜ ਬਿਕਾਸਨ ਗਯਾਨ ਪ੍ਰਕਾਸਨ ਪਾਪ ਬਿਨਾਸਨਾ ਭਾਰੀ ਜੈ ਨਾਥ ਅਨਾਥਾ ਉਤਮ ਗਾਥਾ ਸ੍ਰਤਮਾਥਾ ਜਸਕਾਰੀ ਜਨ ਮਾਸਨਹੰ ਸਾ ਜਸ ਅਵਤੰ ਸਸਿ ਸ੍ਰਤ ਜਲ ਨਿਧ ਸੇ ਭੂ ਜੈ ਬੇਦ ਬੰਸਾ ਕੰਜ ਸੁਹੰਸਾ ਜੈ ਪਰਸੰਸਾ ਕੇ ਭੂਪ॥ ॥ ॥ ॥ ॥

ਹੱਥ ਲਿਖਤ ਨੰ : MS 1108

ਸਿਰਲੇਖ : ਬਿੱਸ੍ਵ ਬਿਨੋਦ

ਲੇਖਕ : ਬਾਲ ਮੁਕੰਦ ਲਿਖਾਰੀ : ਕਾਲਾ ਸਿੰਘ

ਸਮਾਂ : ਸੰਮਤ 1919

ਸਥਾਨ : ਬੱਬਰੀ ਗ੍ਰਾਮ

ਪੱਤਰੇ : 1 ੳ – 300 ੳ

ਆਕਾਰ : 23 X 35 ਸ.ਮ. ਲਿਖਤ : 15 X 28.5 ਸ.ਮ.

ਵੇਰਵਾ : ਜਿਲਦ ਗੱਤਾ ਕਪੜਾ। ਸਿਆਹੀ ਕਾਲੀ, ਵਖਰੇਵੇਂ ਲਈ ਲਾਲ। ਸਤਰਾਂ ਪ੍ਰਤੀ ਪੰਨਾ-33 ਹਨ।

ਆਮ ਵੇਰਵਾ : ਗ੍ਰੰਥ ਕਿਰਮ ਖੁਰਦਾ, ਖਸਤਾ ਹਾਲ ਵਿਚ, ਸਿਆਹੀ ਦੇ ਧੱਬੇ ਕਈ ਪੰਨਿਆਂ ਉਪਰ; ਲਿਖਾਈ ਹਾਸ਼ੀਏ ਤੋਂ ਬਾਹਰ ਕੀਤੀ ਹੋਈ ਹੈ। ਗ੍ਰੰਥ ਦੇ ਸ਼ੁਰੂ ਵਿਚ ਵਿਸਥਾਰ ਪੂਰਵਕ ਤੱਤਕਰਾ ਦਿਤਾ ਹੋਇਆ ਹੈ ।

ਆਰੰਭ : "ੴ ਸੋਤਿਗੁਰ ਪ੍ਰਸਾਦਿ॥ ਅਥ ਬਿੱਸ ਬਿਨੋਦ ਲਿਖਯਤੇ ॥ਪ੍ਰਥਮ ਮੰਗਲਾ ਚਰਨ॥ ਦੋਹਰਾ ਸ੍ਰੀ ਬਾਲਾ ਤ੍ਰਿਨੈਨਾ ਨਮੋ ਪੁਸਤਕ ਅਭੈ ਵਰ ਹਾਥ॥ ਸੰਤਨ ਕੇ ਹਿਤ ਅਵਤਰੇ ਦਸੋ ਰੂਪ ਗੁਨ ਗਾਥ ॥੧॥ ਮੰਗਲ ਹੇਤੁ ਗਨੇਸ ਕੋ ਬਾਨੀ ਬਾਣੀ ਹੇਤੁ॥ ਕਾਮਰਾਜ ਕਾਮਨਾ ਲਿਯੇ ਗੁਰ ਸਿਧਾਂਤ ਫਲ ਦੇਤ॥ ਗੁਰ ਉਸਤਤਿ॥ਦੋਹਾ॥ ਸ੍ਰੀ ਗੁਰੂ ਨਾਨਕ ਕੋ ਨਮੋ ਨਾਰਾਇਣ ਬਪੁਜਾਨ॥ ਜਿਨ ਕੀ ਕ੍ਰਿਪਾ ਕਟਾਖ ਤੇ ਪਾਂਮਰ ਭਏ ਮਹਾਂਨ॥੩॥ ਕਬਿਤ॥ ਕਲੂ ਕੋ ਪ੍ਰਤਾਪ ਜੋ ਪ੍ਰਕਾਸਯੋ ਪ੍ਰਬਲ ਭਾਰੀ ਡਾਰੀ ਪ੍ਰੀਤਿ ਲੋਕ ਨਿਕੁ ਕਰਮੈ ਨਿਕਰਮੈਂ॥ ਪਾਪਨ ਅਰੰਭ ਬੀਚਿ ਨੀਚ ਜਨ ਲਾਗੇ ਰਹੈ ਕਬੂ ਨਾਹਿ ਲਾਵੈ ਮਨ ਭਜਨ ਕੇ ਫਿਕਰਮੈਂ ॥ ਭਨਤ ਮਕੰਦ ਬਾਲ ਦੇਖ ਕੈ ਮਹਾਂ ਅਕਾਲ ਕਾਢੀ ਏਕ ਜੋਤਿ ਆਪ ਆਪਨੇ ਜਿਕਰ ਮੈਂ॥ ਨਾਨਕ ਧਰਾਯੋ ਨਾਮ ਤਾਂਹੂ ਨੈ ਜਗਤ ਬੀਚ ਰਾਮ ਨਾਮ ਸੁਧਾ ਸੀਚ ਤਾਰੈ ਹੈਂ ਚਿਕਰ ਮੈਂ॥"

ਅੰਤ : "੬੮ ਦੋਹਾ॥ ਐਸੇ ਸੁੰਦਰ ਨਗਰ ਮੈਂ ਲੋਹਗੜ ਗੁਰੁ ਅਸਥਾਨ ॥ ਤਾਂ ਢਿਗ ਨਾਨਕ ਦੁਆਰ ਕੋਂ ਰਚਯੋ ਸੰਤ ਸੁਖਦਾਨ ॥੬੯॥ਚੌ॥ ਗੁਰੂ ਨਾਨਕ ਕੀ ਆਗਿਆ ਪਾਇ॥ ਮੁਕੰਦ ਬਾਲ ਚਿਤ ਉਪਜਯੋ ਚਾਇ॥ ਨਾਨਕ ਦੁਆਰ ਸਥਾਨ ਬਨਾਯੋ॥ ਨਾਨਕ ਸੁਤ ਸਮੇਤ ਪਧਰਾਯੋ॥੭●॥ ਦੋਹਾ॥ ਤਿਸ ਮਕਾਨ ਮਹਿ ਬੈਠ ਕਰ ਬਿੱਸ੍ਵ ਬਿਨੋਦ ਬਖਾਂਨਾਂ॥ ਮੁਕੰਦ ਬਾਲ ਬਰਨਨ ਕੀਓ ਬਖਸੋ ਕ੍ਰਿਪਾ ਨਿਧਾਨ ॥੭੨॥ ਸੰਮਤ ਗ੍ਰਹਿ ਸਸਿ ਨਾਥ ਸਸਿ ਸਾਵਣ ਮਾਸ ਪੁਨੀਤ ॥ ਸੁਕ੍ਰਵਾਰ ਥਿਤ ਖਸ੍ਮੀ ਸਕਿਲ ਸੁਕਲ ਪਖਯ ਸੁਨਿ ਮੀਤ॥ ੭੨॥ ਗ੍ਰੰਥ ਸਪੂਰਣ ਸੁਭਿ ਘਰੀ ਕੀਨੋ ਬਹੁਤ ਅਨੰਦ॥ ਗੁਰਮੁਖਿ ਜੋ ਯਾਂਕੋ ਪੜੈ ਸੋ ਪਾਵੈ ਸੁਖਰੰਦ॥੭੩॥ ਸੋਰਠਾ॥ ਸ੍ਰੀ ਗੁਰ ਦੀਨ ਦਿਆਲ ਯਾਹਿ ਮਾਗਤ ਹੌਂ ਜੋਰ ਕਰ ॥ ਹਰਹੁ ਕਠਿਨ ਭਵਸਾਲ ਤਵ ਚਰਨਨ ਮੋਂ ਰਹੇ ਚਿਤ॥੭੪॥ ਇਤਿ ਸ੍ਰੀ ਬਿੱਸ੍ਵ ਬਿਨੋਦੈ ਬਾਲ ਮੁਕੰਦ ਬਿਰਚਿਤੇ ਸਰੀਰਕ ਪ੍ਰਕਰਣੇ ਪਾਤੰਜਲ ਮਤ ਸਰੀਰਕ ਬਰਨਨੰ॥ ਸ੍ਰਿਖ ਖੰਡੇ ਸਪਤਮ ਹੁਲਾਸ:੭॥੮॥ ਗ੍ਰੰਥ ਸੰਪੂਰੰ ਸੁਭੰ ਭਵੇਤਿ ॥ ਸ੍ਰੀ ਜਗਦੰਬਾਯੈ ਨਮ: ॥ ॥

॥ ਸ਼ੋ॥ ਬਿੱਸ੍ਵ ਬਿਨੋਦ ਅਗਾਧਮੋ ਮਤਨਿ ਪਟ ਪਪੀਲਕਾ॥ ਖਿਮਾ ਕਰਹੁ ਜਨੁ ਸਾਧ ਭੁਲ ਚੂਕ ਸੁਧਿ ਕੈ ਪਠੁਹ॥ ਉਨੀ ਸਤਕ ਤੇਈਸ ਮਧੁਮਾਸ ਅਤਿਪਾਵਨੰ॥ ਸੁਭ ਦਿਨ ਮਾਤ ਜਗੀਸ ਜਗੀ ਜੋਤ ਗ੍ਰਹ ਗ੍ਰਹ ਬਿਖੈ ॥੨॥ਦੋਹਾ॥ ਤਿੰਹ ਅੂਸਰ ਧਰਮਸਾਲ ਮੈ ਗੜ ਅੰਦਰ ਡਿਰੀਆਲ ॥ ਮਹੀਣ ਦੇਸ ਮਤ ਹਰ ਦਈ ਬੁਧਿ ਜਨ ਪਢਹੁ ਸਮਾਲ॥੩॥ ਧਰਿਜਧਾਰੀ ਨਿਪਣ ਅਤਿ ਬੁੱਧੀ ਖਰੀ ਗੰਭੀਰ ॥ ਤਪਤ ਮਿਟਤ ਜਿਹ ਨਾਮ ਕਹ ਮੀਹਾਂ ਸਿੰਘ ਅੰਬੀਰ॥੪॥ ਯਹਿ ਗ੍ਰੰਥ ਲਿਖ ਕਰ ਦਯੋ ਕਾਲਾ ਸਿੰਘ ਅਭੈਖ॥ ਪੜਤ ਪੜਾਵਤ ਕੁਸਲ ਹੁਇ ਮੀਹਾਂ ਸਿੰਘ ਨਰੇਸ ॥੫॥ ਜਿਲਾ ਅਹੈ ਗੁਰਦਾਸ ਪੁਰ ਠਾਣਾ ਕਾਂਨੂਵਾਣ ॥ ਬਸੈਂ ਬੱਬਰੀ ਗ੍ਰਾਮ ਮਹਿ ਜਾਟ ਬੰਸ ਕ੍ਰਿਸਾਣ ॥੬॥" ॥

॥ ॥ ॥ = = = = ॥ ॥
॥

ਹੱਥ ਲਿਖਤ ਨੰ : MS 1109
ਸਿਰਲੇਖ : ਰਸ ਪ੍ਰਬੋਧ ਗ੍ਰੰਥ
ਲੇਖਕ : ਸੈਯਦ ਬਾਕਰ ਸੂਤ ਸੈਦ ਗੁਲਾਮ ਨਬੀ
ਸਮਾਂ : ਹਿਜਰੀ ਸੰਮਤ 1154 [ਸੰਮਤ 1787]
ਸਥਾਨ : ਸਿਰੀ ਨਗਰ, ਕਸ਼ਮੀਰ
ਪੱਤਰੇ : 2 ੳ – 66 ਅ
ਆਕਾਰ : 21X 12 ਸ.ਮ. ਲਿਖਤ: 14X 7 ਸ.ਮ.
ਵੇਰਵਾ : ਜਿਲਦ: ਕਾਗਣ ਦੀ ਉਖੜੀ ਹੋਈ। ਸਿਆਹੀ ਕਾਲੀ, ਵਖਰੇਵੇਂ ਲਈ ਲਾਲ। ਸਤਰਾਂ ਪ੍ਰਤੀ ਪੰਨਾ–20 ਹਨ।
ਆਮ ਵੇਰਵਾ : ਪੱਤਰੇ ਕ੍ਰਿਮ ਖੁਰਦਾ ਪੋਥੀ ਖਸਤਾ ਹਾਲਤ ਵਿਚ ਅਤੇ ਹਾਲਤ ਬਹੁਤ ਮਾੜੀ; ਲਿਖਤ ਵੀ ਕਈ ਪੰਨਿਆਂ ਤੋਂ ਖਾਧੀ ਹੋਈ, ਪੜ੍ਹਨੀ ਮੁਸ਼ਕਲ ਹੈ। ਪੋਥੀ ਪੰਨਾ ਨੰ: ੨ ਤੋਂ ਸ਼ੁਰੂ ਹੋਈ ਹੈ। ਪਹਿਲਾ ਪੰਨਾ ਫਟਿਆ ਹੋਣ ਕਰਕੇ ਰਚਨਾ ਅਧੂਰੀ ਹੈ ਲਿਖਾਈ ਵੀ ਪੰਨਿਆਂ ਦੇ ਕ੍ਰਿਮ ਖੁਰਦਾ ਹੋਣ ਕਾਰਣ ਪੜ੍ਹੀ ਨਹੀਂ ਜਾਂਦੀ ਅਤੇ ਬਹੁਤੀ ਸਪਸ਼ਟ ਨਹੀਂ ਹੈ ।
ਆਰੰਭ : “----ਉਪਜੈ ਬੀਜ ਤੇ ਅੰਤ ਬੀਜ ਫਿਰ ਹੋਇ॥੮॥ ਜਾਕੋ ਰਹਿ ਸੁਰ ਲੋਕ ਜਗ ਚਲਯੋ ਧਰਮ ਪਥ ਛੋਰ॥ ਐਸੀ ਬਾਂਧਿ ਨ ਬਦੀ ਈ ਸਤਯ ਧਰਮ ਕੀਡੋ॥”
ਅੰਤ : “੧੧੩੩॥ ਪੂਰਨ ਕੀਨੋ ਗ੍ਰੰਥ ਮੈ ਲੈ ਮੁਖ ਪ੍ਰਭੂ ਕੋ ਨਾਂਮ॥੧੧੩੪॥ ਸੁਧਰਯੋ ਬਰਨ ਬਿਗਾਰ ਹੈਂ ਕੁਮ ਕੁ ਦੂਖ ਨ ਲਾਇ ॥ ਠੌਰਿ ਠੌਰਿ ਲਖਿ ਰੀਝ ਹੈਂ ਸੁਮਤਸ ਰਸ ਰਸ ਪਾਇ ॥੧੧੩੫॥ ਲਿਖੇ ਗ੍ਰੰਥ ਯਹ ਆਗਹੂੰ ਲੋਗਨ ਕਰਿ ਹਿਤ ਜੁਧ॥ ਪੈ ਅਬਯਾ ਸੋ ਸੋਧ ਕੈ ਤਾਂਹਿ ਕੀਜਿਯੋ ਸੁੱਧਿ॥ ੧੧੩੬॥ ਗਯਾਰਹਿ ਸੈ ਚੋਵਨ ਸਕਲ ਹਿਜਰੀ ਸੰਮਤ ਪਾਇ ॥ ਸਭ ਗਯਾਰਹਿ ਸੈ ਚੋਵਨੇ ਦੋਹਾਰਾ ਖੇਲਾਇ॥ਗ੍ਰਾਮੀ ਸੈਯਦ ਬਾਕਰ ਸੁਤਸੈਦ ਗੁਲਾਮ ਨਬੀ ਬਿਰਚਿਤਾਯਾ ਰਸ ਪ੍ਰਬੋਧ ਗ੍ਰੰਥ ਸਮਾਪਤਮ ਸਭ ਸੁਭ ਮਸਤੁ॥ ॥ ਦੋ॥ ਮੁਨਸੀ ਸੰਤ ਮ੍ਰਿਗਿੰਦ ਹਿਤ ਪੰਡਤ ਟੀਕਾ॥ ਸਿਰੀ ਨਗਰ ਕਸ਼ਮੀਰ ਮੈਂ ਲਿਖਯੋ ਗ੍ਰੰਥ ਅਭਿ ਰਾਮ॥ ਸੁਭ ਸੁਭੰ॥”

ਹੱਥ ਲਿਖਤ ਨੰ : MS 1110
ਸਿਰਲੇਖ : ਅੰਮ੍ਰਿਤ ਛਕਣ ਛਕਾਉਣ ਕੀ ਬਿਧ [ਵਿਧੀ]
ਪੱਤਰੇ : 1 ੳ – 4 ੳ
ਆਕਾਰ : 17 X 12 ਸ.ਮ. ਲਿਖਤ : 13 X 9 ਸ.ਮ.
ਵੇਰਵਾ : ਜਿਲਦ: ਗੱਤਾ, ਖੁੱਲੇ ਪੱਤਰੇ, ਧਾਗੇ ਨਾਲ ਸੀਤੇ ਹੋਏ। ਹਾਸ਼ੀਆ ਦੋਵੇਂ ਪਾਸੇ ਦੋ ਦੋ ਕਾਲੀਆਂ। ਸਤਰਾਂ ਪ੍ਰਤੀ ਪੰਨਾ–12 ਹਨ।
ਆਮ ਵੇਰਵਾ : ਖੁੱਲੇ ਪੱਤਰੇ ਇੰਵ ਮਾਲੂਮ ਹੁੰਦਾ ਹੈ ਕਿ ਇਹ ਰਚਨਾ ਕਿਸੇ ਹੋਰ ਪੋਥੀ ਦਾ ਹਿਸਾ ਸੀ, ਉਸ ਵਿਚੋਂ ਉਤਾਰ ਕੇ, ਵੱਖ ਕਰਕੇ ਬਾਅਦ ਵਿਚ ਧਾਗੇ ਨਾਲ ਸੀਤੀ ਗਈ ਹੈ। ਪੱਤਰਿਆਂ ਦੀ ਹਾਲਤ ਖਸਤਾ ਹੈ। ਲਿਖਾਈ ਕਈ ਥਾਵਾਂ ਉਪਰ ਧਬਿਆਂ ਵਾਲੀ ਅਤੇ ਹਾਸ਼ੀਏ ਤੋਂ ਬਾਹਰ ਕੀਤੀ ਹੋਈ ਹੈ ।
ਆਰੰਭ : “ੴ ਸਤਿਗੁਰ ਪ੍ਰਸਾਦਿ ॥ ਅਥ ਅੰਮ੍ਰਿਤ ਛਕਣ ਛਕਾਉਣ ਕੀ ਬਿਧ ਲਿਖਤੇ॥ ਸ੍ਰੀ ਗੁਰੂ ਮਹਾਂਰਾਜ ਦਸਵੇਂ ਪਾਤਿਸਾਹ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਜਗਤ ਕੇ ਲੋਕਾਂ ਦੀ ਕਲਯਾਨ ਵਾਸਤੇ ਖਾਲਸਾ ਪੰਥ ਜਹਾਜ ਰਚਿਆ ਹੈ ਸੰਸਾਰ ਸਮੁੰਦ੍ਰ ਤੇ ਤਾਰਨ ਵਾਸਤੇ ॥ ਜੋ ਸਿਖ ਸਰਧਾ

ਵਾਲਾ ਅੰਮ੍ਰਿਤ ਛਕੇ ਰਹਿਤ ਸੁਣ ਕੇ ਕਮਾਏ ਭਗਤ ਮੁਕਤ ਦੋਨੋ ਪਾਏ ॥ ਇਸ ਲੋਕ ਪ੍ਰਲੋਕ ਵਿਚ ਗੁਰੂ ਜੀ ਸਹਾਈ ਹੋਵੈਂਗੇ ॥''

ਅੰਤ : ''ਅਕਾਲ ਪੁਰਖ ਤੇ ਬਿਨਾ ਹੋਰ ਦੇਵੀ ਦੇਵਤਾ ਨਾ ਪੂਜੇ ਗੁਰੂ ਕੇ ਘਰ ਰਿਧਾਂ ਸਿਧਾਂ ਭਗਤ ਮੁਕਤ ਸਭ ਕੁਛ ਹੈ ਸਰਧਾ ਨਿਸਚੇ ਵਾਲਿਆਂ ਨੂੰ ਸਭ ਕੁਛ ਮਿਲਦਾ ਹੈ ਤਾਂਤੇ ਕਾਮਨਾ ਵਾਸਤੇ ਗੁਰੂ ਕਾ ਘਰ ਛੋਡ ਕੇ ਹਿੰਦੂ ਤੁਰਕ ਪੀਰ ਫਕੀਰ ਮੜੀ ਗੋਰ ਕਿਸੇ ਨੂੰ ਨਹੀਂ ਮੰਨਣਾ ॥ ਗੁਰੂ ਪਰਮੇਸਰ ਨਮਿਤ ਸਭ ਨੂ ਵਰਸਾਵਣਾ ਕਿਸੇ ਨਾਲ ਵਾਦ ਈਰਖਾ ਨਹੀ ਕਰਨੀ॥ ਨਿਹਚਾ ਗੁਰਾਂ ਤੇ ਰਖਣਾ॥ ਗੁਰੂ ਅੰਗ ਸੰਗ ਹੈ ॥ ਇਤਿ ਅੰਮ੍ਰਿਤ ਵਿਧੀ ਸੰਪੂਰਨੰ॥''

ਹੱਥ ਲਿਖਤ ਨੰ : MS 1111

ਸਿਰਲੇਖ : ਗੁਰ ਬਿਲਾਸ ਪਾਤਿਸਾਹੀ ਦਸਵੀਂ

ਲਿਖਾਰੀ : ਸੁਰਜਣ ਸਿੰਘ

ਸਮਾਂ : ਸੰਮਤਿ ਉਨੀ ਸਹੰਸ੍ਰ ਮੋ ਮਾਘੁ ਮਾਸ

ਪੱਤਰੇ : 1 ੳ – 312 ਅ

ਆਕਾਰ : 33 X 19.5 ਸ.ਮ. ਲਿਖਤ : 24 X 13 ਸ.ਮ.

ਵੇਰਵਾ : ਜਿਲਦ:- ਖੁੱਲੇ ਪੱਤਰੇ, ਇਕ ਕਾਗਜ਼ ਵਿਚ ਲਪੇਟੇ ਹੋਏ। ਸਿਆਹੀ ਕਾਲੀ। ਸਤਰਾਂ ਪ੍ਰਤੀ ਪੰਨਾ–13 ਹਨ।

ਆਮ ਵੇਰਵਾ : ਲਿਖਾਈ ਪਹਿਲੇ ਅਤੇ ਅਖੀਰਲੇ ਪੰਨੇ ਤੇ ਕਾਨੀ ਬਦਲ ਕੇ ਕੀਤੀ ਹੋਈ ਹੈ। ਪੱਤਰੇ ਵੀ ਬਾਅਦ ਵਿਚ ਲਗਾਏ ਹੋਏ । ਪੱਤਰੇ ਭਿੱਜੇ ਹੋਏ, ਕਈ ਪੱਤਰਿਆਂ ਉਪਰ ਹੜਤਾਲ ਫੇਰਕੇ ਸੁਧਾਈ ਕੀਤੀ ਹੋਈ ਹੈ। ਗ੍ਰੰਥ ਦੀ ਹਾਲਤ ਠੀਕ ਠੀਕ।

ਆਰੰਭ : ''ੴ ਸੇਤਿਗੁਰ ਪ੍ਰਸਾਦਿ॥ ਸ੍ਰੀ ਗਣੇਸਾਯਨਮਹ॥ ਸ੍ਰੀ ਵਾਹਿਗੁਰੂ ਜੀ ਕੀ ਫਤਹ॥ ਅਥ ਗੁਰ ਬਿਲਾਸ ਲਿਖਯਤੇ॥ ਪਾਤਿਸਾਹੀ ਦਸਵੀਂ ਕੇ ਚਰਿਤ੍ਰ॥ ਦੋਹਰਾ॥ ਸਰਬ ਵਿਘਨ ਅਘਹਰ ਕੌ ਤਿਮਰ ਤਪਤ ਅਗਿਆਨ॥ ਗੁਰ ਨਾਨਕ ਗੋਬਿੰਦ ਬਿਨ ਅਵਰ ਨ ਜਗ ਮਹਿ ਆਨ॥॥੧॥ ਤ੍ਵ ਪ੍ਰਸਾਦਿ॥ ਖਾਲਸਾ ਜੀ ਵਾਚ॥ ਚੌਪਈ ॥ ਆਦ ਪੁਰਖ ਬਿਨਵੌ ਕਰਤਾਰਾ ਜਾਸ ਕੀਨ ਯਹਿ ਸਗਲ ਪਸਾਰਾ॥ ਏਕ ਅਨੇਕ ਸਗਲ ਘਟ ਵਾਸੀ ॥''

ਅੰਤ : ''੪੬॥ ਗੁਨ ਗਾਵਤ ਗੁਰਦੇਵ ਕੇ ਦਿਬ ਰੂਪ ਉਰ ਧਾਰ॥
ਇਤ ਸ੍ਰੀ ਗੁਰ ਬਿਲਾਸ ਸਾਖੀ ਬਾਲੇ ਰਾਇ ਜਨ ਵਾਰੇਸ੍ਵਰ ਕੀ ਬਰਨਨੰ ਨਾਮੁ ਇਕਤੀਸਮੋ ਧਿਆਇ ਸਮਾਪਤਿ ਮਸਤਿ ਸੁਭ ਮਸਤੁ ॥=॥੩੧= ਦੋਹਰਾ ॥ ਸੰਮਤਿ ਉਨੀ ਸਹੰਸ੍ਰ ਮੋ ਮਾਘ ਮਾਸ ਦਿਨ ਭਾਲ॥ ਗੁਰ ਬਿਲਾਸ ਪੂਰਨ ਕੀਯੋ ਯਾਮੈ ਕਥਾ ਰਿਸਾਲ ਦੋਹਰਾ: ਅਛਰ ਮਾਤ੍ਰਾ ਭੂਲ ਜੋ ਸਭ ਤੁਮ ਲੇਹ ਸੁਧਾਰ॥ ਹਮਕੋ ਦੋਸ ਨ ਦੀਜੀਐ ਖਿਨ ਖਿਨ ਭੂਲਨਹਾਰ॥ਦੋਹਰਾ॥ ਹਾਥ ਜੋਰਿ ਬਿਨਤੀ ਕਰੋ ਸੰਤ ਸੁਨਹੁ ਮਨਿ ਲਾਇ॥ ਜਹਾ ਚੂਕ ਮੋਤੇ ਪਰੀ ਪੜਹੁ ਸੋਧਿ ਬਨਾਇ ॥੪॥੧॥
॥ ॥ ॥ ॥ ਵਾਹਿਗੁਰੂ ਜੀ ਕੀ ਫਤੇ॥ ਵਾਹਿਗੁਰੂ ਜੀ ਕੀ ਫਤੇ॥ ਵਾਹਿਗੁਰੂ ਜੀ ਕੀ ਫਤੇ॥ ਦਸਖਤ ਸੁਰਜਣ ਸਿੰਘ=ਦੋਹਰਾ – ਬਿੰਦੀ ਬਿੰਦੀ ਗ੍ਰਹ ਚੰਦ੍ਰਮਾ ਸੰਮਤਿ ਬਿਕ੍ਰਮਜਾਨ = ਮਾਘ ਮਾਸ ਥਿਤ ਪੰਚਮੀ ਵਾਰ ਸੁ ਗੁਰ ਕੋ ਮਾਨ॥''

ਹੱਥ ਲਿਖਤ ਨੰ : MS 1112

ਸਿਰਲੇਖ : ਦਸ ਗ੍ਰੰਥੀ

ਪੱਤਰੇ : 1 ੳ – 321 ੳ

ਆਕਾਰ : 17 X 11 ਸ.ਮ. ਲਿਖਤ : 12 X 18 ਸ.ਮ.

ਵੇਰਵਾ : ਜਿਲਦ ਗੱਤਾ ਕਪੜਾ, ਫਟਿਆ ਹੋਇਆ; ਸਿਆਹੀ ਕਾਲੀ, ਵਖਰੇਵੇਂ ਲਈ ਲਾਲ; ਹਾਸੀਆ ਚਾਰੇ ਪਾਸੇ, ਦੋ ਦੋ ਲਾਲ, ਕਾਲੀਆਂ ਲਕੀਰਾਂ ਵਿਚਕਾਰ ਇਕ ਪੀਲੀ ਮੋਟੀ ਲਕੀਰ; ਸਤਰਾਂ ਪ੍ਰਤੀ ਪੰਨਾ – 8

ਆਮ ਵੇਰਵਾ : ਪੋਥੀ ਕ੍ਰਿਮ ਖੁਰਦਾ,ਲਿਖਾਈ ਸੁੰਦਰ ਅਤੇ ਹਾਸ਼ੀਏ ਤੋਂ ਬਾਹਰ ਕੀਤੀ ਹੋਈ ਹੈ। ਹੜਤਾਲ ਫੇਰਕੇ ਸੁਧਾਈ ਕੀਤੀ ਹੋਈ। ਕੰਨੇ ਦੀ ਥਾਂ ਤੇ ਬਿੰਦੀ ਦਾ ਪਰਯੋਗ ਕੀਤਾ ਹੋਇਆ ਹੈ। ਪੋਥੀ ਦੀ ਹਾਲਤ ਠੀਕ ਠੀਕ। ਇੰਜ ਜਾਪਦਾ ਹੈ ਜਿਵੇਂ ਪੱਤਰੇ ਭਿੱਜੇ ਹੋਏ ਹਨ।

ਆਰੰਭ : "ੴ ਸੇਤਿਗੁਰ ਪ੍ਰਸਾਦਿ॥ ਜਾਪੁ॥ ਸ੍ਰੀ ਮੁਖ ਵਾਕ ਪਾਤਿਸਾਹੀ॥੧●॥ ਛਪੈ ਛੰਦ॥ ਤ੍ਵ ਪ੍ਰਸਾਦਿ ॥ ਚਕ੍ਰ ਚਿਹਨ ਅਰ ਬਰਨ ਜਾਤ ਅਰੁ ਪਾਤ ਨਹਿ ਨ ਜਿਹ ॥ ਰੂਪ ਰੰਗ ਅਰੁ ਰੇਖ ਭੇਖ ਕੋਉ ਕਹਿ ਨ ਸਕਤਿ ਕਿਹ॥ ਅਚਲ ਮੂਰਤਿ ਅਨਭਉ ਪ੍ਰਕਾਸ ਅਮਿਤੋਜਿ ਕਹਿਜੈ॥ ਕੋਟਿ ਇੰਦ੍ਰ ਇੰਦ੍ਰਾਣ ਸਾਹੁ ਸਾਹਾਣਿ ਗਣਿਜੈ॥ ਤ੍ਰਿਭਵਣ ਮਹੀਪ ਸੁਰ ਨਰ ਅਸੁਰ ਨੇਤ ਨੇਤ ਬਨ ਤ੍ਰਿਣ ਕਹਤ॥ ਤ੍ਵ ਸਰਬ ਨਾਮ ਕਥੈ ਕਵਨ ਕਰਮ ਨਾਮ ਬਰਨਤ ਸੁਮਤ॥੧॥"

ਅੰਤ : "੩੩੫॥ ਤੈਸਹੀ ਮਖ ਕੀਜੀਐ ਸੁਨਿ ਰਾਜ ਰਾਜ ਪ੍ਰਚੰਡ॥ ਜੀਤਿ ਦਾਨਵ ਦੇ ਸਕੇ ਬਲਵਾਨ ਪੁਰਖ ਅਖੰਡ ॥ ਤੈਸਹੀ ਮਖ ਮਾਰ ਕੈ ਸਿਰਿ ਇੰਦ੍ਰ ਛਤ੍ਰ ਫਿਰਾਇ ॥ ਜੈਸ ਸੁਰ ਸੁਖ ਪਾਇਓ ਤਿਵ ਸੰਤ ਹੋ ਸਹਾਇ ॥੩॥੩੩੬॥ ॥ ॥ ॥

ਹੱਥ ਲਿਖਤ ਨੰ : MS 1113

ਸਿਰਲੇਖ : ਹਿਤੋ ਉਪਦੇਸ

ਲੇਖਕ : ਤਨਸੁਖ

ਲਿਖਾਰੀ : ਗੁਰਦਿਆਲ ਸਿੰਘ ਰਾਜਗੁਰ

ਸਮਾਂ : ਸੰਮਤਿ 1864

ਪੱਤਰੇ : 1 ੳ – 286 ੳ

ਆਕਾਰ : 16 X 13 ਸ.ਮ. ਲਿਖਤ : 13 X 10 ਸ.ਮ.

ਵੇਰਵਾ : ਜਿਲਦ ਗੱਤਾ ਕਪੜਾ। ਸਿਆਹੀ ਕਾਲੀ, ਵਖਰੇਵੇਂ ਲਈ ਲਾਲ। ਹਾਸ਼ੀਆ ਦੋਵੇਂ ਪਾਸੇ ਦੋ ਦੋ ਕਾਲੀਆਂ ਲਕੀਰਾਂ। ਸਤਰਾਂ ਪ੍ਰਤੀ ਪੰਨਾ–9 ਹਨ।

ਆਮ ਵੇਰਵਾ : ਪੋਥੀ ਦਾ ਪਹਿਲਾ ਪੰਨਾ ਬਾਅਦ ਵਿਚ ਲਿਖ ਕੇ ਜੋੜਿਆ ਗਿਆ ਹੈ। ਪੋਥੀ ਕਿਰਮ ਖੁਰਦਾ, ਹੜਤਾਲ ਫੇਰਕੇ ਸੁਧਾਈ ਕੀਤੀ ਹੋਈ ਹੈ। ਲਿਖਾਈ ਸੁੰਦਰ, ਪੋਥੀ ਦੀ ਹਾਲਤ ਠੀਕ ਠੀਕ।

ਆਰੰਭ : "ੴ ਸੇਤਿਗੁਰ ਪ੍ਰਸਾਦਿ ॥ ਅਥ ਹਿਤੋ ਉਪਦੇਸ ਸੁਰਜੀਤ ਭਾਖਾ ਲਿਖਯਤੇ, ਚੌਪਈ ਪ੍ਰਿਥਮ ਆਰਾਧੋ ਏਕੰਕਾਰਾ ਜਗਤ ਸਾਜ ਜਿਹ ਕੀਆਂ ਪਸਾਰਾ, ਤੀਨ ਭਾਂਤ ਹਰਿ ਸ੍ਰਿਸਟ ਉਪਾਈ, ਉਤਮ ਮਧਮ ਅਸਮ ਕਹਾਈ, ਸੂਖਮ ਔ ਅਸਥੂਲ ਬਨਾਈ ਸਭ ਘਟਿ ਸੋ ਪ੍ਰਭ ਰਹਿਓ ਸਮਾਈ, ਉਤਮ ਸੋ ਜਿਹ ਏਕ ਚਿਨਾਰੀ, ਮਧਮ ਸੋਈ ਜਗ ਬਿਯਹਾਰੀ ਦੋਊ ਮੈ ਏਕੋ ਨਾਹਿ ਜਾਨੈ ਜਗ ਮੈ ਤਾਕੋ ਅਦਮ ਬਖਾਨੈ (੧) ਦੋਹਰਾਂ॥"

ਅੰਤ : "੩੩੪॥ ਸੰਮਤ ਅਠਾਰਾ ਸੈ ਚੌਹਟ ਮਘਰ ਸੁਦੀ ਤੀਜ ਬੁਧਬਾਰ ਪੋਥੀ ਸੰਪੂਰਨ॥ ਲਿਖੈ ਆਮੁ ਢੁਸ ਘੋੜੀ ਪੂਰਨ ਕਰੀ ਸੇਲਵਰਾਗਾਮ॥ ਲਿਖਤਮ ਰਾਜਗੁਰ ਦਿਆਲ ਸਿੰਘ ਨਾਮ॥ ਵਾਹਗੁਰੂ ਜੀ ਧੰਨਿ ਗੁਰੂ॥" ॥ ॥ ॥

ਹੱਥ ਲਿਖਤ ਨੰ : MS 1114

ਸਿਰਲੇਖ : ਮਾਧਵ ਨਲ ਕਾਮ ਕੰਦਲਾ

ਪੱਤਰੇ : 1 ੳ – 154

ਆਕਾਰ : 16 X 10 ਸ.ਮ. ਲਿਖਤ : 11 X 6 ਸ.ਮ.

ਵੇਰਵਾ : ਜਿਲਦ ਗੱਤਾ ਕਪੜਾ, ਉਖੜੀ ਹੋਈ। ਸਿਆਹੀ ਕਾਲੀ। ਵਖਰੇਵੇਂ ਲਈ ਲਾਲ। ਸਤਰਾਂ ਪ੍ਰਤੀ ਪੰਨਾ–9 ਹਨ।

ਆਮ ਵੇਰਵਾ : ਪਹਿਲੇ ਪੱਤਰੇ ਬਾਅਦ ਵਿਚ ਕਾਲੀ, ਹਰੀ ਸਿਆਹੀ ਨਾਲ ਲਿਖ ਕੇ ਲਗਾਇਆ ਗਿਆ ਹੈ। ਪੋਥੀ ਕ੍ਰਿਮ ਖੁਰਦਾ, ਅਤੇ ਪੱਤਰੇ ਖਸਤਾ ਹਾਲਤ ਵਿਚ ਹਨ। ਲਿਖਾਈ ਅਖੀਰਲੇ ਪਤਰਿਆਂ ਤੋਂ ਫਟੀ ਹੋਈ ਹੈ। ਕਈ ਪੱਤਰੇ ਅੱਧੇ ਤੋਂ ਜਿਆਦਾ ਖਾਧੇ ਹੋਏ ਹਨ।

ਆਰੰਭ : "ੴ ਸਤਿਗੁਰ ਪ੍ਰਸਾਦਿ, ਸ੍ਰੀਸਤਿ ਸ੍ਰੀ ਗਨੇਸਾਯਨਮ ਅਥ ਮਾਧਵ ਨਲ ਕਾਮ ਕੰਦਲਾ॥ ਚੌਪਈ ਪ੍ਰਥਮੈ ਪਾਰ ਬ੍ਰਹਮ ਕਉ ਪਰਨੋ, ਪੁਨ ਕਛੁ ਜਗਤ ਰੀਤਿ ਰਸੁ ਬਰਨੋ, ਪਾਰਬ੍ਰਹਮ ਪਰਿ ਪੂਰਨ ਸੁਆਮੀ, ਘਟਿ ਘਟਿ ਰਹੈ ਸੁ ਅੰਤਰਜਾਮੀ, ਘਟਿ ਘਟਿ ਰਹੈ ਲਖੈ ਨਹਿ ਕੋਈ ਜਲ ਥਲ ਰਹੈ ਸਰਬ ਮੈ ਸੋਈ, ਜਾਕੀ ਆਦਿ ਅੰਤਿ ਨਹਿ ਜਾਨੀ ਪੰਡਿਤ ਕਥਾ ਗਿਆਨ, ਸੋ ਮਾਨੀ, ਗਿਆਨੀ ਹੋਇ ਸੁ ਗੁਰਮੁਖਿ ਧਿਆਵੈ ਖੋਜੀ ਸੁ ਖੋਜਿਤ ਪਾਵੈ॥"

ਅੰਤ : "ਪ੬੫॥ਦੋਹਰਾ॥ ਮਾਧਵ ਨਲ ਕੀ ਕਥਾ ਯਹ ਬਿਕ੍ਰਮ ਕੀ ਰਤਿ ਚਾਰ॥ ਪਢ ਕੀਚੈ ਹਿਤ ਧਰਮ ਸੋ ਧਹੀ ਮੰਤ੍ਰ ਬਰ ਸਾਰ॥ ਪ੬੬॥ ਦੋਹਰਾ॥ ਹਰਿ ਜਪੁ ਜਗ ਮੋ ਜਾਪਿਯੈ ਕੀਜੈ ਪਰਉਪਕਾਰ॥ ਭਵਜਲ ਤਰਤ ਨਬੇਰ ਹ੍ਵੈ ਸੰਤ ਸੁਨੋ ਚਿਤਧਾਰ॥ਪ੬੭॥ ਇਤਿ ਸ੍ਰੀ ਪ੍ਰੇਮਸੁਪਾਨੇ ਮਾਧਵ ਨਲ ਕਾਮ ਕੰਦਲਾ ਸੰਪੂਰਨੰ॥ ਸੁਭ ਮਸਤ॥੧॥"

ਹੱਥ ਲਿਖਤ ਨੰ : MS 1115 ਸੰਗ੍ਰਹਿ

ਸਿਰਲੇਖ : ਗਯਾਨ ਮੰਜਰੀ ਨਾਮ ਭਾਖਾ

ਲੇਖਕ : ਮਨੋਹਰ ਦਾਸ ਨਿਰੰਜਨੀ

ਪੱਤਰੇ : 17 ੳ – 46 ੳ

ਆਕਾਰ : 15 X 11 ਸ.ਮ. ਲਿਖਤ : 10.5 X 9 ਸ.ਮ.

ਵੇਰਵਾ : ਜਿਲਦ ਗੱਤਾ।ਸਿਆਹੀ ਕਾਲੀ। ਹਾਸ਼ੀਆ ਦੋਵੇਂ ਪਾਸੇ ਦੋ ਦੋ ਕਾਲੀਆਂ ਲਕੀਰਾਂ। ਸਤਰਾਂ ਪ੍ਰਤੀ ਪੰਨਾ–10 ਹਨ।

ਆਮ ਵੇਰਵਾ : ਪੋਥੀ ਪੱਤਰਾ ਨੰਬਰ 17 ਤੋਂ ਸ਼ੁਰੂ ਹੁੰਦੀ ਹੇ ਅਤੇ ਰਚਨਾ ਅਧੂਰੀ ਹੈ । ਲਿਖਾਈ ਸੁੰਦਰ, ਅਤੇ ਹਾਸ਼ੀਏ ਤੋਂ ਬਾਹਰ ਕੀਤੀ ਹੋਈ ਹੈ। ਪੋਥੀ ਦੀ ਹਾਲਤ ਠੀਕ ਠੀਕ ।

ਆਰੰਭ : "ਗੁਣ ਹੈ ਬੇ ਗਸ੍ਯ ਭਾਯਮ ॥੧੩੪॥ ਤਾ ਮਹਿ ਏਕ ਠੌਰ ਤੇਜ॥ ਰੂਪ ਤਾ ਕੌ ਗੁਣ ਉਸ੍ਯ ਕੇ ਹੇਜ ॥"

ਅੰਤ : "੪੧੩॥ਦੋਹਰਾ॥ ਤ੍ਵੰ ਪਦ ਦੇਵ ਤ੍ਰਿਜੰਚ ਰਿਖ ਨਰ ਕਿੰਨਰ ਸਬ ਜਾਨ॥ ਤਤ ਪਦ ਈਸ੍ਵਰ ਦੇਖ ਸਬ ਤ੍ਵੰਤ ਤਤ ਤਤ੍ਵੰ ਭਾਨਿ ॥੪●੧੪॥ ਮਨੋਹਰ ਦਾਸ ਨਿਰੰਜਨੀ ਸੋ ਸ੍ਵਾਮੀ ਸੋ ਦਾਸ ॥ ਸ੍ਵਾਮੀ ਦਾਸ ਭਯੋ ਏਕ ਸੋ ਮਹਾਂ ਕਾਸ ਘਟਾ ਕਾਸ॥੪੧੫॥
ਇਤਿ ਸ੍ਰੀ ਗਯਾਨ ਮੰਜਰੀ ਨਾਮ ਭਾਖਾ ਗ੍ਰੰਥ ਕਥਿਤੇ ਮਨੋਹਰ ਦਾਸ ਨਿਰੰਜਨੀ ਸੰਪੂਰਨ ਸਮਾਪ:
॥ ॥"

ਹੱਥ ਲਿਖਤ ਨੰ : MS 1115 ਅ

ਸਿਰਲੇਖ : ਸਤ ਪ੍ਰਸ੍ਨ ਉਤਰੀ

ਲੇਖਕ : ਮਨੋਹਰ ਦਾਸ ਨਿਰੰਜਨੀ

ਪੱਤਰੇ : 46 ਅ – 87 ਅ

ਆਕਾਰ : 15 X 11 ਸ.ਮ. ਲਿਖਤ : 10.5 X 9 ਸ.ਮ.

ਵੇਰਵਾ : ਓਹੀ। ਸਤਰਾਂ ਪ੍ਰਤੀ ਪੰਨਾ-10 ਹਨ।

ਆਮ ਵੇਰਵਾ : ਲਿਖਾਈ ਸੁੰਦਰ, ਪੋਥੀ ਦੀ ਹਾਲਤ ਠੀਕ ਠੀਕ। ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ।

ਆਰੰਭ : "ਸ੍ਰੀ ਪਰਮਾਤਯਨੇਨਮ: ਅਥ ਗ੍ਰੰਥ ਸਤ ਪ੍ਰਸ੍ਨ ਉਤਰੀ ਲਿਖਿਤੇ ॥ਸੋਰਠਾ॥ ਵਾਚਜ ਲਖ੍ਰਕਰਿ ਜਾਨ ਨਿਰਗੁਣ ਸਰਗੁਣਯੋ ਕਹਯੋ॥ ਕਰਿ ਨਮਸਕਾਰ ਵਖਾਨ ਵਾਚਯ ਤਜਾਗ ਕਰਿ ਲਖੁ ਕੌ॥ਚੋਪਈ॥ ਅਗਯਾਨ ਸਕਤਿ ਆਤਮਾ ਕੀ ਕਹਿਯੇ॥ ਉਭੈ ਅਨਾਦਿ ਮਿਲੇ ਹੀ ਲਹਿਯੇ॥ ਅਗਯਾਨ ਅਮਿਲ ਰਹਯੋ ਸੁਧ ਬਖਾਨਾਂ॥ ਤਾਕੋ ਬ੍ਰਹਮ ਕਰਿ ਕੈਸੋ ਜਾਂਨਾ॥ ਅਯਯਾਂਨ ਮਿਲੋਯੋ ਸੋ ਸਾਖੀ ਕਹਿਯੋਂ॥"

ਅੰਤ : "ਅਹੰਬ੍ਰਹਮ ਫਲ ਕਹਯੋ ਬਿਖਯਾਤਾ ॥ ਸ੍ਵਰੂਪ ਮਾਝ ਦ੍ਵੈ ਫਲ ਏ ਨਾਹੀ ॥ ਵਿਕਲਾ ਪਰ ਹਿਤ ਰਹੈ ਸੋਤਾ ਹੀ॥ ਹੌਮੈ ਹੋਤੂ ਨਾਹਿ॥ ਹੌਮੈ ਹੌਤੂ ਹੈਂ ਕਹੀ ॥ ਸਬ ਹੈ ਹੈ ਤੂੰ ਮਾਹਿ॥ ਹੌ ਤੂੰ ਹੌ ਤੂ ਏਕ ਹੀ ॥੧੨॥ ਇਤਿ ਸ੍ਰੀ ਸਤ ਪ੍ਰਸਨ ਉਤਰੀ ਭਾਖਾ ਗ੍ਰੰਥ ਮਨੋਹਰ ਦਾਸ ਨਿਰੰਜਨੀ ਕਥਿਤੇ ਨਵਾਂ ਖੰਡਹ॥"

ਹੱਥ ਲਿਖਤ ਨੰ : MS 1115 ਏ

ਸਿਰਲੇਖ : ਵੇਦਾਂਤ ਪ੍ਰਭਾਖਾ

ਲੇਖਕ : ਮਨੋਹਰ ਦਾਸ ਨਿਰੰਜਨੀ

ਪੱਤਰੇ : 88 ੳ – 129 ਅ

ਆਕਾਰ : 15 X 11 ਸ.ਮ. ਲਿਖਤ : 10.5 X 9 ਸ.ਮ.

ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ - 10 ਹਨ।

ਆਮ ਵੇਰਵਾ : ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ। ਲਿਖਾਈ ਸੁੰਦਰ ਪੋਥੀ ਦੀ ਹਾਲਤ ਠੀਕ ਠੀਕ।

ਆਰੰਭ : "ੴ ਸ੍ਰੀ ਗੁਰੁ ਭਣੋ ਨਮਹ ॥ ਅਥ ਵੇਦਾਂਤ ਪ੍ਰਭਾਖਾ ਲਿਖਯਤੇ॥ ਕਰਤਾ ਗ੍ਰੰਥ ਕਰ ਬੇ ਮੈ ਨਿਰਬਿਘਨ ਸੁਖ ਸਾਹੈ ਹੈ ॥ਦੋਹਰਾ॥ ਮੰਗਲ ਦੇ ਮੋਹਿ ਦੇਵ ਗਣੇਸ॥ ਮੰਗਲ ਦੇਹ ਮੋਹਿ ਸੁਰਸਤੀ ॥ ਮੰਗਲ ਦੇ ਮੋਹਿ ਦੇਵ ਮਹੇਸ॥ ਮੰਗਲ ਦੇ ਮੋਹਿ ਪਰਬ੍ਰਤੀ॥ ਗ੍ਰੰਥ ਕੌ ਪ੍ਰਯੋਜਨ ਅਰੁ ਵਿਖਯ ਕਹਿਯੇ ਹੈ॥ਚੌਪਈ॥"

ਅੰਤ : "ਇਤਿ ਸ੍ਰੀ ਵੇਦਾਂਤ ਮਹਾਵਾਕਯ ਭਾਖਾ ਨਾਮ ਗ੍ਰੰਥ ਕਥਿਤੇ ਮਨੋਹਰ ਦਾਸ ਨਿਰੰਜਨੀ ਸੰਪੂਰਣ ਸਮਾਪਤ: ਗ੍ਰੰਥ ੨੯੨॥"

ਹੱਥ ਲਿਖਤ ਨੰ : MS 1115 ਸ

ਸਿਰਲੇਖ : ਖਟ ਪ੍ਰਸੀ ਨਿਰਨੈਲ ਨਾਮ ਭਾਖਾ

ਲੇਖਕ : ਮਨੋਹਰ ਦਾਸ ਨਿਰੰਜਨੀ

ਪੱਤਰੇ : 129 ਅ – 262 ਅ

ਆਕਾਰ : 15 X 11 ਸ.ਮ. ਲਿਖਤ : 10.5 X 9 ਸ.ਮ.

ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ-10 ਹਨ।

ਆਮ ਵੇਰਵਾ : ਕਈ ਪੱਤਰੇ ਭਿੱਜੇ ਹੋਏ ਹਨ। ਲਿਖਾਈ ਸੁੰਦਰ, ਪੋਥੀ ਦੀ ਹਾਲਤ ਠੀਕ ਠੀਕ ।

ਆਰੰਭ : "ੴ ਸ੍ਰੀ ਪਰਮਾਤਮਨੇ ਨਮ: ਅਥ ਗ੍ਰੰਥ ਖਟ ਪ੍ਰਸ੍ਨੀ ਆਰੰਭਤੇ ॥ ਪ੍ਰਥਮ ਗ੍ਰੰਥ ਕੋ ਕਰਤਾ ਗ੍ਰੰਥ ਕੀ ਆਦਿ ਇਸ ਦੇਵਤਾ ਕੌ ਸ੍ਵਰੂਪ ਦਿਖਾਵਤ ਹੈ॥ ਅਰੁ ਤ ਗ੍ਰੰਥ ਕੀ ਨਿਰਵਿਘਾਨਤਾ ਸਿਧ ਕਰਿ ਬੇ ਕੌ ਰਿਦੇ ਮਾ ਝਾਤਾ ਕੌ ਰੂਪ ਚਿਤਵਨ ਕਰਿ ਕੈ ਨਮਸਕਾਰ ਕਰਤੁ ਹੈ॥ਦੋਹਰਾ॥"

ਅੰਤ : "੮੫॥ ਅਹੰ ਬ੍ਰਹਮ ਬਿਸ੍ਰਮਤਾ ਸੋਅ ਸੰਗਤਾ ਦੇਖ॥ ਮਨ ਬਚਨ ਨ ਕੈਸੋ ਪਰੈ ਰਹਯੋ ਏਕ ਅਵਸੇਖ॥੮੬॥ਇਤਿ ਸ੍ਰੀ ਖਟ ਪ੍ਰਸ੍ਨੀ ਨਿਰਨੈ ਨਾਮ ਭਾਖਾ ਗ੍ਰੰਥਿ ਮਨੋਹਰ ਦਾਸ ਨਿਰੰਜਨੀ

ਕਬਿਤੇ॥ ਸੰਪੂਰਣ ਭਵੇਤ॥ ਦੋਹਰਾ॥ ਪ੍ਰਣਵ ਪ੍ਰਕਾਸੀ ਦੇਵ ਹੈ ਸੋਹੰ ਪ੍ਰਾਣਵ ਪ੍ਰਕਾਸ॥ ਸੋਹੰ ਤੈ ਓਅੰ ਪ੍ਰਗਟ ਘਟਿ ਘਟਿ ਭੀਤਰਿ ਬਾਸ॥੮੭॥ ਸਬ ਘਟਿ ਸੋਹੰ ਏਕ ਹੈ ਓਂਕਰੈ ਉਚਾਰ॥ ਦੇਵ ਪ੍ਰਕਾਸ ਪ੍ਰਕਾਸ ਤੈ ਸੋਹੰ ਕਰੈ ਸੰਚਾਰ॥੯੧॥ ਇਤਿ ਸਾਖੀ ਸ੍ਵਰੂਪ ॥ਸਲੋਕ"
ਇਸ ਤੋਂ ਅੱਗੇ ਤਿੰਨ ਚਾਰ ਸਤਰਾਂ ਦੀ ਹੋਰ ਸਾਖੀ ਹੈ ॥"

ਹੱਥ ਲਿਖਤ ਨੰ : MS 1115 ਹ
ਸਿਰਲੇਖ : ਗਯਾਨ ਚੂਰਣ ਵਚਨ ਕਾ
ਲੇਖਕ : ਮਨੋਹਰ ਦਾਸ ਨਿਰੰਜਨੀ
ਪੱਤਰੇ : 263 ੳ – 302 ੳ
ਆਕਾਰ : 15 X 11 ਸ.ਮ. ਲਿਖਤ : 10.5 X 9 ਸ.ਮ.
ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ – 10 ਹਨ।
ਆਮ ਵੇਰਵਾ : ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ । ਲਿਖਾਈ ਸੁੰਦਰ, ਪੋਥੀ ਦੀ ਹਾਲਤ ਠੀਕ ਠੀਕ ।
ਆਰੰਭ : "ੴ ਸ੍ਰੀ ਪਰਮਾਤਮਨੇ ਨਮ: ਅਥ ਗਯਾਨ ਚੂਰਣ ਵਚਨਕਾ ਲਿਖਯਤੇ ॥ਦੋਹਰਾ॥ ਰਵਿ ਗੁਰ ਦ੍ਵੈ ਸਮਤੁਲਯ ਹੈ ਤਮ ਅਗਯਾਨ ਕਰੈ ਦੂਰ॥ ਜਗ ਉਰਮੈ ਪ੍ਰਕਾਸ ਕਰਿ ਬੰਦਨ ਕੌ ਨਿਜ ਮੂਰ॥ ੧॥ ਜੀਵੇ ਸ੍ਵਰ ਚੈਤਨਜ ਮਹਿ ਕਹਿਯੇ ਹੈ ਦ੍ਵੈ ਨਾਮ॥"
ਅੰਤ : "ਨਿਰਗਤਿ ਅੰਜਨ ਰੂਪ ਜਹਾ॥ ਸੋਈ ਨਿਰੰਜਨ ਜਾਨ ਜਾਨ॥ਸੋਈ ਨਿਰੰਜਨ ਜਾਨ ਜਾਨ॥ ਸੋਈ ਅਪਨੌ ਆਪ ਹੈ ॥ ਅਹੰਰੋਗ ਬਿਲਮਾਨ॥੪॥ ਇਤਿ ਸ੍ਰੀ ਗਯਾਨ ਚੂਰਨ ਵਚਨਕਾ ਸੰਪੂਰਣ ਸਮਪਤ: ॥॥"

ਹੱਥ ਲਿਖਤ ਨੰ : MS 1115 ਕ
ਸਿਰਲੇਖ : ਵਸਿਸ੍ਰ ਸਾਰਿ ਭਾਖਾ
ਲੇਖਕ : ਦਿਆਲ ਅਨੇਮਾਨੰਦ ਸੁਰਸਤੀ, ਕਵਿ
ਪੱਤਰੇ : 303 ੳ – 333 ਅ
ਆਕਾਰ : 15 X 11 ਸ.ਮ. ਲਿਖਤ : 10.5 X 9 ਸ.ਮ.
ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ – 9 ਹਨ।
ਆਮ ਵੇਰਵਾ : ਕਾਨੀ ਬਦਲੀ ਹੋਈ ।ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ। ਲਿਖਾਈ ਸੁੰਦਰ, ਪੋਥੀ ਦੀ ਹਾਲਤ ਠੀਕ ਠੀਕ ।
ਆਰੰਭ : "ੴ ਸੁਅਸਤ ਸ੍ਰੀ ਗਣੇਸਾਇ ਨਮ: ਅਥ ਵਸਿਸ੍ਰ ਸਾਰਿ ਭਾਖਾ ਬਰਨਤੇ ॥ਕਵ ਕ੍ਰਿਤ ਦਿਆਲ ਅਨੇਮਾਨੰਦ ਸੁਰਸਤੀ॥ਦੋ॥ ਦਿਕ ਕਾਲਾ ਦਿਕ ਤੇ ਸਦਾ ਅਨਵ ਛਿੰਨ ਪਹਿਚਾਨ॥ ਚਿਨ ਮਾਤ੍ਰ ਮੂਰਤਿ ਅਵਿਐ ਅਮ੍ਰ ਅਨਭਵ ਏਕ ਪ੍ਰਮਾਨ॥ ਸਾਤ ਸ੍ਵਰੂਪੀ ਤੇਜ ਕੋ ਪ੍ਰਣਵੋ ਹਿਤ ਚਿਤ ਲਾਇ॥ ਨਿਰ ਬਿਘਨ ਗ੍ਰੰਥ ਕੇ ਹੇਤ ਹਿਤਿ ਮੰਗਲ ਬਿਧਵਤ ਗਾਇ ॥"
ਅੰਤ : "ਆਸਤਿ ਨਾਸਤਿ ਬਿਧੈ ਨ ਤੈਸੇ ॥੩੫॥ ਇਤ ਸ੍ਰੀ ਮਤਿ ਦਿਆਲ ਅਨੇਮਾ ਨੰਦ ਸ੍ਰਸੁਤੀ ਬ੍ਰਿਚਤੰਅੰ ਯੋਗ ਬਿਸਿਸਟ ਸਾਰੇ ਭਾਖਾਅੰ ਆਤਮਨਿਰੂਪਣੰ ਨਾਮ ਦਸਮੰ ਪ੍ਰਕਣ॥੧●॥ਸਪੂਰਨੰ ਸਮਾਪਤੰ॥ ਸੁਭਸਮਤੁ॥"

ਹੱਥ ਲਿਖਤ ਨੰ : MS 1115 ਖ
ਸਿਰਲੇਖ : ਛਪੈ ਛੰਦ
ਲੇਖਕ : ਸੁੰਦਰ ਦਾਸ

ਸਮਾਂ : ਸੰਮਤ 1816

ਪੱਤਰੇ : 334 ੳ – 414 ੳ

ਆਕਾਰ : 15 X 11 ਸ.ਮ. ਲਿਖਤ : 10.5 X 9 ਸ.ਮ.

ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ – 9 ਹਨ।

ਆਮ ਵੇਰਵਾ : ਲਿਖਾਈ ਸੁੰਦਰ, ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ। ਪੋਥੀ ਦੀ ਹਾਲਤ ਠੀਕ ਠੀਕ ।

ਆਰੰਭ : "ੴ ਸਤਿਗੁਰ ਪ੍ਰਸਾਦਿ॥ ਸ੍ਰੀ ਪ੍ਰਮਾਤਮਯਾਨੇਨਮ: ਪ੍ਰਿਥਮ ਮੰਗਲਾ ਚਰਣ ॥ ਛਪੈ ਛੰਦ॥ ਪ੍ਰਿਥਮ ਬੰਦਿ ਪਰਬ੍ਰਹਮ ਪਰਮ ਅਨੰਦ ਸ੍ਵਰੂਪੰ॥ ਦੁਤੀਯ ਬੰਦਿ ਗੁਰਦੇਵ ਦੀਯੋ ਜਿਹ ਗ੍ਯਾਨ ਅਨੂਪੰ॥ ਤ੍ਰਿਤਿਯ ਬੰਦਿ ਸਬ ਸੰਤ ਜੋਰਿ ਕਰਿ ਤਿਨ ਕੈ ਆਗੈ ॥ ਮਨ ਬਚਕਾਇ ਪ੍ਰਣਾਮ ਕਰਤ ਭੈ ਭ੍ਰਮ ਸਭ ਭਾਗੈ॥ ਇਹਿ ਭਾਤਿ ਮੰਗਲਾ ਚਰਣ ਕਰਿ ਸੁੰਦਰ ਗ੍ਰੰਥ ਬਖਾਂਣਿਯੇ॥"

ਅੰਤ : "॥੯॥ ਤਾਂ ਦਿਨ ਸੰਪੂਰਨ ਭਯੋ ਗਯਾਨ ਸੁਮੁਦ੍ਰਸ੍ਰ ਗ੍ਰੰਥ॥ ਸੁੰਦਰ ਔਗਾਂਹਨ ਕਰੈ ਲਹੈ ਮੁਕਤਿ ਕੋ ਪੰਥ॥੧●॥ ਇਤਿ ਸ੍ਰੀ ਗਯਾਨ ਸਮੁਦ੍ਰੇ ਸੁੰਦਰ ਦਾਸੇਨ ਬਿਰੰਚਤਹ ਗੁਰ ਸਿਖ ਸੰਬਾਦੇ ਸਮਾਪਤੰ ਪੰਚਮੋਹੁਲਾਸ॥ ਸੰਬਤੁ ਠਾਰਾ ਸੈ ਸੋਲਾਹ॥੧੮॥੧੬॥"

ਇਸ ਤੋਂ ਅੱਗੇ ਪੰਨਾ ਨੰ:੩੯੪ ਤੇ ਹੋਰ ਰਚਨਾ --- "ੴ ਸਤਿਗੁਰ ਪ੍ਰਸਾਦਿ॥ ਅਪ੍ਰੋਖ ਅਨੁਭਵ॥" ਜੋ ਪੰਨਾ ਨੰਬਰ ੪੧● ੳ ਤੇ ਸੰਪੂਰਨ ਹੋ ਜਾਂਦੀ ਹੈ ਅਤੇ ਇਸ ਤੋਂ ਬਾਅਦ, ਹੋਰ ਰਚਨਾ-ਜਿਵੇਂ ਸਿਧਾਂਤ ਬਿੰਦ ਸੰਕਰਾਚਾਰਯੋਕਤ' ਸ੍ਰੀ ਸੰਕਰਾਚਾਰਯ ਵਿਰਚਤੰ ਰਾਮਾ ਸ੍ਰਟੰ, ਇਕ ਇਕ ਪੰਨੇ ਦੀਆਂ ਆਈਆਂ ਹਨ ਅਤੇ ਪੰਨਾ ਨੰਬਰ ੪੧੪ ਤੇ ਆ ਕੇ ਸਮਾਪਤ ਹੋ ਜਾਂਦੀਆਂ ਹਨ । ਜਿਵੇਂ ॥੯॥ ਮਹੰਤ ਇਤਿ ਸ੍ਰੀ ਸੰਕਰਾਚਾਰਯ ਵਿਰਚਤੰ ਰਾਮਾ ਸ੍ਰਟੰ ਸਮਾਪਤੰ ਸੁਭੰ ਭੂਯਾਤਾ॥"

ਹੱਥ ਲਿਖਤ ਨੰ : MS 1115 ਗ

ਸਿਰਲੇਖ : ਅੰਮ੍ਰਿਤਧਾਰਾ

ਪੱਤਰੇ : 415 ੳ – 492 ਅ

ਆਕਾਰ : 15 X 11 ਸ.ਮ. ਲਿਖਤ : 10.5 X 9 ਸ.ਮ.

ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ – 9 ਹਨ।

ਆਮ ਵੇਰਵਾ : ਕਾਨੀ ਬਦਲੀ ਹੋਈ । ਅਖੀਰ ਵਿਚ ਪੋਥੀ ਦੇ ਕੁਝ ਪੱਤਰੇ ਨਹੀਂ ਹਨ ਅਤੇ ਰਚਨਾ ਅਧੂਰੀ ਹੈ ਲਿਖਾਈ ਸੁੰਦਰ, ਪੋਥੀ ਦੀ ਹਾਲਤ ਠੀਕ ਠੀਕ ।

ਆਰੰਭ : "ੴ ਸਤਿਗੁਰ ਪ੍ਰਸਾਦਿ॥ ਸ੍ਰੀ ਪ੍ਰਮਾਤਮੇਨ ਨਮ:॥ਸ੍ਰੀ ਗੁਰ ਸੰਤਾਏ ਨਮ:॥ ਅਥ ਗ੍ਰੰਥ ਅੰਮ੍ਰਿਤਧਾਰਾ ਲਿਖਤੰ॥ਦੋਹਰਾ॥"

ਅੰਤ : "੨੭॥ ਬ੍ਰਹਮ ਨਿਰੰਜਨ ਜਾਨੀਐ ਗੁਨਾਤੀਤ ਪ੍ਰਕਾਸ ॥ ਗਯਾਨੀ ਬ੍ਰਹਮ ਸਰੂਪ ਹੈ ਨਹੀ ਗਯਾਨ ਅਬ ਭਾਸ॥੨੮॥ਕਬਿਤੁ॥ ਗਯਾਨੀ ਕੋ ਸ" – ਅੱਗੇ ਪੱਤਰੇ ਨਹੀਂ ਹਨ ਅਤੇ ਰਚਨਾ ਅਧੂਰੀ ਹੈ॥

ਹੱਥ ਲਿਖਤ ਨੰ : MS 1116 ਸੰਗ੍ਰਹਿ

ਸਿਰਲੇਖ : ਜਫਰਨਾਮਹਿ ਸਟੀਕ, ਸ੍ਰੀ ਮੁਖਬਾਕ ਪਾਤਿਸਾਹੀ ੧●

ਲੇਖਕ : ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਪੱਤਰੇ : 1 ੳ – 312 ੳ

ਆਕਾਰ : 17X 12.5 ਸ.ਮ. ਲਿਖਤ : 12 X 10 ਸ.ਮ.

ਵੇਰਵਾ : ਜਿਲਦ ਗੱਤਾ ਕਪੜਾ। ਸਿਆਹੀ ਕਾਲੀ ਵਖਰੇਵੇਂ ਲਈ ਲਾਲ। ਹਾਸ਼ੀਆ ਦੋਵੇਂ ਪਾਸੇ ਦੋ ਦੋ ਕਾਲੀਆਂ ਲਕੀਰਾਂ । ਸਤਰਾਂ ਪ੍ਰਤੀ ਪੰਨਾ – 9 ਹਨ।

ਆਮ ਵੇਰਵਾ : ਲਿਖਾਈ ਹਾਸ਼ੀਏ ਤੋਂ ਬਾਹਰ ਕੀਤੀ ਹੋਈ ਹੈ। ਕੰਨੇ ਦੀ ਥਾਂ ਬਿੰਦੀ ਦਾ ਪਰਯੋਗ ਕੀਤਾ ਹੋਇਆ ਹੈ। ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ। ਪੋਥੀ ਦੀ ਹਾਲਤ ਠੀਕ ਠੀਕ ਅਤੇ ਲਿਖਾਈ ਸੁੰਦਰ।

ਆਰੰਭ : "ੴ ਹੁਕਮ ਸਤਿ ਸ੍ਰੀ ਵਾਹਿਗੁਰੂ ਜੀ ਕੀ ਫਤਹਿ॥ ਜਫਰਨਾਮਹਿ ਸ੍ਰੀ ਮੁਖ ਬਾਕ ਪਾਤਿਸਾਹੀ ੧●॥ ਫਤੇ ਕਾ ਖਤ ਲਿਖਯਤੇ ਹੈ ਦਸਵੇ ਪਾਤਿਸਾਹ ਸ੍ਰੀ ਮੁਖਵਾਕ ਮੁਬਾਰਕ॥ ਕਮਾਲੇ ਕਰਾਮਾਤ ਕਾਯਮ ਕਰੀਮ॥ ਰਜਾ ਬਖਸ ਰਾਜਕ ਰਹਾ ਕੋ ਰਹੀਮ॥੧॥"

ਅੰਤ : "ਜਬ ਇਹ ਗਲ ਨਰੰਗ ਸਾਹਿ ਕਹੀ ਤਬ ਮੁਖ ਪੀਅਰਾ ਹਇਆ ਤੇ ਮਰਿ ਗਇਆ ॥ ਸੋ ਖਤ ਮਹਿ ਬਡਾ ਬਿਸਥਾਰੁ ਲਿਖਿਆ ਥਾ ਈਹਾਂ ਕਛੁ ਛੁਦ੍ਰ ਜੈਸਾ ਕਹਿਆ ਹੈ ॥੧॥ ਬੈਤਾ ਦਾ ਟੀਕਾ ਸਪੂਰਨੰ॥ ॥ ॥

ਹੱਥ ਲਿਖਤ ਨੰ : MS 1116 ਅ

ਸਿਰਲੇਖ : ਗੋਸਟਿ ਬਾਬੇ ਨਾਨਕ ਜੀ ਕੀਤੀ ਮਦੀਨੇ ਹੋਈ

ਪੱਤਰੇ : 211 ਉ – 312 ਉ

ਆਕਾਰ : 17 X 12.5 ਸ.ਮ. ਲਿਖਤ : 12 X 10 ਸ.ਮ.

ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ – 9 ਹਨ।

ਆਮ ਵੇਰਵਾ : ਲਿਖਾਈ ਸੁੰਦਰ, ਪੋਥੀ ਦੀ ਹਾਲਤ ਠੀਕ ਠੀਕ ।

ਆਰੰਭ : "ੴ ਸਤਿਗੁਰ ਪ੍ਰਸਾਦਿ॥ ਗੋਸਟਿ ਬਾਬੇ ਨਾਨਕ ਜੀ ਕੀਤੀ॥ ਮਦੀਨੇ ਹੋਈ॥ ਤਬ ਬਾਬਾ ਨਾਨਕ ਜੀ ਮੱਕੇ ਵਿਚਿ ਬਰਸੁ ਇਕੁ ਰਹਿਆ ॥ ਸਭਨਾ ਹਾਜੀਆ ਬਾਬੇ ਨਾਨਕ ਦੀ ਆਨਿ ਮਾਨੀ॥ ਮੱਕੇ ਦੇ ਹਾਜੀ ਨਿਵਾਇ ਕਰਿ ਬਾਬਾ ਮਦੀਨੇ ਕਉ ਚਲਿਆ॥ ਜਿਥੇ ਤੀਨ ਗੁਰੂ ਮੱਕੇ ਉਲਮਾਉ ਹਾਜੀ ਕਾਜੀ ਪੀਰ ਗਉਸ ਕੁਤਬ ਮਲਾਰ ਸਭਨਾ ਫੇਰਿ ਮਸਲਤਿ ਕੀਤੀ ॥ ਚਲੋ ਜੋ ਅਸੀ ਭੀ ਮਦੀਨੇ ਕੀ ਹਜਿ ਕਰਹੁ ॥"

ਅੰਤ : "ਗੁਰੂ ਨਾਨਕ ਆਇਆ ॥ ਜਲਿ ਨਾਨਕ ਥਲਿ ਨਾਨਕੁ ਜਹਾ ਦੇਖਹੁ ਧਿਆਨੁ ਕਰਿ ਤਹਾ ਗੁਰੂ ਨਾਨਕੁ ਆਖਿਆ ਆਪ ਖੁਦਾਇ॥ ਗੋਸਟਿ ਮਦੀਨੇ ਕੀ ਸੰਪੂਰਨ ਹੋਈ ॥ ਸ੍ਰੀ ਵਾਹਗੁਰੂ ਜੀ ਸਹਾਇ ॥ ਭੁਲਾ ਚੁਕਾ ਬਖਸਣਾ ਸਦਕਾ ਨਾਮੁ ਕਾ ਅਭੁਲੁ ਗੁਰੁ ਬਾਬਾ ਜੀ ਹੈ ॥ ਵਾਹਗੁਰੂ ਵਾਹਗੁਰੂ ਵਾਹਗੁਰੂ ਵਾਹਗੁਰੂ ਵਾਹਗੁਰੂ ॥੧॥" = = =

ਹੱਥ ਲਿਖਤ ਨੰ : MS 1117

ਸਿਰਲੇਖ : ਮੌਜਲ ਸਿੰਧ ਗ੍ਰੰਥ

ਲਿਖਾਰੀ : ਹਾਸ਼ਮ

ਪੱਤਰੇ : 1 ਉ – 10 ਅ

ਆਕਾਰ : 28 X 16 ਸ.ਮ. ਲਿਖਤ : 22 X 12 ਸ.ਮ.

ਵੇਰਵਾ : ਜਿਲਦ ਗੱਤਾ। ਸਿਆਹੀ ਕਾਲੀ, ਵਖਰੇਵੇਂ ਲਈ ਲਾਲ। ਹਾਸ਼ੀਆ ਦੋਵੇਂ ਪਾਸੇ ਦੋ ਦੋ ਕਾਲੀਆਂ ਲਕੀਰਾਂ। ਸਤਰਾਂ ਪ੍ਰਤੀ ਪੰਨਾ –13 ਹਨ।

ਆਮ ਵੇਰਵਾ : ਪੱਤਰੇ ਖਸਤਾ ਹਾਲਤ ਵਿਚ ਹਨ। ਇਹ ਪੱਤਰੇ ਕਿਸੇ ਹੋਰ ਪੋਥੀ ਨਾਲੋਂ ਉਤਾਰ ਕੇ ਇਸ ਨਾਲ ਜੋੜੇ ਗਏ ਹਨ। ਲਿਖਾਈ ਕਿਧਰੇ ਧੱਬਿਆਂ ਵਾਲੀ ਹੈ। ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ।

ਆਰੰਭ : "ੴ ਅਥ ਮੌਜਲ ਸਿੰਧ ਗ੍ਰੰਥ ਲਿਖਯਤੇ ॥ ਅਵਲ ਨਾਮ ਧਿਆਉ ਤਿਸਦਾ ਜਿਨ ਇਹ ਜਗਤ ਉਪਾਇਆ॥ ਥੰਮਾ ਮੇਖ ਜੰਜੀਰਾ ਬਾਝੋਂ ਧਰਤ ਅਕਾਸ ਟਕਾਇਆ॥ ਬਿਨ ਤਤਬੀਰ ਮਸਾਲੇ ਮਿਹਨਤ ਬਿਨ ਹਥਿਆਰ ਬਨਾਇਆ॥ ਹਾਸ਼ਮ ਵੇਖ ਅਜੇਹਾ ਖਾਲਕ ਤੈ ਕੀ ਹੋਸ ਭੁਲਾਇਆ॥ ਇਕ ਥੋ-ਚਾਰ ਹੋਏ ਚਹੁ ਕੋਲੋ ਜੋ ਹੈ ਖਲਕਤ ਸਾਰੀ ॥ ਬਿਰੰਗੀ ਲਖ ਰੰਗ ਸਵਾਰੀ ਕਰ ਗੁਲਜਾਰ ਪਸਾਰੀ॥ ਇਕ ਨਾ ਦੂਜੇ ਜੇਹਾ ਹਰਿਗਜ ਸੂਰਤ ਅਕਲ ਨਿਆਰੀ॥ ਹਾਸ਼ਮ ਜਲਵਾ ਜਾਤ ਉਸੀ ਦਾ ਖਾਰੀ ਨੂਰੀ ਨਾਰੀ॥"

ਅੰਤ : " ਛੰਦ ਨੰ: ੧੫●॥ ਕੁਟੀਆ ਛੋਡਿ ਨਦੀ ਵਲਿ ਤੁਰਿਆ ਕਰ ਵਿਦਿਆ ਜਿੰਦਗਾਨੀ ॥ ਕਰ ਕੁਰਬਾਣ ਸੋਹਣੀ ਦੇ ਸਿਰ ਤੋਂ ਲਾਜਤ ਐਸ ਜੁਆਨੀ॥ ਡਰਦਾ ਦੋੜਤਿ ਜਰਬੋ ਤੁਰਿਆ ਵਗਦੇ ਵਹਿਣ ਤੁਫਾਨੀ ॥ ਹਾਸ਼ਮ ਇਸ਼ਕ ਮੁਇਆ ਖੜ ਮੇਲੇ ਫੇਰ ਮਿਲੇ ਦਿਲਜਾਨੀ॥ ਮਿਲਿਆ ਜਾਇ ਰੂਹਾਲ ਸੁ ਮੇਲਾ ਵਿਚ ਦਰਗਾਹ ਰੂਬਾਨੀ॥ ਇਕ ਤੇ ਜਾਇ ਸਮਾਣੇ ਨੈ ਵਿਚ ਢੇਰ ਮਿਲੇ ਜਾ ਜਾਨੀ ॥ ਖੜਕੇ ਖਿਦਰ ਹਯਾਤ ਜਨਾਜਾ ਦਫਨ ਕੀਤੇ ਵਿਚਿ ਪਾਨੀ ॥ ਹਾਸ਼ਮ ਇਸ਼ਕ ਸੋਹਣੀ ਦਾ ਜਗ ਵਿਚ ਦੁਹ ਜੁਗ ਰਹੁਗੁ ਕਹਾਨੀ ॥੧੫੨॥ਸੰਪੂਰਣੰ॥"

ਛੰਦ ਨੰਬਰ *੧੪੬ ਅਤੇ ੧੪੭ ਬੁਧ ਸਿੰਘ ਦੇ ਹਨ ॥

ਹੱਥ ਲਿਖਤ ਨੰ : MS 1118

ਸਿਰਲੇਖ : ਕਥਾ ਹਮੀਰ ਹਠ ਕੀ (ਹਮੀਰ ਰਾਸੋ)

ਲੇਖਕ : ਜੋਧਰਾਜ, ਕਵੀ

ਸਮਾਂ : ਸੰਮਤ 1913 ਰਚਨਾ ਕਾਲ: ਸੰਮਤ 1855

ਪੱਤਰੇ : 1 ੳ

ਆਕਾਰ : 15 X 13.5 ਸ.ਮ. ਲਿਖਤ : 9 X 17 ਸ.ਮ.

ਵੇਰਵਾ : ਜਿਲਦ ਗੱਤਾ, ਰੈਕਸ਼ੀਅਨ। ਸਿਆਹੀ ਕਾਲੀ, ਵਖਰੇਵੇਂ ਲਈ ਲਾਲ। ਸਤਰਾਂ ਪ੍ਰਤੀ ਪੰਨਾ-15 ਹਨ।

ਆਮ ਵੇਰਵਾ : ਪੋਥੀ ਦੀ ਮਾਇਕਰੋਫਿਲਮ ਕਰਨ ਸਮੇਂ ਜਿਲਦ ਉਖਾੜੀ ਗਈ ਅਤੇ ਪੱਤਰੇ ਖਸਤਾ ਹਾਲਤ ਵਿਚ ਹਨ। ਇਹ ਪੱਤਰੇ ਵੀ ਵਖਰੇ ੨ ਕੀਤੇ ਗਏ। ਲਿਖਾਈ ਸੁੰਦਰ, ਪੋਥੀ ਕਿਧਰੇ ਕਿਧਰੇ ਕਿਰਮ ਖੁਰਦਾ। ਪੋਥੀ ਦੀ ਹਾਲਤ ਠੀਕ ਠੀਕ ॥

ਆਰੰਭ : "ੴ ਸਤਿਗੁਰ ਪ੍ਰਸਾਦਿ॥ ਇਕ ਪਾਸੇ ਨੁਕਰ ਵਿਚ ਲੰਵਰ ਦਰਜਾ ੩ ਲਿਖਿਆ ਹੋਇਆ ਹੈ। "ਅਥ ਕਥਾ ਹਮੀਰ ਹਠ ਕੀ ਲਿਖਯਤੇ ੧॥ ਸਲੋਕ॥ ਸਿਵਤਨਯ ਬਰਿਸ੍ਮੈ ਸਰਬ ਕਲਯਾਣ ਪਰ ਸੁਕ ਮਲਹ ਸੁੰਸੋਭਿਤਿਤੰ ਮੋਦਕੇਨ॥ ਅਰੁਣ ਕੁਸਮ ਮਾਲਾ ਬਯਾਲਯਗਯੋ ਪਵੀਤੰਮਮਹ੍ਰਿਦਯ ਨਿਵਾਸੰ ਸ੍ਰੀ ਗਣੇਸੰਨਮਾਂਮੀ ॥ ਦੋਹਰਾ ॥"

ਅੰਤ : "੩੫੪॥ ਸੰਬਤ ਠਾਰਾਂ ਸੈ ਪ੍ਰਗਟ ਕਹੇ ਪੰਚ ਪੰਚਾਸ ॥ ਮਾਘ ਸੁਕਲ ਤ੍ਰਿਤੀਯਾ ਸੁ ਤਿਥ ਜੀਵ ਬਾਰ ਮੁਨਿ ਜਾਸ॥ ੩੫੫॥ ਭੂਪ ਤਿਨੀ ਬਾਗੜ ਪ੍ਰਗਟ ਚੰਦ੍ਰ ਭਾਂਨ ਚਹੁੰਵਾਨ॥ ਸਾਮ ਦਾਮ ਅਰ ਦੰਡ ਜੁਤ ਭੇਦਹਿ ਕਰਤ ਖਲਾਨ॥ ੩੫੬॥ ਇਤਿ ਮਨ ਮਹਾਰਾਜਾ ਧਿਰਾਜ ਰਾਜਾ ਚੰਦ੍ਰ ਭਾਨ ਜੀ ਕੀ ਆਗਿਆ ਤੈ ਕਵਿ ਜੋਧ ਰਾਜ ਕ੍ਰਿਤ ਹਮੀਰ ਰਾਸੋ ਸੰਪੂਰਣੰ॥੫੭॥ ਸੁਭੰਮਸਤੰ॥ ਮਿਤੀ ਜੇਸ੍ਠ ਬਦੀ ੪॥ ਸੁੱਕ੍ਰਵਾਰ॥ ਸੰਮਤੁ ੧੯੧੩॥ ਕਥਾ ਹਮੀਰ ਹਠ ਕੀ ਪੂਰੀ ਹੋਈ ॥" ॥ ॥

ਹੱਥ ਲਿਖਤ ਨੰ : MS 1139

ਸਿਰਲੇਖ : ਗੁਰ ਬਿਲਾਸ ਪਾਤਸਾਹੀ ੧●

ਲੇਖਕ : ਸੁੱਖਾ ਸਿੰਘ, ਭਾਈ

ਲਿਖਾਰੀ : ਜੋਧ ਸਿੰਘ ਭਾਈ, ਸਾਖੀਆਂ ਵਾਲਾ

ਸਮਾਂ : ਸੰਮਤ 1898 ਬਿਕ੍ਰਮੀ

ਪੱਤਰੇ : 1 – 480 ਅ

ਆਕਾਰ : 28 X 16 ਸ.ਮ. ਲਿਖਤ : 22 X 12 ਸ.ਮ.

ਵੇਰਵਾ : ਜਿਲਦ ਗੱਤਾ ਕਪੜਾ। ਸਿਆਹੀ ਕਾਲੀ, ਵਖਰੇਵੇਂ ਲਈ ਲਾਲ। ਹਾਸ਼ੀਆ ਪਹਿਲੇ ਪੰਨੇ ਉਪਰ ਤੀਹਰਾ, ਚਾਰੇ ਪਾਸੇ ਦੋ ਦੋ ਲਾਲ, ਕਾਲੀਆਂ ਲਕੀਰਾਂ ਵਿਚਕਾਰ ਮੋਟੀ ਕੇਸਰੀ ਲਕੀਰ। ਸਤਰਾਂ ਪ੍ਰਤੀ ਪੰਨਾ–11 ਹਨ।

ਆਮ ਵੇਰਵਾ : ਜਿਲਦ ਉਖੜੀ ਹੋਈ ਅਤੇ ਅਖੀਰਲੇ ਪੰਨੇ ਵੀ ਉਖੜੇ ਹੋਏ ਹਨ। ਪਹਿਲੇ ਪੰਨੇ ਉਪਰ ਡੀਜ਼ਾਇਨਦਾਰ ਹਾਸ਼ੀਆ, ਲਿਖਾਈ ਸੁੰਦਰ।ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ। ਪੋਥੀ ਇਕ ਪਾਸੇ ਤੋਂ ਭਿਜੀ ਹੋਈ ਹੈ। ਕੰਨੇ ਦੀ ਥਾਂ ਤੇ ਬਿੰਦੀ ਦਾ ਪਰਯੋਗ ਕੀਤਾ ਹੋਇਆ ਹੈ। ਪੋਥੀ ਦੀ ਹਾਲਤ ਠੀਕ ਠੀਕ ।

ਆਰੰਭ : “ੴਵਾਹਿਗੁਰੂ ਜੀ ਕੀ ਫਤੇ। ਸ੍ਰੀ ਭਗੌਤੀ ਜੀ ਸਹਾਇ ॥ਅਥ ਸ੍ਰੀ ਗੁਰ ਬਿਲਾਸ ਲਿਖਯਤੇ॥ ਪਾਤਿਸਾਹੀ ਦਸਵੀ ਕੇ ਕੌਤਕ ॥ ਦੋਹਰਾ॥”

ਅੰਤ : “ਸੰਮਤ (੧੮੯੮) 1898 ਪੋਥੀ ਲਿਖੀ ਗੁਰ ਬਿਲਾਸ ਕੀ ਲਿਖਵਾਈ ਭਾਈ ਹਜਾਰਾ ਸਿੰਘ ਜਿਹ ਨਾਮ॥ ਲਿਖਤਮ ਦਸਖਤ ਭਾਈ ਜੋਧ ਸਿੰਘ ਸਾਖੀਆਂ ਵਾਲਾ ਜਿਹ ਨਮ ॥ ਗੁਰੂ ਰਾਮ ਦਾਸ ਕੀ ਹਸਲੀ ਉਪਰਿ ਅੰਮ੍ਰਿਤਸਰ ਜਿਹ ਨਾਮ॥ ਲਾਗਤਾ ਲਿਖੀ ਸੁਧਾਰ ਕਰਿ ਜਿਹ ਨਾਮ ॥੩॥ ਛਿ ਆਨੇ ਤ੍ਰੈ ਰੁਪਏ ਕਾਗਦਾ ਉਪਰਿ ਲਗੇ ਤਿਨਾ ਦਸਤਿਆਂ ਪਰ ਅਧ ਪਾਉ ਰੁਪਯਾ ਦਸਤੇ ਪਰ ਲਗਾ॥ ਡੇਢਿ ਰੁਪਯਾ ਸਤਰਾ ਪਰ ਲਗਾ ॥ ਧੇਲੀ ਦਾ ਸਿਮਰਖ॥ ਤਿਨਾ ਪਾਓ ਦੀ ਲਿਆਦੀ ਸਾਹੀ ਲਗੀ॥੧॥ ਰੁਪਯਾ ਜਿਲਤ ਤੇ ਲਗਾ॥ ਪੰਦਰਾ ਰੁਪਏ ਅਕਰੀ ਲਿਖਤ ਤੇ ਲੱਗੇ॥ ਵੈਸਾਖ ਨੂੰ ਟੋਰੀ ਵਿਸਾਖ ਜੇਠ ਹਾੜ ਸਾਉਣ ਦੀ ਪੰਦ੍ਰਵੀ ਸੰਪੂਰਨ ਹੋਈ ਬੁਧਵਾਰ ਥਿਤ ਦਸਮੀ ਨੂੰ ਗੁਰਬਿਲਾਸ ਸੰਪੂਰਨ ਹੋਇਆ॥ ਸਤਿਗੁਰ ਕੇ ਪ੍ਰਤਾਪ ਤੇ॥ ਪੜਤੇ ਸੁਣਤੇ ਪੁਨੀਤ ਮੋਖ ਪਦਵੀ ਨੂੰ ਪ੍ਰਾਪਤਿ ਹੋਵਨਿ ਸ੍ਰੀ ਗੁਰੂ ਸਾਹਿਬ ਸਿਖੀ ਪ੍ਰਾਪਤ ਕਰੇ ਗੁਰ ਕਾ ਜਸੁ ਸੁਣਿ ਕੇ ਮੁਕਤ ਨੂੰ ਪ੍ਰਾਪਤਿ ਹੋਵੋਗੇ॥

ਅੱਗੇ ਦੋ ਪੱਤਰੇ ਹਾਸ਼ੀਏ ਵਾਲੇ ਖਾਲੀ ਹਨ ॥ ॥ ॥ ॥ ॥

ਹੱਥ ਲਿਖਤ ਨੰ : MS 1140

ਸਿਰਲੇਖ : ਸ੍ਰੀ ਭਾਗਵਤ ਇਕਾਦਸ ਸਕੰਧ ਕੀ ਭਾਖਾ

ਲੇਖਕ : ਛਿਬਰ ਸੰਤ ਦਾਸ

ਲਿਖਾਰੀ : ਚਤਰ ਦਾਸ

ਸਮਾਂ : ਸੰਮਤ 1692

ਪੱਤਰੇ : 1 ੳ –293 ੳ

ਆਕਾਰ : 15 X 20 ਸ.ਮ. ਲਿਖਤ : 10 X 15 ਸ.ਮ.

ਵੇਰਵਾ : ਜਿਲਦ ਗੱਤਾ ਚਮੜਾ। ਕਿਰਮ ਖੁਰਦਾ। ਸਿਆਹੀ ਕਾਲੀ, ਵਖਰੇਵੇਂ ਲਈ ਲਾਲ ।ਹਾਸ਼ੀਆ ਦੋਵੇਂ ਪਾਸੇ ਦੋ ਦੋ ਲਾਲ ਲਕੀਰਾਂ ਵਿਚਕਾਰ ਇਕ ਕਾਲੀ ਲਕੀਰ। ਸਤਰਾਂ ਪ੍ਰਤੀ ਪੰਨਾ – 13 ਹਨ।

ਆਮ ਵੇਰਵਾ : ਪੋਥੀ ਦੀ ਮਇਕਰੋਫਿਲਮ ਕਰਨ ਸਮੇਂ ਜਿਲਦ ਖੋਲੀ ਹੋਈ ਅਤੇ ਇਕ ਇਕ ਪੱਤਰਾ ਕੀਤੀ ਹੋਈ। ਪੋਥੀ ਕਿਰਮ ਖੁਰਦਾ ਅਤੇ ਖਸਤਾ ਹਾਲਤ ਵਿਚ ਹੈ। ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ।

ਆਰੰਭ : "ੴ ਸਤਿਗੁਰ ਪ੍ਰਸਾਦਿ॥ ਚਉਪਈ॥ ਗ੍ਰਿੰਥ ਭਾਗਵਤ॥ ਇਕਾਦਸ ਕੀ ਭਾਖਾ ਲਿਖਤੇ ਸੰਤਦਾਸ ਸਤਿਗੁਰ ਕੇ ਚਰਣਾ॥ ਤਿਨ ਕੀ ਗਹੋ ਸੁ ਦਿੜਿ ਕਰਿ ਸਰਣਾ॥ ਯਾਤੇ ਉਪਜੈ ਗਿਆਨ ਬਿਚਾਰਾ॥ ਛੁਟੈ ਕਰਮ ਭਰਮ ਬਿਓਹਾਰਾ॥੧॥ ਬਹੁਰੋ ਜਗਤਿ ਜਨਮ ਨਹਿ ਆਊ॥"

ਅੰਤ : "ਸੰਮਤ ਸੋਲਾ ਸੈ ਬਾਨਵੈ ॥ ਜੇਠ ਸੁਦੀ ਖਸਟਮੀ ਮੰਗਲਵਾਰਏ॥ ਸੰਤ ਦਾਸਿ ਗੁਰ ਆਗਿਆ ਦੀਨੀ॥ ਚਤੁਰ ਦਾਸਿ ਇਹ ਭਾਖਾ ਕੀਨੀ ਪਰਮ ਗਿਆਨੁ ਪ੍ਰਗਟੁ ਕਹਿਓ ਮਮ ਘਟ ਹੋਇ ਜਿਨ ਦੇਵ॥ ਤੇ ਮੇਰੈ ਉਰ ਨਿਤ ਬਸੈ ਸੰਤ ਦਾਸ ਗੁਰਦੇਵ॥

ਇਤ ਸ੍ਰੀ ਭਾਗਵਤੇ ਮਹਾਪੁਰਾਣੇ ਇਕਾਦਸ ਸਿਕਂਧੇ॥ ਸ੍ਰੀ ਸੁਕ ਪਰੀਛਤ ਸਂਬਾਦੇ॥ ਭਾਖਾ ਅਨਸ੍ਰਿ ਕ੍ਰਿਸਨਿ ਬੈਕੁਂਠ ਪੈ ਆਣੋ ਨਾਮੇ ਇਕਤੀਸੋਮ ਧਿਆਇ॥ ੩੧॥ ਇਕਾਦਸ ਸਿਕਂਧ ਸਮਾਪਤੰ॥ਸਪਤ ਗੁਣ ਸਾਸਤ ਲਿਖਿਓ ਅਕਾਸ ਪ੍ਰਜਂਤ ॥ ਯਾ ਪੋਥੀ ਕੀ ਚਉਪਈ ਦੋਹਾ ਬੇਦ ਜੁਗੁ ਅਂਤ॥੧॥ ਭੁਲਿਆ ਚੁਕਿਆ ਬਖਸਣਾ॥ ਵਾਹਗੁਰੂ ਜੀ ॥

ਹੱਥ ਲਿਖਤ ਨੰ : MS 1141 ਸੰਗ੍ਰਹਿ
ਸਿਰਲੇਖ : ਸਹੰਸਰਿ ਨਾਮਾ ਵਡਾ ਮਹਲਾ ੧
ਪੱਤਰੇ : 1 ੳ – 11 ੳ
ਆਕਾਰ : 18 X 11 ਸ.ਮ. ਲਿਖਤ : 13 X 8 ਸ.ਮ.
ਵੇਰਵਾ : ਜਿਲਦ ਗੱਤਾ ਕਪੜਾ। ਸਿਆਹੀ ਕਾਲੀ, ਵਖਰੇਵੇਂ ਲਈ ਲਾਲ। ਹਾਸ਼ੀਆ ਦੋਵੇਂ ਪਾਸੇ ਦੋ ਦੋ ਕਾਲੀਆਂ ਲਕੀਰਾਂ। ਸਤਰਾਂ ਪ੍ਰਤੀ ਪੰਨਾ-9 ਹਨ।
ਆਮ ਵੇਰਵਾ : ਲਿਖਾਈ ਸੁੰਦਰ ਪੋਥੀ ਦੀ ਹਾਲਾਤ ਠੀਕ ਠੀਕ । ਕਈ ਪੰਨਿਆਂ ਉਪਰ ਲਿਖਾਈ ਹਾਸ਼ੀਏ ਤੋਂ ਬਾਹਰ ਕੀਤੀ ਹੋਈ ਅਤੇ ਹੜਤਾਲ ਫੇਰਕੇ ਸੁਧਾਈ ਕੀਤੀ ਹੋਈ।
ਆਰੰਭ : "ੴ ਸਤਿਗੁਰ ਪ੍ਰਸਾਦਿ॥ ਰਾਗੁ ਮਾਰੂ ਸਹੰਸਰਿਨਾਮਾ ਵਡਾ ਮਹਲਾ ੧॥ ਅਚੁਤ ਪਾਰਿ ਬ੍ਰਹਮ ਪ੍ਰੇਮਸੁਰਿ ਨਾਮਾ॥ ਦੀਨ ਦਿਆਲ ਦਮੋਦਰਿ ਨਾਮਾ॥ ਆਦਿ ਜੁਗਾਦਿ ਜੁਗਾ ਜੁਗੁ ਸੋਈ ਅਬਿਨਾਸੀ ਅਲਖਿ ਬਿਧਾਤਾ ਹੋ॥੧॥"
ਅੰਤ : "ਸਹੰਸਰਿ ਨਾਮੁ ਪੜਿ ਸੂਖ ਸਮਾਨਾ ਧਰਮੁ ਧਰਿਜੁ ਠਹਿਰਾਤਾ ਹੋ ॥੮● ਸਹੰਸਰਿ ਨਾਮੁ ਪੜਿ ਪੂਰੀ ਆਸਾ॥ ਮਸਤਕਿ ਲੇਖੁ ਲਿਖੁਆ ਧੁਰਿ ਸਾਚਾ॥ ਨਾਨਕ ਸਹੰਸਰਿ ਨਾਮ ਹਰਿ ਪੜਿਆ ਧੁਰਿ ਮਸਤਕਿ ਲੇਖੁ ਲਿਖਾਤਾ ਹੋ॥੯੧ ਆਦਿ ਅੰਤਿ ਧੁਰਿ ਸਾਚੀ ਬਾਣੀ ॥ ਸਚਹੁ ਉਪਜੀ ਸਾਚਿ ਸਮਾਣੀ॥ ਸਚ ਅਚਰਜ ਅਕਥੁ ਕਿਆ ਕਥੀਐ ਨਾਨਕ ਸਿਫਤੀ ਰਾਤਾ ਹੇ॥੯੨॥ ੐ਨਇ ਡਰਿਮ ਅੰਨਮ:॥ ॥ ॥"

ਹੱਥ ਲਿਖਤ ਨੰ : MS 1141 ਅ
ਸਿਰਲੇਖ : ਸ੍ਰੀ ਭਵਿਖਤ ਪੁਰਾਣ, ਸ੍ਰੀ ਅੰਮ੍ਰਿਤਸਰ ਉਤਪਤਿ ਮਹਾਤਮ ਭਾਖਾਯਤੇ
ਸਮਾਂ : ਸੰਮਤ 1905
ਪੱਤਰੇ : 11ੳ – 54 ਅ
ਆਕਾਰ : 18 X 11 ਸ.ਮ. ਲਿਖਤ : 13 X 8 ਸ.ਮ.
ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ-9 ਹਨ।
ਆਮ ਵੇਰਵਾ : ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ। ਲਿਖਾਈ ਸੁੰਦਰ, ਪੋਥੀ ਹਾਲਤ ਠੀਕ ਠੀਕ ਹੈ ।
ਆਰੰਭ : "ੴ ਸਤਿਗੁਰ ਪ੍ਰਸਾਦਿ॥ ੐ਂਅੰਸ੍ਰੀ ਗਣੇਸਾਯਮ:॥ ਸ੍ਰੀ ਭਵਿਖਤ ਪੁਰਾਣ ਲਿਖਯਤੇ ॥ ਸ੍ਰੀ ਅੰਮ੍ਰਿਤਸਰ ਉਤਪਤਿ ਮਹਾਤਮ ਭਾਖਯਤੇ ॥ਦੋਹਰਾ॥ ਚਾਲੀ ਛੰਦ ਗਯਾਰਾ ਮੇਲ ਕਰਿ ਕਹੈ ਤੀਰਥ ਜਿਮ ਸਾਜਿ॥"

ਅੰਤ : “ਉਨੀ ਸੈ ਪੰਚ ਸੰਮਤ ਜਾਨਿ ਕਾਤਕ ਕੀ ਸੰਗ੍ਰਾਂਦਿ ਬਧਾਂਨਿ ਕ੍ਰਿਸ੍ਨਾ ਤੀਜਿ ਬੂਜ ਸਿਵ ਨਿਮਸਕਾਰਿਓ॥੬੧॥ ਇਤ ਸ੍ਰੀ ਭਵਿਖਤ ਪੁਰਾਣੇ ਜੰਮਾ ਮਹੇਸੁਰ ਸੰਬਾਦੇ ਸ੍ਰੀ ਅੰਮ੍ਰਿਤਸਰ ਮਹਾਤਮੇ ਨਾਮ ਅਸ੍ਟਮੋ ਧਿਆਇ॥ ਸਿਵੋਹੰ ਨਮਸਤੇ॥ ਸ੍ਰੀ ਗੁਰਪਮੇਸਰ ਅਰਪਣਾਇ ਨਮ: ੮ ਸ੍ਰੀ ਪਰਮਾਤਮਾਇਨਮ:॥ ਦੋਹਰਾ: ਸ੍ਰੀ ਅੰਮ੍ਰਿਤਸਰ ਕੇ ਦਰਸ ਬਿਨੁ ਜਗਿ ਜਨਮ ਗਵਾਏ ਬਾਦਿ॥ ਪ੍ਰੀਤਮ ਦਾਸ ਸਚ ਕਹਤ ਹੈ ਇ ਸਿਵ ਗੌਰੀ ਸੰਬਾਦਿ॥੧॥”

ਹੱਥ ਲਿਖਤ ਨੰ : MS 1141 ਏ
ਸਿਰਲੇਖ : ਗੋਪੀ ਚੰਦ੍ਰੋਦਿਕ
ਲੇਖਕ : ਪ੍ਰੀਤਮ ਦਾਸ
ਪੱਤਰੇ : 54 ਅ –149 ਅ
ਆਕਾਰ : 18 X 11 ਸ.ਮ. ਲਿਖਤ : 13 X 8 ਸ.ਮ.
ਵੇਰਵਾ : ਜਿਲਦ ਗੱਤਾ ਚਮੜਾ, ਕਿਰਮ ਖੁਰਦਾ। ਸਿਆਹੀ ਕਾਲੀ, ਵਖਰੇਵੇਂ ਲਈ ਲਾਲ। ਹਾਸ਼ੀਆ ਦੋਵੇਂ ਪਾਸੇ ਦੋ ਦੋ ਲਾਲ ਲਕੀਰਾਂ ਵਿਚਕਾਰ ਇਕ ਕਾਲੀ ਲਕੀਰ। ਸਤਰਾਂ ਪ੍ਰਤੀ ਪੰਨਾ –13 ਹਨ।
ਆਮ ਵੇਰਵਾ : ਪੋਥੀ ਇਕ ਪਾਸੇ ਤੋਂ ਕਿਰਮ ਖੁਰਦਾ, ਲਿਖਾਈ ਸੁੰਦਰ, ਬਾਕੀ ਦੀ ਪੋਥੀ ਦੀ ਹਾਲਤ ਠੀਕ ਠੀਕ॥
ਆਰੰਭ : “ੴ ਸਤਿਗੁਰ ਪ੍ਰਸਾਦਿ॥ ਓ ਅੰਸ੍ਰੀ ਪਰਮਾਤਮ ਦੇਵਾਇ ਨਮ:॥ ਸ੍ਰੀ ਗੋਪੀ ਚੌਦ੍ਰੋਦਿਕ ਲਿਖਯਤੇ॥ਦੋਹਰਾ॥ ਸ੍ਰੀ ਪ੍ਰਮਾਤਮ ਕੋ ਨਮੋ ਮਮ ਮਜਿਹ॥ ਬਿਨੁਉ ਨੁ ਨਾ ਥਾਉ॥ ਸ੍ਵੈਯਾ॥ ਸ੍ਰੀ ਪਰਮਾਤਮ ਰੂਪ ਸਰਬਾਇ ਧਰਾਇ ਸੁਹਾਇ ਬਣਾਉ ਤੂਹੀ ਕੀ ਗਾਊ॥ ਵਾਕਪਤਿ ਗਣਪਤਿ ਗੁਰੂ ਸੰਤ ਸਭ ਬੇਦ ਬਿਆਸ ਮੈਨੰ ਤੂਹੀ ਰੀ ਰਾਊ॥”

ਪੰਨਾ ੧੪੯:- “ਬਾਈ ਸ੍ਵੈਯੇ ਪੰਚ ਦੋਹਰਾ ਸੋਰਠਿ ਏਕ ਲਿਖਾਇ॥ ਪੜੈ ਸੁਣੈ ਆਨੰਦ ਦੇਇ ਮੁਕਤਿ ਹੋਇ ਕੁ ਆਇ॥੧॥੨੯॥ ਸੋਰਠਾ॥ ਸ੍ਰੀ ਗੋਪੀ ਚੰਦ੍ਰੋਦਿਕ ਗ੍ਰੰਥੇ ਨਾਥ ਸਿਧ ਜੋਗ ਕੁਰਾਯੋ॥ ਪ੍ਰੀਤਮ ਦਾਸ ਜੋਗ ਕੈ ਪੰਥ ਦੇ ਗੁਣ ਗੁਰ ਨਾਮ ਨੌਮੋ ਧਿਆਇ ॥ ੯॥੨ ॥ ੩●॥ ॥ ॥ ॥ ॥ ॥

ਅੰਤ : ੧੯੭ : “ਦੋਹਰਾ :- ਸ੍ਰੀ ਗੋਪੇ ਚੰਦ੍ਰੋਦਿਕ ਜੋ ਪੀਆ ਪ੍ਰੇਮ ਮੁਕਤਾਇ॥ ਹ੍ਵੈ ਸਾਧੂ ਕ੍ਰਿਪਾ ਮਨੁ ਇਦ੍ਰੇ ਵਸ ਨਾਮ ਗਯਾ ਰਮੋ ਧਯਾਇ ੧੧॥੩॥ ਪ੍ਰਿਥਮ ਧਿਆਇ ਕੇ ਛੰਦਾ ॥੪੩॥ ਦੂਜੇ ਕੇ ॥੫੧॥ ਤੀਜੇ ਕੇ ॥੫੨॥ ਚੌਥੇ ਦੇ ॥੪੨॥ ਪੰਜਮੇ ਦੇ ॥ ੫੬ ਛੇਮੇ ਦੇ ॥੪॥ ਸਤਿਮੇ ਦੇ॥ ੯੪॥ ਅਟਮੇ ਦੇ॥੨੩॥ ਨੌਮੇਦੇ ੩● ਦਸਮੇ ਦੇ ੬੬॥ ਸੰਪੂਰਣੰ ॥”

ਹੱਥ ਲਿਖਤ ਨੰ : MS 1141 ਸ
ਸਿਰਲੇਖ : ਬੋਲਨਾ ਨਉਸੇਰਵਾ ਆਦਲਿ
ਸਮਾਂ : ਸੰਮਤ 1908
ਪੱਤਰੇ : 187 ਅ–192
ਆਕਾਰ : 18 X 11 ਸ.ਮ. ਲਿਖਤ : 13 X 8 ਸ.ਮ.
ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ–9 ਹਨ।
ਆਮ ਵੇਰਵਾ : ਲਿਖਾਈ ਸੁੰਦਰ, ਪੋਥੀ ਦੀ ਹਾਲਤ ਠੀਕ ਠੀਕ ਹੈ ।
ਆਰੰਭ : “ਜਾਣੁ ਜਿ ਸਭ ਸੋਝੀ ਹੋਇ ਏਹ ਰਿਸਾਲਾ ਹੈ। ਨਉ ਦਿਨ ਦੁਨੀਆ ਹਕੀਮ॥ ਬੁਜਰਕਾਂ ਜਵੇਹਰਾ॥ ਵਖਤ ਪਾਤਿਸਾਹਿ ਨਉਸੇਰਵਾ ਆਦਲਿ ॥ ਪਹਿਲਾ ਬਰਸ ਜੋ ਗੁਰਰਾ ਮੁਹਿਰੰਮ ਦਾ ਆਵੈ॥ ਰਾਹਿ ਇਲਮ ਦੇ ਹਿਕਮਤਿ ਦੇ ॥ ਸਭਨਾ ਹਕੀਮਾ ਸਿਆਣਿਆ ਵੈਦਾ ਜੋਤਕੀਆ॥

ਪੜਿਆ ਹੋਇਆ ਤੋਰਕੀ ਫਾਰਸੀ॥ ਆਕਲਾਂ॥ ਜਾਦੂਗਰਾਉਂ ਪਰਿ ਏਸ ਸਿਹਰ ਦੇ ਅਜਮਾਇਸ ਕਰਿ ਡਿਠਾਨੇ॥"

ਅੰਤ : "ਚਉਪਾਇਆ ਨੂੰ ਖਤਰਾ ਬਹੁਤ ਹੋਵੈ॥ ਤੂਰਾ ਨੂੰ ਆਫਤਿ ਉਠੇ॥ ਤੁਰਕ ਪੈਦਾ ਹੋਵਨਿ ਤੰਗੀ ਬਹੁਤ ਹੋਵੈ॥ ਤਫਾਵਤਿ ਨਾਹੀ॥ ਖੁਸਾਇਸ ਨਹੀ ਸਹੀ ਜਾਨਣਾ ॥ " " "
ਪੋਥੀ ਸੰਪੂਰਨਿ ਹੋਈ॥ ਸੰਬਤ ੧੯●੮॥ ਮਿਤੀ ਪੋਹੋ ਦਿਨ ੧੩ ॥ ਸੁਕਰਵਾਰ ਸਕਲਾ ਪੱਖਾ॥ ਥਿਤ ॥ ॥ ॥" ਅਖੀਰ ਕੁਜ ਪੰਨੇ ਹਾਸ਼ੀਏ ਵਾਲੇ ਖਾਲੀ॥

ਹੱਥ ਲਿਖਤ ਨੰ : MS 1142 ਸੰਗ੍ਰਹਿ
ਸਿਰਲੇਖ : ਜਪੁਜੀ ਟੀਕਾ
ਲਿਖਾਰੀ : ਅੰਮਿਰ [ਅੰਮਰ ਸਿੰਘ]
ਪੱਤਰੇ : 1 ੳ –110 ਅ
ਆਕਾਰ : 18 X 14 ਸ.ਮ. ਲਿਖਤ : 13 X 10 ਸ.ਮ.
ਵੇਰਵਾ : ਜਿਲਦ ਗੱਤਾ। ਸਿਆਹੀ ਕਾਲੀ। ਹਾਸ਼ੀਆ ਦੋਵੇਂ ਪਾਸੇ ਦੋ ਦੋ ਕਾਲੀਆਂ ਲਕੀਰਾਂ। ਸਤਰਾਂ ਪ੍ਰਤੀ ਪੰਨਾ–11 ਹਨ।
ਆਮ ਵੇਰਵਾ : ਪੋਥੀ ਦੇ ਸ਼ੁਰੂ ਵਿਚ ਪੱਤਰੇ ਖਸਤਾ ਹਾਲਤ ਵਿਚ ਹਨ। ਲਿਖਤ ਧਬਿਆਂ ਵਾਲੀ, ਅਤੇ ਹਾਸ਼ੀਏ ਤੋਂ ਬਾਹਰ ਕੀਤੀ ਹੋਈ ਹੈ। ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ। ਬਾਕੀ ਪੋਥੀ ਦੀ ਹਾਲਤ ਠੀਕ ਠੀਕ। ਵੱਖ ਵੱਖ ਰਚਨਾਵਾਂ ਦੇ ਪੰਨਾਂ ਨੰਬਰ ਵਖਰੇ ਵਖਰੇ ਦਿਤੇ ਹੋਏ ਹਨ ।
ਆਰੰਭ : "ੴ ਸਤਿਗੁਰ ਪ੍ਰਸਾਦਿ॥ ਸਤਿਨਾਮੁ ਕਰਤਾ ਪੁਰਖ॥ ਜਪੁ ਗੁਰੂ ਬਾਬੇ ਨਾਨਕ ਜੀ ਕਾ ਮਹਲਾ ੧॥ ਅਰਥ ਪਰਮਾਰਥ ਨਾਲ ਲਿਖਿਆ॥ ਜਿ ਕੋਈ ਇਸ ਜਪ ਨੂੰ ਪੜੇਗਾ ਲਿਖੇਗਾ ਸਿਖੇਗਾ ਤਿਸ ਕੀ ਪਰਮਗਤਿ ਹੋਵੈਗੀ॥ ਵਚਨ ਹੈ ਸ੍ਰੀ ਗੁਰੁ ਬਾਬੇ ਨਾਨਕ ਜੀ ਕਾ॥ ਆਗੈ ਸਾਖੀ ਚਲੀ॥"
ਅੰਤ : "ਜਿਨ ਇਕ ਮਨ ਕਰਿ ਧਿਆਇਆ ॥ ਜੇ ਜਪ ਪੜੇਗਾ ਸੁਣੇਗਾ॥ ਚਿਤ ਲਾਇ ਕਰਿ ਭਉ ਕਰਿ ਪੜਨਾ ਸੋ ਦੀਨ ਦੁਨੀਆਂ ਨਿਹਾਲ ਹੋਇਗਾ॥ ਸਤਿ ਸਤਿ ਸਤਿ ਸਤਿ॥
ਪਰਮਾਰਥ ਲਿਖਿਆ ਅੰਮਿਰ ਸਿੰਘ ਦਾਸਨ ਕੇ ਦਾਸ॥ ਕਰੇ ਕਰਾਏ ਆਪ ਆਪਿ ਲਿਖਾਰੀ ਕੇ ਕਛੁ ਨਾਹੀ ਹਾਥ॥"

ਹੱਥ ਲਿਖਤ ਨੰ : MS 1142 ਅ
ਸਿਰਲੇਖ : ਬਬੇਕ ਪਚੀਸੀ
ਪੱਤਰੇ : 110 ੳ – 135 ਅ
ਆਕਾਰ : 18 X 14 ਸ.ਮ. ਲਿਖਤ : 13 X 10 ਸ.ਮ.
ਵੇਰਵਾ : ਓਹੀ। ਸਤਰਾਂ ਪ੍ਰਤੀ ਪੰਨਾ–12 ਹਨ।
ਆਮ ਵੇਰਵਾ : ਲਿਖਾਈ ਮਾੜੀ, ਗ੍ਰੰਥ ਦੀ ਹਾਲਤ ਖਸਤਾ। ਹਾਸ਼ੀਏ ਤੋਂ ਬਾਹਰ ਵੀ ਲਿਖਾਈ ਕੀਤੀ ਹੋਈ ਹੈ।
ਆਰੰਭ : "ੴ ਸਤਿਗੁਰ ਪ੍ਰਸਾਦਿ॥ ਅਥ ਬਬੇਕ ਪਚੀਸੀ॥ ਸਲੋਕ ॥ ਨਮੋ ਨਮੋ ਸ੍ਰੀ ਸਤਿਗੁਰੂ ਦੀਨਾ ਨਾਥ ਦਿਆਲ ॥ ਆਪੇ ਸਰਨੀ ਪਾਵਹੋ ਆਪ ਕਰੋ ਪ੍ਰਤਿਪਾਲ॥੧॥ਆਪੇ ਬੋਲ ਬਲਾਵਤੋ ਆਪੇ ਦੇਹੁ ਬੀਚਾਰ॥"
ਅੰਤ : "ਸਲੋਕ :- ਭਗਤਿ ਦਾਨੁ ਅਣਮੰਗਦੇਹੁ ਸਦਾ ਰਖੋ ਸਰਣਾਇ॥ ਨਮੋ ਨਮੋ ਸ੍ਰੀ ਸਤਿਗੁਰੂ ਨਾਮ ਭੀਖ ਸਦ ਪਾਇ॥ ਮੈ ਨਿਰਗੁਣ ਕਛੁ ਨਾਹਿ ਗੁਨ ਤੁਮਹੋ ਸਰਬ ਦਤਾਰ॥ ਦਾਸ ਦਇਆ ਕਰਿ ਤੁਮ ਰਖੋ ਦੇਵੋ ਨਾਮ ਅਦਾਰੁ॥ ਸੰਪੂਰਨਾ॥ ॥ ॥ ॥ * * *"

ਹੱਥ ਲਿਖਤ ਨੰ : MS 1142 ਏ
ਸਿਰਲੇਖ : ਸੰਗ੍ਰਹ ਸਾਰ ਗ੍ਰੰਥ
ਪੱਤਰੇ : 1 ੳ – 48
ਆਕਾਰ : 18 X 14 ਸ.ਮ. ਲਿਖਤ : 13 X 10 ਸ.ਮ.
ਵੇਰਵਾ : ਓਹੀ। ਸਤਰਾਂ ਪ੍ਰਤੀ ਪੰਨਾ–11 ਹਨ।
ਆਮ ਵੇਰਵਾ : ਲਿਖਾਈ ਹਾਸ਼ੀਏ ਤੋਂ ਬਾਹਰ ਕੀਤੀ ਹੋਈ ਹੈ। ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ। ਕਿਧਰੇ ਕਿਧਰੇ ਲਿਖਾਈ ਧਬਿਆਂ ਵਾਲੀ ਪਰ ਪੜ੍ਹਨ ਯੋਗ, ਪੋਥੀ ਦੀ ਹਾਲਤ ਠੀਕ ਠੀਕ ।
ਆਰੰਭ : “ੴ ਸਤਿਗੁਰ ਪ੍ਰਸਾਦਿ॥ ਅਥ ਗ੍ਰੰਥ ਸੰਗ੍ਰਹਸਾਰ ਲਿਖਤੇ॥ ਸਤ ਚਿਤ ਆਨੰਦ ਰੂਪ ਨਿਤ ਅਲਖ ਅਖੰਡ ਅਪਾਰ॥ ਬੁਧ ਸਾਖੀ ਵਿਆਪਕ ਅਮਲ ਸਕਲ ਵਸਤ ਕੋ ਸਾਰ॥”
ਅੰਤ : “ਦੋਹਰਾ॥ ਸ੍ਯਾਹੀ ਕਾਨੀ ਬ੍ਰਹਮ ਹੈ ਕਾਗਦ ਲੇਖ ਨਹਾਰ॥ ਵਕਤਾ ਸਰੋਤਾ ਆਦ ਦੇ ਸਰਬ ਬ੍ਰਹਮ ਨਿਰਧਾਰ॥੧॥ ਇਤ ਸ੍ਰੀ ਸੰਗ੍ਰਹਿ ਸਾਰ ਸੰਪੂਰਣ॥ ੴ ੴ ੴ ਸੁਭ ਮਸਤੁ॥ ਭੁਲਿਆ ਚੁਕਿਆ ਬਖਸਣਾ॥”

ਹੱਥ ਲਿਖਤ ਨੰ : MS 1142 ਸ
ਸਿਰਲੇਖ : ਅਗਿਯਾਨ ਬੋਧਨੀ ਭਾਖਾ
ਲੇਖਕ : ਦਿਆਲ ਅਨੇਮੀ
ਪੱਤਰੇ : 1 ੳ– 73 ਅ
ਆਕਾਰ : 18 X 14 ਸ.ਮ. ਲਿਖਤ : 13 X 10 ਸ.ਮ.
ਵੇਰਵਾ : ਓਹੀ। ਸਤਰਾਂ ਪ੍ਰਤੀ ਪੰਨਾ–11 ਹਨ।
ਆਮ ਵੇਰਵਾ : ਕਾਨੀ ਬਦਲੀ ਹੋਈ,ਕੰਨੇ ਦੀ ਥਾਂ ਤੇ ਬਿੰਦੀ ਦਾ ਪਰਯੋਗ ਕੀਤਾ ਹੋਇਆ ਹੈ। ਲਿਖਾਈ ਠੀਕ ਠੀਕ ਅਤੇ ਪੋਥੀ ਦੀ ਹਾਲਤ ਚੰਗੀ॥
ਆਰੰਭ : “ੴ ਸਤਿਗੁਰ ਪ੍ਰਸਾਦਿ॥ ਅਥ ਅਗਿਯਾਨ ਬੋਧਨੀ ਭਾਖਾ ਦਿਆਲ ਅਨੇਮੀ ਕ੍ਰਿਤ ਲਿਖਯਤੇ॥ ਚੌਪਈ॥ ਬ੍ਰਹਮ ਅਨੰਤ ਰੂਪ ਜੋਹਯੈ॥ ਸਤਿ ਚਿਤ ਆਨੰਦ ਤਾ ਕੋ ਕਹੀਐ॥ ਸਰਬ ਬਧ ਬ੍ਰਿਤ ਸਾਖੀ ਭਾਸ॥ ਨਮੋ ਬੇਦਾਂਤ ਬੇਦਸੁ ਪ੍ਰਕਾਸ॥੧॥੨॥”
ਅੰਤ : “ਬੋਲ ਤਬਿ ਲੋਕ ਤ ਸੂੰਘਤ ਸਪਰਸਤ ਅੰਗ ਗਜਤ ਸਰਬੰਗ ਸਰਬ ਸੰਗ ਤੋਂ ਅਸੰਗੀ ਹੈ॥ ਐਸੇ ਨਿਰ ਬਿਸੇਖ ਸਬਿ ਸੇਖਨ ਬਖਾਨੀਯਤ ਜੈਸੇ ਕਹੋ ਤੈਸੇ ਚਿੰਦਾ ਨੰਦ ਸਰਬੰਗੀ ਹੈ ॥”

ਹੱਥ ਲਿਖਤ ਨੰ : MS 1142 ਹ
ਸਿਰਲੇਖ : ਬਾਣੀ ਨਨੂਏ ਭਗਤ ਜੀ ਕੀ
ਪੱਤਰੇ : 74 ੳ - 86 ੳ –115 ੳ
ਆਕਾਰ : 18 X 14 ਸ.ਮ. ਲਿਖਤ : 13 X 10 ਸ.ਮ.
ਵੇਰਵਾ : ਓਹੀ। ਸਤਰਾਂ ਪ੍ਰਤੀ ਪੰਨਾ–11 ਹਨ।
ਆਮ ਵੇਰਵਾ : ਕਾਨੀ ਬਦਲੀ ਹੋਈ, ਅਤੇ ਪੁਰਾਤਨ ਗ੍ਰੰਥਾਂ ਦੀ ਲਿਖਤ ਵਰਗੀ ਹੈ।ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ। ਪੋਥੀ ਦੀ ਹਾਲਤ ਠੀਕ ਠੀਕ।
ਆਰੰਭ : “ੴ ਸਤਿਗੁਰ ਪ੍ਰਸਾਦਿ॥ ਅਥ ਬਾਣੀ ਨਨੂਏ ਭਗਤ ਜੀ ਕੀ॥ ਲਿਖਯਤੇ॥ਆਪੇ ਲੇਖਨ ਕਾ ਗਜ ਆਪ॥ ਆਪੇ ਲਿਖੇ ਆਪਨਾ ਜਾਪ ॥ ਕੰਮ ਕ੍ਰੋਧ ਕੇ ਸੰਗ ਨ ਦੀਜੈ ॥ ਅਪਨੇ ਕੋਈ ਅਪਨਾ ਕਰਿ ਲੀਜੈ॥”

ਅੰਤ : "ਏਤੇ ਮਹਿ ਪ੍ਰਭ ਕੀਉ ਨਿਵਾਸਾ । ਕੀਨੋ ਕੋਟ ਭਾਨ ਪ੍ਰਕਾਸ॥ ਬਖਸ ਲੇਹੁ ਆਪਨੇ ਕਉ ਜਾਨੋ ॥ ਜੈਸੇ ਕੈਸੇ ਮਾਨੋ ਮਾਨੇ॥੩੬॥"

ਪੰਨਾ ਨੰਬਰ ੮੬ ਤੋਂ ਧਿਆਓ ਹਟਾਕਾ ਸ਼ੁਰੂ ਕੀਤਾ ਹੈ। "ਪਹਿਲੇ ਹਟ ਕਾ ਨਾਉ ਅਨੰਤ॥ ਜਿਤੁ ਬਸੈ ਹੀਆ ਜਪੈ ਗੁਰੂ ਮੰਤਾ॥ ਪ੍ਰਭ ਕੈ ਸੰਤ ਰਹੈ ਨਿਰਬਾਣ॥ ਜਹਾ ਨਹੀ ਪੀਵਨ ਨਹੀਂ ਕਿਛੁ ਖਾਨ॥" ਅੰਤ:-"ਪ੍ਰਾਨ ਪਿੰਡ ਕੀ ਚੀਨਸ ਕਾਈ॥ ਨਾਨਕ ਜਿਨ ਚੰਨਿਆ ਤਿਸ ਸੋਝੀ ਪਾਈ ॥ ਸੰਪੂਰਨੰ॥੬੮॥"

ਹੱਥ ਲਿਖਤ ਨੰ : MS 1142 ਕ

ਸਿਰਲੇਖ : ਅਧਭੁਤ ਗ੍ਰੰਥ

ਲੇਖਕ : ਸੁੰਦਰ ਦਾਸ

ਪੱਤਰੇ : 115 ਅ - 122 ਉ – 169 ਅ

ਆਕਾਰ : 18 X 14 ਸ.ਮ. ਲਿਖਤ : 13 X 10 ਸ.ਮ.

ਵੇਰਵਾ : ਓਹੀ। ਸਤਰਾਂ ਪ੍ਰਤੀ ਪੰਨਾ – 11 ਹਨ।

ਆਮ ਵੇਰਵਾ : ਕਾਨੀ ਬਦਲੀ ਹੋਈ, ਲਿਖਾਈ ਸੁੰਦਰ, ਪੋਥੀ ਦੀ ਹਾਲਤ ਠੀਕ ਠੀਕ ਅਤੇ ਹੜਤਾਲਫੇਰ ਕੇ ਸੁਧਾਈ ਕੀਤੀ ਹੋਈ ਹੈ॥

ਆਰੰਭ : "ੴ ਸਤਿਗੁਰ ਪ੍ਰਸਾਦਿ॥ ਅਥ ਅਧਭੁਤ ਗ੍ਰੰਥ ਲਿਖਯਤੇ॥ ਸੁੰਦਰ ਦਾਸ ਕ੍ਰਿਤ॥ ਦੋਹਰਾ॥ ਸਤਿਗੁਰ ਪਾਇ ਨ ਪਰਤ ਹੋ ਮੋਹਿ ਦਿਖਾਯਾ ਪੰਥ॥ ਤਾ ਤੇ ਸੁੰਦਰ ਕਹਤ ਹਓ ਰ ਕਰ ਅਧਭੁਤ ਗ੍ਰੰਥ॥"

ਅੰਤ : "੫੬॥ ਤਾਕੇ ਸੁਨੇ ਤੇ ਪਰਮ ਸੁਖ ਦੁਖ ਨ ਰਹੇ ਲਵਲੇਸ॥ ਸੁੰਦਰ ਕਹਿਓ ਵਿਚਾਰ ਕਰ ਅਧਭੁਤ ਗ੍ਰੰਥ ॥"

ਪੰਨਾ ਨੰਬਰ ੧੨੨ ਉ :- ਤੇ ਉਪਨਿਸਦ ਮਹਾਨਰਾਇਣ ਯੁਰ ਵੇਦ ਭਾਖਾ ਦਾ ਵਰਨਨੰ ਕੀਤਾ ਹੋਇਆ ਹੈ । ਜੋ ਪੰਨਾ ਨੰਬਰ ੧੫● ਅ ਤੇ ਖਤਮ ਹੋ ਜਾਂਦਾ ਹੈ ॥"

ਪੰਨਾ ਨੰਬਰ ੧੫● ਅ ਤੇ ਹੀ ਰਵਨ ਵੇਦ' ਵਿਚੋਂ ਮੁੰਡਕ ਚਤਰਥ ਵਰਨਨੰ ਕੀਤਾ ਹੋਇਆ ਹੈ । ਏਹ ਮੁਖ ਵਾਰਿ ਪ੍ਰਗਟਿ ਹੈ। ਅਤੇ ਪੰਨਾ ਨੰਬਰ ੧੬੯ ਅ ਤੇ ਤੱਕ ਵਰਨਨੰ ਕੀਤਾ ਹੋਇਆ ਹੈ ॥"

ਹੱਥ ਲਿਖਤ ਨੰ : MS 1142 ਖ

ਸਿਰਲੇਖ : ਗਰਭੋਪਨਸਿਦ [ਗਰਭ ਉਪਨਸਿਦ]

ਪੱਤਰੇ : 170 ਉ -184 ਉ – 196 ਅ

ਆਕਾਰ : 18 X 14 ਸ.ਮ. ਲਿਖਤ : 13 X 10 ਸ.ਮ.

ਵੇਰਵਾ : ਓਹੀ। ਸਤਰਾਂ ਪ੍ਰਤੀ ਪੰਨਾ–11 ਹਨ।

ਆਮ ਵੇਰਵਾ : ਲਿਖਾਈ ਹਾਸ਼ੀਏ ਤੋਂ ਬਾਹਰ ਕੀਤੀ ਹੋਈ, ਕਾਨੀ ਬਦਲੀ ਹੋਈ। ਲਿਖਾਈ ਸੁੰਦਰ, ਪੋਥੀ ਦੀ ਹਾਲਤ ਠੀਕ ਠੀਕ ।

ਆਰੰਭ : "ੴ ਸਤਿਗੁਰ ਪ੍ਰਸਾਦਿ॥ ਅਥ ਗਰਭੋਪਨਸਿਦ॥ ਬ੍ਰਹਮ ਵਿਦਿਆ ਜੋ ਹੈ ਅਦ੍ਵੈਤ ਆਤਮ ਗਯਾਨ ਸੋ ਪ੍ਰਾਪਤ ਹੋਤ ਹੈ ॥ ਅਰ ਭਿਨ ਆਤਮ ਗਿਆਨ ਸੋ ਅਵਰ ਕਾਰਨ ਮੁਕਤ ਕਾ ਨਹੀ ॥"

ਅੰਤ : "ਅਰਯਾਕਾ ਸਤਯ ਅਧਿਆਸ ਹੀ ਕਾਰਨ ਬੰਧਯ ਕਾਹੈ॥ ਇਤ ਗਰਭ ਉਪਨਸਿਦ॥ ਅਥਰਵਨ ਸਮਾਪਤੰ॥

ਅੱਗੇ ਇਸ ਪੱਤਰੇ ਨੰਬਰ ੧੮੪ ਉਪਰ ਉਪਨਸਿਦ ਮੈਤ੍ਰਾਣੀ ਯੁਯਰ ਵੇਦ ਕੀ ਵਿਚੋਂ ਵਰਨਨੰ ਕੀਤਾ ਹੋਇਆ ਹੈ, ਜੋ ਪੱਤਰਾ ਨੰਬਰ ਨੰਬਰ ੧੯● ਅ ਤੇ ਖਤਮ ਹੋ ਜਾਂਦਾ ਹੈ ਅਤੇ ਪੱਤਰਾ ਨੰਬਰ

੧੯● ਅ ਤੋਂ ਹੀ 'ਬ੍ਰਹਮ ਵਿਦਿਆ ਉਪਨਸਿਦ ਅਥਰਵਣ॥ਓ॥ ਪਰਜਾਪਤ ਸੇਵ ਕੋ ਪ੍ਰਤਵਾਚ॥ ਬ੍ਰਹਮ ਵਿਦਿਆ ਤੁਮ ਕੋ ਤੁਮ ਕੋ ਉਪਦੇਸਤ ਹੋਸੈ॥
ਪੱਤਰਾ ਨੰਬਰ ੧੯੬ ਤੇ ਜਾ ਕੇ ਖਤਮ ਹੋ ਜਾਂਦਾ ਹੈ ਨਮਿਸਕਾਰ ਗਿਆਨਯੋ ਕੋ ਅਰ ਸ੍ਰੋਤਾ ਅਰ ਵਕਤਾ ਕੋ ਪ੍ਰਣ ਵਸੋ ਏਕਤਾ ਹੋ ॥ ਸਰਵ ਕੋ ਆਨੰਦ ਹੋ॥
ਇਤ ਉਪਨਸਿਦ ਬ੍ਰਹਮ ਵਿਦਿਆ ਅਥਰਵ ਸਮਾਪਤੰ॥"

ਹੱਥ ਲਿਖਤ ਨੰ : MS 1142 ਗ
ਸਿਰਲੇਖ : ਅਨਭੌ ਪ੍ਰਕਾਸ
ਪੱਤਰੇ : 1 ਉ–39 ਅ
ਆਕਾਰ : 18 X 14 ਸ.ਮ. ਲਿਖਤ : 13 X 10 ਸ.ਮ.
ਵੇਰਵਾ : ਓਹੀ। ਸਤਰਾਂ ਪ੍ਰਤੀ ਪੰਨਾ – 12 ਹਨ।
ਆਮ ਵੇਰਵਾ : ਲਿਖਾਈ ਕਾਨੀ ਬਦਲਕੇ ਕੀਤੀ ਹੋਈ ਹੈ । ਕੰਨੇ ਦੀ ਥਾਂ ਬਿੰਦੀ ਦਾ ਪ੍ਰਯੋਗ। ਲਿਖਾਈ ਵਿਚ ਵਿਚ ਧੱਬਿਆਂ ਵਾਲੀ ਹੈ। ਪਰ ਪੜ੍ਹੀ ਜਾਂਦੀ ਹੈ। ਪੋਥੀ ਦੀ ਹਾਲਤ ਠੀਕ ਠੀਕ ਹੈ॥
ਆਰੰਭ : "੧ੑਓ ਸਤਿਗੁਰ ਪ੍ਰਸਾਦਿ॥ ਸ੍ਰੀ ਗਣੇਸ ਰੂਪ ਗੁਰਦੇਵ ਨਮਾ॥ ਅਥ ਅਨਭੌ ਪ੍ਰਕਾਸ ਲਿਖਤੇ॥ ਦੋਹਰਾ॥ ਨਮੋ ਨਮੋ ਪ੍ਰਮਾਤਮਾ ਘਟ ਜਾ ਕੋ ਵਾਸ॥ ਏਕ ਅਨੇਕ ਵਿਆਪਿਆ ਜਲ ਥਲ ਕੀਆ ਪ੍ਰਕਾਸ॥ ਨਮੋ ਨਮੋ ਗੁਰਦੇਵ ਕਉ ਜੋ ਉਪਦਸੋਤ ਗਿਆਨ॥ ਅੰਧਕਾਰ ਮਟ ਜਾਤ ਹੇ ਜਬ ਉਦੈ ਹੋਤ ਹੈ ਭਾਨ॥"
ਅੰਤ : "ਤੁਮਰੀ ਮਹਿਮਾ ਕਿਆ ਕਹੋ ਮੁਖ ਕਥਤ ਬੁਧ ਲੀਨ॥ ਇਤ ਸ੍ਰੀ ਅਨਭੈ ਪ੍ਰਕਾਸ ਸ੍ਰੀ ਆਦ ਨਰਾਇਣ ਅਰੁ ਸਿਵਨਾਥ ਸੰਵਾਦ ਸੰਪੂਰਨੰ॥ਸਮਾਪਤੰ॥ ਸ੍ਰੀ ਗੁਰਦੇਵਏ ਨਮਹ॥ ॥ ਪੂਰਨ ਬ੍ਰਹਮ ਗੁਰਦੇਵ ਜੀ ਤੈ ਸਦਾ ਅਤੀਤ॥ ਦਾਸਨ ਦਾਸ ਕੋ ਦੀਜੀਐ ਨਾਮ ਸਦਾ ਚਿਤ ਪ੍ਰੀਤ॥॥"

ਹੱਥ ਲਿਖਤ ਨੰ : MS 1143
ਸਿਰਲੇਖ : ਯੋਗ ਵਸ਼ਿਸ਼ਟ ਪੰਜ ਪ੍ਰਕਰਣ
ਪੱਤਰੇ : 1 ਉ –549 ਉ
ਆਕਾਰ : 34 X 24.5 ਸ.ਮ. ਲਿਖਤ : 22 X 17.5 ਸ.ਮ.
ਵੇਰਵਾ : ਜਿਲਦ ਗੱਤਾ ਕਪੜਾ, ਉਖੜੀ ਹੋਈ। ਸਿਆਹੀ ਕਾਲੀ ਵਖਰੇਵੇਂ ਲਈ ਲਾਲ। ਹਾਸ਼ੀਆ ਦੋਵੇਂ ਪਾਸੇ ਦੋ ਦੋ ਲਾਲ, ਵਿਚਕਾਰ ਇਕ ਕਾਲੀ ਲਕੀਰ। ਸਤਰਾਂ ਪ੍ਰਤੀ ਪੰਨਾ–17 ਹਨ।
ਆਮ ਵੇਰਵਾ : ਗ੍ਰੰਥ ਕਿਰਮ ਖੁਰਦਾ, ਕੰਨੇ ਦੀ ਥਾਂ ਬਿੰਦੀ ਦਾ ਪ੍ਰਯੋਗ। ਲਿਖਤ ਹਾਸ਼ੀਏ ਤੋਂ ਬਾਹਰ ਕੀਤੀ ਹੋਈ ਹੈ। ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ। ਲਿਖਾਈ ਸੁੰਦਰ, ਪੋਥੀ ਦੀ ਹਾਲਤ ਠੀਕ ਠੀਕ ਹੈ॥
ਆਰੰਭ : "੧ੑਓ ਸਤਿਗੁਰ ਪ੍ਰਸਾਦਿ॥ਓਅੰ ਸ੍ਰੀ ਪ੍ਰਮਾਤਮਾਏ ਨਮਹ॥ ਅਥ ਵੈਰਾਗ ਪ੍ਰਕਰਣੇ ਸ੍ਰਵਣ ਸਿੰਮ੍ਰਤ ਭਾਖਾ ਲਿਖਯਤੇ॥ ਸਤ ਚਿਤ ਆਨੰਦ ਰੂਪ ਜੋ ਆਤਮਾ ਹੈ ਤਿਸ ਕਉ ਨਮਸਕਾਰ ਹੈ। ਕੈਸਾ ਹੈ ਸਤ ਚਿਤ ਆਨੰਦ ਰੂਪ ਸੋ ਆਤਮਾ ਕਹਤ ਹੈ॥ ਜਿਸਤੇ ਇਹ ਸਰਬ ਭਾਸਤੇ ਹੈ॥ ਅਰ ਜਿਸ ਵਿਖੇ ਸਰਬ ਲੀਨ ਹੋਤੇ ਹੈ ਅਰੁ ਜਿਸ ਵਿਖੇ ਸਰਬ ਇਸਥਿਤ ਹੋਤੇ ਹੈ॥"
ਅੰਤ : "ਵਿਚਾਰ ਕਰਕੈ ਜਿਨ ਆਤਮ ਤਤ ਪਾਇਆ ਹੈ ਜੈਸੇ ਇਸਥਿਤ ਹੋਵੇ ਤੈਸੇ ਹੋਵੈ॥ ਤੁਮ ਭੀ ਇਸੀ ਦਿਸਟ ਕਉ ਪਾਇ ਕਰਿ ਆਤਮ ਤਤ ਕਉ ਦੇਖਹੁ ਤਬ ਵਿਗਤ ਜ੍ਵਰ ਹੋਵਹੁਗੇ ਆਤਮ ਤਤ ਕਉ ਪਾਇ ਕਰਿ ਬਹੁੜਿ ਜਨਮ ਕੇ ਬੰਧਨ ਮੋ ਨ ਆਵਹੁਗੇ॥੮੯॥ ॥ ਇਤਿ

ਆਰਖੇ ਦੇਵ ਦੂਤੋ ਓਕਤੇ ਮਹਾਂ ਰਮਾਇਣੇ ਸਤ ਸਹੰਸ੍ਰ ਸਹਿਤਯੰ ਬਾਲ ਕਾਂਡੇ ਮੋਖੋ ਪਾਏ ਖੂਓਪਸਮ ਪ੍ਰਕਰਣੇ ਸਮਾਪਤੰ ਨਾਮ ਸਰਗਹ॥
ਭੁਲਆ ਚੁਕਆ ਬਖਸਣਾ॥ ਦੋਹਰਾ ॥ ਪੋਥੀ ਸ੍ਰੀ ਵਸਿਸਟ ਕੀ ਉਪਸਮ ਪ੍ਰਕਰਣੇ ਬਿਅੰਤ ॥ ਦਾਨ ਤਾਤ ਹਰ ਲੇਖਕੀ ਸੁਧਾ ਸਰੋਵਰ ਮੰਤ॥੧॥ ਅਨਚਰ ਸ੍ਰੀ ਦਰਬਾਰ ਕਾ ਮਧ ਸ੍ਰੀ ਗੁਰ ਗ੍ਰੰਥ ॥
ਪੋਥੀ ਲਿਖੀ ਸੁਪ੍ਰੇਮ ਸੋ ਪ੍ਰੇਮ ਸਹਤ ਸੁਨ ਸੰਤ॥੨॥ ॥ ਸੰਬਤ ਰਿਖ ਹੈ ਅੰਤ ਮੈ ਪਾਛੈ ਸੂਨ ਪਛਾਨ ॥ ਪੁਨ ਬਯਾਕਰਨ ਪਾਛੈ ਭਯੋ ਆਦਿ ਸਸੀ ਕੋ ਜਾਂਨ॥ ॥

ਹੱਥ ਲਿਖਤ ਨੰ : MS 1144
ਸਿਰਲੇਖ : ਨਿਰਬਾਣ ਪ੍ਰਕਰਣ
ਲੇਖਕ : ਧਰਮ ਦਾਸ
ਲਿਖਾਰੀ : ਮਸਤਰਾਮ, ਭਾਈ ਪੁਆਲ੍ਹ ਵਾਲੇ
ਸਮਾਂ : ਸੰਮਤ 1882
ਪੱਤਰੇ : 1 ੳ
ਆਕਾਰ : 35 X 25 ਸ.ਮ. ਲਿਖਤ : 21 X 16 ਸ.ਮ.
ਵੇਰਵਾ : ਜਿਲਦ ਗੱਤਾ ਕਪੜਾ, ਟੁੱਟੀ ਹੋਈ। ਸਿਆਹੀ ਕਾਲੀ ਵਖਰੇਵੇਂ ਲਈ ਲਾਲ। ਹਾਸ਼ੀਆ ਦੋਵੇਂ ਪਾਸੇ, ਦੋ ਦੋ ਲਾਲ ਲਕੀਰਾਂ, ਵਿਚਕਾਰ ਇਕ ਕਾਲੀ ਲਕੀਰ। ਸਤਰਾਂ ਪ੍ਰਤੀ ਪੰਨਾ-13 ਹਨ।
ਆਮ ਵੇਰਵਾ : ਗ੍ਰੰਥ ਜਿਲਦ ਉਖੜੀ ਹੋਈ ਹੋਣ ਕਾਰਨ ਮਾੜੀ ਹਾਲਤ ਵਿਚ ਹੈ। ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ। ਜਿਲਦ ਉਖੜੀ ਹੋਈ ਹੋਣ ਕਾਰਨ ਪੱਤਰੇ ਵੀ ਉਖੜੇ ਹੋਏ ਹਨ। ਵਿਚ ਵਿਚ ਲਿਖਾਈ ਧੱਬਿਆਂ ਵਾਲੀ ਹੈ। ਪਰ ਪੜ੍ਹੀ ਜਾਂਦੀ ਹੈ। ਕੰਨੇ ਦੀ ਥਾਂ ਤੇ ਬਿੰਦੀ ਦਾ ਪਰਯੋਗ ਕੀਤਾ ਹੋਇਆ ਹੈ। ਕਈ ਪੱਤਰਿਆਂ ਉਪਰ ਲਾਲ ਸਿਆਹੀ ਮਧਮ ਹੋਈ ਹੋਣ ਕਾਰਨ ਲਿਖਾਈ ਪੂਰੀ ਸਾਫ ਨਹੀਂ ਹੈ।

ਆਰੰਭ : "ੴ ਸਤਿਗੁਰ ਪ੍ਰਸਾਦਿ ॥ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਆਜੂਨੀ ਸੈਭੰ ਗੁਰਪ੍ਰਸਾਦਿ॥ ਨਾਮ ਸਭ ਦੇਵਾ ਦ ਦੇਵ ਹੈ। ਕੋਈ ਦੇਵੀ ਨੂੰ ਮਨਾਵਦਾ ਹੈ, ਕੋਈ ਸ਼ਿਵ ਨੂੰ ਕੋਈ ਗਣੇਸ ਨੂੰ ਕੋਈ ਹੋਰ ਦੇਵਤਿਆਨ ॥ ਮਾਨੂ ਅਰਾਧ ਤੇ ਹੈਨ॥ ਜਿਸ ਕਰ ਸਭ ਵਿਘਨ ਨਾਸ ਹੋਦੇ ਹੈਨ। ਤਾ ਤੇ ਸਤਿਨਾਮ ਕਾ ਮੰਗਲਾ ਚਾਰ ਆਦਿ ਰਖਿਆ ਹੈ॥ ਇਕ ਸਮੈਂ ਭਾਈ ਮਨੀ ਸਿੰਘ ਜੀ ਬੀ ਸਿਖਾਂ ਪ੍ਰਸਨ ਕੀਤਾ ॥ ਜੋ ਗੋਸਟ ਜਨਮ ਸਾਖੀ ਪਹਿਲੀ ਪਾਤਿਸਾਹੀ ਦੀ ਜੋ ਹੈ। ਤਿਸ ਦੇ ਵਿਚ ਛੋਟੇ ਮੇਲ ਵਾਲਿਆਂ ਕਈ ਜੁਗਤਾ ਅਣ ਬਣਦੀਆ ਪਾਇ ਦਿਤੀਆ ਹੈਨ। ਜਿਸ ਨੂ ਸੁਣ ਕੇ ਸਿਖਾਂ ਦਾ ਸਿਦਕ ਗੁਰੂ ਵਲੋ ਘਟ ਜਾਂਦਾ ਹੈ। ਤਾ ਭਾਈ ਮਨੀ ਸਿੰਘ ਜੀ ਬਚਨ ਕੀਤਾ॥ ਜਿਸ ਸਮੇਂ ਪੰਜਵੀਂ ਪਾਤਿਸਾਹੀ ਸ੍ਰੀ ਗੁਰੂ ਗ੍ਰੰਥ ਜੀ ਦੀ ਮ੍ਰਿਜਾਦ ਕੀਤੀ ਹੈ, ਤਿਸ ਸਮੇਂ ਸਿਖਾਂ ਅਰਦਾਸ ਕੀਤੀ॥ ਜੋ ਗੋਸਟਾ ਦੀ ਮ੍ਰਿਜਾਦਾ ਤਾ ਕੋਈ ਹੋਈ ਨਹੀ॥ ਤਾ ਭਾਈ ਗੁਰਦਾਸ ਜੀ ਨੂੰ ਬਚਨ ਹੋਆ॥ ਤੁਸਾ ਜਨਮਸਾਖੀ ਦੀ ਇਕ ਵਾਰ ਕਰਨੀ॥ ਜੋ ਗੁਰੂ ਕੇ ਸਿਖ ਉਸ ਵਾਰ ਦੇ ਅਨਸਾਰ ਸਾਖੀ ਹੋਵੇਗੀ ਉਦ ਨੂੰ ਸੁਨਣਿ ਪੜਨਿਗੇ॥ ਤਾ ਭਾਈ ਗੁਰਦਾਸ ਜੀ ਦੀ ਜੋ ਵਾਰ ਗਿਆਨ ਰਤਨਾਵਲੀ ਹੈ ਸੋਈ ਜਨਮ ਸਾਖੀ ਹੈ॥"

ਅੰਤ : "॥ਪੰਨਾ ੩● ਅ॥ ਤੈਸੇ ਜੋ ਮਹਾਰਾਜ ਕੀ ਵਾਰ ਗਾਵਤ ਹੈ ਸੋ ਮਹਾਰਾਜ ਭੀ ਪ੍ਰਸੰਨ ਹੋਤਾ ਹੈ ਸੰਤ ਭੀ ਪ੍ਰਸੰਨ ਹੋਤੇ ਹੈ॥ ਅਰ ਜਉਨ ਸੇ ਜਗਿਆਸੀ ਹੈ ਤਿਨੋ ਕਾ ਭੀ ਮਨ ਅਰ ਇੰਦ੍ਰੀਅਹੁ ਜੀਤਣੇ ਕਾ ਉਦਮ ਹੋਇ ਆਵਤਾ ਹੈ। ਤਾਂ ਤੇ ਤੁਸੀ ਮੇਰੇ ਤਾਈ ਕਾਈ ਪਰਮੇਸਰ ਜੀ ਕੀ ਵਾਰ ਸੁਨਾਵਹੁ॥ ਤਾਂ ਬਾਬੇ ਕਹਿਆ ਮਰਦਾਨਿਆ ਕਬੀਰ ਜੀ ਨੇ ਗਉੜੀ ਰਾਗ ਅੰਗੀਕਾਰ ਕੀਆ ਹੈ ਅਰ ਸਿਧਹੁ ਨੇ ਰਾਮਕਲੀ ਕਾ ਰਾਗ ਅੰਗੀਕਾਰ ਕੀਆਂ ਹੈ॥ ਅਰੁ ਹਮਾਰੈ ਸਭੀ ਰਾਗ ਹੈ॥ ਅਰ ਏ ਪੀਰੁ ਜਸਵੰਤਿ ਆਇਆ ਹੈ ਸੋ ਆਸਾ ਕੇ ਰਾਗ ਵਿਚ ਸੁਣਾਵਹੁ॥"

ਹੱਥ ਲਿਖਤ ਨੰ : MS 5017 ਅ

ਸਿਰਲੇਖ : ਆਸਾ ਕੀ ਵਾਰ ਸਲੋਕਾ ਨਾਲ ਦਾ ਟੀਕਾ

ਲਿਖਾਰੀ : ਦਇਆ ਸਿੰਘ, ਭਾਈ
ਸਮਾਂ : ਸੰਮਤ 1863 ਬਿਕ੍ਰਮੀ
ਸਥਾਨ : ਬਚੀ ਵਿੰਡ ਦੀ ਧਰਮਸਾਲਾ
ਪੱਤਰੇ : 31 ੳ - 254
ਆਕਾਰ : 34 X 24 ਸ.ਮ. ਲਿਖਤ 23 X 19 ਸ.ਮ.
ਵੇਰਵਾ : ਓਹੀ। ਸਤਰਾਂ ਪ੍ਰਤੀ ਪੰਨਾ-17 ਹਨ।
ਆਮ ਵੇਰਵਾ : ਲਿਖਾਈ ਸੁੰਦਰ। ਪੋਥੀ ਦੇ ਇਸ ਭਾਗ ਦੀ ਰਚਨਾ ਦੀ ਹਾਲਤ ਠੀਕ ਠੀਕ। ਕਈ ਪੱਤਰਿਆਂ ਉਪਰ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ। ਗ੍ਰੰਥ ਦੀ ਹਾਲਤ ਠੀਕ ਠੀਕ।
ਆਰੰਭ : "ੴ ਸਤਿਗੁਰ ਪ੍ਰਸਾਦਿ ॥ਆਸਾ ਦੀ ਵਾਰ ਸਲੋਕਾਂ ਨਾਲਿ ਮਹਲਾ ੧॥ ਟੁੰਡੇ ਅਸਿਰਾਜੇ ਕੀ ਧੁੰਨੀ॥ ਸਲੋਕ:- ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦਵਾਰ॥ ਜਿਨ ਮਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ॥ ਮਹਲਾ: ੧॥ ਜੇ ਸਉ ਚੰਦਾ ਉਗਵੈ ਸੂਰਜ ਚੜਹਿ ਹਜਾਰਿ॥ ਏਤੇ ਚਾਨਣ ਹੋਦਿਆ ਗੁਰ ਬਿਨੁ ਘੋਰ ਅੰਧਾਰ॥ ੨॥ਮ:੧॥ ਨਾਨਕ ਗੁਰੂ ਨ ਚੇਤਨੀ ਮਨਿ ਆਪਣੈ ਸੋ ਚੇਤ॥ ਛੁਟੇ ਤਿਲ ਬੂਆੜ ਜਿਉ ਸੁੰਞੈ ਅੰਦਰਿ ਖੇਤ॥ ਖੇਤੰ [ਖੇਤੈ] ਅੰਦਰ ਛੁਟਿਆ ਕਹੁ ਨਾਨਕ ਸਹੁ ਨਾਹ॥ ਫਲੀਅਹਿ ਫੁਲੀਅਹਿ ਬਪੁੜੇ ਭਤਿਨ [ਭੀਤਨੁ] ਵਿਚਿ ਸਆਹੁ॥੩॥"
ਅੰਤ : "॥ਪੰਨਾ ੨੫੪ ੳ॥ ਗੁਰੂ ਨਾਨਕ ਜੀ ਦੀ ਗੋਸਟਿ ਹੈ ਸੋ ਅਪਾਰ ਹੈ॥ ਜੈਸੇ ਚੀਟੀ ਸੋ ਸਮੁੰਦ੍ਰ ਤਰਿਆ ਨਹੀ ਜਾਤਾ॥ ਜੈਸੇ ਪਿੰਗਲ ਸੋ ਪਰਬਤ ਪਰ ਪਰਿਆ ਨਹੀ ਜਾਤਾ॥ ਤੈਸੇ ਮੁਝੇ ਸੋ ਗੁਰੂ ਨਾਨਕ ਜੀ ਦੀ ਉਪਮਾ ਕਹੀ ਨਹੀ ਜਾਦੀ॥ ਪ੍ਰਿਥਮੇ ਭਾਈ ਗੁਰਦਾਸ ਜੀ ਕਥਾ ਦੀ ਸੂਚਨਾ ਕਰਕੈ ਵਾਰ ਕਹੀ ਹੈ॥ ਮੈ ਨੇ ਅਤ ਸੇ ਕਰ ਉਨ ਕੋ ਭੀ ਸੂਚਨਾ ਕੀਤੀ ਹੈ। ਤਾ ਤੇ ਮੇਰੀ ਭੁਲ ਚੁਕ ਸਤਿਗੁਰ ਖਿਮਾ ਕਰੇਗੇ॥ ਏਹ ਵਾਰ ਦੀ ਟੀਕਾ ਲਿਖ ਕੇ ਮੰਨੀ ਸਿੰਗ ਜੀ ਦਸਵੇ ਪਾਤਿਸਾਹ ਦੇ ਹਜ਼ੂਰ ਲੈ ਗਏ॥ ਬਚਨ ਹੋਇਆ ਏਹ ਗੋਸਟ ਸਿਖਾਂ ਦੇ ਪੜ੍ਹਨ ਦੀ ਹੋਈ ਹੈ॥ ਮੰਨੀ ਸਿੰਘ ਅਰਦਾਸ ਕੀਤੀ ਜੀ ਗਰੀਬ ਨਿਵਾਜ ਇਸ ਦੇ ਉਪਰ ਦਸਖਤ ਪਵਣ ਸਹੀ ਹੋਵੈ॥ ਸਾਹਿਬ ਕਰਨ ਕਾਰਨ ਸਹੀ ਪਾ ਦਿਤੀ॥ ਜੋ ਸੁਣੇ ਪੜ੍ਹੇਗਾ ਸੋ ਸਿਖੀ ਨੂੰ ਪ੍ਰਾਪਤ ਹੋਵੈਗਾ॥
ਬੋਲੋਹੁ ਭਾਈ ਜੀ ਵਾਹੁਗੁਰੂ ਵਾਹੁਗੁਰੂ ਬਾਬੇ ਦੀ ਜਨਮ ਸਾਖੀ ਦੀ ਗੋਸਟਿ ਪੂਰੀ ਹੋਈ॥ ਭੁਲ ਚੁਕਿਆ ਬਖਸ ਲੈਣਾ॥ ਗੁਰੂ ਬਖਸਿੰਦ ਹੈ। ਵਾਹੁਗੁਰੂ ਜੀ ਕਾ ਖਾਲਸਾ ਵਾਹੁਗੁਰੂ ਜੀ ਕੀ ਫਤੇ ਹੈ" ਇਸ ਤੋਂ ਬਾਅਦ ਛੇਵੇਂ ਪਾਤਿਸਾਹੀ ਦਾ ਜੋਤੀ ਜੋਤ ਸਮਵਾਣੇ ਦੀ ਮਿਤੀ ਦਿੱਤੀ ਹੋਈ ਹੈ।

ਹੱਥ ਲਿਖਤ ਨੰ : MS 5017 ਏ
ਸਿਰਲੇਖ : ਰਹਿਤਨਾਮਾ ਪਾਤਿਸਾਹੀ ੧● ਦਿਤਾ ਭਾਈ ਪ੍ਰਹਿਲਾਦ ਨੂੰ
ਲਿਖਾਰੀ : ਦਇਆ ਸਿੰਘ, ਭਾਈ
ਸਮਾਂ : ਸੰਮਤ ੧੮੬੩ ਬਿਕ੍ਰਮੀ
ਸਥਾਨ : ਬਚੀ ਵਿੰਡ ਦੀ ਧਰਮਸਾਲਾ
ਪੱਤਰੇ : 254 ਅ - 255 ਅ
ਆਕਾਰ : 34 X 24 ਸ.ਮ. ਲਿਖਤ 23 X 19 ਸ.ਮ.
ਵੇਰਵਾ : ਓਹੀ। ਸਤਰਾਂ ਪ੍ਰਤੀ ਪੰਨਾ-17 ਹਨ।
ਆਮ ਵੇਰਵਾ : ਕਾਨੀ ਬਦਲੀ ਹੋਈ ਹੈ। ਪੋਥੀ ਦੇ ਇਸ ਭਾਗ ਦੀ ਰਚਨਾ ਦੇ ਸ਼ੁਰੂ ਕਰਨ ਤੋਂ ਪਹਿਲਾਂ ਵੇਲ ਬੂਟੇ ਬਣਾ ਕੇ ਡੀਜਾਈਨ ਬਣਾਇਆ ਹੋਇਆ ਹੈ ਅਤੇ ਫਿਰ ਰਚਨਾ ਸ਼ੁਰੂ ਕੀਤੀ ਗਈ ਹੈ। ਪੋਥੀ ਦੀ ਹਾਲਤ ਠੀਕ ਠੀਕ ਅਤੇ ਲਿਖਾਈ ਸੁੰਦਰ। ਕਈ ਪੱਤਰਿਆਂ ਉਪਰ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ। ਹਾਸ਼ੀਏ ਤੋਂ ਬਾਹਰ ਲਿਖਾਈ ਕੀਤੀ ਹੋਈ ਹੈ।

ਆਰੰਭ : "ੴਸਤਿਗੁਰ ਪ੍ਰਸਾਦਿ॥ ਦੋਹਰਾ ॥ ਅਬਚਲ ਨਗਰ ਬੈਠੇ ਗੁਰੂ ਮਨ ਮਹਿ ਕੀਆ ਬਿਚਾਰ॥ ਬੋਲਿਆ ਸਚਾ ਪਾਤਿਸਾਹੁ ਮੂਰਤਿ ਸ੍ਰੀ ਕਰਤਾਰ॥ ਹੁਕਮ ਹੋਆ ਪ੍ਰਹਿਲਾਦ ਸਿੰਘ ਬਿਪ੍ਰ ਜਾਇ ਸਰਾਇ॥ ਨਿਕਟਿ ਬੁਲਾਇਆ ਸਤਿਗੁਰੂ ਲੀਨਾ ਕੰਠ ਲਗਾਇ॥੧॥ ਪੰਥ ਚਲਾਇਓ ਜਗਤ ਮਹਿ ਗੁਰ ਨਾਨਕ ਪ੍ਰਸਾਦਿ॥ ਰਹਤ ਬਤਾਈ ਖਾਲਸੇ ਸੁਨਿ ਭਾਈ ਪ੍ਰਹਿਲਾਦਿ॥੨॥ਚੌਪਈ॥"

ਅੰਤ : "॥੩●॥ਚੌਪਈ ॥ ਬਚਨ ਪ੍ਰੀਤ ਰਖੇ ਸਿਖ ਕੋਈ॥ ਤੈਸੇ ਹੀ ਫਲੁ ਪ੍ਰਾਪਤ ਹੋਈ॥ ਗੁਰ ਕੇ ਬਚਨ ਗੁਰੂ ਕੀ ਮੂਰਤਿ ॥ ਮੁਕਤਿ ਭੁਗਤਿ ਵਰਸਾਰੇ ਪੂਰਤ॥ ਰਹਿਣੀ ਰਹੇ ਸੋਈ ਸਿਖ ਮੇਰਾ॥ ਓਹੁ ਸਾਹਿਬ ਹਉ ਉਸ ਕਾ ਚੇਰਾ॥੩੧॥੩॥ ਭੁਲਿਆ ਚੁਕਿਆ ਬਖਸਣਾ ਗੁਰੂ ਜੀ॥"=॥=॥

ਹੱਥ ਲਿਖਤ ਨੰ : MS 5017 ਸ

ਸਿਰਲੇਖ : ਤਨਖਾਹਿ ਨਾਮਾ ਪਾਤਿਸਾਹੀ ॥੧●॥

ਲਿਖਾਰੀ : ਭਾਈ ਦਏਆ ਸਿੰਘ

ਪੱਤਰੇ : 255 ਅ - 257 ਓ

ਆਕਾਰ : 34 X 24 ਸ.ਮ. ਲਿਖਤ 25 X 19 ਸ.ਮ.

ਵੇਰਵਾ : ਓਹੀ। ਸਤਰਾਂ ਪ੍ਰਤੀ ਪੰਨਾ-17 ਹਨ।

ਆਮ ਵੇਰਵਾ : ਕਾਨੀ ਬਦਲੀ ਹੋਈ ਹੈ। ਲਿਖਾਈ ਸੁੰਦਰ, ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ। ਕਈ ਪੱਤਰਿਆਂ ਉਪਰ ਹਾਸ਼ੀਏ ਤੋਂ ਬਾਹਰ ਲਿਖਾਈ ਕੀਤੀ ਹੋਈ ਹੈ। ਪੋਥੀ ਦੀ ਹਾਲਤ ਠੀਕ ਠੀਕ।

ਆਰੰਭ : "ੴਸਤਿਗੁਰ ਪ੍ਰਸਾਦਿ॥ਸ੍ਰੀ ਵਾਹੁਗੁਰੂ ਜੀ ਕੀ ਫਤੇ॥ ਤਨਖਾਹਿਨਾਮਾ ਪਾਤਿਸਾਹੀ॥੧●॥ ਪ੍ਰਸਨ ਕਰਨਾ ਭਾਈ ਨੰਦ ਲਾਲ ਜੀ ਕਾ॥ ਉਤਰ ਵਾਕਿ ਗੁਰੂ ਗੋਬਿੰਦ ਸਿੰਘ ਜੀ ਕਾ॥ ਦੋਹਰਾ ਪ੍ਰਸਨ ਕੀਆ ਨੰਦ ਲਾਲ ਜੀ ਗੁਰੂ ਬਤਾਈਐ ਮੋਹਿ ॥ ਕਉਨ ਕਰਮ ਇਨ ਜੋਗ ਹੈ ਕਉਨ ਕਰਨ ਨਹੀ ਸੋਹਿ॥ ਗੁਰੂ ਗੋਬਿੰਦ ਸਿੰਗ ਵਾਚ॥ ਨੰਦ ਲਾਲ ਤੁਮ ਬਚਨ ਸੁਨਿ ਸਿਖ ਕਰਮ ਹੈ ਏਹ॥ ਨਾਮ ਦਾਨ ਇਸਨਾਨ ਬਿਨੁ ਕਰੈ ਨ ਇਜ ਬਿਨ ਨੇਹੁ ॥੨॥ ਚੌਪਈ॥"

ਅੰਤ : "ਸੁਨੋ ਨੰਦ ਲਾਲ ਇਹੁ ਸਾਜ॥ ਪ੍ਰਗਟ ਕਰਉਗਾ ਅਪਨਾ ਰਾਜ॥ ਚਰਵਰਨ ਇਕ ਤੰਗ ਕਰਾਉ॥ ਵਾਹੁਗੁਰੂ ਕਾ ਜਾਪ ਜਪਾਊ॥ਚੜੈ ਸਿੰਘ ਤਿਸ ਮੁਕਤਿ ਕਰਾਉ॥ ਝੁਲੇ ਨੇ ਜੇ ਹਸਤੀ ਸਾਜੈ॥ ਦੁਆਰਿ ਦੁਆਰਿ ਪ੍ਰਨਉ ਬਤਿ ਬਾਜੈ॥ ਸਵਾ ਲਾਖ ਜਬ ਧੁਖੇ ਪਲੀਤਾ॥ ਤਬ ਖਾਲਸੇਉ ਦੇ ਅਸਲ ਉਜੀਤਾ॥੨● ਦੋਹਰਾ॥ ਰਾਜ ਕਰੇਗਾ ਖਾਲਸਾ ਆਕੀ ਰਹੇ ਨ ਕੋਇ॥ ਖੁਆਰੁ ਹੋਇ ਸਭ ਮਿਲੈਗੀ, ਬਚੇ ਸਰਨਿ ਜੋ ਹੋਇ॥ ਇਤ ਸ੍ਰੀ ਤਨਖਾਹਿ ਨਾਮਾ ਸਪੁਰਣੈ॥ =॥=॥=॥ ਪੜ੍ਹੇ ਸੁਣੇ ਕਮਾਵੈ ਮੋਖ ਮੁਕਤਿ ਪਾਵੈ॥ ਸਾਹਿਬ ਦਾ ਬਚਨ ਹੈ॥"

ਹੱਥ ਲਿਖਤ ਨੰ : MS 5017 ਹ

ਸਿਰਲੇਖ : ਜਫ਼ਰਨਾਮਾ ਪਾਤਿਸਾਹੀ ॥੧●॥

ਲਿਖਾਰੀ : ਦਏਆ ਸਿੰਘ, ਭਾਈ

ਪੱਤਰੇ : 257 ਅ - 258 ਓ

ਆਕਾਰ : 34 X 24 ਸ.ਮ. ਲਿਖਤ 25 X 19 ਸ.ਮ.

ਵੇਰਵਾ : ਓਹੀ। ਸਤਰਾਂ ਪ੍ਰਤੀ ਪੰਨਾ-17 ਹਨ।

ਆਮ ਵੇਰਵਾ : ਲਿਖਾਈ ਸੁੰਦਰ। ਡੀਜ਼ਾਈਨ ਬਣਾ ਕੇ ਰਚਨਾ ਸ਼ੁਰੂ ਕੀਤੀ ਹੋਈ ਹੈ। ਵੇਲ ਬੂਟੇ ਬਨਾਏ ਹੋਏ ਹਨ। ਪੋਥੀ ਦੀ ਹਾਲਤ ਠੀਕ ਠੀਕ।

ਆਰੰਭ : "ੴਸਤਿਗੁਰ ਪ੍ਰਸਾਦਿ॥ ਜਫਰਨਾਮਾ ਸਮਾਪਤ ਭਇਆ ਹੈ । ਜੇ ਕਰ ਕੋਈ ਗੁਰੂ ਕਾ ਸਿਖ ਪੜ੍ਹਦਾ ਹੈ ਤਿਸ ਨੂੰ ਸਿਖੀ ਗੁਰੂ ਬਖਸਦਾ ਹੈ॥ ਮੁਕਤਿ ਪ੍ਰਾਪਤ ਹੋਤੀ ਹੈ। ਜਨਮ ਮਰਨ ਤੋਂ ਰਹਿਤ

ਹੋਤਾ ਹੈ। ਦਇਆ ਸਿੰਘ ਸੋਫਤੀ ਲਹੌਰ ਦੀ ਵਾਸੀ॥ ਮੁਹਕਮ ਸਿੰਘ ਛੀਬਾ ਸਿਖ॥ ਤੀਜਾ ਸਹਿਬ ਸਿੰਘ ਸਹੀਦ ਬਿਦ੍ਰ ਦਾ ਵਾਸੀ॥ ਧਰਮ ਸਿੰਘ ਹਠੀਲਾ ਜਟ ਸਿੰਘ ਹਸਤਨਾ ਪੁਰ ਵਾਸੀ॥ ਪੰਜਵਾ ਹਿੰਮਤ ਸਿੰਘ ਝੀਵਰ ਜਗਨਨਾਥ ਦਾ ਵਾਸੀ ਏ। ਪੰਜ ਸਿਖ ਖਤ ਲੈਕੇ ਅਰੰਗੇ ਪਾਸ ਗਏ॥''

ਅੰਤ : ''ਬੋਲਹੁ ਭਾਈ ਵਾਹੁਗੁਰੂ ਜੀ ਕੀ ਫਤੇ॥ ਜੋ ਕੋਈ ਗੁਰੂ ਕਾ ਸਿਖ ਪੜੈਗਾ, ਸੁਣੈਗਾ ਵਿਚਾਰੇਗਾ ਤਾਂ ਉਸਦੀ ਸਰਬ ਭਾਵਨਾ ਪੂਰੀ ਹੋਵੇਗੀ-ਮੁਕਤਿ ਹੋਵੈਗੀ। ਜਨਮ ਮਰਨ ਥੀ ਛੁਟੇਗਾ॥ ਬਡਾ ਫਲੁ ਹੈ। ਇਸ ਜੇਹਾ ਫਲੁ ਹੋਰ ਕੋਈ ਨਹੀ ॥ ਜਾਫਰਨਾਮਾ ਪੜੇ ਸੁਣੇ ਜੰਗ ਵਿਚ ਜਾਵੈ ਤਿਸ ਕੀ ਫਤੇ ਹੋਵੈਗੀ॥ ਜਿਵੇਂ ਅਰੰਗੇ ਨੂ ਮਾਰ ਫਤੇ ਪਾਈ ਹੈ॥ ਤਵੈ ਸੁਣਨ ਪੜਨ ਵਾਲਾ ਫਤੇ ਪਾਵੈਗਾ॥ ਬੋਲਹੁ ਵਾਹਗੁਰੂ ਜੀ ਕਾ ਜਫਰਨਾਮਾ ਸਮਾਪਤ ਭੈਇਆ॥ ਭੁਲ ਚੁਕ ਬਖਸਣੀ॥॥ = ॥ =''

ਹੱਥ ਲਿਖਤ ਨੰ : MS 5017 ਕ
ਸਿਰਲੇਖ : ਸਾਖੀ ਰਹਤ ਦੀ
ਲਿਖਾਰੀ : ਦਏਆ ਸਿੰਘ, ਭਾਈ
ਸਮਾਂ : ਸੰਮਤ ੧੮੬੩
ਪੱਤਰੇ : 258 ਅ - 260 ਅ
ਆਕਾਰ : 34 X 24 ਸ.ਮ. ਲਿਖਤ 25 X 19 ਸ.ਮ.
ਵੇਰਵਾ : ਓਹੀ। ਸਤਰਾਂ ਪ੍ਰਤੀ ਪੰਨਾ-17 ਹਨ।
ਆਮ ਵੇਰਵਾ : ਲਿਖਾਈ ਸੁੰਦਰ। ਪੋਥੀ ਦੇ ਇਸ ਭਾਗ ਦੀ ਰਚਨਾ ਦੀ ਹਾਲਤ ਠੀਕ ਠੀਕ। ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ। ਇਕ ਪਾਸੇ ਤੋਂ ਪੋਥੀ ਪਾਣੀ ਨਾਲ ਭਿੱਜੀ ਹੋਈ ਹੈ। ਪਰ ਲਿਖਤ ਸਪਸ਼ਟ ਪੜੀ ਜਾਂਦੀ ਹੈ।
ਆਰੰਭ : ''ੴ ਸਤਿਗੁਰ ਪ੍ਰਸਾਦਿ॥ ਸਾਖੀ ਰਹਤ ਦੀ॥ ਇਕ ਦਿਨ ਭਾਈ ਨੰਦ ਲਾਲ ਜੀ ਬੋਲਆ॥ ਜੋ ਗਰੀਬ ਨਿਵਾਜ ਸਿਖਾ ਪੁਤਾ ਨੂੰ ਕਉਣ ਕਰਮ ਕਰਣੇ ਜੋਗ ਹੈਨ। ਤਬ ਗੁਰੂ ਗੋਬਿੰਦ ਸਿੰਘ ਕਹਿਆ ॥ ਮੇਰਾ ਜੋ ਸਿਖ ਹੋਵੈਗਾ। ਸੋ ਖਾਲਸੇ ਥੀ ਬਗੈਰ ਚੋਰ ਥੈ ਪ੍ਰੀਤ ਨ ਕਰਸੀ॥ ਅਤੇ ਜਿਥੇ ਸਬਦ ਹੋਵੈ, ਤਿਥੈ ਪੂਜਾ ਕਰਣੀ॥ ਹੋਰ ਮੜੀ ਮਸਾਣਾ ਨਹੀਂ ਜਾਣਾ॥''
ਅੰਤ : ''ਗੁਰੂ ਕਾ ਵਾਕ ਹੈ ਜੋ ਮੇਰਾ ਸਿਖ ਹੋਵੈਗਾ ਕਿਰਿਆ ਕਰਮ ਭ੍ਰਦਓ ਸਤ੍ਰਾ ਗਾਇਤ੍ਰੀ ਤਰਪਣ ਪਖੰਡ ਕਰ ਮੰਨੇਗਾ॥ ਜੋ ਸਿਖ ਗੁਰੂ ਕਾ ਹੋਵੈ ਸੋ ਸ਼ਬਦ ਥੀ ਸਵਾ ਹੋਰਸ ਨੂ ਨਾ ਮੰਨੇਗਾ॥ ਮੰਨੇ ਸਬਦ ਮੰਨੇ ਗੁਰੂ ਖਾਲਸਾ ਇਸ ਥੀ ਸਵਾਇ ਹੋਰ ਪ੍ਰਤੀਤ ਨਾਹੀ ਕਰਣੀ॥ ਹੋਰ ਪ੍ਰਤੀਤ ਨਰਕ ਲੈ ਜਾਂਦੀ ਹੈ। ਬੋਲ ਭਾਈ ਜੀ ਵਾਹਿਗੁਰੂ ਵਾਹੁਗੁਰੂ ਆਦਿ ਸਚੁ ਜੁਗਾਦ ਸਚੁ ਹੈਭੀ ਸਚੁ ਨਾਨਕ ਹੋਸੀ ਭੀ ਸਚੁ ਸੰਮਤ ੧੮੬੩ ='' ॥ = ॥ = ॥ = ॥ =

ਹੱਥ ਲਿਖਤ ਨੰ : MS 5017 ਖ
ਸਿਰਲੇਖ : ਗੋਸਟਿ ਧੰਨੇ ਭਗਤ ਜੀ ਕੀ
ਪੱਤਰੇ : 260 ਅ - 261 ਅ
ਆਕਾਰ : 34 X 24 ਸ.ਮ. ਲਿਖਤ 25 X 19 ਸ.ਮ.
ਵੇਰਵਾ : ਓਹੀ। ਸਤਰਾਂ ਪ੍ਰਤੀ ਪੰਨਾ-17 ਹਨ।
ਆਮ ਵੇਰਵਾ : ਲਿਖਾਈ ਸੁੰਦਰ, ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ। ਪੋਥੀ ਦੇ ਇਸ ਭਾਗ ਦੀ ਹਾਲਤ ਠੀਕ ਠੀਕ।

ਆਰੰਭ : "ੴ ਸਤਿਗੁਰ ਪ੍ਰਸਾਦਿ॥ ਗੋਸਟ ਧੰਨੇ ਭਗਤ ਜੀ ਕੀ ਕੀਤੀ॥ ਤ੍ਰਿਲੋਚਨ ਨਾਲ ਹੋਈ। ਧੰਨਾ ਕਲਰ ਗਊ ਚਰਾਵੈ ਬੀਨ ਬਜਾਵੈ ਬਾਮਣ ਨਿਕਾ ਸਿਆ ਆਇ॥ ਨਾਇ ਧੋਇ ਤਿਸ ਸੇਵਾ ਅਰੰਭੀ ਬੈਠਾ ਤਾਂੜੀ ਲਾਇ॥ ਧੰਨਾ ਆਖੇ ਸੁਣਹੋ ਦਾਦਾ ਸਾਨੂੰ ਚਰਣੀ ਲਾਇ॥ ਬਾਮਣ ਆਖੇ ਸੁਣਹੋ ਧੰਨਿਆ ਅਬ ਕੀ ਘੜੀ ਨਿਵਾਰ॥ ਤੈਨੂ ਠਾਕੁਰ ਐਸਾ ਦੇਸਾ ਸਭਨਾ ਦਾ ਸਿਰਦਾਰ॥"

ਅੰਤ :"ਦੋਹਰਾ:-ਜੋ ਠਾਕਰ ਕੀ ਸੇਵਾ ਕਰੇ ਮਨ ਚਿਤ ਲਾਇ ਪਿਆਰ॥ ਨਿਸਚੇ ਮੁਕਤਿ ਤਿਸ ਹੋਇਗੀ ਭਵ ਨਿਧ ਉਤਰੇ ਪਾਰ॥ ਦੋਹਰਾ॥ ਧੰਨੇ ਦੇ ਪ੍ਰਸੰਗ ਤੇ ਤ੍ਰਿਲੋਚਨ ਭਿਆ ਨਿਹਾਲਾ॥ ਦਰਸਨ ਦੀਆ ਤੁਰਤ ਤਿਸ ਹੋਇ ਪ੍ਰਭੂ ਕ੍ਰਿਪਾਲਾ॥ ਧੰਨੇ ਭਗਤ ਦੀ ਸਾਖੀ ਸੰਪੂਰਨ ਹੋਈ॥"

ਹੱਥ ਲਿਖਤ ਨੰ : MS 5017 ਗ

ਸਿਰਲੇਖ : ਸਾਖੀ, ਭਾਈ ਹਮਜਾਜਜਾ, ਭਾਈ ਬਾਲਾ ਮਰਵਾਹਾ ਤੇ ਭਾਈ ਨਾਨੋ ਓਹਰੀ ਤੇ ਸੂੰਰੀ ਚੰਦ ਚੌਧਰੀ ਗੁਰੂ ਅਰਜਨ ਜੀ ਦੀ ਸਰਨਿ ਆਇ॥

ਪੱਤਰੇ : 261 ਅ - 266 ਓ

ਆਕਾਰ : 34 X 24 ਸ.ਮ. ਲਿਖਤ 25 X 19 ਸ.ਮ.

ਵੇਰਵਾ : ਓਹੀ। ਸਤਰਾਂ ਪ੍ਰਤੀ ਪੰਨਾ-17 ਹਨ।

ਆਮ ਵੇਰਵਾ : ਲਿਖਾਈ ਸੁੰਦਰ, ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ। ਕੰਨੇ ਦੀ ਥਾਂ ਤੇ ਬਿੰਦੀ ਦਾ ਪਰਯੋਗ ਕੀਤਾ ਹੋਇਆ ਹੈ। ਪੋਥੀ ਦੀ ਹਾਲਤ ਠੀਕ ਠੀਕ ਹੈ।

ਆਰੰਭ : ਭਾਈ ਹਮਜਾਜਜਾ, ਭਾਈ ਬਾਲਾ ਮਰਵਾਹਾ ਤੇ ਭਾਈ ਨਾਨੋ ਓਹਰੀ ਤੇ ਸੂੰਰੀ ਚੰਦ ਚੌਧਰੀ ਗੁਰੂ ਅਰਜਨ ਜੀ ਦੀ ਸਰਨਿ ਆਇ॥ ਤੇ ਅਰਦਾਸ ਕੀਤੀ ॥ ਸਚੇ ਪਾਤਿਸਾਹ ਸਾਸਤ੍ਰਾ ਵਿਚ ਸੁਣਿਆ ਹੈ ਜੋ ਕਾਸ਼ੀ ਪੁਰੀ ਦੀ ਵਡੀ ਉਪਮਾ ਹੁਈ ਹੈ। ਜੋ ਇਸ ਥਾਵਰ ਜੰਗਮ ਜਗਤ ਦੇ ਜੋ ਜੀਅ ਉਥੇ ਪ੍ਰਾਣ ਤਿਆਗਦੇ ਹੈਨ॥ ਸੋ ਸਿਵਪੁਰੀ ਸਭ ਜਾਇ ਪ੍ਰਾਪਤ ਹੁੰਦੇ ਹੈਨ॥"

ਅੰਤ : ਪੰਨਾ ੨੬੬" ਤਾਂ ਓਸ ਕਹਿਆ ਜੇ ਤੁਸਾਂ ਨੂ ਇਤਨੀ ਪਹਚ ਹੈ ਤਾਂ ਗੁਰੂ ਥੀ ਪੁਤ੍ਰ ਦੀਆਂ ਰਜਾ ਵਧਾਇ ਲੈ॥ਦੋਹਰਾ॥ ਤਾਂ ਓਸੁ ਕਹਿਆ ਗੁਰੂ ਥੀ ਝੂਠੇ ਪਦਾਰਥ ਕੀ ਮੰਗਣੇ ਹੈਨ॥ ਗੁਰੂ ਦੀ ਰਜਾਇ ਤੇ ਰਾਜੀ ਰਹਣਾ ਸਿਖਾ ਦਾ ਧਰਮ ਹੈ॥੧੪੧॥ ਬੋਲਹ ਭਾਈ ਜੀ ਵਾਹਗੁਰੂ॥ ਗੁਰੂ ਨਾਨਕ ਜੀ ਮਿਹਰ ਕੀਤੀ॥"

ਹੱਥ ਲਿਖਤ ਨੰ : MS 5017 ਘ

ਸਿਰਲੇਖ : ਸਾਖੀਆਂ ਮਹਲੇ ਦੂਜੇ ਕੀਆਂ

ਸਮਾਂ : ਸੰਮਤ 1904

ਪੱਤਰੇ : 266 ਓ - 270 ਅ

ਆਕਾਰ : 34 X 24 ਸ.ਮ. ਲਿਖਤ 25 X 19 ਸ.ਮ.

ਵੇਰਵਾ : ਓਹੀ। ਸਤਰਾਂ ਪ੍ਰਤੀ ਪੰਨਾ-17 ਹਨ।

ਆਮ ਵੇਰਵਾ : ਕੰਨੇ ਦੀ ਥਾਂ ਤੇ ਬਿੰਦੀ (ੰ) ਦਾ ਪਰਯੋਗ ਕੀਤਾ ਹੋਇਆ ਹੈ। ਲਿਖਾਈ ਵਿਚ ਧਬਿਆਂ ਵਾਲੀ, ਪਰ ਪੜੀ ਜਾਂਦੀ ਹੈ। ਪੋਥੀ ਦੀ ਹਾਲਤ ਠੀਕ ਠੀਕ ਹੈ।

ਆਰੰਭ : "ੴ ਸਤਿਗੁਰ ਪ੍ਰਸਾਦਿ॥ ਸਾਖੀ ਮਹਲੇ ਦੂਜੇ ਕੀ॥ ਤਾਂ ਗੁਰੂ ਨਾਨਕ ਜੀ ਕਹਿਆ ਬਚਾ ਅਗੰਦਾ ਤੂ ਟਹਿਲ ਬਹੁਤ ਕੀਤੀ ਹੈ ਪ੍ਰ ਕਿਛੁ ਮੰਗਿਓ ਨਾਹੀ॥ ਤਾਂ ਗੁਰੂ ਅੰਗਦ ਜੀ ਕਹਿਆ ਜੇਹੜੀ ਕਾਈ ਲੋੜ ਆਹੀ ਸੋ ਤੁਸਾ ਮਿਟਾਇ ਛਡੀ ਹੈ॥ ਤਾ ਭਾਈ ਲਹਣੇ ਕਹਿਆ ਜੇ ਤੁਸਾ ਮਿਹਰ ਕੀਤੀ ਹੈ॥ ਤਾਂ ਸੁੰਨ ਸਮਾਧਏ ਜੇਹੜੇ ਸੁਣੀ ਦੇ ਹੈਨ ਤਿਨ ਦਾ ਦੀਦਾਰੁ ਹੋਵੈ॥ ਤਾਂ ਗੁਰੂ ਨਾਨਕ ਜੀ ਕਹਿਆ ਭਾਈ ਲਹਣਾ ਤੂੰ ਤੁਰ ਜਾਹਿ॥ ਤਾ ਭਾਈ ਲਹਣਾ ਤੁਰ ਗਇਆ॥"

ਅੰਤ : "ਤੇ ਭਾਈ ਜੀ ਦੀ ਬਾਣੀ ਮਾਨੋ ਸਬਦ ਦਾ ਟੀਕਾ ਹੈ॥ ਤੇ ਸਿਖੀ ਪ੍ਰਾਪਤ ਹੁੰਦੀ ਹੈ॥ ਜੋ ਈਸਰ ਦਾ ਰਿਦਾ ਵੇਦ ਹੈਨ॥ ਤੇ ਗੁਰੂ ਦਾ ਰਿਦਾ ਸ਼ਬਦ ਹੈ॥ ਕੋ ਸਿਖ ਦਾ ਰਿਦਾ ਸ਼ਬਦ ਨਾਲ ਮਿਲਿਆ ਹੋਵੈ ਸੋ ਬਿਸ੍ਰ ਕਓਹੁ ਬਚਨ ਪੜਨਾ॥੧੯॥ ਵਾਹਗੁਰੂ ਜੀ ਬਖਸਿੰਦ ਗੁਰੂ ਜੀ ਧੰਨ ਗੁਰੂ ਜੀ ਸਤਿਗੁਰੂ ਜੀ ਦਿਆਲ ਗੁਰੂ ਜੀ ਪ੍ਰਿਤਪਾਲ ਗੁਰੂ ਜੀ ਭੁਲਿਆ ਚੁਕਿਆ ਬਖਸਣਾ ਗੁਰੂ ਜੀ॥ ਸਾਧ ਸੰਗਤ ਤੇਰੀ ਭੁਲ ਬਖਸ ਮੇਰੀ॥=ਸੰਮਤ ੧੯●੪=ਪੋਥੀ ਲਿਖੀ ਮਾਘ ਦੀ ਇਕੀਏ ॥੨੧॥"

ਹੱਥ ਲਿਖਤ ਨੰ : MS 5017 ਛ
ਸਿਰਲੇਖ : ਪਰਚੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੀਤੀ।
ਲਿਖਾਰੀ : ਸੇਵਾ ਦਾਸ ਉਦਾਸੀ
ਪੱਤਰੇ : 270 ਅ - 315 ਅ
ਆਕਾਰ : 34 X 24 ਸ.ਮ. ਲਿਖਤ 25 X 19 ਸ.ਮ.
ਵੇਰਵਾ : ਓਹੀ। ਸਤਰਾਂ ਪ੍ਰਤੀ ਪੰਨਾ-17 ਹਨ।
ਆਮ ਵੇਰਵਾ : ਲਿਖਾਈ ਸੁੰਦਰ। ਪੋਥੀ ਦੀ ਹਾਲਤ ਠੀਕ ਠੀਕ ਹੈ।ਕੰਨੇ ਦੀ ਥਾਂ ਤੇ ਬਿੰਦੀ (ਂ) ਦਾ ਪਰਯੋਗ ਕੀਤਾ ਹੋਇਆ ਹੈ। ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ।
ਆਰੰਭ : "ੴ ਸਤਿਗੁਰ ਪ੍ਰਸਾਦਿ॥ ਅਥ ਪਰਚੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੀਤੀ॥ ਪਾਤਿਸਾਹੀ ੧●॥ਪ੍ਰਿਥਮੇ ਦਸਾਂ ਮਹਲਾ ਕੇ ਨਾਮ ਲਿਖੇ ਅਤੇ॥=॥ ਫੇਰ ਦਸਾ ਮਹਲਾ ਕੀ ਉਸਤਤਿ ਕੇ ਸਲੋਕ ਲਿਖੇ॥ ਫੇਰ ਦਸਾ ਮਹਲਾ ਕੀਆਂ ਸਾਖੀਆਂ ਲਿਖੀਆਂ; ਗੁਰੂ ਨਾਨਕ ਜੀ, ੧॥ ਗੁਰੂ ਅੰਗਦ ਜੀ॥੨॥ ਗੁਰੂ ਅਮਰਦਾਸ ਜੀ॥੩॥ ਗੁਰੂ ਰਾਮਦਾਸ ਜੀ॥੪॥ ਗੁਰੂ ਅਰਜਨ ਦੇਵ ਜੀ॥੫॥ ਗੁਰੂ ਹਰਗੋਬਿੰਦ ਜੀ॥੬॥ ਗੁਰੂ ਹਰਿ ਰਾਇ ਜੀ॥੭॥ ਗੁਰੂ ਹਰ ਕ੍ਰਿਸਨ ਜੀ ॥੮॥ ਗੁਰੂ ਤੇਗ ਬਹਾਦਰ ਜੀ ॥੯॥ ਗੁਰੂ ਗੋਬਿੰਦ ਸਿੰਘ ਜੀ ॥੧●॥ ਸਚੁਖੰਡ ਸਤਿਗੁਰ ਬਸੈ ਸੁਧ ਸਾਂਤ ਕੀ ਦੇਸ॥ ਬੇਗਮ ਪੁਰ ਹੈ ਨਗਰ ਨਾਮ ਤਹਾ ਕੀਓ ਪਰਵੇਸ॥ ਤਿਹ ਪੁਰ ਕੇ ਬਾਸੀ ਸਭੈ ਸਹਜ ਸਰੂਪੀ ਸੰਤ॥ ਇਕ ਰਸੁ ਏਕੋ ਆਤਮਾ ਚਾਲਹਿ ਏਕਮ ਤੰਤ॥"
ਅੰਤ : ਪੰਨਾ ੩੧੫="ਏਹੁ ਪੰਜਾਹੁ ਸਾਖੀਆ ਦਸਾ ਪਾਤਿਸਾਹੀਆ ਕੀਆ ਪੂਰੀਆ ਹੋਈਆ ॥ ਫੁਨਹੇ॥ ਸੇਵਾ ਦਾਸ ਉਦਾਸੀ ਕੀਨੀ ਪਰਚੀ ਗੁਰੂ ਉਸਤਤਿ ਕੀ॥ ਪੋਥੀ ਪ੍ਰੇਮ ਕੇ ਸਰ ਚਰਚਰੀ॥ ਗੁਰ ਉਸਤਤਿ ਬਿਅੰਤ ਅਗੰਮ ਅਪਾਰ ਜੀ॥ ਕੁਛ ਭਲੇ ਕੌ ਕੀਨਾ ਛੁਦ੍ਰ ਉਚਾਰ ਜੀ॥੧॥ ਇਤ ਪ੍ਰਚੀ ਗੁਰੂ ਗੋਬਿੰਦ ਸਿੰਘ ਜੀ ਕੀ ਸੰਪੂਰਣ॥ ਸਮਾਪਤੰ ਸੁਭ ਮਸਤੁ॥੧॥=॥=॥=॥="

ਹੱਥ ਲਿਖਤ ਨੰ : MS 5017 ਚ
ਸਿਰਲੇਖ : ਗੋਸਟਿ ਗੁਰੂ ਨਾਨਕ ਜੀ ਕੀਤੀ ਅਜਿਤੇ ਰੰਧਾਵੇ ਨਾਲ ਹੋਈ ਕਰਤਾਰਪੁਰ ਵਿਚਿ॥
ਸਮਾਂ : ਸੰਮਤ 1904
ਪੱਤਰੇ : 315 ਅ - 340 ਅ
ਆਕਾਰ : 34 X 24 ਸ.ਮ. ਲਿਖਤ 25 X 19 ਸ.ਮ.
ਵੇਰਵਾ : ਓਹੀ। ਸਤਰਾਂ ਪ੍ਰਤੀ ਪੰਨਾ-17 ਹਨ।
ਆਮ ਵੇਰਵਾ : ਲਿਖਾਈ ਸੁੰਦਰ। ਪੋਥੀ ਦੀ ਹਾਲਤ ਠੀਕ ਠੀਕ ਹੈ। ਕੰਨੇ ਦੀ ਥਾਂ ਤੇ ਬਿੰਦੀ (ਂ) ਦਾ ਪਰਯੋਗ ਕੀਤਾ ਹੋਇਆ ਹੈ। ਵਿਚ ਵਿਚ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ।
ਆਰੰਭ : "ੴ ਸਤਿਗੁਰ ਪ੍ਰਸਾਦਿ॥ ਸਾਖੀ ਮਹਲਾ ੧॥ ਗੋਸਟਿ ਗੁਰੂ ਨਾਨਕ ਜੀ ਕੀਨੀ ॥ ਅਜਿਤੇ ਰੰਧਾਵੇ ਨਾਲ ਹੋਈ॥ ਕਰਤਾਰਪੁਰ ਵਿਚਿ॥ ਏਕ ਸਮੇਂ ਬਾਬਾ ਨਾਨਕ ਜੀ ਏਕਲੇ ਇਕਾਤ ਬੈਠੇ ਥੇ॥ ਬਹੁਤ ਬੈਰਾਗ ਦੇ ਘਰ ਵਿਚ॥ ਤਿਤ ਸਮੈ ਇਕ ਸ਼ਬਦ ਸ੍ਰੀ ਰਾਗ ਵਿਚ ਬੋਲਿਆ॥ ਸਿਰੀਰਾਗ

ਮਹਲ ੧॥ ਕੋਟਿ ਕੋਟਿ ਮੇਰੀ ਆਰਜਾ ਪਵਣ ਪਾਣੀਆ ਪਿਆਉ। ਚੰਦ ਸੂਰਜ ਦੁਇ ਗੁਫੈ ਨ ਦੇਖਾ ਸੁਪਣੈ ਸਉਣ ਨ ਥਾਉ॥ ਭੀ ਤੇਰੀ ਕੀਮਤਿ ਨ ਪਵੈ ਹਉ ਕੇਵਡੁ ਆਖਾ ਨਾਉ॥੧॥''

ਅੰਤ : ਪੰਨਾ ੩੪● ਅ ''ਜੋ ਗੁਰੂ ਸ਼ਬਦ ਕੀ ਸਾਰ ਨ ਜਾਣੈ॥ ਜੋ ਕੋਈ ਆਪਣੀ ਭਾਵਨੀ ਰੀਝ ਕੈ ਸੁਣੈ ਤਿਸ ਦੇ ਅਗੈ ਗੁਰੁ ਕੇ ਵਚਨ ਪੜਨੇ॥ ਲਾ ਤਰਿ ਗੁਹਜ ਰਖਣੀ॥ ਬਹੁਤ ਜਾਹਰ ਨਹੀ ਕਰਣੀ॥ ਏਹ ਗੁਰੂ ਕੇ ਵਚਨ ਹੈਨਿ॥ ਜੋ ਮਨ ਵਿਚ ਰਖ ਕੈ ਕਮਾਵੈ ਗਾ ਤਾ ਅੰਤ ਕਾਲ ਤਿਸ ਦੈ ਕੰਮ ਆਵਨਗੇ॥ ਸਾਖੀ ਪੂਰੀ ਹੋਈ ਹੈ। ਪੜਦੇ ਸੁਣਦੇ ਮੋਖ ਮੂਕਤ ਕੋ ਪਵਨਗੇ॥ ਗੁਰ ਪ੍ਰਸਾਦਿ ਭੁਲ ਚੂਕ ਬਖਸ ਪੜਨਾ॥ ਸੰਗਤ ਕਾ ਸਦਕਾ॥ ਬੋਲਹੁ ਭਾਈ ਜੀ ਵਾਹਗੁਰੂ॥ ਤੇਰੀ ਸਰਣਿਹਾ ਜੀ॥ ਤੂੰ ਬਖਸੰਦ ਹੈ ਜੀ॥ ਅਵਗੁਣਆਰੇ ਕੀ ਬੇਨਤੀ ਸੁਣਹੁ ਗਰੀਬ ਨਵਾਜ॥ ਜੇ ਹਉ ਪੂਤ ਕਪੂਤ ਹਓ ਬਹੁੜ ਪਿਤਾ ਕੁ ਲਾਜਿ॥ ਪੁਸਤਕ ਸੰਪੂਰਨ ਹੋਇਆ ਜੀ।

ਮਾਘ ਦੀ ਸਤਵੀਂ॥੭ ਸੰਮਤ ੧੯●੪ ਭਾਈ ਮਨੀ ਸਿੰਘ ਉਚਰੀ॥ ਗੁਰੂ ਨਾਨਕ ਜੀ ਜਨਮ ਸਾਖੀ ਕੀਤੀ ਜੀ॥ ਪ੍ਰਮਾਰਥ ਜਪੁਜੀ ਦਾ ਅਰਥ ਸਹਤਿ॥ ਆਸਾ ਕੀ ਵਾਰ ਜੀ ਕੇ ਪ੍ਰਮਾਰਥ॥ ਸਿਧ ਗੁਸਟ (ਗੋਸਟਿ) ਜੀ ਕੇ ਪ੍ਰਮਾਰਥ॥ ਹੋਰ ਸ਼ਬਦ ਸਲੋਕ ਗੁਰੂ ਗਿਰੰਥ ਜੀ ਦੇ ਤਿਨਾ ਦਾ ਪ੍ਰਮਾਰਥ॥ ਦਸਾ ਅਓਤਾਂਰਾ ਦੀਆਂ ਸਾਖੀਆਂ ਦਾ ਪ੍ਰਮਾਰਥ॥ ਅਜਿਤੇ ਰੰਧਾਵੇ ਨਾਲ ਗੁਰੂ ਨਾਨਕ ਜੀ॥ ਬਚਨ ਕੀਤੇ ਤਿਨਾ ਦਾ ਪ੍ਰਮਾਰਥ॥ ਬੋਲਹ ਭਾਈ ਜੀ ਵਾਹਿਗੁਰੂ॥ ਭਾਈ ਕੁੰਮਾ ਸਿੰਘ ਜੀ ਹੁਰਾ ਦੀ ਖੁਸੀ ਨਾਲ ਭਾਈ ਦਏਆ ਸਿੰਘ ਜੀ ਨੇ ਲੇਖਾਈ ਬਚੀਵਿੰਡ ਦੀ ਧਰਮਸਾਲਾ ਵਿਚ ਲਿਖੀ ਹੈ ਜੀ''॥=॥=॥=॥=॥

ਹੱਥ ਲਿਖਤ ਨੰ : MS 5018

ਸਿਰਲੇਖ : ਉਪਨਿਖਦਾਂ

ਲੇਖਕ : ਪ੍ਰਹਿਲਾਦ-ਹਜੂਰੀ ਕਵਿ

ਸਮਾਂ : ਸੰਮਤ 1756 ਬਿਕ੍ਰਮੀ

ਪੱਤਰੇ : 1 ੳ - 120 ਅ

ਆਕਾਰ : 24 X 17 ਸ.ਮ. ਲਿਖਤ 16 X 11 ਸ.ਮ.

ਵੇਰਵਾ : ਜਿਲਦ ਦੋ ਗਤਿਆਂ ਵਿਚ ਖੁੱਲੇ ਪੱਤਰੇ ਬੰਨੇ ਹੋਏ ਹਨ। ਸਿਆਹੀ ਕਾਲੀ, ਵਖਰੇਵੇਂ ਲਈ ਲਾਲ। ਸਤਰਾਂ ਪ੍ਰਤੀ ਪੰਨਾ-17 ਹਨ।

ਆਮ ਵੇਰਵਾ : ਕਾਨੀ ਬਦਲ ਬਦਲ ਕੇ ਲਿਖਾਈ ਕੀਤੀ ਹੋਈ ਹੈ। ਹਾਸ਼ੀਏ ਤੋਂ ਬਾਹਰ ਲਿਖਾਈ; ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ। ਕਈ ਪੰਨਿਆਂ ਉਪਰ ਲਿਖਾਈ ਧੱਬਿਆਂ ਵਾਲੀ, ਪਰ ਫਿਰ ਵੀ ਸਪਸ਼ਟ ਅਤੇ ਪੜ੍ਹੀ ਜਾਂਦੀ ਹੈ। ਪੋਥੀ ਦੀ ਆਮ ਕਰਕੇ ਹਾਲਤ ਠੀਕ ਠੀਕ ਹੈ।

ਆਰੰਭ : ''ੴ ਸਤਿਗੁਰ ਪ੍ਰਸਾਦਿ॥ ਦੋ ਸਤਿਗੁਰ ਸਤਿ ਪਰਮਾਤਮਾ ਸਤਿ ਚਿਤ ਆਨੰਦ ਬੰਦ॥ ਤ੍ਰੈਤ ਉਪਨਿਖਦੰ ਜੂਈ ਰਿਗਵੇਦੀ ਲਿਖ ਛੰਦ॥ ਕੇਵਲ ਆਤਮ ਗ੍ਯਾਨ ਤੇ ਪਾਵੈ ਆਤਮ ਰੂਪ॥ ਰੂਪ ਨੈਨ ਤੇ ਲਖੇ ਜਯੋ ਕਰਤਵ ਏਹ ਅਨੂਪ॥੨॥ ਪੰਥ ਏਹ ਜੋ ਗਯਾਨ ਕੋ ਬ੍ਰਹਮ ਮਈ ਸਤ ਜਾਨ॥ ਰਿਖੀ ਪੁਰਾਤਨ ਏ ਗ੍ਰਹਯੋ ਤਜਯੋ ਨਹੀਂ ਇਹ ਗਾਨ।੩॥ ਰਵੀ ਤੀਰ ਤਪ ਜਯੋ ਨਹੀਂ ਤੈ ਸਮਝ ਦੁਖਹਾਨ॥ ਜੋ ਏਹ ਨਰ ਤਯਾਗੇ ਕਬੀ ਗਿਰਯੋ ਚਰਨ ਖੁਤਰਾਨ ੪''

ਅੰਤ : ''੨੪॥ ਭੁਜੰਗ ਸੁਤੰ ਸਾਹ ਜਹਾਨੀ ਸਤ੍ਰਾਰਾ ਸਤਾਹੀ ਪਰੰਦੋਦ ਸੰਪਰਸੀ ਕੀਨ ਵਾਰੀ ਗੁਰਿ ਦਸ ਮਲੂ ਆਗਯਾ ਤੇ ਪਹਲਾਦ ਕਰੀ ਭਾਖਯਾ ਸੋ ਛੰਵੰਜੈ ਪ੍ਰਸਾਦੀ ਦੋ ਸੰਸਕ੍ਰੇਤੇ ਪਾਰਸੀ ਤੁਰਕ ਭਾਖਯਾ ਜਾਨਤਾ ਤੇ ਸ੍ਰੀ ਗੁਰੂ ਭਾਖਯਾ ਦੀ ਕਹਾਯਾ ਮਯਹਾਨ। ੨੬ ਸਤ੍ਰ ਸੈ ਸੋ ਛੰਜਵੈ ਕੀ ਪ੍ਰਹਲਾਦ ਜਨ ਸੰਤ ਵਿਸਨ ਸਿੰਘ ਕੀ ਛੰਦ ਮੋਖਸ ਗਿਰਰਸ ਸਿਧ ਸੰਤਾ।

ਇਤ ਸ੍ਰੀ ਨਵ ਪੰਡਤ ਸਿੰਘ ਤਾਕੋ ਨੀਉਪਨਿਖ ਬੇਦ ਅਥ੍ਰ ਬਨਭਾਖਾ ਸੰਪੂਰਨੰ ਸੁਭੰ ਮਸਤ॥ ॥
॥ ॥ ॥"

ਹੱਥ ਲਿਖਤ ਨੰ : MS 5019
ਸਿਰਲੇਖ : ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ (ਹੰਦਾਲੀਆਂ ਵਾਲੀ)
ਲੇਖਕ : ਪੈੜੇ ਮੋਖੇ
ਸਮਾਂ : ਸੰਮਤ ਪੰਦ੍ਰਾ ਸੈ ਬਿਆਸੀ (੧੫੮੨)
ਪੱਤਰੇ : 1 ੳ - 397 ਅ
ਆਕਾਰ : 25 X 17 ਸ.ਮ. ਲਿਖਤ 16 X 13 ਸ.ਮ.
ਵੇਰਵਾ : ਜਿਲਦ ਗੱਤਾ ਕਪੜਾ। ਸਿਆਹੀ ਕਾਲੀ। ਹਾਸ਼ੀਆ ਦੋਵੇਂ ਪਾਸੇ ਦੋ ਦੋ ਲਾਲ ਲਕੀਰਾਂ, ਵਿਚਕਾਰ ਕਾਲੀ ਲਕੀਰ। ਸਤਰਾਂ ਪ੍ਰਤੀ ਪੰਨਾ-11 ਹਨ।
ਆਮ ਵੇਰਵਾ : ਪੋਥੀ ਦੀ ਲਿਖਤ ਵਿਚ ਕਾਨੀ ਬਦਲੀ ਹੋਈ ਹੈ। ਲਿਖਾਈ ਸੁੰਦਰ, ਕਈ ਪੰਨਿਆਂ ਉਪਰ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ। ਪੋਥੀ ਦੀ ਹਾਲਤ ਠੀਕ ਠੀਕ ਹੈ। ਹਾਸ਼ੀਏ ਤੋਂ ਬਾਹਰ ਲਿਖਾਈ ਕੀਤੀ ਹੋਈ ਹੈ। ਲਿਖਾਈ ਪੁਰਾਤਨ ਤੇ ਸੁੰਦਰ, ਕਈ ਸਾਖੀਆਂ ਦੂਜੀਆ ਹੱਥ ਲਿਖਤਾਂ ਨਾਲੋਂ ਵਖਰੀਆ ਹਨ:- ਤੇ ਅਸਚਰਜਤਾ ਭਰੀਆਂ ਹਨ। ਇਕ ਸਾਖੀ ਦੁਰਗਾ ਭਵਾਨੀ ਤੇ ਉਸ ਦੀਆਂ ਚੈਰੀਆਂ ਦੀ ਸੁੰਦਰ ਕਵਿਤਾ ਵਿਚ ਬਾਬਾ ਜੀ ਨਾਲ ਪ੍ਰਸ਼ਨ ਉਤਰ ਦੀ ਹੈ। ਅੰਤਲੀ ਜੋਤੀ ਜੋਤ ਸਮਾਵਣੇ ਦੀ ਮਿਤੀ ਸੰਮਤ ੧੫੯੫ ਅਸੂ ਵਦੀ ਦਸਮੀ ਵਾਰ ਸੋਮ ਤਾਰੀਖ ਦਿਤੀ ਹੋਈ ਹੈ। ਅਖੀਰ ਵਿਚ ਬਾਬਾ ਜੀ ਨੂੰ ਬੇਲੇ ਵਿਚ ਦਮਨ ਦਾ ਜਿਕਰ ਕੀਤਾ ਹੋਇਆ ਹੈ।
ਆਰੰਭ : "ੴ ਸਤਿਗੁਰ ਪ੍ਰਸਾਦਿ॥ ਜਨਮ ਪਤ੍ਰੀ ਬਾਬੇ ਨਾਨਕ ਜੀ ਕੀ, ਭਾਈ ਬਾਲਾ ਪੈੜੇ ਮੋਖੇ ਵਾਲੀ ਸੰਮਤ ਪੰਦ੍ਰਾ ਸੈ ਬਿਆਸੀ ੧੫੮੨ ਮਿਤੀ ਵੈਸਾਖਿ ਸੁਦੀ ਪੰਚਮੀ॥੫॥ ਪੋਥੀ ਲਿਖੀ ਪੈੜੇ ਮੋਖੇ ਸੁਲਤਾਨ ਪੁਰ ਕੇ ਖਤਰੇਟੇ ਲਿਖੀ॥ ਗੁਰੂ ਅੰਗਦ ਜੀ ਲਿਖਾਈ॥ ਪੈੜੇ ਲਿਖੀ ਸੁਖ ਸਤਿ ਬਾਲੇ ਸੰਧੂ ਜਟੇਟੇ ਕੀ॥ ਰਾਇ ਭੋਏ ਦੀ ਤਲਵੰਡੀ ਅਹੁ ਆਇਆ ਆਹਾ॥ ਗੁਰ ਅੰਗਦ ਨੂੰ ਢੁਢਿ ਲਧਾ ਆਹਾ॥ ਦੁਇ ਮਹੀਨੇ ਸਤਾਰਹ ਦਿਨਿ ਲਿਖਦਿਆ ਲਗੇ ਆਹੇ॥"
ਅੰਤ : ਪੰਨਾ ੩੯੭ ੳ॥ "ਅਗਲੇ ਦਿਹਾੜੇ ਦੀਵਾਨ ਲਾਗਾ ਰੰਧਾਵੀ ਜਟੀ ਦੇ ਘਰ॥ ਅਰ ਲਬਾਣ ਬਹੁਤ ਆਈ॥ ਰਿੰਧਾਵੀ ਜਟੀ ਦੇ ਘਰ ਕਿਨੇ ਖੰਡੁ ਅਣ ਤਾਰੀ। ਕਿਸੇ ਨੇ ਕਣਕ ਆਣ ਤਾਰੀ॥ ਤੇ ਸਾਰਾ ਅੰਦਰ ਬਾਹਰ ਭਰ ਗਿਆ। ਤੱਬ ਸੰਗਤਾ ਅਰਦਾਸ ਕੀਤੀ ਗਰੀਬ ਨਿਵਾਜ ਸੰਗਤ ਆਵਦੀ ਹੈ ਤਬ ਬੂੜੇ ਰਾਮਦਾਸ ਦੇ ਕੰਨ ਉਘੜ ਗਏ॥ ਜੋ ਭਾਈ ਇਨਾ ਨੂੰ ਖਬਰ ਕਿਸ ਦਿਤੀ ਹੈ। ਮੈ ਗੁਰੂ ਤੇ ਭੁਲਾ ਹਾ॥ ਤਬ ਆਤਮੇ ਅੰਦਰ ਹਾਥ ਜੋੜੇ॥ ਅਜੀ ਮੈ ਭੁਲਾ ਹਾਂ ਮੈਨੂ ਬਖਸੀਐ ਹਉ ਖਰਾ ਪਤਿਗ ਰਿਹਾ॥ ਮਨ ਅੰਦਰ ਆਖਓ ਸੁ॥ ਗੁਰੂ ਬਾਬੇ ਆਖਆ ਬੂੜਾ ਤੂ ਗੁਰੂ ਕਾ ਸਿਖ ਹੈ॥ ਗੁਰੂ ਤੇਰੀ ਆਦ ਜੁਗਾਦਿ ਰਖੇਗਾ॥ ਮਥਾ ਟੇਕ ਨਿਹਾਲ ਹੋਇ॥ ਬੂੜੇ ਮਥਾ ਟੇਕਆ ਜਿਸ ਦੀ ਤੂ ਰਖੇ ਤਿਸ ਦੀ ਰਹੇ ॥ ਗੁਰੂ ਮਾਗਿਰ ਮਹਿ ਥਾਪੀ ਦਿਤੀ॥ ਜਨਮ ਸਾਖੀ ਸੰਪੂਰਨ ਹੋਈ॥"

ਹੱਥ ਲਿਖਤ ਨੰ : MS 5020
ਸਿਰਲੇਖ : ਅਮਰ ਕੋਸ਼ ਭਾਖਾ
ਲੇਖਕ : ਟਹਿਕਨ, ਕਵਿ
ਸਮਾਂ : ਬਿਕ੍ਰਮੀ ਸੰਮਤ 2017
ਸਥਾਨ : ਫੀਰੋਜਪੁਰ
ਪੱਤਰੇ : 100 ਪੰਨੇ + 77 ਪੱਤਰੇ ਜਿਨ੍ਹਾਂ ਦਾ ਨੰਬਰ ਬਾਅਦ ਵਿਚ ਲਗਾਇਆ ਗਿਆ ਹੈ।

ਆਕਾਰ : 17 X 20 ਸ.ਮ. ਲਿਖਤ 14 X 16 ਸ.ਮ.

ਵੇਰਵਾ : ਜਿਲਦ ਗੱਤਾ ਰੈਕਸੀਅਨ। ਸਿਆਹੀ ਕਾਲੀ ਵਖਰੇਵੇਂ ਲਈ ਲਾਲ। ਸਤਰਾਂ ਪ੍ਰਤੀ ਪੰਨਾ-19 ਹਨ।

ਆਮ ਵੇਰਵਾ : ਅਸਲ ਹਥ ਲਿਖਤ ਤੋਂ ਉਤਾਰਾ ਕੀਤਾ ਗਿਆ ਹੈ ਬਿਕ੍ਰਮੀ ਸੰਮਤ ੨●੧੭ ਦਿਨ ਮੰਗਲਵਾਰ ੨੬ ਮਾਘ ਸੰਨ ੧੯੬● ਵਿਚ। ਲਿਖਾਈ ਚੰਗੀ, ਕਈ ਥਾਵਾਂ ਤੇ ਧੱਬੇ ਪਏ ਹੋਏ ਹਨ। ਪੋਥੀ ਦੀ ਹਾਲਤ ਠੀਕ ਠੀਕ ਹੈ।

ਆਰੰਭ : "ੴ ਸਤਿਗੁਰ ਪ੍ਰਸਾਦਿ॥ ਅਥ ਅਖਰ ਕੋਸ਼ ਭਾਖਾ ਲਿਖਯਤੇ॥ ਕਵਿ ਟਹਕਨ ਕ੍ਰਿਤ॥ ਗਣੇਸ ਉਪਮਾ ਕਵਿਤ ਛਪੈ ਦ੍ਵਰਦ ਬਦਨ ਸੁਖ ਸਦਨ ਰਦਨ ਬਰ ਏਕ ਗਵਰਿ ਤਨ, ਬਿਘਨ ਹਰਨ ਸੁਭ ਕਰਨ ਦਲਿਨ ਦੁਖ ਦਾਰਿਦ ਅਘ ਹਰਨ, ਜਗ ਬੰਦਨ ਕੰਦਨ ਕਲੇਸ ਆਨੰਗ ਦਹਨ ਸੁਤ ਖਲ ਖੰਡਨ ਡੇਡਨ ਮੰਡਨ ਸੁ ਧਰਮ ਬਲ ਬੰਡਨ ਅਦਭੁਤਿ ਕਰ ਕ੍ਰਿਪਾ ਦੇਹੁ ਬਰੁ ਬੁਧਿ ਬਲ ਨੰਦ ਲਾਲ ਕੀਰਤ ਬਰਨ ਕਵਿ ਟਹਕਨ ਗਨ ਨਾਇਕ ਸਰਨ ਜੈ ਜੈ ਸਦਾ ਅਭਯ ਕਰਨ(੧) 'ਨੰਦ ਲਾਲ ਕੀ ਉਪਮਾ'"

ਅੰਤ : ਪੰਨਾ ੪੧੯॥ "ਅਨਦੋਹਾ ਟਹਕਨ ਚੂਕ ਪਰੀ ਜਹਾਂ ਹੂੰ ਜਹੁ ਸੁ ਕਬਿ ਕ੍ਰਿਪਾਲ ਰਤਨ ਦਾਂਮ ਪੂਰੀ ਭਈ ਕ੍ਰਿਪਾ ਕਰੀ ਨੰਦ ਲਾਲ ੧੪੨● ਅਨਦੋਹਾ ਬਰਨੋ ਨੰਦ ਲਾਲ ਕੇ ਅੰਗ ਅਭੂਖਨ ਭਾਇ ਚਤਰ ਛੰਦ ਸੁਭ ਕਲ ਸ੍ਵ ਜੁਤਿ ਨਖ ਸਿਖ ਕਹੋ ਬਨਾਇ॥੧੪੨੧॥
ਅਥ ਸ੍ਰੀ ਨੰਦ ਲਾਲ ਜੀ ਕੋ ਨਖ ਸਿਖ ਅੰਗੁ ਸਿੰਗਾਰਾ ਬਰਨਨੰ ਛੰਦ"-ਅੱਗੇ ਪੱਤਰੇ ਖਾਲੀ ਹਨ। ਰਚਨਾ ਦਾ ਇਥੇ ਹੀ ਅੰਤ ਕੀਤਾ ਗਿਆ ਹੈ।

ਹੱਥ ਲਿਖਤ ਨੰ : MS 5021

ਸਿਰਲੇਖ : ਨਾਮ ਕੋਸ਼ ਗ੍ਰੰਥ-ਕਬਿੱਤ

ਲੇਖਕ : ਸੰਤੋਖ ਸਿੰਘ, ਕਵਿ

ਸਮਾਂ : ਸੰਮਤ 1900

ਸਥਾਨ : ਸੁਧਾ ਸਰੋਵਰ (ਅੰਮ੍ਰਿਤਸਰ)

ਪੱਤਰੇ : 1 ਅ - 78 ਅ

ਆਕਾਰ : 17 X 24 ਸ.ਮ. ਲਿਖਤ: 11.5X 15 ਸ.ਮ.

ਵੇਰਵਾ : ਜਿਲਦ ਗੱਤਾ ਰੈਕਸੀਅਨ। ਸਿਆਹੀ ਕਾਲੀ। ਹਾਸ਼ੀਆ ਦੋਵੇਂ ਪਾਸੇ ਖੜੇ ਰੁਖ ਦੋ ਦੋ ਲਾਲ ਲਕੀਰਾਂ ਨਾਲ। ਸਤਰਾਂ ਪ੍ਰਤੀ ਪੰਨਾ-25 ਹਨ।

ਆਮ ਵੇਰਵਾ : ਪੋਥੀ ਇਕ ਪਾਸੇ ਭਿੱਜੀ ਹੋਈ, ਪੱਤਰੇ ਖਸਤਾ ਹਾਲਤ ਵਿਚ, ਲਿਖਤ ਹਾਸ਼ੀਏ ਤੋਂ ਬਾਹਰ ਵੀ ਕੀਤੀ ਹੋਈ ਹੈ। ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ। ਅਖੀਰਲੇ ਪੰਨੇ ਉਪਰ ਔਖੇ ਸ਼ਬਦ ਲਿਖੇ ਹੋਏ ਹਨ। ਪੋਥੀ ਦੀ ਹਾਲਤ ਆਮ ਕਰਕੇ ਠੀਕ ਠੀਕ ਹੈ।

ਆਰੰਭ : "ੴ ਸਤਿਗੁਰ ਪ੍ਰਸਾਦਿ॥ ਅਥ ਨਾਮ ਕੋਸ਼ ਗ੍ਰੰਥ ਲਿਖਯਤੇ॥ ਕਬਿੱਤ॥ ਏਕੋਂਕਾਰਾ ਉਤਪਤਿ ਸਤਿਗੁਰੂ ਮੋਹਿ ਗਤਿ ਜਗਤਿ ਭਗਤਿ ਦੇਤ ਕਰਤ ਉਧਾਰ ਹੈ॥ ਨਾਨਕ ਜੀ ਦੰਭ ਖੰਡ ਬਿਘਨ ਬਿਨਾਸਨ ਜੇ ਦਾਸਨ ਕੇ ਗਤਿ ਕਾਰ ਸਿਖ ਹਿਤਕਾਰ ਹੈਂ॥ ਅੰਗਦ ਅਜਰ ਜਰ ਫੇਰੂ ਆਨ ਜਾਨੀ ਐਜੂੰਤੇ ਜੋ ਨੰਦ ਅਮਰ ਕਿ ਬਰਦਾ ਉਦਾਰ ਹੈ॥ ਸੋਢਿ ਅਵਤੰਸ ਰਾਮ ਦਾਸੁ ਸੁਧਾ ਸਰ ਕਾਰ ਅਰਜਨ ਧ੍ਰਮ ਧੁਜ ਭਗਤਿ ਬਿਥਾਰ ਹੈਂ॥੧॥"

ਅੰਤ : "੫੯॥ ਜਮਨ੍ਹ ਤਟ ਜੋ ਬੂਰੀਆ ਗ੍ਰੰਥ ਕਰਨ ਲਗ ਤਾਂਹਿ॥ ਆਨਿ ਸੁਧਾ ਸਰ ਤੀਰ ਪਰ ਕਰੀ ਸਮਾਪਤਿ ਯਾਹਿ॥੬●॥ ਸੁਨੇ ਸੌਨਿ ਸਾਸਤ੍ਰਾਨ ਤੇ ਭਾਖਾ ਕੀਨੇ ਨਾਮ॥ ਜਿਹ ਪਢਨੇ ਤੇ ਗ੍ਰੰਥ ਜੇ ਅਰਥ ਲਖਹਿ ਮਤਿ ਧਾਮ॥੬੧॥ ਕਵਿ ਸੰਤੋਖ ਸਿੰਘ ਸਿਮਰਿ ਗੁਰੁ ਕਰੇ ਬਿਘਨ ਨਿਕੰਦ॥ ਸੁਖ ਸੌ

ਗ੍ਰੰਥ ਸਮਾਪਤੀ ਭਈ ਅਨੰਦ ਸਕੁੰਦ॥੪੬੨॥ ਇਤਿ ਸ੍ਰੀ ਨਾਮ ਕੋਸ ਗ੍ਰੰਥੇ ਬਾਲ ਬੁਧੀਨ ਪ੍ਰਕਾਸਕੰ ਕਵਿ ਸੰਤੋਖ ਸਿੰਘ ਬਿਰਚਿਤਾਯੰ ਤ੍ਰਿਤੀਯ ਕਾਂਡੇ ਸਮਾਪਤੰ॥੭੩੪॥ ਦੋਹਰਾ॥ ਸੰਮਤ ਉਨੀ ਸੈਹਸ੍ਰ ਸੁਦੀ ਦਸਮੀ ਕਾਤਿਕ ਮਾਸ॥ ਅਮਰ ਕੋਸ਼ ਭਾਖਾ ਲਿਖਯੋ ਸੁਦਾ ਸਰੋਵਰ ਪਾਸ॥'' =॥=॥=

ਹੱਥ ਲਿਖਤ ਨੰ : MS 5022
ਸਿਰਲੇਖ : ਕਵਿ ਬੱਲਭ ਗ੍ਰੰਥ
ਲੇਖਕ : ਹਰਚਰਣ ਦਾਸ, ਕਵਿ
ਪੱਤਰੇ : 1 ਅ – 134 ਅ
ਆਕਾਰ : 12 X 19 ਸ.ਮ. ਲਿਖਤ 9 X 14 ਸ.ਮ.
ਵੇਰਵਾ : ਜਿਲਦ ਗੱਤਾ ਅੰਬਰੀ। ਸਿਆਹੀ ਕਾਲੀ ਵਖਰੇਵੇਂ ਲਈ ਲਾਲ। ਹਾਸ਼ੀਆ ਦੋਵੇਂ ਪਾਸੇ ਇਕ ਕਾਲੀ ਤੇ ਇਕ ਲਾਲ ਲਕੀਰ। ਸਤਰਾਂ ਪ੍ਰਤੀ ਪੰਨਾ–15 ਹਨ।
ਆਮ ਵੇਰਵਾ : ਪੋਥੀ ਦੀ ਹਾਲਤ ਠੀਕ ਠੀਕ ਹੈ। ਲਿਖਾਈ ਸੁੰਦਰ,ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਅਤੇ ਲਿਖਤ ਹਾਸ਼ੀਏ ਤੋਂ ਬਾਹਰ ਵੀ ਕੀਤੀ ਹੋਈ ਹੈ। ਕਈ ਅਖਰਾਂ ਦਾ ਉਲਥਾ ਦੇਵਨਾਗਰੀ ਵਿਚ, ਲਿਖਿਆ ਹੋਇਆ ਹੈ। ਅਖੀਰਲੇ ਪੰਨੇ ਉਪਰ ਗੁਰਮੁਖੀ ਅੱਖਰ ਲਿਖ ਕੇ, ਉਹਨਾ ਦੇ ਅੱਗੇ ਗਿਣਤੀ ਲਿਖੀ ਹੋਈ ਹੈ।
ਆਰੰਭ : ''ੴ ਤਤ ਸਤ॥ ੴ ਸ੍ਰੀ ਰਾਧਾ ਬਿਜਯਤੇ ਨਮਾਮਿ॥ ਅਥ ਕਵਿ ਬੱਲਭ ਕ੍ਰਿਤ ਕਵਿ ਹਰਚਰਣ ਦਾਸ ਲਿਖਯਤੇ॥ ਦੋਹਰਾ॥ ਮੋਹਨ ਚਰਨ ਪਯੋ ਜਮੈ ਤੁਲਸੀ ਕੋ ਹੈ ਬਾਸ॥ ਤਾਂਹਿ ਸੁਮਰਿ ਹਰਿ ਭਗਤ ਸਬ ਕਰਤ ਬਿਘਨ ਕੋ ਨਾਸ॥੧॥ ਕਬਿੱਤੁ॥''
ਅੰਤ : ੮੧॥ ''ਦੋਹਰਾ॥ ਸ੍ਰੀ ਰਾਧਾ ਪਦਕੰਜ ਕੀ ਰਜੇ ਨਿਜੁ ਨੈਨਨਿ ਲਾਇ॥ ਚੱਕ੍ਰਾਹਤ ਕਿਯ ਮ੍ਰਿਤਯ ਤਬ ਕ੍ਰਿਸ੍ਨਹਿ ਕੰਠਿ ਲਗਾਇ॥੮੨॥ ਇਤਿ ਸ੍ਰੀ ਹਰਿਚਰਨ ਦਾਸ ਕ੍ਰਿਤੇ ਬ੍ਰਿਹਤ ਕਵਿ ਬੱਲਭ ਗ੍ਰੰਥ ਸੰਪੂਰਣੰ॥
ਯਾਵਦਿੰਦ੍ਰਾਦਯੋ ਦੇਵਾ ਯਾਵਦ ਚੰਦ੍ਰਦਿਵਾਰ੍ਕੌ॥ ਯਾਵਦ੍ਰਾਮ ਕਥਾ ਲੋਕੇ ਭੂਯਾ ਤ੍ਰਾਵਤਿ ਥਤਿ ਸ੍ਰਵ॥''

ਹੱਥ ਲਿਖਤ ਨੰ : MS 5023 ਸੰਗ੍ਰਹਿ
ਸਿਰਲੇਖ : ਕਰੀਮਾ–ਫਾਰਸੀ ਤੋਂ ਪੰਜਾਬੀ ਉਲਥਾ
ਲੇਖਕ : ਕਰੀਮਾ ਬੁਥਖਾਯਬਰਹਾਲਮਾ॥
ਲਿਖਾਰੀ : ਬੁਧ ਸਿੰਘ
ਸਮਾਂ : ਸੰਮਤ 1874
ਸਥਾਨ : ਸਹੀਦ ਬੁੰਗੇ
ਪੱਤਰੇ : 1 ੳ – 9 ਅ
ਆਕਾਰ : 11 X 16.5 ਸ.ਮ. ਲਿਖਤ: 7X 11 ਸ.ਮ.
ਵੇਰਵਾ : ਜਿਲਦ ਗੱਤਾ ਅੰਬਰੀ। ਸਿਆਹੀ ਕਾਲੀ ਵਖਰੇਵੇਂ ਲਈ ਲਾਲ। ਹਾਸ਼ੀਆ ਦੋਵੇਂ ਦੋ ਦੋ ਲਾਲ ਲਕੀਰਾਂ। ਵਿਚਕਾਰ ਕਾਲੀ ਲਕੀਰ। ਸਤਰਾਂ ਪ੍ਰਤੀ ਪੰਨਾ–19 ਹਨ।
ਆਮ ਵੇਰਵਾ : ਲਿਖਾਈ ਸੁੰਦਰ, ਪਰ ਹਾਸ਼ੀਏ ਤੋਂ ਬਾਹਰ ਵੀ ਕੀਤੀ ਹੋਈ ਹੈ। ਕੰਨੇ ਦੀ ਥਾਂ ਤੇ ਬਿੰਦੀ ਦਾ ਪਰਯੋਗ ਕੀਤਾ ਹੋਇਆ ਹੈ। ਇਹ ਰਚਨਾ ਫਾਰਸੀ ਵਿਚ ਸੀ ਜਿਸ ਦਾ ਉਲਥਾ ਪੰਜਾਬੀ ਵਿਚ ਕੀਤਾ ਗਇਆ ਹੈ। ਬਾਕੀ ਪੋਥੀ ਨਾਲੋ ਇਹਨਾਂ ਪਤਰਿਆ ਦਾ ਸਾਈਜ਼ ਹੋਰ ਹੈ। ਇਹ ਬਾਅਦ ਵਿਚ ਲਗਾਏ ਗਏ ਹਨ।

ਆਰੰਭ : "ੴ ਸ੍ਰੀ ਨਮ: "ਰਹੁੱਵਲ ਅਕਾਲ॥ ਕਰੀਮਾ ਲਿਖਯਤੇ ਕਰੀਮਾ ਬੁਬਖਾਯਬਰਹਾਲਮਾ॥ ਕਿਹ ਸਤਮ ਅਜੀਰੇ ਕਮੰਦੇ ਹਵਾਯ॥੧॥ ਨਿਗਹ ਦਾਰ ਮਾਰਾ ਅਜਰਾਹੇ ਖਤਾ॥ ਖਤਾ ਦਰ ਗੁਜਾਰੋ ਸਵਾਬਮ ਨੁਮਾ॥ ਜੁਬਾਂ ਤਾਬਵਦ ਦਰ ਦਹਾਂ ਜਾਯਗੀਰ॥ ਸਨਾਏ ਮਹੰਮਦ ਬਵਦ ਦਿਲ ਪਜੀਰ॥੨॥"

ਅੰਤ : ਪਏ॥ "ਬ ਸਾਂਮਾ ਹਰੂਯਾਨਨੋ ਖਾਸਤਹ॥ ਬ ਸਾਨੋ ਅਰੂਸਾ ਨ ਆਰਸ ਤਹ॥੬●॥ ਕਿਂ ਗਰ ਦੰਦ ਪੈ ਰਾਹ ਨੇ ਉਮਰ ਚਾਕ॥ ਕਸੀ ਦੰਦ ਸਰਦ ਰਂ ਗਿਰੇਬਾਂਨੇ ਖਾਕ॥੬੧॥ ਚੁਨਾਂ ਖਿਰਮਨੇਂ ਉਮਰਸਾਂ ਸੁਦੇ ਬਬਾਦ॥ ਕਿ ਹਰਗਿਜ ਕਸੇ ਜਾਂਨਿ ਸਾਨੀਨਦਾਦਾ॥੬੨॥
ਲ਼ੇਖਕ ਬੁਧ ਸਿੰਘ ਸ਼ਹੀਦ ਬੁੰਗੇ ੧੮੭੪॥"

ਹੱਥ ਲਿਖਤ ਨੰ : MS 5023 ਅ
ਸਿਰਲੇਖ : ਨਿਰਘੰਟੇ ਰਾਗ ਧਾਤਾਂ ਦੇ ਨਾਮ
ਸਥਾਨ : ਬੁੰਗਾ ਲਹਣਾ ਸਿੰਘ
ਪੱਤਰੇ : 2 ੳ - 32
ਆਕਾਰ : 11 X 17 ਸ.ਮ. ਲਿਖਤ 9 X 11 ਸ.ਮ.
ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ-16 ਹਨ।
ਆਮ ਵੇਰਵਾ : ਕਾਨੀ ਬਦਲੀ ਹੋਈ, ਲਿਖਾਈ ਸੁੰਦਰ, ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ। ਪੋਥੀ ਦੇ ਇਸ ਭਾਗ ਦੀ ਰਚਨਾ ਪੱਤਰਾ ਨੰਬਰ 2 ੳ ਤੋਂ ਸ਼ੁਰੂ ਹੁੰਦੀ ਹੈ। ਕਈ ਪੱਤਰਿਆਂ ਉਪਰ ਲਿਖਾਈ ਧੱਬਿਆਂ ਵਾਲੀ ਹੈ।
ਆਰੰਭ : "ਏ ਸੋਇ॥ ਮੇਦਾ ਪਿਤ ਕਫ ਕੁੱਸ੍ਰ ਜੁਰਨੇਤ੍ਰ ਪੀਰ ਹਰੁ ਹੋਇ॥੬॥ ਸੁੰਠੀਨਾਮ॥ ਸੁੰਠੀ ਬਿਸ੍ਵਾਂ ਜਰਭਿਖ ਕਾਂ ਨਾਮ ਰੇਊ ਖਨਮਾਂਨ॥ ਮਹਾਂ ਔਖਸੀ ਪਾਂਚਨੀ ਬਧਓਕਆਮ ਜਿਤ ਜਾਨ॥"
ਅੰਤ : ੧੩॥ "ਹਰਤਾਲ ਨਾਮਾ ਹਰਤਾਲਾ ਹਰਤਾਲ ਹੈ ਪੀਤਾ ਬਰਨ ਕਹਾਇ॥ ਸੁਧਰਯਾ ਪੇਤੀ ਸ੍ਵਰਨ ਕ੍ਰਿਤ ਅਰਦਸ ਕੁਸ੍ਰ ਮਿਟਾਇ॥੧੪॥ ਇਤਿ ਸ੍ਰੀ ਨਿਰਘੰਟੇ ਧਾਤ ਉਪਧਾਤ ਨਾਮ ਖੋੜ ਸਵਰਗ॥੧੬॥
ਬੁੰਗੋ ਲਹਣਾ ਸਿੰਘ ਭੁਪ ਕੋ ਸੁਧਾ ਸਰਵੋਰ ਤੀਰ॥ ਤਹਾਂ ਲਿਖਯੋ ਨਿਰਘੰਟ ਰਾਗ ਹਰ ਜਾਪ ਸੁਦੀ ਤ੍ਰਯਬੀਰ॥੧॥"

ਹੱਥ ਲਿਖਤ ਨੰ : MS 5023 ਏ
ਸਿਰਲੇਖ : ਅੱਧਯਾਤਮ ਪ੍ਰਕਾਸ
ਲੇਖਕ : ਸੁਖਦੇਵ
ਸਮਾਂ : ਸੰਬਤ 1755
ਪੱਤਰੇ : 1 ੳ - 26 ਅ
ਆਕਾਰ : 11 X 17 ਸ.ਮ. ਲਿਖਤ 9 X 11 ਸ.ਮ.
ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ-17 ਹਨ।
ਆਮ ਵੇਰਵਾ : ਕਾਨੀ ਬਦਲੀ ਹੋਈ, ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ। ਹਾਸ਼ੀਏ ਤੋਂ ਬਾਹਰ ਲਿਖਤ, ਪੋਥੀ ਦੀ ਹਾਲਤ ਠੀਕ ਠੀਕ। ਲਿਖਾਈ ਸੁੰਦਰ।
ਆਰੰਭ : "ੴ ਸ੍ਰੀ ਪਰਮਾਤਮਨੇ ਨਮਾ:॥ ਅਥ ਅਧਯਾਤਮ ਪ੍ਰਕਾਸ ਲਿਖਯਤੇ॥ ਸਵੈਯਾ॥ ਥਾਵਰ ਜੰਗਮ ਜੀਵ ਜਿਤੇ ਜਗਿ ਭਾਂਤ ਨਿ ਭਾਂਤ ਨਿ ਵੇਖ ਧਰੇ ਹੈਂ॥ ਤਾ ਮਹਿ ਸੰਤਯ ਚਿਦਾ ਨੰਦ ਏਕਸੁ ਆਤਮ

ਨਿਤ ਪ੍ਰਕਾਸ ਕਰੇ ਹੈਂ॥ ਤਾ ਬਿਨ ਜਾਨਤ ਸਿੰਧੁ ਲੌ ਲਾਗਤ ਜਾਨਤ ਗੋ ਪਦ ਤੁਲਿ ਤਰੇ ਹੈਂ॥ ਬੰਦਤਿ ਤਾਹਿ ਸਦਾ ਸੁਖ ਦੇਵਤ ਬ੍ਰਹਮ ਸਦਾ ਸਬਹੀ ਤੇ ਪਰੇ ਹੈਂ॥੧॥"

ਅੰਤ : "ਸੰਬਤ ਸਤ੍ਰਹ ਸੈ ਬਰਖ ਪਚਵਨ ਆਸ੍ਵਿਨਮਾਨ॥ ਏਕਾਦਸ ਬੁਧਿ ਗ੍ਰੰਥ ਕੋ ਸ਼ੁਕਲਪਖਯ ਸੁਭਜਾਨ॥੨੨੯॥ ਇਤਿ ਸ੍ਰੀ ਸੁਖਦੇਵ ਕ੍ਰਿਤ ਅਧਯਾਮਕ ਪ੍ਰਕਾਸ ਸਮਾਪਤੰ ਸੁਭ ਮਸਤ॥ ਦੋਹਰਾ॥ ਸੰਮਤ ਬਿਧੁ ਮੁਖ ਲੋਕ ਸਿਧ ਸਸੀ ਸੁਧਾ ਰਸਤੀਰ॥ ਸਸਿ ਸੁਤਾ ਸਿੰਘ ਪੁਸਤਕ ਲਿਖਯੋ ਧਾਰਿ ਰਿਦੈ ਰਘੁਬੀਰ॥੧॥"

ਹੱਥ ਲਿਖਤ ਨੰ : MS 5023 ਸ
ਸਿਰਲੇਖ : ਅਨਭਵ ਉਲਾਸ
ਪੱਤਰੇ : 1 ੳ - 10 ਅ
ਆਕਾਰ : 11 X 17 ਸ.ਮ. ਲਿਖਤ 9 X 11 ਸ.ਮ.
ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ-17 ਹਨ।
ਆਮ ਵੇਰਵਾ : ਲਿਖਾਈ ਸੁੰਦਰ, ਕਾਨੀ ਬਦਲੀ ਹੋਈ, ਕੰਨੇ ਦੀ ਥਾਂ ਤੇ ਬਿੰਦੀ ਦਾ ਪਰਯੋਗ ਕੀਤਾ ਹੋਇਆ ਹੈ। ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ।
ਆਰੰਭ : "ੴ ਸ੍ਰੀ ਮਰਮਾਤਮਾਯਨਮ: ਅਥ ਅਨੁਭਵ ਉਲਾਸ ਗ੍ਰੰਥ ਲਿਖਯਤੇ॥ ਦੋਹਰਾ॥ ਅਖੰਡਾ ਨੰਦ ਸਰੂਪ ਜੋ ਵਿਘਨ ਹਰਨ ਭਜਿਤਾਂਹਿ ॥ ਪ੍ਰੋਖ ਪ੍ਰਤਖ ਦ੍ਵੈ ਦੇਸ ਤਜਿ ਸੋਯਾ ਯਾ ਸੋ ਆਇ॥ ਆਨੰਦ ਘਨ ਨਿਤ ਆਤਮਾ ਅਨਿ ਸੁਖ ਦੁਖ ਕੀ ਰਾਸਿ॥ ਕਾਮਲੁ ਬਧਿ ਨਹਿ ਲਖੈ ਸੋ ਫੰਧਯੋ ਮੋਹ ਕੀ ਪਾਸਿ॥੨॥"
ਅੰਤ : ੩੪॥ "ਯਹ ਅਨਭਵ ਉਲਾਸ ਹੈ ਕੇਵਲ ਬ੍ਰੰਹਮ ਬਿਚਾਰ॥ ਭੋਜਨ ਕਯੇ ਜੁ ਤ੍ਰਿਪਤਿ ਕੀ ਊਠਤ ਉਠ ਉਰਹਾਰ॥੩੫॥ ਇਤਿ ਸ੍ਰੀ ਅਨੁਭਵ ਉਲਾਸ ਸੰਪੂਰਣ॥
ਜਤਨ ਕਰਤ ਹੈਂ ਸਿਧਿ ਕੋ ਏਕ ਹਜਾਰਨ ਮਾਂਹਿ॥ ਤਿਨ ਹੂੰ ਮੈ ਭੋਉ ਲਧੈ ਔਰੁ ਲਖਤ ਮੋ ਨਾਂਹਿ॥"

ਹੱਥ ਲਿਖਤ ਨੰ : MS 5023 ਹ
ਸਿਰਲੇਖ : ਸਾਮੁੰਦ੍ਰੀਕ
ਲੇਖਕ : ਰਾਇ, ਕਵਿ
ਸਮਾਂ : ਸੰਮਤ 1888
ਸਥਾਨ : ਵਿਜੈ ਕੋਟ
ਪੱਤਰੇ : 1 ੳ - 22 ੳ
ਆਕਾਰ : 11 X 17 ਸ.ਮ. ਲਿਖਤ 9 X 11 ਸ.ਮ.
ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ-16 ਹਨ।
ਆਮ ਵੇਰਵਾ : ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ। ਲਿਖਾਈ ਸੁੰਦਰ, ਹਾਸ਼ੀਏ ਤੋਂ ਬਾਹਰ ਵੀ ਲਿਖਾਈ ਕੀਤੀ ਹੋਈ ਹੈ। ਕੰਨੇ ਦੀ ਥਾਂ ਤੇ ਬਿੰਦੀ ਦਾ ਪਰਯੋਗ ਕੀਤਾ ਹੋਇਆ ਹੈ। ਕਾਨੀ ਬਦਲ ਬਦਲਕੇ ਲਿਖਾਈ ਕੀਤੀ ਹੋਈ। ਪੋਥੀ ਦੀ ਹਾਲਤ ਠੀਕ ਠੀਕ ਹੈ।
ਆਰੰਭ : "ਸ੍ਰੀ ਗਣੇਸਾਯਨਮ: ਅਥ ਸਮੁੰਦ੍ਰੀਕ ਲਿਖਯਤੇ॥ਦੋਹਰਾ:- ਸਰਸ੍ਵਤਿ ਸਿਮਰੋ ਚਿਤ ਧਰਿ ਸਰਸ ਬਚਨ ਦਾਤਾਰਿ॥ ਨਰ ਨਾਰੀ ਲੱਖਣ ਕਹੌਂ ਸਮੁੰਦ੍ਰੀਕ ਅਨੁਸਾਰਿ।੧ ਸਮੁੰਦ੍ਰੀਕ ਯਾ ਗ੍ਰੰਥ ਮੈ ਅਗਮ ਨਿਗਮੁ ਕੀ ਬਾਤ॥ ਤਿਸਹਿ ਜਾਨਿ ਜੋ ਨਿਰਬਹੈ ਸੋ ਹ੍ਵੈ ਜਗ ਬਿੱਖਯਾਤ॥"

ਅੰਤ : ੯੩॥ ਇਤਿ ਸ੍ਰੀ ਪੰਡਿਤ ਪਦਮ ਰੰਗ ਸਿੱਖ ਰਾਮ ਚੰਦ੍ਰੇਣ ਬਿਰਚਿਤੇ ਉਤ੍ਰਾਰਧੇ ਨਾਰੀ ਲਛਣ ਸਮਾਪਤੀ॥ ਬਿਜੈਕੋਟ ਮੈ ਲਿਖਯੋ ਯੇ ਸਮੁੰਦ੍ਰਿ ਕਰਿ ਤੁਲਾਇ॥ ਸੰਬਤ ਬਸੁ ਬਸੁ ਸਿਧ ਸਸਿ ਸਿੰਘ ਵਦੀ ਕਵਿ ਰਾਇ॥"

ਹੱਥ ਲਿਖਤ ਨੰ : MS 5023 ਕ
ਸਿਰਲੇਖ : ਸੰਗੀਤ ਦਰਪੁਨ ਭਾਖਾ
ਲੇਖਕ : ਹਰਬਲਭ, ਕਵਿ
ਪੱਤਰੇ : 1 ਅ – 16 ਅ
ਆਕਾਰ : 11 X 17 ਸ.ਮ. ਲਿਖਤ 9 X 11 ਸ.ਮ.
ਵੇਰਵਾ : ਓਹੀ। ਸਤਰਾਂ ਪ੍ਰਤੀ ਪੰਨਾ–16 ਹਨ।
ਆਮ ਵੇਰਵਾ : ਕਾਨੀ ਬਦਲੀ ਹੋਈ, ਪੋਥੀ ਦੇ ਇਸ ਭਾਗ ਦੀ ਰਚਨਾ ਲਿਖਾਈ/ਸਾਈਜ ਵਿਚ ਫਰਕ ਹੈ। ਪਤਰਾ ਨੰਬਰ ੮ ਤੋਂ ਬਾਅਦ ੪੯ ਸ਼ੁਰੂ ਕੀਤਾ ਹੋਇਆ ਹੈ ਜੋ ੬੫੬ ਤੇ ਖਤਮ ਕਰ ਦਿਤਾ ਹੈ। ਲਿਖਾਈ ਸੁੰਦਰ ਅਤੇ ਪੋਥੀ ਦੀ ਹਾਲਤ ਠੀਕ ਠੀਕ ਹੈ।
ਆਰੰਭ : "੧ੴ ਸ੍ਰੀ ਗਣੇਸਾਯਨਮ: ਅਥ ਸੰਗੀਤ ਦਰਪਨ ਭਾਖਾ ਕ੍ਰਿਤ ਕਵਿ ਹਰਬੱਲਭ ਲਿਖਯਤੇ॥ ਛਾਜਤ ਹੈ ਛਬਿ ਟੀਕੇ ਹੁਤੇ ਲਖਿ ਜੁੱਗਨਿ ਜੂਹ ਜਹਾਂ ਜਯ ਜੰਪਤਿ॥ ਭਾਰੀ ਦਿਪੈ ਦੁਤਿਯੋ ਹਰ ਬੱਲਭ ਜਾਨਿ ਰਖੇ ਤੇਂਅ ਜੋਂਰ ਤਿੰਕ ਪਤਿ॥"
ਅੰਤ : "ਧਾਤੁ ਬਨਾਵੈ ਸਰਸ ਬਿਧਿ ਮਾਤ੍ਰ ਰਚੇ ਕਛੁ ਹੀਨ॥ ਤਾਕੌ ਮਧਮ ਕਹਤ ਹੈਂ ਜਿਨਿ ਕੀ ਬੁਧਿ ਪ੍ਰਬੀਨ॥ ਭਾਖ ਹਰਿ ਬੱਲਭ ਰਚਯੋ ਸਬ ਸੰਗੀਤ ਕੋ ਸਾਰ॥ ਤਾ ਮੈ ਸੰਪੂਰਨ ਭਯੋ ਪਰ ਕੀਰਨ ਬਿਸਤਾਰ॥ ਇਤਿ ਸ੍ਰੀ ਸੰਗੀਤ ਦਰਪਨ ਸਾਰੇ ਭਾਖਾ ਹਰਿ ਬੱਲਭ ਕ੍ਰਿਤੇ ਪ੍ਰਕੀਨ ਕਾ ਧਯਾਇ ਸਮਾਪਤੰ॥ ਸਿਲਲ ਪ੍ਰਬੰਧ ਰੁ ਛੰਦ ਕੀ ਰਚਨਾ ਰਚੇ ਸੁਨਾਇ ॥ ਭਾਖਾ ਮਲ ਹਰ ਨੀਰ ਚੇ ਅਧਮ ਜਾਨੀਏ ਸੋਇ॥

ਹੱਥ ਲਿਖਤ ਨੰ : MS 5024
ਸਿਰਲੇਖ : ਸ਼ਾਹੀ ਖਾਣੇ ਪਕਾਵਨੇ
ਪੱਤਰੇ : 1 ਅ – 56 ਅ
ਆਕਾਰ : 14 X 22 ਸ.ਮ. ਲਿਖਤ 9 X 15 ਸ.ਮ.
ਵੇਰਵਾ : ਜਿਲਦ ਗੱਤਾ ਕਪੜਾ। ਸਿਆਹੀ ਕਾਲੀ ਵਖਰੇਵੇਂ ਲਈ ਲਾਲ। ਹਾਸ਼ੀਆ ਦੋਵੇਂ ਪਾਸੇ ਦੋ ਦੋ ਲਾਲ, ਤਿੰਨ ਤਿੰਨ ਨੀਲੀਆਂ ਲਕੀਰਾਂ, ਵਿਚਕਾਰ ਪੀਲੀ ਮੋਟੀ ਲਕੀਰ। ਸਤਰਾਂ ਪ੍ਰਤੀ ਪੰਨਾ–20 ਹਨ।
ਆਮ ਵੇਰਵਾ : ਲਿਖਾਈ ਸੁੰਦਰ, ਪੋਥੀ ਕਈ ਥਾਵਾਂ ਤੇ ਕਿਰਮ ਖੁਰਦਾ, ਕਈ ਪੰਨਿਆਂ ਉਪਰ ਹੜਤਾਲ ਫੇਰਕੇ ਸੁਧਾਈ ਕੀਤੀ ਹੋਈ ਹੈ। ਕਈ ਪੰਨਿਆਂ ਉਪਰ ਸਿਆਹੀ ਦੇ ਧੱਬੇ ਪਏ ਹੋਏ ਹਨ। ਸ਼ੁਰੂ ਵਿਚ ਵਿਸਥਾਰ ਸਹਿਤ ਤੱਤਕਰਾ ਦਿਤਾ ਹੋਇਆ ਹੈ।
ਆਰੰਭ : "੧ੴ ਸਤਿਗੁਰ ਪ੍ਰਸਾਦਿ॥ ਦਸਤੂਰ ਬਨਾਵਤੇ ਅਰ ਪਕਾਵਨੇ ਪ੍ਰਸਾਦ ਕਾ॥ ਬੀਚ ਸਰਕਾਰ ਬਾਦਸਾਹ ਸਾਹਾਂ ਜਹਾਂ ਕੇ ਬਨਤਾਂ ਥਾ॥ ਸਭ ਦਸ ਕਿਸਮ ਕਾ ਹੈ ॥ਕਿਸਮ ਪਹਿਲੀ ਰੋਟੀ ਪਕਾਵਨੇ ਕੀ ੧॥ ਕਿਸਮ ਦੂਸਰੀ ਆਂਸ੍ਰਾ॥ ਕਿਸਮ ਤੀਸਰੀ ੩, ਬਨਾਵਣੇ ਮਾਹਾਂ ਪ੍ਰਸਾਦਿ ॥ ਅਰ ਦੋਇ ਪੇਯਾਜੋ ਕੇ॥ ਕਿਸਮ ਚੌਥੀ ਬਨਾਵਣੇ ਭੜਥੇ ਕਾ॥ ਕਿਸਮ ਪਾਂਚਵੀ ਬਨਾਵਨੇ ਜੇ ਰਬਿਰੀਆਂ (ਰਬੜੀ) ਕੇ॥"
ਅੰਤ : ੫੬ ਅ॥"ਕੀਮਾ ਕਰੇਲੇ ਮੈ ਭਰਕੇ ਤਾਰੇ॥ ਸੇਬਾ ਤੇ ਘੀਉ ਜੋ ਬਾਕੀ ਹੈ ਉਸ ਮੈ ਭੁਨ ਕੇ ਅਲੈਦਾ ਕਰੇ ਦੂਸਰਾ ਘੀਉ ਪਯਾਜ ਲਾਲ ਕਰਕੇ ਪਯਾਜ ਨਿਕਾਲ ਲੇਇ ਥੋੜਾ ਮਸਾਲਾ ਧਨੀਆਂ

ਹਲਦੀ ਘੀਉ ਮੈ ਡਾਲ ਕੇ ਲਾਲ ਕਰੇ ਕਰੇਲਾ ਓ ਪਯਾਜ ਉਸ ਮੈਂ ਡਾਲ ਕੇ ਤਲੇ ਊਪਰ ਕਰੇ ਬਾਦ ਉਸ ਮੈ ਪਾਨੀ ਪਕਨੇ ਮਾਫਕ ਡਾਲੇ ਜਬ ਪਾਨੀ ਸੁਕ ਜਾਏ ਸਿਰਫ ਘੀਉ ਰਹੇ ਤੋਂ ਦੇਗਚੇ ਕੋ ਉਤਾਰ ਕਰ ਖਾਏ-ਵਰਤੇ॥" ॥ ॥ ॥ ਅੱਗੇ ਪੱਤਰੇ ਨਹੀਂ ਹਨ

ਹੱਥ ਲਿਖਤ ਨੰ : MS 5025
ਸਿਰਲੇਖ : ਨਵਲ ਰਸ ਚੰਦ੍ਰੋਦਯਾ
ਸਮਾਂ : ਸੰਮਤ 1879
ਪੱਤਰੇ : 1 - 48
ਆਕਾਰ : 19.5X14.5 ਸ.ਮ. ਲਿਖਤ: 13X9 ਸ.ਮ.
ਵੇਰਵਾ : ਜਿਲਦ ਗੱਤਾ, ਕ੍ਰਿਮ ਖੁਰਦਾ, ਪੋਥੀ ਉਖੜੀ ਹੋਈ ਹੈ । ਚੁਪਾਸੀ ਦੋ ਬਰੀਕ ਲਾਲ ਲਕੀਰਾਂ ਵਿਚ ਦੋ ਨੀਲੀਆਂ ਲਕੀਰਾਂ ਅਤੇ ਵਖਰੇਵੇਂ ਲਈ ਮੋਟੀ ਸੰਤਰੀ ਲਕੀਰ ਦਾ ਹਾਸ਼ੀਆ ਹੈ । ਵਖਰੇਵੇਂ ਲਈ ਲਾਲ ਸਿਆਹੀ ਦੀ ਵਰਤੋਂ ਕੀਤੀ ਹੋਈ ਹੈ । ਕਿਤੇ - ਕਿਤੇ ਕਿਰਮ ਖੁਰਦਾ ਹੈ । ਸਤਰਾਂ ਪ੍ਰਤੀ ਪੰਨਾ - 16.
ਆਮ ਵੇਰਵਾ : ਹੜਤਾਲ ਫੇਰ ਕੇ ਸੁਧਾਈ ਕੀਤੀ ਗਈ ਹੈ । ਕਿਤੇ - ਕਿਤੇ ਸੁਧਾਈ ਲਈ ਹਾਸ਼ੀਏ ਵਿਚ ਅਖਰ ਲਿਖੇ ਹੋਏ ਹਨ । ਅੰਤ ਤੇ ਹਾਸ਼ੀਏ ਵਾਲੇ ਦੋ ਪੱਤਰੇ ਖਾਲੀ ਹਨ । ਪਰ ਪੱਤਰਾ ਨੰ: ਲਗਾ ਹੋਇਆ ਹੈ । ਅੰਤ ਤੇ ਲਾਲ ਬਿੰਦੀਆਂ ਅਤੇ ਲਕੀਰਾਂ ਨਾਲ ਡਿਜ਼ਾਇਨ ਬਣਾਕੇ ਵਿਚ ਸਮੇਂ ਅਤੇ ਲੇਖਕ ਬਾਰੇ ਸੰਕੇਤ ਦਿਤਾ ਹੋਇਆ ਹੈ ।
ਆਰੰਭ : ੧ੴਸ੍ਰੀ ਗਣੇਸਾਯਨਮ: ਅਥ ਨਵਲ ਰਸ ਚੰਦ੍ਰੋਦਯ ਲਿੱਖਯਤੇ ॥ ਛੰਦ ॥ ਉੱਧਰਿਤ ਬੇਦ ਨਿਜ ਸੁੱ ਧਰਤਿ ਜੋ ਜਗਤ ਬੁਧਿ ਰੁਚ ਰੰਮਜ ਪ੍ਰਹਲਾਦ ਪਨ ਲਾਜ ਪਰ ॥ ਧੀਰ ਧਰ ਭਰਨ ਬਰਬੀਰ ਭ੍ਰਿਗੁ ਬੰਸੁ ਮਨਿ ਨੀਰ ਨਿਧਿ ਤਰਨ ਅਰਿ ਦਰਨ ਸੁਰ ਕਾਜ ਪਰ ॥ ਹੱਥ ਹਲ ਧਰਨ ਸਮਰੱਥ ਬਲਿ ਛਰਨ ਗੁਨ ਗੱਥ ਕਰੁਨਾਯਤ ਨ ਕਲ ਕਿ ਛਬਿ ਬਾਜਿ ਪਰ ॥ ਨੰਦ ਨ੍ਰਿਧ ਨੰਦ ਬ੍ਰਿਜ ਚੰਦ ਆਨੰਦਮਯ ਰਹਤ ਰਛਪਾਲ ਨ ਵਲੇਸ ਮਹਾਰਾਜ ਪਰ ॥
ਅੰਤ : ...ਚੋਰਿ ਕੈ ਦੀਠਿ ਮਰੋਰਿ ਕੈ ਭੌਹ ਸਖੀ ਮੁਖ ਓਰਿ ਨਿਹਾਰਨਿ ਲਾਗੀ ॥ ੨੨ ॥ ਇਤਿ ਸ੍ਰੀ ਮਨ ਮਹਾਰਾਜ ਜਦੁ ਕੁਲ ਬੰਸਾਵਤੰਸ ਬ੍ਰਿਜੈਦ ਨ੍ਰਿਪ ਨਵਲ ਸਿੰਘ ਬਿਨੋਦਾਰਥੇ ਸੋਭ ਕਵਿ ਬਿਰਚਿਤੇ ਨਵਲ ਰਸ ਚੰਦ੍ਰੋਯ ਸੰਪੂਰਨੰ ਸੁਭੰ ਭੂਯਾਤ ॥ ਦੋਹਰਾ ॥ ਸੰਮਤੁ ਨਿਧਿ ਮੁਨਿ ਨਾਗ ਸਸਿ ਸੁਧਾ ਸਰੋਵਰ ਤੀਰ ॥ ਲੇਖਕ ਸਸਿ ਜ ਮ੍ਰਿਗੇਸ ਕੀ ਨਵਲ ਚੰਦ੍ਰੋਦਯ ਬੀਰ ॥1879॥

ਹੱਥ ਲਿਖਤ ਨੰ : MS 5026
ਸਿਰਲੇਖ : ਸਾਹਿਤੱਯ ਸੁਧਾ ਨਿਧਿ
ਲੇਖਕ : ਦਿਗਵਿਜੈ ਸਿੰਘ, ਜਗਤ ਸਿੰਘ
ਸਮਾਂ : ਸੰਮਤ 1892
ਸਥਾਨ : ਦਿਯਾਲ ਪੁਰ
ਪੱਤਰੇ : 1 ਅ - 34 ਓ
ਆਕਾਰ : 11 X 16 ਸ.ਮ. ਲਿਖਤ 8 X 14 ਸ.ਮ.
ਵੇਰਵਾ : ਜਿਲਦ ਗੱਤਾ ਰੈਕਸੀਅਨ। ਸਿਆਹੀ ਕਾਲੀ ਵਖਰੇਵੇਂ ਲਈ ਲਾਲ। ਸਤਰਾਂ ਪ੍ਰਤੀ ਪੰਨਾ-17 ਹਨ।

ਆਮ ਵੇਰਵਾ : ਪੋਥੀ ਕਿਰਮ ਖੁਰਦਾ, ਲਿਖਾਈ ਸੁੰਦਰ, ਪੜ੍ਹੀ ਜਾਂਦੀ ਹੈ। ਕਈ ਪੰਨਿਆਂ ਉਪਰ ਹੜਤਾਲ ਫੇਰਕੇ ਸੁਧਾਈ ਕੀਤੀ ਹੋਈ ਹੈ। ਅਤੇ ਅਖੀਰ ਵਿਚ ਕਾਨੀ ਬਦਲਕੇ ਲਿਖਾਈ ਕੀਤੀ ਹੋਈ ਹੈ। ਹਾਸ਼ੀਏ ਤੋਂ ਬਾਹਰ ਵੀ ਲਿਖਾਈ ਕੀਤੀ ਹੋਈ ਹੈ ॥

ਆਰੰਭ : "ੴ ਸ੍ਰੀ ਗਣੇਸਾਯਨਮ: ਅਥ ਸਾਤਿਯ ਸੁਧਾ ਨਿਧਿ ਲਿਖਤੇ॥ ਬਰਵੈ ਛੰਦ॥ ਸਿਵ ਸੁਤ ਏਕ ਰਦਨ ਜਯ ਛਬਿ ਉਦੱਯੋਤ॥ ਨਿਕਸਯੋ ਮਨੋ ਮੇਰੁ ਤੈ ਸੁਰ ਸੋਤ ॥੧॥ ਸੀਸ ਮੁਕਟ ਸੁਤਿ ਕੁੰਡਲ ਕੇ ਸਰ ਭਾਲ॥"

ਅੰਤ : ੨੯॥"ਕਹੇ ਪੰਚ ਸੈ ਸੱਤਰਿ ਬਰਵੈ ਬੀਨ ॥ ਦਸਤ ਰੰਗ ਕਰਿ ਜਾਨੋ ਗ੍ਰੰਥ ਨਵੀਨ॥੩॥
ਇਤਿ ਸ੍ਰੀ ਮਨ ਮਹਾਂ ਰਾਜ ਕੁਮਾਰਬਿਸ੍ਵੇਨ ਬੰਸਾਵਤੰਸ ਦਿਗ ਵਿਜਯ ਸਿੰਘਾਤਮਜ ਜਗਤ ਸਿੰਘ ਕਵਿ ਕ੍ਰਿਤੋ ਸ੍ਰੀ ਸਾਹਿੱਤਯ ਸੁਧ। ਨਿਧਿ ਸਕਲ ਦੋਖ ਨਿਰੂਪਨੰ ਨਾਮ ਦਸਮ ਸੁਰੰਗ॥
ਸੰਬ ੧੯੬੨ ਹਾੜ ਸੁਦੀ ੭ ਬੁਧਿਵਾਰ॥" ਅੱਗੇ ਹੋਰ ਦੋ ਸਤਰਾਂ ਲਿਖੀਆਂ ਹੋਈਆ ਹਨ॥

ਹੱਥ ਲਿਖਤ ਨੰ : MS 5027 ਸੰਗ੍ਰਹਿ
ਸਿਰਲੇਖ : ਭਾਵ ਪਾਚਾਸਕਾ
ਲੇਖਕ : ਬ੍ਰਿੰਦ, ਕਵਿ
ਸਮਾਂ : ਸੰਬਤ 1938 ਬਿਕ੍ਰਮੀ
ਪੱਤਰੇ : 1 ਅ – 15 ਅ
ਆਕਾਰ : 16 X 23 ਸ.ਮ. ਲਿਖਤ 11 X 17 ਸ.ਮ.
ਵੇਰਵਾ : ਜਿਲਦ ਗੱਤਾ ਅੰਬਰੀ; ਸਿਆਹੀ ਕਾਲੀ ਵਖਰੇਵੇਂ ਲਈ ਲਾਲ; ਹਾਸ਼ੀਆ ਚਾਰੇ ਪਾਸੇ ਦੋ ਦੋ ਲਾਲ, ਤਿੰਨ ਤਿੰਨ ਨੀਲੀਆਂ ਅਤੇ ਵਿਚਕਾਰ ਇਕ ਮੋਟੀ ਪੀਲੀ ਲਕੀਰ; ਸਤਰਾਂ ਪ੍ਰਤੀ ਪੰਨਾ–16
ਆਮ ਵੇਰਵਾ : ਲਿਖਾਈ ਸੁੰਦਰ, ਹਾਸ਼ੀਏ ਤੋਂ ਬਾਹਰ ਕਿਧਰੇ ਕਿਧਰੇ ਲਿਖਾਈ ਕੀਤੀ ਹੋਈ। ਕਈ ਪੰਨੇ ਕਿਰਮ ਖੁਰਦਾ, ਅਤੇ ਲਿਖਤ ਵੀ ਖਾਧੀ ਹੋਈ ਹੈ। ਕੰਨੇ ਦੀ ਥਾਂ ਤੇ ਬਿੰਦੀ ਦਾ ਪਰਯੋਗ ਕੀਤਾ ਹੋਇਆ ਹੈ। ਹੜਤਾਲ ਫੇਰਕੇ ਸੁਧਾਈ ਕੀਤੀ ਹੋਈ ਹੈ। ਪੋਥੀ ਦੀ ਹਾਲਤ ਠੀਕ ਠੀਕ।
ਆਰੰਭ : "ੴ ਸ੍ਰੀ ਗਨੇਸਾਯਨਮ: ਅਥ ਭਾਵ ਪਾਚਾਤਸਕਾ ਲਿਖਯਤੇ॥ ਕ੍ਰਿਤ ਕਵਿ ਬ੍ਰਿੰਦ॥ ਦੋਹਰਾ॥ ਅਦਭੁਤ ਅਮਿਤ ਅਨੰਤ ਗਤਿ ਅਗਮ ਅਪਾਰ ਅਨੂਪ॥ ਬਯਾਪਕ ਜਗਤ ਅਦ੍ਰਿਸਯ ਮੈ ਜੈ ਜੈ ਜੋਤ ਸਰੂਪ॥੧॥ ਦੋਹਰਾ॥ ਕਵਿ ਲੋਕਨ ਕੇ ਭਾਵ ਸੁਨਿ ਕਛੁਕ ਭਿਯੋ ਚਿਤ ਚਾਹ॥ ਕਰੀ ਭਾਵ ਪਾਚਾਸਕਾ ਬ੍ਰਿੰਦਮੁ ਕਵਿ ਧਰ ਭਾਵ॥੨॥ਦੋਹਰਾ॥ ੧੧●॥"
ਅੰਤ : "ਪਾਂਡਵ ਦ੍ਰਿਗ ਨਿਧ ਆਤਮਾ ਮਰਨ ਚੌਥ ਸੁਦਿ ਜਾਨ॥ ਭਾਵ ਪਚਾਸਕਾ ਵਾਰ ਗੁਰ ਲਿਖੀ ਪੜ੍ਹਨ ਹਿਤਮਾਨ॥੧॥"

ਹੱਥ ਲਿਖਤ ਨੰ : MS 5027 ਅ
ਸਿਰਲੇਖ : ਨੇਹ ਨਿਬਾਹ ਗ੍ਰੰਥ
ਲੇਖਕ : ਗਵਾਲ, ਕਵਿ
ਸਮਾਂ : 1939
ਪੱਤਰੇ : 16 ਓ – 22 ਓ
ਆਕਾਰ : 16 X 23 ਸ.ਮ. ਲਿਖਤ 11 X 17 ਸ.ਮ.
ਵੇਰਵਾ : ਓਹੀ। ਸਤਰਾਂ ਪ੍ਰਤੀ ਪੰਨਾ–16 ਹਨ।
ਆਮ ਵੇਰਵਾ : ਲਿਖਾਈ ਸੁੰਦਰ, ਕੰਨੇ ਦੀ ਥਾਂ ਤੇ ਬਿੰਦੀ ਦਾ ਪਰਯੋਗ ਕੀਤਾ ਹੋਇਆ ਹੈ। ਕਈ ਪੱਤਰਿਆਂ ਉਪਰ ਹੜਤਾਲ ਫੇਰਕੇ ਸੁਧਾਈ ਕੀਤੀ ਹੋਈ ਹੈ। ਪੋਥੀ ਦੀ ਹਾਲਤ ਠੀਕ ਠੀਕ।

ਆਰੰਭ : "ੴ ਸ੍ਰੀ ਕ੍ਰਿਸਨਾਯਨਮ:॥ ੴ ਸ੍ਰੀ ਜਗਦੰਬਾ ਜੀ॥ ਅਥ ਨੇਹ ਨਿਬਾਹ ਗ੍ਰੰਥ ਲਿਖਯਤੇ॥ ਦੋਹਰਾ॥ ਸ੍ਰੀ ਗੁਰਪਦ ਪੰਕਜ ਵਿਮਲ ਭਲ ਸੁਖ ਸੁਖ ਮਾਦਾਯ॥ ਤਿਨ ਕੌ ਵੰਦਤ ਗ੍ਵਾਲ ਕਵਿ ਪਾਨ ਜੋਰ ਸਿਰ ਨਾਯ॥੧ ਸ੍ਰੀ ਮਨ ਮਹਰਾਨੀ ਵਿਦਿਤਿ ਬ੍ਰਿੰਦ੍ਰਾ ਬਨ ਘਨ ਈਸ॥ ਸ੍ਰੀ ਰਾਧਾ ਸਾਧਾ ਸਕਲ ਤਿਨੂੰ ਗਵਾਲ ਨਵਿ ਸੀਸ॥੨॥"

ਅੰਤ : "੩੧॥ ਨੇਹ ਨਿਬਹਬੇ ਕੀ ਰੀਤਿ ॥ ਕਬਿੱਤੁ ॥ ਨੀਤਿ ਕੀ ਪ੍ਰਤੀਤਿ ਕੀ ਗਲੀਤ ਕੀ ਹਿਯੈ ਮੈ ਜਬ ਭੀਤ ਕੀ ਰਹੀ ਨ ਮਤਿ ਰੀਤਿ ਕੀ ਚਹੈਂਈ ਗੇ॥ ਕਠਿਨ ਕਲੇਸ ਕੋਨ ਵਸੋ ਲਵ ਲੇਸ ਕਹੂੰ ਸੁਹ੍ਰਿਦ ਪ੍ਰਵੇਸ ਔਸੁ ਦੇ ਸਤਾ ਗਹੈ ਗ੍ਵਾਲ ਕਵਿ ਸਾਹਿਬ ਸਹੂਰ ਵਾਰੇ ਨੂਰ ਵਾਰੇ ਪੂਰ ਪਨਵਾਰੇ ਚੁਰ ਰਸਮੈ ਰਹੈਈ ਗੇ॥ ਨੇਹਮ ਗ੍ਰੀਖਮ ਸਯਾਨਪ ਕੀਅ ਤਪ ਮੈ ਸੀਸ ਪੈ ਸੰਚੋਟੀ ਛਤ੍ਰ ਧਾਰਿ ਨਿਬ ਹੈ ਈਸੇ॥ ੩੨॥ ਇਤਿ ਸ੍ਰੀ ਨੇਹ ਨਿਬਾਹ ਗ੍ਰੰਥ ਸੰਪੂਰਨੰ॥ਦੋਹਰਾ॥ ਸ੍ਰੀ ਅੰਮ੍ਰਿਤਸਰ ਜੀ ਸੁ ਤਟ ਪਸ ਚਮਦਿਸ ਕੇ ਮਾਂਹ॥ ਧਰਮ ਸਿੰਘ ਨਿਜ ਪਠਨ ਹਿਤ ਲਿਖਯੋ ਸੁਨੇਹ ਨਿਬਾਹ॥ ਸੰਮਤ ਬਿਕ੍ਰਮ ਜੀਤ ਕੋ ਰਸ ਦ੍ਰਿਗ ਨਿਧਿ ਸਸਿ ਜਾਨ॥ ਜੇਠ ਸੁਦੀ ਚਤੁਰ ਬਿਰ ਵੀ ਗ੍ਰੰਥ ਸੰਪੂਰਨਮ॥"

ਹੱਥ ਲਿਖਤ ਨੰ : MS 5027 ਏ
ਸਿਰਲੇਖ : ਮਿਤ੍ਰ ਪ੍ਰਮੋਦ ਗ੍ਰੰਥ
ਲੇਖਕ : ਬੋਧ ਮ੍ਰਿਗਿੰਦ
ਲਿਖਾਰੀ : ਧਰਮ ਸਿੰਘ
ਸਮਾਂ : ਸੰਮਤ ੧੯੩੮ ਬਿਕ੍ਰਮੀ ਜੀਤ
ਸਥਾਨ : ਸੁਧਾ ਸਰੋਵਰ
ਪੱਤਰੇ : 23 ੳ - 44 ਅ
ਆਕਾਰ : 16 X 23 ਸ.ਮ. ਲਿਖਤ 11 X 17 ਸ.ਮ.
ਵੇਰਵਾ : ਓਹੀ। ਸਤਰਾਂ ਪ੍ਰਤੀ ਪੰਨਾ-16 ਹਨ।
ਆਮ ਵੇਰਵਾ : ਲਿਖਾਈ ਸੁੰਦਰ, ਪੋਥੀ ਦੀ ਹਾਲਤ ਠੀਕ ਠੀਕ, ਕਈ ਪੰਨਿਆਂ ਉਪਰ ਹੜਤਾਲ ਫੇਰਕੇ ਸੁਧਾਈ ਕੀਤੀ ਹੋਈ ਹੈ। ਕੰਨੇ ਦੀ ਥਾਂ ਤੇ ਬਿੰਦੀ ਦਾ ਪਰਯੋਗ ਕੀਤਾ ਹੋਇਆ ਹੈ।
ਆਰੰਭ : "ੴ ਸਤਿਗੁਰ ਪ੍ਰਸਾਦਿ॥ਦੋਹਰਾ॥ਬੇਦੀ ਬੰਸ ਗਗਨ ਰਵੀ ਤਿਹ ਪਦ ਪਦਮ ਸੁਬੰਦ॥ ਬਰਦਾਇਕ ਪਾਇਕ ਅਗਨ ਲਾਇ ਕਦੈ ਨ ਆਨੰਦ॥੧॥ ਦਸ ਗੁਰੁ ਪਦ ਬੰਦੋ ਪ੍ਰਿਥਮ ਦਸੋ ਦਿਸਾ ਸੁਖ ਦੈਨ॥ ਬਿਧ ਹਰਿ ਹਰ ਗੌਰੀ ਸੁਵਨ ਗੁਰੁ ਰਵਿ ਸਿਵਾ ਸੁਨੈਨ॥੨॥"
ਅੰਤ : "੩੫॥ਦੋ: ਸੰਮਤ ਸਸਿ ਰਸ ਨੈਨ ਸਰ ਸੁਕਲ ਆਠ ਬ੍ਰਿਖ ਮਾਸ॥ ਸੁਧਾ ਸਰੋਵਰ ਮਹਿ ਰਚਯੋ ਗ੍ਰੰਥ ਬਰਖ ਫਲਰਾਸ॥ ਇਤਿ ਸ੍ਰੀ ਮਤਿ ਬੋਧ ਮ੍ਰਿਗਿੰਦ ਬਿਰਚਿਤੇ ਮਿਤ੍ਰ ਪ੍ਰਮੋਦ ਗ੍ਰੰਥੇ ਨਵ ਗ੍ਰਹ ਸਰੂਪ ਆਯੁਖ ਫਲੰ ਨਿਰੂਪੰ ਨਾਮ ਚਤ੍ਰਦ ਸੋ ਭਾਵ:॥੧੪॥ ਚੌਪਈ:- ਸੁਧਾ ਸਰੋਵਰ ਕੰਠਾ ਕੀਨਾ॥ ਸੰਮਤ ਸ੍ਰੀ ਗੁਰੂ ਨਾਨਕ ਜੀ ਕਾ ਬੇਦ ਆਤਮਾ ਦ੍ਰਿਗ ਸੁਦਿ ਸਾਵਨ॥ ਏਕਾਦਸਿ ਸਨੀਵਾਰ ਸੁਹਾਵਨਾ॥੧॥ਦੋਹਰਾ॥ ਧਰਮ ਸਿੰਘ ਨਿਜ ਪਠਨ ਹਿਤ ਪੁਸਤਕ ਲਿਖਯੋ ਸੁਪ੍ਰੀਤ॥ ਉਨੀ ਸੈ ਅਠੱਤੀਅਹੈ ਸੰਮਤ ਬਿਕ੍ਰਮੀ ਜੀਤ॥੨॥"

ਹੱਥ ਲਿਖਤ ਨੰ : MS 5027 ਸ
ਸਿਰਲੇਖ : ਸਿਫਤਨਾਮਾ-ਸ੍ਰੀ ਸਤਿ ਗੁਰੂ ਜੀ ਕਾ
ਸਮਾਂ : ਸੰਮਤ 1938 ਬਿਕ੍ਰਮੀ
ਪੱਤਰੇ : 45 ੳ - 52 ਅ
ਆਕਾਰ : 16 X 23 ਸ.ਮ. ਲਿਖਤ 11 X 17 ਸ.ਮ.

ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ-18 ਹਨ।

ਆਮ ਵੇਰਵਾ : ਪੋਥੀ ਦੇ ਅਖੀਰਲੇ ਪੱਤਰੇ ਇਕ ਪਾਸੇ ਤੋਂ ਭਿੱਜੇ ਹੋਏ ਹਨ। ਕਾਨੀ ਬਦਲ ਕੇ ਲਿਖਾਈ ਕੀਤੀ ਹੋਈ ਹੈ। ਕੰਨੇ ਦੀ ਥਾਂ ਤੇ ਬਿੰਦੀ ਦਾ ਪਰਯੋਗ ਕੀਤਾ ਹੋਇਆ ਹੈ। ਹਾਸ਼ੀਏ ਤੋਂ ਬਾਹਰ ਵੀ ਲਿਖਾਈ ਕੀਤੀ ਹੋਈ ਹੈ। ਹੜਤਾਲ ਫੇਰਕੇ ਸੁਧਾਈ ਕੀਤੀ ਹੋਈ ਹੈ। ਅਖੀਰ ਤੋਂ ਰਚਨਾ ਅਧੂਰੀ ਹੈ।

ਆਰੰਭ : "ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ ॥ ਸਿਫਤਨਾਮਾ ਸ੍ਰੀ ਸਤਿਗੁਰੂ ਜੀ ਕਾ। ਵਾਹਿਗੁਰ ਕੋ ਸਿਜਦਾ ਹੈ ਜਿਸਕੀ ਹੈ ਯਹ ਕੁਦਰਤ ਜਹੂਰ॥ ਮਿਹਰਵ ਮਹ ਕੋ ਰੋਜ ਸਬ ਮੇ ਕਰਦਿਆ ਜਿਸਨੇ ਬਨੂਰ॥ ਬੇ ਸਿਤੂੰ ਕਾਯਮ ਕੀਆ ਹੈ ਅਪਨੇ ਕੁਦਰਤ ਸੇ ਫਲਕ॥ ਉਸ ਕੋ ਕੁਦਰਤ ਸੇ ਹੁਕਮ ਹੈ ਜਿਨਓ ਇਨਸਾਨੋ ਮਲਕ॥ ਆਬ ਪਰ ਕਾਇਮ ਕੀਆ ਹੈ ਅਪਨੇ ਕੁਰਦਤ ਸੇ ਜਮੀ॥ ਅਜਬ ਸਾਨਹਵਹੀ ਜਿਸਨੇ ਕੀਆ ਸੁਨਅਤ ਦੁਕੀ॥"

ਅੰਤ : "੨੧॥ ਹੈ ਜੋ ਹਰਿਮੰਦਰ ਗੁਰੂ ਗੋਬਿੰਦ ਕਾ ਜਨਮ ਭੁਮ॥ ਦੇਵਤੋਂ ਕਾ ਰਾਤ ਦਿਨ ਰਹਤਾ ਹੈ ਉਸ ਜਾ ਪਰਹ ਜੂਮ॥੨੨॥ ਰਾਮ ਸੇ ਜੈਸੇ ਅਜੋਧਿਆ ਕੋ ਹੈ ਰੌਨਕ ਬੇ ਸੁਮਾਰ॥ਜਿਸ ਤ੍ਰਹਮ" -ਅੱਗੇ ਪੱਤਰੇ ਨਹੀ ਹਨ ਰਚਨਾ ਅਧੂਰੀ ਹੈ।

ਹੱਥ ਲਿਖਤ ਨੰ : MS 5028 ਸੰਗ੍ਰਹਿ

ਸਿਰਲੇਖ : ਸ੍ਰੀ ਚਮਤਕਾਰ ਚੰਦ੍ਰਿਕਾ ਭਾਖਾ ਭੂਖਨ ਟੀਕਾ

ਲੇਖਕ : ਹਰਿਚਰਣ ਦਾਸ

ਸਮਾਂ : ਸੰਮਤ 1890 ਰਚਨਾ ਕਾਲ: ਸੰਮਤ 1834

ਪੱਤਰੇ : 1 ੳ - 59 ਅ

ਆਕਾਰ : 16 X 24 ਸ.ਮ. ਲਿਖਤ: 9 X 17 ਸ.ਮ.

ਵੇਰਵਾ : ਜਿਲਦ ਗੱਤਾ ਰੈਕਸੀਅਨ। ਸਿਆਹੀ ਕਾਲੀ ਵਖਰੇਵੇਂ ਲਈ ਲਾਲ। ਹਾਸ਼ੀਆ ਦੋਹਰਾ-ਤੀਹਰਾ, ਦੋ ਦੋ ਲਾਲ ਲਕੀਰਾਂ, ਵਿਚਕਾਰ ਕਾਲੀ ਲਕੀਰ। ਸਤਰਾਂ ਪ੍ਰਤੀ ਪੰਨਾ-22 ਹਨ।

ਆਮ ਵੇਰਵਾ : ਪੋਥੀ ਵਿਚੋਂ ਵਿਚੋਂ ਕ੍ਰਿਮ ਖੁਰਦਾ ਹੈ। ਹਾਸ਼ੀਏ ਤੋਂ ਬਾਹਰ ਸ਼ਬਦ ਅਰਥ ਕੀਤੇ ਹੋਏ ਹਨ। ਹੜਤਾਲ ਫੇਰਕੇ ਸੁਧਾਈ ਕੀਤੀ ਹੋਈ ਹੈ। ਲਿਖਾਈ ਚੰਗੀ, ਕਈ ਥਾਵਾਂ ਤੇ ਦੇਵਨਾਗਰੀ ਅਖਰਾਂ ਦਾ ਪਰਯੋਗ ਕੀਤਾ ਹੋਇਆ ਹੈ। ਸ਼ਬਦ ਅਰਥ ਵਿਚ ਵੀ ਦੇਵਨਾਗਰੀ ਅਖਰਾਂ ਦਾ ਪਰਯੋਗ ਕੀਤਾ ਹੋਇਆ ਹੈ।

ਆਰੰਭ : "ੴ ਸ੍ਰੀ ਗਣੇਸਾਯਨਮ: ਅਥ ਭਾਖਾ ਭੂਖਨ ਕੀ ਟੀਕਾ ਚਮਤਕਾਰ ਚੰਦ੍ਰਿਕਾ ਕ੍ਰਿਤ ਕਵਿ ਹਰਿਚਰਨ ਦਾਸ ਲਿਖਯਤੇ॥ਦੋਹਰਾ॥ ਤੁਲਸੀ ਸੋ ਭਿਤਿ ਚਰਨ ਮੈ ਗਲਿ ਤੁਲਸੀ ਕੀ ਮਾਲ॥ ਬਿਹਰਤਿ ਰਾਧਾ ਸੰਗਮੈ ਜਮੇ ਨਾ ਤਟ ਨੰਦ ਲਾਲ॥੧॥ ਲਲਿਤ ਮਾਲ ਲਲਿਤਾ ਰਚੈ ਸ੍ਰੀ ਰਾਧਾ ਕੇ ਹੇਤ॥ ਮਹਲ ਟਹਲ ਬ੍ਰਿੰਦ ਕਰਤਿ ਪਧੁ ਮਗਲ ਸ ਸਮੇਤ॥੨॥

ਅੰਤ : "ਦੋ: ਸੰਬਤ ਅਠਾਰਹ ਸੈ ਬਿਤੇ ਤਾ ਪਰਿ ਚੌਤਿਸ ਜਾਤ ॥ ਟੀਕਾ ਕੀਨੀ ਪੌਖ ਦਿਨ ਗੁਰ ਦਸਮੀ ਅਵਿਦਾਤ॥੭॥ ਇਤਿ ਸ੍ਰੀ ਚਮਤਕਾਰ ਚੰਦ੍ਰਿਕਾ ਭਾਖਾ ਭੂਖਨ ਟੀਕਾ ਯਾਂ ਹਰਿਚਰਣ ਦਾਸ ਕ੍ਰਿਤ ਸਮਾਪਤੰ ਸੰਮਤ ੧੮੯● ਕਾਤਿਕ ਪ੍ਰਵਿਸ੍ਰੂ॥੧੩ ਸੁਦੀ ੧੪ ਰਵਿਵਾਰੇ॥" =॥=॥=

ਹੱਥ ਲਿਖਤ ਨੰ : MS 5028 ਅ

ਸਿਰਲੇਖ : ਯਮਕਸਤ

ਲੇਖਕ : ਅਬਦੁੱਲ ਰਹਮਾਨ, ਕਵਿ

ਪੱਤਰੇ : 60 ਅ - 65 ਅ

ਆਕਾਰ : 16 X 24 ਸ.ਮ. ਲਿਖਤ 9 X 17 ਸ.ਮ.

ਵੇਰਵਾ : ਓਹੀ। ਸਤਰਾਂ ਪ੍ਰਤੀ ਪੰਨਾ-22 ਹਨ।

ਆਮ ਵੇਰਵਾ : ਕਾਨੀ ਬਦਲੀ ਹੋਈ ਹੈ, ਲਿਖਾਈ ਸੁੰਦਰ, ਪੋਥੀ ਦੇ ਇਸ ਭਾਗ ਦੀ ਰਚਨਾ ਦੀ ਹਾਲਤ ਠੀਕ ਠੀਕ ਹੈ। ਹਾਸ਼ੀਏ ਤੋਂ ਬਾਹਰ ਦੇਵਨਾਗਰੀ ਵਿਚ ਅਰਥ ਲਾਲ ਸਿਆਹੀ ਨਾਲ ਲਿਖੇ ਹੋਏ ਹਨ।

ਆਰੰਭ : "ੴ ਸ੍ਰੀ ਅਕਾਲ ਜੀ ਸਹਾਇ॥ ਅਥ ਯਮਕਸਤ ਕ੍ਰਿਤ ਕਵਿ ਅਬਦੁੱਲ ਰਹਮਾਨ ਲਿਖਯਤੇ॥ ਦੋਹਾ॥ ਬਾਨੀ ਬਾਨੀ ਦੇਤਿ ਸੁਭ ਜਸ ਬਾਨੀ ਨਤਰੀਤ ॥ ਰਹੈ ਮਾਨ ਤਾਕੋ ਤਬੈ ਰਹੈ ਮਾਨੀ ਚਿਤਿ ਪ੍ਰੀਤਿ॥੧॥"

ਅੰਤ : "੬॥ ਇਕ ਸ੍ਵਰ ਇਕ ਅੱਛਰ ਧਰਯੋ ਪਦ ਵਿਧਿ ਯਮਕ ਸੁਧਾਰ॥ ਕਵਿ ਅਬਸੁੱਲ ਰਹਮਾਨ ਔ ਦੋਹਾ ਛੰਦੇ ਬਿਚਾਰ॥ ਅਲੰਕਾਰ ਯਮਕ ਜੁ ਕਰੀ ਅਤਿ ਹੀ ਮੂਢ ਪ੍ਰਕਾਸ॥ ਛਿਮਯਹੁ ਭੁਲ ਕਹਯੋ ਸੁ ਕਛੁ ਹੌ ਸਭ ਕਵਿ ਕੋ ਵਾਚ॥੬॥ ਸੰਬਤ ਬਰਨਨੰ॥ ਏਕ ਜੁ ਪਰ ਪ੍ਰਸੁ ਪ੍ਰਸ ਦਏ ਅਸੁ ਆਦਿ॥ ਚਿਤਠਾਨ॥ ਸੁਦਿ ਯਾਮੋ ਸੁਰ ਗੁਰ ਕਹਤ ਚਿਰੰਜੀਵ ਰਹਿਮਾਨ॥ ੧●੭॥ ਇਤਿ ਸ੍ਰੀ ਯਮਕਸਤ ਕ੍ਰਿਤ ਕਵਿ ਅਬਦੁਲ ਰਹਮਾਨ ਸਮਾਪਤੰ॥॥"

ਹੱਥ ਲਿਖਤ ਨੰ : MS 5028 ਏ

ਸਿਰਲੇਖ : ਤਿਲਸਤ

ਪੱਤਰੇ : 66 ਓ - 71 ਅ

ਆਕਾਰ : 16 X 24 ਸ.ਮ. ਲਿਖਤ 9 X 17 ਸ.ਮ.

ਵੇਰਵਾ : ਓਹੀ। ਸਤਰਾਂ ਪ੍ਰਤੀ ਪੰਨਾ-22 ਹਨ।

ਆਮ ਵੇਰਵਾ : ਲਿਖਾਈ ਸੁੰਦਰ, ਹੜਤਾਲ ਫੇਰਕੇ ਸੁਧਾਈ ਕੀਤੀ ਹੋਈ ਹੈ। ਹਾਸ਼ੀਏ ਤੋਂ ਬਾਹਰ ਵੀ ਲਿਖਤ। ਦੇਵਨਾਗਰੀ ਅਖਰਾਂ ਵਿਚ ਹਾਸ਼ੀਏ ਤੋਂ ਬਾਹਰ ਅਰਥ ਕੀਤੇ ਹੋਏ ਹਨ। ਪੋਥੀ ਦੀ ਹਾਲਤ ਠੀਕ ਠੀਕ ਹੈ।

ਆਰੰਭ : "ੴ ਸ੍ਰੀ ਵਾਹਗੁਰੂ ਜੀ ਕੀ ਫਤੇ॥ ਅਥ ਤਿਲਸਤ ਲਿਖਯਤੇ॥ ਦੋਹਰਾ॥ ਗੋਰੇ ਮੁਖ ਪਰ ਤਿਲ ਲਸੈ ਤਾਂਹਿ ਕਰੋ ਪਰਣਾਮ॥ ਮਾਨੋ ਸਸਿ ਲੈ ਅਕਿ ਮੈ ਰਾਖਯੋ ਸਾਲਗਰਾਮ॥੧॥"

ਅੰਤ : "੧●●॥ ਗੋਰੇ ਮੁਖ ਪਰ ਤਿਲੁ ਲਸੈ ਚਮਕ ਪਰੈ ਜਯੋ ਤੇਲ ਵਾਕੇ ਘਾਇਲ ਕੌ ਲਗੈ ਵਾਹੂੰ ਤਿਲ ਕੌ ਤੇਲ॥੧●੧॥ ਚੰਬੁਕ ਸਿੰਘਾਸਨ ਪਰ ਲਸੈ ਤਿਲ ਧੌ ਸਾਲਗਰਾਮ॥ ਬਾਨੀ ਪੁਖਪਾਂ ਜਲਿ ਕੀਯੇ ਕਰੌ ਤਾਂਹਿ ਪਰਣਾਮ॥੧●੨॥ ਇਤਿ ਸ੍ਰੀ ਤਿਲਸਤ ਸਮਾਪਤੰ॥"॥ ॥
ਅੱਗੇ ਹਾਸ਼ੀਏ ਵਾਲੇ ਕੁਲ ਪੰਨੇ ਖਾਲੀ।

ਹੱਥ ਲਿਖਤ ਨੰ : MS 5029

ਸਿਰਲੇਖ : ਤਸਨੀਫ / ਗਜਲ ਬੈਂਤ

ਲੇਖਕ : ਨੰਦ ਲਾਲ, ਭਾਈ

ਪੱਤਰੇ : 1 ਅ - 48 ਅ

ਆਕਾਰ : 16 X 24 ਸ.ਮ. ਲਿਖਤ: 9 X 17 ਸ.ਮ.

ਵੇਰਵਾ : ਜਿਲਦ ਗੱਤਾ ਰੈਕਸੀਅਨ। ਸਿਆਹੀ ਕਾਲੀ ਵਖਰੇਵੇਂ ਲਈ ਲਾਲ। ਹਾਸ਼ੀਆ ਦੋਵੇਂ ਪਾਸੇ ਦੋ ਦੋ ਲਾਲ ਲਕੀਰਾਂ ਖੜੇ ਰੁਖ। ਸਤਰਾਂ ਪ੍ਰਤੀ ਪੰਨਾ-23 ਹਨ।

ਆਮ ਵੇਰਵਾ : ਪੋਥੀ ਦੇ ਸ਼ੁਰੂ ਵਿਚ ਅਤੇ ਅਖੀਰ ਵਿਚ ਕੁਝ ਪੱਤਰਿਆਂ ਤੇ ਹੋਰ ਰਚਨਾ, ਕਾਨੀ ਬਦਲਕੇ ਕੀਤੀ ਹੋਈ ਹੈ। ਫਾਰਸੀ ਦੇ ਔਖੇ ਸ਼ਬਦਾਂ ਦੇ ਅਰਥ ਲਿਖੇ ਹੋਏ ਹਨ। ਹੜਤਾਲ ਫੇਰਕੇ ਸੁਧਾਈ

ਕੀਤੀ ਹੋਈ ਹੈ ਅਤੇ ਹਾਸ਼ੀਏ ਤੋਂ ਬਾਹਰ ਵੀ ਲਿਖਾਈ ਕੀਤੀ ਹੋਈ ਹੈ। ਪੋਥੀ ਦੀ ਹਾਲਤ ਠੀਕ ਠੀਕ।

ਆਰੰਭ : "ੴ ਸਤਿਗੁਰ ਪ੍ਰਸਾਦਿ॥ ਤਸਨੀਫ ਭਾਈ ਨੰਦ ਲਾਲ ਜੀ॥ ਦੀਵਾਨ ਗੋਯਾ॥ਗਜਲ॥ ਗਜਲ ਹਵਾਇ ਬੰਦਗੀ ਆਵਰਦ ਦਰ ਵਜੂਦ ਮਰਾ॥ ਵਗਰਨਹਿ ਜੋਕ ਚੁਨੀ ਆਮਦਨ ਨ ਬੂਦ ਮਰਾ॥ ਖੁਸ਼ ਅਸਤ ਉਮਰ ਕਿ ਦਰ ਯਾਦਿ ਬੁਗਜਰਦੈ ਵਰਨਹ॥"

ਅੰਤ : "੯੮॥ "ਦੀਦਹ ਅਜ ਦੀਦਾਰ ਖੁਦ ਪੁਰ ਨੂਰ ਕੁਨ॥ ਗੈਰ ਹਕ ਅਜ ਖਾਤਰੇ ਦਿਲ ਦੂਰ ਕੁਨ॥੪੯੯॥ ਸੰਪੂਰਨ ਬੈਂਤ ਭਾਈ ਨੰਦ ਲਾਲ ਜੀ ਕੀ ਰਸਨਾ ਕੇ॥" ਇਸ ਤੋਂ ਅੱਗੇ ਵੀ ਇਕ ਪੱਤਰੇ ਉਪਰ ਭਾਈ ਜੀ ਦੀ ਰਚਨਾ ਹੈ ਅਤੇ ਅਖੀਰਲੇ ਪੰਨੇ ਉਪਰ ਵੀ ਕੁਲ ਰਚਨਾ ਅਤੇ ਅਖੀਰ ਵਿਚ ਉਰਦੂ ਦੇ ਅਲਫ, ਬੇ-ਪੇ, ਟੇ, ਸੇ ਆਦਿ ਲਿਖੇ ਹੋਏ ਹਨ॥=॥=॥=॥

ਹੱਥ ਲਿਖਤ ਨੰ : MS 5030
ਸਿਰਲੇਖ : ਪਾਰਸ ਭਾਗ
ਲਿਖਾਰੀ : ਦਿਪਾਲੁ ਪੁਰ
ਸਮਾਂ : ਸੰਮਤ 1884
ਪੱਤਰੇ : 3 ੳ - 435 ਅ
ਆਕਾਰ : 26 X 14 ਸ.ਮ. ਲਿਖਤ 18 X 10 ਸ.ਮ.
ਵੇਰਵਾ : ਜਿਲਦ ਗੱਤਾ ਕਪੜਾ। ਸਿਆਹੀ ਕਾਲੀ। ਹਾਸ਼ੀਆ ਦੋਵੇਂ ਪਾਸੇ ਦੋ ਦੋ ਕਾਲੀਆਂ ਲਕੀਰਾਂ। ਸਤਰਾਂ ਪ੍ਰਤੀ ਪੰਨਾ-9 ਹਨ।
ਆਮ ਵੇਰਵਾ : ਪੋਥੀ ਨੰਬਰ ੩ ਤੋਂ ਸ਼ੁਰੂ ਕੀਤੀ ਗਈ ਹੈ ਸ਼ੁਰੂ ਤੋਂ ਰਚਨਾ ਅਧੂਰੀ। ਲਿਖਾਈ ਚੰਗੀ, ਪਰ ਪੋਥੀ ਦੀ ਹਾਲਤ ਮਾੜੀ, ਪੋਥੀ ਭਿੱਝੀ ਹੋਈ। ਕੰਨੇ ਦੀ ਥਾਂ ਤੇ ਬਿੰਦੀ ਦਾ ਪਰਯੋਗ ਕੀਤਾ ਹੋਇਆ ਹੈ।
ਆਰੰਭ : "ਬੇਦ ਪੁਰਾਨ ਪੜ੍ਹੇ ਕੋ ਇਹ ਗੁਨ ਸਿਮਰੈ ਹਰਿ ਕੋ ਨਾਮ॥੧॥ਰਹਾਉ॥ ਲੋਭ ਮੋਹ ਮਾਇਆ ਮਮਤਾ ਫੁਨਿ ਅਰ ਬਿਖਿਅਨ ਕੀ ਸੇਵਾ॥ ਹਰਖ ਸੋਗ ਪਰਸੇ ਜਿਹ ਨਾਹ ਨ ਸੋ ਮੂਰਤਿ ਹੈ ਦੇਵਾ॥੧॥ ਸੁਰਗ ਨਰਕ ਅੰਮ੍ਰਿਤ ਬਿਖਏ ਸਭ ਤਿਉ ਕੰਚਨ ਅਰੁ ਪੈਸਾ॥ ਉਸਤਤਿ ਨਿੰਦਾ ਏਸ ਮਜਾਕੈ ਲੋਭੁ ਮੋਹੁ ਫੁਨਿ ਤੈਸਾ॥੨॥"
ਅੰਤ : "ਤਬ ਸਿਬਲੀ ਨੇ ਪਰੀਖਿਆ ਕੇ ਨਮਿਤ ਉਨ ਕਉ ਪਾਥਰ ਮਾਰੇ॥ ਤਬ ਵਹੁ ਭਾਗ ਗਏ॥ ਬਹੁੜਿ ਸਿਬਲੀ ਕਹਾ ਜੋ ਤੁਮ ਝੂਠੇ ਮਿਤ੍ਰ ਹੋ॥ ਕਾਹੇ ਤੇ ਜੋ ਮਿਤ੍ਰ ਕੇ ਦੁਖ ਵਿਖੇ ਮਿਤ੍ਰ ਕਉ ਦੁਖ ਨਹੀ ਭਾਸਤਾ॥ ਇਤ ਪ੍ਰੀਤਿ ਪ੍ਰੇਮ ਅਰੁ ਮਹਾਰਾਜ ਕੀ ਰਜਾਇ ਵਰਨਨੰ ਨਾਮ ਸੁਰਗਹ॥ ਪੋਥੀ ਸੰਪੂਰਨ ਹੋਈ॥ ਸੰਮਤ ੧੯੮੪ ਵਿਚ ਮਿਤੀ ਮਘਰ ੧੫ ਪੋਥੀ ਪਾਰਸ ਭਾਗ ਕੀ ਲਿਖੀ ਸੋ ਮਨਿ ਹਿਤ ਪ੍ਰੀਤ॥ ਅਠਾਰਾ ਸੈ ਚੌਰਾਸੀਏ ਲਿਖੀ ਦਿਪਾਲੁਪੁਰ ਬੀਚ॥ ਭੁਲ ਚੁਕ ਮਾਫ ਲਗ ਮਾਤ੍ਰ ਸੰਭਾਲ ਪੜ੍ਹਨਾ॥ ਹਰੇ ਰਾਮ ਹਰੇ ਰਾਮ ਹਰੇ ਰਾਮ ਹਰੇ ਰਾਮ ਹਰੇ ਰਾਮ॥=॥=॥=॥"

ਹੱਥ ਲਿਖਤ ਨੰ : MS 5031
ਸਿਰਲੇਖ : ਚਿੰਦ ਬਿਲਾਸ
ਲੇਖਕ : ਵਲੀ ਰਾਮ, ਹਜੂਰੀ ਕਵੀ
ਸਮਾਂ : ਸੰਮਤ 1895
ਪੱਤਰੇ : 1 ੳ - 141 ੳ
ਆਕਾਰ : 16 X 10.5 ਸ.ਮ. ਲਿਖਤ: 12X 8 ਸ.ਮ.

ਵੇਰਵਾ : ਜਿਲਦ ਗੱਤਾ ਚਮੜਾ। ਸਿਆਹੀ ਕਾਲੀ; ਵਖਰੇਵੇਂ ਲਈ ਲਾਲ। ਹਾਸ਼ੀਆ ਦੋਵੇਂ ਪਾਸੇ ਦੋ ਦੋ ਲਾਲ ਲਕੀਰਾਂ, ਵਿਚਕਾਰ ਇਕ ਕਾਲੀ ਲਕੀਰ। ਸਤਰਾਂ ਪ੍ਰਤੀ ਪੰਨਾ-10 ਹਨ।

ਆਮ ਵੇਰਵਾ : ਪੋਥੀ ਕ੍ਰਿਮ ਖੁਰਦਾ, ਸ਼ੁਰੂ ਵਿਚ ਕੁਝ ਪੱਤਰੇ ਹਾਸ਼ੀਏ ਵਾਲੇ ਖਾਲੀ ਹਨ। ਲਿਖਾਈ ਚੰਗੀ, ਪਰ ਕਈ ਪੰਨਿਆਂ ਉਪਰ ਸਿਆਹੀ ਫੈਲੀ ਹੋਈ ਹੈ ਅਤੇ ਅਸਪਸ਼ਟ ਹੈ। ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ। ਪੋਥੀ ਦੀ ਹਾਲਤ ਬਹੁਤੀ ਵਧੀਆ ਨਹੀਂ ਹੈ।

ਆਰੰਭ : "ੴ ਸਤਿਗੁਰ ਪ੍ਰਸਾਦਿ॥ ਸਤ ਚੈਤਨ ਸਰਬ ਕੋ ਸਾਖੀ॥ ਅਬ ਚੰਦ ਬਿਲਾਸ ਲਿਖਯਤੇ॥ਸਲੋਕ॥ ਸਰਬਾਤੀਤਹਿ ਯਤ ਸਰਬੰ ਨਿਰਦ੍ਵੰਦ ਦ੍ਵੰਦ ਤਾਸਪ ਦੀਪ॥ ਚਿੰਦ ਬਿਲਾਸ ਰਤੰ ਨਿਤਯੰਤ ਸਮੈ ਸਤਯਾ ਤਮਨੇਨਮ: ਯਥਾ ਚੌਪਈ॥ ਨਮੋ ਨਿਰੰਜਨ ਅਜ ਅਬਿਲਾਸੀ॥ ਨਮੋ ਸਚਿਦਾ ਨੰਦ ਬਿਲਾਸੀ॥੧॥ ਨਮੋ ਸਰਬ ਸਰਬ ਘਟ ਬਾਸੀ॥ ਨਮੋ ਸਰਬ ਸਰਬ ਸੁਖ ਰਾਸੀ॥"

ਅੰਤ : "੧੫॥ ਪੁਨ ਪੈਤੀਸ ਦੋਹਰੇ ਭਾਖੇ॥ ਏ ਸਭ ਤੀਨ ਕਾਂਡ ਮੈ ਰਾਖੇ॥੧੬॥ ਦੋਇਸ ਹੰਸ ਤੀਨ ਸੌ ਏਕ ॥ ਸਕਲ ਗਨਨ ਯਹ ਪਰਮ ਬਿਬੇਕ॥ ੧੭॥ ਪ੍ਰਗਟਹਿ ਗਨਨਾਂ ਅਨ ਗਿਨ ਮਾਹੀ॥ ਪੁਨ ਅਨਗਿਨ ਹੀ ਮੈ ਮਿਲਿ ਜਾਹੀ॥੧੮॥ ਇਸ ਸ੍ਰੀ ਮਤ ਚਿੰਦ ਬਿਲਾਸ ਵਲੀ ਰਾਮ ਕ੍ਰਿਤੇ ਪ੍ਰਲਯ ਕਾਂਡ ਸਮਾਪਤੰ ਸੁਭਭੰ ਵੇਤੁ॥ ਸੰਮਤ ਵਿਕ੍ਰੰਮ ਭੁਪ ਕੋ ਸਰ ਨਿਧ ਬਸੁ ਸਸਿ ਜਾਨ॥ ਬ੍ਰਿਛਕ ਵਦੀ ਛਰ ਸੁਕ੍ਰ ਦਿਨ ਪੁਸਤਕਿ ਪੂਰਨ ਮਾਨ॥"

ਹੱਥ ਲਿਖਤ ਨੰ : MS 5032 ਸੰਗ੍ਰਹਿ

ਸਿਰਲੇਖ : ਗਯਾਨ ਮੰਜਰੀ ਨਾਮ ਭਾਖਾ

ਲੇਖਕ : ਮਨੋਹਰ ਦਾਸ ਨਿਰੰਜਨੀ

ਪੱਤਰੇ : 1 ੳ - 25 ੳ

ਆਕਾਰ : 17 X 25 ਸ.ਮ. ਲਿਖਤ 11 X 19 ਸ.ਮ.

ਵੇਰਵਾ : ਜਿਲਦ ਚਮੜਾ। ਸਿਆਹੀ ਕਾਲੀ ਵਖਰੇਵੇਂ ਲਈ ਲਾਲ। ਹਾਸ਼ੀਆ ਦੋਵੇਂ ਪਾਸੇ ਖੜ੍ਹੇ ਰੁਖ ਦੋ ਦੋ ਕਾਲੀਆਂ ਦੋ ਦੋ ਕੇਸਰੀ, ਵਿਚਕਾਰ ਇਕ ਕੇਸਰੀ ਮੋਟੀ ਲਕੀਰ। ਸਤਰਾਂ ਪ੍ਰਤੀ ਪੰਨਾ-20 ਹਨ।

ਆਮ ਵੇਰਵਾ : ਪੋਥੀ ਇਕ ਪਾਸੇ ਨੁਕਰਾਂ ਤੋਂ ਕਿਰਮ ਖੁਰਦਾ, ਖਾਧੀ ਹੋਈ, ਲਿਖਾਈ ਸੁੰਦਰ, ਬਿੰਦੀ ਦਾ ਕੰਨੇ ਦੀ ਥਾਂ ਪਰਯੋਗ ਕੀਤਾ ਹੋਇਆ ਹੈ। ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ। ਹਾਸ਼ੀਏ ਤੋਂ ਬਾਹਰ ਵੀ ਲਿਖਤ। ਪੋਥੀ ਦੀ ਹਾਲਤ ਠੀਕ ਠੀਕ। ਸ਼ੁਰੂ ਵਿਚ ਕੁੱਝ ਪੱਤਰੇ ਹਾਸ਼ੀਏ ਵਾਲੇ ਖਾਲੀ ਅਤੇ ਫਟੇ ਹੋਏ ਹਨ।

ਆਰੰਭ : "੧ੴ ਸ੍ਰੀ ਗੁਰਵੇਨਮ:॥ ਸ੍ਰੀ ਪਰਮਾਤਮਨੇਨਮ:॥ ਅਥ ਗਯਾਨ ਮੰਜਰੀ ਲਿਖਯਤੇ॥ ਦੋਹਰਾ॥ ਆਤਮ ਕੇ ਅਗਯਾਨ ਤੇ ਸਬੈ ਊਪਜੈ ਜਾਨ॥ ਗਯਾਨ ਭਏ ਤੇ ਲੀਨ ਸਬ ਨਮਸਕਾਰ ਤਿਹ ਮਾਨ॥੧॥ ਕਬਿਤੁ॥ ਪ੍ਰਥਮ ਮੁਕਤਿ ਕਹਿ ਦੂਸਰੇ ਮੁਮੁਖੀ ਸੋਊ ਤੀਸਰੇ ਬਿਖਈ ਚੌਥੇ ਪਾਮਰ ਬਿਚਾਰੋ ਹੈ॥ ਚਾਰ ਪੁਰਖੁ ਸੰਸਾਰ ਮਾਂਝ ਕਹੇ ਨਿਰਧਾਰ ਬੰਧਨ ਮੁਕਤਿ ਡਾਰ ਮੁਕਤਿ ਤੋਂ ਨਯਾਰੋ ਹੈ॥ ਬੰਧਨ ਤੇ ਛੁਟਯੋ ਚਾਹੈ ਮੁਕਤਿ ਕੌ ਜੋ ਉਮਾਹੈ ਸੋਈ ਤੋਂ ਮੁਮੁਖੀ ਆਹੈ ਮੋਖ ਨਿਰਧਾਰੋ ਹੈ॥ ਭੋਗ ਵਿਖੇ ਸੁਖੁ ਚਾਹੈ ਸੋਈ ਤੋਂ ਬਿਖਈ ਕਹਾ ਹੈ ਪਾਮਰ ਸੋ ਪੇਟ ਭਰਿ ਮੇਢਰਾ ਪਿਅਰੋ ਹੈ॥"

ਅੰਤ : "ਤੂੰ ਪਦ ਦੇਵ ਤ੍ਰਿਯੰ ਚਰਿਖ ਨਰ ਕਿੰਨਰ ਸਬ ਜਾਨ॥ ਤਤ੍ਵ ਪਦ ਈਸ੍ਵਰ ਦੇਖ ਸਬ ਤੂੰ ਤਤ ਤਤ ਤੂੰ ਭਾਂਨ॥੪●੨॥ ਮਨੋਹਰ ਦਾਸ ਨਿਰੰਜਨੀ ਸੋ ਸ੍ਵਾਮੀ ਸੋ ਦਾਸ॥ ਸ੍ਵਾਮੀ ਦਾਸ ਭਯੋ ਏਕ ਸੋ ਮਹਾਂਕਾਸ ਘਟਾਕਾਸ॥੪●੩॥ ਇਤਿ ਸ੍ਰੀ ਗਯਾਨ ਮੰਜਰੀ ਨਾਮ ਭਾਖਾ ਗ੍ਰੰਥ ਕਥਤੇ ਮਨੋਹਰ ਦਾਸ ਨਿਰੰਜਨੀ ਸੰਪੂਰਨੰ ਸਮਾਪਤੰ॥"

ਹੱਥ ਲਿਖਤ ਨੰ : MS 5032 ਅ
ਸਿਰਲੇਖ : ਸਤ ਪ੍ਰਸਨੋਤਰੀ
ਲੇਖਕ : ਮਨੋਹਰ ਦਾਸ ਨਿਰੰਜਨੀ
ਪੱਤਰੇ : 25 ਅ - 49 ਓ
ਆਕਾਰ : 17 X 25 ਸ.ਮ. ਲਿਖਤ 11 X 19 ਸ.ਮ.
ਵੇਰਵਾ : ਓਹੀ। ਸਤਰਾਂ ਪ੍ਰਤੀ ਪੰਨਾ-20 ਹਨ।
ਆਮ ਵੇਰਵਾ : ਪੋਥੀ ਇਕ ਪਾਸੇ ਨੁਕਰਾਂ ਤੋਂ ਕਿਰਮ ਖੁਰਦਾ, ਭਿਜੀ ਹੋਈ ਹੈ, ਕੁਝ ਪੱਤਰੇ ਖਸਤਾ ਹਾਲਤ ਵਿਚ ਹਨ। ਲਿਖਾਈ ਸੁੰਦਰ, ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ।
ਆਰੰਭ : "ੴ ਸ੍ਰੀ ਪਰਮਾਤਮਨੇਨਮ:॥ ਅਥ ਸ੍ਰਤ ਪ੍ਰਸਨੋਤਰੀ ਗ੍ਰੰਥ ਲਿਖਯਤੇ ॥ਸੋਰਠਾ॥ ਵਾਚਯ ਲਖਯ ਕਰਿ ਜਾਨ ਨਿਰਗੁਣ ਸਰਗੁਣਯੋ ਕਹਯੋ॥ ਕਰਿ ਨਮਸਕਾਰ ਵਾਯਾਨ ਵਾਚਯ ਤਯਾਗ ਕਰਿ ਲਖ ਕੌ॥੧॥ ਚੌਪਈ ਅਗਯਾਨ ਸਕਤਿ ਆਤਮ ਕੀ ਕਹੀਯੇ॥ ਉਭੈ ਅਨਾਦਿ ਮਿਲੇ ਹੀ ਲਹੀਏ॥ ਅਗਯਾਨ ਅਮਿਲਿ ਰਹਯੋ ਸੁਧ ਬਖਾਨਾ॥ ਤਾਕੌ ਬ੍ਰਹਮ ਕਰ ਕੈ ਸੋ ਜਾਨਾ॥"
ਅੰਤ : "ਸੋਰਠਾ :- ਹੌਂਮੈ ਹੌਂ ਤੂੰ ਨਾਹਿ ਹੌਮੈ ਹੌ ਤੂੰ ਹੈਂ ਕਹੀ॥ ਸਬ ਹੈ ਹੋਂ ਤੂੰ ਮਾਂਹਿ ਹੌ ਤੂੰ ਹੌ ਤੂੰ ਏਕ ਹੀ॥੧੩॥ ਇਤਿ ਸਤ ਪ੍ਰਸਨੋਤਰੀ ਭਾਖਾ ਗ੍ਰੰਥ ਮਨੋਹਰ ਦਾਸ ਨਿਰੰਜਨੀ ਕਥਤੇ ਨਵਮੋਖੰਡ॥੯॥ ਇਤਿ ਸਤ ਪ੍ਰਸਨੋਤਰੀ ਸਮਾਪਤੰ॥"

ਹੱਥ ਲਿਖਤ ਨੰ : MS 5032 ਏ
ਸਿਰਲੇਖ : ਵੇਦਾਤ ਪ੍ਰਭਾਖਾ
ਲੇਖਕ : ਮਨੋਹਰ ਦਾਸ ਨਿਰੰਜਨੀ
ਪੱਤਰੇ : 49 ਓ - 70 ਓ
ਆਕਾਰ : 17 X 25 ਸ.ਮ. ਲਿਖਤ 11 X 19 ਸ.ਮ.
ਵੇਰਵਾ : ਓਹੀ। ਸਤਰਾਂ ਪ੍ਰਤੀ ਪੰਨਾ-20 ਹਨ।
ਆਮ ਵੇਰਵਾ : ਪੋਥੀ ਦੀ ਹਾਲਤ ਮਾੜੀ, ਕਿਰਮ ਖੁਰਦਾ, ਅਤੇ ਖਸਤਾ ਹਾਲਤ ਵਿਚ ਹੈ। ਹਾਸ਼ੀਏ ਤੋਂ ਬਾਹਰ ਲਿਖਤ, ਲਿਖਾਈ ਸੁੰਦਰ।
ਆਰੰਭ : "ੴ ਸ੍ਰੀ ਗੁਰ ਭਯੋਨਮ:॥ ਅਥ ਵੇਦਾਂਤ ਪ੍ਰਭਾਖਾ ਲਿਖਯਤੇ॥ਵਾਰਤਾ॥ ਕਰਤਾ ਗ੍ਰੰਥ ਕਰ ਬੇ ਮੈ ਨਿਰਵਿਘਨ ਸੁਖ ਚਾਹੇ ਹੈ॥ਚੌਪਈ॥ ਮੰਗਲ ਦੇ ਮੁਹਿ ਦੇਵ ਗਣੇਸ॥ ਮੰਗਲ ਦੇ ਮੋਹਿ ਦੇਵ॥ ਮੰਗਲ ਦੇ ਮੋਹਿ ਪਾਰਬਤੀ॥ ਮੰਗਲ ਦੇ ਮੋਹਿ ਸਾਰ ਸ੍ਰਤੀ॥ ਵਚਨਕਾ ॥ ਗ੍ਰਿਥ ਕੋ ਪ੍ਰਯੋਜਨ ਅਰੁ ਵਿਖਯ ਕਹਿਯੇ ਹੈ॥"
ਅੰਤ : "੨੭੯॥ ਓਸਜ ਵਦੀ ਹੈ ਚਤੁਰ ਦਸਿ ਕ੍ਰਿਸਨ ਪੱਖ ਸਨਵਾਰ॥ ਭਾਖਾ ਪੂਰਣ ਸਭ ਭਈ ਮਾਸ ਏਕ ਕ੍ਰਿਤਕਾਰ॥੭੯॥ ਇਤਿ ਸ੍ਰੀ ਵੇਦਾਂਤਪ੍ਰਭਾਖਾ ਮਹਾਂਵਾਕਯ ਨਾਮ ਗ੍ਰਿੰਥ ਕਥਤੇ ਮਨੋਹਰ ਦਾਸ ਨਿਰੰਜਨੀ ਸਮਾਪਤ ਮਸਤੁ ਸੁਭ ਮਸਤੁ॥"

ਹੱਥ ਲਿਖਤ ਨੰ : MS 5032 ਸ
ਸਿਰਲੇਖ : ਖੱਟ ਪ੍ਰਸ਼ਨੀ
ਲੇਖਕ : ਮਨੋਹਰ ਦਾਸ ਨਿਰੰਜਨੀ
ਪੱਤਰੇ : 71 ਓ - 140 ਓ
ਆਕਾਰ : 17 X 25 ਸ.ਮ. ਲਿਖਤ 11 X 19 ਸ.ਮ.
ਵੇਰਵਾ : ਓਹੀ। ਸਤਰਾਂ ਪ੍ਰਤੀ ਪੰਨਾ-20 ਹਨ।

ਆਮ ਵੇਰਵਾ : ਪੋਥੀ ਇਕ ਪਾਸੇ ਤੋਂ ਕਿਰਮ ਖੁਰਦਾ, ਖਸਤਾ ਹਾਲਤ ਭਿੱਜੀ ਹੋਈ ਹੈ। ਲਿਖਾਈ ਸੁੰਦਰ, ਬਾਕੀ ਪੋਥੀ ਦੀ ਹਾਲਤ ਠੀਕ ਠੀਕ ॥

ਆਰੰਭ : "ੴ ਸਤਿਗੁਰ ਪ੍ਰਸਾਦਿ॥ ਓ ਅੰ ਤਤ ਸਤ ਸ੍ਰੀ ਪਰਮਾਤਮਨੇਨਮ: ਓ ਅੰ ਸ੍ਵ ਸਤਿ ਸ੍ਰੀ ਗਣੇਸਾਯਨਮ: ਅਥ ਖਟ ਪ੍ਰਸਨੀ ਗ੍ਰੰਥ ਪ੍ਰਾਰੰਭਯਤੇ॥ ਪ੍ਰਥਮ ਗ੍ਰੰਥ ਕੋ ਕਰਤਗ੍ਰੰਥ ਕੀ ਆਦਿ॥ ਇਸ੍ਰ ਦੇਵਤਾ ਕੋ ਸ੍ਵਰੂਪ ਦਿਖਾਵਤ ਹੈ॥ ਅਰੁ ਤ ਗ੍ਰੰਥ ਕੀ ਨਿਰਵਿਘਨ ਸਿਧ ਕਰ ਥੇ ਕਰਿ ਦੇ ਮਾਂਝਤਾ ਕੋ ਸ੍ਵਰੂਪ ਚਿਤਵਨ ਕਰਿ ਕੈ ਨਮਸਕਾਰ ਕਰਤ ਹੈ॥ਦੋਹਰਾ॥"

ਅੰਤ : "ਇਤਿ ਸ੍ਰੀ ਖਟ ਪ੍ਰਸਨੀ ਨਿਰਨੈ ਨਾਮ ਭਖਾਰ ਗ੍ਰੰਥ ਮਨੋਹਰ ਦਾਸ ਨਿਰੰਜਨੀ ਕਥਤੇ ਸੰਪੂਰਨ ਭਵੇਤ॥"

ਪੰਨਾ-੧੪●: ੨੯੧॥ "ਦੇਵ ਸ੍ਵ ਪ੍ਰਕਾਸ ਸ੍ਵਰੂਪ ਹੈ ਸਾਖੀ ਦੇਵੈ ਸੋਇ॥ ਔਰ ਦੇਵ ਅਦੇਵ ਸਬ ਸਾਖੀ ਬਿਨਾ ਨਾ ਹੋਇ॥ ੨੯੨॥ ਇਤਿ ਸ੍ਰੀ ਖਟਪ੍ਰਸਨੀ ਸਮਾਪਤੰ॥"

ਹੱਥ ਲਿਖਤ ਨੰ : MS 5032 ਹ

ਸਿਰਲੇਖ : ਗਯਾਨ ਚੂਰਣ ਵਚਨ ਕਾ

ਪੱਤਰੇ : 140 ੳ - 162 ਅ

ਆਕਾਰ : 17 X 25 ਸ.ਮ. ਲਿਖਤ 11 X 19 ਸ.ਮ.

ਵੇਰਵਾ : ਓਹੀ। ਸਤਰਾਂ ਪ੍ਰਤੀ ਪੰਨਾ-20 ਹਨ।

ਆਮ ਵੇਰਵਾ : ਪੋਥੀ ਇਕ ਪਾਸੇ ਤੋਂ ਭਿੱਜੀ ਹੋਈ, ਕਿਰਮ ਖੁਰਦਾ ਅਤੇ ਖਸਤਾ ਹਾਲਤ ਵਿਚ ਹੈ, ਲਿਖਾਈ ਸੁੰਦਰ, ਕੰਨੇ ਦੀ ਥਾਂ ਬਿੰਦੀ ਦਾ ਪਰਯੋਗ ਕੀਤਾ ਹੋਇਆ ਹੈ।

ਆਰੰਭ : "ੴ ਸ੍ਰੀ ਰਾਮ ਜੀ ਨਮ: ਸ੍ਰੀ ਪਰਮਾਤਮਨੇਨਮ: ਅਥ ਗਯਾਨ ਚੂਰਣ ਵਚਨ ਕਾ ਲਿਖਯਤੇ॥ ਦੋਹਰਾ॥ ਰਵਿ ਗੁਰ ਦ੍ਵੈ ਸਮ ਤੁਲਯ ਹੈ ਤਮ ਅਗਯਾਨ ਕਰੇ ਦੁਗ ਜਗ ਉਰਿ ਮੈ ਪ੍ਰਕਾਸ ਕਰਿ ਬੰਧਨ ਕੋ ਨਿਰਮੂਰ॥੧॥"

ਅੰਤ : "ਪੰਨਾ ੧੬੨॥ ਨਿਰਗਤ ਅੰਜਨ ਰੂਪ ਜੋ ਸੋਈ ਨਿਰੰਜਨ ਜਾਨ॥ ਇਤਿ ਸ੍ਰੀ ਗਯਾਨ ਚੂਰਨ ਵਚਨ ਕਾ ਸੰਪੂਰਣੰ॥ ਦੋਹਰਾ॥ ਗ੍ਰੰਥ ਪੰਚ ਭਾਸ਼ਾ ਲਿਖੇ ਸੁਧਾ ਸਰੋਵਰ ਤੀਰ॥ ਸੰਮਤ ਸਰ ਨਭ ਦ੍ਵਾਰ ਸਸਿ ਚੈਤ੍ਰ ਪ੍ਰਥਮ ਸੁਦਿ ਬੀਰ॥੧॥"

ਹੱਥ ਲਿਖਤ ਨੰ : MS 5033 ਸੰਗ੍ਰਹਿ

ਸਿਰਲੇਖ : ਸਲੋਕ, ਦਰਸ਼ਨ ਭਗਤਿ ਜੀ ਕੇ

ਪੱਤਰੇ : 2 ੳ - 22 ਅ

ਆਕਾਰ : 16 X 12 ਸ.ਮ. ਲਿਖਤ: 10.5X 8 ਸ.ਮ.

ਵੇਰਵਾ : ਜਿਲਦ ਗੱਤਾ ਅੰਬਰੀ। ਸਿਆਹੀ ਕਾਲੀ। ਸਤਰਾਂ ਪ੍ਰਤੀ ਪੰਨਾ-8 ਹਨ।

ਆਮ ਵੇਰਵਾ : ਪੋਥੀ ਦੀ ਹਾਲਤ ਠੀਕ ਠੀਕ, ਪਰ ਸ਼ੁਰੂ ਵਿਚ ਅਤੇ ਅਖੀਰ ਵਿਚ ਕੁਝ ਪੱਤਰੇ ਨਹੀਂ ਹਨ। ਰਚਨਾ ਅਗੋਂ ਪਿਛੋਂ ਅਧੂਰੀ ਹੈ। ਕੰਨੇ ਦੀ ਥਾਂ ਤੇ ਬਿੰਦੀ ਦਾ ਪਰਯੋਗ ਕੀਤਾ ਹੋਇਆ ਹੈ ਅਤੇ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ। ਲਿਖਾਈ ਸੁੰਦਰ ਹੈ। ਪੋਥੀ ਪੰਨਾ ਨੰਬਰ ੨ ਤੋਂ ਸ਼ੁਰੂ ਹੁੰਦੀ ਹੈ।

ਆਰੰਭ : "ਫਿਰਤਿ ਡੇ ਮੁਖ ਵਲਾਇ॥੪ ਅਜ ਕਿਥੌ ਜੀਅੜਾ ਆਇਓ ਕਿਥੇ ਵੈਸੀ ਕਲ॥ ਹੋਇ ਮਿਹਮਾਣੁ ਨ ਜਾਲਿਓ ਬੈਠੋ ਜੋੜਿ ਮਹਲਿ॥ ਅਸਥਿਰ ਜਾਤੋ ਆਪ ਨੂੰ ਦੇਸਿ ਲਇਆਂ ਨੀ ਮਲਿ॥ ਅਖੀ ਨੁਟੇ ਦੇਖਿ ਕੇ ਏਹੋ ਕਰੇ ਅਵਲਿ॥"

ਅੰਤ : "੮੭॥ ਭੋਗ ਚੋਗ ਕੇ ਤਲੇ ਹੈ ਮ੍ਰਿਤ ਕਾ ਪਸਰਿਆ ਜਾਲ॥ ਪਸਮਤਿ ਮੂੜਿ ਨ ਫਾਸੀਐ ਭੋਗੋ ਭੋਗ ਸਮਾਲਿ॥੮੮॥ ਫਾਹੀ ਫਾਥੇ ਜੀਵ ਕਉ ਰਾਖ ਕਿਰਪਾ ਧਾਰਿ॥ ਦਾਸ ਦੁਖੀ ਕਉ ਦੇਖਿ ਕੈ ਲੇਵਹੁ ਆਪ ਉਬਾਰਿ॥ ੮੯॥ ਸੰਪੂਰਨੰ॥ ਸਲੋਕ ਦਰਸ਼ਨ ਭਗਤਿ ਜੀ ਕੇ ਸਮਾਪਤੰ॥=॥=॥=॥"

ਹੱਥ ਲਿਖਤ ਨੰ : MS 5033 ਅ
ਸਿਰਲੇਖ : ਕਥਾ ਪੁਰਾਤਨ ਜਗ ਸਤ ਕੀ
ਪੱਤਰੇ : 23 ਉ - 66 ਅ
ਆਕਾਰ : 16 X 12 ਸ.ਮ. ਲਿਖਤ: 10.5 X 8 ਸ.ਮ.
ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ-8 ਹਨ।
ਆਮ ਵੇਰਵਾ : ਕਾਨੀ ਬਦਲੀ ਹੋਈ, ਲਿਖਾਈ ਸੁੰਦਰ, ਪੋਥੀ ਦੀ ਹਾਲਤ ਠੀਕ ਠੀਕ, ਅਤੇ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ।
ਆਰੰਭ : "ੴ ਸਤਿਗੁਰ ਪ੍ਰਸਾਦਿ॥ ਸ੍ਰੀ ਗਣੇਸਾਇਨਮਹ॥ ਕਥਾ ਪੁਰਾਤਨ ਜਗ ਸਤ ਕੀ॥ ਵੈਸ ਪਾਵਨੋ ਵਾਚ॥ ਰਾਜੇ ਜਨਮੇਜੇ ਦੇ ਕੁਸਟ ਉਤਾਰਿਨੇ ਕੋ ਕਹੀ॥ ਸੁਅਸਤਿ ਸ੍ਰੀ ਗਣੇਸਾਇਨਮਹ॥ ਏਕ ਸਮੇ ਰਾਜਾ ਜਨਮੇਜਾ ਰਾਜੇ ਪ੍ਰੀਛਤ ਕਾ ਪੁਤ੍ਰ॥ ਅਭਮੰਨ ਕਾ ਪੋਤ੍ਰਾ॥ ਸ੍ਰੀ ਗੰਗਾ ਜੀ ਕੇ ਤਟ ਪਰਿ ਜਗ ਅਰੰਭ ਕੀਆ॥"
ਅੰਤ : "ਦੋਹਰਾ॥ ਅਚਰਜ ਕਥਾ ਸੁਹਾਂਵਣੀ ਈਤ ਊਤ ਕੀ ਬਾਤਿ॥ ਜੋ ਸੁਨਿ ਕਰਿ ਮਨ ਮਹਿ ਧਰੈ ਸੋ ਗੋਬਿੰਦ ਪਾਵਹਿ ਸਾਚਿ॥੧॥ ਭਉ ਸਾਹਿਬ ਕਾ ਮਨਿ ਬਸੇ ਤਿਆਗੇ ਦੁਸਟ ਸੁਭਾਉ॥ ਸੁਭ ਕਰਮਾਂ ਸਿਉ ਪ੍ਰੀਤਿ ਕਰਿ ਜਨਮ ਮਰਨਿ ਭਉ ਜਾਇ॥੨॥ ਗੁਰ ਮਿਲਿ ਮਰਮੁ ਪਛਾਣੀਐ ਹਰਿ ਮਿਲੈ ਸਹਜਿ ਸੁਭਾਇ ਤਾਂ ਤੇਰੇ ਮਨ ਮੇਰਿਆ ਸਾਵਧਾਨ ਹੋਇ ਆਪ ਮਿਟਾਇ॥੩॥ ਸਪੁਰਣੰ॥੧॥੨॥੩॥੪॥"

ਹੱਥ ਲਿਖਤ ਨੰ : MS 5033 ੲ
ਸਿਰਲੇਖ : ਸਲੋਕ , ਗਉੜੀ ਮਹਲਾ 9
ਪੱਤਰੇ : 67 ਉ - 103
ਆਕਾਰ : 16 X 12 ਸ.ਮ. ਲਿਖਤ 10 X 8 ਸ.ਮ.
ਵੇਰਵਾ : ਓਹੀ। ਸਤਰਾਂ ਪ੍ਰਤੀ ਪੰਨਾ-8 ਹਨ।
ਆਮ ਵੇਰਵਾ : ਲਿਖਾਈ ਸੁੰਦਰ, ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ। ਕਈ ਪੰਨਿਆਂ ਉਪਰ ਹਾਸ਼ੀਏ ਤੋਂ ਬਾਹਰ ਵੀ ਲਿਖਾਈ ਕੀਤੀ ਹੋਈ ਹੈ। ਪੋਥੀ ਦੀ ਹਾਲਤ ਠੀਕ ਠੀਕ। ਬਾਣੀ ਠੀਕ ਤਰ੍ਹਾਂ ਨਹੀਂ ਲਿਖੀ ਹੋਈ ਕੁੱਝ ਸ਼ਬਦ ਛੱਡੇ ਹੋਏ ਹਨ ਅਤੇ ਕੁੱਝ ਅਪ੍ਰਮਾਣਿਕ ਲਿਖੇ ਹੋਏ ਹਨ।
ਆਰੰਭ : "ੴ ਸਤਿਗੁਰ ਪ੍ਰਸਾਦਿ॥ ਗਉੜੀ ਮਹਲਾ ੯॥ ਸਾਧਉ ਮਨ ਕਾ ਮਾਂਨੁ ਤਿਆਗਉ॥ ਕਾਮ ਕ੍ਰੋਧ ਸੰਗਤਿ ਦੁਰਿ ਜਨ ਕੀ ਤਾਂ ਤੇ ਅਹਿਨਿਸ ਭਾਗਉ॥੧॥ ਰਹਾਉ॥ ਸੁਖੁ ਦੁਖੁ ਦੋਨੋ ਸਮ ਕਰਿ ਜਾਂਨੈ ਅਉਰ [ਨਾਹਿ] ਮਾਂਨ ਅਪਮਾਂਨਾਂ॥ ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਤਿ ਪਛਾਂਨਾਂ॥੧॥"
ਅੰਤ : "ਪ੩॥ ਬਲ ਹੂਆ ਬੰਧਨ ਛੂਟੇ ਸਭ ਕਛੁ ਹੋਤ ਉਪਾਇ॥ ਸਭ ਕਛੁ ਤੁਮਰੇ ਹਾਥਿ ਹੈ ਤੁਮਹੀ ਹੋਇ ਸਹਾਇ॥ ਨਾਮ ਰਹਿਓ ਸਾਧੂ ਰਹਿਓ ਰਹਿਓ ਗੁਰ ਗੋਬਿੰਦ॥ ਕਹੁ ਨਾਨਕ ਇਹ ਜਗਤ ਮਹਿ ਕਿਨੈ ਜਪਿਓ ਗੁਰਮੰਤ॥੫੫॥ ਸਿਰ ਕੰਪਿਓ ਪਗ ਡਗ ਮਗੇ ਨੈਨ ਜੋਤਿ ਤੇ ਹੀਨ॥ ਕਹਿ ਨਾਨਕ ਇਹ ਗਤਿ ਭਈ ਤਊ ਨ ਹਰਿ ਰਸ ਲੀਨ॥੫੬॥ ਸੰਗਿ ਸਖਾ ਸਭਿ ਤਜਿ ਗਏ ਕੋਊ ਨ ਨਿਬਓ ਸਾਥਿ॥ ਕਹੁ ਨਾਨਕ ਯਾ ਬਿਪਤਿ ਮਹਿ ਟੇਕ ਏਕ ਰਘਨਾਥ॥੫੭॥੮॥ ॥"

ਹੱਥ ਲਿਖਤ ਨੰ : MS 5033 ਸ
ਸਿਰਲੇਖ : ਰਾਗ ਆਸਾ ਮਹਲਾ ੧
ਪੱਤਰੇ : 104 ੳ - 108 ੳ
ਆਕਾਰ : 16 X 12 ਸ.ਮ. ਲਿਖਤ: 10.5X 8 ਸ.ਮ.
ਵੇਰਵਾ : ਜਿਲਦ ਗੱਤਾ ਅੰਬਰੀ। ਸਿਆਹੀ ਕਾਲੀ। ਸਤਰਾਂ ਪ੍ਰਤੀ ਪੰਨਾ-8 ਹਨ।
ਆਮ ਵੇਰਵਾ : ਲਿਖਾਈ ਸੁੰਦਰ, ਪਰ ਕਈ ਥਾਵਾਂ ਤੇ ਲਿਖਤ ਧੱਬਿਆਂ ਵਾਲੀ ਪਰ ਪੜ੍ਹੀ ਜਾਂਦੀ ਹੈ। ਪੋਥੀ ਦੀ ਹਾਲਤ ਠੀਕ ਠੀਕ, ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ। ਕੰਨੇ ਦੀ ਥਾਂ ਤੇ ਬਿੰਦੀ ਦਾ ਪਰਯੋਗ ਕੀਤਾ ਹੋਇਆ ਹੈ।
ਆਰੰਭ : "੧ੑ॑ ਸਤਿਗੁਰ ਪ੍ਰਸਾਦਿ॥ ਰਾਗ ਆਸਾ ਮਹਲਾ ੧ ਘਰ ੩॥ ਜਿਨਿ ਸਿਰਿ ਸੋਹਨਿ ਪਟੀਆਂ ਮਾਂਗੀ ਪਾਇ ਸੰਧੂਰ॥ ਸੇ ਸਿਰਿ ਕਾਤੀ ਮੁੰਨੀਅਨਿ ਗਲਿ ਵਿਚਿ ਆਵੈ ਧੂੜ॥ ਮਹਲਾ ਅੰਦਰਿ ਹੋਦੀਆ ਹੁਣਿ ਬਹਣਿ ਨ ਮਿਲਨਿ ਹਦੂਰ॥੧॥"
ਅੰਤ : "ਸਚਾ ਸੋ ਸਾਹਬਿ ਸਚੁ ਤਪਾਵਸੁ ਸਚੜਾ ਨਿਆਉ ਕਰੇਗੁ ਰਸੋਲਾ [ਮਸੋਲਾ]॥ ਕਾਇਆ ਕਪੜ ਟੁਕ ਟੁਕ ਹੋਥੀ ਹਿੰਦੁਸਤਾਨ ਸਮਾਲ ਸੀ ਬੋਲਾ॥ ਆਵਨਿ ਅਠਤਰੈ ਜਾਂਨਿ ਸਤਾਂਨਵੈ ਹੋਰ ਭੀ ਉਠਸੀ ਮਰਦ ਕਾ ਚੇਲਾ॥ ਸਚੁ ਕੀ ਬਾਂਣੀ ਨਾਨਕੁ ਆਖੈ ਸਚੁ ਸੁਣਾਇਸੀ ਸਚ ਕੀ ਬੇਲਾ॥੨॥੩॥"

ਹੱਥ ਲਿਖਤ ਨੰ : MS 5033 ਹ
ਸਿਰਲੇਖ : ਸਵੈਯਾ- ਸ੍ਰੀ ਮੁਖਬਾਕ ਪਾਤਿਸਾਹੀ ੧●
ਪੱਤਰੇ : 108 ਅ - 118 ਅ
ਆਕਾਰ : 16 X 12 ਸ.ਮ. ਲਿਖਤ: 10X 8 ਸ.ਮ.
ਵੇਰਵਾ : ਓਹੀ। ਸਤਰਾਂ ਪ੍ਰਤੀ ਪੰਨਾ-8 ਹਨ।
ਆਮ ਵੇਰਵਾ : ਕੰਨੇ ਦੀ ਥਾਂ ਤੇ ਬਿੰਦੀ ਦਾ ਪਰਯੋਗ ਕੀਤਾ ਹੋਇਆ ਹੈ। ਲਿਖਾਈ ਸੁੰਦਰ, ਪੋਥੀ ਦੀ ਹਾਲਤ ਠੀਕ ਠੀਕ। ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ।
ਆਰੰਭ : "੧ੑ॑ ਸਤਿਗੁਰ ਪ੍ਰਸਾਦਿ॥ ਸ੍ਰੀ ਮੁਖਬਾਕ ਸਵੈਯਾ ਪਾਤਿਸਾਹੀ ੧●॥ ਸਤਿ ਸਦੈ ਵਸ ਰੂਪ ਸਤਿ ਬ੍ਰਤਿ ਆਦਿ ਅਨਾਦਿ ਅਗਾਧਿ ਆਜੈ ਹੈ॥ ਦਾਨ ਦਯਾ ਦਮ ਸੰਜਮ ਨੇਮ ਜਤਿ ਬ੍ਰਤਿ ਸੁ ਬ੍ਰਤਿਆਬੈ ਹੈ॥ ਆਦਿ ਅਨੀਲ ਅਨਾਦ ਅਨਾਹਦਿ ਆਇਆ ਵੈਖ ਅਭੇਖ ਅਭੈ ਹੈ॥ ਰੂਪ ਅਰੂਪ ਅਰੇਖ ਜਾਰਾਰਦਨਿ ਦੀਨ ਦਿਆਲਿ ਕ੍ਰਿਪਾਲਿ ਭਟੇ ਹੈ॥"
ਅੰਤ : "ਪੁਤ੍ਰ ਕਲਿਤ੍ਰ ਸੁਮ੍ਰਿਤ ਸਖਾਇਹ ਬੇ ਗਨਿਕਾਰ ਹੁਆ ਇਸੁ ਦੈ ਹੈ॥ ਭਉ ਨਿਤੰਡਾਰਧ ਰਾਗੜਿ ਜੇਤ ਕਛਾਡਤ ਪ੍ਰਾਨ ਬਿਗਾਂਨ ਕਹੈ ਹੈ। ਚੇਤਿ ਰੇ ਚੇਤ ਅਚੇਤ ਮਹਾਂ ਪਸੁ ਅੰਤਿ ਕੀ ਬਾਰਿ ਅਕੇਲੋ ਹੀ ਜੈ ਹੈ॥੩੨॥ ॥" ॥ ॥

ਹੱਥ ਲਿਖਤ ਨੰ : MS 5033 ਕ
ਸਿਰਲੇਖ : ਰਾਗ ਬਿਲਾਵਲੁ ਮਹਲਾ ੧
ਪੱਤਰੇ : 114 ੳ - 126 ੳ
ਆਕਾਰ : 16 X 12 ਸ.ਮ. ਲਿਖਤ 10 X 8 ਸ.ਮ.
ਵੇਰਵਾ : ਓਹੀ।ਸਤਰਾਂ ਪ੍ਰਤੀ ਪੰਨਾ-8 ਹਨ।
ਆਮ ਵੇਰਵਾ : ਪੋਥੀ ਦੀ ਹਾਲਤ ਠੀਕ ਠੀਕ, ਲਿਖਾਈ ਸੁੰਦਰ, ਕੰਨੇ ਦੀ ਥਾਂ ਤੇ ਬਿੰਦੀ ਦਾ ਪਰਯੋਗ ਕੀਤਾ ਹੋਇਆ ਹੈ। ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ।

ਆਰੰਭ : "ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥ ਰਾਗ ਬਿਲਾਵਲੁ ਮਹਲਾ ੧ ॥ ਚਉਪਦੇ ਘਰ ੧॥ ਤੂੰ ਸੁਲਤਾਨ ਕਹਾ ਹਉ ਮੀਆਂ ਤੇਰੀ ਕਵਨ ਵਡਾਈ॥ ਜੋ ਤੂ ਦੇਹ ਸੁ ਕਹਾ ਸੁਆਮੀ ਮੈ ਮੂਰਖ ਕਹਣ ਨ ਜਾਈ॥"

ਅੰਤ : "ਸਿਖ ਮਤਿ ਸਭ ਬੁਧਿ ਤੁਮਾਰੀ ਮੰਦਰਿ ਛਾਵਾਂ ਤੇਰੇ॥ ਤੁਝ ਬਿਨ ਅਵਰੁ ਨ ਜਾਣਾਂ ਮੇਰੇ ਸਾਹਿਬਾ ਗੁਣ ਗਾਵਾਂ ਨਿਤ ਤੇਰੇ ॥੩॥ ਜੀਅ ਜੰਤ ਸਭ ਸਰਣਿ ਤੁਮਾਰੀ ਸਰਬ ਚਿੰਤ ਤੁਧੁ ਪਾਸੇ॥ ਜੋ ਤੁਧ ਭਾਵੈ ਸੋਈ ਚੰਗਾ ਇਕ ਨਾਨਕ ਕੀ ਅਰਦਾਸੇ॥"=॥=॥=॥

ਹੱਥ ਲਿਖਤ ਨੰ : MS 5033 ਖ

ਸਿਰਲੇਖ : ਛਕਾ ਪਾਤਿਸਾਹੀ ੧● ਭਗਉਤੀ ਛੰਦ

ਪੱਤਰੇ : 126 ੳ - 140 ਅ

ਆਕਾਰ : 16 X 12 ਸ.ਮ. ਲਿਖਤ 10 X 8 ਸ.ਮ.

ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ-8 ਹਨ।

ਆਮ ਵੇਰਵਾ : ਪੋਥੀ ਦੇ ਇਸ ਭਾਗ ਦੀ ਰਚਨਾ ਦੀ ਹਾਲਤ ਠੀਕ ਠੀਕ, ਲਿਖਾਈ ਚੰਗੀ, ਕਾਨੀ ਬਦਲੀ ਅਤੇ ਕੰਨੇ ਦੀ ਥਾਂ ਤੇ ਬਿੰਦੀ ਦਾ ਪਰਯੋਗ ਕੀਤਾ ਹੋਇਆ ਹੈ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ।

ਆਰੰਭ : "ੴ ਸਤਿਗੁਰ ਪ੍ਰਸਾਦਿ॥ ਭਗਉਤੀ ਛੰਦ ਛਕਾ ਪਾਤਿਸਾਹੀ ੧●॥ ਨਮੋ ਉਗ੍ਰਦੰਤੀ ਅਨੰਤੀ ਸਵਯਾ॥ ਨਮੋ ਜੋਗ ਜੋਗੇ ਸ੍ਵਰੀ ਜੋਗਿ ਮਈਯਾ॥ ਨਮੋ ਕੇ ਹਰੀ ਬਾਹਨੀ ਸਤ੍ਰ ਤੰਤੀ॥ ਨਮੋ ਸਾਰਦੀ ਬ੍ਰਹਮ ਵਿਦਿਆ ਪੜੰਤੀ॥੧॥"

ਅੰਤ : "ਦੂਖ ਰੋਗ ਸੋਗ ਭੈ ਮਿਟੇ ਕਲੇਸਾ॥ ਬਹੁ ਸੁਖ ਉਪਜੇ ਅਨਦ ਪ੍ਰਵੇਸਾ॥ ਇਤਿ ਬਿਧਿ ਦੁਰਗੇ ਕਿਰਪਾਧਾਰੀ॥ ਤਹ ਅਪਨ ਦਾਸ ਕਉ ਲੀਉ ਉਬਾਰੀ॥੫॥੭॥ ਇਤ ਸ੍ਰੀ ਗੋਬਿੰਦ ਸਿੰਘ ਬਿਰਚਤਾਯੰ ਭਗਵਤੀ ਛੰਦ ਖਸਟਕੰ ਸਮਾਪਤੰ ਮਸਤ ਸੁਭ ਮਸਤ॥੧॥੮॥੧੧॥੫॥"

ਹੱਥ ਲਿਖਤ ਨੰ : MS 5033 ਗ

ਸਿਰਲੇਖ : ਪ੍ਰੀਛਾ ਗੁਰੂ ਨਾਨਕ ਜੀ ਕੀ

ਪੱਤਰੇ : 140 ਅ - 154 ੳ

ਆਕਾਰ : 16 X 12 ਸ.ਮ. ਲਿਖਤ 10 X 8 ਸ.ਮ.

ਵੇਰਵਾ : ਓਹੀ। ਸਤਰਾਂ ਪ੍ਰਤੀ ਪੰਨਾ-8 ਹਨ।

ਆਮ ਵੇਰਵਾ : ਲਿਖਾਈ ਸੁੰਦਰ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ। ਕੰਨੇ ਦੀ ਥਾਂ ਤੇ ਬਿੰਦੀ ਦਾ ਪਰਯੋਗ ਕੀਤਾ ਹੋਇਆ ਹੈ। ਪੋਥੀ ਦੀ ਹਾਲਤ ਠੀਕ ਠੀਕ ।

ਆਰੰਭ : "ੴ ਸਤਿਗੁਰ ਪ੍ਰਸਾਦਿ॥ ਪ੍ਰੀਛਾ ਗੁਰੂ ਨਾਨਕ ਜੀ ਕੀ॥ ਆਗਿਆ ਸਤਿ ਵਚਨ ਆਵੈ ਹਿਰਦੈ ਕੀ ਚਿਤਵਨੀ ਕਹਿ ਸੁਨਾਵੈ॥ ਸੰਸਾ ਭਉ ਗੁਰ ਪ੍ਰਸਾਦਿ ਮਿਟਾਵੈ॥ ਜੈਸੀ ਗੁਰੂ ਬਾਬੇ ਇਸ ਦੇ ਬਾਬਿ ਵਰਤਾਈ ਹੋਵੈ ਉਹਾ ਜੇਹੀ ਪ੍ਰੀਛਾ ਨਾਂਮ ਕੀ ਕਹਿ ਪ੍ਰਗਟਾਵੈ॥ ਸਤਿਗੁਰ ਏਵੈ ਭਾਵੈ ਅਪਨਾਂ ਬਿਰਦ ਜਨਾਵੈ॥ ਮੰਤ੍ਰ ਪੜਨਾਂ ਵਾਰੀ ਸਤਿ॥ ਪਾਸਾ ਹਥਿ ਕਰਨਾ॥

ਅੰਤ : "੧੫॥ਮਮਤਾ॥ ਸੁ ਤੇਰੇ ਕਾਰਜ ਕੀ ਕੀਰਤ ਜਸ ਸੋਹਿਲਾ ਗਾਵੀਏ ਗਾ ਸਿਮਰ ਸਿਰਜਣਾ ਹਾਰ ਕਾਰਜ ਸੁਫਲਾ॥੧੬॥ ਪ੍ਰੀਛਾ ਸੰਪੂਰਨੰ ਸਤਿ ਗੁਰੂ ਜੀ ਆਗਿਆ ਸਾਥਿ॥੧॥੨॥"

ਹੱਥ ਲਿਖਤ ਨੰ : MS 5033 ਘ

ਸਿਰਲੇਖ : ਪਰਚੀ ਪਾਤਿਸਾਹੀ ਦਸਵੀਂ ਕੀ ਮਹਲਾ 10

ਲੇਖਕ : ਸੇਵਾ ਦਾਸ

ਪੱਤਰੇ : 155 ੳ – 318 ਅ

ਆਕਾਰ : 16 X 12 ਸ.ਮ. ਲਿਖਤ 10 X 8 ਸ.ਮ.

ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ–8 ਹਨ।

ਆਮ ਵੇਰਵਾ : ਲਿਖਾਈ ਸੁੰਦਰ, ਕੰਨੇ ਦੀ ਥਾਂ ਤੇ ਬਿੰਦੀ ਦਾ ਪਰਯੋਗ ਕੀਤਾ ਹੋਇਆ ਹੈ। ਪੋਥੀ ਦੀ ਹਾਲਤ ਠੀਕ ਠੀਕ।

ਆਰੰਭ : "ੴ ਸਤਿਗੁਰ ਪ੍ਰਸਾਦਿ॥ਅਥ ਪਰਚੀ ਪਾਤਿਸਾਹੀ ਦਸਵੀਂ ਕੀ ਮਹਲਾ ੧● ਪ੍ਰਿਥਮੇ ਦਸਾਂ ਮਹਲਾ ਕੇ ਨਾਮ ਲੀਖੇ॥ ਫੇਰਿ ਦਸਾਂ ਮਹਲਾ ਕੀ ਉਸਤਤਿ ਕੇ ਸਲੋਕ ਲੀਖੇ॥ ਫੇਰਿ ਦਸਾਂ ਮਹਲਾ ਕੀਆਂ ਸਾਖੀਆਂ ਲੀਖੀਆਂ ॥ ਪ੍ਰਥਮੇ ਨਾਂਮ ਇਹ ਲੀਖੇ॥ ਗੁਰੂ ਨਾਨਕ ਜੀ॥ ਗੁਰੂ ਅੰਗਦ ਜੀ॥"

ਅੰਤ : "ਸੇਵਾ ਦਾਸ ਉਦਾਸੀ ਕੀਨੀ ਪਰਚੀ॥ ਗੁਰ ਉਸਤਤਿ ਕੀ ਪੋਥੀ ਪ੍ਰੇਮ ਕੇਸਰ ਚਰਚੀ॥ ਗੁਰ ਉਸਤਤਿ ਬੇਅੰਤ ਅਗਮ ਅਪਾਰੁ ਜੀ॥ ਕਛੁ ਅਪਨੇ ਭਲੇ ਕਉ ਕੀਨਾਂ ਛੁਦ੍ਰ ਉਚਾਰ ਜੀ॥ ਇਤ ਪਰਚੀਆਂ ਗੁਰ ਗੋਬਿੰਦ ਸਿੰਘ ਜੀ ਕੀਆ ਸੰਪੂਰਣੰ ਸਮਾਪਤੰ॥ ਸਾਖੀਆਂ ਉਣੰਜਾਹ ਹੋਇ ਚੁਕੀਆਂ॥"

ਹੱਥ ਲਿਖਤ ਨੰ : MS 5033 ਛ

ਸਿਰਲੇਖ : ਗੋਸਟ ਬਾਬੇ ਨਾਨਕ ਜੀ ਕੀ

ਪੱਤਰੇ : 319 ੳ – 410 ੳ

ਆਕਾਰ : 16 X 12 ਸ.ਮ. ਲਿਖਤ 10 X 8 ਸ.ਮ.

ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ–8 ਹਨ।

ਆਮ ਵੇਰਵਾ : ਕਾਨੀ ਬਦਲੀ ਹੋਈ ਲਿਖਾਈ ਸੁੰਦਰ, ਪੋਥੀ ਦੀ ਹਾਲਤ ਠੀਕ ਠੀਕ, ਕੰਨੇ ਦੀ ਥਾਂ ਤੇ ਬਿੰਦੀ ਦਾ ਪਰਯੋਗ ਕੀਤਾ ਹੋਇਆ ਹੈ। ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ।

ਆਰੰਭ : "ੴ ਸਤਿਗੁਰ ਪ੍ਰਸਾਦਿ॥ਗੋਸਟਿ ਬਾਬੇ ਨਾਨਕ ਜੀ ਚਲੀ॥ ਤਬ ਗੁਰੂ ਬਾਬਾ ਨਾਨਕ ਜੀ ਏਕ ਦਿਨ ਪੰਜਾਬ ਕੀ ਧਰਤੀ ਕਰਤਾਰਪੁਰ ਬੈਠਾ ਥਾ ਅਰੁ ਦੁਰਗਾਹਿ ਪ੍ਰੇਮਸਰ ਕਾ ਲੈ ਆਇਆ ਇਸ ਜਹਾਨ ਵਿਚ॥ ਤਬ ਇਸ ਅੰਗਦ ਸਿਖ ਨੂੰ ਬੁਲਾਇ ਕੈ ਬਾਬੇ ਨਾਨਕ ਜੀ ਕਹਿਆ ਜਿ ਪੁਰਖਾ ਅੰਗਦਾ ਪਾਰਬ੍ਰਹਮ ਕੀ ਆਗਿਆ ਹੋਈ ਹੈ ਜੋ ਮੇਰੀ ਸਿਫਤ ਕਰਨੀ॥ ਅਰ ਲੋਕਾਂ ਤੇ ਕਰਾਵਣੀ॥"

ਅੰਤ : "ਕਰਮ ਖੰਡ ਕੀ ਬਾਣੀ ਜੋਰੁ॥ ਤਿਥੈ ਹੋਰ ਨ ਕੋਈ ਹੋਰ॥ ਤਿਥੈ ਜੋਧ ਮਹਾਂ ਬਲਿ ਸੂਰ॥ ਤਿਨ ਮਹਿ ਰਾਮ ਰਹਿਆ ਭਰਭੂਰ॥ ਤਿਥੈ ਸੀਤੋ ਸੀਤਾ ਮਹਿਮਾ ਮਾਹਿ॥ ਤਾਕੇ ਰੂਪ [ਨਾ] ਕਥਨੇ ਜਾਹਿ॥ ਨਾ ਉਇ ਮਰੈਹਿ ਨ ਠਾਗੇ ਜਾਹਿ॥ ਜਿਨਕੈ ਰਾਮ ਵਸੈ ਮਨਿ ਮਾਹਿ॥ ਤਿਥੈ ਭਗਤਿ ਵਸਹਿ ਕੇ ਲੋਅ॥ ਕਰਹਿ ਅਨੰਦ ਸਚਾ ਮਨਿ ਸੋਇ॥ ਤਿਸ ਕਾ ਪਰਮਾਰਥ॥ ਕਰਮ ਖੰਡ ਮਹਿ ਬਾਣੀ ਹੈ ਅਰੁ ਜੋਰੁ ਜਿਹੈ ਸੋ ਤਿਥੈ ਹੋਰ ਕੋਈ ਨਾ ਹੋਰ॥"

ਹੱਥ ਲਿਖਤ ਨੰ : MS 5034

ਸਿਰਲੇਖ : ਬਿਹਾਰੀ ਸੱਤ ਸਯਾ ਟੀਕਾ

ਲੇਖਕ : ਬਿਹਾਰੀ ਦਾਸ, ਕਵਿ

ਪੱਤਰੇ : 1ੳ – 91 ਅ

ਆਕਾਰ : 21 X 11 ਸ.ਮ. ਲਿਖਤ: 16X 8 ਸ.ਮ.

ਵੇਰਵਾ : ਜਿਲਦ ਗੱਤਾ ਅੰਬਰੀ। ਸਿਆਹੀ ਕਾਲੀ, ਵਖਰੇਵੇਂ ਲਈ ਲਾਲ। ਹਾਸ਼ੀਆ ਪੰਨਿਆਂ ਦੇ ਚਾਰੇ ਪਾਸੇ ਦੋ ਦੋ ਲਾਲ, ਕਾਲੀਆਂ ਲਕੀਰਾਂ। ਵਿਚਕਾਰ ਮੋਟੀ ਪੀਲੀ ਲਕੀਰ। ਸਤਰਾਂ ਪ੍ਰਤੀ ਪੰਨਾ–16 ਹਨ।

ਆਮ ਵੇਰਵਾ : ਪੋਥੀ ਦੇ ਮਾਈਕਰੋ ਫਿਲਮ ਕਰਨ ਸਮੇਂ ਜਿਲਦ ਉਖਾੜੀ ਗਈ ਸੀ, ਪੱਤਰੇ ਵੀ ਵੱਖ ਵੱਖ ਕੀਤੇ ਹੋਏ ਹਨ। ਹਾਸ਼ੀਏ ਦੇ ਚਾਰੇ ਪਾਸੇ ਲਿਖਾਈ ਕੀਤੀ ਹੋਈ ਹੈ। ਜੋ ਪੂਰੀ ਤਰਾਂ ਸਪਸ਼ਟ ਨਹੀਂ ਹੈ। ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ। ਕਈ ਥਾਵਾਂ ਤੇ ਕੰਨੇ ਦੀ ਥਾਂ ਤੇ ਬਿੰਦੀ ਦਾ ਪਰਯੋਗ ਕੀਤਾ ਹੋਇਆ ਹੈ॥

ਆਰੰਭ : "ਸ੍ਰੀ ਸੂਸ੍ਵਤੀ ਗਣੇਸਾਯਨਮ॥ਦੋਹਰਾ॥ ਮੇਰੀ ਭਵ ਬਾਧਾ ਹਰੋ ਰਾਧਾ ਨਾਗਰਿ ਸੋਇ॥ ਜਾਤਨ ਕੀ ਝਾਈ ਪਰੈ ਸਯਾਮਹ ਰਤਿ ਦੁਤਿ ਹੋਇ॥੧॥ ਸਵੈਯਾ॥ ਜਾਕੀ ਪ੍ਰਭਾ ਅਵਿਲੋਕ ਤਹੀ ਤਿਹੂੰ ਲੋਕ ਕੀ ਸੁੰਦਰਤਾ ਗਹਿਵਾਰੀ ॥ ਕ੍ਰਿਸਨ ਕਹੈ ਸਰਸੀ ਰਹੁ ਨੈਨੀ ਕੋ ਨਾਮ ਮੁਹਾਮੁਦ ਮੰਗਲਕਾਰੀ॥ ਜਾਤਨ ਕੀ ਝਲ ਕੈ ਝਲ ਕੈ ਹਰਿਵਾਦੁਤਿ ਸਯਾਮ ਕੀ ਹੋ ਤਿਨਿ ਗਾਰੀ॥ ਸ੍ਰੀ ਵਿਖਭਾਨ ਕੁਮਾਰਿ ਕਿਸਯੋ ਬਧਯੋ ਆਗੈ ਕੌਨ ਹਵਾਲਾ॥੨ ਸਵੈਯਾ॥"

ਅੰਤ : "੯੯॥"ਦ: ਘਰ ਘਰ ਤੁਰਕਨਿ ਹਿੰਦੁਨੀ ਦੇਤ ਅਸੀਸ ਸਰਾਹਿ॥ ਪਤਨ ਰਾਖੇ ਚਾਦਰ ਚੁਨੀ ਤੈ ਰਾਖੀ ਜਥ ਸਾਹਿ। ਟੀਕਾ:- ਯਹ ਮਜਾਕੋ ਪ੍ਰਕ੍ਰਮ ਸਬ ਮੈ ਉਪਕਾਰ ਕਥਿ ਕੀ ਉਕਤਾ॥ਕਬਿਤ॥ ਆਯੋ ਇਤ ਉਮਡਿ ਅਜੀਤ ਸਿੰਘ ਐਡਾ ਇਲ ਸੰਗ ਲੈ ਵਿਕਟ ਸੁਭ ਦਨਿ ਕੇ ਸਮਾਜ ਕੌ॥ ਕਹੈ ਕਬਿ ਕ੍ਰਿਸਨ ਇਤ ਦਿਲੀ ਕੇ ਪ੍ਰਬਲ ਦਲ ਨਿਕਸੇ ਸਕਲ ਸਜ ਸਮਰਕੇ ਸਾਜਕੋ॥ ਐਸੇ ਸਮੈ ਬੀਰ ਬਿਸਨੇਸ ਕੇ ਅਜਾਨੁ ਬਾਹਰ ਰਾਖੀ ਤੈਂ ਦੁਹੂੰ ਕੀ ਲਾਜ ਕਰ ਕੈ ਇਲਾਜ ਕੌ॥ ਘਰ ਘਰ ਤੁਰਕ ਕੀ ਹਿੰਦੁਨੀ ਸਰਾਹਿ ਕਹਿ ਦੇਤ ਹੈ ਅਸੀਸ ਜਯ ਸ੍ਰਾਹ ਮਹਾਰਾਜ ਕੌ॥ ਇਤਿ ਸ੍ਰੀ ਬਿਹਾਰੀ ਸਤ ਸਯਾ ਕ੍ਰਿਤ ਕਵਿ ਬਿਹਾਰੀ ਦਾਸ ਸਮਾਪਤ ਸੁਭਮ॥=॥=॥=॥="

ਹੱਥ ਲਿਖਤ ਨੰ : MS 5035

ਸਿਰਲੇਖ : ਸ੍ਰੀ ਸਾਰੁਕਤਾਵਲੀ ਭਾਖਾ

ਲੇਖਕ : ਹਰਦਿਆਲ

ਸਮਾਂ : ਸੰਮਤ 1881 ਸਾਵਨ ਮਾਸ

ਪੱਤਰੇ : 1ੳ - 37 ਅ

ਵੇਰਵਾ : ਜਿਲਦ ਗੱਤਾ ਅੰਬਰੀ, ਸਿਆਹੀ ਕਾਲੀ, ਵਖਰੇਵੇਂ ਲਈ ਲਾਲ; ਹਾਸ਼ੀਆ ਦੋਵੇਂ ਪਾਸੇ ਦੋ ਕਾਲੀਆਂ, ਲਾਲ ਅਤੇ ਇਕ ਮੋਟੀ ਲਕੀਰ; ਸਤਰਾਂ ਪ੍ਰਤੀ ਪੰਨਾ-10 ਹਨ।

ਆਮ ਵੇਰਵਾ : ਕਈ ਪੰਨਿਆਂ ਉਪਰ ਸਿਆਹੀ ਧੱਬਿਆਂ ਵਾਲੀ ਹੈ ਅਤੇ ਅਸਪਸ਼ਟ ਹੈ। ਲਿਖਾਈ ਹਾਸ਼ੀਏ ਤੋਂ ਬਾਹਰ ਕੀਤੀ ਹੋਈ ਹੈ। ਕੰਨੇ ਦੀ ਥਾਂ ਤੇ ਬਿੰਦੀ ਦਾ ਪਰਯੋਗ ਕੀਤਾ ਹੋਇਆ ਹੈ। ਪੋਥੀ ਦੀ ਹਾਲਤ ਠੀਕ ਠੀਕ। ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ।

ਆਰੰਭ : "੧ੑ੐ਸਤਿਗੁਰ ਪ੍ਰਸਾਦਿ॥ ਅਥ ਸ੍ਰੀ ਸਾਰੁਕਤਾਵਲੀ ਭਾਖਾ ਲਿਖਯਤੇ॥ਦੋਹਰਾ॥ਸ੍ਰੀ ਪਤਿ ਪ੍ਰਥਮ ਨਮਾਮਿ ਯੋਗੀ ਰਿਦਯ ਨਿਵਾਸ॥ ਭੋਗੀ ਰਿਦੇ ਉਦਾਸ ਜੋ ਵੈਸੁ ਮਤਿ ਪ੍ਰਕਾਸ਼॥੧॥ ਦੁਵੈਯਾ ਛੰਦ॥ ਗਣਪਤਿ ਨ੍ਰਿਪ ਵਤਿ ਭਗਤ ਪ੍ਰਜਾ ਕੇ ਨਮੋ ਕਣੰ ਕਰ ਅੰਗੀ ਕਾਰ॥ ਕਾਮ ਚੋਰ ਬਿਘਨੀ ਬੁਧਿਸਸ ਕੇ ਪ੍ਰਤਿ ਦਿਨ ਕਰ ਹੈ ਤਾਸ ਪ੍ਰਹਾਰ॥"

ਅੰਤ : "ਦੋਹਰਾ॥ ਸੰਮਤ ੧੮੮੧ ਸਾਵਨ ਮਾਸ ਮੰਗਲਵਾਰ ਥਿਉ ੬॥ ਦੋਹਰਾ॥ ਨਮੋ ਸ੍ਵੈਯੇ ਸੋਰਠਿ ਤ੍ਰੈ ਕਵਿਤ ਲਤੇਕ॥ ਦੋਹੇ ਪਾਂਚਲਰਾਜ ਦੁਇ ਇਕੀ ਛੰਦ ਬਿਬੇਕ॥ ਇਤ ਸ੍ਰੀ ਸਾਰਕਤਾਵਲੀ ਪੰਦ੍ਰਸ ਮਿਸ੍ਰਤ ਪਾਠ॥ ਸਭਾ ਜਿਤ ਕੇ ਛੰਦ ਸਭ ਦੋ ਸੈ ਪਾਂਡਵ ਆਠ॥ ਇਤਿ ਸਾਰੁਕਤਾਵਲੀ ਸੰਪੂਰਨੰ ਕ੍ਰਿਤ ਹਰਦਿਆਲ ਸਮਾਪਤੰ॥=॥=॥="

ਹੱਥ ਲਿਖਤ ਨੰ : MS 5036

ਸਿਰਲੇਖ : ਜ਼ਫ਼ਰਨਾਮਾ-ਸ੍ਰੀ ਮੁਖਬਾਕ ਪਾਤਿਸਾਹੀ ੧●

ਸਮਾਂ : ਸੰਮਤ 1899 ਬਿਕ੍ਰਮੀ

ਪੱਤਰੇ : 1 ੳ - 60 ਅ

ਆਕਾਰ : 14 X 9 ਸ.ਮ. ਲਿਖਤ 10 X 7 ਸ.ਮ.

ਵੇਰਵਾ : ਜਿਲਦ ਗੱਤਾ ਅੰਬਰੀ। ਸਿਆਹੀ ਕਾਲੀ, ਵਖਰੇਵੇਂ ਲਈ ਲਾਲ। ਹਾਸ਼ੀਆ ਦੋਵੇਂ ਪਾਸੇ ਦੋ ਦੋ ਲਾਲ, ਲਕੀਰਾਂ, ਵਿਚਕਾਰ ਕਾਲੀ ਲਕੀਰ। ਸਤਰਾਂ ਪ੍ਰਤੀ ਪੰਨਾ-11 ਹਨ।

ਆਮ ਵੇਰਵਾ : ਹਾਸ਼ੀਏ ਤੋਂ ਬਾਹਰ ਲਿਖਤ, ਪੋਥੀ ਭਿੱਜੀ ਹੋਈ ਹੈ। ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ। ਪੋਥੀ ਦੀ ਹਾਲਤ ਠੀਕ ਠੀਕ ਹੈ॥

ਆਰੰਭ : "ੴ ਹੁਕਮੁ ਸਤਿ ਸ੍ਰੀ ਵਾਹਗੁਰੂ ਜੀ ਕੀ ਫਤਹ॥ ਜਫ਼ਰਨਾਮਹ ਸ੍ਰੀ ਮੁਖ ਬਾਕ ਪਾਤਿਸਾਹੀ ੧●॥ ਕਮਾਲੇ ਕਰਮਾਤ ਕਾਯਮ ਕਰੀਮਾ॥ ਰਜ਼ਾਬਖਸ਼ ਰਾਜਿਕ ਰਹਾਕੋ ਰਹੀਮਾ॥੧॥ ਅਮਾਂ ਬਖਸ਼ ਬਖਸਿੰਦ ਓ ਦਸਤਗੀਰ॥ ਰਜਾਬਖਸ਼ ਰੋਜੀ ਦਿਹੋ ਦਿਲ ਪਜੀਰ॥੨॥"

ਅੰਤ : "੧੯॥ ਬਿਦਿਹ ਸਾਕੀਯਾ ਸਾਗਰੇ ਸਬਜ ਗੂੰ॥ ਕਿ ਮਾਰਾ ਬੁਕਾਰਸਤ ਜੰਗ ਅੰਦੂਰੰ॥ ਲਬਾ ਲਬ ਕੁਨਦ ਮ ਬਦਮਨੋਸ ਕੁਨ॥ ਗਮੇ ਹਰਿਦੁਆਲ ਫਰਾਮੋਸ ਕੁਨ॥੨੧॥ਅਫ਼ਜੂ॥ ਸੰਬਤ ੧੮੯੯ ਵਿਸਾਖ ਵਦਿ ੧੧ ਬੁਧਵਾਰ॥ ਪੂਰਬ ਫਾਲਗੁਨੀ॥"

ਹੱਥ ਲਿਖਤ ਨੰ : MS 5037

ਸਿਰਲੇਖ : ਕਥਾ ਹੀਰ ਰਾਂਝੇ ਕੀ

ਲੇਖਕ : ਮੁਕਬਲ

ਲਿਖਾਰੀ : ਸੁਖਾ ਸਿੰਘ

ਸਮਾਂ : ਸੰਮਤ 1896

ਸਥਾਨ : ਮਜੀਠੇ ਦੁਰਗ ਭੂਪ ਲਹਣਾ ਮ੍ਰਿਗੇਸ, ਧਰਮਸਾਲਾ

ਪੱਤਰੇ : 1 ਅ - 113 ਅ

ਆਕਾਰ : 16 X 10 ਸ.ਮ. ਲਿਖਤ: 11X7 ਸ.ਮ.

ਆਮ ਵੇਰਵਾ : ਲਿਖਾਈ ਹਾਸ਼ੀਏ ਤੋਂ ਬਾਹਰ ਕੀਤੀ ਹੋਈ, ਲਿਖਾਈ ਸੁੰਦਰ ਜਿਲਦ ਉਖੜੀ ਹੋਈ ਹੋਣ ਕਾਰਣ, ਕੁਝ ਪੱਤਰਿਆਂ ਦੀ ਹਾਲਤ ਖਸਤਾ। ਕੰਨੇ ਦੀ ਥਾਂ ਤੇ ਬਿੰਦੀ ਦਾ ਪਰਯੋਗ ਕੀਤਾ ਹੋਇਆ ਹੈ। ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ।

ਆਰੰਭ : "ੴ ਸ੍ਰੀ ਮਤੇ ਰਾਮਾਨੁਜਾਯਨਮ: ਸਲੋਕ॥ ਬਰਣਾ ਨਾਮ ਰਬ ਸੰਘਾਨਾਰਸਨ ਛੰਦ ਸਾਮੀ॥ ਮੰਗਲਾ ਨਾਚ ਕਰਤਾਰੋ ਬੰਦੇ ਬਾਣੀ ਬਿਨਾਯਕੋ॥੧॥ ਭਵਾਨੀ ਸੰਕਰੋ ਬੰਦੋ ਸਰਧਾ ਬਿਸ੍ਵਾਸਰੂਪਣੋ॥ਯਾ ਭਯਾ ਬਿਨਾਨਪ ਸਯੰਤੀ ਸਿਧਾਂਹ ਸ੍ਵਾਤਸਥਮੀ ਸ੍ਵਰੰ॥ ਬੰਦੇ ਬੋਧ ਮਯੰ ਨਿਤਯੰ ਗੁਰੁ ਸੰਕਰ ਰੂਪਿਣੰ॥ ਯਮਾਸ੍ਰਤੋਹਿ ਕ੍ਰੋਪਿ ਚੰਦ੍ਰਾ ਸ੍ਰਬਤ੍ਰ ਬੰਦਯਤੇ॥੩॥"

ਅੰਤ : "੩੭੩॥ ਸਲੋਕ॥॥ ਪੁਨਯੰਪਾਪਹਰੰ ਸਦਾ ਸਿਵਕਰੰ ਬਿਗਯਾਨ ਪਦੰ॥ ਮਾਯਾ ਮੋਹ ਮਲਾਪ ਹੰਸ ਬਿਮਲੰ ਪ੍ਰੇਮ ਬੁਪੂਰੰਸੁੰ॥ ਸ੍ਰੀ ਮਦ੍ਰਾਮ ਚਰਿਤ੍ਰ ਮਾਨਸ ਮਿਦੰ ਭਗਤੀ ਭਕਤਯਾਵਗਾਹ ਤੇ ਸੰਸਾਰ ਪਤੰਗ ਘੋਰਿ ਕਿਰਣੈ ਰਦਹਿ ਯੰਤ ਨੋ ਮਾਨਵ॥੩੭੪॥"

ਇਤ ਸ੍ਰੀ ਰਾਮ ਚਰਿਤ ਮਾਨਸੇ ਸਕਲ ਕਲੁਖ ਬਿਧ੍ਵੰਸੇ ਉਤਰ ਕਾਂਡ ਭਕਤਿ ਪ੍ਰਕਾਸ ਸਮਾਪਤੰ॥ਸੁਭ ਮਸਤੁ ਸੁਭ ਮਸਤੁ॥ ਸਰਬਰਤਿ॥

ਸਮਤੁ ਅਠਾਰਾ ਸੈ ਇਸਤਵੰਝਾ॥ ੧੮੫੭॥ ਭਾਦੋ ਪ੍ਰਬਿਸਟੇ ਅਠਿ॥੮॥ ਬੀਰ ਬਟਸਿ ਕਿਰਨਾ ਪਖਿ ਏਕਮ ਪੋਥੀ ਸਪੂਰਨਿ ਹੋਈ॥"

ਹੱਥ ਲਿਖਤ ਨੰ : MS 5076

ਸਿਰਲੇਖ : ਗੁਰੂ ਸੰਹਿਤਾ

ਪੱਤਰੇ : 1 ਅ - 143 ਅ

ਆਕਾਰ : 19X34.5 ਸ.ਮ. ਲਿਖਤ: 13X25 ਸ.ਮ.

ਵੇਰਵਾ : ਖੁਲ੍ਹੇ ਪੱਤਰੇ ਬਿਨ੍ਹਾਂ ਜਿਲਦ ਦੇ। ਦੋ ਗੱਤਿਆਂ ਵਿਚ ਬੱਝੀ ਹੋਈ ਜੋ ਆਡੇ ਰੁੱਖ ਖੁਲਦੀ ਹੈ । ਦੁਪਾਸੀਂ ਖੜੇ ਰੁੱਖ ਦੋ ਸੰਤਰੀ ਲਕੀਰਾਂ ਦਾ ਹਾਸ਼ੀਆ ਹੈ । ਪਹਿਲੇ ਪੱਤਰੇ ਤੇ ਚੁਪਾਸੀਂ ਦੋ-ਦੋ ਕਾਲੀਆਂ ਸੰਤਰੀ ਲਕੀਰਾਂ ਦੇ ਚਾਰ ਹਾਸ਼ੀਏ ਬਣੇ ਹੋਏ ਹਨ । ਹਾਸ਼ੀਏ ਵਿਚ ਸੋਧ ਕੀਤੀ ਹੋਈ ਹੈ । ਸਤਰਾਂ ਪ੍ਰਤੀ ਪੰਨਾ-19 ਹਨ।

ਆਮ ਵੇਰਵਾ : ਪਹਿਲੇ ਪੱਤਰੇ ਦੇ ਹਾਸ਼ੀਏ ਵਿਚ ਹਿੰਦੀ ਅਖਰਾਂ ਵਿਚ ਲਿਖਤ ਹੈ ਕਿਤੇ-ਕਿਤੇ ਹੜਤਾਲ ਫੇਰੀ ਹੋਈ ਹੈ ।

ਆਰੰਭ : ੧ੴ ਸਤਿਗੁਰ ਪ੍ਰਸਾਦਿ ॥ ਅਥ ਗੁਰੂ ਸੰਹਿਤਾ ਲਿਖਯਤੇ ॥ ਦੋਹਰਾ ॥ ਸਤ ਚਿਤ ਘਨ ਅਨੰਦ ਵਪ ਗੁਰ ਨਾਨਕ ਪਰਨਾਮਾ ॥ ਸ੍ਰੀ ਗੁਰ ਅੰਗਦ ਚਰਨ ਕੌ ਪੁਨ ਪੁਨ ਨਮ ਅਭਰਨਾਮਾ ॥ ੧ ॥ ਛਪੈ ਅਮਲ ਕਮਲ ਦਲ ਨੈਨ ਸ੍ਰੀ ਗੁਰ ਅਮਰ ਨਮੋ ਤਿਨਾ ॥ ਚਤ੍ਰਥ ਗੁਰ ਰਾਮਦਾਸ [ਰਾਮਦਾਸ] ਪੰਚਮੈ ਸ੍ਰੀ ਗੁਰ ਅਰਜਨ ॥ ਛਠਮੇਂ ਹਰਿ ਗੋਬਿੰਦ ਮੀਰ ਪੀਰੀ ਕੇ ਨਾਇਕ ॥ ਸਮਤਮ ਗੁਰ ਹਰਿ ਰਾਇ ਸਿਮਰਯੈ ਹੋਇ ਸਹਾਇਕ ॥ ਅਸਟਮ ਗੁਰ ਹਰਿ ਕ੍ਰਿਸ਼ਨ ਜੀ ਤੇਗ ਬਹਾਦੁ ਨਵਮ ਨਮ ॥ ਦਸਮੇਂ ਗੁਰ ਗੋਬਿੰਦ ਸਿੰਘ ਖਲ ਗੰਜਨ ਤਮ ਭਾਨ ਸਮ ॥ ੨ ॥

ਅੰਤ : ਝੂਲਨਾ ॥ ਪਠੇਦੰ ਸੁਨੇਦੰ ਸੁਧਾ ਸਾਨ ਗਾਥਾ ਪੁਰਾਨੰ ਸ੍ਰੁਤੰ ਆਗਮੰ ਕੋਫਲਾਗੰ ॥ ਹਿਮੰਗਰ ਨ ਕਾਂਸੀ ਕਰੈ ਮੇਰ ਦਾਨੰ ਸਭੈ ਤੀਰਥੰ ਨਾਇਤ ਤੇ ਘਨਾਹੀ ॥ ਸੁਤੰ ਦੂਧ ਨਾਰੀ ਧਨੰ ਅਰਥ ਚਾਰੀ ਲਹੇ ਗਯਾਨ ਗਯਾਨੰ ਸੁਖੰਤੇ ਸੰਜੋਗੰ ॥ ਗੁਰੰਗਾਥਏ ਭੋਗਤੇ ਮੋਖ ਦਾਨੀ ਜਸੰ ਕੀਰਤੀ ਦਾਇਨੀ ਟਾਰ ਰੋਗੀ

॥ ੫੫ ॥ ਦੋ ॥ ਬਿਪ ਬਿਦਯਾ ਧਨ ਬੈਸਲਹ ਬਾਰਜ ਜੀਤ ਸੋ ਪਾਇ ॥ ਸੂਚ ਦਰਗਤ ਗੁਰ ਸੰਘਤਾ ਕਲ ਮਲ ਪਾਪ ਨਸਾਇ ॥ ੫੬ ॥ ਚਤ੍ਰਥ ਖੰਡ ਅਨੂਪ ਯਹ ਸੁਖਦ ਸੁਜਸ ਅਗਹਾਨਾ ॥ ਭੂਲ ਚੂਕ ਖਿਮੀਏ ਸਜਨ ਬਾਰਕ ਕਿਕਰ ਜਾਨਾ ॥ ੫੭ ॥ ਇਤਿ ਸ੍ਰੀ ਗੁਰੂ ਸੰਘਤਾਯਾਂ ਚਤ੍ਰਥ ਖੰਡੈ ਗੁਰ ਰਾਜ ਏਕ੍ਰਤਵੋ ਧਿਆਇ ॥ ੭੧

ਹੱਥ ਲਿਖਤ ਨੰ : MS 5077
ਸਿਰਲੇਖ : ਪ੍ਰੀਆਇ ਸ੍ਰੀ ਗੁਰੂ ਗ੍ਰੰਥ ਸਾਹਿਬ
ਪੱਤਰੇ : 1 ੳ - 90 ਅ
ਆਕਾਰ : 25 X 17 ਸ.ਮ. ਲਿਖਤ 9 X 12 ਸ.ਮ.
ਵੇਰਵਾ : ਖੁੱਲੇ ਪੱਤਰੇ ਦੋ ਗੱਤਿਆਂ ਵਿਚ ਬੰਨੇ ਹੋਏ ਹਨ। ਸਿਆਹੀ ਕਾਲੀ। ਸਤਰਾਂ ਪ੍ਰਤੀ ਪੰਨਾ-13 ਹਨ।
ਆਮ ਵੇਰਵਾ : ਲਿਖਾਈ ਧੱਬਿਆਂ ਵਾਲੀ ਅਤੇ ਬਹੁਤ ਸ਼ਪਸ਼ਟ ਨਹੀਂ ਹੈ।ਹਾਸ਼ੀਏ ਤੋਂ ਬਾਹਰ ਵੀ ਲਿਖਾਈ ਕੀਤੀ ਹੋਈ ਹੈ।ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ। ਪੋਥੀ ਖਸਤਾ ਹਾਲਤ ਵਿਚ ਹੈ।
ਆਰੰਭ : "ੴ ਸ੍ਰੀ ਸ੍ਰੀ ਦਸ੍ਵੇ ਪਾਤਸਾਹ ਜੀ ਕੀ ਕ੍ਰਿਪਾ ਦ੍ਰਿਸਟ ਨਾਲ ਭਾਈ ਮਨੀ ਸਿੰਘ ਜੀ ਪੜੇ ਅਰ ਤਿਨੋ ਤੇ ਭਾਈ ਭਗਤ ਸਿੰਘ ਜੀ ਤੇ ਭਾਈ ਦਿਵਾਨ ਸਿੰਘ ਜੀ ਤਿਨੋ ਤੇ ਭਾਈ ਗੁਰਦਯਾਲ ਸਿੰਘ ਜੀ ਅਰ ਭਾਈ ਖਜਾਨ ਸਿੰਘ ਜੀ ਤਿਨੋ ਤੇ ਭਾਈ ਗੁਰਬਖਸ ਸਿੰਘ ਜੀ ਤਿਨੋ ਤੇ ਭਾਈ ਅਮਰ ਸਿੰਘ ਜੀ ਭਾਈ ਸੂਰਤ ਸਿੰਘ ਭਾਈ ਕੌਲ ਸਿੰਘ ਜੀ -ਅੱਗੇ ਭਾਈ ਸੂਰਤ ਸਿੰਘ ਜੀ ਤੇ ਭਾਈ ਗੁਰਦਾਸ ਸਿੰਘ ਜੀ ਤੇ ਭਾਈ ਜੀਵਨ ਸਿੰਘ ਜੀ ਪੜੇ॥-੧॥ ਨਾ ਕੀਮਤ ਪਾਵੈ ਨਾ ਕੋਈ ਕਹ ਸਕੈ ਵਾਜਿਨ ਕੀਮਤ ਪਾਈ ਹੈ ਕਹਣ ਜੋਗੇ ਨਹੀ॥ ਚੀਰਾ ਹਦ ਵਾ ਦਫਤ੍ਰ ਵਾ ਹੁਕਮ ਪ੍ਰਵਾਨਾ ਕਮਾਈ ਵਿਚਾਰੀ ਕੀਮਤ ਜੋਤ ਸੀ॥ ਗੁਰ ਭਾਈ ਵਾਗਰਾਂ ਦੇ ਗੁਰ ਉਸ ਭੁਖ ਦਾ ਭੋਜਨ ਨਾਮ ਖਾਵੇ ਤੇ ਦੁਖ ਮਿਟੇ॥"
ਅੰਤ : "ਦੁਵੈਤ ਭਾਵ ਨੂੰ ਰੋੜੋ ਬੈਰਾੜੀ ਟੋਡੀ ਜਿਦ ਤੇਰਾ ਮੇਰਾ ਤੇ ਲੰਘੋ ਸੂਹੀ ਸੋ ਭਾਵਨ ਹੋਵਾ ਸੂਹਾ ਰੰਗ ਝੂਠ ਜਾਣ ਸੰਸਾਰ॥ ਤਾਂ ਤੈਨੂੰ ਬਿਲਾਵਲ ਅਨੰਦ ਹੈ॥ ਵਲ ਕਪਟ ਬਿਲਾਇ ਗਏ॥ ਗੋਡ ਗੂੜ ਬਾਤ ਸਮਝੋ॥ ਏਹ ਸੰਸਾਰ ਰਾਮ ਕੀ ਕਲੀ ਹੈ ਨਟ ਰੂਪ ਨਰਾਯਨ ਹੈ ਮਾਲੀ ਹੈ ਬਡਾ ਬਨ ਮਾਲੀ ਜਗ॥"
ਅੱਗੇ ਪੱਤਰੇ ਨਹੀਂ ਹਨ, ਰਚਨਾ ਇਥੇ ਹੀ ਖਤਮ ਕੀਤੀ ਹੈ॥ ॥ ॥

ਹੱਥ ਲਿਖਤ ਨੰ : MS 5078
ਸਿਰਲੇਖ : ਰਾਜਨੀਤੀ-ਹਿਤ ਉਪਦੇਸ
ਲੇਖਕ : ਤਨ ਸੁਖ
ਟੀਕਾਕਾਰ : ਧਿਆਨ ਸਿੰਘ
ਸਮਾਂ : ਸੰਮਤ 1941
ਪੱਤਰੇ : 1 ੳ - 63 ਅ
ਆਕਾਰ : 25 X 17 ਸ.ਮ. ਲਿਖਤ 20 X 13 ਸ.ਮ.
ਵੇਰਵਾ : ਜਿਲਦ ਦੋ ਗਤਿਆਂ ਵਿਚ ਖੁੱਲੇ ਪੱਤਰੇ ਵਿਚ ਬੰਨੇ ਹੋਏ ਹਨ। ਸਿਆਹੀ ਕਾਲੀ। ਸਤਰਾਂ ਪ੍ਰਤੀ ਪੰਨਾ-12 ਹਨ।
ਆਮ ਵੇਰਵਾ : ਪੋਥੀ ਖੁੱਲੇ ਪੱਤਰਿਆਂ ਵਿਚ ਹੈ, ਕਾਨੀ ਬਦਲ ਬਦਲ ਕੇ ਲਿਖਾਈ ਕੀਤੀ ਹੋਈ ਹੈ। ਲਿਖਾਈ ਵਿਚ ਵਿਚ ਧੱਬਿਆਂ ਵਾਲੀ ਹੈ। ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ।
ਆਰੰਭ : "ੴ ਸਤਿਗੁਰ ਪ੍ਰਸਾਦਿ॥ ਅਥ ਰਾਜਨੀਤ ਲਿਖਯਤੇ॥ਦੋਹਰਾ॥ ਸਤਗੁਰ ਸਤ ਸਰੂਪ ਹੈ ਜਾਤੇ ਬ੍ਰਹਮ ਵਿਚਾਰ॥ ਓਅੰ ਤੇ ਪਰਗਟ ਭਯੋ ਤ੍ਰੈ ਗੁਨਿ ਤ੍ਰੈ ਬਿਧ ਸੰਸਾਰ॥੧॥ ਉਤਮ ਮਧਮ ਅਧਮ ਹੈ

ਉਤਮ ਗਯਾਨੀ ਜਾਨ॥ ਮਧਮ ਬਿਵਹਰੀ ਜਗਤ ਅਧਮ ਜੋ ਨਹ ਕਛ ਗਿਆਨ॥ ਸ੍ਵੈ ॥ ਇਸ ਤੇ ਪ੍ਰਨਵੋ ਗੁਰ ਕੇ ਪਗ ਪੰਕਜ ਜਾਸੀ ਕ੍ਰਿਪਾ ਦ੍ਰਿਗ ਗਯਾਨ ਕੇ ਪਾਏ॥''

ਅੰਤ : ''ਕੈਸੇ ਅਬ ਛੂਟੈ ਕਹੈ ਉਡੋ ਬਲ ਪਾਇ ਸਭ ਚੁੰਡੇ ਨਭਗਏ ਦੇਖੇ ਬੰਧਕ ਪਧਾਰਯੋ॥ ਕਾਹੂ ਕਹਯੇ ਜਾਤ ਏ ਭੋ ਜਾਤ ਮੈ ਨ ਮਾਹ ਪਾਰਧੀ ਸੋ ਕਹੈ ਵੈਰ ਆਪ ਮੈ ਹੈ ਧਾਰਯੋ॥ ਬਲ ਹਮਲਾਵੈ ਵਹ ਕਹ ਹਮਲਾਵੈ ਸੰਗ ਈਰਖਾ ਤੇ ਗਿਰੇ ਮੈਲਿ ਜਾਵੋ ਏਕਾ ਟਾਰਯੋ॥੩॥ਦੋ॥ ਵੈਸੇ ਕਰਤੇ ਵਾਇ ਕੌ ਤਜਯੋ ਦਰਪਨਿਜ ਮਾਹ॥ ਗਿਰੇ ਐਸ ਦੁਬਿਧਾ ਬਿਖੇ ਸਾਂਤ ਬਿਖੇ ਸੁਖ ਆਹ॥੪॥੧॥੬੩॥॥''

ਹੱਥ ਲਿਖਤ ਨੰ : MS 5079

ਸਿਰਲੇਖ : ਪ੍ਰੇਤ ਮੰਜਰੀ

ਲੇਖਕ : ਧਯਾਨ ਸਿੰਘ

ਪੱਤਰੇ : 1 ੳ - 27 ਅ

ਆਕਾਰ : 25 X 17 ਸ.ਮ. ਲਿਖਤ 20 X 13 ਸ.ਮ.

ਵੇਰਵਾ : ਜਿਲਦ ਖੁੱਲੇ ਪੱਤਰੇ, ਗੱਤੇ ਵਿਚ ਬੰਨੇ ਹੋਏ ਹਨ। ਸਿਆਹੀ ਕਾਲੀ। ਸਤਰਾਂ ਪ੍ਰਤੀ ਪੰਨਾ-12 ਹਨ।

ਆਮ ਵੇਰਵਾ : ਲਿਖਾਈ ਵਿਚ ਵਿਚ ਧੱਬਿਆਂ ਵਾਲੀ ਹੈ ਪਰ ਪੜ੍ਹੀ ਜਾਂਦੀ ਹੈ। ਪੋਥੀ ਦੀ ਹਾਲਤ ਠੀਕ ਠੀਕ। ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ।

ਆਰੰਭ : ''ੴ ਸਤਿਗੁਰ ਪ੍ਰਸਾਦਿ॥ ਅਥ ਪ੍ਰੇਤ ਮੰਜਰੀ ਗ੍ਰੰਥ ਲਿਖਯਤੇ॥ਦੋਹਰਾ॥ ਬੰਦਤ ਤ ਹੌ ਗੁਰਪਦ ਕਮਲ ਗੁਰ ਨਾਨਕ ਅਵਤਾਰ॥ ਸ੍ਰੀ ਗੁਰ ਗੋਬਿੰਦ ਸਿੰਘ ਲੌ ਦਸ ਭਵੇ ਤਾਰਨਹਾਰ॥ ਸ੍ਰੀ ਗਣੇਸ ਸ੍ਰੀ ਸਾਰਦਾ ਬ੍ਰਹਮਾ ਬਿਸਨ ਮਹੇਸ॥ ਪਾਦ ਪਦਮ ਬੰਦਨ ਕਰੌ ਕਾਏ ਬਿਘਨ ਕਲੇਸ ॥ਸ੍ਵੈਟ॥ ਸ੍ਰੀ ਮਤ ਵਿਸਨ ਮਿਗੇਸ ਪਿਤਾਮਾ ਬਿਸ ਅਰੋੜ ਮੈ ਗਯਾਨਿ॥''

ਅੰਤ : ''ਦੇਵ ਸਰੂਪ ਨਾਰਾਯਨ ਹੈ ਰਖੀਏ ਪ੍ਰਭ ਬਿਰਦ ਕੀ ਲਾਜ ਪਛਾਨੋ॥੬॥ ਦੋਹਰਾ॥ ਗੁਰਚਰਨ ਨਾਮ ਹਬਾਸਰਹੌ ਲੋਕ ਪਰਲੋਕ ਮਮ॥ ਧਯਾਨ ਸਿੰਘ ਲਖ ਦਾਸ ਸਤ ਗੁਰ ਢਿਗ ਬਿਨਤੀ ਕਰੈ॥''

ਹੱਥ ਲਿਖਤ ਨੰ : MS 5080

ਸਿਰਲੇਖ : ਚਿਤਰ ਬਿਲਾਸ

ਲੇਖਕ : ਅੰਮ੍ਰਿਤ ਰਾਏ

ਪੱਤਰੇ : 1 ੳ - 18 ਅ

ਆਕਾਰ : 22.5X 16 ਸ.ਮ. ਲਿਖਤ 17 X 11 ਸ.ਮ.

ਵੇਰਵਾ : ਜਿਲਦ ਖੁੱਲੇ ਪੱਤਰਿਆਂ ਨੂੰ ਦੋ ਗੱਤਿਆਂ ਵਿਚ ਬੰਨਕੇ ਇਕ ਖਾਕੀ ਕਾਗਜ਼ ਵਿਚ ਲਪੇਟਿਆ ਹੋਇਆ। ਸਿਆਹੀ ਕਾਲੀ। ਸਤਰਾਂ ਪ੍ਰਤੀ ਪੰਨਾ-12 ਹਨ।

ਆਮ ਵੇਰਵਾ : ਪੋਥੀ ਦੀ ਹਾਲਤ ਬਹੁਤ ਵਧੀਆ ਨਹੀਂ ਹੈ। ਲਿਖਾਈ ਵਿਚ ਵਿਚ ਧੱਬਿਆਂ ਵਾਲੀ ਹੈ ਪਰ ਪੜੀ ਜਾਂਦੀ ਹੈ। ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ।

ਆਰੰਭ : ''ੴ ਸ੍ਰੀ ਗਨਪਤੇਨਮਾ:॥ ਅਥ ਚਿਤ੍ਰ ਬਿਲਾਸ ਕੁਵ ਕ੍ਰਿਤ ਅੰਮ੍ਰਿਤ ਰਾਇ ਲਿਖਯਤੇ॥ਛਪੈ॥ ਸੁੰਢ ਦਿਢ ਭਸੁੰਡ ਸੰਧੂਰ ਭੁਰਬਰ॥ ਕੇਸਰ ਡਿਆਲ ਝੰਡ ਸੇਸ ਸੋ ਖੰਡ ਭਾਲ ਪਰ॥ ਮੁਕਟ ਚੰਡ ਸੁ ਪਚੰਡ ਰੀਡ ਮਦ ਝਰਨ ਛਲਤ ਚ੍ਵੈ॥ ਕੁੰਡਲ ਕਰਨ ਅਖੰਡ ਚਢੇ ਜਨਮਾਰਤੰਡਦ੍ਵੈ॥''

ਅੰਤ :''੧੩੧॥ਦੋਹਰਾ॥ਚਿਤ੍ਰਜਾਤ ਅਭਰਨ ਕਛੂ ਬਰਨੀ ਅੰਮ੍ਰਿਤ ਰਾਇ॥ ਤਰੇ ਚਿਤ੍ਰ ਕੀ ਬਿਤ ਅਥ ਕਹ ਚਤ੍ਰੰਗ ਬਨਾਇ॥੩੨॥ ਇਸ ਸ੍ਰੀ ਚਿਤ੍ਰ ਬਿਲਾਸ ਕ੍ਰਿਤ ਕਵ ਅੰਮ੍ਰਿਤ ਰਾਇ ਸਮਾਪਤੰ॥''

ਹੱਥ ਲਿਖਤ ਨੰ : MS 5081
ਸਿਰਲੇਖ : ਸਿੰਘਾਨ (ਸਿੰਘਾਸਨ) ਬਤੀਸੀ
ਲੇਖਕ : ਸੇਵਾ ਸਿੰਘ, ਕਵਿ
ਪੱਤਰੇ : 1 ੳ - 97 ੳ
ਆਕਾਰ : 14 X 8 ਸ.ਮ. ਲਿਖਤ 10 X 7 ਸ.ਮ.
ਵੇਰਵਾ : ਜਿਲਦ ਗੱਤਾ ਰੈਕਸੀਅਨ। ਸਿਆਹੀ ਕਾਲੀ ਵਖਰੇਵੇਂ ਲਈ ਲਾਲ। ਹਾਸ਼ੀਆ ਦੋਵੇਂ ਪਾਸੇ ਦੋ ਦੋ ਕਾਲੀਆਂ ਲਕੀਰਾਂ। ਸਤਰਾਂ ਪ੍ਰਤੀ ਪੰਨਾ-8 ਹਨ।
ਆਮ ਵੇਰਵਾ : ਪੋਥੀ ਦੀ ਹਾਲਤ ਠੀਕ ਠੀਕ, ਲਿਖਾਈ ਸੁੰਦਰ, ਕਈ ਪੰਨਿਆਂ ਉਪਰ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ। ਕੰਨੇ ਦੀ ਥਾਂ ਤੇ ਬਿੰਦੀ ਦਾ ਪਰਯੋਗ ਕੀਤਾ ਹੋਇਆ ਹੈ। ਪਹਿਲਾ ਪੱਤਰਾ ਉਖੜਿਆ ਹੋਇਆ ਹੈ।
ਆਰੰਭ : "ੴ ਸਤਿਗੁਰ ਪ੍ਰਸਾਦਿ॥ ਅਥ ਸਿੰਘਾਸਨ ਬਤੀਸੀ ਕਿਰਤ ਕਵਿ ਸੇਵਾ ਸਿੰਘ॥ ਸਦਾ ਭਵਾਨੀ ਦਯਾਨੀ ਗੌਰੀ ਪੁਤ੍ਰ ਗਨੇਸਾ॥ ਪਾਚ ਦੇਵ ਰਖਯਾ ਕਰੈ ਬ੍ਰਹਮ ਬਿਸਨ ਮਹੇਸ॥੧॥ਦੋ॥ ਮੰਗਲਾਯ ਕਰ ਨਾਮ ਤਨ ਸਰਬ ਕਲਾ ਗੁਣਦਾਹ॥ ਮਮ ਮਾਨਸ॥ ਹੰਸ ਵਤ ਰਮਣ ਕਰਹੁ ਸ੍ਰੀ ਰਾਮ॥੨॥ ਭੋਜ ਰਾਜ ਉਜੈਨ ਮੈ ਮੰਤ੍ਰਨ ਸਹਿਤਾ ਬਿਰਾਜ॥ ਕਰਨਾ ਕਰ ਸੁਖ ਦੇਖ ਦੇਤ ਹੈ ਪ੍ਰਜਾ ਕੋ ਸੁਖ ਸਾਜ॥੨॥ ਨਗਰ ਉਜੈਨੀ ਮੈ ਤਖਤ ਨਿਕਸਿਉ ਹੇਤ ਕਿਸਾਨ॥ ਭੋਜ ਰਾਜ ਜਬ ਦੇਖਿਓ ਮਨ ਮਹਿ ਅਤਿ ਹਰਖਾਨ॥੪॥"
ਅੰਤ : "ਉਸਤਤਿ ਬਿਕ੍ਰਮ ਕੀਜੀਓ ਭੁਪਤਿ ਭੋਜ ਸੁਨਾਇ॥ ਨੀਕੇ ਭੋਜ ਨਿਹਾਰ ਕੈ ਸੁਰ ਪੁਰ ਆਵਹੁ ਧਾਇ॥੧੩॥ ਅਬ ਭੁਪਤ ਤ੍ਵੈ ਦਰਸ ਭਯੋ ਬਿਦਾ ਦੇਹਿ ਉਤਿ ਜਾਹਿ॥ ਸੋਭ ਤੁਮਾਰੀ ਕੀਜੀਏ ਸਭਾ ਇੰਦ੍ਰ ਕੀ ਜਾਇ॥ ਤੋਰ ਚਰਨ ਕੇ ਦਰਸ ਤੇ ਛੁਟੀ ਸ੍ਰਾਪਤੇ ਸਰਬ॥ ਇੰਦ੍ਰ ਲੋਕ ਕੌ ਤੇ ਗਈ ਤਿਆਗ ਸਰਬ ਮਨ ਗਰਬ॥੧੫॥ ਇਤਿ ਸਿੰਘਾਸਨ ਬਤੀਸੀ ਸੰਪੂਰਨੰ॥"

ਹੱਥ ਲਿਖਤ ਨੰ : MS 5082 ਸੰਗ੍ਰਹਿ
ਸਿਰਲੇਖ : ਪੋਥੀ-ਗੁਰਬਾਣੀ
ਲਿਖਾਰੀ : ਨਿਧਾਨ ਸਿੰਘ
ਸਮਾਂ : ਸੰਮਤ 1944
ਸਥਾਨ : ਧਰਮਸਾਲ ਭਾਈ ਗੁਲਾਬ ਸਿੰਘ
ਪੱਤਰੇ : 1 ੳ - 212 ੳ
ਆਕਾਰ : 18 X 19 ਸ.ਮ. ਲਿਖਤ 13 X 14 ਸ.ਮ.
ਵੇਰਵਾ : ਜਿਲਦ ਗੱਤਾ ਰੈਕਸੀਅਨ। ਸਿਆਹੀ ਕਾਲੀ, ਵਖਰੇਵੇਂ ਲਈ ਲਾਲ। ਹਾਸ਼ੀਆ ਦੋਵੇਂ ਪਾਸੇ ਦੋ ਦੋ ਕਾਲੀਆਂ ਲਕੀਰਾਂ। ਸਤਰਾਂ ਪ੍ਰਤੀ ਪੰਨਾ-12 ਹਨ।
ਆਮ ਵੇਰਵਾ : ਪੋਥੀ ਭਿੱਜੀ ਹੋਈ, ਵਿਚ ਵਿਚ ਪੱਤਰੇ ਖਸਤਾ ਹਾਲਤ ਵਿਚ ਹਨ, ਲਿਖਾਈ ਸੁੰਦਰ, ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ। ਹਾਸ਼ੀਏ ਤੋਂ ਬਾਹਰ ਲਿਖਤ। ਲਿਖਾਈ ਧੱਬਿਆਂ ਵਾਲੀ ਹੋਣ ਕਰਕੇ ਬਹੁਤੀ ਸਾਫ ਨਹੀਂ ਹੈ।
ਆਰੰਭ : "ੴ ਸਤਿਨਾਮ ਕਰਤਾ ਪੁਰਖ ਨਿਰਭਓ ਨਿਰਵੈਰ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥ ਗੁਰ ਪ੍ਰਸਾਦਿ॥ਜਪੁ ॥ ਆਦਿ ਸਚੁ॥ ਜੁਗਾਦਿ ਸਚ॥ ਹੈਭੀ ਸਚੁ॥ ਨਾਨਕ ਹੋਸੀ ਭੀ ਸਚੁ॥" ਅੱਗੇ "ਮਾਝ ਮਹਲਾ ਪ ਚਉਪਦੇ ਘਰ ੧॥ ਮੇਰਾ ਮਨ ਲੋਚੇ ਗੁਰ ਦਰਸਨ ਤਾਈ॥ ਬਿਲਪ ਕਰੇ ਚਾਤ੍ਰਿਕੀ ਨਿਆਈ॥" ਅਗੇ ਰਹਿਰਾਸ-ਸੋਦਰੁ ਰਾਗ ਆਸਾ ਮਹਲਾ ੧ ਰਾਮਕਲੀ ਮਹਲਾ ੧।

ਸਿਧ ਗੋਸਟਿ ਇਸੇ ਤਰ੍ਹਾਂ ਹੋਰ ਬਾਣੀਆਂ ਦਿਤੀਆਂ ਹੋਈਆਂ ਹਨ, ਜੋ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਗਾਂ ਅਨੁਸਾਰ ਹਨ।

ਅੰਤ : "ਪਉੜੀ॥ ਵੱਡੇ ਕੀਆ ਵਡਿਆਈਆ ਕਿਛੁ ਕਹਣਾ ਕਹਣ ਨਾ ਜਾਇ ਸੋ ਕਰਤਾ ਕਾਦਰ ਕਰੀਮ ਦੇ ਜੀਅ ਰਿਜਕ ਸੰਬਾਹਿ॥ ਸਾਈ ਕਾਰ ਕੰਮਾਵਣੀ ਧੁਰਿ ਛੋਡੀ ਤਿਨੈ ਪਾਇ॥ ਨਾਨਕ ਏਕੀ ਬਾਹਰੀ ਹੋਰ ਦੂਜੀ ਨਾਹੀ ਜਾਇ॥ ਸੋ ਕਰੈ ਜੋ ਤਿਸੈ ਰਜਾਇ॥੨੪॥੧॥ਸੁਧ॥=॥=॥="

ਹੱਥ ਲਿਖਤ ਨੰ : MS 5082 ਅ
ਸਿਰਲੇਖ : ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ
ਲਿਖਾਰੀ : ਨਿਧਾਨ ਸਿੰਘ
ਸਮਾਂ : ਸੰਮਤ 1944
ਸਥਾਨ : ਧਰਮਸਾਲ ਭਾਈ ਗੁਲਾਬ ਸਿੰਘ
ਪੱਤਰੇ : 212 ੳ-267 ਅ
ਆਕਾਰ : 18 X 19 ਸ.ਮ. ਲਿਖਤ 13 X 14 ਸ.ਮ.
ਵੇਰਵਾ : ਜਿਲਦ: ਗੱਤਾ ਰੈਕਸੀਅਨ; ਸਿਆਹੀ ਕਾਲੀ, ਵਖਰੇਵੇਂ ਲਈ ਲਾਲ; ਹਾਸ਼ੀਆ ਦੋਵੇਂ ਪਾਸੇ ਦੋ ਦੋ ਕਾਲੀਆਂ ਲਕੀਰਾਂ, ਵਿਚਕਾਰ ਇਕ ਵੱਡੀ ਪੀਲੀ ਲਕੀਰ; ਸਤਰਾਂ ਪ੍ਰਤੀ ਪੰਨਾ-17
ਆਮ ਵੇਰਵਾ : ਪੋਥੀ ਭਿੱਜੀ ਹੋਈ, ਪੱਤਰੇ ਵਿਚ ਵਿਚ ਖਸਤਾ ਹਾਲਤ ਵਿਚ ਹਨ, ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ। ਕਈ ਪੱਤਰਿਆਂ ਉਪਰ ਲਿਖਾਈ ਵੀ ਧੱਬਿਆਂ ਵਾਲੀ ਹੈ ਪਰ ਪੜ੍ਹੀ ਜਾਂਦੀ ਹੈ। ਕਈ ਪੰਨਿਆਂ ਉਪਰ ਲਿਖਾਈ ਹਾਸ਼ੀਏ ਵਾਲੀ ਥਾਂ ਕੀਤੀ ਹੋਈ ਹੈ।
ਆਰੰਭ : "੧ੴ ਸਤਿਗੁਰ ਪ੍ਰਸਾਦਿ॥ ਸਾਖੀ ਗੁਰੂ ਨਾਨਕ ਸਾਹਿਬ ਜਨਮਿ ਲਿਆ॥ ਤਬ ਨਾਨਕ ਨਿਰੰਕਾਰ ਸਤੀ ਖੰਡੀ ਸਤੀ ਬ੍ਰਹਮੰਡੀ ਜਾਤਾ॥ ਹੁਕਮ ਨਿਰੰਕਾਰ ਦਾ ਗੁਰੂ ਨਾਨਕ ਸਾਹਿਬ ਨੂੰ ਹੋਇਆ॥ ਚਾਰ ਲਖ ਤੇ ਬਤੀ ਹਜਾਰ ਬ੍ਰਸਿ ਕੁਲਿ ਜੁਗ ਕੌ ਪਰਮਾਨ ਬੀਤਣਾ ਹੈ। ਤੂੰ ਜਾਹਿ ਕਾਲੂ ਦੇ ਘਰਿ ਜਨਮੁ ਧਾਰੁ॥ ਔਰ ਮੇਰਾ ਸਿਮਰਨਿ ਭਜਨੁ ਇਨਾ ਸੰਸਾਰੀਆਂ ਨੂੰ ਦੇਹ॥ ਸਬਦੁ ਮੇਰੇ ਨਾਮ ਨਾ ਨਾਥੋ ਜਪਾਓ॥ ਜੋ ਤੇਰੀਆ ਰਸਨਾ ਥੀ ਨਿਕਸੰਗਾ॥" ਇਸ ਨਾਮ ਨੂੰ ਜੋ ਪੜ੍ਹਨਗੇ ਅਰੁ ਜਪੁਣਗੇ ਸੁਣਨਗੇ ਪ੍ਰੀਤ ਕਰਕੇ ਤੇਰੀਆਂ ਰਸਨਾ ਥੋ ਓਨਾ ਦਾ ਮੈ ਉਧਾਰੁ ਕਰਾਗਾਂ॥ ਹੇ ਸਖ ਨਾਨਕ ਮੇਰੇ ਵਿਚ ਅਤੇ ਤੇਰੇ ਵਿਚ ਜੋ ਕੋਈ ਭਿੰਨ ਭੇਦ ਜਾਨੇਗਾ ਤਿਸ ਕਾ ਮੈਂ ਉਧਾਰ ਕੀਕਣ ਹੋਣ ਦੇਵਾਂਗਾ॥"
ਅੰਤ : "ਜਨਮ ਸਾਖੀ ਪੂਰੀ ਹੋਈ ਬਾਵੇ ਨਾਨਕ ਗੁਰੂ ਜੀ ਦੀ॥ ਵਾਹਿਗੁਰੂ ਨਾਮ ਮੇ ਰਹੈ। ਜੋ ਜਪੇਗਾ ਸੁ ਮੇਰਾ ਅਰੁ ਮੈ ਉਸਦਾ ਜੋ ਨਾਨਕ ਸਾਹਿ ਗੁਰੂ ਗੁਰੂ ਕਰਕੇ ਜਪੇਗਾ ਸੋ ਮੈਨੂੰ ਜਪੈਗਾ। ਜੋ ਉਸ ਨੂੰ ਧਿਆਵੈ ਗਾ ਸੋ ਮੈਨੂੰ ਧਿਆਵੈ ਗਾ॥ ਸੋ ਪ੍ਰਮ ਪ੍ਰਮੋਛ ਕੋ ਪਾਵੈਗਾ॥ ਸਤਿਗੁਰੂ ਨਾਨਕ ਨਿਰੰਕਾਰ ਹੈ। ਸੋ ਮੇਰਾ ਜੀਓ ਅਰੁ ਮੇਰੇ ਪ੍ਰਾਣ ਹੈਨ ਜੋ ਏਸ ਸਾਖੀ ਦਾ ਪਾਠ ਕਰੈਗਾ॥ ਮਨ ਨੇਹਚਾ ਕਰ ਕੇ ਸੁਣੇਗਾ, ਪੜੇਗਾ ਮੋਖ ਮੁਕਤ ਪਦਵੀ ਨੂੰ ਪ੍ਰਾਪਤ ਹੋਵੇ॥ ਪੋਥੀ ਲਿਖੀ ਨਿਧਾਨ ਸਿੰਘ ਧ੍ਰਮਸਾਲ ਭਾਈ ਗੁਲਾਬ ਸਿੰਘ ਦੀ ਧ੍ਰਮਸਾਲ ਵਿਚ ਵੀਲੇ ਤੇਜੇ ਲਿਖਾਈ ਸੰਮਤ ਉਨੀ ਸੈ ਚੋਤਾਲੀ ਮਿਤੀ ਜੁਠ ਦਿਨ ਤੇਰਵੀ ਭੁਲ ਚੁਕ ਬਖਸਣੀ ਸੋਧ ਕੇ ਪੜਨਾ॥=॥=॥=॥="

ਹੱਥ ਲਿਖਤ ਨੰ : MS 5082 ਏ
ਸਿਰਲੇਖ : ਵਾਰ ਸ੍ਰੀ ਭਗਉਤੀ ਜੀ-ਪਾਤਿਸਾਹੀ ੧●
ਲਿਖਾਰੀ : ਨਿਧਾਨ ਸਿੰਘ
ਸਮਾਂ : ਸੰਮਤ 1944
ਸਥਾਨ : ਧਰਮਸਾਲ-ਭਾਈ ਗੁਲਾਬ ਸਿੰਘ

ਪੱਤਰੇ : 267 ੳ–283 ਅ

ਆਕਾਰ : 18 X 19 ਸ.ਮ. ਲਿਖਤ 13 X 14 ਸ.ਮ.

ਵੇਰਵਾ : ਓਹੀ। ਸਤਰਾਂ ਪ੍ਰਤੀ ਪੰਨਾ–13 ਹਨ।

ਆਮ ਵੇਰਵਾ : ਪੋਥੀ ਦੇ ਇਸ ਭਾਗ ਦੇ ਪੱਤਰਿਆਂ ਦੀ ਹਾਲਤ ਖਸਤਾ; ਪੋਥੀ ਭਿੱਜੀ ਹੋਈ ਹੈ। ਲਿਖਾਈ ਹਾਸ਼ੀਏ ਵਾਲੀ ਥਾਂ ਅਤੇ ਬਿੰਦੀ ਦਾ ਪਰਯੋਗ ਕੰਨੇ ਦੀ ਥਾਂ ਤੇ ਕੀਤਾ ਹੋਇਆ ਹੈ। ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ।

ਆਰੰਭ : "ੴ ਸ੍ਰੀ ਵਾਹਿਗੁਰੂ ਜੀ ਕੀ ਫਤੇ॥ ਸ੍ਰੀ ਭਗਉਤੀ ਸਹਾਇ॥ ਵਾਰ ਸ੍ਰੀ ਭਗਉਤੀ ਜੀ ਕੀ ਪਾਤਿਸਹੀ ੧●॥ਪ੍ਰਿਥਮ ਭਗਉਤੀ ਸਿਮਰ ਕੈ ਗੁਰ ਨਾਨਕ ਲਈ ਧਿਆਇ॥ ਫਿਰ ਅੰਗਦ ਗੁਰ ਤੇ ਅਮਰ ਦਾਸ ਰਾਮਦਾਸੈ ਹੋਈ ਸਹਾਇ॥ ਅਰਜਨ ਹਰਿ ਗੋਬਿੰਦ ਨੌ ਸਿਮਰੋ ਸ੍ਰੀ ਹਰਿ ਰਾਇ॥ ਸ੍ਰੀ ਹਰਿ ਕ੍ਰਿਸਨ ਧਿਆਈਐ ਜਿਸ ਡਿਠੇ ਸਭ ਦੁਖ ਜਾਇ॥ ਤੇਗ ਬਹਾਦਰ ਸਿਮਰੀਏ ਘਰ ਨੌ ਨਿਧ ਆਵੈ ਧਾਇ॥ ਸਭ ਥਾਈਂ ਹੋਇ ਸਹਾਇ॥ਪਉੜੀ॥ ਖੰਡਾ ਪ੍ਰਿਥਮੈ ਸਾਜ ਕੈ ਜਿਨ ਸਭ ਸੰਸਾਰ ਉਪਾਇਆ॥"

ਅੰਤ : "ਪਉੜੀ ਸੁੰਭ ਨਿਸੁਭੰ ਪਰਾਇਆ ਜਮ ਦੇ ਧਾਮ ਨੋ॥ ਇੰਦ ਸਦ ਬੁਲਾਇਆਂ ਰਾਜੇ ਅਭਿਖੋਖਨੋ॥ਚੌਦਹਿ ਲੋਕਾਂ ਛਾਇਆ ਜਸ ਜਗ ਮਾਤ ਦਾ॥ ਦੁਰਗਾ ਪਾਠ ਬਣਾਇਆ ਸਭੇ ਪਉੜੀਆ ਫੇਰ ਨ ਜੂਨੀ ਆਇਆ ਜਿਨ ਇਹ ਗਾਇਆ॥=॥=॥ਪੋਥੀ ਦਾ ਉਤਾਰਾ ਕੀਤਾ ਨਿਧਾਨ ਸਿੰਘ ਧਰਮਸਾਲੀਆ ਭਾਈ ਗੁਲਾਬ ਸਿੰਘ ਦੀ ਧਰਮਸਾਲ ਵੀਲੇ ਤੇਜੋ"॥॥
ਅੱਗੇ ਰਚਨਾ ਖਤਮ ਹੈ।

ਹੱਥ ਲਿਖਤ ਨੰ : MS 5084

ਸਿਰਲੇਖ : ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ

ਪੱਤਰੇ : 1ੳ–785 ਅ

ਆਕਾਰ : 35 X 32 ਸ.ਮ. ਲਿਖਤ 24 X 23 ਸ.ਮ.

ਵੇਰਵਾ : ਜਿਲਦ ਗੱਤਾ ਕਪੜਾ। ਸਿਆਹੀ ਕਾਲੀ। ਹਾਸ਼ੀਆ ਦੋਹਰਾ,ਚਾਰੇ ਪਾਸੇ ਬਣਿਆ ਹੋਇਆ ਹੈ। ਕਾਲੀਆਂ, ਲਾਲ ਅਤੇ ਸੁਨਹਿਰੀ ਲਕੀਰਾਂ ਨਾਲ। ਸਤਰਾਂ ਪ੍ਰਤੀ ਪੰਨਾ–21 ਹਨ।

ਆਮ ਵੇਰਵਾ : ਗ੍ਰੰਥ ਦੇ ਸ਼ੁਰੂ ਵਿਚ ਵਿਸਥਾਰ ਸਹਿਤ ੨੪ ਪੰਨਿਆ ਦਾ ਤੱਤਕਰਾ ਦਿਤਾ ਹੋਇਆ ਹੈ। ਰਾਗਾਂ ਅਨੁਸਾਰ ਜਿਥੇ ਬਾਣੀ ਨਵੀਂ ਸ਼ੁਰੂ ਹੁੰਦੀ ਹੈ ਬੜਾ ਸੁੰਦਰ ਹਾਸ਼ੀਆ ਬਣਾਇਆ ਹੋਇਆ ਹੈ। ਕੰਨੇ ਦੀ ਥਾਂ ਤੇ ਬਿੰਦੀ ਦਾ ਪਰਯੋਗ ਕੀਤਾ ਹੋਇਆ ਹੈ। ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ। ਲਿਖਾਈ ਸੁੰਦਰ, ਗ੍ਰੰਥ ਦੀ ਹਾਲਤ ਠੀਕ ਠੀਕ ਹੈ।

ਆਰੰਭ : "ੴ ਸਤਿਨਾਮ ਕਰਤਾ ਪੁਰਖ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥ ਜਪੁ॥ ਆਦਿ ਸਚ॥ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥੧॥" ਅੰਤ ਵਿਚ ਰਾਗ ਮਾਲਾ ਦਿਤੀ ਹੋਈ ਹੈ ਕੋਈ ਸੰਮਤ ਆਦਿ ਨਹੀਂ ਦਿਤਾ ਹੋਇਆ, ਪਰ ਲਿਖਾਈ ਤੋਂ ਅਤੇ ਕਾਗਜ਼ ਤੋਂ ਇੰਝ ਮਾਲੂਮ ਹੁੰਦਾ ਹੈ ਕਿ ਗ੍ਰੰਥ ਬਹੁਤ ਪੁਰਾਣਾ ਨਹੀਂ ਹੈ।

ਅੰਤ : "੧॥ ਖਸਟਮ ਮੇਘ ਰਾਗੁ ਵੈ ਗਾਵਹਿ॥ ਪਾਂਚਉ ਸੰਗਿ ਬਰੰਗਨ ਲਾਵਹਿ॥ ਸੋਰਠਿ ਗੋਡ ਮਲਾਰੀ ਧੁਨੀ॥ ਪੁਨਿ ਗਾਵਹਿ ਆਸਾ ਗੁਨ ਗੁਨੀ॥ ਊਚੈ ਸੁਰ ਸੂਹਉ ਪੁਨਿ ਕੀਨੀ॥ ਮੇਘ ਰਾਗ ਸਿਉ ਪਾਂਚਉ ਚੀਨੀ॥੧॥ ਬੈਰਾਧਰ ਗਜਧਰ ਕੇਦਾਰਾ॥ ਜਬਲੀ ਧਰ ਨਟ ਅਉਜਲ ਧਾਰਾ ਪੁਨਿ ਗਾਵਹਿ ਸੰਕਰ ਅਉ ਸਿਆਮਾ॥ ਮੇਘ ਰਾਗ ਪੁਤ੍ਰਨ ਕੇ ਨਾਮਾ॥ ਖਸਟ ਰਾਗ ਉਨ ਗਾਏ ਸੰਗ ਰਾਗਨੀ ਤੀਸ॥ ਸਭੈ ਪੁਤ੍ਰ ਰਾਰੰਗ ਕੇ ਅਠਾਰਹਿ ਦਸ ਬੀਸ॥੧॥੬॥=॥=॥="

ਹੱਥ ਲਿਖਤ ਨੰ : MS 5085 ਸੰਗ੍ਰਹਿ
ਸਿਰਲੇਖ : ਕਾਵਿ ਸੰਗ੍ਰਹਿ ਸਿਹਰਫੀ
ਲੇਖਕ : ਗੁਪਾਲ ਸਿੰਘ
ਸਮਾਂ : ਸੰਮਤ 1890
ਪੱਤਰੇ : 1ੳ-12 ੳ
ਆਕਾਰ : 14 X 10 ਸ.ਮ. ਲਿਖਤ 10 X 8 ਸ.ਮ.
ਵੇਰਵਾ : ਜਿਲਦ ਗੱਤਾ ਰੈਕਸੀਅਨ। ਸਿਆਹੀ ਕਾਲੀ ਵਖਰੇਵੇਂ ਲਈ ਲਾਲ। ਹਾਸ਼ੀਆ ਦੋਵੇਂ ਪਾਸੇ ਦੋ ਦੋ ਲਾਲ ਲਕੀਰਾਂ। ਸਤਰਾਂ ਪ੍ਰਤੀ ਪੰਨਾ-9 ਹਨ।
ਆਮ ਵੇਰਵਾ : ਪੋਥੀ ਦੀ ਹਾਲਤ ਖਸਤਾ, ਇਕ ਪਾਸੇ ਤੋਂ ਪੱਤਰੇ ਕ੍ਰਿਮ ਖੁਰਦਾ ਭਿਜੇ ਹੋਏ; ਲਿਖਾਈ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ। ਲਿਖਾਈ ਧਬਿਆਂ ਵਾਲੀ ਪਰ ਪੜ੍ਹਨ ਯੋਗ ਹੈ।
ਆਰੰਭ : "ਦਿਸਣੋ ਮੁਖ ਪਿਆਰਿਆਂ ਦਾ॥ ਕੀਆ ਵਸੀਹ ਗੁਪਾਲ ਸਿੰਘ ਅਸਾਂ ਇਸ਼ਕ ਦੇ ਮੁਇਆ ਨੂ ਮਾਰਿਆਂ ਦਾ॥੧॥ ਬੇ ਬਿਛਰੇ ਹੋ ਜਿਨਾ ਦਿਨਾ ਦੇ ਜੀ ਤਿਨਾ ਦਿਨਾਂ ਦੇ ਅਸੀ ਹੈਰਾਨ ਹੋਏ ਸਾਨੂੰ ਏਸ ਜਹਾਨ ਦੇ ਸੁਖ ਸਭੈ ਰਬ ਜਾਣਦਾ ਦੁਖ ਦੀ ਖਾਣ ਹੋਏ॥ ਹੀਹਾਂ ਖਾਦੀਆਂ ਸੀਹਾਂ ਦੇ ਵਾਂਗੂ ਸਾਨੂ ਪਾਵੇ ਪਲਘ ਦੇ ਤ੍ਰਿਖੜੇ ਬਾਣੇ ਹੋਏ॥ ਸੁਹਣੇ ਯਾਰ ਬਗੈਰ ਗੁਪਾਲ ਸਿੰਘ ਕੁਲ ਬਾਗ ਬਹਿਸਤ ਮਸਾਂਣ ਹੋਏ॥"
ਅੰਤ : "ਜੇਹੜੇ ਦੁਸ੍ਰ ਸੁਭਾਇ ਕਠੋਰ ਬੁਧੀ ਸੁਣ ਮੁੜ ਸਭੇ ਜਲ ਜਾਨਗੇ ਜੀ॥ ਜੇੜੇ ਪੜ੍ਹਨ ਗੇ ਆਪ ਪਰੀਤਿ ਸੇਤੀ ਆਗੇ ਹੋਰੀ ਨੂ ਵਾਚ ਸੁਣਾਨਗੇ ਜੀ॥ ਤਿਨਾ ਵਿਛੋੜੇ ਮੀਤ ਗੁਲਾਬ ਸਿੰਘਾ ਰਾਮ ਚੰਦ ਜੀ ਆਣ ਮਿਲਾਨਗੇ ਜੀ॥"

ਹੱਥ ਲਿਖਤ ਨੰ : MS 5085 ਅ
ਸਿਰਲੇਖ : ਸਿਹਰਫੀ ਸੰਜੋਗ ਮੰਜਰੀ
ਲੇਖਕ : ਗੁਪਾਲ ਸਿੰਘ
ਸਮਾਂ : ਸੰਮਤ 1890
ਪੱਤਰੇ : 12ੳ-21 ਅ
ਆਕਾਰ : 14 X 10 ਸ.ਮ. ਲਿਖਤ 10 X 8 ਸ.ਮ.
ਵੇਰਵਾ : ਓਹੀ। ਸਤਰਾਂ ਪ੍ਰਤੀ ਪੰਨਾ-9 ਹਨ।
ਆਮ ਵੇਰਵਾ : ਲਿਖਾਈ ਸੁੰਦਰ, ਪੋਥੀ ਦੇ ਇਸ ਭਾਗ ਦੀ ਰਚਨਾ ਦੀ ਹਾਲਤ ਠੀਕ ਠੀਕ ਹੈ। ਕਈ ਪੰਨਿਆਂ ਉਪਰ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ। ਕੰਨੇ ਦੀ ਥਾਂ ਤੇ ਬਿੰਦੀ ਦਾ ਪਰਯੋਗ ਕੀਤਾ ਹੋਇਆ ਹੈ।
ਆਰੰਭ : "ੴ ਸਤਿਗੁਰ ਪ੍ਰਸਾਦਿ॥ ਅਥ ਸਿਹਰਫੀ ਸੰਜੋਗ ਮੰਜਰੀ ਲਿਖਤੇ॥ ਅਲਫ ਅਜ਼ਹਰੀ ਰੱਬਾ ਲੱਜ ਮੇਰੀ ਸੁਹਣੇ ਯਾਰ ਦੀਦਾਰ ਦਿਖਾਇਆ ਈ॥ ਗਿਆ ਦੁਖ ਤੇ ਭੁਖ ਨ ਰਹੀ ਕਾਈ ਸਮਾ ਸੁਖ ਸੰਬੂਹ ਦਾ ਆਇਆ ਈ॥ ਹਡ ਮਾਸ ਤੇ ਮਿੰਝ ਦੇ ਪਿੰਜਰੇ ਥੀ ਗੁਰਾਂ ਆਪ ਨੂ ਭਿੰਨ ਲਖਾਇਆ ਈ॥ ਜਾਨੀ ਘੁਟ ਅਸਾਂ ਗਲ ਲਾਇਆ ਈ॥"
ਅੰਤ : "ਲਗਾ ਸੰਗ ਦਾ ਰੰਗੁ ਨਿਸੰਗ ਮੈਨੂ, ਡਿਠਾ ਸੰਗ ਸਦਾ ਰੰਗ ਈਸਰੀ ਦਾ॥ ਹੁਣ ਹੋਰ ਨ ਭਾਵ ਦਾ ਕੁਝ ਸਾਨੂ ਗੁਰਾ ਦਸਿਆ ਰਾਹੁ ਮੁਨੀਸਰੀ ਦਾ॥ ਗਈ ਭੁਲਾ ਸੰਤਾ ਗੁਪਾਲ ਸਿੰਘਾ ਪਿਆ ਭੋਗੁ ਭੀ ਨਾਲ ਕਵੀਸਰੀ ਦਾ॥੩●॥੨॥"

ਹੱਥ ਲਿਖਤ ਨੰ : MS 5085 ਏ
ਸਿਰਲੇਖ : ਸਿਹਰਫੀ ਗਿਆਨ ਮੰਜਰੀ
ਲੇਖਕ : ਗੁਪਾਲ ਸਿੰਘ
ਸਮਾਂ : ਸੰਮਤ 1890
ਪੱਤਰੇ : 21 ੳ-32 ਅ
ਆਕਾਰ : 14 X 10 ਸ.ਮ. ਲਿਖਤ 10 X 8 ਸ.ਮ.
ਵੇਰਵਾ : ਓਹੀ। ਸਤਰਾਂ ਪ੍ਰਤੀ ਪੰਨਾ-9 ਹਨ।
ਆਮ ਵੇਰਵਾ : ਪੋਥੀ ਇਕ ਪਾਸੇ ਤੋਂ ਭਿੱਜੀ ਹੋਈ ਹੈ ਪਰ ਲਿਖਾਈ ਸਾਫ ਅਤੇ ਪੜ੍ਹੀ ਜਾਂਦੀ ਹੈ। ਕੰਨੇ ਦੀ ਥਾਂ ਤੇ ਬਿੰਦੀ ਦਾ ਪਰਯੋਗ ਕੀਤਾ ਹੋਇਆ ਹੈ।
ਆਰੰਭ : "ੴ ਸਤਿਗੁਰ ਪ੍ਰਸਾਦਿ॥ਅਲਫ ਆ। ਅਥ ਸਿਹਰਫੀ ਗਿਆਨ ਮੰਜਰੀ ਲਿਖਤੇ॥ ਅਲਫ ਅਕਲ ਦੀਆਂ ਅਖੀਆਂ ਖੁਲ ਪਈਆਂ ਮਿਹਰ ਰਬ ਦੀ ਅਸਾ ਤੇ ਬਹੁਤ ਹੋਈ॥ ਗਿਆ ਭੁਲ ਸੀ ਆਪਣਾ ਆਪ ਸਾਥੋਂ ਗੁਰਾ ਦਸਿਆ ਲਧੜਾ ਲਾਲ ਉਹੀ॥ ਵਾਂਗੁ ਦਾਂਮਨੀ ਦਮਕ ਦਾ ਦ੍ਰਿਸਟਿ ਆਇਆ ਸੁਧ ਸਭਿ ਦਾ ਨੰਦ ਅਮੋਲ ਸੋਈ॥ ਮੁਲ ਘਤਸੀ ਕੌਣ ਗੁਪਾਲ ਸਿੰਘਾ ਨਹੀ ਦੂਸਰਾ ਓਸ ਦੇ ਕੋਲ ਕੋਈ॥੧॥"
ਅੰਤ : "ਅਲਫ ਅਸਾ ਤੇ ਓਸਦੇ ਵਿਚ ਸਯੋ ਰਿਹਾ ਭੇਦ ਨਾ ਭਾਸਦਾ ਜਰਾ ਸਾਨੂੰ॥
ਜਾਉ ਵਾਰਨੇ ਮੈ ਤਿਨਾ ਸੱਜਣਾ ਦੇ ਜਿਨਾ ਦਸਿਆ ਪਰੇ ਦਾ ਪਰਾ ਸਾਨੂੰ॥
ਪਾਣੀ ਪਉਣ ਤੇ ਭਾਹ ਭੀ ਅਹਾ ਓਹੀ ਦਿਸੇ ਜੁਦਾ ਅਕਾਸ਼ ਨ ਧਰਾ ਸਾਨੂੰ॥
ਗੁਰ ਧੰਨ ਹੈ ਧੰਨ ਗੁਪਾਲ ਸਿੰਘਾ ਜਿਨਾ ਕੀਤਾ ਹੈ ਖੋਟਿਓ ਖਰਾ ਸਾਨੂੰ॥੩●॥੩॥"

ਹੱਥ ਲਿਖਤ ਨੰ : MS 5085 ਸ
ਸਿਰਲੇਖ : ਸਿਹਰਫੀ ਸੰਖਯਾ ਪੂਰਬਕ ਪ੍ਰਸ਼ੋਤ੍ਰ ਮੰਜਰੀ
ਲੇਖਕ : ਗੁਪਾਲ ਸਿੰਘ
ਸਮਾਂ : ਸੰਮਤ 1890
ਪੱਤਰੇ : 32 ੳ-41 ੳ
ਆਕਾਰ : 14 X 10 ਸ.ਮ. ਲਿਖਤ 10 X 8 ਸ.ਮ.
ਵੇਰਵਾ : ਓਹੀ। ਸਤਰਾਂ ਪ੍ਰਤੀ ਪੰਨਾ-9 ਹਨ।
ਆਮ ਵੇਰਵਾ : ਲਿਖਾਈ ਸੁੰਦਰ, ਪੋਥੀ ਦੀ ਹਾਲਤ ਠੀਕ ਠੀਕ। ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ। ਕੰਨੇ ਦੀ ਥਾਂ ਤੇ ਬਿੰਦੀ ਦਾ ਪਰਯੋਗ ਕੀਤਾ ਹੋਇਆ ਹੈ।
ਆਰੰਭ : "ੴ ਸਤਿਗੁਰ ਪ੍ਰਸਾਦਿ॥ ਅਥ ਸਿਹਰਫੀ ਸੰਖਯਾ ਪੂਰਬਕ ਪ੍ਰਸ਼ੋਤ੍ਰ ਮੰਜਰੀ ਲਿਖਤੇ॥ ਅਲਫ ਆਪਣਾ ਆਪ ਵਿਸਾਰ ਬੈਠੇ, ਮਹਾ ਮੂਰਖਾ ਮਾਰੀ ਹੈ ਅਕਲ ਤੇਰੀ॥ ਇਹੀ ਭੋਗ ਭੋਗੇ ਪਿਛੇ ਬਹੁਤ ਬੇਰੀ; ਲਖ ਜਨਮ ਕਰੋਰ ਦੀ ਚਗਲ ਤੇਰੀ॥ ਨਹੀਂ ਦੇਹਿ ਤੁ ਦੁਖ ਦਾਗੇਹ ਭਯਾ ਨ ਭਰਚਿਆ ਰਬ ਨੇ ਨਕਲ ਤੇਰੀ॥ ਵੇਖ ਪੁਟ ਕੇ ਅੱਖ ਗੁਪਾਲ ਸਿੰਘਾ ਹੈ ਏਹ ਕਿ ਓਹੁ ਹੈ ਸਕਲ ਤੇਰੀ॥੧॥"
ਅੰਤ : "ਦੋਹਰਾ॥ ਧੰਨ ਧੰਨ ਗੁਰ ਧੰਨ ਤਵ ਜਿਹ ਤੁਮ ਦੀਨੋ ਗਯਾਨ॥ ਡੋਲਾਇਆ ਡੋਲਿਓ ਨਹੀ ਧੰਨ ਸਿਖ ਬੁਧਿਮਾਨ॥੩੩॥ ਇਕ ਉਪਰਿ ਬਿਸ੍ਵਾਸ ਸੰਮਤ ਅਠਾਰਾ ਸੈ ਨਬੈ॥ ਕਾਤਕ ਪੂਰਨਮਾ ਸੀਹਰਫੀ ਪੂਰਨ ਭਈ॥੩੪॥"

ਹੱਥ ਲਿਖਤ ਨੰ : MS 5085 ਹ
ਸਿਰਲੇਖ : ਸਿਹਰਫੀ ਗਿਆਨ ਗੰਗੋਤਰੀ

ਲੇਖਕ : ਗੁਪਾਲ ਸਿੰਘ

ਸਮਾਂ : ਸੰਮਤ 1890

ਪੱਤਰੇ : 41 ੳ-51 ਅ

ਆਕਾਰ : 14 X 10 ਸ.ਮ. ਲਿਖਤ 10 X 8 ਸ.ਮ.

ਵੇਰਵਾ : ਓਹੀ। ਸਤਰਾਂ ਪ੍ਰਤੀ ਪੰਨਾ-9 ਹਨ।

ਆਮ ਵੇਰਵਾ : ਇਸ ਭਾਗ ਦੀ ਰਚਨਾ ਦੇ ਸ਼ੁਰੂ ਵਿਚ ਪੱਤਰੇ ਪਾਣੀ ਨਾਲ ਭਿਜੇ ਹੋਏ ਹਨ। ਲਿਖਾਈ ਵਿਚ ਵਿਚ ਧੱਬਿਆਂ ਵਾਲੀ ਹੈ। ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ। ਬਿੰਦੀ ਦਾ ਪਰਯੋਗ ਕੰਨੇ ਦੀ ਥਾਂ ਤੇ ਕੀਤਾ ਹੋਇਆ ਹੈ। ਬਾਕੀ ਭਾਗ ਵਿਚ ਲਿਖਾਈ ਸੁੰਦਰ।

ਆਰੰਭ : "ੴ ਸਤਿਗੁਰ ਪ੍ਰਸਾਦਿ॥ ਅਥ ਸਿਹਰਫੀ ਗਿਆਨ ਗੰਗੋਤਰੀ ਲਿਖਯਤੇ॥ ਅਲਫ ਅਜੇ ਬੀ ਕੁਝ ਨ ਗਇਆ ਤੇਰਾ ਨਹੀਂ ਕੜਕਿਆ ਸੀਸ ਤੇ ਕਾਲ ਤੇਰੇ॥ ਰਿਦੇ ਖੋਜਤ ਹਸੁ ਨੂੰ ਰੋਜ ਪਯਾਰੇ॥ ਵਿਚ ਦਬਿਆ ਪਿਆ ਈ ਮਾਲ ਤੇਰੇ॥ ਪਉਦੀ ਝਲਕ ਉਧੀ ਬਹੁਰ ਦੂਰ ਤਾਈਂ ਰਿਦੇ ਚਮਕਦਾ ਰਾਮ ਜੁ ਲਾਲ ਤੇਰੇ॥ ਭੁਲਾ ਰਿਦੇ ਕਾ ਖਿਆਲ ਗੁਪਾਲ ਸਿੰਘ ਪਯਾ ਬਹਰਲੇ ਖਿਆਲ ਹੈ ਖਿਆਲ ਤੇਰੇ॥੧॥"

ਅੰਤ : "ਸ੍ਵੈਯਾ॥ ਸੁਭ ਸੈਲ ਕੇ ਸੀਸ ਮੈ ਸੈਲ ਕਰੇ ਸਿਵ ਸੈਲ ਸੁਤਾ ਯੁਤ ਬੈਲ ਸਵਾਰੀ॥ ਯੋਗਨ ਕੇ ਯੁਗਰਾਜ ਸਦਾ ਸਿਵ ਪੂਜ ਦਿਨੇਸ ਸੁਰੇਸ਼ ਮੁਰਾਰੀ॥ ਰਹਿ ਚਿੱਤਤ੍ਰਿ ਨੈਨ ਕੇ ਚੈਨ ਸਦਾਹਤ ਮੈ ਨ ਕਹਾਵਤ ਔਤ੍ਰਿਪੁਰਾਰੀ॥ ਦਇਆ ਵੰਤ ਨਾ ਹੈਸਿ ਵਸੇ ਕਤਹੂ ਕਹਿ ਸਿੰਘ ਗੁਪਾਲ ਪੁਕਾਰ ਪੁਕਾਰੀ॥"

ਹੱਥ ਲਿਖਤ ਨੰ : MS 5085 ਕ

ਸਿਰਲੇਖ : ਸਿਹਰਫੀ ਨਾਮ ਤਰ ਅਜਬ ਮੰਜਰੀ

ਲੇਖਕ : ਗੁਪਾਲ ਸਿੰਘ

ਸਮਾਂ : ਸੰਮਤ 1890

ਪੱਤਰੇ : 51 ਅ-59 ਅ

ਆਕਾਰ : 14 X 10 ਸ.ਮ. ਲਿਖਤ 10 X 8 ਸ.ਮ.

ਵੇਰਵਾ : ਓਹੀ। ਸਤਰਾਂ ਪ੍ਰਤੀ ਪੰਨਾ-9 ਹਨ।

ਆਮ ਵੇਰਵਾ : ਕਾਨੀ ਬਦਲਕੇ ਸਿਰਲੇਖ ਲਿਖਿਆ ਹੋਇਆ ਹੈ। ਲਿਖਾਈ ਸੁੰਦਰ, ਪੋਥੀ ਦੀ ਹਾਲਤ ਠੀਕ ਠੀਕ, ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ। ਹਾਸ਼ੀਏ ਤੋਂ ਬਾਹਰ ਵੀ ਲਿਖਾਈ ਕੀਤੀ ਹੋਈ ਹੈ।

ਆਰੰਭ : "ੴ ਸਤਿਗੁਰ ਪ੍ਰਸਾਦਿ॥ ਅਥ ਸਿਹਰਫੀ ਨਾਮ ਤਰ ਅਜਬ ਮੰਜਰੀ ਲਿਖਤੇ॥ ਅਲਫ ਅਸਾਂ ਅਜੁ ਸੋ ਪਦ ਪਾਇਆ ਜਾ ਮੈ ਜਰਾਂ ਨਾ ਮਰਨਾ ਜੇ ਸਦਾ ਅਬਿਨਾਸੀ ਅਨੰਦ ਰਾਸੀ ਬੇਦ ਕਤੇਬ ਨ ਬਰਨਾ ਜੇ॥ ਹਮਰੀ ਸਗਲ ਉਪਾਧਿ ਬਿਨਾਸੀ ਬਾਲਕ ਬ੍ਰਿਧ ਜੁ ਤਰਨਾ ਜੇ॥ ਅਬ ਗੁਰ ਪ੍ਰਸਾਦਿ ਗੁਪਾਲ ਸਿੰਘਾ ਰਹਾ ਹਮ ਕੋ ਕਛੂ ਨ ਕਰਨਾ ਜੇ॥੧॥"

ਅੰਤ : "੩੩॥ ਕਹਿਤ ਗੁਰਾਂ ਇਉ ਕਾ ਜਗਤਿ ਮਿ ਰਜਾ ਨਾ ਮਾਰੀ ਰਾਮ॥ ਯਹ ਸਿਹਰਫੀ ਕਵਨੇ ਰਚੀ ਤਾ ਮੈ ਕਰ ਬਿਸ੍ਰਾਮ॥੩੩॥"

ਹੱਥ ਲਿਖਤ ਨੰ : MS 5085 ਖ

ਸਿਰਲੇਖ : ਮਨ ਉਪਦੇਸ ਤ੍ਰਿਅਸ੍ਰੂਕ

ਲੇਖਕ : ਗੁਪਾਲ ਸਿੰਘ

ਸਮਾਂ : ਸੰਮਤ 1890
ਪੱਤਰੇ : 60 ੳ-68 ੳ
ਆਕਾਰ : 14 X 10 ਸ.ਮ. ਲਿਖਤ 10 X 8 ਸ.ਮ.
ਵੇਰਵਾ : ਓਹੀ। ਸਤਰਾਂ ਪ੍ਰਤੀ ਪੰਨਾ-9 ਹਨ।
ਆਮ ਵੇਰਵਾ : ਲਿਖਾਈ ਧਬਿਆਂ ਵਾਲੀ, ਪਰ ਪੜ੍ਹੀ ਜਾਂਦੀ ਹੈ। ਪੋਥੀ ਭਿੱਜੀ ਹੋਈ ਹੈ। ਕੰਨੇ ਦੀ ਥਾਂ ਤੇ ਬਿੰਦੀ ਦਾ ਪਰਯੋਗ ਕੀਤਾ ਹੋਇਆ ਹੈ।
ਆਰੰਭ : "ੴ ਸਤਿਗੁਰ ਪ੍ਰਸਾਦਿ॥ ਅਥ ਮਨ ਉਪਦੇਸ ਤ੍ਰਿਅਸ੍ਰਕ ਲਿਖਯਤੇ॥ ਕਵਿ ਗੁਪਾਲ ਕ੍ਰਿੱਤ॥ ਦੋਹਰਾ॥ ਚਰਤੁਰ ਚਰਨ ਸ੍ਰੀ ਰਾਮ ਕੇ ਰਾਖਤ ਰਿਦੇ ਹਜੂਰ॥ ਜਨਨੀ ਜਨਕ ਸੁ ਧੰਨ ਤਿਹਿ ਕਾਵਿ ਨ ਕਹਤੁ ਕਛੁ ਕੂਰ॥੧॥"ਛੰਦ॥
ਅੰਤ : "ਜਬੈ ਅਵਤਾਰ ਲੇਤ ਦੁਸਟਨ ਕੋ ਮਾਰ ਲੇਤ ਸੰਤ ਨਉ ਬਾਰ ਲੇਤ ਚੈਨ ਹੀ ਕੋ ਚੈਨ ਹੈ॥ ਕੋਟਕ ਹਮਾਰੀ ਬਨ੍ਹੇ ਬੰਦਨਾ ਗੁਪਾਲ ਸਿੰਘ ਆਨੰਦ ਨਿਕੇਤ ਸਦਾ ਸੇਸ ਪਰਸੈ ਨਹੈ॥"

ਹੱਥ ਲਿਖਤ ਨੰ : MS 5085 ਗ
ਸਿਰਲੇਖ : ਸਿਹਰਫੀ ਵਿਗਯਾਨੀ ਮੰਜਰੀ
ਲੇਖਕ : ਗੁਪਾਲ ਸਿੰਘ
ਸਮਾਂ : ਸੰਮਤ 1890
ਪੱਤਰੇ : 68 ੳ-77 ਅ
ਆਕਾਰ : 14 X 10 ਸ.ਮ. ਲਿਖਤ 10 X 8 ਸ.ਮ.
ਵੇਰਵਾ : ਓਹੀ। ਸਤਰਾਂ ਪ੍ਰਤੀ ਪੰਨਾ-9 ਹਨ।
ਆਮ ਵੇਰਵਾ : ਪੋਥੀ ਇਕ ਪਾਸੇ ਤੋਂ ਧੁਆਖੀ ਹੋਈ, ਹਾਲਤ ਖਸਤਾ। ਕੁਝ ਪੰਨੇ ਕ੍ਰਿਮ ਖੁਰਦਾ। ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ। ਪਰ ਲਿਖਾਈ ਪੜ੍ਹੀ ਜਾਂਦੀ ਹੈ ।
ਆਰੰਭ : "ੴ ਸਤਿਗੁਰ ਪ੍ਰਸਾਦਿ॥ ਅਥ ਸਿਹਰਫੀ ਵਿਗਯਾਨ ਮੰਜਰੀ ਲਿਖਤੇ॥ ਅਲਫ ਅਲਪਨਾ ਕਲਪਨਾ ਰਹੀ ਸਯੋ ਸੁਤੇ ਸਿਧ ਮਹਬੂਬ ਪ੍ਰਕਾਸਿਆ ਹੇ॥ ਜੈਨੂ ਦੂਰ ਤੇ ਦੂਰ ਮੈ ਜਣਾ ਦੀਸਾਂ ਸੋਈ ਆਪਣਾ ਆਪ ਹੋ ਕਾਸਿਆ ਜੇ॥ ਊਧਾ ਮੂਦਿਆ ਪਿਆ ਸੀ ਮੰਜੁ ਮੇਰਾ ਰਿਦੇ ਕੰਜ ਸੋ ਖੁਬ ਬਿਗਾਸਿਆ ਜੇ॥ ਦੇਖਿ ਭਵਨਾ ਗਿਆਨ ਗੁਪਾਲ ਸਿੰਘਾ ਤੁਮ ਅਗ੍ਰ ਤਾਬਬਮ ਬਿਨਾ ਸਿਆਜੇ॥੧॥"
ਅੰਤ : "ਦੋਹਰਾ:- ਸੰਮਤੁ ਸੈ ਠਾਰਾ ਨਬੇ ਮਿਤੀ ਸੁ ਪੋਹ ਪਚੀਸਾ॥ ਸਿਹਰਫੀ ਪੂਰਨ ਭਈ ਕਰੀ ਕ੍ਰਿਪਾ ਜਗਦੀਸ॥੩੨॥॥"

ਹੱਥ ਲਿਖਤ ਨੰ : MS 5086 ਸੰਗ੍ਰਹਿ
ਸਿਰਲੇਖ : ਟੀਕਾ ਸ੍ਰੀ ਜਾਪ ਜੀ
ਲੇਖਕ : ਮੋਹਰ ਸਿੰਘ,ਕਵਿ
ਸਮਾਂ : ਸੰਮਤ 1890
ਸਥਾਨ : ਨਗਰ ਵਟਾਲੇ (ਬਟਾਲਾ)
ਪੱਤਰੇ : 1ੳ-177 ਅ
ਆਕਾਰ : 17 X 15 .ਸ.ਮ. ਲਿਖਤ 11X 9 ਸ.ਮ.
ਵੇਰਵਾ : ਜਿਲਦ ਗੱਤਾ ਕਪੜਾ; ਸਿਆਹੀ ਕਾਲੀ ਵਖਰੇਵੇਂ ਲਈ ਲਾਲ; ਸਤਰਾਂ ਪ੍ਰਤੀ ਪੰਨਾ-9

ਆਮ ਵੇਰਵਾ : ਪੋਥੀ ਇਕ ਪਾਸੇ ਤੋਂ ਕਿਰਮ ਖੁਰਦਾ, ਪੱਤਰੇ ਵੀ ਵੱਖ ਵੱਖ ਰੰਗ ਦੇ ਵਰਤੇ ਹੋਏ ਹਨ। ਲਿਖਾਈ ਸੁੰਦਰ ਪੋਥੀ ਦੀ ਹਾਲਤ ਠੀਕ ਠੀਕ। ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ।

ਆਰੰਭ : "ੴ ਸੋਤਿਨਾਮ ਕਰਤਾ ॥ ॥ ॥ ਪੁਰਖੁ ਨਿਰਭਉ ਨਿਰਵੈਰ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥ ਟੀਕਾ ਸ੍ਰੀ ਜਾਪ ਜੀ ਕਾ ਪ੍ਰਗਟ ਕਰਯੋ ਹੈ ਦਾਕ ਮੁਦ੍ਰਕਾ ਸਿੰਘ ਜਥਾ ਮਤਿ ਬ੍ਰਹਮ ਬਿਲਾਸ ਜਗਯਾਸੂਯੋ ਕੇ ਪ੍ਰੀਤ ਲਿਖਯਤੇ॥ ਦੋਹਰਾ॥ ਅਚਲ ਅਮਰ ਗੋਬਿੰਦ ਹਰਿ ਸਤ ਚਿਤ ਆਨੰਦ ਰੂਪ॥ ਤਿਹ ਪਦ ਬੰਦਨ ਕਰ ਰਚੋ ਟੀਕਾ ਜਾਪ ਅਨੂਪ॥ ਸ੍ਰੀ ਮੁਖ ਬਚਨ ਅਗਾਧਿ ਅਤਿ ਕਿਹ ਬਲ ਬਰਨੇ ਜਾਹਿ॥ ਕਰੈ ਕ੍ਰਿਪਾ ਸ੍ਰੀ ਗੁਰੂ ਜੌ ਤੋਂ ਕਿਛੁ ਅਰਥ ਸੁਣਾਇ॥"

ਅੰਤ : "ਦੋਹਾ॥ ਸੰਮਤ ਸਰਗੋ ਨਾਥ ਸਸ ਮੇਖ ਪੰਚ ਤਿਥ ਜਾਨ॥ ਤਿਲਕ ਕੀਯੋ ਸ੍ਰੀ ਜਾਪਜੀ ਮੋਹਰ ਸਿੰਘ ਕਵ ਮਾਨ॥ ੧॥ ਨਗਰ ਵਟਾਲੇ ਕੇ ਵਿਖੇ ਸ੍ਰੀ ਅੰਮ੍ਰਤਸਰ ਪਾਸ॥ ਅਰਥ ਅਗਾਧ ਨਹ ਕਹਿ ਸਕੇ ਯਹ ਸ੍ਰੀ ਗੁਰ ਕੋ ਭਾਸ॥੨॥ ਇਤ ਸ੍ਰੀ ਜਾਪਜੀ ਕੋਟੀ ਕਾ ਕ੍ਰਿਤ ਕਵਿ ਮੋਹਰ ਸਿੰਘ ਵਿਰਚਤੇ ਨਗਰ ਵਟਾਲੇ ਸਥਾਨੇ ਸੰਪੂਰਨ॥"

ਹੱਥ ਲਿਖਤ ਨੰ : MS 5086 ਅ

ਸਿਰਲੇਖ : ਪ੍ਰਸੰਗ ਦੇਵੀ ਕੋ ਪ੍ਰਗਟ ਕਰਕੇ ਅੰਮ੍ਰਤ ਛਕਣ ਛਕਾਵਣ ਕੀ ਰੀਤਿ॥

ਲੇਖਕ : ਮੋਹਰ ਸਿੰਘ,ਕਵਿ

ਸਮਾਂ : ਸੰਮਤ 1890

ਸਥਾਨ : ਨਗਰ ਵਟਾਲੇ (ਬਟਾਲਾ)

ਪੱਤਰੇ : 178 ਉ-202 ਉ

ਆਕਾਰ : 17 X 15 .ਸ.ਮ. ਲਿਖਤ 11X 9 ਸ.ਮ.

ਵੇਰਵਾ : ਜਿਲਦ ਓਹੀ। ਸਤਰਾਂ ਪ੍ਰਤੀ ਪੰਨਾ-9

ਆਰੰਭ : "ੴ ਸਤਿਗੁਰ ਪ੍ਰਸਾਦਿ॥ ਅਥ ਪ੍ਰਸੰਗ ਦੇਵੀ ਕੋ ਪ੍ਰਗਟ ਕਰਕੇ ਅੰਮ੍ਰਤ ਛਕਣ ਛਕਾਵਣ ਕੀ ਰੀਤਿ ਲਿਖਯਤੇ॥ ਪ੍ਰਥਮ ਬਰਸ ਮੇ ਸੰਗਤਾਂ ਕੌ ਹੁਕਮ ਲਿਖੇ॥ ਜੋ ਸਿਰ ਪਰ ਕੇਸ ਧਾਰ ਕਰ ਦਰਸਨ ਕੌ ਆਵਣਾ॥ ਦੂਸਰੇ ਬਰਸ ਮੋ ਹੁਕਮ ਲਿਖੇ ਜੋ ਸਸਤ੍ਰ ਪਹਿਰ ਕਰ ਦਰਸਨ ਕੌ ਆਵਣਾ॥"

ਅੰਤ : "ਸੋ ਉਸ ਅਸਥਾਨ ਮੋ ਅਬਚਲ ਨਗਰ ਬੰਗੁਲਜੀ ਬਣਾਇਆ ਹੈ॥ ਤਹਾਂ ਅਬ ਭੀ ਸਤਿਗੁਰ ਕਾ ਦਰਸਨ ਪ੍ਰਤੱਖ ਹੋਤਾ ਹੈ॥ ਜੋਤੀ ਜੋਤ ਸਮਾਵਣ ਕਾ ਚਲਿਤ੍ਰ ਸਮਾਪਤ ਭਇਆ॥ ਬੋਲੋ ਭਾਈ ਜੀ ਵਾਹਿਗੁਰੂ ਸਾਖੀ ਸੰਪੂਰਨ ਹੋਈ॥ ਇਤਿ ਸ੍ਰੀ ਸੰਪੂਰਨੰ ਭਵੇਤਿ॥"

ਹੱਥ ਲਿਖਤ ਨੰ : MS 5087 ਸੰਗ੍ਰਹਿ

ਸਿਰਲੇਖ : ਜਨਮ ਸਾਖੀ, ਗੁਰੂ ਨਾਨਕ ਦੇਵ ਜੀ

ਪੱਤਰੇ : 1 ਉ-482 ਉ

ਆਕਾਰ : 17 X 24 ਸ.ਮ. ਲਿਖਤ 13X 19 ਸ.ਮ.

ਵੇਰਵਾ : ਜਿਲਦ ਉਖੜੀ ਹੋਈ, ਪੋਥੀ ਸਿਲਾਈ ਕੀਤੀ ਹੋਈ, ਸਿਆਹੀ ਕਾਲੀ; ਹਾਸ਼ੀਆ ਦੋਵੇਂ ਪਾਸੇ ਦੋ ਦੋ ਕਾਲੀਆਂ ਲਕੀਰਾਂ; ਸਤਰਾਂ ਪ੍ਰਤੀ ਪੰਨਾ-15

ਆਮ ਵੇਰਵਾ : ਜਿਲਦ ਉਖੜੀ ਹੋਈ ਹੋਣ ਕਾਰਨ, ਪੋਥੀ ਵਰਕਾ ਵਰਕਾ ਹੋਈ, ਪੋਥੀ ਵਿਚੋਂ ਵਿਚੋਂ ਭਿੱਜੀ ਹੋਈ ਕਿਰਮ ਖੁਰਦਾ॥ ਪੋਥੀ ਦੀ ਹਾਲਤ ਖਸਤਾ। ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ। ਕਾਨੀ ਬਦਲੀ ਹੋਈ॥ ਲਿਖਾਈ ਪੜ੍ਹੀ ਜਾਂਦੀ ਹੈ। ਪਹਿਲੇ ਰੰਗ ਦੇ ਚਾਰ ਪੰਨਿਆਂ ਉਪਰ ਪੋਥੀ ਬਾਰੇ ਤੱਤਕਰਾ ਦਿਤਾ ਹੋਇਆ ਹੈ।

ਆਰੰਭ : "ੴ ਸਤਿਗੁਰ ਪ੍ਰਸਾਦਿ॥ ਲੀ: ਜਨਮ ਸਾਖੀ॥ ਸਤਿਗੁਰ ਕਾ ਜਨਮੁ ਬਰਨਨੁ॥ ਮੁੱਖ ਅਮਰ ਕਥਾ ਚਲੀ ਸ੍ਰੀ ਸਤਿ ਗੁਰੂ ਜਗਤ ਨਿਸਤਾਰਨ ਕਉ ਆਏ॥ ਕਾਲੂ ਖਤ੍ਰੀ ਬੇਦੀ ਕੇ ਘਰ ਜਨਮੁ ਲੀਆ॥ ਤਲਵੰਡੀ ਰਾਏ ਭੋਏ ਭਟੀ ਕੇ ਭਿਖੇ॥ ਕਲਜੁਗ ਬਿਖੇ ਨਾਨਕ ਜਨਮਿਆ ॥ ਸੰਬਤ ॥੧੫੩੬॥ਮਹੀਨਾ ਬੈਸਾਖ ਸੁਦੀ ਤ੍ਰਿਤਿਆ ਅੰਮ੍ਰਿਤ ਵੇਲਾ ਪਹਿਰ ਰਤਿ ਰਹਦੀ॥ ਬਾਬਾ ਨਾਨਕ ਜਨਮਿਆ॥ ਅਨਾਹਦ ਸਬਦ ਪ੍ਰੇਮਸਰ ਕੇ ਦਰਬਾਰ ਬਾਜੇ॥ ਤੇਤੀਸ ਕੋਟਿ ਦੇਵਤਾ ਨਮਸਕਾਰ ਕੀਆ॥ ਚਉਸਠਿ ਜੋਗਨੀ ਬਾਵਨ ਬੀਰ ਛਿਆ ਜਤੀ ਨਮਸਕਾਰ ਕੀਆ॥"

ਅੰਤ : "ਆਪੇ ਪਟੀ ਕਲਮ ਆਪ ਆਪਿ ਲਿਖਣਹਾਰਾ ਹੋਇਆ॥ ਸਭ ਉਮਤਿ ਆਵਣ ਜਾਵਣੀ ਆਪੇ ਹੀ ਨਵਾ ਨਰੋਇਆ॥"

ਹੱਥ ਲਿਖਤ ਨੰ : MS 5087 ਅ

ਸਿਰਲੇਖ : ਬਿਦੋਯਾ ਸਾਗਰ-ਬਚਿਤ੍ਰ ਨਾਟਕ, ਸ੍ਰੀ ਮੁਖਵਾਕ ਪਾਤਿਸਾਹੀ ੧●

ਪੱਤਰੇ : 483 ੳ-504 ਅ-524 ਅ

ਆਕਾਰ : 17 X 24 ਸ.ਮ. ਲਿਖਤ 13X 19 ਸ.ਮ.

ਵੇਰਵਾ : ਓਹੀ। ਸਤਰਾਂ ਪ੍ਰਤੀ ਪੰਨਾ-15 ਹਨ।

ਆਮ ਵੇਰਵਾ : ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ। ਪੋਥੀ ਵਰਕਾ ਵਰਕਾ ਹੋਈ ਹੋਈ ਹੈ, ਪੋਥੀ ਭਿੱਜੀ ਹੋਈ, ਪੋਥੀ ਦੀ ਹਾਲਤ ਖਸਤਾ।

ਆਰੰਭ : "ੴ ਸਤਿਗੁਰ ਪ੍ਰਸਾਦਿ॥ ਅਥ ਬਚਿਤ੍ਰ ਨਾਟਕ॥ ਸ੍ਰੀ ਮੁਖਵਾਕ ਪਾਤਿਸਾਹੀ ੧● ਦੋਹਰਾ॥ ਨਮਸਕਾਰ ਸ੍ਰੀ ਖੜਕ ਕਉ ਕਰੋ ਸੋ ਹਿਤ ਚਿਤ ਲਾਇ॥ ਪੂਰਣ ਕਰੋ ਗਿਰੰਥ ਇਹ ਤੁਮ ਮੋਹਿ ਕਰੋ ਸਹਾਇ॥ ਤ੍ਰਿਭੰਗੀ ਛੰਦ ਸ੍ਰੀ ਅਕਾਲ ਜੀ ਕੀ ਉਸਤਤੁ॥"॥

ਅੰਤ : "ਦੋਹਰਾ॥ ਤਿਨ ਬੇਦਿਅਨ ਕੇ ਕੁਲ ਬਿਖੇ ਪ੍ਰਗਟੇ ਨਾਨਕ ਰਾਇ॥ ਸਭ ਸਿਖਨ ਕਉ ਸੁਖ ਦੀਏ ਜਹਾ ਤਹਾ ਭਏ ਸਹਾਇ॥੧●੧॥ ਇਤ ਸ੍ਰੀ ਬਚਿਤ੍ਰ ਨਾਟਕ ਕਲ ਬਰਨਨ ਦੁਤਿਆ ਧਿਆਉ ਸੰਪੂਰਨ ਸੁਭ ਸਸਮੂ ॥੨॥"

ਪੰਨਾ-੫੨੪ਅ॥ "ਦੋਹਰਾ॥ ਖੰਡੇ ਕੀ ਪਹੁਲ ਕੀਆਂ ਕੀਓ ਖਾਲਸਾ ਤਾਹਿ॥ ਅਕਾਲ ਪੁਰਖ ਕਉ ਸਉ ਪਿਆ ਸਾਰਗ ਦੀਆ ਬਤਾਇ॥੧॥ ਇਤ ਸ੍ਰੀ ਬਚਿਤ੍ਰ ਨਾਟਕੇ ਨਓਮੋ ਧਿਆਇ ਸਮਾਪਤੇ॥ਸੁਭਸਮਸੂ॥੯॥"

ਹੱਥ ਲਿਖਤ ਨੰ : MS 5087 ਏ

ਸਿਰਲੇਖ : ਪ੍ਰੇਮ ਸਮਾਰਗ

ਪੱਤਰੇ : 524 ਅ-592 ਅ

ਆਕਾਰ : 17 X 24 ਸ.ਮ. ਲਿਖਤ 13X 19 ਸ.ਮ.

ਵੇਰਵਾ : ਓਹੀ। ਸਤਰਾਂ ਪ੍ਰਤੀ ਪੰਨਾ-15 ਹਨ।

ਆਮ ਵੇਰਵਾ : ਪੋਥੀ ਦੀ ਹਾਲਤ ਮਾੜੀ, ਇਕ ਪਾਸਿਓ ਭਿਜੀ ਹੋਈ, ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ। ਲਿਖਾਈ ਸੁੰਦਰ।

ਆਰੰਭ : "ੴ ਸਤਿਗੁਰ ਪ੍ਰਸਾਦਿ॥ ਪ੍ਰੇਮ ਸਮਾਰਗੁ ਬਰਨਨੁ॥ ਸ੍ਰੀ ਅਕਾਲ ਪੁਰਖ ਜੀ ਕਾ ਖਾਲਸਾ॥ ਅਕਾਲ ਪੁਰਖ ਵਾਚ॥ ਇਸ ਕੀਟ ਪਤਿ॥ ਤੇਰਾ ਰੂਪ ਅਪਨੇ ਰੂਪ ਤੇ ਸਾਜਿ ਸਵਾਰਿਆ ਹੈ ਘਰੁ ਨਿਵਾਜਿਆ ਹੈ॥ ਸੰਸਾਰ ਬਿਖੇ ਤਹਾ ਪੰਥ ਪ੍ਰਚਾਰਵੇ ਕਉ ਸਾਜਿਆ ਹੈ॥ ਸੋ ਕੈਸਾ ਪੰਥ ਜਿਸ ਤੇ ਧਰਮ ਕਾ ਨਿਵਾਸ ਹੋਇ॥"

ਅੰਤ : "੮॥ ਅਰੁ ਜਥਾ ਸਕਤਿ ਪ੍ਰਸਾਦਿ ਵੰਡੈ॥ ਅਰੁ ਜਬ ਸਤਵਾ ਦਿਨ ਹੋਵਨਿ॥ ਤਬ ਉਸੀ ਤਰਹ ਕੀਰਤਨ ਕਰਨਿ॥ ਅਤੇ ਕੜਾਹ ਕਰਨਿ ਵੰਡਨਿ ਖਾਲਸੇ ਨੂੰ ਅਛਾ ਪ੍ਰਸਾਦਿ ਖਿਲਾਵਨ ਪੰਜ ਪਉੜੀ ਆਨੰਦ ਦੀ ਪੜਿ ਕੈ ਉਠਾਲਾ ਕਰਨਿ॥੯॥ ਇਤਿ ਸ੍ਰੀ ਬਚਿਤ੍ਰ ਨਾਟਕ ਪ੍ਰੇਮ ਸਮਾਰਗ ਗਿਰੰਥ ਸੰਪੂਰਨ॥ ਸੁਭ ਸਮਤ੍ਰੁ॥ਜੋ ਦੇਖਾ ਸੋ ਲਿਖਾ॥ ਭੁਲ ਚੂਕ ਸੰਗਤਿ ਬਕਸ ਲੇਣਾ॥ ਬੋਲਹੁ ਭਾਈ ਵਾਹਗੁਰੂ ॥੧●॥"

ਹੱਥ ਲਿਖਤ ਨੰ : MS 5087 ਸ
ਸਿਰਲੇਖ : ਸੂਹੀ ਮਹਲਾ ੪-ਲਵ (ਲਾਵਾਂ)
ਪੱਤਰੇ : 593-594
ਆਕਾਰ : 17 X 24 ਸ.ਮ. ਲਿਖਤ 13X 19 ਸ.ਮ.
ਵੇਰਵਾ : ਓਹੀ। ਸਤਰਾਂ ਪ੍ਰਤੀ ਪੰਨਾ-15 ਹਨ।
ਆਮ ਵੇਰਵਾ : ਕਾਨੀ ਬਦਲੀ ਹੋਈ, ਲਿਖਾਈ ਬਹੁਤੀ ਸਾਫ ਨਹੀ ਹੈ। ਪਰ ਪੜੀ ਜਾਂਦੀ ਹੈ। ਕਿਰਮ ਖੁਰਦਾ, ਪੱਤਰੇ ਖਸਤਾ ਹਾਲਤ ਵਿਚ ਹਨ।
ਆਰੰਭ : "੧ਓ ਸੂਹੀ ਛੰਤ ਮਹਲਾ ੪। ਲਵ [ਲਾਵਾ] ਹਰ ਪਹਲਿਰੀ ਲਾਵ॥ ਪਰਬੀਰਤੀ ਕਰਮ ਦੀਡਾਇਆ ਬਲੀਰਾਮ ਜੀ॥"
ਅੰਤ : "ਹਰ ਨਾਵ ਬਾਜੀ ਬਧਾਈਆ॥ ਹਰ ਪਰਭੁ ਠਾਕੁਰ ਕਾਜ ਰਚਾਇਆ॥ ਧਨਹਰ ਦਾਸ ਜਨ ਨਾਨਕ ਬੋਲੇ ਚਉਥੀ ਲਾਵਾ"
ਅਗੋਂ ਲਿਖਾਈ ਸਪਸ਼ਟ ਨਹੀਂ ਹੈ।

ਹੱਥ ਲਿਖਤ ਨੰ : MS 5088
ਸਿਰਲੇਖ : ਸਾਖੀ ਪੋਥੀ
ਲਿਖਾਰੀ : ਰਣਧੀਰ ਸਿੰਘ
ਸਮਾਂ : ਸੰਬਤ 2006
ਸਥਾਨ : ਅੰਮ੍ਰਿਤਸਰ
ਪੱਤਰੇ : 1 ੳ-202 ੳ
ਆਕਾਰ : 14 X 17.5 ਸ.ਮ. ਲਿਖਤ 8 X 15 ਸ.ਮ.
ਵੇਰਵਾ : ਜਿਲਦ ਗੱਤਾ। ਸਿਆਹੀ ਕਾਲੀ ਵਖਰੇਵੇਂ ਲਈ ਲਾਲ। ਸਤਰਾਂ ਪ੍ਰਤੀ ਪੰਨਾ-21 ਹਨ।
ਆਮ ਵੇਰਵਾ : ਲਿਖਾਈ ਸੁੰਦਰ, ਪੋਥੀ ਵਿਚ ਰਚਨਾ ਬਾਰੇ, ਬਾਅਦ ਵਿਚ ਸੋਧ ਕੀਤੀ ਹੋਈ ਹੈ। ਕਈ ਸਾਖੀਆਂ ਬਾਰੇ ਵਧ ਘੱਟ ਦੂਸਰੀਆਂ ਪੋਥੀਆਂ ਨਾਲ, ਮੇਲ ਕੇ ਵਿਚਾਰ ਪਰਗਟ ਕੀਤੇ ਹੋਏ ਹਨ। ਪੋਥੀ ਬਹੁਤ ਪੁਰਾਣੀ ਨਹੀਂ ਹੈ। ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ ਹਾਸ਼ੀਏ ਤੋਂ ਬਾਹਰ ਵੀ ਲਿਖਤ। ਪੋਥੀ ਦੀ ਹਾਲਤ ਠੀਕ ਠੀਕ ਹੈ।
ਆਰੰਭ : "੧ਓ ਸਤਿਗੁਰ ਪ੍ਰਸਾਦਿ॥ ਸ੍ਰੀ ਸਤਿਗੁਰ ਜੀ ਸਹਾਇ॥ ਗੁਰੁ ਤੇਗ ਬਹਾਦਰ ਸੰਸਾਰ ਸਾਗਰ ਕੇ ਤਾਰਵੇ ਕੋ ਰਮਤ ਕੀਆ" ਜੋ ਜੋ ਸਿਖ ਸਾਧੂ ਪ੍ਰੇਮੀ ਅਰਾਧਦੇ ਥੇ ਤਿਨਾ, ਕੀ ਭਾਵਨੀ ਪੂਰੀ ਕਰਨੇ ਕੋਟ ਬਹਾਨਾ ਤੀਰਥਾਂ ਕਾ ਚਰਨ ਪਧਾਰੇ॥ ਸੈਫਾਵਾਦ ਆਨ ਉਤਰੇ ਬਾਗ ਬੀਚ॥ਚੌ॥ ਤੇਗ ਬਹਾਦਰ ਗੁਰ ਪ੍ਰਤਪਾਰਨਾ॥ ਚਲੇ ਬਿਯਾਜ ਤੀਰਥ ਸਿਖ ਤਾਰਨ॥ ਚਲਕੇ ਸੈਫਾਵਾਦ ਮੋ ਆਏ॥ ਆਸਨ ਕੂਪ ਨਜੀਕ ਲਗਾਏ॥੧॥"
ਅੰਤ : "ਫੇਰ ਗੁਰੂ ਜੀ ਕਹਿਆ ਜੇਹੜਾ ਸਿਖ ਸਾਡਾ ਹੋਵੈਗਾ ਪੰਜ ਪਯਾਰਯਾ ਦੀ ਸੇਵਾ ਕਰੇਗਾ ਭਾਵਨੀ ਕਰ ਉਸ ਦੇ ਵਾਲੀ ਅਸੀ ਹਾਂ॥ ਫੇਰ ਉਨਹੁ ਨੇ ਕਹਿਆ ਸਤ ਬਚਨ ਜੀ॥ ਜੁ ਆਪ ਵਾਲੀ ਹਉ

ਤਾ ਕਿਯਾ ਸੰਸਾ ਹੈ ਜੀ॥ ਡੇਰਾ ਦਸ ਦਿਨ ਰਹਿਆ॥ ਨਗਰੀ ਨੇ ਹੋਰਨਾ ਨਗਰੀਆਂ ਨੇ ਟਹਿਲ ਕੀਤੀ॥ ਜਮਾਂ ਨਿਰਨਾ ਇਹ ਗੁਰੂ ਜੀ ਨੌ ਦਿਨ ਨੌ ਪਹਿਰ, ਨੌ ਘੜੀਆਂ, ਨੌ ਪਲ ਡੇਰਾ ਰਹਿਆ॥ ਗੁਰੂ ਜੀ ਚੜ੍ਹਨ ਲੱਗੇ॥ ਨਗਰੀ ਨੇ-ਜਥਾ ਸੁਕਤਿ ਸੀ-ਸੋ ਮੱਥਾ ਟੇਕਿਆ ॥੧੨●॥ ਸਾਖੀ ਪੂਰੀ ਹੋਈ॥"

ਸੋਧ ਕੀਤੀ। ਸੋ ਅਜ ਮਿਤੀ ੨੨ ਵੈਸਾਖ ੪੯੧-੨●●੬ ਬਿ ਬੁਧਵਾਰ ਨੂੰ ਸੰਪੂਰਨ ਹੋਈ- ਇਸ ਤੋਂ ਅੱਗੇ -੩-੩ ਪੱਤਰੇ, ਇਸ ਪੋਥੀ ਬਾਰੇ ਲਿਖਿਆ ਹੋਇਆ।

ਹੱਥ ਲਿਖਤ ਨੰ : MS 5089
ਸਿਰਲੇਖ : ਪ੍ਰਬੋਧ ਚੰਦ ਉਦੇ ਨਾਟਕ
ਲੇਖਕ : ਲਾਲ ਦਾਸ
ਲਿਖਾਰੀ : ਸੇਵਾ ਸਿੰਘ
ਸਮਾਂ : ਸੰਮਤ 1928
ਸਥਾਨ : ਰਾਮ ਟਟਵਾਲੀ
ਪੱਤਰੇ : 1 ਓ-142 ਅ
ਆਕਾਰ : 17 X 13 ਸ.ਮ. ਲਿਖਤ 13 X 10 ਸ.ਮ.
ਵੇਰਵਾ : ਜਿਲਦ ਗੱਤਾ ਰੈਕਸੀਅਨ। ਸਿਆਹੀ ਕਾਲੀ ਵਖਰੇਵੇਂ ਲਈ ਲਾਲ। ਹਾਸ਼ੀਆ ਦੋਵੇਂ ਪਾਸੇ ਦੋ ਦੋ ਕਾਲੀਆਂ ਲਕੀਰਾਂ। ਸਤਰਾਂ ਪ੍ਰਤੀ ਪੰਨਾ-9 ਹਨ।
ਆਮ ਵੇਰਵਾ : ਪੋਥੀ ਦੀ ਹਾਲਤ ਠੀਕ ਠੀਕ ਲਿਖਾਈ ਸੁੰਦਰ, ਕੰਨੇ ਦੀ ਥਾਂ ਤੇ ਬਿੰਦੀ ਦਾ ਪਰਯੋਗ ਕੀਤਾ ਹੋਇਆ ਹੈ। ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ। ਕਈ ਥਾਵਾਂ ਤੇ ਲਿਖਾਈ ਧੱਬਿਆਂ ਵਾਲੀ ਹੈ। ਪਰ ਪੜ੍ਹੀ ਜਾਂਦੀ ਹੈ।
ਆਰੰਭ : "ੴ ਸਤਿਗੁਰ ਪ੍ਰਸਾਦਿ॥ ਸ੍ਰੀ ਰਾਮਇਨਮਹਿ॥ ਇਤ ਸ੍ਰੀ ਪ੍ਰਬੋਧ ਚੰਦ੍ਰਉਦੇ ਨਾਟਕ ਲਿਖਤੇ॥ ਦੋਹਰਾ॥ ਓਅੰਨਮੋ ਪਰਮਾਤਮਾ ਅਦਵੈ ਅਚਲ ਅਨੰਤ॥ ਏਕ ਅਨੇਕ ਥਾਪੇ ਬਨਿਓ ਆਦ ਸਧਿ ਅਰ ਅੰਤ॥੧॥ ਸੋਰਠਾ॥ ਉਪਜਿਓ ਮਨ ਮਹਿ ਚਾਉ ਭਾਖਾ ਕਰਉ ਗਰੰਥ ਕੋ॥ ਪ੍ਰਬੋਧ ਚੰਦ੍ਰ ਤਹਿ ਨਾਉ ਜਹਿ ਪੜ ਕਰਮ ਭਵ ਕਟੀਐ॥੨॥"
ਅੰਤ : "ਹਰਿ ਦਇਆਲ ਹੈ ਨਾਮੁ ਹਮਾਰਾ॥ ਹਰੀਦਾਸ ਹੈ ਸੰਤ ਪੁਕਾਰਾ ਜੋ ਤਿਸ ਭਾਵੈ ਸੋਈ ਕਹੈ॥ ਉਭੈ ਤੁਲ ਹਮ ਕਉ ਹੋਇ ਰਹੈ॥ਦੋਹਰਾ॥ ਜੈਸੇ ਉਠ ਕਉ ਮੁਖੋ ਭਇਆ ਤੈਸੇ ਸਭ ਕਉ ਹੋਇ॥ ਏਹੀ ਜਾਚਨਾ ਕਰਤ ਹੌ ਕਹਿਆ ਜੋ ਉਪਰ ਸੋਇ॥ਦੋਹਰਾ॥ ਸੰਮਤੁ ਠਾਰਾ ਸੈ ਤ੍ਰੈ ਦਸਮੋ ਥਿਤ ਤ੍ਰਤੀਆਸ ਸਵਾਰ॥ਪ੍ਰਬੋਧ ਚੰਦ੍ਰ ਨਾਟਕ ਲਿਖਾ ਜਥਾ ਮਤ ਵੀਚਾਰ॥ਦੋਹਰਾ॥ਰਾਮ ਟਟਵਾਲੀ ਨਗਰ ਮੈ ਭਇਓ ਸਮਾਪਤ ਗ੍ਰੰਥ ਹਰੀਦਾਸ ਕਉ ਦੀਆਂ ਪ੍ਰਭ ਕਰ ਕ੍ਰਿਪਾ ਨਾਮ ਅਕਥ ਇਤਿ ਸ੍ਰੀ ਪ੍ਰਬੋਧ ਚੰਦਰਉਦੇ ਨਾਟਕ ਗ੍ਰੰਥੇ ਅਖੈਦੀਯਤ ਕ੍ਰਿਤ ਸੋ ਸੰਮਤ ਠਾਰਾ ਸੈ ਉਤਾਲੀਵਾਂ॥ ਵੈਸਾਖ ਸੁਦੀ ਇਕਾਦਸੀ ਦਸਖਤੀ ਰਾਮ ਸਿੰਘ ਦੀ ਬੂੜੇ ਦੇਵਾ ਸਿੰਗਤੇ ਗ੍ਰੰਥ ਲਿਖਿਆ॥ ਸਤਿਗੁਰ ਦੀ ਦਇਆ ਤੇ॥ ॥ ॥ ਊਨੀ ਸੈ ਅਠਾਂਈਆ ਹਾੜ ਦੀ ਦਾਸਮੀ ਪਿਛਲੇ ਪਖ ਦੀ ਮਕਿਤਓਨਿਆ ਛੋਟਿਆ ਦੇ ਬਿਚ ਸੰਪੂਰਨੰ॥ ਲਾਲ ਦਾਸ ਨੈ ਲਿਖਆਵਦਾਸ ਮੰਗਿਲ ਦਯਾਸ ਦੇ ਚੇਲੇ ਨੇ ਲਿਖਿਆ॥ ਸੋ ਮੁਬਾਰਥੀ॥ ਗ੍ਰ ਤ੍ਰਿਸਾਬ ਦਾਸ ਦੇ ਲਾਲ॥"

ਹੱਥ ਲਿਖਤ ਨੰ : MS 5090 ਸੰਗ੍ਰਹਿ
ਸਿਰਲੇਖ : ਗਿਯਾਨ ਸੁਰੋਦੇ
ਲੇਖਕ : ਚਰਨ ਦਾਸ

ਲਿਖਾਰੀ : ਗੁਸਾਈਂ
ਸਮਾਂ : ਸੰਮਤ 1905
ਪੱਤਰੇ : 2 ੳ-37 ਅ
ਆਕਾਰ : 12 X 14 ਸ.ਮ. ਲਿਖਤ 8 X 9 ਸ.ਮ.
ਵੇਰਵਾ : ਜਿਲਦ ਗੱਤਾ ਰੈਕਸੀਅਨ। ਸਿਆਹੀ ਕਾਲੀ; ਵਖਰੇਵੇਂ ਲਈ ਲਾਲ। ਸਤਰਾਂ ਪ੍ਰਤੀ ਪੰਨਾ-11 ਹਨ।
ਆਮ ਵੇਰਵਾ : ਪੋਥੀ ਪੱਤਰਾ ਨੰਬਰ 2 ੳ ਤੋਂ ਸ਼ੁਰੂ ਕੀਤੀ ਹੋਈ ਹੈ ਪਹਿਲਾਂ ਪੱਤਰਾ ਨਹੀਂ ਹੈ ਰਚਨਾ ਅਧੂਰੀ ਹੈ। ਪੋਥੀ ਕਿਰਮ ਖੁਰਦਾ ਅਤੇ ਹਾਲਤ ਖਸਤਾ ਹੈ।ਲਿਖਾਈ ਧੱਬਿਆਂ ਵਾਲੀ ਹੈ। ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ।
ਆਰੰਭ : "ਭਲੇ ਜੋ ਆਖੇ ਮਨੂਆ ਤਹਾ ਰਾਖੋ॥ ਛਰ ਅਛਰ ਨਿਹ ਅਛਰ ਕੇ ਦੁਬਧਾ ਨਾ ਰਾਖੋ॥ ਜਬ ਦਰਸੇ ਏਕ ਹੀ ਏਕ ਭੇਖ ਯਹ ਸੇ ਭਹਾਗੋ ਤਾਲ ਪਾਤ ਫੂਲ ਮੂਲ ਸੌ ਸਭੀ ਨਿਹਾਰੋ॥ ਕੁੰਡਲੀ॥"
ਅੰਤ : "ਇਤਿ ਗਿਯਾਨ ਸੁਰੋਦੇ ਸ੍ਰੀ ਚਰਨਦਾਸ ਜੀ ਕ੍ਰਿਤ ਸੰਪੂਰਨ ਅਸ੍ਰ ਸੰਗਰਾਦ ਸੁਕਰਵਚਾਰ ੩॥ ਦਿਨ ਆਇਤਵਾਰ ਦੇ ਮਧਿਅਣ ਸਮੇ ਸੰਮਤ ੧੯●੫ ਲਿਖਤਮ ਗੁਸਾਈ ਦੀ॥"

ਹੱਥ ਲਿਖਤ ਨੰ : MS 5090 ਅ
ਸਿਰਲੇਖ : ਹਿਕਮਤ
ਲੇਖਕ : ਚਰਨ ਦਾਸ
ਲਿਖਾਰੀ : ਗੁਸਾਈ
ਸਮਾਂ : ਸੰਮਤ 1905
ਪੱਤਰੇ : 2 ੳ-14 ੳ
ਆਕਾਰ : 12 X 14 ਸ.ਮ. ਲਿਖਤ 8 X 9 ਸ.ਮ.
ਵੇਰਵਾ : ਓਹੀ। ਸਤਰਾਂ ਪ੍ਰਤੀ ਪੰਨਾ-11 ਹਨ ।
ਆਮ ਵੇਰਵਾ : ਪੋਥੀ ਦੇ ਇਸ ਭਾਗ ਦੀ ਰਚਨਾ ਪੰਨਾ ਨੰਬਰ ੨ ੳ ਤੋਂ ਸ਼ੁਰੂ ਹੋਈ ਹੈ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ।ਲਿਖਾਈ ਧੱਬਿਆਂ ਵਾਲੀ ਹੈ ਪਰ ਪੜ੍ਹੀ ਜਾਂਦੀ ਹੈ।ਲਿਖਾਈ ਸੁੰਦਰ, ਪੋਥੀ ਦੀ ਹਾਲਤ ਠੀਕ ਠੀਕ ਹੈ।
ਆਰੰਭ : "ਪੁਰ॥੧੧॥ ਖੁਮਾਰੀ॥ ਸਰਵ ਤੋ ਭਦਰਾ॥ ਮਧੂਪਰਨਕਾ॥ ਸੀਪ੍ਰਨੀ॥ ਭਦਰਪ੍ਰਨੀ॥ ਕਾਸਪਰੀ॥ ਘਮਾਰੀ॥੧੨॥ ਸੁਆਦ ਕੰਟਕ॥ ਬਿਕੰਕਤ॥ ਸ੍ਰਵੱਾਬ੍ਰਿਖ॥ ਗਰਥਲ॥ ਬਿਆਗਰਪਾਦ॥ ਕੰਡਆਰੀ ਦੇ ਨਾਉ॥"
ਅੰਤ : "ਪਨੀ ਜੜ ਪੂਰਨੰ॥ ਕੁਸ॥ਕੁਥਾ॥ ਦਰਬਨ ਪਵਿਤ੍ਰੰ॥ ਦਬ ਪੂਰਨੰ॥ ਤਾਲ ਤਾੜ॥ ਤ੍ਰਿ ਰਾਜ॥ ਤਾਲ ਬਿਰਛ॥ ਨਾਲ ਕੌਰ॥ ਨਾਲੀ ਕੇ॥ ਲਾਂਗ੍ਰੀ ਨਾਲ ਏ ਰਸ ਪੂੰਰਨ॥ ਕਰਮਕੁ॥ ਪੂਕਾ ਘੋਂਟਾ॥ ਦਵਾਕ॥ ਖਪੁਰ॥ ਸੁਪਾਰੀ ਪੂਰੇ॥" ਅੱਗੇ ਕਾਨੀ ਬਦਲ ਕੇ ਹੋਰ ਕੁਝ ਲਿਖਿਆ ਹੋਇਆ ਹੈ।

ਹੱਥ ਲਿਖਤ ਨੰ : MS 5091
ਸਿਰਲੇਖ : ਉਪਦੇਸ ਬਲਾਸ-ਗੁਰ ਗੁਲਾਬ ਦਾਸ ਜੀ ਕਾ
ਲਿਖਾਰੀ : ਸਾਹਿਬ ਸਿੰਘ ਗੁਲਾਬ ਦਾਸੀਆ
ਸਮਾਂ : ਸੰਮਤ 1942 ਬਿਕ੍ਰਮੀ
ਪੱਤਰੇ : 1 ਅ-332 ੳ
ਆਕਾਰ : 18 X 14 ਸ.ਮ. ਲਿਖਤ 14 X 10 ਸ.ਮ.

ਵੇਰਵਾ : ਜਿਲਦ ਗੱਤਾ ਚਮੜਾ। ਸਿਆਹੀ ਕਾਲੀ; ਵਖਰੇਵੇਂ ਲਈ ਲਾਲ। ਸਤਰਾਂ ਪ੍ਰਤੀ ਪੰਨਾ-9 ਹਨ।

ਆਮ ਵੇਰਵਾ : ਪੋਥੀ ਦੀ ਹਾਲਤ ਠੀਕ ਠੀਕ, ਲਿਖਾਈ ਕਈ ਥਾਵਾਂ ਤੇ ਧੱਬਿਆਂ ਵਾਲੀ ਅਤੇ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ।ਹਾਸ਼ੀਏ ਤੋਂ ਬਾਹਰ ਵੀ ਲਿਖਾਈ ਕੀਤੀ ਹੋਈ ਹੈ।

ਆਰੰਭ : "ੴ ਸਤਿਗੁਰ ਪ੍ਰਸਾਦਿ॥੧॥ਓਅੰ ਸ੍ਰੀ ਪ੍ਰਮਾਤਮਾਇਨਮਹਾ॥=ਅਥ ਉਪਦੇਸ ਬਲਾਸ ਗੁਰ ਗੁਲਾਬ ਦਾਸ ਜੀ ਕਾ ਅਰ ਹਰ ਗੁਬਿੰਦ ਸੁਤ ਕਾ ਪ੍ਰਸਨੋਤ੍ਰ ਲਿਖਯਤੇ॥ ਹਰ ਗੁਬਿੰਦੋ ਵਾਚ॥ ਦੋਹਰਾ॥ ਵਾਨਰੰਵਾਰ ਪ੍ਰਨਾਂਮ ਗੁਰ ਜੋਰ ਕਰੋ ਸਿਰਨਾਇ॥ ਸਰਨ ਪੜੇ ਕੀ ਹੇ ਗੁਰੋ ਤੁਮਹੀ ਕਰਤ ਸਹਾਇ॥੧॥ ਤੁਮਕੋ ਵਾਂਛਾ ਕੋ ਨਹੀ ਪਰ ਹਿਤ ਵੇਦ ਉਚਾਰ॥ ਹਮਸੇ ਜੀਵ ਉਧਾਰਨੇ ਯ ਗਤ ਲਯੋ ਅਵਤਾਰ॥੨॥ਦੀਨ ਦਿਆਲ ਸੁਭਾਵ ਤੁਮ ਦੀਨ ਜਨੋ ਪ੍ਰਿਤਪਾਲ॥ ਜਿਸ ਪ੍ਰੋਹਤ ਪ੍ਰਸਿੰਨ ਤੁਮ ਸਹਝੇ ਕਰਤ ਨਿਹਾਲ॥੩॥"

ਅੰਤ : "੩੬॥ਵਾਕ ਚਤੁੱਸ੍ਰੋਮ ਜਲ ਕੇ ਇਸ ਮੋ ਕਹੇ ਸੁਣਾਇ॥ਨਿਰਪਛ ਵੇਦ ਵਖਾਂਨਇਓ ਸੰਸੇ ਸਰਵ ਉਠਾਇ॥੩੭॥ ਬਰਨ ਅਸਰਮਾ ਦੇਤ ਸੁਖ ਯਾਂਹ ਉਪਦੇਸ ਬਲਾਸ॥ਪ ਪਠ ਸੁਨ ਕਰਤ ਵਿਚਾਰ ਕੋ ਨਿਰਪਛ ਹੋਇ ਹੁਲਾਸ॥੩੮॥ ਮੁਕਤਾਦਕ ਇੱਛਾ ਸਭੇ ਰਹੇ ਨ ਜੋ ਇਸ ਖੋਜ॥ ਮਸਤ ਹੋਇ ਹਰ ਹਾਲ ਮੋ ਹੋਸੀ ਸਦਾ ਨ ਰੋਜ॥ ੩੯॥ ਇਤ ਸ੍ਰੀ ਉਪਦੇਸ ਬਲਾਸ ਕੋ ਅੱਸ੍ਰੋਮੋ ਵਿਸ੍ਰਾਮ ਸਪੂਰਨੰ ਸਮਾਪਤੰ॥੮॥ ਉਤ੍ਰ ਪ੍ਰਸਨ ਪਹਲੇ ਮੈ॥੨੭॥ ਦੂਜੇ ਮੈ॥੪॥ ਤੀਜੇ ਧਯਾਸੈ॥੧●॥ਚੌਥੇ ਮੈ॥੨੨॥ ਪੰਚਮ ਮੈ੨੮॥ ਛੀਮੇ ਮੈ॥੩੩॥ ਸਤਮੇ ਮੈ॥੨੨॥ ਅਠਮੇ ਮੈ॥੭● ਜੋੜ॥ ਜਮਲਾ॥੩●੪॥ ਦਸਖਤ ਸਾਹਿਬ ਸਿੰਘ ਸੇਵਕ ਗੁਰੂ ਗੁਲਾਬ ਦਾਸ ਜੀ ਕਾ ਸਾਲ 1942 ਭਾਦੋਂ ਸੁਦੀ ਖਸਟਮੀ ਦਿਨ ਸੋਮਵਾਰ॥"॥=॥=॥=॥

ਹੱਥ ਲਿਖਤ ਨੰ : MS 5092

ਸਿਰਲੇਖ : ਸ੍ਰੀ ਨਾਨਕ ਪ੍ਰਕਾਸ ਗ੍ਰੰਥ

ਲੇਖਕ : ਸੰਤੋਖ ਸਿੰਘ, ਭਾਈ

ਸਮਾਂ : ਸੰਮਤ 1923

ਪੱਤਰੇ : 1 ੳ-412 ਅ

ਆਕਾਰ : 34 X 25 ਸ.ਮ. ਲਿਖਤ 25 X 17 ਸ.ਮ.

ਵੇਰਵਾ : ਜਿਲਦ ਗੱਤਾ ਕਪੜਾ। ਸਿਆਹੀ ਕਾਲੀ; ਵਖਰੇਵੇਂ ਲਈ ਲਾਲ। ਹਾਸ਼ੀਆ ਦੋਵੇਂ ਪਾਸੇ, ਦੋ ਦੋ ਲਾਲ ਲਕੀਰਾਂ, ਵਿਚਕਾਰ ਇਕ ਮੋਟੀ ਕਾਲੀ ਲਕੀਰ। ਸਤਰਾਂ ਪ੍ਰਤੀ ਪੰਨਾ-16 ਹਨ।

ਆਮ ਵੇਰਵਾ : ਗ੍ਰੰਥ ਇਕ ਪਾਸੇ ਤੋਂ ਪਾਣੀ ਨਾਲ ਭਿਜਿਆ ਹੋਇਆ ਹੈ। ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ। ਕੰਨੇ ਦੀ ਥਾਂ ਤੇ ਬਿੰਦੀ ਦਾ ਪਰਯੋਗ ਕੀਤਾ ਹੋਇਆ ਹੈ। ਲਿਖਾਈ ਹਾਸ਼ੀਏ ਤੋਂ ਬਾਹਰ ਕੀਤੀ ਹੋਈ ਹੈ। ਲਿਖਾਈ ਸੁੰਦਰ, ਪਹਿਲੇ ਪੰਨੇ ਉਪਰ, ਚਾਰੇ ਪਾਸੇ ਡੀਜ਼ਾਇਨ ਬਣਾ ਕੇ ਹਾਸ਼ੀਆ ਬਣਾਇਆ ਹੋਇਆ ਹੈ। ਬਾਕੀ ਗ੍ਰੰਥ ਦੀ ਹਾਲਤ ਠੀਕ ਠੀਕ ਹੈ॥

ਆਰੰਭ : "ੴ ਸਤਿਗੁਰ ਪ੍ਰਸਾਦਿ॥ ਸ੍ਰੀ ਨਾਨਕ ਪ੍ਰਕਾਸ਼ ਗ੍ਰੰਥ ਲਿਖਯਤੇ॥ ਏਕੋਂਕਾਰਾ ਸਤਿਗੁਰੂ ਤਿਹ ਪ੍ਰਸਾਦਿ ਸਚੁ ਹੋਇ॥ ਵਾਹਿਗੁਰੂ ਜੀ ਕੀ ਫਤੇ ਬਿਘਨ ਬਿਨਾਸਨ ਸੋਇ॥੧॥ ਕਬਿਤੁ ਤੀਨੋ ਲੋਕ ਬਰ ਦਾਨੀ ਤੀਨੋ ਜਾਚੈ ਮਹਾਂਰਾਨੀ ਤੀਨੋ ਤਾਪ ਹਾਨੀ ਆਦਿ ਤੀਨੋ ਗੁਨ ਮੰਤ੍ਰ ਕਾ॥ ਤੀਨੋ ਕਾਲ ਮਾਨੀ ਤੀਨੋ ਸਕਤਿ ਪ੍ਰਧਾਨੀ ਤਵ ਤੀਨੋ ਕ੍ਰਿਤਵਾਨੀ ਤੀਨੋ ਗਾਨੀ ਬਰਬੰਡ ਕਾ॥ ਦੀਨੀ ਰਜਧਾਨੀ ਬੱਜ੍ਰਪਾਨੀ ਕੋ ਕ੍ਰਿਪਾਨ ਪਾਨੀ ਜਾਨੀ ਮੈ ਭਵਾਨੀ ਸੁਖ ਖਾਨੀ ਖਲ ਖੰਡਨਾ॥ ਨਮੋ ਨਮੋ ਬਾਕ ਬਾਨੀ ਜੋਤਿ ਬਿਦਤਾਨੀ ਦਾਸ ਰਸਨਾ ਬਸਾਨੀ ਜੈਤ ਜੈਤ ਮਾਤ ਚੰਡਿਕਾ॥੨॥ਦੋਹਰਾ॥"

ਅੰਤ : "ਥੋਰੀ ਜੈਸੀ ਭੇਟਿ ਲੇਤਿ ਜਮ ਕੀਅ ਭੇਟ ਦੇਤਿ ਸਤਿਗੁਰੂ ਨਾਨਕ ਜੀ ਕਰਨਾ ਨਿਕੇਤ ਹੈ॥ ਹਿਤਾਲੇਤ ਦਾਸਨ ਕੀ ਅਹਿ ਬ੍ਰਹਮ ਦੇਤਿ ਤਿਹ ਮਨ ਲੇਤ ਚਰਨ ਮੈ ਮੁਕਤਿ ਕੋ ਦੇਤਿ

ਹੈ॥੧੧੩॥ਇਤ ਸ੍ਰੀ ਨਾਨਕ ਪ੍ਰਕਾਸੁ ਗ੍ਰੰਥੇ ਉਤਰਾਰਧੇ ਸਚਖੰਡ ਪ੍ਰਸਥਾਨ ਬਰਨੰਨ ਨਾਮੁ ਸਪਤ ਪਚਾਸਮੋ ਧਯਾਇ ਸਮਾਪਤ ਮਸਤ ਸ਼ੁਭ ਮਸਤ॥੧॥੨॥੩॥੪॥੫॥ ਭੁਲ ਚੁਕ ਸੋਧ ਪੜਨੀ॥ ਸੰਮਤ 1923 ਮਿਤੀ ਪੋਹੁ ਦੀ ੧੭॥੧●॥"=॥=॥=॥=॥

ਹੱਥ ਲਿਖਤ ਨੰ : MS 5093
ਸਿਰਲੇਖ : ਰਾਗਾਂ ਕੇ ਨਾਮ ਰੂਪ ਵਰਨੰਨ
ਪੱਤਰੇ : 1 ੳ-34 ਅ
ਆਕਾਰ : 17 X 11ਸ.ਮ. ਲਿਖਤ 11 X 8 ਸ.ਮ.
ਵੇਰਵਾ : ਜਿਲਦ ਗੱਤਾ ਰੈਕਸੀਅਨ। ਸਿਆਹੀ ਕਾਲੀ; ਵਖਰੇਵੇਂ ਲਈ ਲਾਲ। ਹਾਸ਼ੀਆ ਦੋਵੇਂ ਪਾਸੇ, ਦੋ ਦੋ ਲਾਲ ਲਕੀਰਾਂ। ਸਤਰਾਂ ਪ੍ਰਤੀ ਪੰਨਾ-7 ਹਨ।
ਆਮ ਵੇਰਵਾ : ਪਹਿਲੇ ਪੰਨੇ ਉਪਰ ਡੀਜ਼ਾਇਨਦਾਰ ਹਾਸ਼ੀਆ, ਕੰਨੇ ਦੀ ਥਾਂ ਤੇ ਬਿੰਦੀ ਦਾ ਪਰਯੋਗ ਕੀਤਾ ਹੋਇਆ ਹੈ। ਹਾਸ਼ੀਏ ਤੋਂ ਬਾਹਰ ਵੀ ਲਿਖਾਈ ਕੀਤੀ ਹੋਈ ਹੈ। ਲਿਖਾਈ ਸੁੰਦਰ, ਪੋਥੀ ਦੀ ਹਾਲਤ ਠੀਕ ਠੀਕ ਹੈ॥
ਆਰੰਭ : "੧ੑ੐ ਸਤਿਗੁਰ ਪ੍ਰਸਾਦਿ॥ ਸ੍ਰੀ ਗਣੇਸਾਯਨਮ:॥ ਸ੍ਰੀ ਦਸੇ ਗੁਰੂ ਜੀ ਸਹਾਯ॥ ਅਥ ਰਾਗਾ ਕੇ ਨਾਮ ਰੂਪ ਵਰਨੰਨ॥ ਨਮਸਕਾਰ ਹੋਇ ਸਰਸ੍ਵਤੀ ਜੀ ਕੋ ਜਿਸ ਕਾ ਰੂਪ ਅਨੂਪ ਹੈ॥ ਹੰਸ ਪਰ ਚੜੀ ਹੋਈ ਬੀਨ ਹਾਥ ਮੈ ਹੈ ਸੁਖਾ ਕੀ ਘਰ ਸਾਤੋ ਸੁਰ ਰੂਪ ਧਾਰ ਕੇ ਆਗੇ ਖਲੋਤੇ ਹੈਨ॥ ਆਦਿ ਮੈ ਨਾਰਾਇਨ ਕੀ ਨਾਭੀ ਸੇ ਧੁਨ ਹੋਈ ਤਾ ਕਾ ਸੁਧ ਰਿਦਾ ਕਰਕੇ ਉਚਾਰ ਕਰੇ॥"
ਅੰਤ : "੩੮॥ ਰਾਮਕਲੀ ਗੌਂਡ ਅਡਾਨੋ ਏ ਮਿਲੈ ਤਾ ਕੋ ਗੁਨ ਕਲੀ ਕਹੈ॥੩੯॥ ਗੌਂਡ ਆਸਾਵਰੀ ਗੁਜ੍ਰੀ ਏ ਮਿਲੈ ਤਾ ਕੌ ਗੌਂਡ ਕਲੀ ਕਹੈ॥੪●॥ ਦੇਸ ਟੋਡੀ ਲਲਤ ਦੇ ਸਕਾਰ ਦੇ ਮਿਲੈ ਤਾ ਕੋ ਬੈਰਾੜੀ ਕਹੈ॥੪੧॥ ਜੈਤਸ੍ਰੀ ਪੂਰਬੀ ਸਾਰੰਗ ਏ ਮਿਲੈ ਤਾ ਕੋ ਦੇਵਗਿਰੀ ਕਹੈ॥੪੨॥ ਇਤੀ ਗਾਇਨ ਰੂਪ ਰਾਗੁ ਰੂਪ ਨਾਮ ਸੰਕ੍ਰ ਰਾਗ ਸੰਪੂਰਨ ਸਮਾਪਤਿ॥" ॥ ॥ ਹਰੇ ਰਾਂਮ ਹਰੇ ਰਾਮ॥

ਹੱਥ ਲਿਖਤ ਨੰ : MS 5094
ਸਿਰਲੇਖ : ਦੇਵਯਾ (ਦੇਵੀ) ਕਵਚ
ਲੇਖਕ : ਕਸੁਦਾ
ਸਮਾਂ : ਸੰਮਤ 1903
ਪੱਤਰੇ : 1 ੳ-97 ਅ
ਆਕਾਰ : 16 X 12ਸ.ਮ. ਲਿਖਤ 12 X 8 ਸ.ਮ.
ਵੇਰਵਾ : ਜਿਲਦ ਗੱਤਾ ਕਪੜਾ, ਫਟਿਆ ਹੋਇਆ। ਸਿਆਹੀ ਕਾਲੀ। ਸਤਰਾਂ ਪ੍ਰਤੀ ਪੰਨਾ-9 ਹਨ।
ਆਮ ਵੇਰਵਾ : ਪੋਥੀ ਕਿਰਮ ਖੁਰਦਾ, ਲਿਖਾਈ ਸੁੰਦਰ, ਪਰ ਕਿਧਰੇ ਕਿਧਰੇ ਖਾਧੀ ਹੋਈ। ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ। ਪੱਤਰਿਆਂ ਦੀ ਹਾਲਤ ਖਸਤਾ। ਲਿਪੀ ਪੰਜਾਬੀ ਬੋਲੀ ਅਤੇ ਸੰਸਕ੍ਰਿਤ ਵਿਚ ਹੈ॥
ਆਰੰਭ : "੧ੑ੐ ਸ੍ਰੀ ਗਣੇਸਾਯਨਮ: ੐ ਅਸਯ ਸ੍ਰੀ ਦੇਬਯਾ ਕਵਚਸਯ ਪਿਤਾਮਹ ਰਿਖਿ॥ ਰਨੁਸ੍ਟ ਪ੍ਰਛੰਦ: ਸ੍ਰੀ ਮਹਾਕਾਲੀ ਮਹਾ ਲਖਯਮੀ ਸ੍ਰਸ੍ਵਤੀ ਦੇਵਤਾੳ੐ ਬੀਜੰ॥ ਹ੍ਰੀਸਕ੍ਤਿ: ਸ੍ਰੀ ਕੀਲਕੰ ਦੇਵੀ ਪ੍ਰੀਤਯਂਬ ਪਾਰੇ ਬਿਨਿਯੋਗ:ਨਾਰਦਉਵਾਚ॥ ੐ ਯਦ੍ਰਹ ਯੰਪਰੰਮਲੋ ਕੇਸ ਬਰਖਾਯਾ ਕਰੰਨ੍ਰਿਣਾ॥ ਯੱ ਨਰਕਸਯ ਚਿਦਾਖਯਤਿਤਨਮੇ ਬਰੂਹਿ ਪਿਤਾਮਹ ਸ੍ਰੀ ਬ੍ਰੰਮਉਵਾਚ॥"

ਅੰਤ : "॥ ਅਹਮੇਵ ਬਾਤਇਵ ਪ੍ਰਵਾਮਯਾਰ ਭੁਮਾਣਾ ਭੁਵ ਨਾਲਿ ਬਿਸ੍ਵ॥ ਪਰੋ ਦਿਵਾ ਪਰ ਏਨਾ ਪ੍ਰਿਬਿਬਿਯੈਤਾਵਤੀ ਮਹਿ ਨਾਸਿਬ ਭੁਵ॥ ਇਤਿ ਦੇਵੀ ਸ੍ਰਕੁੰ ਸਮਾਪ੍ਤਿਮ ਗਮਤਾਓ॥ ਸੰਮਤ ਉਨੀ ਸੈ ਤੀਸਰ॥ ਭਾਦ੍ਰਵਦੀ ਏਕਾਦਸਯ ਭਮੌਵਾਰਚੰਡੀ ਸਮਾਪ੍ਤੰ ॥ ਲੇਖ ਕਸੁਦਾ ਦਾਰ ਛਤ੍ਰੀ ਕੁਲ ਛੋਟੜਾ ਪਠਣ ਹੇਤ ਸੁਭੰ ਮਸਤੁ॥" ॥ ॥

ਹੱਥ ਲਿਖਤ ਨੰ : MS 5095 ਸੰਗ੍ਰਹਿ
ਸਿਰਲੇਖ : ਮਾਝਾ ਸੰਤ ਦਾਸ
ਲੇਖਕ : ਸੰਤ ਦਾਸ
ਪੱਤਰੇ : 1 ਉ–14 ਅ
ਆਕਾਰ : 18 X 13 ਸ.ਮ. ਲਿਖਤ 11 X 9 ਸ.ਮ.
ਵੇਰਵਾ : ਜਿਲਦ ਗੱਤਾ ਰੈਕਸੀਅਨ। ਸਿਆਹੀ ਕਾਲੀ। ਹਾਸ਼ੀਆ ਦੋਵੇਂ ਪਾਸੇ ਦੋ ਦੋ ਲਾਲ ਲਕੀਰਾਂ। ਸਤਰਾਂ ਪ੍ਰਤੀ ਪੰਨਾ–9 ਹਨ।
ਆਮ ਵੇਰਵਾ : ਲਿਖਾਈ ਸੁੰਦਰ, ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ; ਕੰਨੇ ਦੀ ਥਾਂ ਬਿੰਦੀ ਦਾ ਪਰਯੋਗ ਕੀਤਾ ਹੋਇਆ। ਪੋਥੀ ਦੀ ਹਾਲਤ ਠੀਕ ਠੀਕ। ਪੱਤਰੇ ਵਿਚ ਵਿਚ ਕਿਰਮ ਖੁਰਦਾ॥
ਆਰੰਭ : "ੴ ਸਤਿਗੁਰ ਪ੍ਰਸਾਦਿ॥ ਅਥ ਮਾਝਾ ਸੰਤ ਦਾਸ ਕੀਆ ਲਿਖਯਤੇ॥ ਅਜਬ ਤੂ ਅਜਾਇਬ ਤੂ ਅਜੱਬ ਤੇਰੇ ਤਮਾਸੇ॥ ਇਕਨਾ ਨੂ ਤੁੰ ਦੁਧ ਪਿਆਲੇ ਇਕ ਨਦੀਆਂ ਫਿਰਨ ਪਿਆਸੇ॥ ਇਕ ਨਾ ਉਪਰ ਲੱਤਾ ਨਾਹੀ ਇਕ ਪਹਰਨ ਮਲਮਲ ਖਾਸੇ॥ ਸੰਤ ਦਾਸ ਇਸ ਦਾ ਕਿਆ ਚਾਰਾ ਸਭ ਕਿਛੁ ਤੇਰੇ ਪਾਸੇ॥"
ਅੰਤ : "ਸਤਿਗੁਰ ਤੋਂ ਬਲਿਹਾਰੀ ਜਾਵਾ ਜਿਨ ਸਤ ਸੰਗ ਬਤਾਇਆ॥ ਸਤ੍ਰਿ ਸੰਗਤ ਦਾ ਸਦਕਾ ਮੈ ਤਾ ਰਿਦੈ ਕਰ ਸੁਖੀ ਸੁਣਾਇਆ॥ ਦਿਨ ਅਰ ਰਾਤ ਸੁ ਵਿਚ ਭਜਨ ਦੇ ਦੁਖਾ ਨੂ ਦੂਰ ਗਵਾਇਆ॥ ਸੰਤਦਾਸ ਪੂਰੇ ਸਤਿਗੁਰ ਤੇ ਮੈ ਸੁਖੀ ਸੁਲਾਖਾ ਆਇਆ॥"

ਹੱਥ ਲਿਖਤ ਨੰ : MS 5095 ਅ
ਸਿਰਲੇਖ : ਕਾਫੀਆ ਸਾਹੁ ਹੁਸੈਨ ਕੀਆ
ਲੇਖਕ : ਸਾਹੁ ਹੁਸੈਨ
ਪੱਤਰੇ : 14 ਉ–16 ਅ
ਆਕਾਰ : 18 X 13 ਸ.ਮ. ਲਿਖਤ 11 X 9 ਸ.ਮ.
ਵੇਰਵਾ : ਓਹੀ। ਸਤਰਾਂ ਪ੍ਰਤੀ ਪੰਨਾ–9 ਹਨ।
ਆਮ ਵੇਰਵਾ : ਲਿਖਾਈ ਸੁੰਦਰ, ਕੰਨੇ ਦੀ ਥਾਂ ਬਿੰਦੀ ਦਾ ਪਰਯੋਗ ਕੀਤਾ ਹੋਇਆ। ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ; ਪੋਥੀ ਦੀ ਹਾਲਤ ਠੀਕ ਠੀਕ।
ਆਰੰਭ : "ੴ ਸਤਿਗੁਰ ਪ੍ਰਸਾਦਿ॥ ਅਥ ਕਾਫੀਆ ਸਾਹੁ ਹੁਸੈਨ ਕੀਆ ਲਿਖਯਤੇ॥ ਰਬਾ ਮੇਰੇ ਅਉਗੁਣ ਚਿਤੁ ਨ ਧਰੀ॥ ਅਉਗੁਣਆਰੀ ਕੋ ਗੁਣ ਨਾਹੀ ਫਦਲੋ ਅਦਲ ਕਰੀ॥ ਦੁਨੀਆ ਵਾਲਿਆ ਨੂੰ ਦੁਨੀਆ ਦਾ ਮਾਣਾ ਨੰਗਾ ਨੂ ਨੰਗਮਣੀ॥ ਨਾ ਅਸੀ ਨੰਗ ਤੇ ਨਾ ਦੁਨੀਆ ਵਾਲੇ ਅਸਾਨੂੰ ਹਸਦੀ ਜਣੀ ਕਣੀ॥ ਕਹੈ ਹੇਸੈਨ ਫਕੀਰ ਰਬਾਣਾ ਮੇਰੀ ਡਾਢੇ ਨਾਲ ਬਣੀ॥੧॥ ਰਾਮ ਨਾਮ ਬਿਨ ਬਾਜੀ ਹਾਰੇ॥ ਜੋ ਬੀਜਿਆ ਸੋ ਲੁਣਿ ਜਿੰਦੁ ਨੀ॥ ਖਾਨ ਖਵੀਨੀ ਤੇ ਸੁਲਤਾਨੀ ॥ ਕਾਲ ਲਈਆ ਸਭ ਚੁਣਿ ਜਿੰਦੁਨੀ॥ ਕਹੈ ਹੁਸੈਨ ਫਕੀਰ ਗਦਾਈ॥ ਪਛੀ ਪੂਣੀ ਸਸ ਲੁਟਾਈ॥ ਸਾਹਾ ਨੂੰ ਲੋੜੇ ਹੁਣ ਜਿੰਦੁਨੀ॥"
ਅੰਤ : "ਦਰਦਵੰਦਾ ਦੀ ਚਾਲ ਨਿਰਾਲੀ॥ ਏਹਾ ਵੇਦਨ ਮੈ ਤਨ ਭਾਰੀ॥ ਅਗੇ ਸਚ ਪਛਾਣੀ ਦਾ॥"

ਹੱਥ ਲਿਖਤ ਨੰ : MS 5095 ਏ
ਸਿਰਲੇਖ : ਕਾਫੀਆ ਬੁਲੇ ਸਾਹੁ
ਲੇਖਕ : ਬੁਲੇ ਸਾਹੁ
ਪੱਤਰੇ : 16 ਅ–21 ਅ
ਆਕਾਰ : 18 X 13 ਸ.ਮ. ਲਿਖਤ 11 X 9 ਸ.ਮ.
ਵੇਰਵਾ : ਓਹੀ। ਸਤਰਾਂ ਪ੍ਰਤੀ ਪੰਨਾ–9 ਹਨ।
ਆਮ ਵੇਰਵਾ : ਲਿਖਾਈ ਸੁੰਦਰ, ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ; ਪੋਥੀ ਦੀ ਹਾਲਤ ਠੀਕ ਠੀਕ।
ਆਰੰਭ : "ੴ ਸਤਿਗੁਰ ਪ੍ਰਸਾਦਿ॥ ਕਾਫੀਆ ਬੁੱਲੇ ਸਾਹੁ ਕੀਆ॥ ਰਾਗ ਧਨਾਸਰੀ॥ ਮੈ ਬੇਕੈਦ ਮੈ ਬੇਕੈਦ॥ ਨਾ ਰੋਗੀ ਨਾ ਵੈਦ॥੧॥ ਰਹਾਉ॥ ਨਾ ਮੈ ਮੋਮਨ ਨਾ ਕਾਫਰ ਨ ਸਯਦੇ ਨਾ ਸੇਖ॥ ਮੈ ਆਜਜ ਦੀ ਬਾਤ ਕੀ ਪੁਛਨਾ ਏ ਪੈਦਾ ਹੋਇਆ ਨ ਪੈਦ॥੧॥"
ਅੰਤ : "ਮੈ ਮੇਰੀ ਹੈ ਕਿ ਤੇਰੀ ਹੈ॥ ਏਹ ਅੰਤ ਭਸਮ ਕੀ ਢੇਰੀ ਹੈ॥ ਢੇਰੀ ਲੋ ਸਭ ਖੇਰੀ ਹੈ॥ ਢੇਰੀ ਨੂ ਨਾਚ ਨਚਾਈ ਦਾ॥ ਬਿੰਦ੍ਰਾਬਨ ਵਿਚ ਗਊ ਚਰਾਵੈ॥ ਲੰਕਾ ਚੜਿ ਕੈ ਨਾਦ ਵਜਾਵੈ॥ ਮੱਕੇ ਵਿਚ ਹਾਜੀ ਬਨਿ ਆਵੈ॥ ਇਹ ਵਲ ਛਲ ਕਿਸੇ ਦਿਖਾਈ ਦਾ॥੩॥ ਮਨਸੂਰ ਤੁਸਾ ਥੇ ਆਇਆ ਹੈ॥ ਤੁਸਾ ਸੂਲੀ ਚਾਇ ਦਿਵਾਇਆ ਹੈ॥ ਮੇਰਾ ਵੀਰ ਬਾਬਲ॥"

ਹੱਥ ਲਿਖਤ ਨੰ : MS 5095 ਸ
ਸਿਰਲੇਖ : ਸਿਹਰਫੀ ਬੁਲੇ ਸਾਹੁ
ਲੇਖਕ : ਬੁਲੇ ਸਾਹੁ
ਪੱਤਰੇ : 22 ਓ–32 ਅ
ਆਕਾਰ : 18 X 13 ਸ.ਮ. ਲਿਖਤ 11 X 9 ਸ.ਮ.
ਵੇਰਵਾ : ਓਹੀ। ਸਤਰਾਂ ਪ੍ਰਤੀ ਪੰਨਾ–9 ਹਨ।
ਆਮ ਵੇਰਵਾ : ਲਿਖਾਈ ਵਿਚ ਵਿਚ ਧੱਬਿਆ ਵਾਲੀ ਪਰ ਸੁੰਦਰ ਅਤੇ ਪੜ੍ਹੀ ਜਾਂਦੀ ਹੈ। ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ; ਪੋਥੀ ਦੀ ਹਾਲਤ ਠੀਕ ਠੀਕ।
ਆਰੰਭ : "ੴ ਸਤਿਗੁਰ ਪ੍ਰਸਾਦਿ॥ ਅਥ ਸਿਹਰਫੀ ਬੁੱਲੇ ਸਾਹੁ ਕੀ॥ ਅਲਫ ਆਪਣੇ ਆਪ ਨੂੰ ਸਮਝ ਪਹਿਲੇ ਕੀ ਵਸ ਭੀ ਹੈ ਤੇਰੜਾ ਰੂਪ ਪਿਆਰੇ ਬਿਨਾ ਅਪਨੇ ਆਪ ਦੇ ਸਹੀ ਕੀਤੇ ਰਹਿਓ ਵਿਚ ਵਿਸੂਰੇ ਦੇ ਦੁਖ ਭਾਰੇ॥ ਹੋਰ ਲਖ ਉਪਾਵਨ ਸੁਖ ਹੋਵੀ ਪੁਛ ਦੇਖ ਸਿਆਨੜੇ ਜਗ ਸਾਰੇ॥ ਸੁਖ ਰੂਪ ਅਖੰਡ ਚਿੰਤਨ ਹੈ ਤੂੰ ਬੁਲਾ ਸਾਹਿ ਪੁਕਾਰਦੇ ਵੇਦ ਚਾਰੇ॥"
ਅੰਤ : "੨੯॥ ਯੇ ਯਾਰ ਪਾਇਆ ਸਏਓ ਮੇਰੀਓ ਨੀ ਮੈ ਤਾ ਆਪਣਾ ਆਪ ਗਵਾਇ ਕੇ ਜੀ॥ ਰਹੀ ਸੁ ਧਨ ਬੁਧ ਜਹਾਨ ਕੇਰੀ ਬਨੀ ਬਿਰਤ ਅਨੰਦ ਮੋ ਜਾਇਕੇ ਜੀ॥ ਆਠੋ ਜਾਂਮ ਬਿਸਰਾਂਮ ਨਹੀ ਕਾਮ ਕੋਈ ਆਗਿਆਨ ਕੀ ਭਾਹ ਜਲਾਇਕੇ ਜੀ॥ ਬੁਲਾ ਸਾਹਿ ਮੁਮਾਰਖਾ ਲਖ ਦੇਵੋ ਭਈ ਜਾਨ ਜਾਨੀ ਮਲ ਲਾਇ ਕੇ ਜੀ॥"੩●॥

ਹੱਥ ਲਿਖਤ ਨੰ : MS 5095 ਹ
ਸਿਰਲੇਖ : ਬਾਰਾ ਮਾਹ–ਬੁਲੇ ਸਾਹੁ ਕਾ
ਲੇਖਕ : ਬੁਲੇ ਸਾਹੁ
ਪੱਤਰੇ : 32 ਅ–38 ਅ
ਆਕਾਰ : 18 X 13 ਸ.ਮ. ਲਿਖਤ 11 X 9 ਸ.ਮ.

ਵੇਰਵਾ : ਓਹੀ। ਸਤਰਾਂ ਪ੍ਰਤੀ ਪੰਨਾ-9 ਹਨ।

ਆਮ ਵੇਰਵਾ : ਲਿਖਾਈ ਧੱਬਿਆਂ ਵਾਲੀ, ਪਰ ਪੜ੍ਹੀ ਜਾਂਦੀ ਹੈ ਅਤੇ ਸੁੰਦਰ ਹੈ, ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ; ਕੰਨੇ ਦੀ ਥਾਂ ਤੇ ਬਿੰਦੀ ਦਾ ਪਰਯੋਗ ਕੀਤਾ ਹੋਇਆ ਹੈ। ਪੋਥੀ ਦੀ ਹਾਲਤ ਠੀਕ ਠੀਕ।

ਆਰੰਭ : "ੴ ਸਤਿਗੁਰ ਪ੍ਰਸਾਦਿ॥ ਅਥ ਬਾਰਾਮਾਹ ਬੁੱਲੇ ਸਾਹੁ ਕਾ॥ ਅਸੂ ਲਿਖੇ ਸੰਦੇਸਰਾ ਵਾਚੇ ਹਮਰਾ ਪੀਉ॥ ਕਵਨ ਕੀਆ ਤੁਮ ਕਹਾ ਕਉ ਮੋ ਤਨ ਕਲ ਮਲੁ ਜੀਉ॥੧॥ ਅਸੂ ਅਸਾ ਤੁਸਾਡੀ ਆਸੁ॥ ਸਾਡੀ ਜਿੰਦੁ ਤੁਸਾਡੇ ਪਾਸ ਜਿਗਰੇ ਮੁਢ ਪ੍ਰੇਮ ਕੀ ਲਾਸੁ॥ ਦੁਖਾ ਹਡ ਸੁਕਾਏ ਮਾਸੁ॥ ਸੂਲਾ ਸਾੜੀਆ॥ ਸੁਲਾ ਸਾੜੀ ਰਹੀ ਉਰਾਰ॥ ਮੁਠੀ ਤੰਦ ਨ ਗਈਆ ਨਾਲਿ॥ ਬੁਲਾ ਸਾਹ ਕੀ ਕਰਾ ਸੰਭਾਲ॥ ਪਿਆਰੇ ਮਾਰੀਆ॥"

ਅੰਤ : "ਸਾਹਿਬ ਕੁਦਰਤਿ ਸੇਤੀ ਪਾਇਆ ॥ ਹਿਰਦੇ ਹਰਿ ਹਰਿ ਆਖ ਬਸਾਇਆ॥ ਸਹੁ ਅਨਾਇਤ ਸੇਤੀ ਹੁਣ ਮੈ ਪਾਇਆ॥ ਜੋ ਕੁਛ ਹੋਵੇ ਕਹਕੇ ਸੁਆਲ ਮੰਗਾਏ॥ ਪਲਕ ਨ ਵਿਸਰਨਾ॥ ਬੁਲਾ ਸਾਹੁ ਕੀ ਰਹਿ ਲਤਾ ਸੁਖ ਬਸਨਿ॥ ਬਾਰਾ ਮਾਹ ਸੰਪੂਰਨੰ॥"

ਹੱਥ ਲਿਖਤ ਨੰ : MS 5095 ਕ

ਸਿਰਲੇਖ : ਬਾਰਾ ਮਾਹ ਸ੍ਰੀ ਰਾਮ ਚੰਦ ਕਾ

ਲੇਖਕ : ਰਾਮ ਚੰਦ

ਪੱਤਰੇ : 38 ਅ-42 ਓ

ਆਕਾਰ : 18 X 13 ਸ.ਮ. ਲਿਖਤ 11 X 9 ਸ.ਮ.

ਵੇਰਵਾ : ਓਹੀ। ਸਤਰਾਂ ਪ੍ਰਤੀ ਪੰਨਾ-9 ਹਨ।

ਆਮ ਵੇਰਵਾ : ਲਿਖਾਈ ਸੁੰਦਰ, ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ; ਪੋਥੀ ਦੀ ਹਾਲਤ ਠੀਕ ਠੀਕ।

ਆਰੰਭ : "ੴ ਸਤਿਗੁਰ ਪ੍ਰਸਾਦਿ॥ ਅਥ ਬਾਰਾਮਾਹ ਸ੍ਰੀ ਰਾਮ ਚੰਦ ਕਾ॥ਲਿਖਯਤੇ॥ ਚੇਤ ਪੀਛਲੇ ਪਾਖ ਰਾਮ ਨੌਮੀ ਕਾ ਜਨਮ ਲੀਆ॥ ਅਵਧ ਪੁਰੀ ਸੁਖ ਧਾਮ ਨਾਰ ਮਿਲ ਮੰਗਲ ਚਾਰ ਕੀਆ॥ ਖਬਰ ਜਬ ਦਸਰਥ ਨੇ ਪਾਈ॥ ਦੀਏ ਦਿ ਜਨ ਕੋ ਦਾਨ ਗਊ ਦਿਨ ਥੋਰੋ ਵਿਆਈ॥ ਸਭ ਪਰਫੁਲਤ ਸਭ ਧਾਈ॥ ਕਰਮ ਰੇਖ ਨ ਟਰੇ ਕਰੇ ਕੋਈ ਲਾਖੋ ਚਤਰਾਈ॥੧॥"

ਅੰਤ : "ਫਾਗਨ ਮਾਸ ਸੀਆ ਹਰੀ ਰਾਵਣ ਕੋ ਬਧਕੀਨਾ॥ ਲੰਕਾ ਮਾਰ ਬਿਦਾਰ ਰਾਜ ਬਭੀਛਨ ਕੋ ਦੀਨਾ॥ ਰਾਮ ਅਜੁਧਿਆ ਕੌਸਲਿਆ ਆਏ॥ ਸੁਰ ਨਰ ਮੁਨ ਜਨ ਕਰਤ ਤਪਸਿਆ ਸਭ ਦ੍ਰਸਨ ਪਾਏ॥ ਰਾਮ ਗਦੀ ਬੈਠਾਏ॥ ਕਰਮ ਰੇਖ ਨ ਟਰੇ ਕਰੇ ਕੋਈ ਲਾਖੋ ਚਤਰਾਈ॥੧●॥"

ਹੱਥ ਲਿਖਤ ਨੰ : MS 5095 ਖ

ਸਿਰਲੇਖ : ਬਿਸਨ ਪਦਾ-ਮੀਰਾ ਬਾਈ

ਲੇਖਕ : ਮੀਰਾ

ਪੱਤਰੇ : 42 ਓ-42 ਅ

ਆਕਾਰ : 18 X 13 ਸ.ਮ. ਲਿਖਤ 11 X 9 ਸ.ਮ.

ਵੇਰਵਾ : ਓਹੀ। ਸਤਰਾਂ ਪ੍ਰਤੀ ਪੰਨਾ-6 ਸਤਰਾਂ ਹਨ।

ਆਮ ਵੇਰਵਾ : ਲਿਖਾਈ ਸੁੰਦਰ, ਪੋਥੀ ਦੀ ਹਾਲਤ ਠੀਕ ਠੀਕ।

ਆਰੰਭ : "ਬਿਸਨ ਪਦਾ ਮੀਰਾ ਬਾਈ ਕਾ॥ ਸੇ ਲੋਕ ਕਹੈ ਬਿੰਦ੍ਰਾ ਬਨ ਮੈ ਮੇਰੋ ਸਾਮ ਮੇਰੇ ਘਰ ਹੀ॥ ਮੈ ਜੁ ਚਲੀ ਜਮਨਾ ਜਲ ਭਰਨੈ ਰੈਨ ਅੰਧੇਰੀ ਕਾ ਡਰ ਰੀ॥"

ਅੰਤ : "ਪੀਆ ਕੋ ਢੂਢ ਕੇ ਮੈ ਜਾਇ ਮਿਲੌਂਗੀ॥ ਪੀਆ ਕੇ ਨਗਰ ਕੈ ਸੌ ਡਰ ਰੀ॥ ਮੀਰਾ ਕੇ ਪ੍ਰਭ ਗਿਰਧਰ ਨਾਗਰ ਮੈ ਤੋ ਚਰਨ ਕਮਲ ਲੈ ਪਕਰ ਰੀ॥"

ਹੱਥ ਲਿਖਤ ਨੰ : MS 5095 ਗ
ਸਿਰਲੇਖ : ਬਿਸਨ ਪਦਾ ਸੁਦਾਮਾ ਜੀ ਕੇ
ਪੱਤਰੇ : 42 ਅ–43 ਓ
ਆਕਾਰ : 18 X 13 ਸ.ਮ. ਲਿਖਤ 11 X 9 ਸ.ਮ.
ਵੇਰਵਾ : ਓਹੀ। ਸਤਰਾਂ ਪ੍ਰਤੀ ਪੰਨਾ–13 ਸਤਰਾਂ ਹਨ।
ਆਮ ਵੇਰਵਾ : ਲਿਖਾਈ ਸੁੰਦਰ, ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ; ਪੋਥੀ ਦੀ ਹਾਲਤ ਠੀਕ ਠੀਕ।
ਆਰੰਭ : "ਬਿਸਨ ਪਦਾ ਸੁਦਾਮਾ ਜੀ ਕੇ॥ ਨੰਦ ਲਾਲ ਜੂ ਕਹੀਯੋ ਮੇਰੀ ਅਰਜੀ॥ ਜਨਮ ਬਿਰਾਹ ਮਨੁ ਕਰਮ ਭਿਖਾਰੀ॥ ਉਰ ਪਰਚੰਡ ਬਿਦਿਲ ਮੋਰੀ ਨਾਰੀ॥ ਹਮ ਨੂ ਕਹੀ ਤੁਮ ਜਾਉ ਕਿਸਨ ਪਹਿ ਬਾਰ ਬਾਰ ਮੋਹ ਬਰਜੀ॥ ਇਕ ਦੁਰਬਲ ਬਿਪਰ ਦੁਆਰੇ ਪਰ ਆਏ॥ ਦੁਆਰ ਪਾਲ ਜਾ ਬਚਨ ਸੁਨਾਏ॥"
ਅੰਤ : "ਮਿਤ੍ਰ ਸੁਦਾਮਾ ਕੰਠ ਲਗਾਇਓ ਚਰਨ ਧੋਇ ਚਰਨਾਮਤ ਲੀਨੋ॥ ਔਰ ਛਿਣਕਾਇਓ ਘਰ ਜੀ॥ ਤੰਦਲ ਦੇਖ ਬਧੇ ਦੁਪਟਾ ਮੈ ਤਬ ਹਰਿ ਪੂਛਨ ਲਗੇ ਸੁਦਾਮੇ॥"

ਹੱਥ ਲਿਖਤ ਨੰ : MS 5095 ਘ
ਸਿਰਲੇਖ : ਬਿਸਨਪਦੇ
ਲੇਖਕ : ਸੂਰਦਾਸ
ਪੱਤਰੇ : 43 ਓ–43 ਅ
ਆਕਾਰ : 18 X 13 ਸ.ਮ. ਲਿਖਤ 11 X 9 ਸ.ਮ.
ਵੇਰਵਾ : ਓਹੀ। ਸਤਰਾਂ ਪ੍ਰਤੀ ਪੰਨਾ–11 ਸਤਰਾਂ ਹਨ।
ਆਮ ਵੇਰਵਾ : ਪੱਤਰੇ ਕਿਰਮ ਖੁਰਦਾ। ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ। ਵਿਚ ਵਿਚ ਕਾਨੀ ਬਦਲੀ ਹੋਈ ਪੱਤਰੇ ਖਸਤਾ ਹਾਲਤ ਵਿਚ ਹਨ।
ਆਰੰਭ : "ਸੂਰ ਦਾਸ ਜਬ ਛੀਨਾ ਛੀਨੀ ਕਰਨ ਲੱਗੇ ਗਿਰਧਰ ਜੀ ਆਖੀ ਮੋਹਨ ਲਾਲ ਜੀ ਚਿਲੇ ਚੜੀ ਕਮਾਨ॥ ਮੁਰਕ ਕੋ ਇਨ ਫਟਿਆ ਸਭ ਫਟੇ ਸੁਘੜ ਸੁਜਾਨ॥ ਸ੍ਰੀ ਦੇਵੀ ਵਰਦਾਇਨੀ ਦੁਖ ਹਰਲੀ ਸੁਖ ਸਾਰਾ॥ ਦੁਸਟ ਦਲਨ ਸਭ ਅਘ ਹਰਨ ਬੰਦੋ ਪਦ ਉਰਧਾਰਾ॥"
ਅੰਤ : "ਭੋਜਨ ਭੂਖੇ ਜੋ ਫਿਰਹਿ ਤੇ ਤੌ ਸਾਧੂ ਨਾਹੀ ॥ ਸੰਤ ਸਭਾ ਮਹਿ ਬੈਠ ਸੁ ਹਰਿ ਜਸੁ ਹਉ ਕਹਾ॥ ਅਰਪੀ ਸਭ ਸਰੀਰ ਕਿ ਇਹ ਮਨ ਸਭ ਦਿਵਾ॥"॥ ॥ ॥ ॥ ॥ ॥ ॥ ॥ ॥

ਹੱਥ ਲਿਖਤ ਨੰ : MS 5096 ਸੰਗ੍ਰਹਿ
ਸਿਰਲੇਖ : ਉਤਪਤਿ ਬ੍ਰਕਮਾ ਜੀ (ਬਿਕ੍ਰਮਾਜੀਤ) ਅਰੁ ਮੈਣਾ ਵੰਤੀ
ਲਿਖਾਰੀ : ਪਰਿਕਾਸੇ ਪੰਡਤਿ
ਸਮਾਂ : ਸੰਮਤ 1883
ਸਥਾਨ : ਕਸ਼ਮੀਰ
ਪੱਤਰੇ : 1 ਅ–118 ਅ
ਆਕਾਰ : 17 X 11 ਸ.ਮ. ਲਿਖਤ 12 X 8 ਸ.ਮ.
ਵੇਰਵਾ : ਜਿਲਦ ਗੱਤਾ ਚਮੜਾ। ਸਿਆਹੀ ਕਾਲੀ ਵਖਰੇਵੇਂ ਲਈ ਲਾਲ। ਹਾਸ਼ੀਆਂ ਚਾਰੇ ਪਾਸੇ ਤਿੰਨ ਤਿੰਨ ਕਾਲੀਆਂ ਲਕੀਰਾਂ, ਇਕ ਬਾਰੀਕ ਅਤੇ ਇਕ ਮੋਟੀ ਕੇਸਰੀ ਲਕੀਰ। ਸਤਰਾਂ ਪ੍ਰਤੀ ਪੰਨਾ–7 ਹਨ।

ਆਮ ਵੇਰਵਾ : ਪੋਥੀ ਦੇ ਪੱਤਰਾ ਨੰਬਰ 70 ਅ ਅਤੇ 118 ਅ ਤੋਂ ਬਾਅਦ ਦੋ ਰੇਅਰ ਪੇਂਟਿੰਗਜ਼ ਲਗੀਆਂ ਹੋਈਆਂ ਹਨ, ਜੋ ਉਸ ਸਮੇਂ ਦੀ ਚਿੱਤਰਕਲਾ ਦਾ ਇਕ ਸੁੰਦਰ ਨਮੂਨਾ ਹੈ। ਇਹ ਪੇਂਟਿੰਗਜ਼ ਸੁਨਹਿਰੀ, ਲਾਲ ਅਤੇ ਜਾਮਨੀ ਰੰਗ ਨਾਲ, ਪਾਸਿਆਂ ਤੇ ਡੀਜ਼ਾਇਨ ਬਣਾ ਕੇ ਬਣਾਈਆਂ ਗਈਆਂ ਹਨ। ਲਿਖਾਈ ਸੁੰਦਰ ਪਰ ਕਿਧਰੇ ਕਿਧਰੇ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ। ਨਿਰਸੰਦੇਹ, ਕਿਧਰੇ ਕਿਧਰੇ ਲਿਖਤ ਧਬਿਆਂ ਵਾਲੀ ਹੈ। ਪਰ ਪੜ੍ਹੀ ਜਾਂਦੀ ਹੈ। ਪੋਥੀ ਦੀ ਹਾਲਤ ਠੀਕ ਠੀਕ ਹੈ।

ਆਰੰਭ : "ੴ ਸਤਿਗੁਰ ਪ੍ਰਸਾਦਿ॥ ਉਤਪਤਿ ਬ੍ਰਕਮਾਜੀਤ (ਬਿਕ੍ਰਮਾਜੀਤ) ਅਰੁ ਮੈਣਾ ਵੰਤੀ ਕੀ ਅਰੁ ਭਰਥਰੀ ਕੀ॥ ਗੰਧ੍ਰਬੁ ਜੋਸੀ ਸੇ॥ ਇੰਦ੍ਰ ਕਾ ਪੁਤ੍ਰ ਸੀ ਸਦਾ ਹੀ ਗੰਧ੍ਰਬੁ ਸੁਵਰਗਿ ਬਿਖੇ ਰਹੁਦਾ ਸੀ॥ ਤਿਸ ਦੀ ਸੁਰਤਿ ਸਦਾ ਇਸਤ੍ਰੀਆਂ ਵਲਿ ਰਹਦੀ ਸੀ। ਏਕ ਦਿਨੁ ਜੋ ਕੋਈ ਬੁਰਾ ਕਰਮੁ ਕੀਤੋ ਸੋ॥ਤਾ ਇੰਦ੍ਰ ਜੀ ਕਰੋਧੁ ਹੋਇ ਕਰਿ ਸ੍ਰਾਪ ਦੀਆ॥ ਜੋ ਤੂ ਮਾਤਿ ਲੋਕ ਬਿਖੇ ਜਾਊ ਕਰਿ ਗਧਾ ਹੋਹੁ॥"

ਅੰਤ : "ਉਲਟਿਆ ਕਵਲੁ ਪਵਨੁ ਕੌ ਪਲਟਿਆ ਬਾਧਿਆ ਮਨੁ ਪਰਵਾਨੁ॥ ਗਗਨੁ ਮੰਡਲ ਕਾ ਮਾਰਗੁ ਲੀਆ ਨਿਰਖਆ ਅਗਮੁ ਅਸਥਾਨ॥ ਛੁਟਕਿਆ ਨਾਭੁ ਦੁਆਦਿਸੁ ਆਇਆ ਲਾਗਾ ਤ੍ਰਿਕੁਟੀ ਧਿਆਨੁ॥ ਉਨ ਮਨਿ ਗਤਿ ਗਗਨੰ ਤਰਿ ਚੜਿਆਂ ਬਿਸਰਿਆ ਦੇਹੁ ਪੁਰਾਨ॥੩॥ ਜਵਿਤਿ ਮਿਰਤਕ ਹੋਇਆ ਜਨ ਕਰਿ ਬਿਮਲਾ ਇਸ਼ਨਾਨ॥ ਬਦਤਿ ਗੋਰਖ ਸੁਣ ਮੈਣਾਵੰਤੀ ਤੇਰਾ ਅਸਥਰੁ ਭਇਆ ਰਜਾਨੁ॥ ਜੁਮਲਾ॥"

ਹੱਥ ਲਿਖਤ ਨੰ : MS 5096 ਅ
ਸਿਰਲੇਖ : ਹੀਰ ਰਾਂਝੇ ਕਾ ਬ੍ਰਿਤਾਂਤ
ਲੇਖਕ : ਮੁਕਬਲ
ਲਿਖਾਰੀ : ਪਰਿਕਾਸੇ ਪੰਡਿਤਿ
ਸਮਾਂ : ਸੰਮਤ 1883
ਸਥਾਨ : ਕਸ਼ਮੀਰ
ਪੱਤਰੇ : 119 ਅ–283 ਅ
ਆਕਾਰ : 17 X 11 ਸ.ਮ. ਲਿਖਤ 12 X 8 ਸ.ਮ.
ਵੇਰਵਾ : ਓਹੀ। ਸਤਰਾਂ ਪ੍ਰਤੀ ਪੰਨਾ –7 ਹਨ।
ਆਮ ਵੇਰਵਾ : ਲਿਖਾਈ ਸੁੰਦਰ, ਪਰ ਵਿਚ ਵਿਚ ਧੱਬਿਆਂ ਵਾਲੀ ਪਰ ਪੜ੍ਹੀ ਜਾਂਦੀ ਹੈ। ਪੋਥੀ ਦੀ ਹਾਲਤ ਠੀਕ ਠੀਕ। ਕਈ ਪੰਨਿਆਂ ਉਪਰ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ।

ਆਰੰਭ : "ੴ ਸਤਿਗੁਰ ਪ੍ਰਸਾਦਿ॥ ਹੀਰ ਰਾਂਝੇ ਕਾ ਬ੍ਰਿਤਾਂਤ॥ ਝੁਲਣੇ ਮਉਜੂ ਜਟ ਦਾ ਲਾਡਲਾ ਨਾਉ ਸੀ॥ ਦੋ ਵਿਚ ਤਖਤ ਹਜਾਰੇ ਦੇਵ ਸਦਾ ਸੀ॥ ਮੁਹੋ ਝੜਨ ਗੁਲਾਬ ਦੇ ਫੁਲ ਤਾਜੇ ਜਦੋ ਖਿਲਕੇ ਸੋਹਣਾ ਹਸਦਾ ਸੀ। ਨੈਣਾ ਹੀਰ ਦਿਆਂ ਖਾਬ ਵਿਚ ਜਿਬਾ ਕੀਤਾ ਭੇਦ ਮੂਲ ਨਾ ਕਿਸੇ ਨੂ ਦਸਦਾ ਸੀ॥ ਦਿਸੇ ਰਾਤ ਮਹਬੂਬ ਦੇ ਦੇਖਣੇ ਨੂ ਪਇਆ ਮੁਕਬਲੇ ਵਾਗੁ ਤਰਸਦਾ ਸੀ॥"

ਅੰਤ : "੩੫੪॥ ਆਸ਼ਕ ਹੋਵਣਾ ਜਾਤ ਖੁਦਾਇ ਦੀ ਹੈ ਹੋਰ ਸੁਜੜਾ ਜਿਕਰ ਖਿਆਲ ਹੈ ਜੀ॥ ਧਨੁ ਮਾਲ ਤੇ ਮਤ ਗਰੂਰ ਹੋਈਏ ਕਿਸੇ ਅੰਤ ਨਾ ਨਿਭਿਆ ਨਾਲ ਹੈ ਜੀ॥ ਲਖ ਵਰੇ ਜੇ ਜੀਵਣਾ ਅੰਤੁ ਮਰਨਾ ਥਿਰੁ ਕਾਂਦਰਾ ਜਿਲ ਜਲਾਲ ਹੈ ਜੀ॥ ਮੁਕਬਲ ਨਾਉ ਖੁਦਾਇਦਾ ਕੀ ਮੀਆ ਹੈ ਹੋਰ ਸੁਵੜਾ ਜਿਕਰ ਖਿਆਲ ਹੈ ਜੀ॥੩੫੫॥ ਹੀਰ ਸੰਪੂਰਨ ਹੋਈ। ਭੁਲਾ ਚੁਕਾ ਬਖਸਨਾ ॥ ਸੁਭੰ ॥
ਪੋਥੀ ਲਿਖਵਾਈ ਕਸ਼ਮੀਰ ਵਿਚ ਲਿਖੀ ਪਰਿਕਾਸੇ ਪੰਡਿਤ ਲਿਖਵਾਈ ਸਾਧੂ ਰਾਮ ਨੰਦੇ ਪ੍ਰੀਤ ਸੰਜੁਗਤਿ ਸੰਮਤਿ ਅਠਾਂਰਾ ਸੈ ਤ੍ਰਿਆਸੀ ਵਿਚ॥ ਸਮਤ ੧੮੮੩ ੬੪ ਕਸ਼ਮੀਰ"

ਹੱਥ ਲਿਖਤ ਨੰ : MS 5097
ਸਿਰਲੇਖ : ਪੰਚਦਸੀ ਭਾਖਾ ਵਾਰਤਕ
ਲੇਖਕ : ਆਤਮ ਸ੍ਵਰੂਪ
ਸਮਾਂ : ਸੰਮਤ 1918
ਪੱਤਰੇ : 1 ੳ-260 ੳ
ਆਕਾਰ : 31 X 18 ਸ.ਮ. ਲਿਖਤ 25 X 13 ਸ.ਮ.
ਵੇਰਵਾ : ਜਿਲਦ ਗੱਤਾ ਰੈਕਸੀਅਨ। ਸਿਆਹੀ ਕਾਲੀ। ਹਾਸ਼ੀਆ ਦੋਵੇਂ ਪਾਸੇ ਤਿੰਨ ਕਾਲੀਆਂ ਲਕੀਰਾਂ, ਦੋ ਲਾਲ ਲਕੀਰਾਂ ਅਤੇ ਇਕ ਮੋਟੀ ਪੀਲੀ ਲਕੀਰ। ਸਤਰਾਂ ਪ੍ਰਤੀ ਪੰਨਾ-5 ਹਨ।
ਆਮ ਵੇਰਵਾ : ਪਹਿਲੇ ਪੰਨੇ ਤੇ ਪੋਥੀ ਦੇ ਸ਼ੁਰੂ ਵਿਚ ਬਹੁਤ ਸੁਹਣਾ ਹਾਸ਼ੀਆ ਬਣਾ ਕੇ ਰਚਨਾ ਸ਼ੁਰੂ ਕੀਤੀ ਹੈ। ਕੰਨੇ ਦੀ ਥਾਂ ਤੇ ਬਿੰਦੀ ਦਾ ਪਰਯੋਗ ਕੀਤਾ ਹੋਇਆ ਹੈ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ। ਕੁਝ ਪੱਤਰੇ, ਵਿਚੋਂ ਕੱਟੇ ਹੋਏ ਹਨ। ਪੰਨਾ ਨੰਬਰ ਦੋਹਰਾ ਦਿਤਾ ਹੋਇਆ ਹੈ। ਲਿਖਾਈ ਸੁੰਦਰ, ਪੋਥੀ ਦੀ ਹਾਲਤ ਠੀਕ ਠੀਕ ਹੈ।
ਆਰੰਭ : "ੴ ਸਤਿਗੁਰ ਪ੍ਰਸਾਦਿ॥ਦੋਹਰਾ॥ ਸ੍ਰੀ ਗੁਰੂ ਨਾਨਕ ਚਰਨ ਰਜ ਭਜ ਮਨ ਬਾਰਿਬਾਰ॥ ਜਸ ਭਜਨ ਕਰਿ ਜਾਨੀਏ ਅਦ੍ਵੈ ਬ੍ਰਹਮ ਅਪਾਰ॥੧॥ਦੋਹਰਾ॥ ਸ੍ਰੀ ਮਤ ਗੰਗਾ ਰਾਮ ਗੁਰਚਰਨ ਕਮਲ ਕੀ ਸੇਵਾ ਜਿਸੈ ਤਿ ਮਰ ਮਟਾਇ ਕੈ ਦਰਸਿਓ ਆਤਮ ਦੇਵ॥ ਅਥ ਪੰਚਦਸੀ ਭਾਖਾ ਵਾਰਤਕ ਲਿਖਯਤੇ॥ ਇਸ ਪੰਚ ਦਸੀ ਕੇ ਪੰਦ੍ਰਾ ਗ੍ਰੰਥ ਹੇ॥ ਪੰਚ ਵਿਵੇਕ, ਪੰਚ ਦੀਪ॥ ਪੰਚ ਆਨੰਦ॥ ਤਿਨਾ ਪੰਚਾ ਵਿਵੇਕਾਂ ਵਿਚੋਂ ॥ ਪਹਿਲੇ ਵਿਵੇਕ ਕਾ ਨਾਮ ਪ੍ਰਤ੍ਰੁਕਤਤ੍ਵ ਵਿਵੇਕ ਹੈ॥ ਤਿਸਕੇ ਆਦਿ ਵਿਖੇ ਟੀਕਾਕਾਰ ਕਾ ਮੰਗਲਾ ਚਰਨ ਹੈ॥ ਸ੍ਰੀ ਭਾਰਤੀ ਤੀਰਥ ਮੁਨੀ ਸ੍ਵਰ ਅਰ ਵਿਦਿਅਰਨੱ ਮੁਨੀਸ੍ਵਰ ਇਨਾ ਦੁਹਾਂ ਕੋ ਨਮਸਕਾਰ ਕਰਕੇ ਪ੍ਰਤ੍ਰੁਕਤ ਵਿਵੇਕ ਨਾਮ ਗ੍ਰੰਥ ਦੇ ਅਰਥ ਪ੍ਰਕਾਸ ਕਰਤੇ ਹੈ। ਏਹ ਜੋ ਪੰਚਦਸੀ ਨਾਮ ਗ੍ਰੰਥ ਹੈ॥ ਤਿਸ ਦੀ ਨਿਰ ਵਿਘਨ ਸਮਾਪਤੀ ਅਰ ਆਦਰ ਸੇਂ ਤਿਸ ਦਾ ਸਭਨਾ ਦੇਸਾਂ ਵਿਖੇ॥ ਜਗਿਯਾਸੀ ਨੇ ਵਿਚਾਰ ਕਰਨਾ॥"
ਅੰਤ : "ਫਤੇ ਚੰਦ ਤਬ ਬੋਲਿਆ ਭਾਖਾ ਦ੍ਵੈਅਤੀ ਗੁੜ॥ ਵਾਰਤਾ ਪੰਚਦਸੀ ਅਨੂਪ॥੭ ਵਾਰਤਾ ਪੰਚਦਸੀ ਭਈ ਗੁਰ ਆਗਿਆ ਅਨੁਸਾਰ॥ ਅਪਰੋਖ ਬੋਧਤਾ ਵਰ ਮਿਲੇ ਪੜੈ ਜੋ ਵਾਰਿਵਾਰ॥ ਇਤਿ ਸ੍ਰੀ ਵਿਚਯਾਰੰਨ ਮੁਨੀਸ੍ਵਰ ਵਿਰਚਤਾ ਪੰਚਦਸੀ ਸਮਾਪਤਾਹ॥ ਇਤ ਸ੍ਰੀ ਉਦਾਸੀ ਗੰਗਾ ਰੱਮ ਜੀ ਕੇ ਸਿਖ ਉਦਾਸੀ ਆਤਮ ਸ੍ਵਰੂਪ ਵਾਰਤਾ ਪੰਚਦਸੀ ਵਿਰਚਤ। ਸਮਾਪਤਾਹ੧੫॥ ਸੰਮਤ ਊਨੀ ਸੈ ਅਠਾਰਟਾਂ ਹਾੜ ਸੁਦੀ ਪੁਰਨਮਾਸੀ ਰਵਿਵਾਰ॥੧੯੧੮॥ ਹਰੀ ਓਅੰਤਤਸਤ॥ ਸ੍ਰੀ ਰਾਮਾਨਯਨਮ: ਸ੍ਰੀ ਗੁਰਵੇਨਮ: ਸ੍ਰੀ ਗਣੇਸਾਯਨਮ:" ॥=॥ =॥ =॥ =॥"

ਹੱਥ ਲਿਖਤ ਨੰ : MS 5104 ਸੰਗ੍ਰਹਿ
ਸਿਰਲੇਖ : ਉਪਦੇਸ ਬਲਾਸ
ਲੇਖਕ : ਗੁਲਾਬ ਦਾਸ
ਪੱਤਰੇ : 1 ੳ - 221 ੳ
ਆਕਾਰ : 15X17.5 ਸ.ਮ. ਲਿਖਤ: 12.5X13 ਸ.ਮ.
ਵੇਰਵਾ : ਜਿਲਦ ਤੋਂ ਬਗੈਰ ਹੈ ਅਤੇ ਸਾਰੀ ਪੋਥੀ ਉਖੜੀ ਹੋਈ ਹੈ । ਹਰ ਪੱਤਰੇ ਤੇ ਖੜੇ ਰੁਖ ਇਕ ਮੋਟੀ ਸੰਤਰੀ (ਕਿਤੇ-ਕਿਤੇ ਸਲੇਟੀ) ਲਕੀਰ ਦੇ ਆਸ ਪਾਸ ਬਰੀਕ ਨੀਲੀ ਲਕੀਰ ਦੇ ਅਗੇ ਇਕ-ਇਕ ਬਰੀਕ ਲਾਲ ਲਕੀਰ ਹੈ । ਸਤਰਾਂ ਪ੍ਰਤੀ ਪੰਨਾ-13 ਹਨ।
ਆਮ ਵੇਰਵਾ : ਸ਼ੁਰੂ ਵਿਚ 10 ਅਤੇ ਅੰਤ ਤੇ 8 ਪੱਤਰੇ ਖਾਲੀ ਹਨ । ਮਾਈਕ੍ਰੋਫਿਲਮ ਹੋਈ ਹੋਈ ਹੈ । ਪੱਤਰਾ 170 ਅ ਤੋਂ ਅਗੇ ਕਾਨੀ ਬਦਲੀ ਹੋਈ ਹੈ ।

ਆਰੰਭ : ੧ੴ ਸ੍ਰੀ ਪ੍ਰਮਾਤਮਾਇ ਨਮਹਂ ॥ ਅਥ ਉਪਦੇਸ ਬਲਾਸ ਗੁਰ ਗੁਲਾਬ ਦਾਸ ਜੀ ਅਰ ਹਰਗੁਬਿੰਦ ਸੁਤ ਕਾ ਪ੍ਰਸਨੋਤ੍ਰ ਲਿਖਜਤੇ ॥ ਹਰਗੁਬਿੰਦੋ ਵਾਚ ॥ ਦੋਹਰਾ ॥ ਵਾਰੰ ਵਾਰ ਪ੍ਰਨਾਮ ਗੁਰ ਜੋਰ ਕਰੋਂ ਸਿਰ ਨਾਇ ॥ ਸਰਨ ਪੜੇ ਕੀ ਹੇ ਗੁਰੋ ਤੁਮ ਹੀ ਕਰਤ ਸਹਾਇ ॥੧॥...

ਅੰਤ : ...ਮੁਕਤਾਦਕ ਇੱਛਾ ਸਭੇ ਹਰੇ ਨ ਜੋ ਇਸ ਖੋਜ ॥ ਮਸਤ ਹੋਇ ਹਰ ਹਾਲ ਮੋ ਹੋਸੀ ਸਦਾ ਨਿਰੋਜ ॥ ੩੯ ॥ ਇਤ ਸ੍ਰੀ ਉਪਦੇਸ ਬਲਾਸਕੋ ਅਸ੍ਰਮੋ ਵਿੱਸ੍ਰਾਂਮ ਸਪੂਰਨੰ ਸਮਾਪਤੰ ॥੮॥

ਹੱਥ ਲਿਖਤ ਨੰ : MS 5104 ਅ
ਸਿਰਲੇਖ : ਭਗਤਾਉਲੀ
ਪੱਤਰੇ : 221 ਅ – 229 ਅ
ਆਕਾਰ : 15X17.5 ਸ.ਮ. ਲਿਖਤ: 12.5X13 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਕਿਤੇ-ਕਿਤੇ ਹਾਸ਼ੀਏ ਵਿਚ ਲਿਖਤ ਹੈ ।
ਆਰੰਭ : ॥੧॥ ਓ ਸ੍ਰੀ ਸਤਗੁਰ ਪ੍ਰਸਾਦ ॥ ਅਥ ਭਗਤਾਉਲੀ ਲਿਖਯਾਤੇ [ਲਿਖਜਤੇ] ॥ ਦੋਹਰਾ ॥ ਬੰਦੇ ਕਰ ਗੁਰ ਬੰਦਗੀ ਜਿਸ ਤੇ ਸੋਜੀ ਪਾਇ ॥ ਕਰਤ ਪਰੋਖੇ ਬੰਦਗੀ ਭਗਤ ਅਵਿਰ ਬੀ ਜਾਇ ॥੧॥...

ਅੰਤ : ...ਜੋ ਕੀਆ ਸੋ ਸਤ ਗੁਰਾਂ ਹਮਰੀ ਸਕਤ ਨ ਕੋਇ ॥ ਕਿਰਪਾ ਕਰ ਭਗਤਾਉਲੀ ਬਰਨਨ ਕਰ ਪ੍ਰਗਟੋਇ ॥ 108 ॥ ਪੜੇ ਸੁਣੇ ਭਗਤਾਉਲੀ ਭਗਤ ਪ੍ਰਾਪਤ ਹੋਇ ॥ ਪੱਛਨ ਇਸ ਮੈ ਬਾਦ ਕੋ ਸਾਂਝੀ ਭਗਤ ਬਗੋਇ ॥ 109 ॥ ਇਤ ਸ੍ਰੀ ਭਗਤਾਉਲੀ ਸਪੂਰਨੰ ਸਮਾਪਤੰ ॥=॥=॥

ਹੱਥ ਲਿਖਤ ਨੰ : MS 5104 ਏ
ਸਿਰਲੇਖ : ਫਕਰਨਾਮਾ
ਪੱਤਰੇ : 229 ਅ –
ਆਕਾਰ : 15X17.5 ਸ.ਮ. ਲਿਖਤ: 12.5X13 ਸ.ਮ.
ਵੇਰਵਾ : ਓਹੀ
ਆਮ ਵੇਰਵਾ : ਓਹੀ
ਆਰੰਭ : ॥੧॥ ਓ ਸ੍ਰੀ ਸਤਗੁਰ ਪ੍ਰਸਾਤ [ਪ੍ਰਸਾਦ]॥ ਅਥ ਫਕਰਨਾਮਾ ਲਿਖਜਤੇ ॥ ਸਗਰ ਪਿਆਲੇ ਪੀਤੇ ਫਕਰਾਂ ਸਮ ਸਰ ਭੂਖੇ ਖਾਤੇ ਰੇ ॥ ਖੋਇ ਪਲੀਤੀ ਪਾਕ ਭਯੋ ਜਬ ਫਕਰਾਂ ਗੋਤ ਨ ਜਾਤੇ ਰੇ ॥ ਫਾਕੇ ਹੀ ਮੋ ਮਸਤ ਭਯੋ ਹਰ ਹਾਲੇ ਭੋਗ ਭੁਗਾਤੇ ਰੇ ॥ ਅਮਰ ਪਿਆਲੇ ਪੀ ਮਤਵਾਲੇ ਮਸਤ ਭਏ ਦਿਨ ਰਾਤੇ ਰੇ ॥ ਸਰਬੇ ਸੋਹੰ ਜ਼ਾਨਨਿ ਸੰਗੇ ਬਿਚਰੇਂ ਜਿਉ ਗਜ ਮਾਤੇ ਰੇ ॥ ਦਾਸ ਗੁਲਾਬ ਲਡਿੱਕੇ ਫਿਰਹੈਂ ਸਰਬੇ ਫਿਕਰ ਭੁਲਾਤੇ ਰੇ ॥੧॥...

ਅੰਤ : ... ਗਾਫਲਤਾ ਜਹਂ ਗਈ ਨ ਉਰਕੀ ਵਹ ਫਕਰ ਸਦਾਵਨ ਕਿਆ ॥ ਤੀਨੋ ਲਾਜ ਅਵਰ ਆਜਉਨੇ ਤਾਂਹ ਨਿਸੰਗ ਕਹਾਵਨ ਕਿਆ ॥ ਅਪਨਾ ਆਪ ਨ ਜਾਤਾ ਜਿਸ ਨੇ ਔਰੇ ਕਿਸੇ ਜਨਾਵਨ ਕਿਆ ॥ ਅਪਨਾ ਭਰਮ ਨ ਗਯੋ ਜਿਸੀ ਕਾ ਔਰੇ ਭਰਮ ਗੁਵਾਂਵਨ ਕਿਆ ॥ ਏਕ ਅਨੇਕ ਪਛਾਤਾ ਜਿਸ ਨੇ ਤਹਂ ਉਪਦੇਸ ਦੜਾਂਵਨ ਕਿਆ ॥ ਦਾਸ ਗੁਲਾਬ ਨਿਰੰਤਰ ਸੋਹੰਜਾ ਨ ਮਰਮੋ ਆਂਵਨ ਕਿਆ ॥੪॥ ਇਤ ਸ੍ਰੀ ਫਕਰਨਾਮਾ ਸਪੂਰਨੰ ਸਮਾਪਤੰ ॥=॥=॥●॥●॥=

ਹੱਥ ਲਿਖਤ ਨੰ : MS 5105
ਸਿਰਲੇਖ : ਚਰਿਤ੍ਰ ਭੱਗਤਿ ਜੈਦੇਵ ਜੀ

ਲੇਖਕ : ਜੀਵਨ ਸਿੰਘ
ਸਥਾਨ : ਠੀਕਰੀਵਾਲਾ
ਸਮਾਂ : ਸੰਮਤ 1977
ਪੱਤਰੇ : 1-210
ਆਕਾਰ : 17X21 ਸ.ਮ. ਲਿਖਤ: 15X18 ਸ.ਮ.
ਵੇਰਵਾ : ਸਤਰਾਂ ਪ੍ਰਤੀ ਪੰਨਾ-12 ਤੋਂ 15, ਬਿਨਾਂ ਜਿਲਦ, ਸਾਰੀ ਪੋਥੀ ਉਖੜੀ ਹੋਈ ਹੈ । ਚੁਪਾਸੀਂ ਇਕ ਕਾਲੀ ਲਕੀਰ ਦਾ ਹਾਸ਼ੀਆ । ਸਤਰਾਂ ਪ੍ਰਤੀ ਪੰਨਾ-12 ਤੋਂ 15 ਹਨ।
ਆਮ ਵੇਰਵਾ : ਕਈ ਥਾਂਈ ਕਾਨੀ ਬਦਲੀ ਹੋਈ ਹੈ । ਆਖਰੀ ਪੱਤਰੇ ਖਸਤਾ ਹਾਲਤ ਵਿਚ ਹਨ, ਆਖਰੀ ਦੋ ਪੱਤਰੇ ਭੁਰੇ ਹੋਣ ਕਾਰਣ ਪੂਰੀ ਤਰ੍ਹਾਂ ਪੜ੍ਹਨ ਯੋਗ ਨਹੀਂ ॥ ਵਿਚ-ਵਿਚ ਪੱਤਰਿਆਂ ਦੇ ਰੰਗ ਵਿਚ ਵੀ ਅਡਰਤਾ ਹੈ ॥ 187 ਪੱਤਰਾ ਵਿਚੋਂ ਫਟਿਆ ਹੋਇਆ ਹੈ । 196 ਦੋ ਪੱਤਰਿਆਂ ਤੇ ਲਿਖਿਆ ਹੈ, 197 ਪੱਤਰਾ ਨਹੀਂ ਹੈ ।
ਆਰੰਭ : ੧ੴ। ਸਤਗੁਰ ਪ੍ਰਸਾਦਿ ॥ ਅੱਥਿ ਭੱਗਤਿ ਜੈ ਦੇਵ ਜੀ ਕਾ ਜੀ । ਆਦਿ ਗੁਰਏ ਨਿਮਹਿ ॥ ਜੁਗਾਦ ਗੁਰਏ ਨਿਮਹਿ ॥ ਸੱਤ ਗੁਰੂਏ ਨਿਮਹਿ ॥ ਸਿਰੀ ਗੁਰਦੇਵਏ ਨਿਮਹਿ ॥ ਅੱਥਿ ਭੱਗਤਿ ਜੈ ਦੇਵ ਜਗ ਮਿ ਕੀਰਤ ਕੱਥਨੀ ॥ ਅੱਲਫਿ ਆਦਿ ਕਰਤਾਰ ਨੂੰ ਸਿਮਰਿ ਬੰਦੇ ਕਰਨਿ ਹਾਰ ਕਰੀਮ ਦਾਤਾਰ ਜੋਈ ॥ ਕਰੀ ਰੱਖਿਆ ਬੂੰਦ ਸੀ ਬੁਰਜ ਕੀਤਾ ਪੇਟ ਰਖ ਕੇ ਪਾਲਦਾ ਪੇਟ ਤੋਈ ॥.....
ਅੰਤ : ...ਇੱਤ ਸਿਰੀ ਜੀਵਨ ਚਾਰਿਤ੍ਰ ਭੱਗਤਿ ਜੈਦੇਵ ਜੀ ਸਾਪੂਰਨੰ ॥ ਕਰਤਾ.....ਭਾਈ ਜੀਵਨ ਸਿੰਘ ॥ ਜੱਰਮਿ ਨੱਗਰਿ ਠੀਕਰੀਵਾਲਾ.....॥ ਰਿਆਸਤਿ ਪੱਟਿਆਲਾ....ਰਿਨਾਲਾ ਬਰਿ ਨਬਾਲ ਦਾ ਕਰਤਾ ਬਾਬਾ ਬਿ.....॥ ਸੰਮਤਿ ਬਿ. ੧੯੭੭ > ਚੇਤ੍ਰਿ ਵਦੀ.....

ਹੱਥ ਲਿਖਤ ਨੰ : MSG 01
ਸਿਰਲੇਖ : ਸੰਗੀਤ ਮਹਿੰਦ੍ਰ ਮ੍ਰਿਗਾਦਪ
ਸਥਾਨ : ਪਟਯਾਲਾ
ਪੱਤਰੇ : 1 ੳ-16
ਆਕਾਰ : 24X32 ਸ.ਮ. ਲਿਖਤ 17X23 ਸ.ਮ.
ਵੇਰਵਾ : ਜਿਲਦ ਗੱਤਾ ਰੈਕਸੀਅਨ; ਸਿਆਹੀ ਕਾਲੀ, ਵਖਰੇਵੇਂ ਲਈ ਲਾਲ। ਸਤਰਾਂ ਪ੍ਰਤੀ ਪੰਨਾ-22
ਆਮ ਵੇਰਵਾ : ਪੋਥੀ ਦੀ ਹਾਲਤ ਬਹੁਤ ਵਧੀਆ ਨਹੀਂ; ਪੋਥੀ ਦੇ ਕਈ ਪੰਨੇ ਥਲੇ ਵਾਲੇ ਪਾਸਿਓਂ ਧੁਆਖੇ ਹੋਏ, ਲਿਖਾਈ ਧੱਬਿਆਂ ਵਾਲੀ ਹੈ ਕਾਗਜ਼ ਵੀ ਖਸਤਾ ਹਾਲਤ ਵਿਚ ਹੈ। ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ। ਵੱਖ ਵੱਖ ਰਾਗਾਂ ਬਾਰੇ ਵੇਰਵਾ ਦਿਤਾ ਹੋਇਆ ਹੈ। ਰਚਨਾ ਦੇ ਸ਼ੁਰੂ ਵਿਚ ਮੰਗਲਾ ਚਰਨ ਲਿਖਿਆ ਹੋਇਆ ਹੈ। ਫਿਰ ਮਹਾਰਾਜੇ ਪਟਿਆਲੇ ਦੀ ਉਪਮਾ ਦਸੀ ਹੋਈ ਹੈ, ਇੰਝ ਜਾਪਦਾ ਹੈ ਇਸ ਪੋਥੀ ਦਾ ਲਿਖਾਰੀ ਕੋਈ ਦਰਬਾਰੀ ਸੰਗੀਤਕਾਰ ਸੀ ਜੋ ਮਹਾਰਾਜੇ ਦੇ ਦਰਬਾਰ ਵਿਚ ਰਹਿ ਕੇ ਉਥੋਂ ਦੇ ਰਾਜੇ ਬਾਰੇ ਦਸਦਾ ਹੈ। ਜਿਵੇਂ 'ਸੰਗੀਤ ਮਹਿੰਦ੍ਰ ਮ੍ਰਿਗਦਪ'॥ ਰਾਜਨਪਤਰਾਜ ਧਨਰਾਜ ਮਹਾਰਾਜ ਭੁਪਨ ਕੇ ਭੁਪ ਜੋਧਿਸ੍ਰ॥ ਆਦਿ॥
ਆਰੰਭ : "੧ੴ ਸਤਿਗੁਰ ਪ੍ਰਸਾਦਿ॥ਆਦਿ ਅੰਤ ਪ੍ਰਭੂ ਨਾਮ ਪ੍ਰਗਾਸ॥ ਰੂਪ ਜੋਤਿ ਪ੍ਰਗਟਿ॥ ਅਲਖ ਮੂਰਤਿ॥੧॥।ਦੋ:॥ ਪ੍ਰਿਤਮ ਪ੍ਰਿਤਮੀ ਪ੍ਰਿਤਿ ਬਿੰਬ ਮੁਕਰਿ ਜਿਉ ਬਿਗਸਨਿ ਪੱਤਰ ਪਾਇ॥ ਤਿਉ ਗੌਸੂ ਦਸ ਪਲਕ ਮੈ ਗੋਸਾ ਰਮ ਰਾਗ ਬਤਾਇ॥੨॥ ਦਸ ਪਲਕ ਨਾਮ॥ ਕਾਕਾ ਕਾਕਾ ਕਾਕਾ ਕਾਕਾ ਕਾਕਾ ੩॥ ਗੁਰੁ ਨਾਨਕ ਜੀ ਸਹਾਇ॥ ਅਥ ਸੰਗੀਤ ਮਹਿੰਦ੍ਰ ਮ੍ਰਿਗਾਦਪ॥ ਰਾਜਨਪਤਰਾਜ ਧਨਰਾਜ ਮਹਾਰਾਜ ਭੂਪਨ ਕੇ ਭੂਪ ਜੋਧਿਸ੍ਰ॥ ਪ੍ਰਿਥੀ ਪਤਿ ਧਰੂ ਆਧਾਰ॥ ਰਵਿ ਸਸਿ ਪ੍ਰਗਾਸ॥ ਚਕ੍ਰਵਤੀ ਮਹਿੰਦ੍ਰ ਮ੍ਰਿਗਰਾਜ॥ ਹਿੰਦਵਾ ਬਲਵੰਤਿ॥ ਮਹਾਂਬਲੀ ਕ੍ਰਿਪਾਨ ਕੇ ਧਨੀ॥ ਨਗਰ

ਪਟਯਾਲੇ॥੪॥ ਦੋਹਰਾ॥ ਮੈ ਮਤਿ ਹਿਸਾਬ ਧਿਆ ਰਾਗ ਮੂਰਛ ਰੁਤ ਗੁਨ ਦ੍ਵਾਦਸ ਪ੍ਰਕੀਰ ਲਇਓ॥ ਨੌ ਅਚਰ ਮਹਿੰਦ੍ਰਾ ਮ੍ਰਿਗ ਰਾਜ ਪੈ ਗੌਸ ਸੰਗੀਤ ਕਹਿਓ॥੫॥ਦੋ:॥"

ਅੰਤ : ਪੰਨਾ ੧੫ ਅ : ਸ਼ੁਰੂ "ਸਾਲੰਕ ੨॥ ਦਰਬਾਰੀ ਮੈ ਮਧਮਾਤ ਮਿਲ ਮਰ ਮੁੰਦਰੀ ਕਹੋਤਾ ਹੈ॥੯੪॥ ਸਾਲੰਕ ੨॥ ਮਾਰੂ ਬਿਹਾਗ ਮੈ ਸੋਹਨੀ ਮਿਲ ਕਰ ਸੋਹਨੀ ਬਿਹਾਗ ਹੋਤਾ ਹੈ ॥੧●੩॥ ਜੋਗ ਸੰਪੂਰਨ ੭॥ ਸੰਕੀਰਨ ੩॥ ਮਾਲ ਕੋਸ ਮੈ ਕਾਲੰਗੜਾ ਮਿਲਕਰ ਔਰ ਆਸਾ ਮਿਲ ਕਰ ਜੋਗ ਹੋਤੀ ਹੈ॥੧●੪॥=॥=॥

ਅਖੀਰਲਾ ਪੰਨਾ – ਜਿਸ ਉਪਰ ਨੰਬਰ ਅੰਕਿਤ ਨਹੀ ॥"

ਇੰਜ ਲਿਖਿਆ :-

ਸਾਵਨ ਤੀਜ ਕੀ ਸਾਂਝ ਸੁਹਾਵਨ। ਬੈਠੀ ਹਿੰਡੋਰੇ ਮਿਲੀ ਸਖੀਆਨ ਮੈ ।
ਆਨਨ ਓਪ ਕਲਾ ਨਿਧਕੀ ਦ੍ਰਿਗ ਮੇ ਚਪਲਾਪਨ ਜਯੋ ਝਖੀਆਂਨ ਮੈ॥
ਰੀਝ ਰਹੀ ਲਖ ਮੈ ਰਘੁਨਾਥਨ ਭੁਲਤ ਕੇਹੂ ਖੁਭੀ ਬਖੀਆਂਨ ਮੈ॥
ਝੂਲ ਤਹੈ ਵਹਿ ਝੂਲਨਹਾਰਿ ਅਜੋ ਜਿਯ ਮੇਹਿ ਯਮੇ ਅਖੀਆਂਨ ਮੈ॥
ਬਰਵੇ॥ ਕੂਕਨ ਮਾਰ ਕੁਹਲਯਾ ਕਰ ਕਹਤੇਹ॥ ਲਾਗਜਾਤ ਬਿਰਹਨ ਕੇ ਦੁਬਰੀ ਦੇਹ॥

ਹੱਥ ਲਿਖਤ ਨੰ : MSG - 02

ਸਿਰਲੇਖ : ਗੁਰਬਾਣੀ

ਪੱਤਰੇ : 1 ੳ-88 ੳ

ਆਕਾਰ : 17 X 24 ਸ.ਮ. ਲਿਖਤ 10 X 8 ½ ਸ.ਮ.

ਵੇਰਵਾ : ਜਿਲਦ:- ਖੁੱਲੇ ਪੱਤਰੇ, ਕਾਗਜ ਵਿਚ ਲਪੇਟੇ ਹੋਏ ਹਨ; ਸਿਆਹੀ ਕਾਲੀ ;ਹਾਸ਼ੀਆ ਦੋਵੇਂ ਪਾਸੇ ਦੋ ਦੋ ਕਾਲੀਆਂ ਲਕੀਰਾਂ, ਵਿਚਕਾਰ ਇਕ ਲਾਲ ਲਕੀਰ; ਸਤਰਾਂ ਪ੍ਰਤੀ ਪੰਨਾ -16

ਆਮ ਵੇਰਵਾ : ਪੋਥੀ ਖੁੱਲੇ ਪੱਤਰਿਆਂ ਵਿਚ, ਲਿਖਾਈ ਸੁੰਦਰ, ਪਾਸਿਆ ਤੋਂ ਮਾਮੂਲੀ ਕ੍ਰਿਮ ਖੁਰਦਾ ਹੈ। ਕਈ ਪੱਤਰਿਆਂ ਉਪਰ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ। ਬਾਣੀ ਵੱਖ ਵੱਖ ਰਾਗਾਂ ਦੀ ਦਿਤੀ ਹੋਈ ਹੈ।

ਆਰੰਭ : "ੴ ਸਤਿਗੁਰ ਪ੍ਰਸਾਦਿ॥ ਰਾਗੁ ਸਿਰੀ ਰਾਗੁ ਮਹਲਾ ੧ ਘਰ ੧॥ ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਇ ਜੜਾਉ॥ ਕਸਤੂਰਿ ਕੰਗੂ ਅਗਰਿ ਚੰਦ ਨਿਲੀ ਪਿਆਵੈ ਚਾਉ। ਮਤ ਦੇਖਿ ਭੂਲਾ ਵੀਸਰੈ ਤੇਰਾ ਚਿਤ ਨ ਆਵੈ ਨਾਉ॥੧॥ ਹਰਿ ਬਿਨੁ ਜੀਉ ਜਲਿ ਬਲਿ ਜਾਉ॥ ਮੈ ਆਪਣਾ ਗੁਰ ਪੂਛਿ ਦੇਖਿਆ ਅਵਰ ਨਾਹੀ ਥਾਉ॥੧॥ਰਹਾਓ॥"

ਅੰਤ : "੩॥ਹਰਿ ਕੇ ਦਾਸ ਜੀਵੇ ਲਗ ਪ੍ਰਭ ਕੀ ਸਰਣੀ॥ ਕੰਤਿ ਲਗਾਇ ਲੀਏ ਤਿਸ ਠਾਕੁਰ ਸਰਣੀ॥ ਬਲ ਬੁਧਿ ਗਿਆਨੁ ਧਿਆਨੁ ਆਪਣਾ ਆਪਿ ਨਾਮੁ ਜਪਾਇ ਲਇਆ॥ ਸਾਧ ਸੰਗਤਿ ਆਪ ਹੋਇਆ ਆਪਿ ਜਤਿ ਤਰਾਇਆ ॥ ਰਾਖ ਲੀਏ ਰਖਣਹਾਰੈ ਸਦਾ ਨਿਰਮਲ ਕਰਣੀ॥ ਨਾਨਕ ਨਰਕਿ ਨ ਜਾਹਿ ਕਬਹੂੰ ਹਰਿ ਸੰਤਿ ਹਰਿ ਕੀ ਸਰਣੀ॥੪॥੨॥੧੧॥"

ਪੰਨਾ ਨੰਬਰ ੮੮ ਤੋਂ ਬਾਅਦ ਭਗਤਾਂ ਦੀ ਬਾਣੀ ਵੱਖ ਵੱਖ ਰਾਗਾਂ ਦੀ ਅੰਕਿਤਿ ਕੀਤੀ ਹੋਈ ਹੈ।ਇਹ ਭਗਤ ਬਾਣੀ ਤਕਰੀਬਨ ਸਾਰੀ ਦੀ ਸਾਰੀ ਸ੍ਰੀ ਗੁਰੁ ਗ੍ਰੰਥ ਸਾਹਿਬ ਵਿਚ ਅੰਕਿਤ ਹੈ। ਜਿਨ੍ਹਾਂ ਵਿਚੋਂ ਹੇਠ ਲਿਖੇ ਅਨੁਸਾਰ ਹਨ:

੧. ਬਾਣੀ ਭਗਤ ਤਿਰਲੋਚਨ ਜੀ ਕੀ
੨. ਬਾਣੀ ਭਗਤ ਧੰਨੇ ਜੀ ਕੀ
੩. ਬਾਣੀ ਭਗਤ ਸੇਖ ਫਰੀਦ ਜੀ ਕੀ
੪. ਬਾਣੀ ਭਗਤ ਭੀਖਨ ਜੀ ਕੀ

੫. ਬਾਣੀ ਭਗਤ ਸੈਣ ਜੀ ਕੀ
੬. ਬਾਣੀ ਭਗਤ ਰਵਿਦਾਸ ਜੀ ਕੀ
੭. ਬਾਣੀ ਭਗਤ ਨਾਮ ਦੇਵ ਜੀ ਕੀ
੮. ਬਾਣੀ ਭਗਤ ਕਬੀਰ ਜੀ ਕੀ
ਭਗਤ ਨਾਮ ਦੇਵ ਜੀ ਟੋਡੀ ਬਾਣੀ
ਤੀਨ ਛੰਦੇ ਖੇਲ ਆਛੇ॥ਰਹਾਓ॥
ਕੁੰਮਾਰ [ਕੁੰਭਾਰ] ਕੇ ਘਰ ਹਾਂਡੀ ਆਛੈ,
ਰਾਜਾ ਕੇ ਘਰ ਸਾਂਡੀ ਰਹੋ
ਬਾਂਮਨ ਕੇ ਘਰ ਰਾਂਡੀ ਆਛੈ; ਰਾਂਡੀ ਸਾਂਡੀ ਹਾਂਡੀ ਗੋ॥੧॥
ਬਾਣੀਏ ਕੇ ਘਰ ਹੀਂਗ ਆਛੈ, ਭੇਸਰ ਮਾਥੇ ਸੀਂਗੁ ਗੋ॥
ਦੇਵਲ ਮਧੇ ਲੀਗੁ ਆਛੈ, ਲੀਗ ਸੀਗੁ ਹੀਗੁ ਗੋ॥੨॥
ਇਸ ਤੋਂ ਅੱਗੇ ਪੱਤਰੇ ਨਹੀਂ ਹਨ . ਰਚਨਾ [ਸ਼ਬਦ] ਅਧੂਰੇ ਹਨ।

ਹੱਥ ਲਿਖਤ ਨੰ : MSG 03
ਸ੍ਰੋਤ : ਪ੍ਰੋ: ਹਰਭਜਨ ਸਿੰਘ, ਪਟਿਆਲਾ
ਸਿਰਲੇਖ : ਮਦਨ ਚੰਦ੍ਰੋਦਯ - ਕਬਿਤ
ਪੱਤਰੇ : 1 ੳ-50 ੳ
ਆਕਾਰ : 16X23 ਸ.ਮ. ਲਿਖਤ 11X20 ਸ.ਮ.
ਵੇਰਵਾ : ਜਿਲਦ ਤੋਂ ਬਗੈਰ, ਪੱਤਰੇ ਸੀਤੇ ਹੋਏ ਹਨ; ਸਿਆਹੀ ਕਾਲੀ ਵਖਰੇਵੇਂ ਲਈ ਲਾਲ; ਕਈ ਪੰਨਿਆਂ ਉਪਰ ਹਾਸ਼ੀਆ ਦੋ ਦੋ ਲਾਲ ਲਕੀਰਾਂ ਨਾਲ ਖੜੇ ਰੁਖ; ਸਤਰਾਂ ਪ੍ਰਤੀ ਪੰਨਾ -20
ਆਮ ਵੇਰਵਾ : ਪੋਥੀ ਦੀ ਜਿਲਦ ਫਟੀ ਹੋਈ, ਸਿਆਹੀ ਕਾਲੀ, ਵਖਰੇਵੇਂ ਲਈ ਲਾਲ, ਹਾਸ਼ੀਏ ਤੋਂ ਬਾਹਰ ਵੀ ਲਿਖਾਈ ਕੀਤੀ ਹੋਈ ਹੈ॥ ਸਾਰੀ ਰਚਨਾ ਵਿਚ ਕਾਨੀ ਬਦਲ ਬਦਲ ਕੇ ਲਿਖਾਈ ਕੀਤੀ ਹੋਈ। ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ। ਕਈ ਪੰਨਿਆਂ ਉਪਰ ਵਾਧੂ ਕਾਗਜ਼ ਲਗਾ ਕੇ ਪੋਥੀ ਜੋੜੀ ਹੋਈ ਹੈ।
ਆਰੰਭ :"੧ੴ ਸਤਿਗੁਰ ਪ੍ਰਸਾਦਿ॥ ਓਅੰਸ੍ਰੀਂਗਣੇਸਯਨਮ:॥ ਅਥ ਮਦਨ ਚੰਦ੍ਰੋਦਯ ਲਿਖਯਤੇ॥ਕਬਿਤੁ॥ ਲਲਤ ਸੁਮਨ ਧਤ ਅਲਨਪਨ ਚਤ ਕਬਿ ਹਰਤਿ ਉਪਬਤੁ ਸੁਖ ਮਾਸ ਮਾਜ ਜੂ॥ ਨ ਤਨ ਜਟਿ ਤਿਸੁ ਘਟਤ ਹੂੰ ਮੁਕਟ ਸੀਸ ਕਟ ਪੈਨ ਖੰਗ ਪੰਚ ਬਾਨ ਨਬਿ ਰਾਜਜੂ॥ ਸਕਲਿ ਸੰਗਾਰ ਸੁਖਸਾਰ ਮਧੁ ਹਿਤਕਾਰ ਪਰਲ ਸੁਧਾਰ ਤਰਨਾਈ ਡਰ ਬਾਜ ਜੂ॥ ਕਮਲਾ-ਅਨੰਦ ਨੰਦ ਨੰਦ ਜੈ ਜੈ ਸੰਬ ਬਾਰਿ ਬੀਰ ਜੈ ਜੈ ਰਿਤ ਰਾਜ ਜੂ॥੧॥ ਦੋਹਰਾ॥"
ਅੰਤ : "ਗੁਰ ਕੇ ਬਚਨ ਸੁਤ ਜਾਤ ਹੋ॥ ਅਖੀ ਦੇਖ ਤਈ ਪਾਤ ਹੋ॥ ਨਹੀ ਆਗ ਮੈ ਫੂਕਤ ਹੋ॥ ਦੁਹਾਈ ਕਾਬੀ ਚੁੰਡੇਲ ਕੀ ॥ ਏਤਨੀ ਬਚਨੀ ਸੁਨਤ ਨਾ-ਜਾਤ ਹੋ ਮਸਤਕ ਮੋ ਪਾਵਾਗਾ॥ ਧੋਬੀ ਕੀ ਕੁੰਡ ਮੈ ਪਾਵਾਗਾ॥ ਚੌਥੀ ਕੁੰਟ ਮੈ ਟੰਡਾ ਮਾਰਾਗਾ॥ ਚੁਰਾਹੇ ਮੈ ਜਲਾਇ ਫੂਕਾਗਾ॥ ਏਤਨੀ ਬਾਤ ਸੁਨਤਿ ਜਾਤ ਹੋ ਭਲੀ ਬਾਤੀ ਜਾ"॥
ਅੱਗੇ ਪੱਤਰੇ ਨਹੀਂ ਹਨ। ਰਚਨਾ ਅਧੂਰੀ ਹੈ।

ਹੱਥ ਲਿਖਤ ਨੰ : MSG 04
ਸਿਰਲੇਖ : ਰਾਗ ਸਿਖਸ਼ਾ
ਪੱਤਰੇ : 1ੳ-92

ਆਕਾਰ : 24X15 ਸ.ਮ. ਲਿਖਤ 21X11 ਸ.ਮ.

ਵੇਰਵਾ : ਜਿਲਦ:-ਪੋਥੀ ਖੁੱਲੇ ਪੱਤਰਿਆਂ ਵਿਚ ਅਤੇ ਕਾਗਜ ਵਿਚ ਲਪੇਟੀ ਹੋਈ ਹੈ; ਸਿਆਹੀ ਕਾਲੀ। ਸਤਰਾਂ ਪ੍ਰਤੀ ਪੰਨਾ -13-14 ਅਤੇ 10, ਪਰ ਔਸਤਨ 10 ਸਤਰਾਂ।

ਆਮ ਵੇਰਵਾ : ਪੋਥੀ ਖੁੱਲੇ ਪੱਤਰਿਆਂ ਵਿਚ ਹਾਲਤ ਬਹੁਤ ਮਾੜੀ ਹੈ। ਲਿਖਾਈ ਵੀ ਬਹੁਤ ਮਾੜੀ ਹੈ। ਪੱਤਰੇ, ਵਿਚ ਵਿਚ ਕ੍ਰਿਮ ਖੁਰਦਾ ਹਨ। ਸ਼ੁਰੂ ਵਿਚ ਪੋਥੀ ਬਾਰੇ ਤੱਤਕਰਾ ਦਿਤਾ ਹੋਇਆ ਹੈ ਜੋ ਬਹੁਤਾ ਵਿਸਥਾਰ ਵਾਲਾ ਨਹੀਂ ਹੈ। ਲਿਖਾਈ ਵੀ ਸਪਸ਼ਟ ਨਹੀਂ ਹੈ। ਅੰਤ ਵਿਚ ਲਿਖਾਈ ਧੱਬਿਆਂ ਵਾਲੀ ਹੈ।

ਆਰੰਭ : "॥੩॥ਜੀਵੋ ਜੁਗੋ ਜੁਗ ਸਦਾ ਹੀ ਅਟਲ ਰਹੋ ਸਦਾ ਰੰਗ ਤੁਮ ਕੋ ਦੇਤ ਅਸੀਸ ਮਹਮਦ ਸਾਹ ਪਾਤਸਾਹ ੧ ੧੫ ਖਿਆਲ ਤਾਰ ੩ ਛਾਡ ਦੇ ਅਪਨੀ ਅਗਲੀ ਮਤ ਗਾਇਨ ਗੁਨੀਅਨ ਕੀ ਕਰ ਸੰਗਤ ਤਿਨ ਤੇ ਸੀਖ ਸੁਧ ਬਾਨੀ ਸੁਧ ਅਛਰ ਸੁਦ ਮੁਦ੍ਰਾ-ਸੁਪੰਗ ਸੰਗਤ ਸੋ ਸੁਰਤਾਨ ਤਾਰ ਪਤ ਗਤ ਰਤ॥ ਜੋ ਕੋਊ ਬਾਦੀ ਬਿਬਾਦੀ ਅਨਬਾਦੀ ਸਮਬਾਦੀ ਤਾਂ ਕੇ ਭੇਦ ਨਿਆਰੇ ਨਿਆਰੇ ਕਰ ਦਿਖਾ ਸੁਰ ਮੂਰਛਨ ਗਮਤੀਨ ਬਾਈ ਸੁਰਤ॥੧॥"

ਅੰਤ : "ਸੁਰਪਦ ਬੰਗਾਲ ਤਾਰ ੪ - ਸੁਧੁਲਾ - ਅੱਗੇ ਸਬਦ ਸਪਸ਼ਟ ਨਹੀਂ ਹਨ। ਮੇ ਸੁਖ ਦੇਖਤ ਲਾਗੈ ਤਾਨ ਪੁਰ ਸੁਰ॥ ਚੰਦ ਬਦਨ ਪ੍ਰਗਟ ਐਸੀ ਤਿਲ ਤਿਲ ਪ੍ਰੇਮ ਸੁਗੰਧ ਤਿਨ ਤਿਨ ਸੁਖ ਲੇਤ ਲਾਲ ਪਰ ਘਰ-ਸੁਰ॥੧

ਤਾਰ ੩,

ਕਵਤਾ ਝੁਕ ਆਵੈ ਤੌ ਕਬਹੂੰ ਕਰਤ॥ ਨਿਆਰਾ ਜਸ ਲੀਜੀਏ॥ ਜਰੀ ਤਾਸ ਬਾਦ"-ਅੱਗੇ ਪੋਥੀ ਕ੍ਰਿਮ ਖੁਰਦਾ, ਲਿਖਤ ਖਾਧੀ ਹੋਈ ਹੈ।

ਹੱਥ ਲਿਖਤ ਨੰ : MSG 05 ਸੰਗ੍ਰਹਿ ੳ

ਸਿਰਲੇਖ : ਵਿਚਾਰ ਮਾਲ

ਲੇਖਕ : ਅਨਾਥ ਦਾਸ

ਸਮਾਂ : ਸੰਬਤ 1726 ਮਾਘ ਵ ਮਾਸ ਸੁਭ

ਪੱਤਰੇ : 1 ੳ-36 ਅ (folio) (36 ਅ ਇਕ ਸਤਰ)

ਆਕਾਰ : 15X9 ½ ਸ.ਮ. ਲਿਖਤ 11X7 ½ ਸ.ਮ.

ਵੇਰਵਾ : ਜਿਲਦ ਗੱਤਾ ਕਪੜਾ; ਸਿਆਹੀ ਕਾਲੀ, ਵਖਰੇਵੇਂ ਲਈ ਲਾਲ; ਹਾਸ਼ੀਆ ਸਾਰੀ ਪੋਥੀ ਤੇ ਚੌਹਰਾ ਤਿੰਨ ਤਿੰਨ ਕਾਲੀਆਂ ਲਕੀਰਾਂ, ਬਾਹਰ ਇਕ ਕੇਸਰੀ ਲਕੀਰ ਅਤੇ ਅੰਦਰ ਮੋਟੀ ਕੇਸਰੀ ਲਕੀਰ। ਸਤਰਾਂ ਪ੍ਰਤੀ ਪੰਨਾ -7

ਆਮ ਵੇਰਵਾ : ਲਿਖਾਈ ਸੁੰਦਰ, ਪੋਥੀ ਦੀ ਹਾਲਤ ਠੀਕ ਠੀਕ ਹੈ। ਕਈ ਪੰਨਿਆਂ ਉਪਰ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ ਅਤੇ ਹਾਸ਼ੀਏ ਤੋਂ ਬਾਹਰ ਵੀ ਲਿਖਾਈ ਕੀਤੀ ਹੋਈ ਹੈ॥

ਆਰੰਭ : "ੴ ਸਤਿਗੁਰ ਪ੍ਰਸਾਦਿ॥ ੴ ਸ੍ਰੀ ਗਣੇਸਾਯਨਮਹ॥ ਅਥ ਸ੍ਰੀ ਵਿਚਾਰ ਮਾਲ ਅਨਾਥ ਦਾਸ ਕ੍ਰਿਤ ਲਿਖਯਤੇ॥ਦੋਹਰਾ॥ ਨਮੋ ਨਮੋ ਸ੍ਰੀ ਰਾਮ ਜੂ ਸਤਿ ਚਿਤ ਅਨੰਦ ਰੂਪ॥ ਜਹਿ ਜਾਨੈ ਜਗ ਸ੍ਵਪਨ ਵਤ ਨਾਸੈ ਭ੍ਰਮ ਤਮ ਕੂਪ॥੧॥ ਰਾਮ ਮੈਇਆ ਸਤਿਗੁਰ ਦਯਾ ਸਾਧ ਸੰਗ ਜਬ ਹੋਇ॥ ਤਬ ਪ੍ਰਾਣੀ ਜਾਨੈ ਕਛੂ ਰਹਿਓ ਬਿਖੈ ਰਸ ਭੋਇ॥"

ਅੰਤ : "ਸੋਰਠਾ॥ ਸਤ੍ਰਹ ਸੈ ਛਬੀਸ ਸੰਬਤ ਮਾਘ ਵਮਾਸ ਸੁਭ॥ ਮੋਮਤ ਜਿਤ ਕਹੁ-ਤੀਸੁ ਤੇ ਤਕ ਬਰਣ ਪ੍ਰਗਟ ਕਰੀ॥੪੨॥ ਦੋਹਰਾ॥ ਗੀਤਾ ਭਰਥ੍ਰ ਕੋਪ ਏਕਾਦਸ ਕੀ ਜੁਗਤ॥ ਅਸਟਾਵਕ੍ਰ ਬਸਿਸ੍ਰ ਮੁਨਿ ਕਛੁਕ ਆਪਨੀ ਉਕਤਿ॥੪੩॥

ਇਤਿ ਸ੍ਰੀ ਵਿਚਾਰ ਮਾਲਾ ਅਸਟਮੋ ਬਿਸ੍ਰਾਮਸੰਪੂਰਣੰ ਸੁਭ ਮਸਤੁ॥ ॥੨੧ ਜੁਮਲਾ॥ ”

ਹੱਥ ਲਿਖਤ ਨੰ : MSG 05 ਅ
ਸਿਰਲੇਖ : ਅਧਿਆਤਮ ਪ੍ਰਕਾਸ
ਲੇਖਕ : ਸੁਖਦੇਵ
ਸਮਾਂ : ਸੰਬਤ 1795 ਸਤ੍ਰਹ ਸੈ ਬਰਖ ਪੰਚਾਨਵ ਅਸ੍ਵ ਨਾਮ-ਮਾਘ ਵਮਾਸ ਸਭ
ਸਥਾਨ : ਰਾਵਲ ਪਿੰਡੀ (ਪਾਕਿਸਤਾਨ)
ਪੱਤਰੇ : 37 ੳ-92 ਅ (folio)
ਆਕਾਰ : 15X9 ½ ਸ.ਮ. ਲਿਖਤ 11X7 ½ ਸ.ਮ.
ਵੇਰਵਾ : ਓਹੀ। ਸਤਰਾਂ ਪ੍ਰਤੀ ਪੰਨਾ -7
ਆਮ ਵੇਰਵਾ : ਪੋਥੀ ਦੇ ਇਸ ਭਾਗ ਦੀ ਰਚਨਾ ਦੇ ਪੱਤਰੇ ਇਕ ਪਾਸੇ ਧੂਆਖੇ ਅਤੇ ਖਸਤਾ ਹਾਲਤ ਵਿਚ ਹਨ। ਕਾਨੀ ਅਖੀਰਲੇ ਪਤਰਿਆਂ ਉਪਰ ਬਦਲੀ ਹੋਈ ਹੈ। ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ, ਲਿਖਾਈ ਸੁੰਦਰ ਅਤੇ ਸਪਸ਼ਟ ਹੈ॥
ਆਰੰਭ : "੧ਓ ਸਿਤਿਗੁਰ ਪ੍ਰਸਾਦਿ॥ ਸ੍ਰੀ ਭਾਗਵਤ ਗੀਤਾ ਲਿਖਤ ਮਹਾਤਮ ਸਮੇਤ॥ ਏਕ ਸਮੇਂ ਵਿਖੈ ਕਈਲਾਸ਼ [ਕੈਲਾਸ਼] ਪਰਬਤ ਉਪਰ ਮਹਾਦੇਵ ਅਰ ਪਾਰਬਤੀ ਆਪਸ ਮੈ ਗੋਸਟ ਹੋਈ॥ ਤਾ

ਗਉਰਾ ਪਾਰਬਤੀ ਪੂਛੈ ਹੈ॥ ਹੇ ਸ੍ਰੀ ਮਹਾਦੇਵ ਜੀ ਤੁਮਹਿ ਕਰ ਮਨ ਮੈ ਕਿਸ ਗਿਆਨ ਪਰਿ ਪਵਿਤ੍ਰ ਹੋਜੀ॥ ਜੇ ਕਿਸ ਗਿਆਨ ਕਰਿ ਸੰਸਾਰ ਕੇ ਮਨੁਖ ਤੁਮ ਕਿਉ ਸਿਵ ਕਰਿ ਪੂਜਤੇ ਹੈ ਜੀ॥"

ਅੰਤ : "ਪੰਨਾ ੮●॥ ਹੇ ਪੁਤ੍ਰ ਮੈ ਤੇਰਾ ਪਿਤਾ ਹਾਂ॥ ਤੂੰ ਮੈਨੂੰ ਇਸ ਅਧਮਦੇਹ ਤੇ ਛੁਡਾਇ॥ ਤੂੰ ਮੈਨੂੰ ਮਤ ਮਾਰ॥ ਮੇਰਾ ਪੂਰਬਲਾ ਕਰਮ ਥਾਂ॥ ਸੋ ਮੈ ਭੋਗਿਆ ਹੈ। ਤਾਂ ਪੁਤ੍ਰ ਨੇ ਕਹਿਆ ਹੇ ਪਿਤਾ ਤੂੰ ਮੈਨੂੰ ਬਤਾਉ॥ ਮੈ ਕਉਨ ਜਤਨ ਕਰਾਂ॥ ਜਿਸ ਕਰ ਤੂੰ ਇਸ ਅਧਿਮਦੇਹ ਤੇ ਛੁਟੇ॥ ਤਾ ਪਿਤਾ ਕਹਿਆ ਹੇ ਪੁਤ੍ਰ ਤੂੰ ਘਰ ਜਾਇ ਕੇ ਜੇ ਕੋਈ ਗੀਤਾ ਕੇ ਸਤਮੇ ਧਿਆਇ ਕਾ ਪਾਠ ਕਰਤਾ ਹੋਵੈ ਤਿਸ ਕੋ ਜਿਵਾਉ ਅਰ ਉਸ ਕੀ"–ਅੱਗੇ ਪੱਤਰੇ ਨਹੀਂ ਹਨ–ਰਚਨਾ ਅਧੂਰੀ ਹੈ।

ਹੱਥ ਲਿਖਤ ਨੰ : MSG 53
ਸਿਰਲੇਖ : ਭੂਪਤ ਪ੍ਰੋਹਿਤ ਦਾ ਕਿਸਾ
ਪੱਤਰੇ : 1 ਉ– 8 ਅ
ਆਕਾਰ : 17 X 25 ਸ.ਮ. ਲਿਖਤ 12 ½ X 19 ਸ.ਮ.
ਵੇਰਵਾ : ਜਿਲਦ, ਖੁਲ੍ਹੇ ਪੱਤਰੇ ਸੀਤੇ ਹੋਏ, ਸਿਆਹੀ ਕਾਲੀ। ਸਤਰਾਂ ਪ੍ਰਤੀ ਪੰਨਾ–16
ਆਮ ਵੇਰਵਾ : ਪੋਥੀ ਹਾਲਤ ਬਹੁਤ ਮਾੜੀ, ਕਾਗਜ ਖਸਤਾ ਹਾਲਤ ਵਿਚ, ਲਿਖਾਈ ਧੱਬਿਆਂ ਵਾਲੀ, ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ। ਕਾਨੀ ਬਦਲ ਬਦਲ ਕੇ ਲਿਖਿਆ ਹੋਇਆ॥
ਆਰੰਭ :"ੴ ਸਤਿਗੁਰ ਪ੍ਰਸਾਦਿ॥ਸਵਯਾ॥ਜਿਹ ਸਤਯ ਕੀ ਕਾਰਣ ਦੇਹ ਧਰੀ ਜਗ ਪਾਪਨ ਕੇ ਸਭ ਓਅ ਮਿਟਾਏ॥ ਗੁਰ ਨਾਨਕ ਆਦਿ ਗੁਰੁ ਨਵ ਮੈਂ ਪੁਰਖਾਰਥ ਕੈ ਡਰ ਕੋ ਫਲੁ ਲਾਏ॥ ਧਰ ਧਾਰਮਕ ਜੁਧ ਕਰੇ ਬਲ ਸੋ ਕਬਹੂ ਨਹਿ ਆਪ ਦਮੇ ਘਬਰਾਏ॥ ਜਿਨ ਪੰਥ ਕੇ ਹੇਤ ਸਮਸਤ ਦਯੋ ਸੁਤ ਔਬਿਤ ਦੇਤ ਨਹੀ ਸੁੰਕਚਾਏ॥"
ਅੰਤ : "੧੩●॥ ਅਗਰ ਪਾਖੰਡ ਰਚਨ ਤੂੰ ਚਹੈ॥ ਜਹਿ ਮੁੜ ਮਤਿ ਜਹਿ ਨਰ ਰਹੈ॥ ਯਹਾ ਬਾਪ ਸੁਭ ਨਾਹੀ ਤੇਰਾ॥ ਬੁਧ ਵਿਦਯਾ ਜਹਿ ਕਰਤ ਬਸੇਰਾ ॥੧੩੧॥ ਐਸੀ ਔਰ ਬਾਂਤ ਬਹੁ ਭਾਖੀ॥ ਬੀਚ ਕੀਨੋ ਪ੍ਰੇਮ ਸ੍ਵਰਸਾਖੀ॥ਦੋਹ ਐਸੇ ਸਤਯਾ ਤਹਿ ਰਦ ਜਬ ਕਰਤੇ ਭਏ ਬਿਚਾਰ॥ ਅਗ੍ਰ ਕਥਾ ਜੋ ਦੰਭ ਕੀ ਸੰਤ ਸਤਨੋ ਕਰ ਪਿਆਰ॥ ਇਤੀ ਪੂਰ ਬਾਰਧ ਸਮਾਪਤੰ॥" ॥ ॥ ॥ ॥ ॥

ਹੱਥ ਲਿਖਤ ਨੰ : MSG 54
ਸਿਰਲੇਖ : ਚੰਦ ਰਤਨਾਵਲੀ
ਲੇਖਕ : ਹਰਿ ਰਾਮ ਦਾਸ ਨਿਰੰਜਨੀ
ਸਮਾਂ : ਸੰਮਤ ੧੮੭੭ ਬਿਕ੍ਰਮੀ
ਪੱਤਰੇ : 1 ਉ– 36 ਉ
ਆਕਾਰ : 16 X 13 ਸ.ਮ. ਲਿਖਤ 11 X 8 ਸ.ਮ.
ਵੇਰਵਾ : ਜਿਲਦ, ਖੁਲ੍ਹੇ ਪੱਤਰੇ ਸੀਤੇ ਹੋਏ, ਸਿਆਹੀ ਕਾਲੀ; ਸਤਰਾਂ ਪ੍ਰਤੀ ਪੰਨਾ–8
ਆਮ ਵੇਰਵਾ : ਲਿਖਾਈ ਸੁੰਦਰ, ਪਰ ਕਈ ਪੰਨਿਆ ਉਪਰ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ। ਵਿਚ ਵਿਚ ਕਈ ਪੰਨਿਆ ਉਪਰ ਹਾਸ਼ੀਏ ਵਾਲੀ ਥਾਂ ਵੇਲ ਬੂਟੇ ਬਣਾਏ ਹੋਏ ਹਨ। ਪੋਥੀ ਜਿਲਦ ਤੋਂ ਬਗੈਰ, ਪਰ ਠੀਕ ਠੀਕ ਹਾਲਤ ਵਿਚ ਹੈ।

ਆਰੰਭ :"੧ੴ ਸ੍ਰੀ ਗੋਬਿੰਦ ਸਿੰਘਾਯਨਮ:ਦੋਹਰਾ॥ ਗੁਰ ਗਨਪਤ ਗੋਵਿੰਦ ਨਯਾਯ ਸੀਸ ਹਰਿ ਰਾਮ॥ ਪਿੰਗਲ ਮਤ ਭਾਖਾ ਬਿਖੇ, ਰਚਿਤ ਰੁਚਰ ਪਰਿਕਾਮ॥੧॥ਮਤਾ ਬਰਨਵਿ ਭੇਦ ਕਰ ਦ੍ਵੈ ਬਿਧ ਲੋਕਿਕ ਛੰਦ॥ ਪਿੰਗਲ ਆਦ ਅਜਰ ਜਨ ਕਹੈ ਬਾਧ ਪਰਬੰਧ॥੨॥"

ਅੰਤ : "੧●੮॥ ਗਿਰੰਥ ਚੰਦ ਰਤਨਾਵਲੀ ਸਾਰਥ ਯਾਕੋ ਨਾਮ ਭੂਖਨ ਭਰਤੀ ਤੈ ਭਯੋ ਕਹੈ ਦਾਸ ਹਰ ਰਾਮ॥੧●੯॥ਸੰਬਤ ਸਰ ਨਵ ਮੁਨਿ ਸਸੀ ਨਭ ਵੱਸੀ ਗੁਰਮਾਨ॥ ਡਿਡਵਾਨਾ ਦ੍ਰਿਢ ਕੂਪ ਜਹਿ ਗ੍ਰਿੰਥ ਜਨਮ ਸਥ ਜਾਨ॥ਇਤ ਸ੍ਰੀ ਹਰ ਰਾਮ ਦਾਸ ਨਿਰੰਜਨੀ ਕ੍ਰਿਤ ਛੰਦ ਰਤਨਾਵਲੀ ਸੰਪੂਰਨੰ ਸ੍ਰੀ ਸ੍ਰੀ ਸ੍ਰੀ ਸ੍ਰੀ ਸ੍ਰੀ -॥"

ਹੱਥ ਲਿਖਤ ਨੰ : MSG 55
ਸਿਰਲੇਖ : ਦੁਖ ਤ ਕਲੇਸ ਬਾਰੇ
ਲੇਖਕ : ਸੂਨ ਸਿੰਘ
ਪੱਤਰੇ : 2 ਉ- 18 ਅ
ਆਕਾਰ : 18 X 26 ਸ.ਮ. ਲਿਖਤ 14 X 24 ਸ.ਮ.
ਵੇਰਵਾ : ਜਿਲਦ ਤੋਂ ਬਗੈਰ, ਪੱਤਰੇ ਕਾਗਜ਼ ਵਿਚ ਲਪੇਟੇ ਹੋਏ ਹਨ, ਸਿਆਹੀ ਕਾਲੀ; ਹਾਸ਼ੀਆ ਦੋਵੇਂ ਪਾਸੇ ਪੈਨਸਿਲ ਨਾਲ ਬਣਿਆ ਹੋਇਆ ਹੈ; ਸਤਰਾਂ ਪ੍ਰਤੀ ਪੰਨਾ-11
ਆਮ ਵੇਰਵਾ : ਪੋਥੀ ਦੀ ਹਾਲਤ ਬਹੁਤ ਮਾੜੀ, ਪੱਤਰੇ ਖਸਤਾ ਹਾਲਤ ਵਿਚ ਹਨ, ਲਿਖਤ ਵੀ ਫਟੀ ਹੋਈ ਹੈ। ਇੰਜ ਮਾਲੂਮ ਹੁੰਦਾ ਹੈ ਕਿ ਇਹ ਪੋਥੀ ਕਿਸੇ ਹੋਰ ਪੋਥੀ ਦਾ ਹਿੱਸਾ ਹੈ। ਕੰਨੇ ਦੀ ਥਾਂ ਬਿੰਦੀ ਦਾ ਪ੍ਰਯੋਗ ਕੀਤਾ ਹੋਇਆ ਹੈ। ਪਹਿਲਾ ਪਤਰਾ ਫਟਿਆ ਹੋਇਆ ਹੈ। ਲਿਖਤ ਵੀ ਅਧੂਰੀ ਅਸਪਸ਼ਟ ਹੈ। ਪੋਥੀ ਪੰਨਿਆਂ ਤੋਂ ਬਗੈਰ ਹੈ। ਪੰਨਾ ਨੰਬਰ ਬਾਅਦ ਵਿਚ ਲਗਾਏ ਗਏ ਹਨ।
ਆਰੰਭ :"ਪੰਨਾ-ਏ=(ਪ) ਸਵਯਾ॥ਸੁੰਦਰ ਸ੍ਰੀ ਅਰਬਿੰਦ ਬਨੀ ਗੁਰ ਕੀਰਤ ਆਨਦ ਬ੍ਰਿੰਦ ਜਈ॥ ਮੰਜਲ ਰੂਪ ਮਰਾਲਨਿ ਉੱਜਲ ਸਾਰਦ ਸੋਭਤ ਨਿਤ ਨਈ॥ ਜੇ ਗੁਨ ਗ੍ਰਾਹ ਗੁਨੀ ਅਲਿੰਕਦਲ ਪ੍ਰੀਤ ਸੁਗੰਧਿ ਕੀ ਚੀਤ ਭਈ॥ ਜਾਚ ਤਹੌਂ ਕਰ ਜੌਰਨਿ ਹੋਰ ਤ ਮਾਨਸ ਮੇਰੇ ਮੋਹੌਂ ਹੋਬਿ ਰਈ॥੬॥"
ਅੰਤ : "੧੭॥ ਦੁਰਮਤ ਦੁਸਟ ਦਰੋਦਰੀਦੁ ਕ੍ਰਿਤ ਦੁਖ ਤੇ ਕਲੇਸ॥ ਸੂਨ ਸਿੰਘ ਕਾ ਸਰਸ ਸੋ ਧਰਮ ਭਯੋ ਰਾਕੇਸ॥੧੮॥ਬਿਸ੍ਵਾਮਿਤ੍ਰ ਬਸਿਸਟ ਰਿਖ ਨਵ ਗ੍ਰਹਿ ਸੁਭ ਨਿਜ ਠਾਇ॥ ਸੀਅ ਜੀਅ ਸੁਖ ਕਬਹੂੰ ਨ ਲਹੈ ਪਰੋ ਕਰਮ-ਅਗੈ ਲਿਖਤ ਸਪਸ਼ਟ ਨਹੀ-ਕਹਾਂ ਰੰਕ ਕਹਾਂ ਭੂਪ ਦੁਖ ਸਦਾ ਸੰਗ॥"
ਅੱਗੇ ਅਖੀਰ ਵਿਚ ਕਾਨੀ ਬਦਲ ਕੇ ਕੁਝ ਹੋਰ ਲਿਖਿਆ ਹੋਇਆ ਹੈ॥"

ਹੱਥ ਲਿਖਤ ਨੰ : MSG 56
ਸਿਰਲੇਖ : ਹਨੂੰਮਾਨ ਨਾਟਕ (ਅਧੂਰਾ)
ਪੱਤਰੇ : 4 ਉ- 106 ਅ
ਆਕਾਰ : 23 X 16 ਸ.ਮ. ਲਿਖਤ 14 X 10 ਸ.ਮ.
ਵੇਰਵਾ : ਖੁਲ੍ਹੇ ਪੱਤਰੇ ਸੀਤੇ ਹੋਏ ਹਨ; ਸਿਆਹੀ ਕਾਲੀ, ਵਖਰੇਵੇਂ ਲਈ ਲਾਲ; ਹਾਸ਼ੀਆਂ ਦੋਵੇਂ ਪਾਸੇ ਦੋ ਦੋ ਲਾਲ ਲਕੀਰਾਂ; ਵਿਚਕਾਰ ਇਕ ਕਾਲੀ ਲਕੀਰ; ਸਤਰਾਂ ਪ੍ਰਤੀ ਪੰਨਾ-9
ਆਮ ਵੇਰਵਾ : ਪੋਥੀ ਅਧੂਰੀ, ਸ਼ੁਰੂ ਵਿਚ ਪੋਥੀ ਪੰਨਾ ਨੰ:੪ (4) ਤੋਂ ਸ਼ੁਰੂ ਹੁੰਦੀ ਹੈ ਅਤੇ ਅਖੀਰ ਵਿਚ ਪੰਨਾ ਨੰਬਰ ੧●੬ ਤੇ ਅੰਤ ਹੁੰਦਾ ਹੈ। ਲਿਖਾਈ ਸੁੰਦਰ।
ਆਰੰਭ :"੧੨॥ਸਵੈਯਾ॥ਹੌਂ ਸਤ ਹੀਨ ਇਹੈ ਕਬਿਤਾ ਸਿਰ ਜਾਨਤ ਹੌਂ ਉਪਹਾਸ ਧਰੈਗੀ॥ ਰਾਮ ਮਈ ਸੁਖਦੈ ਸਬ ਕੋ ਮਨ ਕੇ ਦੁਖ ਦੋਖ ਸੰਤਾਪ ਹਰੈਗੀ॥ ਜਯੋ ਬਨ ਭਿੱਲਕਿ ਰਾਤ ਕੀ ਆਗ ਮਥੈ

ਲਘੁਦਾਰ ਤੂੰ ਜੋਪਤ ਜਗੈਗੀ ॥ ਤੌਕਹ ਹੇ ਮਸ ਮੂਹਨ ਕੌ ਯਹ ਹਾਟ ਕਲੰਕਨ ਦੂਰ ਕਰੈਗੀ॥੧੩॥"

ਅੰਤ : "੨੧॥ਸਵੈਯਾ॥ ਪਾਨ ਲਏ ਦੋਊ ਪਾਨ ਧਰੇ ਸਿਰਪਾਇ ਛਟੇ ਰਘੁਨੰਦਨ ਜੁ ਕੇ॥ ਔਰ ਕਰੀ ਬਿਨਤੀ ਬਹੁ ਭਾਂਤ ਨ ਦੇਹ ਬਢੀ ਪ੍ਰਭ ਪਾਇ ਕਨੂ ਕੇ॥ ਆਪ ਨੋ ਜਾਨ ਧਰੇ ਰਹਿਓ ਜਿਅਹੌ ਕਪਿ ਸਤਯ ਕਹੌ ਤੁਹਿ ਕੇ॥ ਨਿਤ ਕਰੌ ਸੁਧਚਿ-॥" ਅੱਗੇ ਪੱਤਰੇ ਨਹੀਂ ਹਨ। ਰਚਨਾ ਅਧੂਰੀ॥

ਹੱਥ ਲਿਖਤ ਨੰ : MSG 57 ਸੰਗ੍ਰਹਿ
ਸਿਰਲੇਖ : ਕਬਿਤ
ਲੇਖਕ : ਨਥਾ ਸਿੰਘ
ਲਿਖਾਰੀ : ਮੁਰਲੀ, ਕਵਿ
ਪੱਤਰੇ : 1 ੳ- 1 ਅ
ਆਕਾਰ : 16X 25 ਸ.ਮ. ਲਿਖਤ 12 X 19 ਸ.ਮ.
ਵੇਰਵਾ : ਜਿਲਦ ਤੋਂ ਬਗੈਰ ਖੁਲ੍ਹੇ ਪੱਤਰੇ, ਸਿਆਹੀ ਕਾਲੀ, ਵਖਰੇਵੇਂ ਲਈ ਲਾਲ; ਸਤਰਾਂ ਪ੍ਰਤੀ ਪੰਨਾ-9
ਆਮ ਵੇਰਵਾ : ਪੋਥੀ ਕਿਸੇ ਹੋਰ ਪੋਥੀ ਦਾ ਹਿੱਸਾ ਜਾਪਦੀ ਹੈ ਜੋ ਵਖਰੀ ਕੀਤੀ ਹੋਈ ਹੈ। ਲਿਖਾਈ ਬਹੁਤ ਸਪਸ਼ਟ ਨਹੀਂ ਹੈ, ਕਈ ਪੰਨਿਆਂ ਉਪਰ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ। ਕੰਨੇ ਦੀ ਥਾਂ ਤੇ ਬਿੰਦੀ ਦਾ ਪਰਯੋਗ ਕੀਤਾ ਹੋਇਆ ਹੈ।
ਆਰੰਭ :"ੴ ਸਿਤਿਗੁਰ ਪ੍ਰਸਾਦਿ॥੧੨ ਰਸਤਨ ਕੋ ਰਤਾ ਬਿਗਾਰਯੋ ਜੁ ਗਲ ਮਿਲ ਕੈ ਜਿਨ ਨਥਾ ਸਿੰਘ ਨਿਪਟਨਿ ਕ॥ ਮਕਾਮ ਘੜਿਆ॥ ਮਹਿ ਤਾ ਮਲੇਛ ਸੋ ਤੋ ਮਾਰਤ ਮਨਨ ਮਾਲਾ ਰਾਜਾ ਰਾਮ ਢੋਇ ਬੇ ਬਨਾਇ ਰਾਖਯੋ ਫੜੀਆ॥ ਮੁਰਲੀ ਕਵੀ ਕੀ ਸੁਨੋ ਅਰਜੀ ਦਿਵਾਨ ਸਾਹਿਬ ਹਮੈ ਏਕ ਆਪ ਕੋ ਭਰੋਸੇ ਦਾ ਬਢੀਆ॥"
ਅੰਤ : "ਨਾਮ ਤੋਂ ਸੁਚੇਤ ਪੈ ਨ ਦੇਤ ਤਹੈ ਰਤੀ ਭਰ ਕਾਠਹੂੰਤੇ ਕਠਨ ਕਠੋਰ ਕਾਠ ਗੜੀਆ ੧"
ਅੱਗੇ ਇਕ ਉਰਦੂ ਦੀ ਸਤਰ ਲਿਖੀ ਹੋਈ ਹੈ ਅਤੇ ਫਿਰ ਇਕ ਹੋਰ ਕਬਿਤ ਰਚਨਾ ਸ਼ੁਰੂ ਕਰਨੀ ਬਣਦੀ ਹੈ॥

ਹੱਥ ਲਿਖਤ ਨੰ : MSG 57 ਅ
ਸਿਰਲੇਖ : ਕ੍ਰਿਪਾਲ ਸਿੰਘ ਕੇ ਦੋਹੇ/ਸਵੈਯਾ
ਪੱਤਰੇ : 1 ਅ - 2 ੳ
ਆਕਾਰ : 16X 25 ਸ.ਮ. ਲਿਖਤ 12 X 19 ਸ.ਮ.
ਵੇਰਵਾ : ਓਹੀ। ਸਤਰਾਂ ਪ੍ਰਤੀ ਪੰਨਾ-18
ਆਮ ਵੇਰਵਾ : ਕਾਨੀ ਬਦਲ ਬਦਲ ਕੇ ਲਿਖਾਈ ਕੀਤੀ ਹੋਈ ਹੈ; ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ। ਲਿਖਤ ਪੜ੍ਹੀ ਜਾਂਦੀ ਹੈ॥
ਆਰੰਭ : "ਕ੍ਰਿਪਾਲ ਸਿੰਘ ਜੀ ਕੇ ਦੋਹੇ॥ ਜੋ ਬਿਧਨਾ ਅਸਿ ਰਚਤ ਨਹਿ ਘੀਸਹਿ ਸਹਿਜ ਸੁਭਾਇ॥ ਤੌ ਫਨੀਅਰ ਫਨ ਸਹਿਤ ਕਬ ਬਿਲ ਮੈ ਬਿਰਮਤ ਆਇ॥ ਰਾਮ ਚੀ ਸੁਖ ਰਾਮ ਕਹਿ ਮੁਖ ਪਾਵਨ ਵੈ ਜਾਤਾ॥ ਭੇਟਤ ਤਾਹਿ ਪ੍ਰਤਖ ਜੋ ਪੰਨਨਾ ਤਿਹ ਕਹ ਜਾਤਿ॥
ਅੱਗੇ ਸਵੈਯਾ= ਝਾਹਤ ਹੈ ਦਸਹੂੰ ਦਿਸ ਦਾਮਨ ਧਾਵਤ ਧੁਮ ਘਟਾਨ ਅਪਾਰੀ॥ ਯੇ ਜੁਗਨੂ ਉਠੈ ਚਿਨਗੈ॥ਅਤਿ ਇੰਦ ਬਪੂਨ ਪਰੀ ਅੰਗਯਾਰੀ॥ਸਿਆਮ ਸਨੇਹੀ ਕ੍ਰਿਪਾਲ ਬਿਨਾ ਸੁ ਬਡੀ ਬਿਰਹਾ ਬਿਪਰੀ ਤਬਿ ਚਾਰੀ॥ ਗ੍ਰੀਖਮ ਆਸੂ ਅਨਾਈ ਹੁਤੀ ਅਬ ਧਾਰਤ ਹੈ॥ ਯਾ ਪਾਵਸ ਬਾਰੀ॥"

ਅੰਤ : "ਕਹਾ ਸੁਦਾਮਾ ਬਾਪਰੋ ਕ੍ਰਿਸਨਮਿ ਤਾਈ ਜੋਗ॥ ਜੋ ਗਰੀਵ ਸੋ ਹਿਤ ਕਰੇ ਧਨਹ ਧਨ ਰਹੀਮ ਵੈ ਲੋਗ॥੧॥॥ਚਲੀ ਭਾਵ੍ਹਨੀ ਪਤਿ ਭਵਨ ਸਯਾ ਮਨਿਸਾ ਕੋ ਪਾਇ॥ ਬਿਰਹਾ ਲਾਲ ਅੰਗ ਅੰਗ ਤੇ ਜੋਤ ਜਵਾਲਾ ਦਰਸਾਇਆ॥੧॥"

ਹੱਥ ਲਿਖਤ ਨੰ : MSG 57 ਏ
ਲੇਖਕ : ਗਿਰਧਰ
ਸਿਰਲੇਖ : ਕਵਿਤਾ ਕੁੰਡਲੀਆ
ਪੱਤਰੇ : 5 ੳ - 6 ਅ
ਆਕਾਰ : 16X 25 ਸ.ਮ. ਲਿਖਤ 12 X 19 ਸ.ਮ.
ਵੇਰਵਾ : ਓਹੀ। ਸਤਰਾਂ ਪ੍ਰਤੀ ਪੰਨਾ-17
ਆਮ ਵੇਰਵਾ : ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ। ਕਾਨੀ ਬਦਲੀ ਹੋਈ ।ਲਿਖਾਈ ਠੀਕ ਠੀਕ ॥
ਆਰੰਭ : "ਕੁੰਡਲੀਆਂ॥ ਅਰਜੀ ਦੇ ਕਰ ਜੀ ਭਏ ਛਟੀ ਘਰ ਕੀ ਆਸ॥ ਚਲਤ ਚਲਤ ਪਗ ਥਕ ਗਏ॥ ਕੌਡੀ ਰਹੀ ਨ ਪਾਸ॥ ਕੌਡੀ ਰਹੀ ਨ ਪਾਸ ਅੰਨ ਨ● ਰਹਿਯੋ ਗ੍ਰਹ ਮੇਂ॥"
ਅੰਤ : "ਕਹਿ ਗਿਧਰ ਕਵ ਰਾਏ ਬਾਰ ਮੈਂ ਸੌ ਸੌ ਬਰਜੀ॥ ਅਗੇ ਸਿਆਨੇ ਲੇਯ ਭੁਲ ਨਾ ਦੀਜੋ ਅਰਜੀ॥ ਅੱਗੇ- ਰਾਜਾ ਐਸਾ ਚਾਹੀਏ ਜੈਸਾ ਹੋਇ ਮ੍ਰਿਗ ਰਾਜਾ॥ ਚਢੈ ਸਿਕਾਰ ਹਮੇਸ ਕੋ ਮਾਰਤ ਹੈ ਗਜਰਾਜਾ॥ ਨਿਸਚੈ ਭਾਵੀ ਕੇ ਕਹੁੰ ਪ੍ਰੀਤ ਰਜੇ ਹੋਇ॥ ਤੋ ਨਲ ਸੇ ਹਰੀ ਚੰਦ ਸੇ ਬਿਪਤ ਨ ਭਰਤੇ ਸੋਇ॥ ਪੰਨਾ-੬ ਅ- ਕਹੈ ਜੈਦੇਵ ਸੁਨੋ ਕਾਨ ਦੈਸੁ ਜਾਨ ਪਿਆਰੇ ਕੌਨ ਲਸ ਲੀਹੁਤੀ ਸੋ ਕਿਨ ਕੇ ਚਲੀ ਹੁਤੀ ॥ ਭੁਲ ਬੈਰ ਕੋਊ ਕਰੇ ਮਤਿ ਕਵਿ ਨ ਸ਼ੋਕ ਵਿਚ ਸੋ ਬੈਰ ਕੇ ਈ ਜੁਗ ਨ ਫਜੀ ਹੁਤੀ॥੧॥"

ਹੱਥ ਲਿਖਤ ਨੰ : MSG 57 ਸ
ਸਿਰਲੇਖ : ਸਾਖੀ ਰਾਮਤੇ ਲੋਕਾਂ ਦੀ (ਗੁਰੂ ਗੋਬਿੰਦ ਸਿੰਘ ਜੀ)
ਪੱਤਰੇ : 6 ਅ
ਆਕਾਰ : 16X 25 ਸ.ਮ. ਲਿਖਤ 12 X 19 ਸ.ਮ.
ਵੇਰਵਾ : ਓਹੀ। ਸਤਰਾਂ ਪ੍ਰਤੀ ਪੰਨਾ-8
ਆਮ ਵੇਰਵਾ : ਕਾਨੀ ਬਦਲਕੇ ਲਿਖਾਈ ਕੀਤੀ ਹੋਈ। ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ। ਪੋਥੀ ਦੇ ਇਸ ਭਾਗ ਦੀ ਹਾਲਤ ਠੀਕ ਠੀਕ ਹੈ॥
ਆਰੰਭ / ਅੰਤ : "ਸਾਲ (1753) ਭਾਦੋਂ ਬੀਚ ਜੋ ਦਸਖਤੀ ਕਾਗਜ ਗੁਰੂ ਗੋਬਿੰਦ ਸਿੰਘ ਮਹਾਰਾਜ ਨੇ ਰਾਮਤੇ ਲੋਕੇ ਕੋ ਲਿਖ ਕਰ ਦੀਆ ਥਾ ਜੋ ਬੁਰਜ ਬਾਬਾ ਆਲਾ ਸਿੰਘ ਮੇ ਹੈ ਉਸ ਪਰ ਜੋ ਗੁਰੂ ਸਾਹਬ ਨੇ ਤੀਰ ਕੀ ਮੁਖੀ ਸੇ ਦਸਖਤ ਕੀਏ ਹੈਂ ਉਨ ਕੀ ਨਕਲ ਯਹ ਹੈ ਭਾਈ ਤਲੋਕਾ ਭਾਈ ਰਾਮਾ ਸੰਗਤ ਗੁਰ ਰਖੇਗਾ॥ ਤੁਮ ਅਸਵਾਰ ਲੈ ਕੇ ਆਵਣਾ ਤੇਰੇ ਉਪਰ ਅਸਾਡੀ ਖੁਸੀ ਮਿਹਰਵਾਨਗੀਆ ਸੇ ਤੇ ਆਵਣਾ॥੧ ਜੋੜਾ ਰਖਾਵਣਾ॥"

ਹੱਥ ਲਿਖਤ ਨੰ : MSG 57 ਹ
ਸ੍ਰੋਤ : ਪ੍ਰੋ: ਹਰਭਜਨ ਸਿੰਘ, ਪਟਿਆਲਾ
ਸਿਰਲੇਖ : ਕਬਿਤ / ਸਵਯੈ/ਛਪੈ
ਪੱਤਰੇ : 5 ਅ - 7 ੳ

ਆਕਾਰ : 16X 25 ਸ.ਮ. ਲਿਖਤ 12 X 9 ਸ.ਮ.

ਵੇਰਵਾ : ਓਹੀ। ਸਤਰਾਂ ਪ੍ਰਤੀ ਪੰਨਾ-19

ਆਮ ਵੇਰਵਾ : ਲਿਖਾਈ ਧਬਿਆ ਵਾਲੀ, ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ। ਕਾਨੀ ਵੀ ਬਦਲੀ ਹੋਈ ਹੈ। ਪਰ ਲਿਖਤ ਪੜ੍ਹੀ ਜਾਂਦੀ ਹੈ। ਪੋਥੀ ਦੀ ਹਾਲਤ ਠੀਕ ਠੀਕ ਹੈ।

ਆਰੰਭ : "ਕ: ਪਾਛੇ ਬ੍ਰਿਜ ਭੂਖਨ ਕੇ ਭੂਖ ਨ ਲਗਤ ਆਲੀ ਭੂਖ ਨਾ ਪਿਆਸ ਦੇਹ ਭੂਖ ਨ ਸੋ ਜਰੀ ਹੈ। ਸਰ ਸੇ ਕਸੁੰਭ ਸਿਆਮ ਸਰ ਸੇ ਲਗੈ ਹੈ ਮੋਹਿ ਸਰ ਸੇ ਭਏ ਹੈ॥ ਦ੍ਰਿਗ ਆਸੁ ਡਿਗ ਡਗੀ ਹੈ॥ ਤੁਮ ਤੋ ਨ ਸੁਨੀ ਅਨਸੁਨੀ ਡਰ ਖਾਵਤ ਹੋ ਐਸੀ ਬਿਧ ਆਗੇ ਕਬੂਹਿ ਨ ਬਿਧ ਕਰੀ ਹੈ॥ ਮੋ ਤਨ ਕੋ ਚਾਹਤ ਹੋ ਮੋ ਤਨ ਕੀ ਸੁਧ ਲੇਹਿ ਮੋ ਤਨ ਕੀ ਲਗੀ ਆਜ ਮੋ ਤਨ ਸੋ ਲਰੀ ਹੈ॥"
ਅੱਗੇ ਸਵਯਾ-ਅਤੇ ਛਪਾ ਆ ਜਾਂਦਾ ਹੈ।
ਛਪਾ :- ਬ੍ਰਿਥਾ ਭ੍ਰਮਨ ਦਿਨ ਰਾਤ ਬਹੁਰ ਨਿਦ੍ਰਾ ਬਸ ਹੋਵਨਾ॥ ਨਿਰਤ ਗੀਤ ਮੈਂ ਲੀਨ ਜੂ ਪੇ ਨਿਸ ਦਿਨ ਖੋਵਨਾ॥"

ਅੰਤ : "ਮਦਰਾ ਬਹੁਤ ਸਿਕਾਰ ਨਿਤ ਬਾਦ ਨ ਕੋਸ ਨ ਬੋ॥ ਮਿਤ੍ਰ ਦੋਖ ਬਿਨ ਲਖੇ ਸ੍ਰਵਨ ਕਰ ਕਰ ਸਿਰਧੁਨ ਬੋ ਪਰ ਨਾਰ ਨ ਸੁਰਤ ਕਰ ਨ ਕਾਮ ਗਏ ਜੁ ਕਹਾਇ ਯਤ ॥
ਸ੍ਰੀ ਮਹੈਂਦ੍ਰ ਮ੍ਰਿਗਰਾਜੇ ਮੇ ਏਕੋ ਕਬਹੂ ਨ ਪਾਈਯਤ॥"

ਹੱਥ ਲਿਖਤ ਨੰ : MSG 57 ਕ

ਸਿਰਲੇਖ : ਕਵਿਤਾ ਸਵਯਾ

ਪੱਤਰੇ : 7 ੳ - 15 ੳ

ਆਕਾਰ : 16X 25 ਸ.ਮ. ਲਿਖਤ 12 X 9 ਸ.ਮ.

ਵੇਰਵਾ : ਓਹੀ। ਸਤਰਾਂ ਪ੍ਰਤੀ ਪੰਨਾ-19

ਆਮ ਵੇਰਵਾ : ਕਾਨੀ ਬਦਲੀ ਹੋਈ, ਲਿਖਾਈ ਸਪਸ਼ਟ ਅਤੇ ਪੜ੍ਹੀ ਜਾਂਦੀ ਹੈ। ਪੋਥੀ ਦੇ ਇਸ ਭਾਗ ਦੀ ਰਚਨਾ ਦੀ ਹਾਲਤ ਠੀਕ ਠੀਕ ਹੈ। ਕਾਨੀ ਬਦਲ ਬਦਲ ਕੇ ਲਿਖਾਈ ਕੀਤੀ ਹੋਈ ਹੈ। ਹਾਸ਼ੀਏ ਤੋਂ ਬਾਹਰ ਵੀ ਲਿਖਤ ਕੀਤੀ ਹੋਈ ਹੈ।

ਆਰੰਭ : ੧ "ਸਵਯਾ :- ਗੰਗਨ ਵਾਇ ਚਲਾਈ ਯੇ ਚੰਦਨ ਅੰਗ ਉਢਾਈਏ ਚੀਰ ਅਭੂਤਾ॥ ਉਚੇ ਅਵਾਸ ਆਸਨ ਦੈ ਪੁਨ ਖੀਰ ਔਖਾਂਤ ਖਵਾਇ ਬਹੁਤਾ ॥ ਮੋਦ ਸੋਂ ਗੋਦ ਬਠਾਇ ਲੜਾਈਏ ਦਾਸ ਜੂ ਸੂਤ ਕੀ ਸੇਜ ਪੈ ਸੁਤਾ ॥ ਜਿੰਦਗੀ ਲੌ ਸਗੰਮ ਦਗੀ ਨਾਂਹਿ ਨ ਆਖਰ ਗੰਦਗੀ ਖਾਇਗੋ ਕੁਤਾ॥੧੨॥ ਕਲਕਤਾ, ਲੰਦਨ, ਬੰਧਨ ਨਹੀ ਮਾਰਬਾਰ ਜਾਹਿ ਨਾਰਿਥ ਕਿਤ ਸੁਧਪੂਰਬ ਕੇ ਪਾਨਾ ਕੀ॥ ਬੰਗਾਲੇ ਬੀਕਾਨੇਰ ਲਵੈ ਖੁਸਕ ਭਈ ਫੇਰ ਜਬ ਤੇਹੀ ਸੁਨੀ ਧਮਕ ਦਲਨ ਤੋਪਖਾਨਾਂ ਕੀ॥ ਐਸੇ ਡਰ ਤੇਰੋ ਰਣਜੀਤ ਸਿੰਘ ਮਹਾਰਾਜ ਭੁਲ ਗਈ ਬਾਂਗ ਔ ਨਿਵਾਜ ਮੁਸਲਮਾਨਾ ਕੀ॥ ਮਾਂਡਵ ਗੜ ਗੜਾਇ ਤੌੜ ਭਰ ਜਮੇਰ ਭਈ ਭੁਲ ਗਈ ਕਾਂਸੀ ਸੁਧ ਦਿਲੀ ਸਾਹਜਹਾਨਾ ਕੀ॥ ਐਸੋ ਡਰਤੇ ਰੋ॥" ॥ ॥

ਅੰਤ : ਪੰਨਾ-੧੫. ਸਵਯਾ ॥ "ਹਮ ਤੇ ਅਵਲਾ ਨਵਲਾ ਸੁਨਰੀ ਬਲਵਾਨ ਬਸੰਤ ਜਹਾਯੋ ਕਹੈ॥ ਛਤਿਯਾ ਛਿਦਕੇ ਝਝਰੀ ਸੀ ਭਈ ਫਿਰ ਕੋਕਲ ਕੂਕ ਸੁਨਾਐ ਕਰੈ॥ ਕਵਿ ਰੁਵਾਲ ਕਲਾ ਨਿਧ ਕੂਰ ਬਨਯੋ ਬਿਖਧਾਰ ਥਰਾ ਮੇ ਧਰਾਯੋ ਕਹੈ। ਬਲਬੀਰ ਬਿਹਾਰੀ ਬਨਾ ਲਿਖਾਰੀ ਬਿਰਹਾਨ ਲਹਾਇ ਜਰਾਯੋ ਕਰੈ॥"

ਹੱਥ ਲਿਖਤ ਨੰ : MSG 57 ਖ

ਸਿਰਲੇਖ : ਗੁਰ ਅਸਟਕ ਰੀਆ ਮਾਲਤੀ ਛੰਦ

ਲੇਖਕ : ਰਾਮਦਾਸ, ਬਾਵਾ

ਪੱਤਰੇ : 15 ਅ – 16 ਓ

ਆਕਾਰ : 16 X 25 ਸ.ਮ. ਲਿਖਤ 12 X 9 ਸ.ਮ.

ਵੇਰਵਾ : ਓਹੀ। ਸਤਰਾਂ ਪ੍ਰਤੀ ਪੰਨਾ–19

ਆਮ ਵੇਰਵਾ : ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ। ਕਾਨੀ ਬਦਲੀ ਹੋਈ, ਲਿਖਾਈ ਸਪਸ਼ਟ ਅਤੇ ਪੜ੍ਹੀ ਜਾਂਦੀ ਹੈ। ਪੋਥੀ ਦੇ ਇਸ ਭਾਗ ਦੀ ਰਚਨਾ ਦੀ ਹਾਲਤ ਠੀਕ ਠੀਕ ਹੈ।

ਆਰੰਭ : "ੴ ਬਾਵਾ ਰਾਮ ਦਾਸ ਜੀ ਕ੍ਰਿਤ ਗੁਰ ਅਸ੍ਟਕ॥ ਰੀਆ ਮਾਲਤੀ ਛੰਦ॥ ਪਦਮ ਪਦ ਪਰਫੁਲਤ ਸਦ ਜਹ ਜਨ ਦਰੇ ਫਨ ਸੁਖਕਰੰ॥ ਕਲਪਤ ਰੁਕੇ ਸੁਮਨ ਤੇ ਬਰ ਕਿਹਨ ਕੋ ਫਲ ਉਰਭੰਰ॥ ਕਿਧੋ ਚਿੰਤਾਮਨੀ ਨ ਖਦਸ ਚਿਤਯ ਚਿੰਤ ਤਦੈਬਰੰ॥"

ਅੰਤ : "ਕਛ ਕੇਸ ਕ੍ਰਿਪਾਨ ਕਕਹਾ ਕਟਕ੍ਰਮ ਦ੍ਰਾਬਰਧਗੰ॥ ਸਕਲ ਨਿਜ ਜਨ ਸਿੰਘ ਕਿਯਾਜਿਹ ਖਲਗਯੰਦ ਨ ਦਲਦਰੰ॥ ਧਰਮ ਰਾਖਯੋ ਧਰ ਨ ਪਰ ਪੁਨ ਮੰਤ੍ਰ ਭਾਖਯੋ ਗੁਰਧਰੰ॥੯॥ ਭਜਤ ਮਨ ਕਿਨ ਗੁਰਬਗੰ॥
ਇਤ ਗੁਰ ਨਵਕ ਸੁਭੰ॥"

ਹੱਥ ਲਿਖਤ ਨੰ : MSG 57 ਗ

ਲੇਖਕ : ਮਤਿਰਾਮ

ਸਿਰਲੇਖ : ਕਬਿਤ ॥ ਸਾਹਿਬ ਲਵਾਰ ਕੇ

ਪੱਤਰੇ : 16 ਅ – 17 ਅ

ਆਕਾਰ : 16 X 25 ਸ.ਮ. ਲਿਖਤ 12 X 9 ਸ.ਮ.

ਵੇਰਵਾ : ਓਹੀ। ਸਤਰਾਂ ਪ੍ਰਤੀ ਪੰਨਾ–21

ਆਮ ਵੇਰਵਾ : ਲਿਖਾਈ ਕਾਨੀ ਬਦਲਕੇ ਕੀਤੀ ਹੋਈ ਹੈ। ਧੱਬਿਆਂ ਵਾਲੀ ਲਿਖਾਈ॥ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ ਪਰ ਪੜ੍ਹੀ ਜਾਂਦੀ ਹੈ। ਪੋਥੀ ਦੇ ਇਸ ਭਾਗ ਦੀ ਰਚਨਾ ਦੀ ਹਾਲਤ ਠੀਕ ਠੀਕ ਹੈ।

ਆਰੰਭ : "ਕ: ਸਾਹਿਬ ਲਵਾਰ ਕੇ ਮੁਸਾਹਿਬ ਬਨੇ ਹੋ ਠੀਕ ਯਾਹੀ ਤੇ ਖਿਰੇ ਹੋ ਖੂਵ ਖਾਤਰ ਖੁਸਾਲੀ ਮੈ॥ ਐ ਪੈ ਬ੍ਰਿਜ ਬਾਲਨ ਕੇ ਹਾਲਨ ਲਖੇਈ ਬਿਉਧਵ ਸੁਜਾਨ ਆਨ ਫਸੇ ਕਿ ਕੁਚਾਲੀ ਮੈ ਤਯੋ ਹੀ ਕਬਿ ਦਾਸ ਯਹਿ ਲੋਕਕ ਪ੍ਰਸਿਧ ਬਾਤ ਡੋਲੇ ਪਰ ਡੋਲੇ ਕਿੰਉ ਨ ਤੈ–ਭਰਥਾਲੀ ਮੈ॥ ਕਾਜਰ ਪਰਸੈਨ ਕੀਏ ਚਾਦਰ ਕਿਯੋ ਰਹੇਸਸ੍ਵੈਖਤ ਲਾਲੀ ਚਢੈ ਕੌਨ ਮੁਖ ਕੋਲਾ ਕੀ ਦਲਾਲੀ ਮੈ॥"

ਅੱਗੇ ਸਵੈਯਾ / ਕਬਿਤ :-

ਅੰਤ : "ਕਹੈ ਮਤਿਰਾਮ ਕੋਊ ਕਬਿਹੁ ਕੋ ਨਿੰਦੋ ਮਤ ਕਬਿਨ ਪ੍ਰਤਾਪ ਸਭ ਦੇਵਨ ਕੇ ਪਾਏ ਹੈ॥ ਢੂੰਡ ਦੇਖੋ ਤੀਨੋ ਲੋਕ ਅੰਮ੍ਰਤ ਕਬਿ ਨ ਮੁਖ ਕੇ ਤੇ ਮੂਏ ਰਾਜਾ ਕਵਿ ਨ ਜਵਾਏ ਹੈ॥"

ਹੱਥ ਲਿਖਤ ਨੰ : MSG 57 ਘ

ਸਿਰਲੇਖ : ਕਬਿਤ :

ਪੱਤਰੇ : 17 ਓ – 20 ਓ

ਆਕਾਰ : 16 X 25 ਸ.ਮ. ਲਿਖਤ 12 X 9 ਸ.ਮ.

ਵੇਰਵਾ : ਓਹੀ। ਸਤਰਾਂ ਪ੍ਰਤੀ ਪੰਨਾ–20

ਆਮ ਵੇਰਵਾ : ਕਾਨੀ ਬਦਲੀ ਹੋਈ ਹੈ। ਲਿਖਾਈ ਧਬਿਆਂ ਵਾਲੀ ਹੈ। ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ ਪੋਥੀ ਦੀ ਹਾਲਤ ਠੀਕ ਠੀਕ ਹੈ ।

ਆਰੰਭ : "ਕ: ੧ੴ ਪਾਵਸ ਸੰਜੋਗ ਤਾਨ ਦੋ॥ ਧਾਵਨ ਦੇ ਧੂਰਵਾਨ ਧਰ ਪਹਵਨ ਦੇ ਬਹੁ ਧਿਆਰ! ਚਮਕਨ ਦੈ ਦਸ ਦਿਸ ਨ ਮੈ ਦਾਮ ਨ ਕਾਮ ਨ ਧਾਰ॥ ੧ ਸਵਯਾ॥ ਸਰ ਸੋਈ ਕਰੋ ਘਨ ਬੀਰ ਛਟਾ ਬਦਗਧੁਰ ਵਰਗ ਰਜੋਈ ਕਰੋ॥"

ਅੰਤ : "ਪੰਨਾ ਨੰਬਰ ੨● ਓ ॥੧॥ ਰਹੋ ਘਰ ਬੈਠ ਸਹੋ ਸਭ ਕੀਨ ਕਹੋ ਕਛੂ ਬੋਲ ਕਬੋਲ ਮੈ ਓਏ॥ ਸਾਸ ਦਿਰਾਨੀ ਹੁ ਤੀਸੀ ਹੁਤੀ ਨਨਦੀ ਕੂ ਯੋ ਰਹੈ ਮੋਹਡੋ ਕਰਮੋਟੋ॥ ਕਾਸੋ ਕਹੇ ਮਨ ਕੀ ਕਬਿ ਮੈਨ ਭਯੋ ਘਹ ਕੋਸ ਗੁਰੋ ਜਨ ਖੋਟੋ॥ ਹੈ ਆਪਨੇ ਯਹ ਭਾਗ ਕੋ ਦੋਸਨ ਹੋਇ ਕਿਸੂ ਕੋ ਭਟੂ ਬਰ ਛੋਟੋ॥"

ਹੱਥ ਲਿਖਤ ਨੰ : MSG 57 ਛ

ਸਿਰਲੇਖ : ਛਪਾ / ਕਬਿਤ :

ਪੱਤਰੇ : 21 ਓ-23 ਓ ਅ

ਆਕਾਰ : 16 X 25 ਸ.ਮ. ਲਿਖਤ 12 X 9 ਸ.ਮ.

ਵੇਰਵਾ : ਓਹੀ। ਸਤਰਾਂ ਪ੍ਰਤੀ ਪੰਨਾ-18

ਆਮ ਵੇਰਵਾ : ਪਹਿਲੀ ਰਚਨਾ ਤੋਂ ਬਾਅਦ ਇਕ ਪੰਨਾ ਸਿਕਸਤਾ ਫਾਰਸੀ ਵਿਚ ਲਿਖਿਆ ਹੋਇਆ ਹੈ। ਉਸ ਤੋਂ ਬਾਅਦ ਪੰਨਾ ਨੰਬਰ ੨੧ ਓ ਨਵੀਂ ਰਚਨਾ ਛਪਾ। ਕਬਿਤ ਬੀਰ ਰਸ ਸ਼ੁਰੂ ਕੀਤੀ ਹੋਈ ਹੈ। ਪੋਥੀ ਦੀ ਹਾਲਤ ਠੀਕ ਠੀਕ ਹੈ ।

ਆਰੰਭ : "ਚਕਤ ਪਵਨ ਗਤ ਪ੍ਰਵਲ ਥਕ ਤਰਵ ਸ੍ਰਵਣ ਸੁਣਤ ਜਸ ॥ ਬਿਕਲ ਹੋਤ ਦਲ ਦੁਵਨ ਭਵਨ ਜਸ ਪੂਰ ਰਹਯੋ ਬੰਸ॥"

ਇਸ ਤੋਂ ਬਾਅਦ ਬੀਰ ਰਸ ਕਬਿਤ-ਅਤੇ ਫਿਰ ॥ਛਪਾ॥ ਸ਼ੁਰੂ ਕੀਤਾ ਗਇਆ ਹੈ। ਸਵਯਾ ਅਤੇ ਕਬਿਤ ਰਚਨਾ ਹੈ। ਸੋਲਾਂ ਸੁਖ ਜੋ ਮਾਸ-੩ ਮੇ ਕਹੇ ਹੈ ॥ ਇਹ ਹੈ ।

੧. ਅਰੋਗ ਦੇਹ॥ ਇਨਸਾਫ ਧਰਮ॥ ਭਜਨ ਮੈ ਪ੍ਰੀਤੀ॥ ਇਸਤ੍ਰੀ ਪਤੀ ਬਰਤਾ, ਔਰ ਤਾਬੇਦਾਰ ਹੋ॥ ਔਲਾਦ ਆਗਿਆਕਾਰੀ ਸਰਬ ਗੁਨ ਸੰਪੰਨ ਹੋ॥ਘਰ ਦੇ ਸੰਬੰਧੀਯੋਂ ਮੇ ਫੂਟ ਨਾ ਹੋਵੇ॥ ਮੰਤ੍ਰੀ ਨੀਤ ਵਾਲੇ ਔਰ ਧਰਮ ਵਾਲੇ ਹੋਂ॥ ਸਭਾ ਬੁਦਵਾਨੋ ਔਰ ਨਿਰਛਲ ਪੁਰਸੋਂ ਕੀ ਹੋਵੇ॥ ਟਹਲੁਯੋ ਕੀ ਅਪਨੇ ਮੇ ਪ੍ਰੀਤੀ ਹੋ ਧਰਮ ਸਹਿਤ॥"

ਪੰਨਾ -੨੩ ਅ ਕਬਿਤ: ਕਹੈ ਮੁਕੰਦ ਲਾਲ ਲਾਜ ਰਤ ਰਜਨ ਕੀ ਸੋ ਜੀਵੈ ਹੂੰ ਕੈ ਸਾਰੈ ਦਾਦੈ ਕਾਹੂੰ ਨਾ ਜਤਾਈਯੈ॥ ਹੋਂ ਕੁਛ ਉਪਾਇ ਹੀ ਵਾ ਪ੍ਰੀਤਮ ਕੋ ਪਾਸ ਲਗ ਪੌਨ ਹ੍ਵੈ ਕੇ ਜਾਈਯੇ ਪਰੇਵਾਹ੍ਵੈ ਕੇ ਆਈਯੈ॥"

ਹੱਥ ਲਿਖਤ ਨੰ : MSG 57 ਚ

ਸਿਰਲੇਖ : ਆਰਤਾ

ਪੱਤਰੇ : 23 ਅ- 24 ਓ

ਆਕਾਰ : 16 X 25 ਸ.ਮ. ਲਿਖਤ 12 X 9 ਸ.ਮ.

ਵੇਰਵਾ : ਓਹੀ। ਸਤਰਾਂ ਪ੍ਰਤੀ ਪੰਨਾ-22

ਆਮ ਵੇਰਵਾ : ਕਾਨੀ ਬਦਲੀ ਹੋਈ ਹੈ ਲਿਖਾਈ ਸੁੰਦਰ, ਪਰ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ। ਪੋਥੀ ਦੀ ਹਾਲਤ ਠੀਕ ਠੀਕ ।

ਆਰੰਭ : "੧ੴਆਰਤਾ॥ਦੋਹਾ॥ ਲੋ ਪਚੰਡ ਕਾਹੋ ਗਈ ਸੁਰਪਤ ਕੋ ਦੈ ਰਾਜ॥ ਦਾਨਵ ਮਾਰੈ ਅਭੇ ਕਰ ਕੀਨੇ ਸੰਤਨ ਕਾਜ॥ਸਵੈਯਾ॥ ਯਾ ਤੇ ਪ੍ਰਸੰਨ ਭਏ ਹੈ ਮਹਾਂ ਮੁਨ ਦੇਵਨ ਕੇ ਤਪ ਮੈ ਸੁਖ ਪਾਵੈ॥"

ਅੰਤ : "ਤਛਨ ਲਛਨ ਦੈ ਕੈ ਪ੍ਰਦਛਨ ਟੀਕਾ ਸੁਚੰਡ ਕੈ ਭਾਲ ਮੈ ਦੀਨ ॥ ਤਾ ਛਬ ਕੋ ਪੁਨ ਜਿਉ ਤਿਉ ਭਾਵਇ ਹੈ ਕਵਨੈ ਮਨ ਮੈ ਲਖ ਲੀਨੋ॥ ਮਾਨਹੁ ਚੰਡਕੇ ਮੰਡ ਮੈ ਸੁਭ ਮੰਗਲ ਆਨ ਪ੍ਰਬੇ ਸਹਿ ਕੀਨੋ॥"

ਹੱਥ ਲਿਖਤ ਨੰ : MSG 58
ਸਿਰਲੇਖ : ਪੰਜ ਗ੍ਰੰਥੀ (ਅਧੂਰੀ)
ਪੱਤਰੇ : 50 ੳ- 541 ਅ
ਆਕਾਰ : 17X 9 ½ ਸ.ਮ. ਲਿਖਤ 12 X 8 ਸ.ਮ.
ਵੇਰਵਾ : ਜਿਲਦ ਉਖੜੀ ਹੋਈ ਹੈ; ਸਿਆਹੀ ਕਾਲੀ; ਹਾਸੀਆ ਦੋਵੇਂ ਪਾਸੇ ਦੋ ਦੋ ਲਾਲ ਲਕੀਰਾਂ ਵਿਚਕਾਰ ਕਾਲੀ ਲਕੀਰ। ਸਤਰਾਂ ਪ੍ਰਤੀ ਪੰਨਾ-8
ਆਮ ਵੇਰਵਾ : ਪੋਥੀ ਅਧੂਰੀ ਹੈ, ਪੰਨਾ ਨੰਬਰ ਪ● ਤੋਂ ਸ਼ੁਰੂ ਹੁੰਦੀ ਹੈ । ਕਾਨੀ ਬਦਲ ਬਦਲ ਕੇ ਲਿਖਾਈ ਕੀਤੀ ਹੋਈ ਹੈ । ਕਈ ਪੰਨਿਆਂ ਉਪਰ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ। ਅਤੇ ਲਿਖਤ ਵੀ ਧੱਬਿਆਂ ਵਾਲੀ ਅਤੇ ਅਸਪਸਟ ਹੈ। ਪੋਥੀ ਖਸਤਾ ਹਾਲਤ ਵਿਚ ਹੈ।
ਆਰੰਭ : "ੜਾੜੈ ਰੂੜ ਹਰਿ ਜੀਉ ਸੋਈ॥ ਤਿਸ ਬਿਨੁ ਰਾਜਾ ਅਵਰੁ ਨ ਕੋਈ॥ ੜਾੜੈ ਰਮਰੂੜੁ ਤੁਮ ਸੁਣਹੁ ਹਰਿ ਵਸੈ ਮਨਮਾਹਿ॥ ਗੁਰ ਪਰਸਾਦੀ ਹਰਿ ਪਾਈਐ ਮਤੁ ਕੋ ਭਰਮਿ ਭੁਲਾਹਿ॥ ਸੋ ਸਾਹੁ ਸਾਚਾ ਜਿਸੁ ਹਰਿ ਧਨੁ ਰਾਸਿ॥ ਗੁਰਮੁਖਿ ਪੂਰਾ ਤਿਸੁ ਜਾਬਾਸਿ॥ ਰੂੜੀ ਬਾਣੀ ਹਰਿ ਪਾਇਆ ਗੁਰ ਸਬਦੀ ਬੀਚਾਰਿ॥ ਆਪ ਗਇਆ ਦੁਖ ਕਾਟਿਆ ਹਰਿ ਵਰੁ ਪਾਇਆ ਨਾਰਿ॥੪੭॥"
ਅੰਤ : ਅੰਤ ਵਿਚ ਕਾਫੀ ਪੱਤਰੇ ਫਟੇ ਹੋਏ ਹਨ, ਕਈ ਬਾਣੀਆ ਨਹੀਂ ਹਨ। ਪੰਨਾ ਨੰਬਰ ਪ੪੧ ੳ - ਉਪਰ ਮੁੰਦਾਵਣੀ ਮਹਲਾ-ਪ॥ "ਥਾਲ ਵਿਚਿ ਤਿਨਿ ਵਸਤੂ ਪਈਓ ਸਤਿ ਸੰਤੋਖ ਵਿਚਾਰੋ"। "ੴ ਸਤਿਗੁਰ ਪ੍ਰਸਾਦਿ॥ ਮੁੰਦਾਵਣੀ ਮਹਲਾ ਪ॥ ਥਾਲ ਵਿਚਿ ਤਿਨਿ ਵਸਤੂ ਪਈਓ ਸਤਿ ਸੰਤੋਖ ਵੀਚਾਰੋ॥ ਅੰਮ੍ਰਿਤ ਨਾਮੁ ਠਾਕੁਰ ਕਾ ਪਾਈਓ ਜਿਸ ਕਾ ਸਭਸੁ ਅਧਾਰੋ॥ ਜੇ ਕੋ ਖਾਵੈ ਜੇ ਕੋ ਭੁੰਚੈ ਤਿਸ ਕਾ ਹੋਇ ਉਧਾਰੋ॥ ਏਹੁ ਵਸਤੁ ਤਜੀ ਨਹ ਜਾਈ ਨਿਤ ਨਿਤ ਰਖ ਉਰਧਾਰੋ॥"=॥=॥=॥=

ਹੱਥ ਲਿਖਤ ਨੰ : MSG 59
ਸਿਰਲੇਖ : ਚਿਦ ਵਿਲਾਸ
ਲੇਖਕ : ਵਲੀ ਰਾਮ
ਪੱਤਰੇ : 51 ੳ - 308 ਅ
ਆਕਾਰ : 12 X 17 ਸ.ਮ. ਲਿਖਤ 8 X 11 ਸ.ਮ.
ਵੇਰਵਾ : ਜਿਲਦ ਉਖੜੀ ਹੋਈ; ਸਿਆਹੀ ਕਾਲੀ ਵਖਰੇਵੇਂ ਲਈ ਲਾਲ; ਹਾਸ਼ੀਆ ਚਾਰੇ ਪਾਸੇ ਦੋ ਦੋ ਕਾਲੀਆਂ ਲਾਲ ਲਕੀਰਾਂ ਵਿਚਕਾਰ ਇਕ ਪੀਲੀ ਲਕੀਰ; ਸਤਰਾਂ ਪ੍ਰਤੀ ਪੰਨਾ-9
ਆਮ ਵੇਰਵਾ : ਲਿਖਾਈ ਸੁੰਦਰ, ਪੋਥੀ ਅਧੂਰੀ, ਪਹਿਲਾਂ ਪ● ਪੱਤਰੇ ਅਤੇ ਅਖੀਰ ੩ / ੪ ਪੱਤਰੇ ਨਹੀਂ ਹਨ। ਪੁਸਤਕ ਵਲੀ ਰਾਮ ਕ੍ਰਿਤ ਚਿਦ ਵਿਲਾਸ ਗ੍ਰੰਥ, ਜੋ ਪੰਜਾਬੀ ਸਾਧੂਆਂ ਦੀ ਵੇਦਾਂਤਕ ਵਿਚਾਰਧਾਰਾ ਦਾ ਨਮੂਨਾ ਹੈ। ਸਮਕਾਲੀ ਪੰਜਾਬੀ (Folk religion) ਦਾ ਉਤਮ ਨਮੂਨਾ ਹੈ। ਭਾਸ਼ਾ ਸਾਧਾਰਨ ਸਧੁਕੜੀ ਅਤੇ ਪੰਜਾਬੀ ਮਿਲੀ ਬ੍ਰਿਜ ਭਾਸ਼ਾ ਕਹੀ ਜਾ ਸਕਦੀ ਹੈ। ਪੁਸਤਕ ਖਸਤਾ ਹਾਲਤ ਵਿਚ ਹੈ।
ਆਰੰਭ : "ਪੰਨਾ-ਪ੧ ਉਅਧਿਕ ਦੇਖੀਐ ਰੂਪ ੯॥ਅਥ ਸਿਸ੍ਰਕਾਂਡੇ ਬ੍ਰਹਮ ਮਾਇਆ ਗੁਣ ਸ੍ਰਿਸ੍ਰਿ ਨਿਰੂਪਯਤੇ॥ ਬ੍ਰਹਮ ਅਗਧਿ ਅਨਾਦਿ ਨਿਰੰਤਰ॥ ਚਿਦਘਨ ਸੁਤਹ ਪ੍ਰਕਾਸ ਸਤੰਤ॥੧॥

ਪਰਮਾਨੰਦ ਸਿੰਧ ਗਹਰੋ ਅੰਤਿ॥ ਮਗਨ ਹੋਤ ਜਹਾ ਬਚਨ ਸਹਤ ਮਤਿ॥ ਮਾਇਆ ਗਿਯਾਨ ਲਾਰਤਾ ਮਾਹੀ॥ ਨਾਹੀ ਮੈ ਹੈ ਹੈ ਮੈ ਨਾਹੀ॥ ਸੋ ਤੋ ਚਿਦ ਸਾਗਰ ਕੀ ਲਹਰੀ॥ ਜੜ ਅਨਾਦਿ ਚੇਤਨਾ ਠਹਰੀ॥''

ਅੰਤ : ''ਪੁਨਨੌ ਪ੍ਰਲੈ ਮਾਹਿ ਗਿਨ ਲੇਹ॥ ਐਸੀ ਗਨਨਾ ਚਿਤ ਮੈ ਦੇਹੁ॥ ੩੪॥ ਦੋਇ ਸਹੰਸ੍ਰ ਦ੍ਵੈਸਤ ਚੌਪਈ॥ ਤਾਪਰ ਔਰ ਛਿਆਹਟ ਠਈ॥ ਪੂਨ ਪੈਤੀ ਸਦੋ ਹਰੇ''

ਅੱਗੇ ਪੱਤਰੇ ਨਹੀਂ ਹਨ ਰਚਨਾ ਅਧੂਰੀ ਹੈ।

ਹੱਥ ਲਿਖਤ ਨੰ : MSG 60

ਸਿਰਲੇਖ : ਸ੍ਰੀ ਭਾਰਥ ਪ੍ਰਬਣੇ ਅਸਮੇਧ ਵਖਿਆਨ

ਲੇਖਕ : ਟਹਿਕਨ, ਕਵਿ

ਲਿਖਾਰੀ : ਬਿਸਨ ਸਿੰਘ

ਸਮਾਂ : ਸੰਮਤ ੧੯੨੩

ਪੱਤਰੇ : 3 ੳ - 409

ਆਕਾਰ : 31X 25 ਸ.ਮ. ਲਿਖਤ 22 X 18 ਸ.ਮ.

ਵੇਰਵਾ : ਜਿਲਦ :- ਗਤਾ ਰੈਕਸੀਅਨ, ਟੁੱਟੀ ਹੋਈ ਉਖੜੀ ਹੋਈ; ਸਿਆਹੀ ਕਾਲੀ ਵਖਰੇਵੇਂ ਲਈ ਲਾਲ; ਹਾਸ਼ੀਆ ਚਾਰੇ ਪਾਸੇ, ਲਾਲ, ਕਾਲੀਆਂ ਸੁਨਹਿਰੀ ਲਕੀਰਾਂ ਨਾਲ; ਸਤਰਾਂ ਪ੍ਰਤੀ ਪੰਨਾ-16

ਆਮ ਵੇਰਵਾ : ਪੋਥੀ ਬਹੁਤ ਹੀ ਮਾੜੀ ਹਾਲਤ ਵਿਚ ਹੈ, ਪੱਤਰੇ ਜੁੜੇ ਹੋਏ ਹਨ, ਪੱਤਰਿਆਂ ਨੂੰ ਖੋਲਣ ਲਗਿਆਂ ਹਾਸ਼ੀਏ ਫਟਦੇ ਜਾ ਰਹੇ ਹਨ, ਸਿਆਹੀ ਫੈਲੀ ਹੋਈ ਹੈ ਧਬਿਆਂ ਵਾਲੀ ਅਤੇ ਅਸਪਸ਼ਟ, ਪੜੀ ਨਹੀਂ ਜਾਂਦੀ। ਪੰਨਾ ਨੰਬਰ ੩ ਤੋਂ ਪੋਥੀ ਸ਼ੁਰੂ ਹੁੰਦੀ ਹੈ। ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ।

ਆਰੰਭ : ''ਪੰਨਾ ਨੰਬਰ ੩, ਕਲ ਸੁਧੁ ਜਾਫਹਿਰਾਤ॥ ਛਜਾ ਚਉਖੜੀਹੁ ਚਰਬਤਹ ਇਕ ਬਾਰ ਬਹੁ ਭਾਂਤ ਚੌਪਈ॥ ਕਰਿਕਲ ਮੰਡਲ ਧ੍ਰਾਮ ਸਦਾ ਰਤਿ॥ ਰਾਜ ਕਰੇ ਜਨਮੇ ਜਾਂ ਛਿਤਪਤਿ ॥ ਸ੍ਰੁਤਿ ਸਿਮਰਤ ਸ਼ਾਸਤ੍ਰ ਖਟਕਾਮ॥''

ਅੰਤ : ''੨੫● ਵੀ ਦੋਹਿਰਾ॥ ਤਨ ਮਨ ਮੁਚਤ ਸੁਖੀ ਭਯੋ ਭਾਖਆ ਬਨੀ ਰਿਸਾਲ॥ ਹੈ ਕ੍ਰਿਤ ਗ੍ਰੰਥ ਸਕਲ ਕੀਯੋ ਟਹਿਕਣ ਪ੍ਰਭ ਨੰਦ ਲਾਲ ।੧॥ ਕਬੋ ਬਾਚ॥ ਛਪੈ ਯਥਾ ਬੁਧ ਅਨੁਸਾਰ ਕੀਉ ਬਰਨਨ ਹੀ ਏਹਿ ਰਖਤ॥

ਅਸਮੇਧ ਗੰਭੀਰ ਗ੍ਰੰਥ ਮੋਹਿਹੁਤੀ ਅਲਪ ਮਤਿ॥ ਕਛ ਕਉਕਤ ਬਲ ਬੁਧ ਕਛਕ ਪ੍ਰਕ੍ਰਿਤ ਹਰਿ ਲੀਨੀ॥ਬੀਨ ਬੀਨ ਅਛਰ ਪ੍ਰਬੀਨ ਪੋਥੀ ਸੁਭ ਕੀਨੀ॥ ਸ੍ਰੀ ਨੰਦ ਲਾਲ ਕੀ ਕ੍ਰਿਪਾ ਤੇ ਹੈ ਕ੍ਰਿਤ ਕੀ ਭਾਖਆ ਕਰੀ॥ ਕਬ ਟਹਿਕਣ ਖਿਮ ਅਉਬੁਧ ਜਨ ਜਹਿ ਬ੍ਰਨ ਚੂਕ ਪਰੀ॥੨੫●੭॥ਦੋਹਿਰਾ ਇਤਿ ਸ੍ਰੀ ਭਾਰਥ ਪ੍ਰਬਣੇ ਅਸਮੇਧ ਵਖਿਆਨ ਧਿਆਇ ਤਿਹਤ੍ਰਮੋ ਪੂਰਨ ਭਯੋ ਕਵ ਟਹਿਕਣ ਜੀ ਆਜਾਨ॥ ਲਿਖਾਰੀ ਵਾਚ॥੭੩॥ਸੋਰਠਾ॥ਪੋਥੀ ਲਿਖੀ ਬਨਾਇ ਪ੍ਰੇਮ ਸਹਿਤ ਚਿਤਲਾਇ ਕੇ॥ ਪੜੇ ਸੁਨੇ ਮਨ ਲਾਇ ਭਵ ਕੇ ਬੰਧਨ ਟੂਟ ਹੀ ੧॥ ਸੋਰਠਾ॥ ਲਿਖਣਹਾਰ ਮਤ ਹੀਨ ਜਤ ਕਤ ਸਦ ਭੁਲੀ॥ ਕ੍ਰਿਸਨ ਸੇਵਕ ਅਧੀਨ ਬਿਸਨ ਸਿੰਘ ਸਰਨਾਗਤੀ॥ ਸੋਰਠਾ ਸੰਮਤ ਵਿਕ੍ਰਮ ਜੀਤ ਉਨੀ ਸੈ ਤੇਈਸਮੋ॥ ਛਨੀਵਾਰ ਸੁਭ ਕੀਨ ਏਕਾਦਸੀ ਥਿਤ ਪੂਰਨ ਲਿਖੀ॥ਦੋਹਰਾ॥ ਭੁਲਾਵਣ ਵਿਚ ਜਗਤ ਹੈ ਅਬੁਲ ਗੁਰੂ ਕਰਤਾਰ॥ ਬਿਸਨ ਸਿੰਘ ਕੀ ਬੇਨਤੀ ਸੁਨੀਏ ਸ੍ਰੀ ਨੰਦ ਲਾਲ - ਪੋਥੀ ਸੰਪੂਰਨ ਹੋਈ॥ ਸੰਮਤ ੧੯੨੩॥ ਮਿਤੀ ਫਾਗ ਸੁਦੀ ਏਕਦਾਸੀ ਕਤਾਬ ਸੇਰ ਵਿਚ ਸਮਾਪਤੰ ਪਹਰ ਦਿਨ ਚੜੇ ॥ ਲਿਖੀ ਬਿਸ਼ਨ ਸਿੰਘ ਗੁਰੂ ਪੋੜ੍ਹੇ ਵਡੀ ਧਰਮਸਾਲ ਵਰਿ ਵਾਸਤੇ ਸਿਖਆਗਕਾਰੀ ਭਾਵਨ ਮੈ ਸੁਧ ਸੋ ਚੌਧ ਰਾਮ ਦੀ ਪ੍ਰੀਤ ਜਾਨ ਕੇ॥ ਹੇ ਨੰਦ ਲਾਲ ਕ੍ਰਿਪਾ ਕਰਣੀ

ਸਿਖੀ ਦਾਨ ਗੁਰਾਂ ਉਪ੍ਰ ਨਿਸਚਾ ਬਖਸਨਾ॥ ਗੁਰ ਨਾਨਕ ਨਿਰੰਕਾਰ ਜੋਤ ਸਰੂਪ ਸਹਾਇ ਹੋਵੈ॥"

= ॥ =॥ = ॥ = ॥

ਹੱਥ ਲਿਖਤ ਨੰ : MSG 61

ਸਿਰਲੇਖ : ਰਾਮ ਅਵਤਾਰ - ਪਾਤਸਾਹੀ ੧●

ਸਮਾਂ : ਸੰਮਤ ਸਤਰਹ ਸੈ ਪਚਾਵਨ ੧੭੯੫

ਪੱਤਰੇ : 114 ਅ - 288 ਓ

ਆਕਾਰ : 12X 8 ਸ.ਮ. ਲਿਖਤ 7 X 6 ਸ.ਮ.

ਵੇਰਵਾ : ਜਿਲਦ ਗੱਤਾ ਰੈਕਸੀਅਨ, ਸਿਆਹੀ ਕਾਲੀ; ਹਾਸ਼ੀਆ ਦੋਵੇਂ ਪਾਸੇ, ਦੋ ਦੋ ਕਾਲੀਆਂ ਲਕੀਰਾਂ ਨਾਲ; ਸਤਰਾਂ ਪ੍ਰਤੀ ਪੰਨਾ-9

ਆਮ ਵੇਰਵਾ : ਪੋਥੀ ਕਿਰਮ ਖੁਰਦਾ, ਖਸਤਾ ਹਾਲਤ ਵਿਚ, ਪੱਤਰੇ ਵੀ ਖਸਤਾ ਹਾਲਤ ਵਿਚ ਹਨ, ਲਿਖਾਈ ਚੰਗੀ, ਪਰ ਕਿਧਰੇ ਕਿਧਰੇ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ। ਪੰਨਾ ਨੰਬਰ ੧●੧੪ ਤੋਂ ਸ਼ੁਰੂ ਕੀਤਾ ਹੈ ਜੋ ਅਸਲ ਵਿਚ ੧੧੪ ਹੈ। ਪੋਥੀ ਇਕ ਪਾਸੇ ਤੋਂ ਭਿੱਜੀ ਹੋਈ ਹੈ। ਹਾਸ਼ੀਏ ਤੋਂ ਬਾਹਰ ਵੀ ਲਿਖਾਈ ਕੀਤੀ ਹੋਈ ਹੈ।

ਆਰੰਭ : "ੴ ਸਤਿਗੁਰ ਪ੍ਰਸਾਦਿ॥ ਅਥ ਬੀਸਵਾ ਰਾਮ ਅਵਤਾਰ ਕਥਨੰ॥॥ਚੌਪਈ॥ ਅਬ ਮੈ ਕਹੋ ਰਾਮ ਅਵਤਾਰਾ। ਜੈਸ ਜਗਤ ਮੋ ਕਰਾ ਪਸਾਰਾ॥ ਬਹੁਤ ਕਾਲ ਬੀਤ ਭਯੋ ਜਬੈ॥ ਅਸੁਰ ਨ ਬੰਸ ਪ੍ਰਗਟ ਭਯੋ ਤਬੈ॥੧॥ ਅਸਰ ਲਗੇ ਬਹੁ ਕਰੈ ਬਿਖਾਧਾ॥ ਕਿਨਹੂ ਨ ਤਿਨੈ ਤਨਕ ਮੈ ਸਾਧਾ॥ ਸਕਲ ਦੇਵ ਇਕਠੇ ਤਬ ਭਏ॥ ਛੀਰ ਸਮੁੰਦ੍ਰੰ ਜਹਥੋਤਿਹ ਗਏ॥੨॥"

ਅੰਤ : "੨੯੭ ਅ॥ ੮੫੯॥ ਸੰਮਤ ਸਤਰਾਂ ਸੈ ਪਚਾਵਨੰ: ਹਾੜਵਦੀ ਪ੍ਰਿਥਮ ਸੁਖ ਦਾਵਨ॥ ਤ੍ਵ ਪ੍ਰਸਜ਼ਾਦਿ ਕਰ ਗ੍ਰੰਥ ਸੁਧਾਰਾ॥ ਭੁਲ ਪਰੀ ਲਹੁ ਲੇਹੁ ਸੁਧਾਰਾ॥ ੮੬●॥ ਦੋਹਰਾ॥ ਨੇੜ੍ਹ ਤੁੰਗ ਕੇ ਚਰਨ ਤਰ ਸਤਦ੍ਰੁਵ ਤੀਰ ਤਰੰਗ॥ ਸ੍ਰ ਭਗਵਤ ਪੂਰਨ ਕੀਯੋ ਰਘਬਰ ਕਥਾ ਪ੍ਰਸੰਗ॥੮੬੧॥ ਸਾਧ ਅਸਾਧ ਜਾਨੋ ਨਹੀ ਬਾਦ ਸਬਾਦ ਬਿਬਾਦ॥ ਗ੍ਰੰਥ ਸਕਲ ਪੂਰਣ ਕੀਯੋ ਭਗਵਤ ਕ੍ਰਿਪਾ ਪ੍ਰਸ਼ਾਦ॥੮੬੨॥ਸ੍ਵੈਯਾ॥ ਪਾਇ ਗਹੇ ਜਬ ਤੇ ਤੁਮਰੇ ਤਬਤੇ ਕੋਊ ਆਖ ਤਰੇ ਨਹੀ ਆਨਿਯੋ॥ ਰਾਮ ਰਹੀਮ ਪੁਰਾਨ ਕੁਰਾਨ ਅਨੇਕ ਕਹੈ ਮਤ ਏਕ ਨ ਮਾਨਿਯੋ॥ ਸਿੰਮਰਤ ਸਾਸਤ੍ਰ ਬੇਦ ਸਬੈ ਬਹੁ ਭੇਦ ਕਹੈ ਹਮ ਏਕ ਨ ਜਾਨਿਯੋ॥ ਸ੍ਰੀ ਅਸਪਾਨ ਕ੍ਰਿਪਾ ਤੁਮਰੀ ਕਰਿ ਮੈ ਨ ਕਹਿਯੋ ਸਬ ਤੋਹੀ ਬਖਾਨਿਯੋ॥ ੮੬੩॥ ਦੋਹਰਾ ਸਗਲ ਦੁਆਰ ਕਉ ਛਾਡਿ ਕੈ ਗਹਿਯੋ ਤੁਹਾਰੋ ਦੁਆਰ॥"

ਅੱਗੇ ਪੰਨਾ ਨਹੀਂ ਹੈ ਦੋਹਰਾ ਅਧੂਰਾ ਹੈ ।

ਹੱਥ ਲਿਖਤ ਨੰ : MSG 62

ਸਿਰਲੇਖ : ਆਦਿ ਬੀੜ

ਸਮਾਂ : ਸੰਮਤ ੧੮੪੨ ਮਿਤੀ ਮਾਘ ਬਦੀ ॥੧॥ ਸੰਮਤ ੧੮੪੨

ਪੱਤਰੇ : 1 ਓ - 854 ਓ

ਆਕਾਰ : 35X 45 ਸ.ਮ. ਲਿਖਤ 25 X 36 ਸ.ਮ.

ਵੇਰਵਾ : ਜਿਲਦ ਗਤਾ ਕਪੜਾ, ਟੁਟੀ ਹੋਈ; ਸਿਆਹੀ ਕਾਲੀ; ਹਾਸ਼ੀਆ ਦੋਵੇਂ ਪਾਸੇ, ਦੋ ਦੋ ਕਾਲੀਆਂ ਲਕੀਰਾਂ; ਸਤਰਾਂ ਪ੍ਰਤੀ ਪੰਨਾ-21

ਆਮ ਵੇਰਵਾ : ਗ੍ਰੰਥ ਦੀ ਜਿਲਦ ਟੁੱਟੀ ਹੋਈ ਹੋਣ ਕਾਰਨ ਪੱਤਰੇ ਵੀ ਵੱਖ ਵੱਖ ਹੋਏ ਹਨ, ਲਿਖਾਈ ਸੁੰਦਰ, ਪਰ ਕਿਧਰੇ ਕਿਧਰੇ ਹਾਸੀਏ ਤੋਂ ਬਾਹਰ ਵੀ ਕੀਤੀ ਹੋਈ ਹੈ। ਗ੍ਰੰਥ ਦੇ ਅਖੀਰ ਵਿਚ ਸਿਆਹੀ ਦੀ ਵਿਧੀ ਵੀ ਦਿਤੀ ਹੋਈ ਹੈ ਅਤੇ ਸੰਮਤ ਬਾਰੇ ਵੀ ਦਿਤਾ ਹੋਇਆ ਹੈ। ਗ੍ਰੰਥ ਦੇ ਸ਼ੁਰੂ ਵਿਚ ਤੱਤਕਰਾ

ਵਿਸਥਾਰ ਸਾਹਿਤ ਦਿਤਾ ਹੋਇਆ ਹੈ। ਲਾਈਨਾ ਬਣਾ ਬਣਾ (ਖੜੇ ਰੁਖ) ਡੀਜਾਈਨ ਬਣਾਇਆ ਹੋਇਆ ਹੈ। ਪੰਨਾ ਨੰਬਰ ੮੫੩ ਤੋਂ ਸਲੋਕ ਮ:੧ ਦੇ ਕੇ ਇੰਝ ਲਿਖਿਆ ਹੋਇਆ ਹੈ।

੧: ਜਿਤੁ ਦਰਿ ਲਖ ਮਹਮਦ ਸਲੋਕ ਮਹਲੇ ਪਹਿਲੇ ਕੇ ਆਬਖਾਕ ,
ਰਤਨ ਮਾਲਾ, ਆਜਨ ਸਾਧਿਨਿ,

ਹਕੀਕਤਿ ਸਿਵਨਾ, ਰਾਗਮਾਲਾ ਅਤੇ ਅਖੀਰ ਤੇ ਸਿਆਹੀ ਕੀ ਬਿਧਿ ਲਿਖੀ ਹੋਈ ਹੈ ਤੱਤਕਰੇ ਦੇ ਅਖੀਰ ਵਿਚ ਚਲਿਤ੍ਰ ਜੋਤੀ ਜੋਤਿ ਸਮਾਵਣੇ ਕਾ ਨੌ ਪਾਤਸਾਹੀਆਂ ਤੱਕ ਦੇ ਦਿਤੇ ਹੋਏ ਹਨ। ਫਿਰ ਦੋ ਤਿੰਨ ਪੱਤਰੇ ਖਾਲੀ ਛੱਡ ਕੇ, ਅਸਲ ਗ੍ਰੰਥ ਸ਼ੁਰੂ ਕੀਤਾ ਹੈ।

ਆਰੰਭ : "ੴ ਸਤਿਨਾਮ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥
॥ਜਪੁ॥
ਆਦਿ ਸਚੁ ਜੁਗਾਦਿ ਸਚੁ ਹੈਭੀ ਸਚ ਨਾਨਕ ਹੋਸੀ ਭੀ ਸਚੁ॥੧॥"

ਅੰਤ : ਅਖੀਰ ਵਿਚ ਰਾਗ ਮਾਲਾ ਦੇਕੇ ਉਸ ਤੋਂ ਬਾਅਦ ਸਿਆਹੀ ਕੀ ਬਿਧਿ ਬਾਰੇ ਲਿਖਿਆ ਹੋਇਆ ਹੈ। "ੴ ਸਤਿਗੁਰ ਪ੍ਰਸਾਦਿ॥ ਸਿਆਹੀ ਕੀ ਬਿਧਿ ॥੧॥ ਸਿਆਹੀ ਕਜਲੁ ਵਜਨੁ ੧ ਬੋਲੁ ੨ ॥ ਗੁੰਦ ਕਿਕਰ ਕਾ॥ ਇਕ ਰਤੀ ਲਾਜਰਵਦ॥ ਇਕ ਰਤੀ ਸੁਇਨਾ॥ ਬਿਜੇਸਾਰ ਕਾ ਪਾਣੀ ॥ ਤਾਂਬੇ ਕਾ ਭਾਂਡਾ॥ ਨਿਮ ਕੀ ਲਕੜੀ॥ ਦੂਰ ਕਾ ਕਜਲ॥ ਦਿਨ ਵੀਹ ਘਸਨੀ ਰਵਾਨ ਰਖਣੀ ਹੈ ਮਿਤੀ ਮਾਘ ਬਦੀ ॥੧੨॥ ਸੰਮਤ ੧੮੪੨॥"
ਇਹੋ ਜਿਹੇ ਗ੍ਰੰਥ ਨਿਰਮਲੇ ਸਾਧ ਸੰਤਾਂ ਦੇ ਹਨ।

ਹੱਥ ਲਿਖਤ ਨੰ : MSG 63
ਸਿਰਲੇਖ : ਦਸਮ ਗ੍ਰੰਥ
ਪੱਤਰੇ : 1 ੳ - 807 ਅ
ਆਕਾਰ : 30 X 39 ਸ.ਮ. ਲਿਖਤ 21 X 28 ਸ.ਮ.
ਵੇਰਵਾ : ਜਿਲਦ ਗਤਾ ਕਪੜਾ; ਸਿਆਹੀ ਕਾਲੀ; ਹਾਸ਼ੀਆ ਦੋਵੇਂ ਪਾਸੇ ਖੜੇ ਰੁਖ, ਦੋ ਦੋ ਕਾਲੀਆਂ ਲਕੀਰਾਂ; ਸਤਰਾਂ ਪ੍ਰਤੀ ਪੰਨਾ-23
ਆਮ ਵੇਰਵਾ : ਗ੍ਰੰਥ ਦੇ ਸ਼ੁਰੂ ਵਿਚ ਵਿਸਥਾਰ ਸਹਿਤ ਤਤਕਰਾ ਦਿਤਾ ਹੋਇਆ ਹੈ, ਲਿਖਾਈ ਸੁੰਦਰ, ਗ੍ਰੰਥ ਦੀ ਹਾਲਤ ਠੀਕ ਠੀਕ, ਹੜਤਾਲ ਫੇਰਕੇ ਸੁਧਾਈ ਕੀਤੀ ਹੋਈ ਹੈ। ਗ੍ਰੰਥ ਕਈ ਜਗਾ, ਤੋਂ ਚੇਪੀਆਂ ਲਗਾਕੇ ਬੁਰੀ ਤਰਾਂ ਜੋੜਿਆ ਹੋਇਆ ਹੈ। ਪੰਨਾ ੩੮● ਤੋਂ ੪੧੯ ਤੱਕ ਪੱਤਰੇ ਫਟੇ ਹੋਏ।
ਆਰੰਭ : "ੴ ਸਤਿਗੁਰ ਪ੍ਰਸਾਦਿ॥॥ਜਾਪੁ॥ ਸ੍ਰੀ ਮੁਖਵਾਕ ਪਾਤਿਸਾਹੀ ਦਸਵੀਂ ॥੧●॥ ਛਪੈ ਛੰਦ ॥ ਤ੍ਵ ਪ੍ਰਸਾਦਿ॥ਚੱਕ੍ਰ ਚਿਹਨ ਅਰ ਬਰਨ ਜਾਤ ਅਰੁ ਪਾਤ ਨਹਿਨ ਜਿਹ॥ ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤ ਕਿ॥ ਅਚਲ ਮੂਰਤਿ ਅਨਭਊ ਪ੍ਰਕਾਸ ਅਮਿਤੋਜਿ ਕਹਿਜੈ॥"
ਅੰਤ : ਅੰਤ ਵਿਚ ਕਾਨੀ ਬਦਲ ਬਦਲ ਕੇ ਜਫਰਨਾਮੇ ਦੀ ਰਚਨਾ ਕੀਤੀ ਹੋਈ ਹੈ।ਅੰਤ:-"ਸ਼ੋਹਰ ਰਾ ਖੁਰਾਨੀਦ ਬਾਕੀ ਬਿਮਾਂਦ॥ ਹਮਹ ਨੌਕਰਾਂ ਰਾ ਜਆਫਤ ਕੁਨਾਦ॥॥੮॥ਚੁ ਖੁਸ਼ ਗਸ਼ਤ ਸ਼ੋਹਰ ਨ ਦੀਦਸ ਚੁ ਨਰ ਬਿ ਕੁਸ਼ਤ ਆਂ ਕਸੇ ਰਾ ਕਿ ਦਾਦਸ਼ ਖਬਰ॥॥੯॥ ਬਿਦਿਹ ਸਾਕੀਆ ਸਾਗਰੇ ਸਬਜ ਗੂੰ॥ ਕਿ ਮਾਰਾ ਬਕਾਰਅਸਤ ਜੰਗ ਅੰਦਰੂੰ॥੨●॥ਲਬਾ ਲਬ ਬਿਕੁਮ ਦਮ ਬਦਮ ਨੋਸ਼ ਕਨ॥ ਗਮੇ ਹਰਦੁ ਆਲਮ ਫਰਾਮੋਸ਼ ਕੁਨ॥੨੧॥"

ਹੱਥ ਲਿਖਤ ਨੰ : MSG 64
ਸਿਰਲੇਖ : ਆਦਿ ਬੀੜ

ਸਮਾਂ : ਸੰਮਤ ੧੮੫੮

ਪੱਤਰੇ : 1 ੳ - 651 ਅ

ਆਕਾਰ : 30 X 36 ਸ.ਮ. ਲਿਖਤ 23 X 28 ਸ.ਮ.

ਵੇਰਵਾ : ਜਿਲਦ ਗਤਾ ਕਪੜਾ; ਸਿਆਹੀ ਕਾਲੀ, ਵਖਰੇਵੇਂ ਲਈ ਲਾਲ; ਹਾਸ਼ੀਆ ਦੋਵੇਂ ਪਾਸੇ ਦੋ ਦੋ ਲਾਲ ਲਕੀਰਾਂ; ਸਤਰਾਂ ਪ੍ਰਤੀ ਪੰਨਾ-25

ਆਮ ਵੇਰਵਾ : ਗ੍ਰੰਥ ਦੇ ਸ਼ੁਰੂ ਵਿਚ ਰਾਗਾਂ ਅਤੇ ਬਾਣੀ ਬਾਰੇ ਬੜੇ ਵਿਸਥਾਰ ਨਾਲ ੩● ਪੰਨਿਆਂ ਦਾ ਤਤਕਰਾ ਦਿਤਾ ਹੋਇਆ ਹੈ। '੩੧ ੳ' ਉਪਰ ਨੌਵੀਂ ਪਾਤਿਸਾਹੀ ਤਕ ਜੋਤੀ ਜੋਤ ਸਮਾਵਣੇ ਬਾਰੇ ਦਿਤਾ ਹੋਇਆ ਹੈ ਅਤੇ ਨਾਲ ਬਾਬਾ ਗੁਰਦਿਤਾ ਜੀ ਦਾ ਜੋਤੀ ਜੋਤ ਸਮਾਵਣੇ ਦਾ ਜ਼ਿਕਰ ਕੀਤਾ ਹੋਇਆ ਹੈ। ਲਿਖਾਈ ਸੁੰਦਰ, ਗ੍ਰੰਥ ਦੇ ਸ਼ੁਰੂ ਵਿਚ ਕੁਝ ਪੱਤਰੇ ਖਸਤਾ ਹਾਲਤ ਵਿਚ ਹਨ, ਬਾਕੀ ਗ੍ਰੰਥ ਦੀ ਹਾਲਤ ਠੀਕ ਠੀਕ ਹੈ। ੩੧ ਪੰਨੇ ਤੋਂ ਬਾਅਦ ਪੰਨਾ ਨੰਬਰ ੩੩ ਤੱਕ ਹਾਸ਼ੀਏ ਵਾਲੇ ਪੰਨੇ ਖਾਲੀ। ਅਖੀਰ ਵਿਚ ਵੀ ਪੰਨਾਂ ਨੰਬਰ ੬੪੮ ਤੋਂ ਗ੍ਰੰਥ ਦੇ ਪੱਤਰਿਆਂ ਦੀ ਹਾਲਤ ਬਹੁਤ ਖਸਤਾ ਲਿਖਾਈ ਵੀ ਕੁਝ ਕੁ ਹਿਸਿਆਂ ਵਿਚ ਸਾਫ ਨਹੀਂ ਹੈ ਪੜੀ ਨਹੀਂ ਜਾਂਦੀ। ਅਖੀਰ ਕੁਝ ਸਾਖੀਆਂ ਵੀ ਦਿਤੀਆਂ ਹੋਈਆਂ ਹਨ।

ਆਰੰਭ : "ੴ ਸਤਿਨਾਮ ਕਰਤਾ ਪੁਰਖ ਨਿਰਭਉ ਨਿਰਵੈਰ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥ਗੁਰ ਪ੍ਰਸਾਦਿ॥
॥ਜਪੁ॥
ਆਦਿ ਸਚੁ ਜੁਗਾਦਿ ਸਚੁ ਹੈਭੀ ਸਚ ਨਾਨਕ ਹੋਸੀ ਭੀ ਸਚੁ॥੧॥

ਅੰਤ : ਅਖੀਰ ਵਿਚ ਰਾਗ ਮਾਲਾ ਹੋਰ ਕਾਨੀ ਨਾਲ ਲਿਖਿਆ ਹੋਇਆ ਹੈ ਅਤੇ ਬਹੁਤਾ ਪਤਰਾ ਫਟਿਆ ਹੋਇਆ ਹੈ , ਲਖਾਈ ਵੀ ਪੜ੍ਹੀ ਨਹੀਂ ਜਾਂਦੀ॥

ਹੱਥ ਲਿਖਤ ਨੰ : MSG 65

ਸਿਰਲੇਖ : ਆਦਿ ਗ੍ਰੰਥ

ਸਮਾਂ : ਸੰਮਤ ੧੮੫੨

ਪੱਤਰੇ : 1 ੳ - 1054ਅ

ਆਕਾਰ : 30 X 37 ਸ.ਮ. ਲਿਖਤ 19 X 29 ਸ.ਮ.

ਵੇਰਵਾ : ਜਿਲਦ ਗਤਾ ਕਪੜਾ; ਸਿਆਹੀ ਕਾਲੀ; ਸਤਰਾਂ ਪ੍ਰਤੀ ਪੰਨਾ-19, ਹਾਸ਼ੀਆ ਦੋਵੇਂ ਪਾਸੇ ਖੜੇ ਰੁਖ ਤਿੰਨ ਤਿੰਨ ਲਕੀਰਾਂ ਨਾਲ।

ਆਮ ਵੇਰਵਾ : ਗ੍ਰੰਥ ਦੀ ਲਿਖਾਈ ਪੁਰਾਤਨ ਗ੍ਰੰਥ/ਪੋਥੀਆਂ ਵਰਗੀ ਹੈ ਕਈ ਅੱਖਰ ਜਿਵੇਂ 'ਅ' 'ਤ' 'ੜ' ਪੁਰਾਤਨ ਲਿਖਾਈ ਵਾਂਗ ਹੈ। ਗ੍ਰੰਥ ਦੇ ਸ਼ੁਰੂ ਵਿਚ ਵਿਸਥਾਰ ਪੂਰਵਕ ਤਤਕਰਾ ਦਿਤਾ ਹੋਇਆ ਹੈ। ਇਸ ਗ੍ਰੰਥ ਵਿਚ ਅਖੀਰ ਵਿਚ ਕਬੀਰ, ਸੇਖ ਫਰੀਦ ਕੇ ਸਵਈਯੈ ਕਲ ਕੇ ਤਥਾ ਹੋਰਨਾ ਕੇ ਸਲੋਕ ਵਾਰਾਂ ਤੇ ਵਧੀਕ ਸਲੋਕ, ਜਿਤੁ ਦਰਿ ਲਖ ਮਹੰਮਦਾ, ਗੋਸਟ ਮਹਲਾ ੧ ਰਾਮਕਲੀ, ਰਤਨਮਾਲਾ, ਹਕੀਕਤ ਰਾਜੇ ਸਿਵਨਾਭ ਕੀ, ਰਾਗਮਾਲਾ, ਸਾਖੀ ਪੰਚ ਕਰਮ ਕੀ॥ ਇਸ ਤੋਂ ਇਲਾਵਾ ਜੋਤੀ ਜੋਤ ਸਮਾਵਣੇ ਕਾ ਸੰਮਤ ਚਿਲਿਤ੍ਰ ਮਿਤੀ ਭਾਦਓ ਸੁਦੀ ਪੰਚਮੀ ਗ੍ਰੰਥ ਲਿਖਿਆ ਨੀਸਾਣ ਗੁਰੂ ਜੀ ਕੇ ਮਹਲਾ ੧● ਦਸਖਤ ਨਿਸਾਣ, ਗੁਰੂ ਜੀ ਦਸਖਤ ਮਹਲਾ ੫॥ ਇਸ ਤੋਂ ਇਲਾਵਾ ਹੋਰ ਵੀ ਬਹੁਤ ਕੁਝ ਜਾਣਕਾਰੀ ਲਈ ਦਿਤਾ ਹੋਇਆ ਹੈ।

ਆਰੰਭ : "ੴ ਸਤਿਨਾਮ ਕਰਤਾ ਪੁਰਖ ਨਿਰਭਉ ਨਿਰਵੈਰ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥
॥ਜਪੁ॥

ਆਦਿ ਸਚੁ ਜੁਗਾਦਿ ਸਚੁ॥ ਹੈਭੀ ਸਚੁ ਨਾਨਕ ਹੋਸੀ ਭੀ ਸਚੁ॥
ਸੋਚੈ ਸੋਚਿ ਨ ਹੋਈਐ ਜੇ ਸੋਚੀ ਲਖ ਵਾਰ॥ ਚੁਪੇ ਚੁਪ ਨ ਹੋਵਈ ਜੇ ਲਾਇ ਰਹਾ ਲਿਵਤਾਰ॥''

ਅੰਤ : ਅਖੀਰ ਵਿਚ ਨੌਵੇਂ ਮਹਲੇ ਦੇ ਸਲੋਕ, ਰਾਗ ਮਾਲਾ ਦੇਣ ਉਪਰੰਤ, ਜੋਤੀ ਜੋਤ ਸਮਾਵਣੇ, ਪਾਤਿਸਾਹੀਆ ਮਹਲਾ ੧-ਮਹਲਾ ਨੌਵਾਂ ॥੯॥ ਅਤੇ ਬਾਬਾ ਗੁਰਦਿਤਾ ਜੀ ਬਾਰੇ ਦਿਤਾ ਹੋਇਆ ਹੈ।
ਇਸ ਤੋਂ ਬਾਅਦ ਸਿਆਹੀ ਕੀ ਬਿਧਿ ਦਿਤੀ ਹੋਈ ਹੈ ਜੋ ਪੰਨਾ ੧●ਪੜ ਅ ਤੇ ਹੈ।
ਅੱਗੇ ਇਕ ਸਾਖੀ ਪੰਚ ਕਰਮ ਕੀ॥ ''ਗੁਰੂ ਬੋਲਿਆ ਪੰਜ ਕੰਮ ਨ ਕਰੈ ॥ ਪੰਜ ਕੰਮ ਕਰੈ ਸੁ ਜੀਵਨ ਮੁਕਤਿ॥ ਪੰਜ ਕੰਮ ਨ ਕਰੈ ਜੇ ਗੁਰੂ ਰਖੈ ਪੰਜ ਕੰਮ॥

1. ਪਰਾਈ ਇਸਤ੍ਰੀ ਨ ਰਵੈ ॥
2. ਪਰਾਈ ਨਿੰਦਾ ਨ ਕਰੈ ॥
3. ਜੂਐ ਨ ਖੇਲੇ ॥
4. ਮਦ ਮਾਸ ਨ ਖਾਇ ਅਤੇ
5. ਆਗਿਆ ਭੰਨ ਨਾ ਕਰੈ ॥

ਪੰਜ ਕੰਮ ਕਰੇ ਜੇ ਗੁਰੂ ਕਰਾਵੈ ॥
ਸੰਗਤਿ ਨਿਤ ਜਾਇ ਕੈ ਕਿਛੁ ਮੁਹਿ ਪਾਵਣੈ ਨੋ ਲੋਚੈ॥
ਐਤਵਾਰ ਭੀ ਕੀਰਤਨ ਸੁਣਿ ਸਵੈ॥
੧. ਅਰਥੀ ਦੁਖੀ ਨਿਮਾਣੇ ਨੋ ਮਾਣ ਦੇ ਇਆ
ਸੰਮਤ ੧੮੫੨ ਵਾਰ ਮੰਗਲ ਲਛਮੀ॥''=॥=॥=॥=॥=॥=॥=

ਹੱਥ ਲਿਖਤ ਨੰ : MSG 66
ਸਿਰਲੇਖ : ਆਦਿ ਗ੍ਰੰਥ
ਪੱਤਰੇ : 1 ੳ - 719
ਆਕਾਰ : 23 X 29 ਸ.ਮ. ਲਿਖਤ 16 X 24 ਸ.ਮ.
ਵੇਰਵਾ : ਜਿਲਦ ਗਤਾ ਕਪੜਾ; ਸਿਆਹੀ ਕਾਲੀ ਵਖਰੇਵੇਂ ਲਈ ਲਾਲ; ਹਾਸ਼ੀਆ ਦੋਵੇਂ ਪਾਸੇ ਦੋ ਦੋ ਲਾਲ ਲਕੀਰਾਂ; ਸਤਰਾਂ ਪ੍ਰਤੀ ਪੰਨਾ-25
ਆਮ ਵੇਰਵਾ : ਗ੍ਰੰਥ ਭਿੱਜਿਆ ਹੋਇਆ ਹੈ। ਲਿਖਾਈ ਸੁੰਦਰ, ਪੋਥੀ ਦੀ ਹਾਲਤ ਠੀਕ ਠੀਕ॥ ਹਾਸ਼ੀਏ ਤੋਂ ਬਾਹਰ ਵੀ ਲਿਖਾਈ ਕੀਤੀ ਹੋਈ ਹੈ। ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ। ਸ਼ੁਰੂ ਵਿਚ ਤੱਤਕਰਾ ਬੜਾ ਵਿਸਥਾਰ ਸਹਿਤ ਦਿਤਾ ਹੋਇਆ ਹੈ। ਵਿਚ ਵਿਚ ਲਿਖਾਈ ਅਸਪਸ਼ਟ ਹੈ। ਪੜ੍ਹਨ ਵਿਚ ਮੁਸ਼ਕਲ।
ਅਖੀਰ ਵਿਚ ਸਲੋਕ ਮ: ੧ ਮਲਾਰ ਨਾਲ ਗੋਸਟ ਹੋਈ, ਤਥਾ ਸਲੋਕ ਹੋਰ ਮ:੧ ੧ੴ ਸਤਿਗੁਰ ਪ੍ਰਸਾਦਿ, ਰਤਨਮਾਲਾ, ਹਕੀਕਤ ਰਾਜੇ ਸਿਵਨਾਭ ਕੀ, ਰਾਗਮਾਲਾ, ਸਿਆਹੀ ਬਨਾਵਨੇ ਕੀ ਬਿਧਿ-ਚਲਿਤ੍ਰ ਜੋਤੀ ਜੋਤਿ ਸਮਾਵਣੇ ਕਾ
ਆਰੰਭ : ''੧ੴ ਸਤਿਨਾਮ ਕਰਤਾ ਪੁਰਖ ਨਿਰਭਉ ਨਿਰਵੈਰ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥
॥ਜਪੁ॥ਆਦਿ ਸਚੁ ਜੁਗਾਦਿ ਸਚੁ॥ ਹੈਭੀ ਸਚੁ ਨਾਨਕ ਹੋਸੀ ਭੀ ਸਚੁ॥੧॥ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ॥ ਚੁਪੇ ਚੁਪ ਨ ਹੋਵਈ ਜੇ ਲਾਇ ਰਹਾ ਲਿਵਤਾਰ॥''
ਅੰਤ : ''ਪੰਨਾ ੭੧੯ ੳ ਰਾਗਮਾਲਾ, ੧ੴ ਸਤਿਗੁਰ ਪ੍ਰਸਾਦਿ॥ ਰਾਗ ਏਕ ਸੰਗਿ ਪੰਚ ਬਰੰਗਨ॥ ਸੰਗ ਅਲਾਪਹਿ ਆਠਉ ਨੰਦਨ॥

ਪੰਨਾ-੭੧੯ ਅ:-ਖਸਟ ਰਾਗ ਉਨਿ ਗਾਏ ਸੰਗਿ ਰਾਗਨੀ ਤੀਸ॥ ਸਭੈ ਪੁਤ੍ਰ ਰਾਗੰਨ ਕੇ ਅਠਾਰਹ ਦਸ ਬੀਸ॥"

ਹੱਥ ਲਿਖਤ ਨੰ : MSG 67
ਸਿਰਲੇਖ : ਆਦਿ ਗ੍ਰੰਥ
ਸਮਾਂ : ਸੰਮਤ ੧੭੯੧
ਪੱਤਰੇ : 1 ੳ - 1077
ਆਕਾਰ : 27 X 37 ਸ.ਮ. ਲਿਖਤ 18 X 29 ਸ.ਮ.
ਵੇਰਵਾ : ਜਿਲਦ:- ਚਮੜਾ ਉਖੜੀ ਹੋਈ; ਸਿਆਹੀ ਕਾਲੀ ਹਾਸ਼ੀਆ ਦੋਵੇਂ ਪਾਸੇ ਖੜੇ ਰੁਖ ਦੋ ਦੋ ਕਾਲੀਆਂ ਲਕੀਰਾਂ, ਦੋ ਦੋ ਲਾਲ ਲਕੀਰਾਂ; ਸਤਰਾਂ ਪ੍ਰਤੀ ਪੰਨਾ-20
ਆਮ ਵੇਰਵਾ : ਗ੍ਰੰਥ ਦੇ ਸ਼ੁਰੂ ਵਿਚ ਕੁਝ ਪੱਤਰੇ ਹਾਸ਼ੀਏ ਵਾਲੇ ਖਾਲੀ, ਫਿਰ ਗ੍ਰੰਥ ਬਾਰੇ ਵਿਸਥਾਰ ਪੂਰਵਕ ਰਾਗਾਂ ਅਤੇ ਬਾਣੀ ਦਾ ਤਤਕਰਾ ਦਿਤਾ ਹੋਇਆ ਹੈ।
ਅਖੀਰ ਵਿਚ ਹੋਰ ਬਾਣੀਆਂ। ਪੰਨਾ ਨੰ:੧●੧੩ ਉਪਰ ਇੰਵ ਲਿਖਿਆ ਹੋਇਆ ਹੈ ਮਹਲਾ'੩ ਪਤਿ ੧●੧੩
੧. ਗੁਰ ਪ੍ਰਸਾਦੀ ਵੇਖਤੁ॥
੨. ਭੈ ਭਾਇ ਜਾਗੇ ਸੇ ਜਨ ਜਾਗਣ ਕਰਹਿ
੧. ਮਹਲਾ ੧ਪ ਪਤਿ ੧●੧੪:- ੧ ਮਾਤ ਪਿਤਾ ਭਾਈ ਸੂਤ ਬਨਤਾ
੨. ਮਨਮਹਿ ਕ੍ਰੋਧ ਮਹਾ ਅਹੰਕਾਰਾ
੨. ਸਿਮਰਤ ਨਾਮੁ ਕਿ ਲਵਿਯ
੧ ਬਾਣੀ ਭਗਤਾ ਕੀ ॥ ਪਤਿ ੧●੧ਪ
ਦਸਾ ਪਾਤਿਸਾਹੀਆਂ ਤੋਂ ਇਲਾਵਾ ਸ੍ਰੀ ਬਾਬਾ ਜੀ ਸਮਾਏ ਕੀਰਤਿਪੁਰ ਦਿਤੇ ਹੋਏ ਹਨ।ਲਿਖਾਈ ਸੁੰਦਰ, ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ। ੨੯ ਪੰਨੇ ਤੱਕ ਤਤਕਰਾ ਦਿਤਾ ਹੋਇਆ ਹੈ ਉਸ ਤੋਂ ਬਾਅਦ ੩●,੩੧,੩੨ ਪਤਰਾ ਹਾਸ਼ੀਏ ਵਾਲਾ ਖਾਲੀ ਹੈ।
ਆਰੰਭ : "ਪੰਨਾ ਨੰਬਰ ੩੩ ਤੋਂ ਜਪੁਜੀ ਸਾਹਿਬ ਆਰੰਭ ਕੀਤਾ ਗਿਆ ਹੈ।
੧ੳ ਸਤਿਨਾਮ ਕਰਤਾ ਪੁਰਖ ਨਿਰਭਉ ਨਿਰਵੈਰ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥॥ਜਪੁ॥ਆਦਿ ਸਚੁ ਜੁਗਾਦਿ ਸਚੁ॥ ਹੈਭੀ ਸਚੁ ਨਾਨਕ ਹੋਸੀ ਭੀ ਸਚੁ॥੧॥"
ਅੰਤ : "ਪੰਨਾ ਨੰਬਰ ੧●੭੩ ੧ੳ ਸਤਿਗੁਰ ਪ੍ਰਸਾਦਿ॥ ਰਾਗ ਰਾਮਕਲੀ ਰਤਨਮਾਲਾ॥ ਮਹਲਾ ੧॥ ॥ਆਸਨੁ ਸਾਧਿ ਨਿਰਾਲਮ ਰਹੈ ॥ ਪੰਚ ਤਤ ਕਾਨਿ ਗ੍ਰਹਿ ਗਹੈ॥ ਥੋੜੀ ਨਿਦ੍ਰਾ ਅਲਪ ਅਹਾਰੀ॥ ਸਾਧਿ ਕ ਪਿੰਡ ਸਦਾ ਬੀਚਾਰੀ॥
ਪੰਨਾ ੧●੭੬ ॥ ਹਕੀਕਤ ਰਾਹ ਮੁਕਾਮ ਰਾਜੇ ਸਿਵ ਨਾਭ ਕੀ ॥ ੧ੳ ਸਤਿਗੁਰ ਪ੍ਰਸਾਦਿ॥
ਪੰਨਾ ੧●੭੬ ਅ॥ ੧ੳ ਸਤਿਗੁਰ ਪ੍ਰਸਾਦਿ॥ ਰਾਗ ਮਾਲਾ॥ ਰਾਗ ਏਕ ਸੰਗਿ ਪੰਚ ਬਰੰਗਨ॥ ਸੰਗਿ ਅਲਾਪਹਿ ਆਠਉ ਨੰਦਨ॥ ਪ੍ਰਥੰ ਰਾਗ ਭੇਰਉਵੈ ਕਰਹੀ॥ ਪੰਚ ਰਾਗਨੀ ਸੰਗਿ ਉਚਰਹੀ॥ ਅਤੇ ਅਖੀਰ ਉਪਰ ਪੰਨਾ ੧●੭੭ ਅ ਉਪਰ ਸਿਆਹੀ ਕੀ ਬਿਧਿ-੧ੳ ਸਤਿਗੁਰ ਪ੍ਰਸਾਦਿ॥
੧ ਸਿਰਸਾਹੀ ਕ ਜਲੁ ਵਜਮੁ॥
੧ ਬੋਲ
੨ ਗੁੰਦ ਕਿਕਰ ਕਾ

੨ ਇਕ ਰਤੀ ਲਾਜਵਰਦਸਾ॥ ਇਕ ਰਤੀ ਸੁਇਨਾ ਬਿਜੇ ਸਾਰ ਕਾ ਪਾਣੀ॥ ਤਾਬੇ ਕਾ ਭਾਂਡਾ ਨਿਮ ਕੀ ਲਕੜੀ ਦੂਰਿਕਾ ਕਾ ਦਿਨ ਵੀਹ ਘਸਣੀਵਾਲ ਰਖਣੀ ॥'' ਇਸ ਤੋਂ ਅੱਗੇ ਹਾਸ਼ੀਏ ਵਾਲੇ ਪੱਤਰੇ ਕੁਝ ਪੱਤਰੇ ਖਾਲੀ॥

ਹੱਥ ਲਿਖਤ ਨੰ : MSG 68
ਸਿਰਲੇਖ : ਦਸਮ ਗ੍ਰੰਥ
ਪੱਤਰੇ : 1 ੳ - 807
ਆਕਾਰ : 36X 33 ਸ.ਮ. ਲਿਖਤ 25 X 23 ਸ.ਮ.
ਵੇਰਵਾ : ਜਿਲਦ ਗੱਤਾ ਕਪੜਾ, ਉਖੜੀ ਹੋਈ; ਸਿਆਹੀ ਕਾਲੀ ਹਾਸ਼ੀਆ ਦੋਵੇਂ ਪਾਸੇ ਦੋ ਦੋ ਲਾਲ ਲਕੀਰਾਂ,ਵਿਚਕਾਰ ਇਕ ਕਾਲੀ ਲਕੀਰ; ਸਤਰਾਂ ਪ੍ਰਤੀ ਪੰਨਾ-19
ਆਮ ਵੇਰਵਾ : ਗ੍ਰੰਥ ਦੇ ਪੱਤਰੇ, ਕ੍ਰਿਮ ਖੁਰਦਾ,ਭੁਰੇ ਹੋਏ ਹਨ, ਅਤੇ ਖਸਤਾ ਹਾਲਤ ਵਿਚ ਹਨ। ਲਿਖਾਈ ਹਾਸ਼ੀਏ ਤੋਂ ਬਾਹਰ ਅਤੇ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ। ਪਹਿਲੇ ਕੁਝ ਪੰਨਿਆਂ ਦੀ ਲਿਖਤ ਵੀ ਕਿਰਮ ਖਾਧੀ ਹੋਈ ਹੈ। ਕਈ ਪੰਨਿਆਂ ਉਪਰ ਸਿਆਹੀ ਫੈਲੀ ਹੋਈ। ਸ਼ੁਰੂ ਵਿਚ ਬਾਣੀ ਤੱਤਕਰਾ ਦਿਤਾ ਹੋਇਆ ਹੈ।
ਆਰੰਭ : ''ੴ ਸਤਿਗੁਰ ਪ੍ਰਸਾਦਿ॥ ਜਾਪੁ॥ ਸ੍ਰੀ ਮੁਖ ਵਾਕ ਪਾਤਿਸਾਹੀ ੧●॥ ਛਪੈ ਛੰਦ॥ ਤ੍ਵਪ੍ਰਸਾਦਿ॥ ਚੱਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ॥ ਰੂਪ ਰੰਗ ਅਰੁ ਰੇਖ ਭੇਖ ਕੋਉ ਕਹਿ ਨ ਸਕਤ ਕਿਹ॥ ਅਚਲ ਮੂਰਤਿ ਅਨਭਉ ਪ੍ਰਕਾਸ॥ ਅਮਿਤੋਜਿ ਕਹਿਜੈ॥ ਕੋਟਿ ਇੰਦ੍ਰ ਇੰਦ੍ਰਾਣ ਸਾਹ ਸਾਹਾਣਿ ਗਣਿਜੈ॥ ਤ੍ਰਿਭਵਣ ਮਹੀਪ ਸੁਰ ਨਰ ਅਸੁਰ ਨੇਤ ਨੇਤ ਬਨ ਤ੍ਰਿਣ ਕਹਤ॥ ਤਵ ਸਰਬ ਨਾਵ ਕਥੈ ਕਵਨ ਕਰਮ ਨਾਮ ਬਰਕਤ ਸੁਮਤ॥''
ਅੰਤ : ''ੴ ਵਾਹਗੁਰੂ ਜੀ ਕੀ ਫਤਹ॥ ਰਜਾ ਬਖ਼ਸ਼ ਬਖ਼ਸ਼ਿੰਦਏ ਬੇਸ਼ੁਮਾਰ॥ ਰਿਹਾਈ ਦਿਹੋ ਪਾਕ ਪਾਰਵਰਦਿਗਾਰਾ॥ ਰਹੀਮੋ ਕਰੀਮੋ ਮਕੀਨੋ ਮਕਾਂ॥ ਅਜ਼ੀਮੋ ਫਹੀਮੋ ਜਮੀਨੋ ਜ਼ਮਾ॥ ਸ਼ੁਨੀਦਮ ਸੁਖਨ ਕੋਹ ਕੈਬਰ ਅਜ਼ੀਮ॥ ਕਿ ਅਫ਼ਗਾ ਥਕੇ ਬੂਦ ਓ ਜਾ ਰਹੀ ॥
ਯਕੈ ਬਾਨੂਏ ਬੂਦ ਓ ਹਮ ਚੁ ਮਾਹ॥ ਕੁਨਦ ਦੀਦਨ ਸਰਿਸ਼ੁਤ ਗਰਦਨ ਜਿ ਸ਼ਾਹ॥੪''
ਇਸੇ ਤਰ੍ਹਾਂ ਹੋਰ ਵੀ ਹਿਕਾਯਤ॥
ਯਤ ੧੨ ॥ ਬਾਰੇ ਵਿਸਥਾਰ ਨਾਲ ਪੰਨਾ ੮●੭ ਉਪਰ ਲਿਖਿਆ ਹੋਇਆ ਹੈ। ਅਤੇ ਅਖੀਰ ਵਿਚ ਕਾਨੀ ਬਦਲ ਕੇ ਕੁਝ ਲਿਖਿਆ ਹੋਇਆ ਹੈ॥''

ਹੱਥ ਲਿਖਤ ਨੰ : MSG 69
ਸਿਰਲੇਖ : ਪੋਥੀ, ਚੋਣਵੀ ਬਾਣੀ, ਸ੍ਰੀ ਗੁਰੁ ਗ੍ਰੰਥ ਸਾਹਿਬ
ਪੱਤਰੇ : 1 ੳ - 487 ਅ
ਆਕਾਰ : 24 X 15 ਸ.ਮ. ਲਿਖਤ 17 X 11 ਸ.ਮ.
ਵੇਰਵਾ : ਜਿਲਦ ਗੱਤਾ ਰੈਕਸ਼ੀਅਨ; ਸਿਆਹੀ ਕਾਲੀ ਵਖਰੇਵੇਂ ਲਈ ਲਾਲ; ਹਾਸ਼ੀਆ ਦੋਵੇਂ ਪਾਸੇ ਦੋ ਦੋ ਲਾਲ ਲਕੀਰਾਂ ਵਿਚਕਾਰ ਇਕ ਕਾਲੀ ਲਕੀਰ; ਸਤਰਾਂ ਪ੍ਰਤੀ ਪੰਨਾ-9
ਆਮ ਵੇਰਵਾ : ਕੰਨੇ ਦੀ ਥਾਂ ਤੇ ਬਿੰਦੀ ਦਾ ਪ੍ਰਯੋਗ ਕੀਤਾ ਹੋਇਆ ਹੈ। ਲਿਖਾਈ ਸੁੰਦਰ ਪੋਥੀ ਦੀ ਹਾਲਤ ਠੀਕ ਠੀਕ ਹੈ। ਪੋਥੀ ਦੇ ਸ਼ੁਰੂ ਵਿਚ ਚੋਣਵੀਂ ਬਾਣੀ ਬਾਰੇ ਵਿਸਥਾਰ ਪੂਰਵਕ ਤਤਕਰਾ ਦਿਤਾ ਹੋਇਆ ਹੈ। ਜਿਸ ਵਿਚ ਰਾਗਾਂ ਬਾਰੇ ਵੀ ਵਰਣਨ ਹੈ। ਚੋਣਵੀਂ ਬਾਣੀ ਵਿਚ ਕੁਝ ਇਸ ਤਰਾਂ ਹਨ। ਜਪੁਜੀ, ਸੋਦਰ, ਸੋਹਿਲਾ, ਓਅੰਕਾਰ, ਸਿਧ ਗੋਸਟਿ, ਅਨੰਦ, ਬਾਵਨ ਅਖਰੀ, ਸੁਖਮਨੀ, ਥਿਤੀ, ਮੁੰਦਾਵਨੀ, ਸੀਰੀਰਾਗ, ਮਾਝ, ਗਉੜੀ, ਰਾਗ, ਆਸਾ, ਮਜਰੀ, ਦੇਵਗੰਧਾਰੀ ਆਦਿ।

ਆਰੰਭ : "ੴ ਸਤਿਨਾਮ ਕਰਤਾ ਪੁਰਖ ਨਿਰਭਉ ਨਿਰਵੈਰ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥॥ਜਪੁ॥ਆਦਿ ਸਚੁ ਜੁਗਾਦਿ ਸਚੁ॥ ਹੈਭੀ ਸਚੁ ਨਾਨਕ ਹੋਸੀ ਭੀ ਸਚੁ॥੧॥"

ਅੰਤ : ਪੰਨਾਂ ਨੰਬਰ ੪੯੬ ॥ "ਜੈਤਸਰੀ ਕੀ ਵਾਰ ਮਹਲਾ ਪ॥ੴ ਸਤਿਗੁਰ ਪ੍ਰਸਾਦਿ॥ਆਦਿ ਪੂਰਨ ਮਧਿ ਪੂਰਨ ਅੰਤਿ ਪੂਰਨ ਪਰਮੇਸਰਹ॥ ਸਿਮਰੰਤਿ ਸੰਤ ਸਰਬਤ੍ਰ ਰਮਣੰ ਨਾਨਕ ਅਘਨਾਸਨ ਜਗਦੀਸ੍ਵਰਹ॥੧"

ਪੰਨਾ ਨੰਬਰ ੪੯੭ ਅ:- ਪਉੜੀ ॥ ਜਿਸ ਬਿਸਰਤ ਤਨ ਭਸਮ ਹੋਇ ਕਹਤੇ ਸਕਿ ਪ੍ਰੇਤ ਖਿਨ ਗ੍ਰਿਹ ਮਹਿ ਬਸਨ ਨ ਦਵੇ ਹੀ ਜਿਨ ਲਿਉ ਸੋਈ ਹੇਤ॥ ਕਰਿ ਅਨਰਥ ਦਰਬੁ ਸੰਚਿਆ ਸੋ ਕਾਰਿਜਿ ਕੇਤੁ॥ਜੈਸਾ ਬੀਜੈ ਸੋ ਲੁਣੇ ਕਰਮ ਇਹੁ ਖੇਤੁ॥ ਅਕਿਰਤਘਣ ਹਰਿ ਵਿਸਰਿਆ ਜੋਨੀ ਭਰਮੇਤ॥੪ ਸਲੋਕ॥ ਕੋਟਿ ਦਾਨ ਇਸਨਾਨੰ ਅਨਿਕ ਸੋਧਨ ਪਵ੍ਰਿਤਤਹ॥ ਉਚਰਿਤਿ ਤਿਨ ਨਾਨਕ ਹਰਿ ਹਰਿ ਰਸਨਾ ਸਰਬ ਪਾਪ ਬਿਮੁਚਤੇ॥੧॥ ਈਧਨ ਕੌ ਤੋ ਮੂਘਣਾ ਭੋਰੀ ਦਿਤੀ ਸੁਭਾਇ॥ ਮਨਵ"

ਅੱਗੇ ਪੱਤਰੇ ਨਹੀਂ ਹਨ॥=॥=॥=॥=॥=॥

ਹੱਥ ਲਿਖਤ ਨੰ : MSG 70

ਸਿਰਲੇਖ : ਆਦਿ ਗ੍ਰੰਥ

ਸਮਾਂ : ਸੰਮਤ ੧੮੭੨ ਮਿਤੀ ਕਤਿਕ ਸੁਦੀ ੭ ਵਾਰ ਬੁਧ

ਪੱਤਰੇ : 1 ੳ - 946 ਪੱਤਰੇ-ਤਤਕਰੇ ਦਾ ਵਖ ਪੰਨਾ ਨੰਬਰ, ਤਕਰੀਬਨ ੩੮ ਪੰਨੇ

ਆਕਾਰ : 29 X 35 ਸ.ਮ. ਲਿਖਤ 21X 28 ਸ.ਮ.

ਵੇਰਵਾ : ਜਿਲਦ ਗਤਾ ਕਪੜਾ; ਸਿਆਹੀ ਕਾਲੀ ਵਖਰੇਵੇਂ ਲਈ ਲਾਲ; ਹਾਸ਼ੀਆ ਦੋਵੇਂ ਪਾਸੇ ਦੋ ਦੋ ਕਾਲੀਆਂ ਲਕੀਰਾਂ ਵਿਚਕਾਰ ਇਕ ਲਾਲ ਲਕੀਰ; ਸਤਰਾਂ ਪ੍ਰਤੀ ਪੰਨਾ-22

ਆਮ ਵੇਰਵਾ : ਗ੍ਰੰਥ ਦਾ ਪਹਿਲਾ ਪੱਤਰਾ ਬੁਰੀ ਤਰਾਂ ਫਟਿਆ ਹੋਇਆ ਹੈ। ਪਹਿਲੇ ਪੱਤਰੇ ਦੀ ਲਿਖਾਈ ਵੀ ਪੂਰੀ ਸਪਸ਼ਟ ਨਹੀ ਹੈ। ਤਤਕਰਾ ਅਤੇ ਪਾਤਿਸ਼ਾਹੀਆ ਬਾਰੇ ਜੋਤੀ ਜੋਤ ਸੁਮਾਵਣੇ ਕਾ ਚਲਿਤ੍ਰ ਅਖੀਰ ਵਿਚ ਦਿਤਾ ਗਿਆ ਹੈ। ਜਿਥੇ ਰਾਗ ਮਾਲਾ ਖਤਮ ਹੁੰਦੀ ਹੈ। ਉਸ ਤੋਂ ਬਾਅਦ ਗ੍ਰੰਥ ਦੇ ਲਿਖਣ ਦੀ ਮਿਤੀ ਦਿਤੀ ਹੋਈ ਹੈ । ਅਤੇ ਨਾਲ ਹੀ ਪੰਜ ਨਸੀਹਤਾਂ, ਕਿਹੜੇ ਪੰਜ ਕੰਮ ਨਹੀ ਕਰਨੇ ਅਤੇ ਕਿਹੜੇ ਕਰਨੇ ਹਨ ਦਿਤੇ ਹੋਏ ਹਨ। ਬਾਕੀ ਗ੍ਰੰਥ ਦੀ ਹਾਲਤ ਠੀਕ ਠੀਕ ਹੈ। ਲਿਖਾਈ ਠੀਕ ਅਤੇ ਕਈ ਪਤਰਿਆਂ ਉਪਰ ਹੜਤਾਲ ਫੇਰਕੇ ਸੁਧਾਈ ਕੀਤੀ ਹੋਈ ਹੈ।

ਆਰੰਭ : "ੴ ਸਤਿਨਾਮ ਕਰਤਾ ਪੁਰਖ ਨਿਰਭਉ ਨਿਰਵੈਰ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥

॥ਜਪੁ॥ਆਦਿ ਸਚੁ ਜੁਗਾਦਿ ਸਚੁ॥ ਹੈਭੀ ਸਚੁ ਨਾਨਕ ਹੋਸੀ ਭੀ ਸਚੁ॥੧॥ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖਵਾਰ॥ ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵਤਾਰ॥ ਭੁਖਿਆ ਭੁਖ ਨ ਉਤਰੀ ਜੇ ਬੱਨਾ ਪੁਰੀਆ ਭਾਰ॥ ਸਹਸ ਸਿਆਣਪਾ ਲੱਖ ਹੋਇ ਤਾ ਇਕੁ ਨ ਚਲੈ ਨਾਲਿ॥ ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੇ ਪਾਲ॥ ਹੁਕਮ ਰਜਾਈ ਚਲਣਾ ਨਾਨਕ ਲਿਖਿਆ ਨਾਲ॥੧॥"

ਜਿਥੇ ਜਿਥੇ ਬਾਣੀ ਬਦਲਦੀ ਹੈ, ਗ੍ਰੰਥ ਵਿਚ ਨਮੂਨੇ ਬਣਾ ਬਣਾ ਕੇ, ਡੀਜ਼ਾਈਨ ਬਣਾਏ ਹੋਏ ਹਨ।

ਅੰਤ : ਅਖੀਰ ਵਿਚ ਰਤਨਮਾਲਾ, ਹਕੀਕਤਿ ਰਾਹ ਮੁਕਾਮ ਸਿਵਨਾਭ ਰਾਜੇ ਕੀ, ਲਗਾ ਮਾਤਰਾਂ ਡੀਜਾਈਨ ਬਣਾ ਕੇ ਅਤੇ ਅਖੀਰ ਵਿਚ ਰਾਗਮਾਲਾ ਦਿਤੀ ਹੋਈ ਹੈ। ਜਿਹੜੀ ਕੇ ਲਾਲ ਅਤੇ ਕਾਲੀ ਸਿਆਹੀ ਨਾਲ ਵਖਰੇਵਾਂ ਕਰਕੇ ਲਿਖੀ ਗਈ ਹੈ।

"ਸੋਰਠਿ ਗੌਂਡ ਮਲਾਰੀ ਧੁਨੀ ॥ ਪੁਨਿ ਗਾਵਹਿ ਆਸਾ ਗੁਨ ਗੁਨੀ॥ ਊਚੈ ਸੁਰ ਸੂਹ ਬਪੁਨਿ ਕੀਨੀ॥ ਮੇਘ ਰਾਗ ਸਿਉ ਪਾਂਚਉ ਚੀਨੀ॥੧॥ ਬੈਰਾਧਰ ਗਜ ਧਰ ਕੇਦਾਰਾ॥ ਜਬਲੀਧਰ ਨਟ ਔ

ਜਲਧਾਰਾ॥ ਪੁਨਿ ਗਾਵਹਿ ਸੰਕਰ ਔ ਸਯਾਮਾ॥ ਮੇਘ ਰਾਗ ਪੁਤ੍ਰਨ ਕੇ ਨਾਮਾ॥੧੨੨॥ ਖਸਟ ਰਾਗ ਉਨਿ ਗਾਏ ਸੰਗ ਰਾਗਨੀ ਤੀਸ ॥ ਸਭੈ ਪੁਤ੍ਰ ਰਾਗਨੰ ਕੇ ਅਠਾਰਹ ਦਸ ਬੀਸ॥"

ਇਸ ਤੋਂ ਬਾਅਦ ਸਿਆਹੀ ਦੀ ਬਿਧਿ ਦਿਤੀ ਹੋਈ ਹੈ ਅਤੇ ਵਿਸਥਾਰ ਪੂਰਵਕ ਰਾਗਾਂ ਅਨੁਸਾਰ ਬਾਣੀ ਤੱਤਕਰਾ ਦਿਤਾ ਹੋਇਆ ਹੈ। ਪੰਜ ਕੰਮ ਕਿਹੜੇ ਕਰਨੇ ਹਨ, ਕਿਹੜੇ ਨਹੀਂ ਕਰਨੇ ਜਿਕਰ ਹੈ। ਨੌਵੀਂ ਪਾਤਿਸਾਹੀ ਤੱਕ ਜੋਤੀ ਜੋਤ ਸਮਾਵਣੇ ਕਾ ਚਲਿਤ੍ਰ ਦਿਤਾ ਹੋਇਆ ਹੈ॥"

ਹੱਥ ਲਿਖਤ ਨੰ : MSG 71

ਸਿਰਲੇਖ : ਆਦਿ ਬੀੜ ਸ੍ਰੀ ਗੁਰੂ ਗ੍ਰੰਥ ਸਾਹਿਬ

ਪੱਤਰੇ : 1 ੳ - 853

ਆਕਾਰ : 31X 42 ਸ.ਮ. ਲਿਖਤ 22X 31ਸ.ਮ.

ਵੇਰਵਾ : ਜਿਲਦ ਗਤਾ ਕਪੜਾ; ਸਿਆਹੀ ਕਾਲੀ; ਹਾਸ਼ੀਆ ਦੋਵੇਂ ਪਾਸੇ ਦੋ ਦੋ ਕਾਲੀਆਂ ਲਕੀਰਾਂ; ਸਤਰਾਂ ਪ੍ਰਤੀ ਪੰਨਾ-23

ਆਮ ਵੇਰਵਾ : ਗ੍ਰੰਥ ਦੇ ਸ਼ੁਰੂ ਵਿਚ ਰਾਗਾਂ ਬਾਰੇ ਅਤੇ ਬਾਣੀ ਬਾਰੇ ਬੜੇ ਵਿਸਥਾਰ ਪੂਰਵਕ ਢੰਗ ਨਾਲ ਤੱਤਕਰਾ ਦਿਤਾ ਹੋਇਆ ਹੈ। ਸ਼ੁਰੂ ਵਿਚ ਤਤਕਰੇ ਵਾਲੇ ਪੱਤਰੇ ਬਹੁਤ ਖਸਤਾ ਹਾਲਤ ਵਿਚ ਹਨ। ਸਿਆਹੀ ਵਿਚ ਐਸੇ ਕੈਮੀਕਲ ਦੀ ਮਿਲਾਵਟ ਹੈ ਕਿ ਪਤਰੇ ਆਪਣੇ ਆਪ ਟੁੱਟਦੇ ਹਨ। ਬਾਕੀ ਗ੍ਰੰਥ ਦੀ ਹਾਲਤ ਠੀਕ ਹੈ। ਲਿਖਾਈ ਕਈ ਪੱਤਰਿਆਂ ਉਪਰੋਂ ਫੈਲੀ ਹੋਈ ਹੈ। ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ। ਕਈ ਪੰਨਿਆਂ ਉਪਰ ਲਿਖਤ ਹਾਸ਼ੀਏ ਤੋਂ ਬਾਹਰ ਵੀ ਕੀਤੀ ਹੋਈ ਹੈ। ਪਤਰਿਆਂ ਦੀ ਰੰਗਤ ਵਿਚ ਫਰਕ ਹੈ।

ਤੱਤਕਰਾ, ਰਾਗਾਂ ਅਨੁਸਾਰ ਬਾਣੀ ਦਿਤੀ ਹੋਈ ਹੈ। ਜੋਤੀ ਜੋਤ ਸਮਾਵਣੇ ਕਾ ਚਲਿਤ੍ਰ, ਇਹ ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਸਮਾਣੇ ਦਿਲੀ ਵਿਚ ਸੰਮਤ ੧੭੩੨ ਮਘਰ ਸੁਦੀ ੫ ਵੀਰਵਾਰ ਅੱਗੇ ਹੜਤਾਲ ਫੇਰੀ ਹੋਈ ਹੈ। ਇਹ ਰਚਨਾ ਪੰਨਾ ਨੰਬਰ ੩੭ ਤਕ ਦਿਤੀ ਹੋਈ ਹੈ । ਇਸ ਤੋਂ ਬਾਅਦ ਕੁਝ ਪੱਤਰੇ ਹਾਸ਼ੀਏ ਵਾਲੇ ਖਾਲੀ ਛਡੇ ਹੋਏ ਹਨ। ਅਤੇ ਪੰਨਾ ੪੧ ਤੋਂ ਅਸਲ ਰਚਨਾ ਦਾ ਅਰੰਭ ਕੀਤਾ ਗਿਆ ਹੈ।

ਆਰੰਭ : "ੴ ਸਤਿਨਾਮ ਕਰਤਾ ਪੁਰਖ ਨਿਰਭਉ ਨਿਰਵੈਰ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥॥ਜਪੁ॥ਆਦਿ ਸਚੁ ਜੁਗਾਦਿ ਸਚੁ॥ ਹੈਭੀ ਸਚੁ ਨਾਨਕ ਹੋਸੀ ਭੀ ਸਚੁ॥੧॥ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ॥ ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵਤਾਰ॥ ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ॥"

ਅੰਤ : "ੴ ਸਤਿਗੁਰ ਪ੍ਰਸਾਦਿ॥ ਹਕੀਕਤਿ ਰਾਹ ਮੁਕਾਮ ਰਾਜੇ ਸਿਵਨਾਭ ਕੀ॥" ਪੰਨਾ ੮੫੧ ॥ ਅਤੇ ਇਸੇ ਪੰਨੇ ਤੋਂ ਰਾਗ ਮਾਲਾ ਸ਼ੁਰੂ ਕੀਤੀ ਗਈ ਹੈ। ਜੋ ਪੰਨਾ ੮੫੩ ੳ ਤੇ ਖਤਮ ਹੁੰਦੀ ਹੈ।

ਸੋਰਠ ਗੋਡ ਮਲਾਰੀ ਧੁਨੀ॥ ਪੁਨਿ ਗਾਵਹਿ ਆਸਾ ਗੁਨ ਗੁਨੀ॥ ਊਚੈ ਸੁਰ ਸੂਹਉ ਪੁਨਿ ਕੀਨੀ॥ ਮੇਘ ਰਾਗ ਸਿਉ ਪਾਚਉ ਚੀਨੀ॥੧॥ ਬੈਰਾਧਰ ਗਜਧਰ ਕੇਦਾਰਾ॥ ਜਬਲੀ ਧਰ ਨਟ ਅਉ ਜਲ ਧਾਰਾ॥ ਪੁੰਨਿ ਗਾਵਹਿ ਸੰਕਰ ਅਉ ਸਿਆਮਾ॥ ਮੇਘ ਰਾਗ ਪੁਤ੍ਰਨ ਕੇ ਨਾਮਾ ॥੧॥ ਖਸਟ ਰਾਗ ਉਨ ਗਾਏ ਸੰਗ ਰਾਗਨੀ ਤੀਸ॥ ਸਭੈ ਪੁਤ੍ਰ ਰਾਗਨ ਕੇ ਅਠਾਰਹ ਦਸ ਬੀਸ॥"੧੧॥੧॥ ਇਸ ਤੋਂ ਅੱਗੇ ਸਿਰਸਾਹੀ ਬਿਧਿ ਲਿਖੀ ਹੋਈ ਹੈ।

ਹੱਥ ਲਿਖਤ ਨੰ : MSG 72

ਸਿਰਲੇਖ : ਆਦਿ ਬੀੜ

ਪੱਤਰੇ : 1 ੳ - 1132

ਆਕਾਰ : 25 X 37 ਸ.ਮ. ਲਿਖਤ 17 X 29 ਸ.ਮ.

ਵੇਰਵਾ : ਜਿਲਦ ਗਤਾ ਕਪੜਾ; ਸਿਆਹੀ ਕਾਲੀ; ਹਾਸ਼ੀਆ ਦੋਵੇਂ ਪਾਸੇ ਦੋ ਦੋ ਕਾਲੀਆਂ ਲਕੀਰਾਂ, ਦੋ ਦੋ ਲਾਲ ਲਕੀਰਾਂ; ਸਤਰਾਂ ਪ੍ਰਤੀ ਪੰਨਾ-23

ਆਮ ਵੇਰਵਾ : ਲਿਖਾਈ ਸੁੰਦਰ, ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ। ਗ੍ਰੰਥ ਦੇ ਸ਼ੁਰੂ ਵਿਚ ਰਾਗ ਦਾ ਤੱਤਕਰਾ ਦਿੱਤਾ ਹੋਇਆ ਹੈ। ਇਸ ਤੋਂ ਬਾਅਦ ਜੋਤੀ ਜੋਤ ਸਮਾਵਣੇ ਕਾ ਚਲਿਤ੍ਰ ਦਿਤਾ ਹੋਇਆ ਹੈ। ਸੰਬਤ ੧੭੯੪ ਮਿਤੀ ਅਸਾਢ ਵਦੀ ਨੀਸਾਣ ਗੁਰੂ ਜੀ ਕੇ ਦਸਖਤ ਮਹਲਾ ਰਾਗਾਂ ਦਾ ਵੇਰਵਾ॥ ਅਖੀਰ ਵਿਚ ਰਾਗ ਮਾਲਾ ਦਿੱਤੀ ਹੋਈ ਹੈ। ਰਾਮਕਲੀ ਰਤਨਮਾਲਾ ਮਹਲਾ ੧, ਹਕੀਕਤਿ ਰਾਜੇ ਸਿਵ ਨਾਭ ਕੀ॥ ਪਹਿਲੇ ੩੨ ਪੰਨਿਆ ਦਾ ਤੱਤਕਰਾ, ਫਿਰ ਕੁਝ ਪੱਤਰੇ ਖਾਲੀ ਹਾਸ਼ੀਏ ਵਾਲੇ ਛਡੇ ਹੋਏ ਹਨ ਲਿਖਾਈ ਵਿਚ ਕੁਝ ਅਖਰਾਂ ਦੀ ਬਣਤਰ ਪੁਰਾਤਨ ਲਿਖਤ ਵਰਗੀ, ਜਿਵ ਅ,ਣ ਆਦਿ ।

ਆਰੰਭ : ਪੰਨਾ ੪੨॥ "ੴ ਸਤਿਨਾਮ ਕਰਤਾ ਪੁਰਖ ਨਿਰਭਉ ਨਿਰਵੈਰ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥॥ਜਪੁ॥ਆਦਿ ਸਚੁ ਜੁਗਾਦਿ ਸਚੁ॥ ਹੈਭੀ ਸਚੁ ਨਾਨਕ ਹੋਸੀ ਭੀ ਸਚੁ॥੧॥"

ਅੰਤ : ਪੰਨਾ ਨੰਬਰ ੩੪ ਉਪਰ "ਜੋਤੀ ਜੋਤ ਸਮਾਵਣੇ ਕਾ ਚਲਿਤ੍ਰ ਨੌਵੀ ਪਾਤਿਸਾਹੀ ਤੱਕ॥

ਪਰਭਾਤੀ ਪੰਨਾ ਨੰਬਰ ੧●੬੮ ਤੋਂ

੧ੴ ਸਾਧੋ ਅਸਟਪਦੀ॥ ਪਤਿ ੧●੬੮

੧ ਮਾਤ ਪਿਤਾ ਭਾਈ ਸੁਤ ਬਨਤਾ

੨ ਮਨ ਮਹਿ ਕ੍ਰੋਧ ਮਹਾਅਹੰਕਾਰਾ

੩ ਸਿਮਰਤ ਨਾਮੁ ਕਿਲ ਵਿਖ

੧ੴ ਬਾਣੀ ਭਗਤਾ ਕੀ ॥ ਪਤਿ ੧●੭●॥

ਪੰਨਾ ੧੧੩੧:- ਰਾਗ ਮਾਲਾ ਦਿਤੀ ਹੋਈ ਹੈ । ਅਤੇ ਅਖੀਰ ਵਿਚ ਸਿਆਹੀ ਕੀ ਬਿਧਿ ਦਿਤੀ ਹੋਈ ਹੈ।

੧ੴ ਸਤਿਗੁਰ ਪ੍ਰਸਾਦਿ॥

੧ ਸਿਰਸਾਹੀ ਕਜਲ ਵਜਨ ੧ ਬੋਲ

ਗੂੰਦ ਕਿਕਰ ਕਾ ਇਕ ਰਤੀ ਲਾਜਵਰਦ ਇਕ ਰਤੀ ਸੁੰਇਨਾ॥ ਵਿਜੇਸਾਰ ਕਾ ਪਾਣੀ॥ ਤਾਮੇ ਕਾ ਭਾਂਡਾ॥ ਨਿਮ ਕੀ ਲਕੜੀ॥ ਆਦਿ।

ਹੱਥ ਲਿਖਤ ਨੰ : MSG 73

ਸਿਰਲੇਖ : ਆਦਿ ਗ੍ਰੰਥ

ਸਮਾਂ : ਸੰਮਤ ੧੭੬● ਮਾਘ ਸੁਦੀ ੧੨ ਸੰਮਤ ੧੭੬●

ਪੱਤਰੇ : 1 ੳ - 775

ਆਕਾਰ : 23 X 35 ਸ.ਮ. ਲਿਖਤ 15 X 26 ਸ.ਮ.

ਵੇਰਵਾ : ਜਿਲਦ ਗਤਾ ਕਪੜਾ; ਸਿਆਹੀ ਕਾਲੀ; ਹਾਸ਼ੀਆ ਦੋਵੇਂ ਪਾਸੇ ਖੜੇ ਰੁਖ ਦੋ ਦੋ ਲਾਲ ਲਕੀਰਾਂ, ਵਿਚਕਾਰ ਕਾਲੀ ਲਕੀਰ; ਸਤਰਾਂ ਪ੍ਰਤੀ ਪੰਨਾ-23

ਆਮ ਵੇਰਵਾ : ਗ੍ਰੰਥ ਦੇ ਸ਼ੁਰੂ ਵਿਚ ਨੌਵੀਂ ਪਾਤਿਸਾਹੀ ਤੱਕ, ਜੋਤੀ ਜੋਤ ਸਮਾਵਣੇ ਦਾ ਚਲਿਤ੍ਰ ਮਿਤੀ ਸਹਿਤ ਦਿੱਤਾ ਹੋਇਆ ਹੈ। ਉਸ ਤੋਂ ਬਾਅਦ ਰਾਗਾਂ ਦਾ ਤੱਤਕਰਾ ਬਾਅਦ ਵਿਚ ਬਾਣੀ ਤੱਤਕਰਾ ਵਿਸਥਾਰ ਸਹਿਤ ਦਿੱਤਾ ਹੋਇਆ ਹੈ। ਗ੍ਰੰਥ ਸੰਪੂਰਣ ਹੋਣ ਦੀ ਮਿਤੀ ਸੰਮਤ ੧੭੬●, ਮਾਘ ਸੁਦੀ ੧੨ ਸ਼ੁਰੂ ਵਿਚ ਹੀ ਦਿਤਾ ਗਿਆ ਹੈ। ਲਿਖਾਈ ਸੁੰਦਰ ਹਾਸੀਏ ਤੋਂ ਬਾਹਰ ਵੀ ਕਿਧਰੇ ਕਿਧਰੇ ਕੀਤੀ ਹੋਈ ਹੈ।

ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ। ਕਈ ਪਤਰਿਆਂ ਉਪਰ ਸਿਹਾਰੀ, ਬਿਹਾਰੀ [ਿ, ੀ] ਡੀਜਾਈਨ ਬਣਾ ਕੇ ਲਿਖੀਆਂ ਹੋਈਆਂ ਹਨ।

ਆਰੰਭ : ਪਹਿਲੇ ੩੫ ਪੰਨਿਆਂ ਦਾ ਤੱਤਕਰਾ, ਫਿਰ ਦੋ ਪਤਰੇ ਹਾਸ਼ੀਏ ਵਾਲੇ ਖਾਲੀ, ਅਤੇ ਫਿਰ ਪੱਤਰਾ ਨੰਬਰ ੩੫ ਓ ਤੋਂ ਗੁਰਬਾਣੀ ਸ਼ੁਰੂ ਕੀਤੀ ਹੈ।

"ੴ ਸਤਿਨਾਮ ਕਰਤਾ ਪੁਰਖ ਨਿਰਭਉ ਨਿਰਵੈਰ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥॥ਜਪੁ॥ਆਦਿ ਸਚੁ ਜੁਗਾਦਿ ਸਚੁ॥ ਹੈਭੀ ਸਚੁ ਨਾਨਕ ਹੋਸੀ ਭੀ ਸਚੁ॥"

ਅੰਤ : ਪੰਨਾ ੭੭੪ ਅ ਉਪਰ "ਹਕੀਕਤਿ ਰਾਹ ਮੁਕਾਮ ਰਾਜੇ ਸਿਵਨਾਭ ਕੀ॥" ਦਿੱਤੀ ਹੋਈ ਹੈ। ਉਸ ਤੋਂ ਬਾਅਦ ਅਖੀਰ ਵਿਚ ਰਾਗਮਾਲਾ ਪੰਨਾ ੭੭੫ ਓ ਤੇ ਦਿੱਤੀ ਹੋਈ ਹੈ ਜੋ ੭੭੫ ਅ ਤੇ ਖਤਮ ਹੋ ਜਾਂਦੀ ਹੈ॥ "ਸੋਰਠਿ ਗੋਂਡ ਮਲਾਰੀ ਧੁਨੀ॥ ਪੁਨਿ ਗਾਵਹਿ ਆਸਾ ਗੁਨ ਗੁਨੀ॥ ਊਚੈ ਸੁਰਿ ਸੂਹ ਉਪਨਿ ਕੀਨੀ॥ ਮੇਘ ਰਾਗ ਸਿਉ ਪੰਚਉ ਚੀਨੀ॥੧॥ ਬੈਰਾਧਰ ਗਜ ਧਰ ਕੇ ਦਾਰਾ॥ ਜਬਲੀ ਥਰ ਨਟ ਅਉ ਜਲ ਧਾਰਾ॥ ਪੁਨਿ ਗਾਵਹਿ ਸੰਕਰ ਅਉ ਸਿਆਮਾ॥ ਮੇਘ ਰਾਗ ਪੁਤ੍ਰਨ ਕੇ ਨਾਮਾ॥੧॥ ਖਸਟ ਰਾਗ ਉਨਿ ਗਾਏ ਸੰਗਿ ਰਾਗਨੀ ਤੀਸ॥ ਸਭੈ ਪੁਤ੍ਰ ਰਾਗੰਨ ਕੇ ਅਠਾਰਹ ਦਸ ਬੀਸ॥੧"

ਇਸ ਤੋਂ ਬਾਅਦ ੭੭੭ ਓ ਉਪਰ ਸਿਆਹੀ ਕੀ ਬਿਧਿ ਦਿਤੀ ਹੋਈ ਹੈ। ਅਤੇ ਅਖੀਰ ਵਿਚ ਕੁਝ ਪੱਤਰੇ ਹਾਸ਼ੀਏ ਵਾਲੇ ਖਾਲੀ ਹਨ॥

ਹੱਥ ਲਿਖਤ ਨੰ : MSG 74

ਸਿਰਲੇਖ : ਆਦਿ ਗ੍ਰੰਥ

ਪੱਤਰੇ : 1 ਓ - 619 ਅ

ਆਕਾਰ : 22 X 32 ਸ.ਮ. ਲਿਖਤ 16 X 25 ਸ.ਮ.

ਵੇਰਵਾ : ਜਿਲਦ ਗਤਾ ਕਪੜਾ; ਸਿਆਹੀ ਕਾਲੀ; ਹਾਸ਼ੀਆ ਦੋਵੇਂ ਪਾਸੇ ਤਿੰਨ ਤਿੰਨ ਲਾਲ ਲਕੀਰਾਂ; ਸਤਰਾਂ ਪ੍ਰਤੀ ਪੰਨਾ-30

ਆਮ ਵੇਰਵਾ : ਗ੍ਰੰਥ, ਕਿਤਾਬੀ ਸਕਲ ਵਿਚ ਹੈ। ਲਿਖਾਈ ਬਹੁਤੀ ਸਾਫ ਨਹੀਂ ਹੈ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ। ਕਈ ਪੰਨਿਆਂ ਉਪਰ ਲਿਖਾਈ ਧਬਿਆਂ ਵਾਲੀ ਹੈ। ਕਈ ਅਖਰਾਂ ਦੀ ਬਨਾਵਟ ਪੁਰਾਤਨ ਪੰਜਾਬੀ ਅਖਰਾਂ ਵਰਗੀ ਜਿਵੇਂ 'ਅ' 'ਝ' ਆਦਿ॥ ਹਾਸ਼ੀਏ ਤੋਂ ਬਾਹਰ ਵੀ ਲਿਖਾਈ ਕੀਤੀ ਹੋਈ ਹੈ। ਗ੍ਰੰਥ ਦੀ ਹਾਲਤ ਠੀਕ ਠੀਕ।

ਪਹਿਲੇ ਤਕਰੀਬਨ ੨੪-੨੫ ਪੰਨੇ ਤਤਕਰੇ ਵਾਲੇ ਉਸ ਤੋਂ ਨੌਵੀਂ ਪਾਤਿਸਾਹੀ ਤੱਕ ਦੇ ਜੋਤੀ ਜੋਤ ਸਮਾਵਣੇ ਕੇ ਕੇ ਚਲਿਤ੍ਰ ਦਿਤੇ ਹੋਏ ਹਨ। ਰਾਗਾਂ ਦੇ ਅਧਾਰ ਤੇ ਤੱਤਕਰਾ ਦਿਤਾ ਹੋਇਆ ਹੈ।

ਆਰੰਭ : ਪਹਿਲੇ ੩੫ ਪੰਨਿਆਂ ਦਾ ਤੱਤਕਰਾ, ਫਿਰ ਦੋ ਪਤਰੇ ਹਾਸ਼ੀਏ ਵਾਲੇ ਖਾਲੀ, ਅਤੇ ਫਿਰ ਪੱਤਰਾ ਨੰਬਰ ੩੫ ਓ ਤੋਂ ਗੁਰਬਾਣੀ ਸ਼ੁਰੂ ਕੀਤੀ ਹੈ ।

"ੴ ਸਤਿਨਾਮ ਕਰਤਾ ਪੁਰਖ ਨਿਰਭਉ ਨਿਰਵੈਰ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥॥ਜਪੁ॥ ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ॥"

ਅੰਤ : ਪਰਭਾਤੀ ਬਾਣੀ ਭਗਤਾਂ ਦੀ ਤੋਂ ਬਾਅਦ ਸਲੋਕ ਸਹਸਕ੍ਰਿਤੀ ਮਹਲਾ ੧ ਜੋ ਪੰਨਾ ੫੯● ਤੇ ਹੈ। ਅਖੀਰ ਵਿਚ ਰਾਗ ਰਾਮ ਕਲੀ ਰਤਨਮਾਲਾ ਮਹਲਾ ੧ ਆਸੁਨ ਸਾਧਿ ਨਿਰਾਲਮੁ ਰਹੈ॥
ਪੰਚ ਤਤ ਕਾਨਿ ਗ੍ਰਹਿ ਗਹੇ॥
ਇਸ ਤੋਂ ਬਾਅਦ ਰਾਜੇ ਸਿਵਨਾਭ ਦੀ ਸਾਖੀ ॥ ਅਤੇ ਅਖੀਰ ਵਿਚ ਰਾਗਮਾਲਾ - ਰਾਗ ਏਕ ਸੰਗਿ ਪੰਚ ਬਰੰਗਨ ਸੰਗਿ ਅਲਾਪਹਿ ਆਠਉ ਨੰਦਨ॥
ਅੰਤ : ਖਸਟ ਰਾਗ ਉਨਿ ਗਾਏ ਸੰਗਿ ਰਾਗਨੀ ਤੀਸ ਸਭੈ ਪੁਤ੍ਰ ਰਾਗੰਨ ਕੇ ਅਠਾਰਹ ਦਸ ਬੀਸ ॥"

ਹੱਥ ਲਿਖਤ ਨੰ : MSG 75
ਸਿਰਲੇਖ : ਜਨਮ ਸਾਖੀ
ਲਿਖਾਰੀ : ਗੁਰਦਿਤ ਸਿੰਘ ਤੇ ਹਰੀ ਸਿੰਘ, ਗ੍ਰੰਥੀ
ਪੱਤਰੇ : 1 ੳ - 269 ਅ
ਆਕਾਰ : 36 X 34 ਸ.ਮ. ਲਿਖਤ 27 X 27 ਸ.ਮ.
ਵੇਰਵਾ : ਜਿਲਦ ਗਤਾ ਕਪੜਾ; ਸਿਆਹੀ ਕਾਲੀ ਵਖਰੇਵੇਂ ਲਈ ਲਾਲ; ਹਾਸ਼ੀਆ ਦੋਵੇਂ ਪਾਸੇ ਦੋ ਦੋ ਕਾਲੀਆਂ ਲਕੀਰਾਂ, ਵਿਚਕਾਰ ਇਕ ਪੀਲੀ ਲਕੀਰ; ਸਤਰਾਂ ਪ੍ਰਤੀ ਪੰਨਾ-25
ਆਮ ਵੇਰਵਾ : ਲਿਖਾਈ ਸੁੰਦਰ, ਪੋਥੀ ਦੀ ਹਾਲਤ ਠੀਕ; ਕੰਨੇ ਦੀ ਥਾਂ ਬਿੰਦੀ ਦਾ ਪਰਯੋਗ ਕੀਤਾ ਹੋਇਆ ਹੈ। ਕਿਧਰੇ ਕਿਧਰੇ ਹੜਤਾਲ ਫੇਰਕੇ ਸੁਧਾਈ ਕੀਤੀ ਹੋਈ ਹੈ। ਕਈ ਪੰਨਿਆਂ ਉਪਰ ਸਿਆਹੀ ਫੈਲੀ ਹੋਈ ਹੈ ਪਰ ਪੜ੍ਹੀ ਜਾਂਦੀ ਹੈ। ਹਾਸ਼ੀਏ ਤੋਂ ਬਾਹਰ ਵੀ ਲਿਖਾਈ ਕੀਤੀ ਹੋਈ ਹੈ।
ਆਰੰਭ : "ੴ ਸਤਿਨਾਮ ਕਰਤਾ ਪੁਰਖ ਨਿਰਭਉ ਨਿਰਵੈਰ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥੧॥ ਜਨਮ ਸਾਖੀ ਲਿਖਣੇ ਕਾ ਆਰੰਭ ਕੀਤਾ ਸ੍ਰੀ ਸਤਿ ਗੁਰੂ ਜੀ ਕੈ ਪ੍ਰਸਾਦਿ ਕਰਿ॥ਜਬ ਮਹਾਕਾਲ ਪ੍ਰਲੋਕਾ ਸਮਵੈ ਤਬ ਦਿਬਿ ਸਉ ਬਰਖਾ ਨਾਹੀ ਹੋਦੀ ਆ ਅਰੁ ਸੂਰਜ ਉਤ ਸਮੇਂ ਬਾਰਾ ਹੀ ਸੋਲਾ ਕਲਾ ਸੰਪੂਰਨ ਚੜਤੈ ਹੈ॥ ਬਹੁਤ ਤੇਜ ਹੁੰਦਾ ਹੈ। ਤਬ ਪਤਾਲ ਤੇ ਲੈ ਕਰਿ ਜਿਤਨੇ ਭੁਮ ਪਰਜਲੁ ਹੈ ਤਬ ਸਭਨ ਜਲਾ ਕਉ ਸੂਰਜੁ ਆਪਣੇ ਤੇਜ ਕਰਿ ਕੈ ਸੋਖ ਲੈਦਾ ਹੈ॥"
ਅੰਤ : "ਸਲੋਕ:- ਕਿਆ ਹਉ ਪਾਪੀ ਅਦਮ ਕੀਟ ਤੇਰੇ ਗੁਨ ਕਹਉ ਸੁਨਾਇ॥ ਕਹਤਾ ਬਕਤਾ ਆਪ ਹੈ ਆਪੇ ਹੀ ਜਸ ਗਾਇ॥ ਗਾਵੈ, ਪੜੈ, ਸੁਣੈ, ਲਿਖੈ ਚਿਤ ਲਾਇ॥ ਹਉ ਢਾਢੀ ਦਰ ਮੰਗਤਾ ਦੀਜੈ ਦਾਨ ਰਜਾਇ॥ ਨਾਨਕ ਦਾਸ ਕੀ ਬੇਨਤੀ ਮੁਹਿ ਰਾਖ ਲੇਹੁ ਸਰਨਾਇ॥੧੮੭॥
ਬੋਲੋ ਭਾਈ ਜੀ ਵਾਹਗੁਰੂ॥ ਸਾਖੀ ਪੂਰੀ ਹੋਈ॥ ਜਨਮ ਸਾਖੀ ਦੀ ਪੋਥੀ ਲਿਖੀ॥ ਅੰਮ੍ਰਿਤਸਰ ਜੀ॥ ਗਊ ਘਾਟ ਦੇ ਪੋਣੇ ਮੁਢ॥ ਗੁਰਦਿਤ ਸਿੰਘ ਗ੍ਰਿੰਥੀ ਤੇ ਹਰੀ ਸਿੰਘ ਗ੍ਰੰਥੀ ਨੇ ਲਿਖੀ॥ ਭੁਲ ਚੁਕ ਬਖਸਣੀ॥ ਅਤੇ ਵਾਹਗੁਰੂ ਜਪਣਾ॥ ਜਨਮ ਸਵਾਰਣਾ॥ ਸੰਮਤ ਅਠਾਰਾਂ ਸੈ ਪੰਝਹਤਰਾ ਦੇ ਵਿਚਿ॥੧੮੭੫॥੧੮੭੫ ਦਹੇਰਾ॥ ਓਵਗਣ ਕੀਏ ਅਸੰਖ ਪੈ ਗੁਣ ਨਹੀ ਕੀਓ ਏਕ॥ ਜੇਤੂ ਪਤਤ ਉਧਾਰਣੋ ਅਵਗੁਣ ਹਮਰੇ ਛੇਕ ॥"=॥=॥=॥=॥=॥

ਹੱਥ ਲਿਖਤ ਨੰ : MSG 76
ਸਿਰਲੇਖ : ਬੰਨੋ ਪ੍ਰਕਾਸ ਜੀ ਕੀ ਕਥਾ- ਗੁਰ ਉਸਤਤ
ਲਿਖਾਰੀ : ਜਵਾਹਰ ਸਿੰਘ
ਸਮਾਂ : ਸੰਮਤ ਸੁ ਮਹੀ ਨਿਧ ਲੋਚਨ ਪਛਾਨ ਲੇਹ ਗ੍ਰਹ ਪੋਖ ਮਾਸ ਦਿਨ ਦੂਸਰੋ ਸੁ ਜਾਨੀਐ
ਪੱਤਰੇ : 1 ੳ - 486
ਆਕਾਰ : 17 X 20 ਸ.ਮ. ਲਿਖਤ 14 X 18 ਸ.ਮ.
ਵੇਰਵਾ : ਜਿਲਦ ਗਤਾ ਅੰਬਰੀ; ਸਿਆਹੀ ਕਾਲੀ ਵਖਰੇਵੇਂ ਲਈ ਲਾਲ; ਹਾਸ਼ੀਆ ਚਾਰੇ ਪਾਸੇ ਇਕ ਇਕ ਕਾਲੀ ਅਤੇ ਇਕ ਇਕ ਲਾਲ ਲਕੀਰ; ਸਤਰਾਂ ਪ੍ਰਤੀ ਪੰਨਾ-19
ਆਮ ਵੇਰਵਾ : ਲਿਖਾਈ ਲਾਲ ਸਿਆਹੀ ਵਾਲੀ ਅਸਪਸ਼ਟ ਹੈ ਪੜ੍ਹਨ ਵਿਚ ਮੁਸ਼ਕਿਲ ਆਉਂਦੀ ਹੈ। ਵੈਸੇ ਲਿਖਾਈ ਸੁੰਦਰ, ਕਈ ਪੰਨਿਆਂ ਉਪਰ ਲਿਖਾਈ ਹਾਸ਼ੀਏ ਤੋਂ ਬਾਹਰ ਕੀਤੀ ਹੋਈ ਹੈ। ਧਬਿਆਂ ਵਾਲੀ ਹੈ ਕਈ ਪੰਨੇ ਕਾਨੀ ਬਦਲ ਕੇ ਲਿਖੇ ਹੋਏ ਹਨ। ਸ਼ੁਰੂ ਵਿਚ ਕਿਸੇ ਹੋਰ ਕਾਨੀ ਨਾਲ ਪੋਥੀ ਬਾਰੇ ਤੱਤਕਰਾ ਦਿਤਾ ਹੋਇਆ ਹੈ। ਜੋ ਬਹੁਤ ਵਿਸਥਾਰ ਪੂਰਵਕ ਨਹੀਂ ਹੈ।
ਆਰੰਭ : "ੴ ਸਤਿਨਾਮ ਕਰਤਾ ਪੁਰਖ ਨਿਰਭਉ ਨਿਰਵੈਰ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥ ਅਥ ਭਾਈ ਬੰਨੋ ਪ੍ਰਕਾਸ ਲਿਖਯਤੇ॥ ਗੁਰ ਉਸਤਤ॥ ਦੋਹਰਾ ਸ੍ਰੀ ਗੁਰ ਨਾਨਕ ਜਾਨਿਐ

ਆਦ ਰੂਪ ਕਰਤਾਰ॥ ਚਰਨ ਕਮਲ ਤਿਨ ਉਰਧਾਰੋ ਦੀਜੈ ਬੁਧ ਸੁਧਾਰ॥੧॥ ਗੁਰ ਅੰਗਦ ਗੁਰ ਅਮ੍ਰਦਾਸ ਰਾਮਦਾਸ ਗੁਰ ਜਾਨ ਸ੍ਰੀ ਗੁਰ ਅਰਜਨ ਦੇਵ ਕੋ ਹੀਯੇ ਧਾਰ ਕਰ ਧਿਯਾਨ॥੨॥ ਕਰੀ ਕਿਰਪਾ ਸਭ ਜਗਤੁ ਤੇ ਬਾਨੀ ਕਿਉ ਸੰਕੇਤ॥ ਭਵ ਸਾਗਰ ਕੇ ਤਰਨ ਕੋ ਰਚਿਓ ਗ੍ਰੰਥ ਸੁਭ ਸਤ॥੩''

ਅੰਤ : ''੧●●॥ ਸੰਮਤ ਸੁ ਮਹੀ ਨਿਧ ਲੋਚਨ ਪਛਾਨ ਲੇਹ ਗ੍ਰਹ ਪੋਖ ਮਾਸ ਦਿਨ ਦੂਸਰੋ ਸੁ ਜਾਨਿਐ ਜਾਤ ਧਾਨ ਗੁਰਵਾਰ ਪੂਨਿਓ ਪ੍ਰਕਾਸ ਦਿਨ ਪੂਰਨ ਸੁ ਭਈ ਪੋਥੀ ਐਸ ਉਰਆ ਨਿਐ॥ ਭਾਈ ਬੰਨੋ ਪ੍ਰਕਾਸ ਜੀ ਕੀ ਕਥਾ ਕੋ ਬਿਲਾਸ ਏਹੁ ਮਤ ਅਨਸਾਰ ਲਿਖੀ ਜੈਸੇ ਸੁਨੀ ਮਾਨਿਐ॥ ਆਦ ਮਧ ਅੰਤ ਸਦਾ ਗੁਰ ਕੋ ਪ੍ਰਤਾਪ ਜਾਨ ਕਈ ਕਾਲ ਰਾਜ ਵਿਚ ਅੰਗਰੇਜ ਭਾਨਿਐ॥ ੧●੧॥ਦੋਹਰਾ॥ ਜਵਾਹਰ ਸਿੰਘ ਕੀ ਬੇਨਤੀ ਸੁਨੋ ਸੰਤ ਧਰ ਧਿਆਨ ॥ ਭੁਲ ਚੁਕ ਜੁ ਮੁਝ ਪਰੀ ਸੋ ਛਿਮਿਓ ਸੁਰ ਗਿਆਨ॥

ਇਤਿ ਸ੍ਰੀ ਭਾਈ ਬੰਨੋ ਪ੍ਰਕਾਸ ਬਰਨਨ ਨਾਮ ਚੁਤਾਲੀਸ ਮੋ ਧਿਆਇ ਸਮਾਪਤੰ ਮਸਤ ਸੁਭ ਮਸਤ॥੪੪॥''=॥=॥=॥=॥=॥=॥=॥

ਹੱਥ ਲਿਖਤ ਨੰ : MSG 78

ਸਿਰਲੇਖ : ਜਪੁਜੀ ਸਟੀਕ (ਅਧੂਰਾ)

ਪੱਤਰੇ : 40 ੳ - 69 ਅ

ਆਕਾਰ : 18 X 14 ½ ਸ.ਮ. ਲਿਖਤ 13 X 13 ਸ.ਮ.

ਵੇਰਵਾ : ਜਿਲਦ ਤੋਂ ਬਗੈਰ ਕੁਝ ਪੱਤਰੇ ਕਾਗਜ ਵਿਚ ਲਪੇਟੇ ਹੋਏ ਹਨ; ਹਾਸ਼ੀਆ ਦੋਵੇਂ ਪਾਸੇ ਦੋ ਦੋ ਲਾਲ ਲਕੀਰਾਂ, ਵਿਚਕਾਰ ਕਾਲੀ ਲਕੀਰ; ਸਤਰਾਂ ਪ੍ਰਤੀ ਪੰਨਾ-10

ਆਮ ਵੇਰਵਾ : ਲਿਖਾਈ ਸੁੰਦਰ, ਪੋਥੀ ਦੀ ਹਾਲਤ ਬਹੁਤ ਮਾੜੀ, ਪੱਤਰੇ ਖਸਤਾ ਹਾਲਤ ਵਿਚ; ਕੰਨੇ ਦੀ ਥਾਂ ਬਿੰਦੀ ਦਾ ਪਰਯੋਗ ਕੀਤਾ ਹੋਇਆ; ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ। ਵਿਚ ਵਿਚ ਕਾਨੀ ਬਦਲੀ ਹੋਈ ਹੈ।

ਆਰੰਭ : ''ਰਾਤਿ ਅੰਮ੍ਰਿਤ ਵੇਲੇ ਉਠ ਕਰ ਭਜਨੁ ਕਰੈਗਾ॥ ਪਰਮੇਸਰ ਕੇ ਸਿਮਰਨ ਵਾਲੇ ਨੂੰ ਮਿਹਰ ਕਾ ਕਪੜਾ ਆਵੈਗਾ॥ ਤਿਸਿ ਉਪਰਿ ਨਦਰਿ ਸਾਹਿਬ ਦੀ ਹੋਇਗੀ॥ ਸੋ ਪ੍ਰਾਨੀ ਮੋਖ ਪਦਵੀ ਪਾਇਗਾ॥ ਨਾਨਕ ਏਵੈ ਜਾਣੀਐ ਸਭੁ ਆਪੇ ਸਚਿਆਰੁ॥''

ਅੰਤ : ''ਜਿਨਾ ਨੂ ਤੁੰ ਚਿੰਤ ਆਇਆ ਤਿਨਾ ਨੂੰ ਤੋਟ ਕਦੇ ਨਾਹੀ॥ ਹਉ ਵਾਰਿਆ ਤੇਰੀ ਕੁਦਰਤਿ ਵਿਟੋ॥ ਜੀ ਮਿਹਰਵਾਨਿ ਕਿਰਪਾ ਨਿਧਾਨ ਦਇਆਲ ਪੁਰਖੁ ਕਰਤਾਰ ਕਰਣਹਾਰ॥ ਸਚੇ ਸਾਹਿਬ ਤੂ ਸਰਬਤਿ ਵਿਚਾਰ ਵਿਆਹੈ ਤੂ ਆਪੇ ਖੇਲਿ ਖਿਲਾਰੀ ਖਿਲਾਇਦਾ ਹੈ॥ ਆਪੇ ਭਲੀਕਾਰ ਕਰਿ ਜੀਆ ਨੋ ਰਿਜਕ ਪਹੁਚਾਇਦਾ ਹੈ॥ ਤੂ ਆਪੇ ਬਹਾਨਾ-॥''

ਅੱਗੇ ਪੱਤਰੇ ਫਟੇ ਹੋਏ ਹਨ॥ ਰਚਨਾ ਅਧੂਰੀ ਹੈ॥

ਹੱਥ ਲਿਖਤ ਨੰ : MSG 79 ਸੰਗ੍ਰਹਿ

ਸਿਰਲੇਖ : ਗੁਰਬਾਣੀ

ਸਮਾਂ : ਸੰਮਤ ੧੮੧੪

ਸਥਾਨ : ਸਾਕਮ ਬਰਦਵਾਨ

ਪੱਤਰੇ : 1 ੳ - 79 ੳ

ਆਕਾਰ : 20 X 25 ਸ.ਮ. ਲਿਖਤ 14 X 20 ਸ.ਮ.

ਵੇਰਵਾ : ਜਿਲਦ ਗੱਤਾ ਰੈਕਸ਼ੀਅਨ; ਸਤਰਾਂ ਪ੍ਰਤੀ ਪੰਨਾ-19

ਆਮ ਵੇਰਵਾ : ਪੋਥੀ ਦੀ ਹਾਲਤ ਠੀਕ, ਲਖਾਈ ਸੁੰਦਰ, ਕਈ ਪੰਨਿਆਂ ਉਪਰ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ। ਲਿਖਾਈ ਪੁਰਾਤਨ ਨਮੂਨੇ ਦੀ ਹੈ।

ਆਰੰਭ : "ੴ ਸਤਿਨਾਮ ਕਰਤਾ ਪੁਰਖ ਨਿਰਭਉ ਨਿਰਵੈਰ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥॥ਜਪੁ॥ਆਦਿ ਸਚੁ ਜੁਗਾਦਿ ਸਚੁ॥ ਹੈਭੀ ਸਚੁ ਨਾਨਕ ਹੋਸੀ ਭੀ ਸਚੁ॥"
ਇਸ ਤੋਂ ਅੱਗੇ ਰਹਿਰਾਸ, ਸੋਹਲਾ ਰਾਗ ਗਉੜੀ ਦੀਪਕੀ ਮਹਲਾ ੧॥ ਰਾਗ ਰਾਮਕਲੀ ਮਹਲਾ ੧, ਓਅੰਕਾਰ ਦਖਣੀ, ਰਾਗ ਰਾਮ ਕਲੀ, ਸਿਧ ਗੋਸਟਿ, ਰਾਗ ਰਾਮਕਲੀ ਅਨੰਦ ਸਾਹਿਬ, ਗਉੜੀ ਮਹਲਾ ੫॥ ਬਾਵਣ ਅੱਖਰੀ॥ ਰਾਗ ਗਉੜੀ ਸੁਖਮਨੀ ਹਮਲਾ ੫-ਆਦਿ, ਬਾਣੀਆਂ ਦਿਤੀਆ ਹੋਈਆ ਹਨ ਬਿਤੀ ਗਉੜੀ ॥੫॥ਸਲੋਕ॥"

ਅੰਤ : "ਪਉੜੀ ॥ ਕੋਈ ਗਾਵੈ ਕੋ ਸੁਨੈ ਕੋਈ ਕਰੈ ਬੀਚਾਰ॥ ਕੋ ਉਪਦੇਸੈ ਕੋ ਦ੍ਰਿੜੈ ਤਿਸਕਾ ਹੋਇ ਉਧਾਰ॥ ਕਿਲ ਬਿਖ ਕਾਟੈ ਹੋਇ ਨਿਰਮਲਾ ਜਨਮ ਜਨਮ ਮਲੁ ਜਾਇ ਹਲਤਿ ਪਲਤਿ ਮੁਖ ਉਜਲਾ ਨਹ ਪੋਹੈ ਤਿਸ ਮਾਇ॥ ਸੋ ਸੁਰ ਤਾਸੋ ਬੈਸਨੋ ਗਿਆਨੀ ਧਨਵੰਤੁ॥ ਖਤ੍ਰੀ ਬ੍ਰਹਮਣ ਸੂਦ ਬੈਂਸ ਉਧਰੇ ਸਿਮਰਿ ਚੰਡਾਲਾ॥ ਜਿਨ ਜਾਨਿਓ ਪ੍ਰਭ ਆਪਨ ਨਾਨਕ ਤਿਸਹਿ ਰਵਾਣਤਾ॥।੧੬੭॥"

ਹੱਥ ਲਿਖਤ ਨੰ : MSG 79 ਅ
ਸਿਰਲੇਖ : ਦਸ ਆਉਤਾਰ
ਸਮਾਂ : ਸੰਮਤ ੧੮੧੪
ਸਥਾਨ : ਬਰਦਵਾਨ
ਪੱਤਰੇ : 79 ੳ - 80 ੳ
ਆਕਾਰ : 20 X 25 ਸ.ਮ. ਲਿਖਤ 14 X 20 ਸ.ਮ.
ਵੇਰਵਾ : ਓਹੀ । ਸਤਰਾਂ ਪ੍ਰਤੀ ਪੰਨਾ-19
ਆਮ ਵੇਰਵਾ : ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ, ਪੋਥੀ ਦੀ ਹਾਲਤ ਠੀਕ, ਲਿਖਾਈ ਸੁੰਦਰ॥
ਆਰੰਭ : "ੴ ਸ੍ਰੀ ਸਤਿਗੁਰ ਪ੍ਰਸਾਦਿ॥ ਦਸ ਆਉਤਾਰ॥ ਸ੍ਰੀ ਨਰ ਨਾਰਾਈਨ ਜੀ ਕੇ ਸ੍ਰੀ ਸੰਕਰਾ ਚਾਰ ਜਬੈ ਰਂਚਤੇ ॥ ਪ੍ਰਥਮੇ ਸ੍ਰੀ ਨਾਰਾਏਨ ਜੀ॥ ਮਛਰੂਪ ਉਤਰੈ॥ ਮਛ ਕੀ ਮਾਤਾ ਸਖਾਉਤੀ॥ ਪਿਤਾ ਪੂਰਬ ਰੀਖ॥ ਗੁਰੂ ਮਾਨਧਾਤਾ॥ ਛਮਤ੍ਰਿ ਦੋਆਰਕਾ ਪੂਰ ਪਟਨ ਨਿਰਦਲਂਤ॥ ਸਖਾ ਸੂਰਦਾਨੋ ਲੈ ਉਧਰਂਤਿ॥ ਚਾਰ ਬੇਦ ਚਉਦ ਸਾਸਤ੍ਰ, ਅਠਾਰਾ ਪੁਰਾਨ, ਨ ਉ ਬੈਆਕਰਨ॥ ਸੂਰਜ ਮੰਤ੍ਰ ਖਟ ਕਰਮ॥"

ਅੰਤ : "ਤਿੰਨ ਸੈ ਸਾਠ ਬਰਸ ਸੋਆਮੀ ਕਰੇਗੈ ਬੀਸਰਾਮ॥ ਪੜਂਤਾ ਪਾਵੈ ਮੋਛ॥ ਸੁਨਂਤਾ ਪਾਵੈ ਮੋਛ ਮੁਕਤ ਫਲ ਲਂਭਂਤੇ॥ ਏਤੈ ਦਸ ਆਵਤਾਰ ਸੋਤ ਤਰ ਸ੍ਰੀ ਸਪੂਰਨ ਸਕਂਰਾਚਾਰਜ ਬੇਰਂਚਤੇ॥ ਮਾਘ ਮਾਸੈ ਕੀ ਸਨਪਥੈ ਵਾਰ ਅਦੀਤ ਤੀਥ ਏਕਾਦਸੀ॥੧●॥"
ਅੱਗੇ ਪੰਨਾ ਨੰਬਰ ੮੧-੮੨ ੳ ਖਾਲੀ ॥

ਹੱਥ ਲਿਖਤ ਨੰ : MSG 79 ਏ
ਸਿਰਲੇਖ : ਬਾਬੇ ਨਾਨਕ ਕੀ ਬਾਣੀ॥ ਪੁਰਾਤਨ ਜਨਮ ਸਾਖੀ ਬਾਬੇ ਨਾਨਕ ਜੀ ਕੀ
ਸਮਾਂ : ਸੰਮਤ ੧੮੧੪
ਪੱਤਰੇ : 84 ੳ - 401
ਆਕਾਰ : 20 X 25 ਸ.ਮ. ਲਿਖਤ 14 X 20 ਸ.ਮ.
ਵੇਰਵਾ : ਓਹੀ। ਸਤਰਾਂ ਪ੍ਰਤੀ ਪੰਨਾ-16

ਆਮ ਵੇਰਵਾ : ਕਾਨੀ ਬਦਲੀ ਹੋਈ ਹਾਸ਼ੀਏ ਤੋਂ ਬਾਹਰ ਲਿਖਾਈ ਕੀਤੀ ਹੋਈ, ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ, ਲਿਖਾਈ ਸੁੰਦਰ, ਪੋਥੀ ਦੀ ਹਾਲਤ ਠੀਕ ਠੀਕ ਹੈ॥

ਆਰੰਭ : "ੴ ਸਤਿਗੁਰ ਪ੍ਰਸਾਦਿ॥ ਸ੍ਰੀ ਬਾਬੇ ਨਾਨਕ ਜੀ ਕੀ ਬਾਣੀ ॥ ਸ੍ਰੀ ਸਤਿਗੁਰ ਜਗਤ, ਨਿਸਤਾਰਣ ਕੋ ਆਇਆ ਕਲ ਜੁਗ ਵਿਚਿ ਬਾਬਾ ਨਾਨਕ ਹੋਇ ਜਨਮਿਆ ਵੈਸਾਖ ਮਾਹਿ॥ ਤ੍ਰਿਤੀਆ ਚਾਦਨੀ ਰਾਤਿ ਅੰਮ੍ਰਿਤ ਵੇਲੇ ਪਹਰ ਰਾਤਿ ਰਹਦੀ ਕਉ ਜਨਮਿਆ ਵੈਸਾਖ ਮਾਹਿ॥"

ਅੰਤ : "॥੩੧॥ ਅਪਨੇ ਪਤਿਕਾ ਨ ਛਿਦਾਏ ਸੁਨਂ ਤਿਉਰੇ ਕਰਾਈ ਰੇ ॥ ਜੋ ਦਰਿ ਹੁਕਮ ਖੁਦਾਈ ਹੋਤਾ ਧੁਰ ਹੀ ਤੇ ਕਾਟੀ ਆਈ ਰੇ॥੩੪॥ ਗਊ ਸੂਰ ਕੀ ਏਕੀ ਕਾਇਆ ਏਕੋ ਲੋਹੂ ਦਾ ਮਾਰੇ॥ ਕਹਤਿ ਕਬੀਰੁ ਦੋ ਕਹੂ ਨ ਦੇਖੇ ਘਟਿ ਏਕੋ ਰਾਮ ਰੇ॥੧੨॥ ਸੰਬਤ ਅਠਾਰਾ ਸੈ ਚਉਦੈ॥ ਪੋਥੀ ਲਿਖੀ ਸਾਕਮ ਬਰਦਵਾਨ॥੧॥ ਭੁਲ ਚੁਕ ਬਕਸ ਲੈਣੀ ਸਦਾ ਕਾ ਸੰਗ ਤੀਜੀ ਕਾਸਦ ਕਾ ਬਾਕਸ ਲੈਣਾ॥"

ਹੱਥ ਲਿਖਤ ਨੰ : MSG 80 ਸੰਗ੍ਰਹਿ

ਸਿਰਲੇਖ : ਵਿਸਨ ਪੁਰਾਣ

ਪੱਤਰੇ : 1 ੳ - 358 ਅ

ਆਕਾਰ : 16 X 9 ½ ਸ.ਮ. ਲਿਖਤ 12 X 6 ਸ.ਮ.

ਵੇਰਵਾ : ਜਿਲਦ : - ਗੱਤਾ ਚਮੜਾ, ਉਖੜੀ ਹੋਈ; ਸਿਆਹੀ ਕਾਲੀ, ਵਖਰੇਵੇਂ ਲਈ ਲਾਲ; ਹਾਸ਼ੀਏ ਦੋਵੇਂ ਪਾਸੇ ਦੋ ਦੋ ਲਾਲ ਲਕੀਰਾਂ; ਸਤਰਾਂ ਪ੍ਰਤੀ ਪੰਨਾ-6, 7-8

ਆਮ ਵੇਰਵਾ : ਪੋਥੀ ਬਹੁਤ ਖਸਤਾ ਹਾਲਤ ਵਿਚ, ਪੱਤਰੇ ਵੀ ਖਸਤਾ ਹਾਲਤ ਵਿਚ ਹਨ। ਲਿਖਾਈ ਵੀ ਚੰਗੀ, ਕਈ ਪੰਨਿਆਂ ਉਪਰ ਧਬਿਆਂ ਵਾਲੀ ਹੈ। ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ।

ਆਰੰਭ : "ੴ ਸਤਿਗੁਰ ਪ੍ਰਸਾਦਿ॥ ਸਤ ਚਿਤ ਆਨੰਦ ਪਰਮਾਤਮਾਇ ਨਮਹਾ॥ ਅਥ ਬਿਸਨ ਪੁਰਾਨ ਭਾਖਾ ਲਿਖਤੇ॥ ਪਰਾ ਸਰੋਵਾਚ॥ ਪਰਾਸਰ ਮੈਤ੍ਰੇ ਕਉ ਕਹੇ ਹੈ ਕਿ ਹੇ ਮੈਤ੍ਰੇ ਯਹਿ ਜੋ ਤੁਝੇ ਉਪਦੇਸ ਕਰੋ ਹੈ॥ ਸੋ ਅੰਮ੍ਰਿਤ੍ਰ ਸਮਾਨ ਹੈ॥ ਸੋ ਮਨ ਕੇ ਪਾਤ੍ਰ ਸੋ ਪੀਉ ॥ ਅਰ ਜੋ ਨਾਰਾਇਣ ਤੇ ਭਿੰਨ ਹੈ॥ ਤਿਸ ਕਾ ਤਿਆਗ ਕਰ॥ ਅਰੁ ਐਸੇ ਨ ਹੋਇ ਜੋ ਏਕ ਕਾਨ ਕਰ ਸ੍ਰਵਣ ਕਰੇ॥"

ਅੰਤ : "ਕਹੁ ਕਉਨ ਓਰੁ ਕਉ ਦ੍ਰਿੜ ਪਕੜੀਏ॥ ਕਛੁਹ ਸਾ ਅਰੁ ਕਹਾ ਜਬ ਆਤਮਾ ਹੈ ਤਉ ਖਟ ਓਰ ਕਹਾਂ ਹੈ ਇਸੀ ਨਮਿਤਕ ਕਹੋ ਹੋਟਕੋਲੇ ਕਰਿ ਸਰੂਪ ਬਿਖੇ ਲੀਨ ਹੋਵੈ॥ ਪਰਾਸਰ ਮੈਤ੍ਰੇ ਕੋ ਕਹੇ ਹੈ ਹੇ ਮੈਤ੍ਰੇ ਤੂੰ ਮੇਂਡਕ ਹੋ ਅਥਵਾ ਮਛਲੀ ਹੋ ਅਥਵਾ ਜੋ ਕਹੋ॥ ਮੈਤ੍ਰੇ ਕਹਾ ਕਿਆ ਹੋਵੋ ਮੇਰੇ ਬਿਖੇ ਤ੍ਰਿਪਟੀ ਨਹੀਂ॥"

ਹੱਥ ਲਿਖਤ ਨੰ : MSG 80 ਅ

ਸਿਰਲੇਖ : ਬਿਸਨ ਬੇਦਾਂਤ, ਕਥਾ ਆਤਮ ਦਰਸੀ ਕੀ

ਲੇਖਕ : ਰਿਖੀ ਪਰਾਸਰ

ਪੱਤਰੇ : 1 ੳ - 46 ੳ

ਆਕਾਰ : 16 X 9 ½ ਸ.ਮ. ਲਿਖਤ 12 X 6 ਸ.ਮ.

ਵੇਰਵਾ : ਜਿਲਦ : - ਓਹੀ । ਸਤਰਾਂ ਪ੍ਰਤੀ ਪੰਨਾ-6

ਆਮ ਵੇਰਵਾ : ਕਾਨੀ ਬਦਲੀ ਹੋਈ ਹੈ। ਲਿਖਤ ਧਬਿਆਂ ਵਾਲੀ ਹੈ। ਪੱਤਰੇ ਵੀ ਖਸਤਾ ਹਾਲਤ ਵਿਚ ਹਨ। ਲਿਖਾਈ ਪੜ੍ਹੀ ਜਾਂਦੀ ਹੈ ॥

ਆਰੰਭ : "ਅਬ ਬਿਸਨ ਬੇਦਾਂਤ ਲਿਖਯਤੇ॥ ਕਥਾ ਆਤਮਾ ਦਰਸੀ ਕੀ॥ ਆਤਮ ਦਰਸੀ ਬਾਸਕਰਨਨ ਪਹਿ ਪ੍ਰਸਨ ਕੀਆ ਕਿ ਹੇ ਗੁਰ ਤੁਮਾਰੀ ਕ੍ਰਿਪਾ ਤੇ ਜੋ ਦੇਵਤਿਓ ਅਰੁ ਰਖੀਸ੍ਵਰੋਂ ਕੌ ਜਾਨਣੇ ਜੋਗ ਹੈ

ਸੋ ਜਾਣਾ ਹੈ॥ ਪਰੁ ਏਕ ਸਮਝ ਜੁ ਭਰਮ ਤੇ ਬਾਹਰ ਮੈਨੇ ਬਿਖੇ ਸੇ ਖਤੇ॥ ਚਾਹੌਂ ਹੋ ਜੋ ਤੁਮ ਅਨਗ੍ਰਹ ਕਰਿ ਕੇ ਨਿਵਰਤ ਕਰੋ॥"

ਅੰਤ : "ਆਤਮ ਦਰਸੀ ਜਬ ਯਹਿ ਸਰਬ ਵਚਨ ਬੁਧ ਕੇ ਸ੍ਰਵਣ ਕਰਿ ਸੁਣੇ ਅਰੁ ਆਪਿ ਕੌ ਦੇਖ ਅਰੁ ਪਛਾਣਾ ਆਤਮ ਬਿਖੇ ਲੀਨ ਭਯਾ॥ ਅਰੁ ਸਰੂਪ ਕੌ ਮਿਲਾ॥ ਅਰੁ ਬੰਧ ਮੁਕਿਤ ਕੇ ਭੈ ਤੇ ਨਿਰਭੈ ਭਯਾ॥ ਇਤਿ ਸ੍ਰੀ ਪੋਥੀ ਬਿਸਨ ਬਦਾਂਤ ਸੰਪੂਰਨੰ ਸਮਾਪਤੰ॥" ॥ ॥ ॥

ਹੱਥ ਲਿਖਤ ਨੰ : MSG 83 ਸੰਗ੍ਰਹਿ
ਸਿਰਲੇਖ : ਰਹਿਤਨਾਮਾ, ਚਉਪਾ ਸਿੰਘ
ਸਮਾਂ : ਸੰਮਤ ੧੮੨੧
ਸਥਾਨ : ਜੀਂਦ ਸ਼ਹਿਰ
ਪੱਤਰੇ : 1 ੳ - 96 ਅ
ਆਕਾਰ : 12 X 15 ਸ.ਮ. ਲਿਖਤ 11 X 27 ਸ.ਮ.
ਵੇਰਵਾ : ਜਿਲਦ ਗੱਤਾ ਰੈਕਸੀਅਨ; ਸਿਆਹੀ ਕਾਲੀ। ਸਤਰਾਂ ਪ੍ਰਤੀ ਪੰਨਾ-16
ਆਮ ਵੇਰਵਾ : ਅਸਲ ਪੋਥੀ ਸਿਖ ਰੈਫਰੈਂਸ ਲਾਇਬ੍ਰੇਰੀ ਸ੍ਰੀ ਦਰਬਾਰ ਸਾਹਿਬ ਵਿਚ ਸੀ ਜਿਸ ਦਾ ਨੰ: ੬੧੨੪ ਸੀ, ਅਤੇ ੧੯੮੪-੮੫ ਵੇਲੇ ਇਸ ਨੂੰ ਖਰਾਬ ਕੀਤਾ ਗਿਆ, ਜਾਂ ਓਸ ਵੇਲੇ ਦੇ ਹਾਕਮ ਬਾਕੀ ਪੋਥੀਆਂ ਨਾਲ ਉਸ ਨੂੰ ਵੀ ਲੈ ਗਏ। ਇਹ ਹੱਥ ਲਿਖਤ ਉਸ ਹੱਥ ਲਿਖਤ ਦੀ ਫੋਟੋਕਾਪੀ ਹੈ। ਜੋ ਡਾ.ਮੈਕਲੀਉਡ ਨੇ ਸੰਨ ੧੯੭੨ ਵਿਚ ਲਈ ਸੀ ਅਤੇ ਮੁੜ ੧੯੭੮ ਵਿਚ ਇਸ ਨਾਲ ਸੁਧਤਾ ਕੀਤੀ ਗਈ ਸੀ। ਜੋ ਸਾਡੇ ਕੋਲ ਹੱਥ ਲਿਖਤ ਨੰ: ੧●੧੮, ਹੈ ਉਸ ਨਾਲ ਮਿਲਾ ਕੇ ਸੁਧ ਕੀਤੀ ਗਈ ਸੀ।
ਆਰੰਭ : "੧ੑ ਸਤਿਗੁਰ ਪ੍ਰਸਾਦਿ॥ ਆਗੇ ਰਹਿਤ ਸਤਿਗੁਰ ਕੀ॥ ਸਾਖ ਗ੍ਰੰਥ ਸਾਹਿਬ ਜੀ ਕੀ॥ ਰਹਤ ਰਹਤਿ ਰਹਿ ਜਾਇ ਬਿਕਾਰਾ॥ ਜਿਸੁਰ ਹੋਤਿ ਕੀਤਿਆ ਬਿਕਾਰ ਨ ਹੋਵਨ ਸੋ ਰਹਤਿ ਕਹੀਏ॥ ਸਾਖ ਗ੍ਰੰਥ ਸਾਹਿਬ ਜੀ ॥ ਸਾਚੀ ਰਹਤ ਸਾਚਾ ਮਨ ਸੋਇ॥ ਰਹਤ ਵਿਚ ਗੁਰੂ ਚਿਤ ਆਵੈ॥ ਸੋ ਐਸੀ ਰਹਤ ਸਾਖ ਗ੍ਰੰਥ ਸਾਹਿਬ ਬਣੀ॥ ਐਸੀ ਰਹਤ ਰਹੋ ਹਰਿ ਪਾਸਾ ਗੁਰੂ ਕਾ ਸਿਖ ਹੋਵੈ॥ ਸੋ ਐਸੀ ਰਹਤ ਕਾ ਖੋਜਣਾ ਕਰੈ॥ ਜੇਹੜੀ ਰਹਤ ਗੁਰੂ ਖੁਸ਼ੀ ਆਵੈ॥ ਸਾਖ ਗ੍ਰੰਥ ਸਾਹਬ ਜੀ ਸੰਤ ਵਾਕ॥"
ਅੰਤ : "ਸਾਖ ਪਾਤਸਾਹੀ ੧●॥ ਗੁਰਦੇਵ ਨ ਮਾਨੈ॥ ਭਲਾ ਨ ਬਖਾਨੈ॥ ਅੰਤ ਕਰਨ ਕਹਿਜੈ॥ ਐਸੇ ਚੋਲੇ ਦੇ ਸਿਖ ਹੋਸਨ॥ ਪੋਥੀਆਂ ਗ੍ਰਿੰਥ ਸਾਹਬ ਨੂ ਭੀ ਨਾ ਮੰਨਣਗੇ॥ ਦੈਅ ਧਰਮ ਉਨਾ ਵਿਚੋਂ ਦੂਰ ਹੋਇ ਜਾਇਗਾ॥ ਸੋ ਅਸਿਖ, ਜਾਨਣੇ॥ ਸਾਖ ਪਾਤਸਾਹੀ ੧●॥ ਸਿਖ ਉਬਾਰ ਅਸਿਖ ਸੰਘਰੋ॥ ਓਹ ਅਸਿਖ ਕਿਸੇ ਨੂ ਨ ਮੰਨਣਗੇ॥ ਤਿਨਾ ਦਾ ਵਿਸਾਹੁ ਨਹੀ ਕਰਨਾ॥ ਰਹਤਨਾਮਾ ਸਪੂਰਨ ਹੋਆ ਸਤਨਾਮ॥" = ॥ = ॥ = ॥ = ॥

ਹੱਥ ਲਿਖਤ ਨੰ : MSG 83 ਅ
ਸਿਰਲੇਖ : ਰਹਿਤਨਾਮਾ-ਨੰਦ ਲਾਲ
ਸਮਾਂ : ਸੰਮਤ ੧੮੨੧
ਸਥਾਨ : ਜੀਂਦ ਸ਼ਹਿਰ
ਪੱਤਰੇ : 96 ਅ - 104 ੳ
ਆਕਾਰ : 12 X 15 ਸ.ਮ. ਲਿਖਤ 12 X 15ਸ.ਮ.
ਵੇਰਵਾ : ਓਹੀ। ਸਤਰਾਂ ਪ੍ਰਤੀ ਪੰਨਾ-8

ਆਮ ਵੇਰਵਾ : ਇਹ ਹੱਥ ਲਿਖਤ, ਫੋਟੋਕਾਪੀ ਸਿਖ ਰੈਫਰੈਂਸ ਲਾਇਬ੍ਰੇਰੀ ਦੀ ਹੱਥ ਲਿਖਤ ਨੰ:੬੧੨੪ ਦੀ ਹੈ। ਜੋ ਬਾਅਦ ਵਿਚ ਇਸ ਯੂਨੀਵਰਸਿਟੀ ਦੀ ਹੱਥ ਲਿਖਤ ਨੰ: ੧●੧੮ ਨਾਲ ਸੀ, ਜੋ ਮਿਲਟਰੀ ਵਾਲਿਆਂ ਦੇ ਹੱਥ ੧੯੮੪-੮੫ ਵਿਚ ਲੱਗ ਗਈ ਸੀ। ਪੋਥੀ ਬਹੁਤ ਮਹੱਤਤਾ ਵਾਲੀ ਹੈ।

ਆਰੰਭ : "੧ੑ ਸਤਿਗੁਰ ਪ੍ਰਸਾਦਿ॥ ਸਾਖੀ ਰਹਤ ਪਾਤਸਾਹੀ ੧● ॥ ਇਕ ਦਿਨ ਭਾਈ ਨੰਦ ਲਾਲ ਜੀ ਬੋਲਿਆ॥ ਜ ਗਰੀਬ ਨਵਾਜ ਸਿਖ ਪਤਾ ਨੂੰ ਕਰਮ ਕੋਟ ਕਰਨੇ ਜੋਗ ਹੈਨ ॥ ਤਬ ਗੁਰੂ ਗੋਬਿੰਦ ਸਿੰਘ ਜੀ ਬੋਲੇ॥ ਜੋ ਮੇਰਾ ਸਿਖ ਹੋਵੈਗਾ ॥ ਸੋ ਖਾਲਸੇ ਥੀ ਵਿਗੈਰ॥ ਹੋਰ ਥਾਂ ਪ੍ਰਤੀਤ ਨਾ ਕਰੇ ਸੀ ॥"

ਅੰਤ : "ਜੋ ਸਿਖ ਹੋਵੈਗਾ, ਗੁਰ ਸ਼ਬਦ ਹੋਰ ਥਾ ਪ੍ਰਤੀਤ ਨਾ ਕਰੈ॥ ਹੋਰ ਪ੍ਰਤੀਤ ਨਰਕ ਲੈ ਜਾਂਦੀ ਹੈ॥ ਬੋਲਹੁ ਭਾਈ ਜੀ ਵਾਹਿਗੁਰੂ॥ ਸਾਖੀ ਸਪੁਰਨ ਹੋਈ॥ ਭੁਲ ਚੁਕ ਬਖਸਣੀ ਰਹਤਨਾਮਾ ਸੰਪੂਰਣ॥ ਵਾਹਿਗੁਰੂ ਜੀ ਸਹਾਇ॥ ਸਤਨਾਮ ਸ੍ਰੀ ਪੁਰਖ ਜੀ ਸਹਾਇ॥ ਚੇਤ ਸੁਦੀ ਚੋਦੇ ਪੋਥੀ ਲਿਖੀ ਜੀਦ ਸੁਹਰ ਵਿਚ ਸੰਮਤ ੧੮੨੧ ਇਕੀਏ॥"

ਹੱਥ ਲਿਖਤ ਨੰ : MSG 84

ਸਿਰਲੇਖ : ਗੁਰ ਬਿਲਾਸ ਪਾਤਸਾਹੀ ੧●

ਲੇਖਕ : ਸੁਖਾ ਸਿੰਘ

ਪੱਤਰੇ : 9 - 136 ਅ

ਆਕਾਰ : 22 X 27 ਸ.ਮ. ਲਿਖਤ 15 X 18 ਸ.ਮ.

ਵੇਰਵਾ : ਜਿਲਦ ਗੱਤਾ ਰੈਕਸੀਅਨ, ਸਿਆਹੀ ਕਾਲੀ। ਸਤਰਾਂ ਪ੍ਰਤੀ ਪੰਨਾ-21

ਆਮ ਵੇਰਵਾ : ਪੋਥੀ ਲਿਥੋ ਪ੍ਰਿੰਟ ਵਿਚ ਹੈ, ਜੋ ਭੇਟਾ ਸਮੇਂ ਹੱਥ ਲਿਖਤ ਦਾ ਨੰਬਰ ਦਿਤਾ ਹੋਇਆ ਹੈ। ਪੋਥੀ ਪੰਨਾ ਨੰਬਰ ੯ ਤੋਂ ਸ਼ੁਰੂ ਹੁੰਦੀ ਹੈ ਅਤੇ ੩-੪ ਪੱਤਰੇ ਫਟੇ ਹੋਏ ਹਨ। ਰਚਨਾ ਅਧੂਰੀ ਹੈ। ਜਿਲਦ ਬੰਦੀ ਬਾਅਦ ਵਿਚ ਕੀਤੀ ਗਈ ਹੈ।

ਆਰੰਭ : "ਪੰਨਾ ਨੰਬਰ ੯ ॥ ਚੌਦਹ ਬੁਧਵਾਰ॥ ਸ੍ਰੀ ਹਰਿ ਕ੍ਰਿਸ਼ਨ ਭਏ ਅਵਤਾਰ॥੯੧॥ ਸਵੈਯਾ॥ ਸ੍ਰੀ ਹਰਿ ਕ੍ਰਿਸ਼ਨ ਕ੍ਰਿਪਾ ਨਿਧ ਤੇ ਪੁਨ ਤੇਗ ਬਹਾਦਰ ਪੈ ਛਬਿ ਛਾਈ॥ ਦੀਪਕ ਦੀਪ ਸਿਰੋਮਣਿ ਸਾਹਿਬ ਆਦਿ ਅਨਾਦਿ ਮਹਾਂ ਸੁਖਦਾਈ॥ ਭਾਰਥ ਖੰਡ ਕੋ ਜਾਤ ਰਸਾਤਲ ਰਾਖ ਲਯੋ ਜਿਹ ਸੀਸ ਚਢਾਈ॥ ਤਾ ਗੁਰ ਕੀ ਬਰਨੋ ਕਬਿ ਸੁੰਦਰ ਸੰਤ ਸੁਨੋ ਮਨ ਮੋਦ ਬਢਾਈ॥"

ਅੰਤ : "ਲਗੇ ਬਾਣ ਬੀਰੰ ਜਗਯੋ ਕੋਪ ਭਾਰੀ॥ ਅਸੰਆਨ ਬਾਜੀ ਤਿਸੈ ਕੋ ਪਹਾਰੀ॥ ਗਯੋ ਜੂਝ ਬੀਰੰ ਲਗੇ ਬਾਣ ਕਰੀ॥ਤਬੇ ਦੇਵ ਲੋਗੰ ਬਸਯੋ ਆਵਤਾਰੀ॥੨੯੧॥ ਸਹੀ ਜੀਤ ਮੱਲੰ ਉਤੇ ਸਾਹ ਸੰਗੈ ॥ ਗਏ ਜੂਝ ਜੋਧਾ ਪ੍ਰਭੂ ਕੈ ਪ੍ਰਸੰਗੇ॥ ਤਬੈ ਕੋ ਪਕੀਨੋ ਮਹਾਰਾਜ ਭਾਰੀ॥ ਸਰੰਐ ਕਮਾਣੰ ਕਰੰ ਸੈਸਮਾਰੀ॥੨੯੨॥ ਨਿਰਾਜ ਛੰਦ॥ ਰਿਦੈ" -ਅੱਗੇ ਪਤਰੇ ਨਹੀਂ ਹਨ ਰਚਨਾ ਅਧੂਰੀ ॥ = ॥ = ॥ = ॥ = ॥

ਹੱਥ ਲਿਖਤ ਨੰ : MSG 85

ਸਿਰਲੇਖ : ਭਗਤ ਸੁਧਾਸਰ-ਵੱਖ ਵੱਖ ਭਗਤਾਂ ਬਾਰੇ

ਪੱਤਰੇ : 57 ੳ - 462 ਅ

ਆਕਾਰ : 28X 16 ਸ.ਮ. ਲਿਖਤ 20 X 11 ਸ.ਮ.

ਵੇਰਵਾ : ਜਿਲਦ ਤੋਂ ਬਗੈਰ, ਜਿਲਦ ਉਖੜੀ ਹੋਈ ਹੈ; ਸਿਆਹੀ ਕਾਲੀ ਵਖਰੇਵੇਂ ਲਈ ਲਾਲ; ਹਾਸ਼ੀਆ ਦੋਵੇਂ ਪਾਸੇ ਦੋ ਦੋ ਕਾਲੀਆਂ ਲਕੀਰਾਂ; ਸਤਰਾਂ ਪ੍ਰਤੀ ਪੰਨਾ-12

ਆਮ ਵੇਰਵਾ : ਪੋਥੀ ਪੰਨਾ ਨੰਬਰ ੫੭ ਤੋਂ ਸ਼ੁਰੂ ਹੁੰਦੀ ਹੈ। ਬਹੁਤ ਹੀ ਮਾੜੀ ਅਤੇ ਖਸਤਾ ਹਾਲਤ ਵਿਚ ਹੈ। ਪੋਥੀ ਜੁੜੀ ਹੋਈ ਹੈ ਲਿਖਾਈ ਵੀ ਪੜ੍ਹੀ ਨਹੀਂ ਜਾਂ ਸਕਦੀ। ਲੈਮੀਨੇਸ਼ਨ ਕਰਨ ਦੀ ਲੋੜ ਹੈ। ਪੱਤਰੇ ਕਿਰਮ ਖੁਰਦਾ ਅਤੇ ਖਾਧੇ ਹੋਏ ਹਨ। ਰਚਨਾ ਅਧੂਰੀ ਹੈ। ਆਦਿ ਅੰਤ ਬਾਰੇ ਵੀ ਕੁਝ ਜਾਣਕਾਰੀ ਨਹੀਂ ਮਿਲਦੀ।

ਆਰੰਭ : ਪੰਨਾ ਨੰਬਰ ੫੭॥ "ਬਹੁਰ ਨ ਕਰੀ ਯਹ ਐਸੇ ਧੋਖਾ॥ ਅਬ ਬਾਚਾ ਹੈ ਕਿਮਹੂ ਬਾਲਾ॥ ਬਹੁਤ ਦਾਨ ਦੀਨੇ ਤਿਹਕਾਲਾ॥ ਪੁਨ ਸਭ ਗੋਪਨ ਬੈਨ ਬਖਾਨੇ॥ ਸੁਨਹੁ ਨੰਦ ਤੁਮ ਮਹਾ ਮਹਾਨੇ॥੨੮॥ ਗੋਕਲ ਤਜ ਬਿਨਦ੍ਰਾਬਨ ਜੈਛ॥ ਗਊਅਨ ਸਹਤ ਬਡੋ ਸੁਖ ਪੈਯੇ॥ ਮਾਨੀ ਨੰਦ ਤਬ ਹਯ ਹਯਾਤ॥ ਸਭਹ ਬੋਲੀ ਅਪਨੀ ਜਾਤ॥੨੯॥"

ਅੰਤ : "ਦੋਹਰਾ॥ ਜੈਸੇ ਪੂਛਯੋ ਤੁਮ ਸੁਤ ਕਹਯੋ ਭੇਦ ਸਮਝਾਇ॥ ਜੇ ਸੁਨ ਕਰ ਕਰਨੀ ਚਲਹ ਸਹੇ ਭਗਤ ਸੁਖਦਾਇ॥੫॥ਚੌਪਈ॥ ਪ੍ਰਥਮ ਸੁਨੋ ਬਰਨਨ ਕੋ ਧਰਮ ਪਿਨ ਅਸ੍ਰਮ ਕੇ ਭਾਖੋ ਕਰਨ॥ ਚਾਰ ਬਰਨ ਬ੍ਰਹਮਨ ਤੇ ਆਦ॥ ਖੇਤ੍ਰੀ ਬੈਸ ਸੂਰਦ ਮ੍ਰਿਜਾਦ॥੬ ਭਿੰਨ ਭਿੰਨ ਇਨ ਕੇ ਅਚਰਨ॥ ਭਾਖੇ ਬੇਦ ਸਿਧੰਭ"
ਅੱਗੇ ਪੱਤਰੇ ਫਟੇ ਹੋਏ ਹਨ ਰਚਨਾ ਅਧੂਰੀ ਹੈ।

ਹੱਥ ਲਿਖਤ ਨੰ : MSG 86
ਸਿਰਲੇਖ : ਭਗਤ ਬਾਣੀ
ਪੱਤਰੇ : 5 ੳ - 352 ਅ
ਆਕਾਰ : 16X 13 ਸ.ਮ. ਲਿਖਤ 14 X 11 ਸ.ਮ.
ਵੇਰਵਾ : ਜਿਲਦ ਉਖੜੀ ਹੋਈ ਹੈ; ਸਿਆਹੀ ਕਾਲੀ; ਸਤਰਾਂ ਪ੍ਰਤੀ ਪੰਨਾ-12
ਆਮ ਵੇਰਵਾ : ਪੋਥੀ ਖਸਤਾ ਹਾਲਤ ਵਿਚ ਹੈ। ਪਹਿਲੇ ਚਾਰ-ਪੰਜ ਪੱਤਰੇ ਨਹੀਂ ਹਨ, ਪੱਤਰੇ ਖਸਤਾ ਹਾਲਤ ਵਿਚ ਹਨ। ਲਿਬੋ ਪ੍ਰਿੰਟ ਵਿਚ ਹੈ, ਪਰ ਭੇਟਾ ਵੇਲੇ, ਹੱਥ ਲਿਖਤਾਂ ਵਿਚ ਸ਼ਾਮਲ ਕੀਤੀ ਗਈ ਹੈ। ਪਹਿਲਾ ਪਤਰਾ ਹੋਰ ਕਾਗਜ ਲਗਾ ਕੇ ਜੋੜਿਆ ਹੋਇਆ ਹੈ। ਇਸ ਕਰਕੇ ਲਿਖਾਈ ਸ਼ਪਸਟ ਨਹੀਂ ਹੈ। ਬਾਣੀ ਭਗਤ, ਕਬੀਰ, ਭਗਤ ਬੇਣੀ, ਭਗਤ ਰਵੀਦਾਸ, ਭਗਤ ਨਾਮਦੇਵ, ਸੇਖ ਫਰੀਦ ਅਤੇ ਹੋਰ ਭਗਤਾਂ ਦੀ ਬਾਣੀ ਹੈ।
ਆਰੰਭ : ਪੰਨਾ ਨੰਬਰ ੪ 'ਅ' - "ਸ੍ਰੀ ਰਾਗ ਭਗਤ ਕਬੀਰ ਜੀਉ ਕਾ॥ ਅਚਰਜੁ ਏਕ ਸੁਨਹੁ ਰੇ ਪੰਡੀਆ ਅਬ ਕਿਛ ਕਹਨੁ ਨ ਜਾਈ॥ ਸੁਰਿ ਨਰ ਗਣ ਗੰਧ੍ਰਬ ਜਿਨਿ ਮੋਹੇ ਤ੍ਰਿਭਵਣ ਮੇਖੁ ਲੀਲਾਈ॥੧॥"
ਅੰਤ : "ਸਵੈਯੇ ਮਹਲੇ 'ਪ' ਕੇ॥ ਤਿਹ ਜਨ ਜਾਚਹੁ ਜਗਤੁ ਪਰ ਜਾਨੀਅਤ ਬਾਸੁਰ ਰਯਨਿ ਬਾਸੁ ਜਾਕੋ ਹਿਤ ਨਾਮ ਸਿਉ॥ ਪਰਮ ਅਤੀਤ ਪਰਮੇਸਰ ਕੈ ਰੰਗਿ ਰੰਗੋ ਬਾਸਨਾ ਤੇ ਬਾਹਰਿ ਪੈ ਦੇਖੀਅਤ ਧਾਮ ਸਿਉ॥ ਅਪਰ ਪਰੰਪਰ ਪੁਰਖ ਸਿਉ ਪ੍ਰੇਮ ਲਾਗੋ ਬਿਨ ਭਗਵੰਤ ਰਸ ਨਾਹੀ ਅਉਰੇ ਕਾਮ ਸਿਉ॥ ਮਥਰਾ ਕੋ ਪ੍ਰਭ ਸ੍ਰਬ ਮਯ ਅਰਜਨ ਗੁਰੂ ਭਗਤਿ ਕੈ ਹੇਤਿ ਪਾਇ ਰਹਿਓ ਮਿਲਿ ਰਾਮ ਸਿਓ॥੩॥ ਅੰਤ ਨ ਪਾਵਤ ਦੇਵ"-ਅੱਗੇ ਪੱਤਰੇ ਨਹੀਂ ਹਨ, ਰਚਨਾ ਅਧੂਰੀ ਹੈ।

ਹੱਥ ਲਿਖਤ ਨੰ : MSG 87
ਸਿਰਲੇਖ : ਆਦਿ ਗ੍ਰੰਥ
ਪੱਤਰੇ : 1 ੳ - 705 ਅ
ਆਕਾਰ : 33X 32 ਸ.ਮ. ਲਿਖਤ 22 X 24 ਸ.ਮ.

ਵੇਰਵਾ : ਜਿਲਦ ਗੱਤਾ ਕਪੜਾ, ਉਖੜੀ ਹੋਈ ਹੈ; ਸਿਆਹੀ ਕਾਲੀ ਹਾਸ਼ੀਆ ਦੋਵੇਂ ਪਾਸੇ ਦੋ ਦੋ ਲਾਲ ਲਕੀਰਾਂ, ਦੋ ਦੋ ਕਾਲੀਆਂ ਲਕੀਰਾਂ; ਸਤਰਾਂ ਪ੍ਰਤੀ ਪੰਨਾ-21

ਆਮ ਵੇਰਵਾ : ਗ੍ਰੰਥ ਦੀ ਜਿਲਦ ਉਖੜੀ ਹੋਈ; ਸ਼ੁਰੂ ਵਿਚ ਪੱਤਰਿਆਂ ਦੀ ਹਾਲਤ ਖਸਤਾ, ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ। ਕੰਨੇ ਦੀ ਥਾਂ ਬਿੰਦੀ ਦਾ ਪਰਯੋਗ ਕੀਤਾ ਹੋਇਆ ਹੈ। ਪਹਿਲਾਂ ੪● ਪਤਰਿਆਂ ਦਾ ਵਿਸਥਾਰ ਸਹਿਤ ਤੱਤਕਰਾ ਦਿਤਾ ਹੋਇਆ ਹੈ। ਰਾਗਾਂ ਅਨੁਸਾਰ ਬਾਣੀ ਦਾ ਵੇਰਵਾ ਦਿਤਾ ਹੋਇਆ ਹੈ।

ਆਰੰਭ : "ੴ ਸਤਿਨਾਮ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥ਜਪੁ॥ ਆਦਿ ਸਚੁ ਜੁਗਾਦਿ ਸਚੁ॥ ਹੈਭੀ ਸਚੁ ਨਾਨਕ ਹੋਸੀ ਭੀ ਸਚੁ॥੧॥"

ਅੰਤ : ਅਖੀਰ ਵਿਚ ਪੱਤਰਾ ਨੰਬਰ ੭●੩ ਫਟਿਆ ਹੋਇਆ ਹੈ।"ਸੋਰਠਿ ਗੋਂਡ ਮਲਾਰੀ ਧੁਨੀ॥ ਪੁਨਿ ਗਾਵਹਿ ਆਸਾ ਗੁਨ ਗੁਨੀ॥ ਉਚੈ ਸੁਰਿ ਸੂਹਉ ਪਨਿ ਕੀਨੀ॥ ਮੇਘ ਰਾਗ ਸਿਉ ਪਾਂਚਉ ਚੀਨੀ॥ ਬੈਰ ਧਰ ਗਜਧਰ ਕੇਦਾਰਾ॥ ਜਬਲੀਧਰ ਨਟ ਅਉ ਜਲਧਾਰਾ॥ ਪੁਨਿ ਗਾਵਹਿ ਸੰਕਰ ਅਉ ਸਿਆਮਾ॥ ਮੇਘ ਰਾਗ ਪੁਤ੍ਰਨ ਕੇ ਨਾਮਾ॥੧॥ ਖਸਟ ਰਾਗ ਉਨਿ ਗਾਏ ਸੰਗਿ ਰਾਗਨੀ ਤੀਸ॥ ਸਭੈ ਪੁਤ੍ਰ ਰਾਗੰਨ ਕੇ ਅਠਾਰਹ ਦਸ ਬੀਸ॥੧॥੧੬॥"

ਹੱਥ ਲਿਖਤ ਨੰ : MSG 88

ਸਿਰਲੇਖ : ਆਦਿ ਬੀੜ ਸ੍ਰੀ ਗੁਰੂ ਗ੍ਰੰਥ ਸਾਹਿਬ

ਪੱਤਰੇ : 1 ੳ - 693 ਅ

ਆਕਾਰ : 34X 30 ਸ.ਮ. ਲਿਖਤ 24X 24 ਸ.ਮ.

ਵੇਰਵਾ : ਜਿਲਦ ਗੱਤਾ ਕਪੜਾ, ਸਿਆਹੀ ਕਾਲੀ; ਹਾਸ਼ੀਆ ਦੋਵੇਂ ਪਾਸੇ ਖੜੇ ਰੁਖ ਦੋ ਦੋ ਕਾਲੀਆਂ, ਲਾਲ ਲਕੀਰਾਂ, ਵਿਚਕਾਰ ਇਕ ਪੀਲੀ ਮੋਟੀ ਲਕੀਰ; ਸਤਰਾਂ ਪ੍ਰਤੀ ਪੰਨਾ-21

ਆਮ ਵੇਰਵਾ : ਗ੍ਰੰਥ ਦੇ ਸ਼ੁਰੂ ਵਿਚ ਤਤਕਰਾ ਦਿਤਾ ਹੋਇਆ ਹੈ ਜੋ ਕਿ ਪੂਰਨ ਵਿਸਥਾਰ ਵਾਲਾ ਹੈ। ਰਾਗਾਂ ਅਨੁਸਾਰ ਬਾਣੀ ਦਾ ਵੇਰਵਾ ਹੈ। ਲਿਖਾਈ ਚੰਗੀ, ਕਿਧਰੇ ਕਿਧਰੇ ਹੜਤਾਲ ਫੇਰ ਕੇ ਸੁਧਾਈ ਕੀਤੀ ਹੋਈ ਹੈ। ਕੰਨੇ ਦੀ ਥਾਂ ਬਿੰਦੀ ਦਾ ਪਰਯੋਗ ਕੀਤਾ ਹੋਇਆ ਹੈ। ਅਖੀਰ ਵਿਚ ਰਤਨ ਮਾਲਾ ਮਹਲਾ ੧। ਹਕੀਕਤਿ ਰਾਜੇ ਸਿਵਨਾਭ ਕੀ। ਰਾਗਮਾਲਾ ਆਦਿ ਦਿਤੇ ਹੋਏ ਹਨ। ਸਿਆਹੀ ਬਨਾਉਣ ਦੀ ਬਿਧੀ ਦਸੀ ਹੋਈ ਹੈ ਪੰਨਾ ੧੯ ਤੱਕ ਤੱਤਕਰਾ ਦਿੱਤਾ ਹੋਇਆ ਅਤੇ ਪਾਤਸਾਹੀ ਨੌਵੀਂ ਤੱਕ ਜੋਤੀ ਜੋਤ ਸਮਵਾਵਣੇ ਕੇ ਚਲਿਤ੍ਰ ਮਿਤੀ ਸਹਿਤ ਦਿਤੇ ਹੋਏ ਹਨ।

ਆਰੰਭ : "ੴ ਸਤਿਨਾਮ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥ਜਪੁ॥ ਆਦਿ ਸਚੁ ਜੁਗਾਦਿ ਸਚੁ॥ ਹੈਭੀ ਸਚੁ ਨਾਨਕ ਹੋਸੀ ਭੀ ਸਚੁ॥੧॥ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖਵਾਰ॥ ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵਤਾਰ॥ ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ॥ ਸਹਸਿ ਸਿਆਣਪਾ ਲਖ ਹੋਇ ਤ ਇਕ ਨ ਚਲੇ ਨਾਲਿ॥"

ਅੰਤ : "ਖਸਟਮ ਮੇਘ ਰਾਗ ਵੈ ਗਾਵਹਿ॥ ਪਾਂਚੋ ਸੰਗ ਬਰੰਗਨ ਲਾਵਹਿ॥ ਸੋਰਠਿ ਗੋਂਡ ਮਲਾਰੀ ਧੁਨੀ ਪੁਨਿ ਗਾਵਹਿ ਆਸਾ ਗੁਨ ਗੁਨੀ॥ ਊਚੈ ਸੁਰਿ ਸੂਹਊ ਪੁਨਿ ਕੀਨੀ॥ ਮੇਘ ਰਾਗ ਸਿਉ ਪੰਚਉ ਚੀਨੀ॥ ਬੈਰਾਧਰ ਗਜਧਰ ਕੇਦਾਰਾ॥ ਜਬਲੀਧਰ ਨਟ ਅਉ ਜਲਧਾਰਾ॥ ਪੁਨਿ ਗਾਵਹਿ ਸੰਕਰਿ ਅਉ ਸਿਆਮਾ॥ ਮੇਘ ਰਾਗ ਪੁਤ੍ਰਨ ਕੇ ਨਾਮਾ॥੬॥ ਖਸਟ ਰਾਗ ਉਨਿ ਗਾਏ ਸੰਗ ਰਾਗਨੀ ਤੀਸ॥ ਸਭੈ ਪੁਤ੍ਰ ਰਾਗੰਨ ਕੇ ਅਠਾਰਾ ਦਸ ਬੀਸ॥੧੧॥"

ਅੱਗੇ ਸਿਆਹੀ ਬਨਾਉਣ ਦੀ ਬਿਧਿ ਦਾ ਵਰਣਨ ਹੈ।

ਹੱਥ ਲਿਖਤ ਨੰ : MSG 89
ਸਿਰਲੇਖ : ਆਦਿ ਬੀੜ
ਸਮਾਂ : ਸੰਮਤ ੧੯੩੯
ਪੱਤਰੇ : 1 ੳ - 1168
ਆਕਾਰ : 34X 30 ਸ.ਮ. ਲਿਖਤ 24X 24 ਸ.ਮ.
ਵੇਰਵਾ : ਜਿਲਦ ਗੱਤਾ ਕਪੜਾ, ਸਿਆਹੀ ਕਾਲੀ; ਹਾਸ਼ੀਆ ਚਾਰੇ ਪਾਸੇ ਦੋ ਦੋ ਕਾਲੀਆਂ ਲਕੀਰਾਂ ਨਾਲ; ਸਤਰਾਂ ਪ੍ਰਤੀ ਪੰਨਾ-28
